# ਅਨੁਭਵਤਾ ਦਾ ਸਮੁੰਦਰ

ਲੇਖਕ
ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ
ਕਥਾ ਵਾਚਕ

ਪ੍ਰਕਾਸ਼ਕ
**ਸਚ ਕੀ ਬੇਲਾ**
ਪਿੰਡ ਦੀਵਾਨਾ, ਜ਼ਿਲ੍ਹਾ ਬਰਨਾਲਾ
ਫੋਨ : 98762-04624
asdiwana@gmail.com www.suchkibela.com

ੴ ਵਾਹਿਗੁਰੂ ਜੀ ਕੀ ਫਤਹਿ ॥

**ਅਨੁਭਵਤਾ ਦਾ ਸਮੁੰਦਰ**

©

**ਲੇਖਕ : ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ**

**Writer**
**Giant Gurmeet Singh Khosa Kotla**

ਪਹਿਲੀ ਵਾਰ : 1000

ਪ੍ਰਕਾਸ਼ਕ :
**ਸਚ ਕੀ ਬੇਲਾ**
ਪਿੰਡ ਦੀਵਾਨਾ, ਜ਼ਿਲ੍ਹਾ ਬਰਨਾਲਾ
ਫੋਨ : 98762-04624
asdiwana@gmail.com
www.suchkibela.com

ਲੇਜ਼ਰ ਟਾਈਪ ਸੈਟਿੰਗ :
**ਆਰਟ ਬਲਜਿੰਦਰ, ਪਟਿਆਲਾ**
**+91-92167-29598**
**akashdeep.1064@gmail.com**

ਪ੍ਰਿੰਟਰ : ਡੈਫੋਡੈਲ ਪ੍ਰਿੰਟਿੰਗ ਪ੍ਰੈਸ, ਪਟਿਆਲਾ

ਭੇਟਾ : 200/-



## ਸਮਰਪਿਤ

ਕੁਦਰਤ ਵਿਚ ਚਰਨ ਟਿਕਾ ਕੇ
ਕਲਮ ਦੁਆਰਾ ਤੁਹੀ ਤੁਹੀ
ਲਿਖਣ ਵਾਲੇ ਬਾਲਾ ਪ੍ਰੀਤਮ ਜੀ
ਦੇ 350ਵੇਂ ਪ੍ਰਕਾਸ਼ ਪੁਰਬ
ਨੂੰ ਸਮਰਪਿਤ

## ਦੋ ਸ਼ਬਦ

ਕਾਵਿ ਉਡਾਰੀ ਇਕ ਉਹ ਉਡਾਰੀ ਹੁੰਦੀ ਹੈ ਜਿਸ ਵਿਚ ਕਵੀ ਇਕ ਅਲੌਕਿਕ ਦੁਨੀਆ ਵਿਚ ਵਿਚਰਦਿਆਂ ਇਸ ਜਗਤ ਪਸਾਰੇ ਨੂੰ ਅਤੇ ਇਸ ਵਿਚ ਹੋ ਰਹੀਆਂ ਘਟਨਾਵਾਂ ਨੂੰ ਅਲੌਕਿਕ ਦ੍ਰਿਸ਼ਟੀ ਨਾਲ ਵਾਚਦਾ ਹੈ ਤੇ ਆਪ ਮੁਹਾਰੇ ਹੀ ਇਹਨਾਂ ਦ੍ਰਿਸ਼ਾਂ ਨੂੰ ਹਰਫ ਦੇ ਦਿੰਦਾ ਹੈ ਤੇ ਇਹਨਾਂ ਹਰਫਾਂ ਦੀ ਰਵਾਨਗੀ ਸਾਡੇ ਸਾਹਮਣੇ ਕਾਵਿ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਜਿਥੇ ਇਸ ਕਾਵਿ ਰੂਪ ਵਿਚ ਕਵੀ ਦਾ ਅੰਤਹਕਰਣ ਸ਼ਾਮਲ ਹੁੰਦਾ ਹੈ ਉਥੇ ਇਸ ਕਾਵਿ ਰੂਪ ਵਿਚ ਕਵੀ ਦੀ ਭਾਸ਼ਾ ਉਪਰ ਪਕੜ, ਇਤਿਹਾਸ ਮਿਥਿਹਾਸ ਦੀ ਜਾਣਕਾਰੀ, ਆਧਿਆਤਮਕਿਤਾ ਆਦਿ ਵੀ ਸੁਤੇ ਸਿੱਧ ਹੀ ਸ਼ਾਮਲ ਹੋ ਜਾਂਦੇ ਹਨ।

ਇਹ ਗੁਣ ਵੱਡੇ ਸ਼ਬਦ ਭੰਡਾਰ ਵਿਚੋਂ ਹੀ ਪੈਦਾ ਹੁੰਦੇ ਹਨ। ਗੁਰੂ ਕਿਰਪਾ ਦੀ ਮੂਰਤ ਭਾਈ ਸੰਤੋਖ ਸਿੰਘ ਜੀ ਵਰਗੇ ਮਹਾਂਕਵੀ ’ਤੇ ਜਦੋਂ ਕੋਈ ਗੁਰੂ ਦੀ ਰਜ਼ਾ ਵਿਚ ਰਹਿੰਦਿਆਂ ਪ੍ਰੇਮ ਵਿਚ ਭਿੱਜ ਕੇ ਗੁਰ ਇਤਿਹਾਸ ਦੇ ਇਕੱਲੇ-ਇਕੱਲੇ ਮਣਕੇ ਨੂੰ ਸ਼ਬਦਾਂ ਦੀ ਰਵਾਨਗੀ ਦਿੰਦਾ ਹੈ ਤਾਂ ਫਿਰ ਗੁਰਪ੍ਰਤਾਪ ਸੂਰਜ ਗ੍ਰੰਥ ਵਰਗਾ ਸ਼ਾਹਕਾਰ ਤਿਆਰ ਹੁੰਦਾ ਹੈ, ਜਿਸ ਵਿਚ ਕਵੀ ਦੇ ਕਈ ਨਿੱਜੀ ਅਨੁਭਵ ਛੁਪੇ ਹੋਏ ਹਨ ਤੇ ਮਰਜੀਵੜੇ ਕਵੀ ਦੇ ਇਨ੍ਹਾਂ ਅਨੁਭਵਾਂ ਦੇ ਸਮੁੰਦਰ ਵਿਚ ਗੋਤਾ ਮਾਰ ਕੇ ਮੋਤੀ ਲੱਭਣੇ ਬਹੁਤ ਸਾਰੇ ਵਿਚਾਰਕਾਂ ਦਾ ਵਿਸ਼ਾ ਰਿਹਾ ਹੈ। ਅਜਿਹਾ ਹੀ ਇਕ ਯਤਨ **‘ਅਨੁਭਵਤਾ ਦਾ ਸਮੁੰਦਰ’** ਦੀ ਸਿਰਜਣਾ ਕਰਕੇ ਗਿਆਨੀ ਗੁਰਮੀਤ ਸਿੰਘ ਜੀ ਨੇ ਕੀਤਾ ਹੈ। ਅਸੀਂ ਆਸ ਕਰਦੇ ਹਾਂ ਕਿ ਅਰਥਾਂ ਤੋਂ ਬਾਅਦ ਭਾਵਅਰਥ ਕਰਕੇ ਗਿਆਨੀ ਜੀ ਦੁਆਰਾ ਕਵੀ ਦੀਆਂ ਗੁੱਝੀਆਂ ਰਮਜ਼ਾਂ ਨੂੰ ਸੰਗਤ ਤੱਕ ਪਹੁਚਾਉਣ ਵਾਲੀ ਇਹ ਰਚਨਾ ਆਪਣੇ ਸਮੇਂ ਦੀ ਸ਼ਾਹਕਾਰ ਰਚਨਾ ਸਾਬਤ ਹੋਵੇਗੀ। ਅਦਾਰਾ ‘ਸਚ ਕੀ ਬੇਲਾ’ ਇਸ ਰਚਨਾ ਨੂੰ ਪ੍ਰਕਾਸ਼ਤ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ।

**- ਅਨਭੋਲ ਸਿੰਘ ਦੀਵਾਨਾ**



## ਤਤਕਰਾ

1. ਭੂਮਿਕਾ 7
2. ਅਧਿਆਇ ਪਹਿਲਾ (ਅੰਸ਼ੂ ਇਕਤਾਲ੍ਹੀਵਾਂ) 17
3. ਅਧਿਆਇ ਦੂਜਾ (ਅੰਸ਼ੂ ਬਤਾਲ੍ਹੀਵਾਂ) 51
4. ਅਧਿਆਇ ਤੀਜਾ (ਅੰਸ਼ੂ ਤਰਤਾਲ੍ਹੀਵਾਂ) 93
5. ਅਧਿਆਇ ਚੌਥਾ (ਅੰਸ਼ੂ ਚਤਾਲ੍ਹੀਵਾਂ) 130
6. ਅਧਿਆਇ ਪੰਜਵਾਂ (ਅੰਸ਼ੂ ਪੰਜਤਾਲ੍ਹੀਵਾਂ) 134
7. ਅਧਿਆਇ ਛੇਵਾਂ (ਅੰਸ਼ੂ ਛਤਾਲੀਵਾਂ) 179
8. ਅਧਿਆਇ ਸੱਤਵਾਂ (ਅੰਸ਼ੂ ਸੰਤਾਲੀਵਾਂ) 216
9. ਅਧਿਆਇ ਅੱਠਵਾਂ (ਅੰਸ਼ੂ ਅਠਤਾਲ੍ਹੀਵਾਂ) 242
10. ਅਧਿਆਇ ਨੌਂਵਾਂ (ਅੰਸ਼ੂ ਉਣੰਜ਼ਵਾਂ) 268
11. ਅਧਿਆਇ ਦਸਵਾਂ (ਅੰਸ਼ੂ ਪੰਜਾਹਵਾਂ) 298

## ਅਸੀਸਾਂ

ਬਾਲਾ-ਪ੍ਰੀਤਮ ਗੋਬਿੰਦ ਰਾਏ ਜੀ ਦੀਆਂ ਸਹਿਜ ਅਸੀਸਾਂ ਵਿਚੋਂ ਇਕ ਅਸੀਸ ਹਰ ਮਨੁੱਖ ਨੂੰ ਪ੍ਰੇਮ ਅਧਾਰਿਤ ਗਿਆਨ ਨਾਲ ਨਿਵਾਜਣ ਦੀ ਹੈ। ਜਿਸ ਕਰਕੇ ਹਰ ਮਨੁੱਖ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਮਨੁੱਖਤਾ ਉਪਰ ਪਰਉਪਕਾਰਾਂ ਨੂੰ ਪੜ੍ਹਦਾ ਜਾਂ ਸੁਣਦਾ ਹੈ; ਉਹ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਬਹਿਬਲ ਹੋ ਉਠਦਾ ਹੈ। ਗੁਰੂ ਸਾਹਿਬ ਜੀ ਦੇ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਅਨੰਤ ਗਵਾਹੀਆਂ ਹਨ। ਗੁਰੂ ਸਾਹਿਬਾਨ ਜੀ ਦੇ ਪ੍ਰੇਮ ਵਿਚ ਭਿੱਜੀ ਪੰਥ ਦੀ ਮਹਾਨ ਰੂਹ' ਚੂੜਾਮਣੀ ਕਵੀ ਸੰਤੋਖ ਸਿੰਘ ਜੀ ਹਨ। ਜਿਹੜੇ ਕੇਵਲ ਵਿਦਿਆ ਦੇ ਗੂਹਜ ਗਿਆਨ ਤੱਕ ਸੀਮਤ ਹੀ ਨਹੀਂ ਰਹੇ, ਸਗੋਂ ਵਿਦਿਆ ਦੇ ਰਹੱਸ 'ਸ਼ਬਦ ਦੇ ਅਭਿਆਸੀ ਭੀ ਸਨ। ਪੁਰਾਤਨ ਗੁਰਸਿਖਾਂ ਤੋਂ ਸੰਗਤੀ ਵਿਚਾਰਾਂ ਵਿਚ ਸੁਣਨ ਨੂੰ ਮਿਲਦਾ ਹੈ, ਕਿ ਆਪ ਜੀ ਬਹੁਤ ਹੀ ਬਾਣੀ ਦਾ ਅਭਿਆਸ ਕਰਦੇ ਸਨ। ਜਦੋਂ ਮਨ ਗੁਰੂ-ਪ੍ਰੇਮ ਵਿਚ ਰੰਗਿਆ ਹੁੰਦਾ ਹੈ, ਤਦੋਂ ਕਵੀ ਦੀ ਮਾਨਸਿਕ-ਉਡਾਰੀ ਅਗੰਮੀ ਰੂਪ ਹਾਸਲ ਕਰ ਲੈਂਦੀ ਹੈ। ਅਕਥ ਦੀ ਕਥਾ ਦਾ ਇਹ ਅਗੰਮੀ ਰੂਪ ਹੀ ਹੁੰਦਾ ਹੈ, ਕਿ ਹਰ ਦਿਮਾਗੀ ਕਸਰਤ ਦੁਆਰਾ ਕਵਿਤਾ ਦੇ ਨਵੇਂ ਨਵੇਂ ਅਰਥ ਵਿਚਾਰਧਾਰਕ ਰੂਪ ਪ੍ਰਗਟ ਕਰਦੇ ਰਹਿੰਦੇ ਹਨ। ਇਸ ਦਾ ਮੁੱਖ ਕਾਰਣ ਮਨੁੱਖੀ ਦਿਮਾਗ ਦੇ 'ਸਾਬਦਿਕ ਤੇ ਵਿਆਪਕ ਭਾਸ਼ਾਈ ਸ਼ਬਦਾਂ ਦੇ ਭੰਡਾਰ ਦੀ ਸਾਂਝ ਹੈ। ਜਿਥੇ ਕਵੀ ਸੰਤੋਖ ਸਿੰਘ ਜੀ ਦੇ ਉਸ ਵਖਤ ਦੀ ਕਵਿਤਾ ਦੇ ਸ਼ਬਦਾਂ ਦੀ ਮਹਾਨ ਗੂੰਜ ਅੱਜ ਭੀ ਸਿਦਕਵਾਨਾਂ ਨੂੰ ਸੁਣਾਈ ਦਿੰਦੀ ਹੈ; ਉਥੇ ਉਸ ਗੂੰਜ ਨੂੰ ਵਰਤਮਾਨ ਸ਼ਬਦਾਂ ਦੇ ਵਾਰਤਿਕ ਰੂਪ ਵਿਚ ਗੁੰਥਨ ਕਰਨ ਲਈ ਕਲਮ ਦੇ ਧਨੀ ਗੁਰੂ ਗੋਬਿੰਦ ਸਿੰਘ ਜੀ ਨੇ ਗਿਆਨੀ ਗੁਰਮੀਤ ਸਿੰਘ ਉਪਰ ਕਿਰਪਾ ਕੀਤੀ ਹੈ। ਜਿਹਨਾਂ ਨੇ ਆਪਣੀ ਲੇਖਣੀ ਵਿਚ ਕਵੀ ਜੀ ਦੀਆਂ ਗਿਆਨ ਉਡਾਰੀਆਂ ਨੂੰ ਛੂਹਣ ਦਾ ਯਤਨ ਕੀਤਾ ਹੈ; ਜਿਹਨਾਂ ਵਿਚ ਬੈਠ ਕੇ ਕਥਾ ਕਰਨ ਵਾਲੇ ਗੁਰਮੁਖਾਂ ਨੂੰ ਸ਼ਬਦਾਂ ਦੀ ਵਿਆਖਿਆ ਲਈ ਪ੍ਰੇਮ ਸਹਾਰਾ ਮਿਲੇ। ਤਾਂ ਕਿ ਤਰਕਾਂ ਕੁਤਰਕ ਨਾ ਬਣੇ, ਸਗੋਂ ਬਿਬੇਕ ਦਾ ਰੂਪ ਧਾਰਨ ਕਰ ਲਵੇ। ਗੁਰੂ ਸਾਹਿਬ ਜੀ ਗਿਆਨੀ ਗੁਰਮੀਤ ਸਿੰਘ ਉਪਰ ਆਪਣੀ ਕਿਰਪਾ ਬਣਾਈ ਰੱਖਣ।

**ਸਿੰਘ ਸਾਹਿਬ ਗਿ: ਇਕਬਾਲ ਸਿੰਘ**
**ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ**



## ਭੂਮਿਕਾ

ਮਹਾਨ ਵਿੱਦਿਆ ਦੇ ਮਹਾਨ ਭੰਡਾਰ ਕਵੀ ਸੰਤੋਖ ਸਿੰਘ ਜੀ ਨੇ ਸਤਿਗੁਰੂ ਸਾਹਿਬਾਨ ਜੀ ਦੇ ਇਤਿਹਾਸ ਨੂੰ ਛੰਦਾ-ਬੰਦੀ ਵਿੱਚ ਅੰਕਿਤ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਵੀ ਸੰਤੋਖ ਸਿੰਘ ਜੀ ਛੰਦਾ-ਬੰਦੀ ਵਿੱਚ ਲਿਖਣ ਦੀ ਅਲੌਕਿਕ ਸ਼ਕਤੀ ਰੱਖਦੇ ਸਨ। ਆਪ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਨੂੰ ਬਹੁਤ ਹੀ ਗਹਿਰਾਈ ਨਾਲ ਪੜ੍ਹਿਆ ਤੇ ਵਾਚਿਆ ਸੀ। ਗੁਰੂ ਪਿਆਰ ਵਿੱਚ ਭਿੱਜੇ ਸ਼ਰਧਾਵਾਨ ਗੁਰਮੁਖਾਂ ਦਾ ਇਹ ਵੀ ਮੰਨਣਾ ਹੈ, ਕਿ ਕਵੀ ਜੀ ਨੇ ਸਤਿਗੁਰੂ ਸਹਿਬਾਨ ਜੀ ਦੇ ਇਤਿਹਾਸ ਨੂੰ ਲਿਖਣ ਤੋਂ ਪਹਿਲਾਂ ਪੂਰਨ ਭੈ-ਭਾਵਨੀ ਨਾਲ ਇੱਕ ਲੱਖ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ ਸੀ। ਜਿਸ ਸਦਕਾ ਆਪ ਜੀ ਨੇ ਸਤਿਗੁਰੂ ਜੀ ਦੀਆਂ ਬਖਸ਼ਿਸਾਂ ਪੰਥ ਤੋਂ ਪ੍ਰਾਪਤ ਕੀਤੀਆਂ। ਪੰਥ ਅੰਦਰ ਜਿੱਥੇ ਵੀ ਸੁਵਿਧਾ ਹੈ; ਸ਼ਾਮ ਦੇ ਵਖਤ ਕਵੀ ਜੀ ਦੁਆਰਾ ਉਚਾਰਨ ਕੀਤੇ ਇਤਿਹਾਸ ਨੂੰ ਹੀ ਵਾਚਿਆ ਜਾਂਦਾ ਹੈ। ਕੋਈ ਵੀ ਕਵੀ ਜਾਂ ਸਾਹਿਤਕਾਰ ਹੋਵੇ, ਉਹ ਆਪਣੀ ਰਚਨਾ ਨੂੰ ਆਪਣੀ ਪ੍ਰਾਪਤ ਕੀਤੀ ਵਿੱਦਿਆ ਨਾਲ ਪੂਰਨ ਤੌਰ ਤੇ ਸਜਾਉਣਾ ਚਾਹੁੰਦਾ ਹੈ। ਵਿੱਦਿਆ ਦਾ ਵਿਆਕਰਣਿਕ ਪੱਖ, ਛੰਦ ਵਿਧਾਨ, ਅਲੰਕਾਰ ਕਥਨ, ਭਾਸ਼ਾ ਵਿਗਿਆਨ, ਦਾਰਸ਼ਨਿਕ ਉਕਤੀਆਂ, ਪਰਮੱਤ ਖੰਡਨ ਅਤੇ ਸਵੈ ਮਤ ਮੰਡਨ, ਸਾਹਿਤਕ ਪੱਖ, ਇਤਿਹਾਸਕ ਪੱਖ, ਵਰਤਮਾਨ ਸ਼ਰਧਾਵਾਨ ਰਹਿਣੀ ਵਾਲਿਆਂ ਦਾ ਪੱਖ, ਸੰਗਠਿਤ ਸਮਾਜ ਦੇ ਧਿਆਨ ਵਿੱਚੋਂ ਲੋਕਪ੍ਰਿਯਤ ਪੱਖ, ਰਾਜਨੀਤਕ ਪੱਖ, ਅਮੀਰ ਲੋਕਾਂ ਦੇ ਵਿਹਾਰ ਦਾ ਪੱਖ, ਬਾਗ ਵਰਨਣ, ਤਾਲ ਤੜਾਗ ਵਰਨਣ, ਬਣਾਂ ਉਪਬਣਾਂ ਦਾ ਵਰਨਣ, ਰਾਜੇ ਰਾਜਕੁਲਾਂ, ਰਾਜ ਪਰਿਵਾਰਾਂ ਦਾ ਵਰਨਣ, ਇਸਤਰੀ ਵਰਨਣ, ਰਿਸ਼ੀ ਵਰਨਣ, ਯੱਗ ਵਰਨਣ, ਗੱਲ ਕੀ ਲਿਖਣ ਵੇਲੇ ਕਵੀ ਦੇ ਮਨ ਅੰਦਰ ਬਹੁਤ ਸਾਰੇ ਤੱਥ ਹੁੰਦੇ ਹਨ। ਜੋ ਕਵੀ ਨੂੰ ਆਪਣੇ ਸਤਿਕਾਰਯੋਗ ਪੁਰਖਿਆਂ ਪ੍ਰਤੀ ਲਿਖਣ ਵੇਲੇ ਸ਼ਰਧਾ ਦੁਆਰਾ ਉਹਨਾਂ ਦੀ ਯੋਗ ਉਚਤਾਈ (ਵਡਿਆਈ) ਨੂੰ ਲਿਖਣ ਲਈ ਵਰਤਣੇ ਪੈਂਦੇ ਹਨ। ਇਸ ਲਈ ਹੀ ਕਵੀ ਜੀ ਜਦੋਂ ਵੀ ਕੋਈ ਪੱਖ ਲੈਂਦੇ ਹਨ।

ਉਸ ਵਿੱਚ ਸਾਰੇ ਹੀ ਰਸ (ਗਿਣਤੀ ਵਿੱਚ ਨੌਂ ਹਨ) ਵਿਵਧਾਵਾਂ ਆਦਿ ਤੋਂ ਸਤਿਗੁਰੂ ਜੀ ਦੀ ਮਹਾਨ ਮਹਿਮਾ ਨੂੰ ਲਿਖਣ ਵਿੱਚ ਵਰਤਦੇ ਹਨ। ਕਵੀ ਉਹਨਾਂ ਰਸਾਂ ਦੀ ਵਰਤੋਂ ਕਰਦਿਆਂ ਇਸ ਵੀਚਾਰ ਉੱਤੇ ਹੀ ਕੇਂਦ੍ਰਿਤ ਹੁੰਦੇ ਹਨ।

ਸਤਿਗੁਰੂ ਜੀ ਦਾ ਦਰਬਾਰ ਪ੍ਰਮਾਤਮਾ ਦਾ ਘਰ ਹੈ। ਸ਼੍ਰਿਸਟੀ ਦਾ ਹਰ ਸਾਜੋ ਸਮਾਨ ਇਸ ਦਰ ਉੱਪਰ ਨਤਮਸਤਕ ਹੁੰਦਾ ਹੈ। ਇਸ ਲਈ ਕਵੀ ਦੇ ਕਲਾ-ਕੌਸ਼ਲ ਨੂੰ ਵੇਖ ਕੇ ਸਾਨੂੰ ਘਬਰਾਉਣ ਦੀ ਲੋੜ ਨਹੀਂ ਹੈ। ਜੇ ਕਿਸੇ ਚਿੱਤਰਕਾਰ ਨੇ ਦੇਵੀ ਜਾਂ ਦੇਵਤੇ ਦਾ ਚਿੱਤਰ ਬਣਾਉਂਦਿਆਂ ਸੁੰਦਰਤਾ ਨੂੰ ਪੇਸ਼ ਕੀਤਾ ਤਾਂ ਉਸ ਸੁੰਦਰਤਾ ਨੂੰ ਆਪਣੇ ਕਿਸੇ ਪਿਆਰੇ ਵਿੱਚ ਵੇਖ ਕੇ ਦੇਵਤੇ ਜਾਂ ਦੇਵੀ ਦਾ ਭਰਮ ਨਹੀਂ ਪਾਲਣਾ ਚਾਹੀਦਾ। ਸਾਡੀ ਆਪਣੀ ਪਹਿਚਾਣ ਹੈ। ਸਾਡੇ ਸਤਿਗੁਰਾਂ ਨੇ ਸਾਨੂੰ ਸਮਾਜਿਕ ਅਧਿਆਤਮਿਕ, ਰਾਜਨੀਤਿਕ, ਆਰਥਿਕ ਆਦਿ ਜੀਵਨ ਦਾ ਨੈਤਿਕ ਨਮੂਨਾ ਦਿੱਤਾ ਹੈ। ਸਮਾਜ ਨੂੰ ਨੈਤਿਕ ਜੀਵਨ ਦੀ ਪ੍ਰੇਰਨ ਲਈ ਹੋਰ ਸਦ ਗ੍ਰੰਥਾਂ ਦੀਆਂ ਉਦਾਹਰਣਾਂ ਪੇਸ਼ ਕਰਕੇ ਚੰਗੇ ਪਾਸੇ ਜੋੜ ਦਿੱਤਾ ਜਾਏ ਤਾਂ ਇਸ ਵਿੱਚ ਨੁਕਸਾਨ ਕੀ ਹੈ? ਲੋੜ ਹੈ, ਆਪਣੇ ਆਪ ਨੂੰ ਗਿਆਨ ਤੇ ਧਿਆਨ ਨਾਲ ਸੁਜੋਜਿਤ ਕਰਨ ਦੀ। ਤਾਂ ਕਿ ਜਦੋਂ ਵੀ ਕੋਈ ਅਸਾਡੇ ਸਿਧਾਂਤ ਵੱਲ ਉਂਗਲ ਕਰੇ ਤਾਂ ਉਸ ਦਾ ਐਸਾ ਜੁਆਬ ਦਿੱਤਾ ਜਾਏ ਕਿ ਮੁੜ ਕਿਸੇ ਕੋਲ ਸੁਆਲ ਕਰਨ ਲਈ ਇੱਛਾ ਹੀ ਖਤਮ ਹੋ ਜਾਏ। ਨਿਰਮਲੇ ਮਹਾਂਪੁਰਖਾਂ ਨੇ ਕੁੱਲ ਭਾਰਤ ਵਿੱਚ ਵਿਚਰਕੇ ਇਹੀ ਕੁੱਝ ਕੀਤਾ ਸੀ। ਗਿਃ ਦਿੱਤ ਸਿੰਘ ਜੀ ਨੇ ਵੀ ਸੁਆਮੀ ਦਯਾਨੰਦ ਨੂੰ ਇਸੇ ਪ੍ਰਕਾਰ ਆਤਮਾ ਦੇ ਸੰਵਾਦ ਵਿੱਚ ਹਰਾਇਆ ਸੀ। ਜੇਕਰ ਗਿਆਨੀ ਜੀ ਨੇ ਅਨਮੱਤ ਦੇ ਗ੍ਰੰਥ ਨਾ ਵੀਚਾਰੇ ਹੁੰਦੇ ਤਾਂ ਸੁਆਮੀ ਦਯਾਨੰਦ ਦੇ ਜੁਆਬ ਦੇਣ ਦੀ ਸਮਰੱਥਤਾ ਕਿਵੇਂ ਪ੍ਰਾਪਤ ਹੁੰਦੀ। ਇਸ ਲਈ ਹਰ ਕਵੀ ਦੀ ਲੇਖਣੀ ਨੂੰ ਪੜ੍ਹਦਿਆਂ ਉਸ ਦੀ ਸ਼ਰਧਾ ਭਾਵਨਾ ਦਾ ਪੂਰਨ ਤੌਰ ਤੇ ਸਤਿਕਾਰ ਕਰਨਾ ਚਾਹੀਦਾ ਹੈ। ਕਵੀ ਸੰਤੋਖ ਸਿੰਘ ਜੀ, ਆਪਣੀ ਨਿਮਰਤਾ ਥਾਂ ਪੁਰ ਥਾਂ ਇਸ ਪ੍ਰਕਾਰ ਅੰਕਿਤ ਕਰਦੇ ਹਨ, ਕਿ ਐ ਪੰਥ ਪਿਆਰ ਵਾਲਿਓ! ਜੇ ਮੇਰੀ ਲੇਖਣੀ ਦੁਆਰਾ ਸਤਿਗੁਰੂ ਜੀ ਦੀ ਮਹਿਮਾ ਵਿੱਚ ਤਰੁੱਟੀ ਰਹਿ ਗਈ ਹੋਵੇ, ਤਾਂ ਸਤਿਗੁਰੂ ਜੀ ਤੇ ਪੰਥ ਬਖਸ਼ਣਯੋਗ ਹੈ ।

ਡਾਃ ਭਾਈ ਸਾਹਿਬ ਵੀਰ ਸਿੰਘ ਜੀ ਕਵੀ ਜੀ ਵੱਲੋਂ 'ਸਰੁਸਤੀ ਦੇ ਮੰਗਲ ਕਰਨ ਸੰਬੰਧ ਵਿੱਚ' ਆਪਣੀ ਲੇਖਣੀ ਅੰਦਰ ਲਿਖਦੇ ਹਨ, "*ਆਦਿ ਕਾਲ ਤੋਂ ਹੀ ਕਵਿਤਾ ਦੇ ਆਰੰਭ ਕਰਨ ਵੇਲੇ ਕਵੀ ਕਿਸੇ ਅਗੰਮੀ ਦੇਵੀ ਦੇਵਤਿਆਂ ਦਾ ਚਿੰਤਨ ਕਰਦੇ ਸਨ। ਉਹ ਚਾਹੇ ਆਰੀਆ ਲੋਕ ਹੋਣ ਜਾਂ ਯੂਨਾਨੀ, ਦੇਵੀ ਦੇਵਤਿਆਂ ਦੇ ਨਾਮ ਉਹਨਾਂ ਨੇ ਆਪਣੇ ਆਪਣੇ ਢੰਗ ਨਾਲ ਰੱਖੇ ਹਨ। ਇਹਨਾਂ ਦੇਵਤਿਆ ਦੇ ਮੁਕਾਮ ਵੀ ਰੱਖੇ ਹਨ। ਕਵੀਆਂ ਦੇ ਦਿਲ ਤਰੰਗ-ਜਦੋਂ ਕਿ ਓਹ ਕੋਈ ਪੋਥੀ ਜਾਂ ਕਵਿਤਾ ਲਿਖਣ ਤਾਂ ਆਪਣਾ ਮੰਗਲ ਇਹਨਾਂ ਦੇ ਅਵਾਹਨ ਤੋਂ ਕਰਦੇ ਸਨ। ਹੌਲੀ ਹੌਲੀ ਕਿਸੇ ਨਾ ਦਿਸਣ ਵਾਲੇ ਜਗਤ ਵਿੱਚੋਂ ਕਿਸੇ 'ਆਦ੍ਰਿਸ਼ਯ ਸੱਤਯਾ ਯਾਂ ਵਿਅਕਤੀ ਵੱਲੋਂ" ਮੰਨਕੇ ਅਰਾਧਿਆ ਹੈ। ਸਮਾਂ ਪਾ ਕੇ ਕਵੀ ਜਨਾਂ ਦਾ ਇਹ ਇੱਕ 'ਉਚਾ ਹੁਲਾਸ' ਬਣ ਗਿਆ। ਜਿਵੇਂ ਕਵੀ ਆਪਣੀ ਕਵਿਤਾ ਦੀ ਉਡਾਰੀ ਨੂੰ ਕਿਸੇ ਅਗੰਮੀ ਰੂਪ ਵਿੱਚ ਤੋਰਦਾ ਹੈ। ਉਸੇ ਉਚੇਰੀ ਉਡਾਰੀ ਨੂੰ ਸ਼ਰਧਾ ਦੇ ਰੂਪ ਵਿੱਚ ਲਿਖਦਾ ਹੈ। ਆਪਣੇ ਧਰਮ ਦਾ, ਵਿਸ਼ਵਾਸ਼ ਦਾ, ਇਮਾਨ ਦਾ, ਸਿੱਖੀ ਦੇ ਭਰੋਸੇ ਦਾ ਅਤੇ ਯਕੀਨ ਦਾ ਕਵੀ ਜੀ ਦੇ ਥਾਂ ਪਰ ਥਾਂ ਦਿੱਤੇ ਹੋਏ ਹਵਾਲਿਆ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ।*

***ਗੋਬਿੰਦ ਸਿੰਘ ਗੁਰੂ ਗਤਿਦਾਯਕ ਆਨ ਕੀ ਆਸ ਨਹੀ ਮਨ ਰਾਈ॥ ੨੫ ॥ ਜਾਂ***
***ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ ਲਾਗੀ***
***ਤੇਰੇ ਨਾਮ ਤਾਰ ਛੋਰੀ ਆਸ ਹੋਰੀਆ ॥ ਜਾਂ***
***ਤੋਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ,***
***ਤੋ ਸੋ ਨ ਦਯਾਲ ਦੁਖੀ ਮੋ ਸੋ ਨ ਅਲਾਈਏ ॥***
***ਕਵਿ ਆਯੋ ਹੈ ਸ਼ਰਨ ਗਹੇ ਧਾਇ ਕੈ ਚਰਨ,***
***ਗੁਰੂ ਤਾਰਨ ਤਰਨ ! ਨਿਜ ਹਾਥ ਦੈ ਬਚਾਈਏ॥ ੨੭ ॥***

***(ਨਾਨਕ ਪ੍ਰਕਾਸ਼)***

ਇਸ ਤੋਂ ਆਦਿ ਅਨੇਕਾਂ ਐਸੇ ਪ੍ਰਮਾਣ ਮਿਲਦੇ ਹਨ।

ਜੇ ਕੁਤਰਕੀ ਲੋਕਾਂ ਦੀਆਂ ਕੁਤਰਕਾਂ ਨੂੰ ਇੱਕ ਇੱਕ ਕਰਕੇ ਖੰਡਿਤ ਕਰਨ ਲਈ ਯਤਨ ਕਰਨਾ ਹੋਵੇ ਤਾਂ ਇੱਕ ਬਹੁਤ ਵੱਡੇ ਅਕਾਰ ਦੀ ਪੁਸਤਕ ਬਣ ਜਾਏਗੀ। ਜਿਹਨਾਂ ਦੀ ਸ਼ਰਧਾ ਹੈ, ਉਹਨਾਂ ਨੂੰ ਕੋਈ ਭਰਮਾ ਨਹੀਂ ਸਕਦਾ; ਜਿਹਨਾਂ ਨੇ ਕੇਵਲ ਦੂਜਿਆਂ ਨੂੰ ਦੁਬਿਧਾ ਵਿੱਚ ਫਸਾਉਣਾ ਹੈ, ਉਹਨਾਂ ਨੂੰ ਕੋਈ ਸਮਝਾ ਨਹੀਂ ਸਕਦਾ। ਲੋੜ ਕੇਵਲ ਗੁਰੂ ਚਰਨਾਂ ਦੀ ਸ਼ਰਧਾ ਦੁਆਰਾ ਆਪਣੇ ਆਪ ਨੂੰ ਜੋੜ ਕੇ ਦੂਜਿਆ ਨੂੰ ਜੋੜਨ ਦੀ ਹੈ। ਕਵੀ ਜੀ ਦੇ ਇਸ ਪਰਉਪਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੁਆਰਾ ਰਚੇ ਮਹਾਨ ਇਤਿਹਾਸ ਦੇ ਅੰਮ੍ਰਿਤ ਵਰਗੇ ਮਿੱਠੇ ਸਾਗਰ ਵਿੱਚੋਂ

ਚੰਗਿਆਈ ਦੇ ਮੋਤੀ ਪ੍ਰਾਪਤ ਕਰਨ ਲਈ ਯਤਨ ਹੈ। ਕਵੀ ਜੀ ਨੇ ਧੰਨ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਪੂਰਬਾਰਧ ਤੇ ਉਤਰਾਰਧ ਦੇ ਰੂਪ ਵਿੱਚ ਲਿਖਿਆ ਹੈ । ਸਤਿਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਇਤਿਹਾਸ ਸੂਰਜ ਪ੍ਰਕਾਸ਼ ਗ੍ਰੰਥ ਦੇ ਰੂਪ ਵਿੱਚ ਲਿਖਿਆ। ਕਵੀ ਜੀ ਨੇ ਇਸ ਦਾ ਨਾਮ ਸੂਰਜ ਪ੍ਰਕਾਸ਼ ਕਿਉਂ ਰੱਖਿਆ, ਇਸ ਬਾਬਤ ਵੀ ਆਪ (ਕਵੀ) ਜੀ ਨੇ ਲਿਖਿਆ ਹੈ। ਜਿੰਨਾਂ ਧਰਤੀ ਦਾ ਹਿੱਸਾ ਸੂਰਜ ਦੇ ਸਾਹਮਣੇ ਆਉਂਦਾ ਹੈ, ਉਤਨੇ ਹਿੱਸੇ ਦਾ ਸਮਾਂ ਦਿਨ ਅਖਵਾਉਂਦਾ ਹੈ। ਦੂਜੇ ਪਾਸੇ ਰਾਤ ਹੋ ਜਾਂਦੀ ਹੈ। ਇਉਂ ਹੀ ਜਿਸ ਹਿਰਦੇ ਵਿੱਚ 'ਗੁਰੂ ਸ਼ਬਦ' ਦਾ ਸੂਰਜ ਆ ਜਾਂਦਾ ਹੈ। ਉੱਥੇ ਗਿਆਨ ਦੀਆਂ ਰਿਸ਼ਮਾਂ ਅਨਭਵ ਦਾ ਪ੍ਰਕਾਸ਼ ਕਰ ਦਿੰਦੀਆਂ ਹਨ। ਸੂਰਜ ਦੀ ਚਾਲ ਕਰਕੇ ਦਿਨ ਦੋ ਹਿੱਸਿਆ ਵਿੱਚ ਪੂਰਬ ਕਾਲ ਤੇ ਉੱਤਰ ਕਾਲ ਹੁੰਦਾ ਹੈ। ਇਸੇ ਪ੍ਰਕਾਰ ਕਵੀ ਜੀ ਨੇ ਪੂਰਬਾਰਧ ਤੇ ਉਤਰਾਰਧ ਵਿੱਚ ਜਸ ਲਿਖਿਆ ਹੈ। ਕਵੀ ਜੀ ਨੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਗੁਰਾਂ ਦਾ ਜਸ ਬਾਰਾਂ ਰਾਸਾਂ ਵਿੱਚ ਅੰਕਿਤ ਕੀਤਾ ਹੈ।

ਬਾਰਾਂ ਰਾਸਾਂ ਦਾ ਇੱਕ ਸਾਲ ਹੁੰਦਾ ਹੈ। ਰਾਸ ਨੂੰ ਦੂਜੇ ਲਫਜ਼ਾਂ ਵਿੱਚ ਮਹੀਨਾ ਕਿਹਾ ਜਾਂਦਾ ਹੈ। ਮਹੀਨਾ ਹਫਤਿਆਂ ਦੁਆਰਾ, ਹਫਤਾ ਦਿਨਾਂ ਰਾਹੀਂ ਅਤੇ ਦਿਨ ਘੰਟਿਆਂ ਦੁਆਰਾ ਗਿਣਿਆ ਜਾਂਦਾ ਹੈ। ਗਿਣਤੀ ਮਿਣਤੀ ਦੇ ਢੰਗ ਨੂੰ ਸਮਾਂ ਕਿਹਾ ਜਾਂਦਾ ਹੈ। ਸਮੇਂ ਦਾ ਕਦਰਵਾਨ ਮਨੁੱਖ ਦਿਨ ਤੋਂ ਲੈ ਕੇ ਸਾਲ ਭਰ ਮਿਹਨਤ ਕਰਦਾ ਹੈ। ਉਸ ਦੀ ਮਿਹਨਤ ਦਾ ਪ੍ਰੀਖਣ (ਟੈਸਟ) ਹੁੰਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਨਾਮ ਜਪਣਾ, ਕਿਰਤ ਕਰਨ ਤੇ ਵੰਡ ਛੱਕਣ ਦਾ ਸਿਧਾਂਤ ਦਿੱਤਾ। ਦੂਜੇ ਸਤਿਗੁਰੂ ਜੀ ਤੋਂ ਲੈ ਕੇ ਨੌਵੇਂ ਸਤਿਗੁਰੂ ਜੀ ਤੱਕ ਉਸ ਸਿਧਾਂਤ ਨੂੰ ਜ਼ਿੰਦਗੀ ਵਿੱਚ ਧਾਰਨ ਕਰਨ ਦੀ ਜਾਂਚ ਸਿਖਾਈ। ਬਾਰਾਂ ਰਾਸਾਂ ਵਿੱਚ ਕਵੀ ਜੀ ਨੇ ਸਤਿਗੁਰੂ ਜੀ ਦਾ ਇਤਿਹਾਸ ਅੰਕਿਤ ਕਰਕੇ ਸਾਲ ਭਰ ਦੀ ਮਿਹਨਤ ਨੂੰ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਜੀ ਨੇ ਦੁਨੀਆਂ ਨੂੰ ਨਵੀਂ ਸੇਧ ਦਿੱਤੀ; ਆਪਣੇ ਮੁੱਖ ਤੋਂ ਉਚਾਰੇ ਹੋਏ ਸਿਧਾਂਤ ਨੂੰ ਜ਼ਿੰਦਗੀ ਵਿੱਚ ਹੰਢਾ ਕੇ ਵਿਖਾਇਆ। ਜ਼ੁਲਮਾਂ ਦੇ ਭਾਰ ਹੇਠਾਂ ਦੱਬੀ ਹੋਈ ਦੁਨੀਆਂ ਨੂੰ ਨਵੀਂ ਚੇਤਨਾ ਬਖਸ਼ਣ ਲਈ ਪੀਰੀ ਦੇ ਨਾਲ ਮੀਰੀ ਦਾ ਸਿਧਾਂਤ ਜੋੜਿਆ। ਜੋ ਦੁਨੀਆਂ ਜਬਰ ਜ਼ੁਲਮ ਸਦਕਾ ਗੁਲਾਮੀ ਦੇ ਜੀਵਨ ਨੂੰ ਹੀ ਅਜ਼ਾਦੀ ਸਮਝਣ ਲਗ ਪਈ ਸੀ। ਉਨ੍ਹਾਂ ਨੂੰ ਨਵੀਂ ਦੁਨੀਆਂ ਸਿਰਜਣ ਦਾ ਸੰਕਲਪ ਦਿੱਤਾ। ਮਨੁੱਖ ਹੀ ਪ੍ਰਮਾਤਮਾ ਦੀ ਰਹਿਮਤ ਪ੍ਰਾਪਤ ਕਰਕੇ ਨਵੀਂ ਦੁਨੀਆਂ ਦਾ ਅਗ਼ਾਜ ਕਰ



ਸਕਦਾ ਹੈ। ਇਸ ਸਵੈ-ਸੁੰਤਤਰਤਾ ਦੀ ਵਿਚਾਰਧਾਰਾ ਨੂੰ ਇੱਕ ਮਾਨਵੀ ਰੂਪ ਵਿੱਚ ਸਥਾਪਿਤ ਕਰਨ ਲਈ ਸਤਿਗੁਰੂ ਜੀ ਨੇ ਪੰਜਵੇਂ ਸਰੂਪ ਵਿੱਚ ਸ਼ਾਂਤ ਰਹਿਕੇ ਸੁਤੰਤਰਤਾ ਦੇ ਪ੍ਰਸਤਾਵ ਲਈ ਸ਼ਹੀਦੀ ਦਿੱਤੀ। ਜਦੋਂ ਜਾਬਰ, ਸ਼ਾਂਤੀ ਨੂੰ ਕਾਇਰਤਾ ਸਮਝਣ ਲੱਗ ਪਿਆ ਤਾਂ ਛੇਵੇਂ ਰੂਪ ਵਿੱਚ ਤਲਵਾਰ ਨਾਲ ਸੁਤੰਤਰਤਾ ਦੀ ਸਥਾਪਨਾ ਕੀਤੀ। ਪੀਰੀ ਨਾਲ ਮੀਰੀ ਦਾ ਸੁੰਦਰ ਸੁਮੇਲ ਕਰ ਦਿੱਤਾ। ਇਸੇ ਸਿਧਾਂਤ ਨੂੰ ਨੌਂਵੇਂ ਸਰੂਪ ਵਿੱਚ ਫਿਰ ਦੁਹਰਾ ਕੇ ਦਸਵੇਂ ਜਾਮੇ ਵਿੱਚ ਮਨੁੱਖ ਨੂੰ ਸੰਪੂਰਨਤਾ ਬਖਸ਼ੀ। ਸੰਪੂਰਨਤਾ ਵਾਲੇ ਮਨੁੱਖ ਨੂੰ ਖਾਲਸਾ ਸ਼ਬਦ ਦੀ ਸੰਗਿਆ ਦਿੱਤੀ।

ਕਵੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨੂੰ ਛੇ ਰੁੱਤਾਂ ਤੇ ਦੋ ਐਨਾਂ ਵਿੱਚ ਅੰਕਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਵਿੱਚੋਂ ਪੂਰਨ ਮਨੁੱਖ ਵਾਲਾ ਸਰੂਪ (ਖਾਲਸਾ) ਪ੍ਰਗਟ ਕੀਤਾ। ਜਿਸ (ਖਾਲਸੇ) ਨੇ ਸਤਿਗੁਰਾਂ ਦੁਆਰਾ ਪ੍ਰਾਪਤ ਕੀਤੇ ਪ੍ਰਮਾਤਮਾ ਵਾਲੇ ਗੁਣ ਆਪਣੇ ਅੰਦਰ ਧਾਰਨ ਕੀਤੇ ਹਨ। ਜਿਵੇਂ ਜਿਵੇਂ ਇਹ ਗੁਣ ਧਾਰਨ ਕਰਦਾ ਗਿਆ। ਉਸੇ ਪ੍ਰਕਾਰ ਖਾਲਸੇ ਦੇ ਸਾਜਣ ਤੋਂ ਲੈ ਕੇ ਅਨੰਦਪੁਰ ਸਾਹਿਬ ਤੋਂ ਆਰੰਭ ਹੋ ਕੇ ਚਮਕੌਰ ਸਾਹਿਬ (ਕੱਚੀ ਗੜ੍ਹੀ ਦੀ ਲਾਸਾਨੀ ਜੰਗ) ਵਿੱਚ ਇਮਤਿਹਾਨ ਪੜਾਅ ਦਰ ਪੜਾਅ ਚੱਲਦੇ ਗਏ। ਖਾਲਸੇ ਨੇ ਹਰ ਇਮਤਿਹਾਨ ਨੂੰ ਪੂਰਨ ਲਗਨ ਦੇ ਨਾਲ ਪੂਰੇ ਨੰਬਰਾਂ ਵਿੱਚ ਪਾਸ ਕੀਤਾ। ਸਤਿਗੁਰੂ ਜੀ ਨੇ ਖਾਲਸੇ ਨੂੰ ਕੇਵਲ ਜੰਗਾਂ ਯੁੱਧਾਂ ਵਿੱਚ ਲੜਨ ਵਾਲਾ ਕੋਈ ਸੰਸਾਰੀ ਯੋਧਾ ਹੀ ਨਹੀਂ ਬਣਾਇਆ, ਸਗੋਂ ਆਪਣੇ ਅੰਦਰਲੇ ਪੰਜ ਵਿਕਾਰਾਂ ਨੂੰ ਮਾਰ ਕੇ ਕਾਬੂ ਕਰਨ ਵਾਲਾ ਅਤਿਰਥੀ ਸੂਰਮਾ ਵੀ ਬਣਾਇਆ। ਇਹ ਆਤਮ-ਨਿਰਭਰਤਾ, ਸੰਸਾਰ ਦੇ ਵੱਡੇ-ਵੱਡੇ ਯੋਧਿਆਂ (ਹਿਟਲਰ ਜਾਂ ਨੈਪੋਲੀਅਨ ਆਦਿ) ਦੇ ਹਿੱਸੇ ਵਿੱਚ ਨਹੀਂ ਆਈ।

ਖਾਲਸੇ ਦੇ ਇਸ ਅੰਦਰੂਨੀ ਜੰਗ ਜਿੱਤਣ ਦਾ ਬਲ ਸਤਿਗੁਰੂ ਜੀ ਤੋਂ ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰਕੇ ਨਾਮ ਨਾਲ ਲਿਵ ਜੋੜ ਕੇ ਸੁਰਤਿ ਨੂੰ ਸ਼ਬਦ ਨਾਲ ਇਕਮਿਕ ਕਰਨਾ। ਸਾਰਾ ਦਿਨ ਕੰਮ ਕਾਰ ਕਰਦਿਆਂ ਵੀ ਵਾਹਿਗੁਰੂ ਨਾਮ ਜਾਂ ਬਾਣੀ ਪੜ੍ਹਦੇ ਰਹਿਣਾ, ਸ਼ਾਮ ਦੇ ਸਮੇਂ ਰਹਿਰਾਸ ਸਾਹਿਬ ਜੀ ਦਾ ਪਾਠ ਕਰਨਾ, ਸੌਣ ਵੇਲੇ ਕੀਰਤਨ ਸੋਹਿਲਾ ਜੀ ਦਾ ਪਾਠ ਕਰਕੇ ਜਦੋਂ ਤੱਕ ਨੀਂਦ ਆਪਣੇ ਵੱਸ ਵਿੱਚ ਨਾ ਕਰ ਲਏ ਉਤਨਾ ਚਿਰ ਨਾਮ ਜਪੀ ਜਾਣਾ, ਇਹ ਖਾਲਸੇ ਦੀ ਦਿਨ ਭਰ ਦੀ ਰਹਿਣੀ ਸੀ। ਸਤਿਗੁਰੂ ਜੀ ਨੇ ਖਾਲਸੇ ਨੂੰ ਵਿਵੇਚਨ-ਆਤਮਿਕ ਵੀਚਾਰ ਬਖਸ਼ੀ ਹੈ। ਜਿਸਨੂੰ ਖਾਲਸਾ ਰਹਿਤ ਮਰਿਯਾਦਾ ਆਖਦਾ ਹੈ। ਇਸ ਮੁਤਾਬਿਕ ਰਹਿਤ ਨੂੰ

ਧਾਰਨ ਕਰਨਾ ਤੇ ਕੁਰਹਿਤਾਂ ਨੂੰ ਤਿਆਗਣਾ ਖਾਲਸੇ ਦਾ ਮੁੱਖ ਕਰਤੱਬ ਹੈ। ਬਾਹਰੀ ਰਹਿਤ ਖਾਲਸੇ ਦਾ ਪੰਜ ਕਕਾਰਾਂ ਸਮੇਤ ਨਿੱਤ ਕਿਰਿਆ ਹੈ। ਅੰਤਰੀਵ ਰਹਿਤ, ਜੋ ਸਿੱਖਿਆ ਸਤਿਗੁਰੂ ਜੀ ਬਾਣੀ ਦੁਆਰਾ ਬਖਸ਼ਿਸ ਕਰਦੇ ਹਨ, ਖਾਲਸੇ ਨੇ ਨਿੱਤਨੇਮ ਪੂਰਵਕ, ਉਸਨੂੰ (ਅੰਤਰੀਵ ਰਹਿਤ) ਆਪਣੇ ਜੀਵਨ ਦਾ ਅੰਗ ਬਣਾਉਣ ਲਈ ਸਿਰਤੋੜ ਯਤਨ ਕਰਨਾ ਹੈ। ਪਿਆਰਾ ਸਿੰਘ ਜੀ ਪਦਮ ਆਪਣੀ ਪੁਸਤਕ '**ਰਹਿਤਨਾਮੇ**' ਵਿੱਚ ਲਿਖਦੇ ਹਨ, "*ਗੁਰੂ ਕੇ ਜਿਤਨੇ ਵੀ ਅਦੇਸ਼ ਹਨ, ਉਹਨਾਂ ਦਾ ਸਾਰੰਸ਼ ਗੁਣਾਂ ਦਾ ਧਾਰਨ ਤੇ ਔਗੁਣਾਂ ਦਾ ਤਿਆਗ ਬੁਨਿਆਦੀ ਸ਼ਰਤ ਹੈ। ਇਹੋ ਅੰਦਰਲੀ ਰਹਿਤ ਹੈ।ਇਹ ਰਹਿਤ ਸੰਗਤ ਵਿੱਚ ਸਿੱਖੀ ਤੇ ਕਮਾਈ ਜਾਂਦੀ ਹੈ।*" ਇਸੇ ਨੂੰ ਖਾਲਸੇ ਦਾ 'ਖੰਡਿਓ ਤਿਖੀ ਤੇ ਵਾਲਹੁ ਨਿੱਕੀ' ਸਿਦਕ ਦਾ ਮਾਰਗ ਆਖਿਆ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਸ ਨੂੰ 'ਪ੍ਰੇਮ ਦਾ ਮਾਰਗ' ਆਖਿਆ ਹੈ। ਪ੍ਰਭੂ ਚਰਨਾਂ ਦੇ ਪ੍ਰੇਮ ਵਾਲਾ ਸਭ ਅੰਦਰ ਵਾਹਿਗੁਰੂ ਨੂੰ ਵੇਖਣ ਦੇ ਸਮਰੱਥ ਹੋ ਜਾਂਦਾ ਹੈ। ਜਿਤਨੇ ਵੀ ਪ੍ਰਭੂ ਦੇ ਗੁਣ ਹਨ, ਖਾਲਸੇ ਵਿੱਚ ਹੌਲੀ ਹੌਲੀ ਟਿਕਣੇ ਸ਼ੁਰੂ ਹੋ ਜਾਂਦੇ ਹਨ। ਇਹਨਾਂ ਗੁਣਾਂ ਦੀ ਆਰੰਭਤਾ ਦਯਾ ਤੋਂ ਹੁੰਦੀ ਹੈ। ਦਯਾ, ਧਰਮ, ਸਤ, ਸੰਤੋਖ, ਬਿਬੇਕ, ਆਤਮ ਵੀਚਾਰ ਆਦਿ ਬਹੁਤ ਲੰਮੇਰੀ **ਸ੍ਰਿੰਖਲਾ** ਹੈ। ਦੂਜੇ ਪਾਸੇ ਆਪਣੇ ਸਰੀਰ ਨੂੰ ਜਿੱਥੇ ਕੁਰਹਿਤਾਂ ਤੋਂ ਬਚਾ ਕੇ ਰੱਖਣਾ ਹੈ, ਉੱਥੇ ਨਾਲ ਹੀ ਮਨ ਨੂੰ ਵੀ ਇਹਨਾਂ ਕੁਰਹਿਤਾਂ ਦੇ ਸੂਖਮ ਪ੍ਰਭਾਵ ਜੋ ਮਨ ਉੱਪਰ ਅਸਰ ਕਰਦੇ ਹਨ, ਉਹਨਾਂ ਤੋਂ ਵੀ ਬਚਾ ਕੇ ਰੱਖਣਾ ਹੈ। ਇਹਨਾਂ ਨੂੰ ਹੀ ਕਾਮ, ਕ੍ਰੋਧ, ਲੋਭ, ਮੋਹ ਆਦਿ ਦੀ ਲੰਮੀ ਕੜੀ ਤਹਿਤ ਜਾਣਿਆ ਜਾਂਦਾ ਹੈ। ਖਾਲਸਾ ਆਪਣੇ ਆਪ ਨੂੰ ਖੁਦਾ ਦਾ ਬੰਦਾ ਸਮਝਦਾ ਹੈ। ਇਸ ਲਈ ਹੀ ਹਰ ਰੋਜ ਆਪਣੇ ਅੰਦਰ ਨੂੰ ਖੋਜਦਾ ਹੈ। ਚੰਗੇ ਗੁਣ ਧਾਰਨ ਕਰਦਾ ਹੋਇਆ ਪ੍ਰਮਾਤਮਾ ਦੇ ਚਰਨਾਂ ਵਿੱਚ ਸ਼ੁਕਰਗੁਜਾਰਤਾ ਦੀ ਅਰਦਾਸ ਕਰਦਾ ਹੈ। ਵਿਕਾਰਾਂ ਦੇ ਪ੍ਰਭਾਵ ਸਕਦਾ, ਔਗੁਣਾਂ ਦਾ ਅਹਿਸਾਸ ਕਰਦਾ ਹੋਇਆ ਗੁਰੂ ਚਰਨਾਂ ਵਿੱਚੋਂ ਖਿਮਾ ਦੀ ਜਾਚਨਾ ਕਰਦਾ ਹੈ।

ਪੰਜਵੀਂ ਰੁੱਤ ਅੰਦਰ ਕਵੀ ਜੀ ਨੇ ਧਾਰਮਿਕ ਗ੍ਰੰਥਾਂ ਵਿੱਚੋਂ ਪ੍ਰਾਪਤ ਹੋਣ ਵਾਲਾ ਅੰਤਰੀਵ ਗਿਆਨ ਗੁੰਥਨ ਕੀਤਾ ਹੈ। ਅੰਦਰਲੇ ਜੀਵਨ ਦੀ ਸਾਧਨਾ ਗੁਰੂ ਦੁਆਰਾ ਹੀ ਹਾਸਲ ਹੁੰਦੀ ਹੈ। ਗੁਰੂ ਵਾਲਾ (ਖਾਲਸਾ), ਪੰਜ ਪਿਆਰਿਆਂ ਰਾਂਹੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਹੀ ਬਣ ਸਕਦਾ ਹੈ। ਕਲਗੀਧਰ ਸਾਹਿਬ ਜੀ ਨੇ ਗੁਰਸਿੱਖਾਂ ਲਈ ਵਿਸ਼ੇਸ ਤਾਕੀਦ ਕੀਤੀ ਹੈ। ਪੰਜ ਦੀ ਪ੍ਰਧਾਨਤਾ ਨੂੰ ਧਿਆਨ ਵਿੱਚ ਰੱਖਦਿਆਂ



ਅੰਦਰਲੇ ਪੰਜ ਕਾਮ, ਕ੍ਰੋਧ, ਮੋਹ, ਲੋਭ,ਹੰਕਾਰ ਨੂੰ ਮਾਰਨ ਲਈ ਪੰਜ ਬਾਣੀਆਂ ਦਾ ਗਿਆਨ ਸੰਜੀਵਨੀ ਬੂਟੀ ਹੈ। ਜਪੁਜੀ ਸਾਹਿਬ ਜੀਵਨ ਸਾਧਨਾ ਦਾ ਕੇਂਦਰ ਬਿੰਦੂ ਹੈ। ਜਾਪੁ ਸਾਹਿਬ ਵਾਹਿਗੁਰੂ ਜੀ ਦੇ ਚਰਨਾਂ ਉੱਪਰ ਨਮਸਕਾਰ ਹੈ। ਸਵੱਯੈ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਣ ਲਈ ਹਨ। ਚੌਪਈ ਸਾਹਿਬ ਜੀਵਨ ਰੱਖਿਆ ਲਈ ਹੈ। ਅਨੰਦ ਸਾਹਿਬ ਆਤਮ-ਅਨੰਦ ਦੀ ਅਨੁਭਵਤਾ ਲਈ ਹੈ। ਨਿੱਤਨੇਮ ਪੂਰਬਕ ਬਾਣੀ ਦੀ ਸਾਧਨਾ ਵਾਲਾ ਗੁਰਸਿੱਖ ਮਨ ਨੂੰ ਇਕਾਗਰ ਕਰਨ ਵਿੱਚ ਸਫਲ ਹੋ ਜਾਂਦਾ ਹੈ। ਜਿਵੇਂ ਜਿਵੇਂ ਮਨ ਇਕਾਗਰ ਹੁੰਦਾ ਜਾਂਦਾ ਹੈ, ਉਵੇਂ ਉਵੇਂ ਪ੍ਰਮਾਤਮਾ ਦੀ ਸਿਫਤ (ਉਸਤਤ) ਮਨ ਦੀ ਪ੍ਰਪੱਕ( ਆਤਮਕ) ਅਵੱਸਥਾ ਕਰ ਦਿੰਦੀ ਹੈ। ਆਤਮਕ ਅਵੱਸਥਾ ਸਦਾ ਇੱਕ ਰਸ ਬਣੀ ਰਹੇ, ਇਸ ਨੂੰ ਤੁਰੀਆ ਕਹਿੰਦੇ ਹਨ। ਤੁਰੀਆ ਅਵੱਸਥਾ ਹੀ ਗੁਰਸਿੱਖ ਦੀ ਆਤਮਿਕ ਅਵੱਸਥਾ ਹੈ, ਜਿੱਥੇ ਉਹ ਆਤਮ ਰਸ ਵਿੱਚ ਬਿਭੌਰ ਰਹਿੰਦਾ ਹੈ। ਇਸ ਰਸ ਵਿੱਚ ਤਲਵਾਰ ਵੀ ਉਹ ਦੁਸ਼ਮਣ ਸਮਝ ਕੇ ਨਹੀਂ ਚਲਾਉਂਦਾ, ਸਗੋਂ ਜੀਵਾਂ ਦਾ ਅੰਤਮ ਪੜਾਅ ਜਾਣ ਕੇ ਆਪਣਾ ਕਰਮ ਕਰਦਾ ਹੈ। ਚਮਕੌਰ ਸਾਹਿਬ ਦੀ ਲਾਸਾਨੀ ਜੰਗ ਇਸ ਦੀ ਪ੍ਰਤੱਖ ਗਵਾਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੇਵਲ ਜੰਗ ਦੇ ਮੈਦਾਨ ਵਿੱਚ ਸੂਰਮੇ ਵਾਲਾ ਕਰਮ ਕਰਨਾ ਹੀ ਸਿਖਾਇਆ ਹੈ। ਅਨੰਦਪੁਰ ਸਾਹਿਬ ਦੇ ਚਾਰੇ-ਤਰਫ ਦੁਸ਼ਮਣਾਂ ਨੇ ਘੇਰਾ ਪਾਇਆ ਹੋਇਆ ਹੈ। ਕਵੀ ਸੰਤੋਖ ਸਿੰਘ ਜੀ ਦੇ ਮੁਤਾਬਿਕ ਕਰੀਬਨ ਢਾਈ ਕੋਹ ਦੇ ਫਾਸਲੇ ਨਾਲ ਜੇਰਦਸਤ ਤੇ ਵਜੀਦ ਖਾਂ ਬਹੁਤ ਸਾਰੇ ਪਹਾੜੀ ਰਾਜਿਆਂ ਦੇ ਸਮੇਤ ਸ਼ਾਲਮਲੀ ਦੇ ਦਰੱਖਤ ਹੇਠਾਂ ਬੈਠੇ ਸ਼ਤਰੰਜ ਖੇਡ ਰਹੇ ਸਨ। ਸਤਿਗੁਰੂ ਜੀ ਨੇ ਉਹਨਾਂ ਦੇ ਪਲੰਘ ਦੇ ਪਾਵੇ ਦਾ ਨਿਸ਼ਾਨਾ ਸੇਧ ਕੇ ਤੀਰ ਚਲਾਇਆ, ਤੀਰ ਲੱਗਦੀ ਸਾਰ ਸਾਰੇ ਚੌਂਕ ਉੱਠੇ, ਕਹਿਣ ਲੱਗੇ - ਇਹ ਤਾਂ ਗੁਰੂ ਦੀ ਕਰਾਮਾਤ ਹੈ। ਇਸ ਗੁਰੂ ਤੋਂ ਬਚਣਾ ਮੁਸ਼ਕਿਲ ਹੈ। ਇਹ ਗੱਲਾਂ ਕਰ ਹੀ ਰਹੇ ਸਨ। ਸਤਿਗੁਰੂ ਜੀ ਨੇ ਦੂਜੇ ਤੀਰ ਨਾਲ ਫਾਰਸੀ ਵਿੱਚ ਇੱਕ ਪੱਤਰ ਲਿਖ ਕੇ ਬੰਨ੍ਹਿਆਂ ਅਤੇ ਤੀਰ ਨੂੰ ਉਸ ਦਰੱਖਤ ਦੇ ਇੱਕ ਟਾਹਣੇ ਵਿੱਚ ਨਿਸ਼ਾਨਾ ਲਗਾ ਦਿੱਤਾ। ਜਿਸ ਉੱਪਰ ਬਹੁਤ ਹੀ ਭਾਵਪੂਰਤ ਸ਼ਬਦ ਸਨ ਜਿਹਨਾਂ ਦੁਆਰਾ ਸਤਿਗੁਰੂ ਜੀ ਦੀ ਕਰਮਾਂ ਪ੍ਰਤੀ ਲਗਨ ਦਾ ਕਥਨ ਸੀ। "***ਦਾਨਸ਼ਵੰਦਨ ਦਾਨਸ਼ ਕੀਨਸਿ ਬਿੱਦਯਾ ਕੋ ਅਭਯਾਸਾ। ਕਰਹਿ ਨਿਤਾਪ੍ਰਤਿ ਹੁਇ ਤਿਹ ਪ੍ਰਾਪਤਿ ਸੁਭਟ ਧਰਹਿੰ ਭਰਵਾਸਾ ॥ ੩ ॥ ਕਰਾਮਾਤ ਕੋ ਕਹਿਰ ਕਹੈ ਬਡ ਕਰਤਿ ਨ ਰਨ ਕੇ ਮਾਂਹੀ । ਇਹ ਤੌ ਕਰਮ ਕਰੀਮ ਕਰਯੋ ਕੁਲ ਕਰਤਾ***

***ਪੁਰਖ ਅਲਾਹੀ ॥੪ ॥ ਭੂਤ ਭਵਿਖਯਤ ਵਰਤਮਾਨ ਮਹਿਂ ਵਿਦਯਾ ਜਿਨਹੁਂ ਕਮਾਈ।***
***ਦੁਰਗਮ ਕੋ ਭੀ ਸੁਗਮ ਕਰਤਿ ਹੈਂ ਦੁਲਭ ਸੁਲਭ ਹੁਇ ਜਾਈ ॥ ੫ ॥*** ਰੁਤਿ:੬ ਅੰਸ਼ੂ ੧੫)

ਗੁਰੂ ਜੀ ਦਾ ਕਥਨ ਹੈ, ਕਿ ਜਿਹਨਾਂ ਨੇ ਵਿੱਦਿਆ ਦਾ ਅਭਿਆਸ ਕੀਤਾ ਹੋਵੇ ਉਹ ਕਰਾਮਾਤਾਂ ਦਾ ਅਸਰਾ ਨਹੀਂ ਲੈਂਦੇ, ਸਗੋਂ ਆਪਣੀ ਵਿੱਦਿਆ ਦਾ ਕਰਮ ਹੀ ਕਰਦੇ ਹਨ। ਕਰਮ ਦਾ ਅਭਿਆਸ ਕਠਨ ਨੂੰ ਵੀ ਸੌਖਾ ਕਰ ਦਿੰਦਾ ਹੈ। ਨਿਸ਼ਕਾਮ ਕਰਮਾਂ ਦਾ ਪਾਂਧੀ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦਾ ਪਾਤਰ ਬਣ ਕੇ ਜੀਵਨ ਅੰਦਰ ਆਤਮਿਕ-ਅਨੰਦੀ ਹੋ ਜਾਂਦਾ ਹੈ। ਇਸ ਆਤਮਿਕ ਅਨੰਦ ਦਾ ਕਥਨ ਅਧਿਆਤਮਕ ਗਿਆਨ ਦੇ ਪਾਂਧੀਆਂ (ਰਿਸ਼ੀ ਮੁਨੀ ਲੋਕਾਂ) ਨੇ ਆਪਣੇ ਆਪਣੇ ਢੰਗ ਨਾਲ ਲਿਖਿਆ ਹੈ। ਉਹ ਸਾਰੀ ਹੀ ਦਵੈਤ ਤੋਂ ਅਦਵੈਤ ਤੱਕ ਦੀ ਫਿਲਾਸਫੀ ਨੂੰ ਕਵੀ ਜੀ ਨੇ ਪੰਜਵੀਂ ਰੁੱਤ ਵਿੱਚ ਅੰਕਿਤ ਕੀਤਾ ਹੈ। ਛੇ ਰੁੱਤਾਂ ਅਤੇ ਦੋ ਐਨਾਂ ਵਿੱਚ ਕਵੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਅੰਕਿਤ ਕੀਤਾ ਹੈ। ਕਲਯੁੱਗ ਵਿੱਚ ਨਾਮ ਦੀ ਵੀ ਰੁੱਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਾਮ ਦੀ ਰੁੱਤ ਨੂੰ ਗੁਰਸ਼ਬਦ ਤੇ ਗੁਰਬਾਣੀ ਨਾਲ ਸੁਸਜਿਤ ਕਰ ਦਿੱਤਾ। ਦੇਹ ਵਾਲੀ ਪ੍ਰੰਪਰਾ ਨੂੰ ਵੀ ਸ਼ਾਬਦਿਕ ਦੇਹ ਦਾ ਰੂਪ ਬਣਾ ਦਿੱਤਾ। ਖਾਲਸੇ ਦੀ ਸਾਜਣਾ ਪੰਜ ਪਿਆਰਿਆਂ ਦੁਆਰਾ ਪੰਜ ਬਾਣੀਆਂ ਰਾਹੀਂ ਆਰੰਭ ਕਰ ਦਿੱਤੀ। ਛੇ ਰੁੱਤਾਂ ਦੁਆਰਾ ਮਾਨੋਂ ਇਨਸਾਨੀ ਦੇਹ ਪੰਜ ਤੱਤਾਂ ਤੋਂ ਬਣੀ ਹੈ ਅਤੇ ਇੱਕ ਪ੍ਰਮਾਤਮਾ ਦੀ ਸੱਤਾ (ਆਤਮਾ) ਦਾ ਨਿਵਾਸ ਹੈ। ਸ਼ੁਰੂਆਤੀ ਰੁੱਤ ਬਸੰਤ ਹੈ, ਅਖੀਰਲੀ ਰੁੱਤ ਪਤਝੜ ਹੈ। ਪੰਜਾਂ ਵਿੱਚ ਇੱਕ ਜੋੜ ਦਈਏ ਤਾਂ ਛੇ ਬਣ ਜਾਂਦੇ ਹਨ। ਜਿਵੇਂ ਪਹਿਲੀ ਰੁੱਤ ਬਸੰਤ ਹੈ, ਜਿਸਨੇ ਪੰਜਾਂ ਤੱਤਾਂ ਵਾਲੇ ਸਰੀਰ ਵਿੱਚ ਪਹਿਲੇ ਪ੍ਰਭੂ ਨਾਮ ਨੂੰ ਸਥਾਨ ਦਿੱਤਾ ਹੈ। ਉਹਨਾਂ ਲਈ ਸੰਸਾਰ ਦਾ ਜੀਵਨ ਬਸੰਤ ਰੁੱਤ ਵਾਂਗ ਸਦਾ ਖਿੜਿਆ ਰਹਿੰਦਾ ਹੈ। ਜੇ ਪੰਜਾਂ ਤੱਤਾਂ ਵਾਲੇ ਸਰੀਰ ਦੇ ਭੋਗ ਪਦਾਰਥਾਂ ਦੀ ਕਾਮਨਾ ਪੂਰਤੀ ਲਈ ਇੱਕ ਪਭੂ ਨਾਲ ਜੁੜਿਆ ਜਾਏ ਤਾਂ ਵੀ ਪੱਤਝੜ ਵਾਂਗ ਸੰਸਾਰ ਦੇ ਪਦਾਰਥਾਂ ਦੀ ਨਾਸ਼ਮਾਨਤਾ ਵਿਖਾ ਕੇ ਪਰਮਾਤਮਾ ਆਪਣੇ ਨਾਲ ਜੋੜ ਲੈਂਦਾ ਹੈ। ਇਸੇ ਲਈ ਜੌਨ ਕੀਟਸ ਵਰਗੇ ਦਾਨਸ਼ਵਰਾਂ ਨੇ ਪੱਤਝੜ ਰੁੱਤ ਨੂੰ ਬਸੰਤ ਰੁੱਤ ਲਈ ਜੀ ਆਇਆਂ ਆਖਣ ਵਾਲੀ ਆਖਿਆ ਹੈ। ਇਸ ਰੁੱਤ ਵਿੱਚ ਅੰਗੂਰਾਂ ਦੇ ਫਲ ਪੱਕ ਜਾਂਦੇ ਹਨ। ਬਸੰਤ ਰੁੱਤ ਦੀ ਆਮਦ ਲਈ ਉਡੀਕ ਸ਼ੁਰੂ ਹੋ ਜਾਂਦੀ ਹੈ। ਪੰਜਵੀਂ ਰੁੱਤ ਵਿੱਚ ਕਵੀ ਸੰਤੋਖ ਸਿੰਘ



ਜੀ ਨੇ ਸਾਰੀ ਆਂਤਰਿਕ ਵੀਚਾਰ ਦਾ ਸਾਰ ਕਥਨ ਕੀਤਾ ਹੈ। ਸਭ ਤੋਂ ਵਿਸ਼ੇਸ ਗੱਲ ਇਹ ਸਾਰ ਆਤਮਾ ਦੇ ਕਥਨ ਲਈ ਵੇਦਾਂਤ ਵੀਚਾਰਧਾਰਾ ਅਧਾਰਿਤ ਹੈ। ਵੇਦਾਂਤ ਦੀ ਵੀਚਾਰਧਾਰਾ ਨੂੰ ਅੰਕਿਤ ਕਰਨ ਵਾਲੇ ਰਿਸ਼ੀ ਮੁਨੀ ਲੋਕ ਹਨ। ਵੇਦਾਂ ਨੂੰ ਪ੍ਰਭੂ ਕ੍ਰਿਤ ਮੰਨਿਆ ਜਾਂਦਾ ਹੈ। ਇਸ ਲਈ ਹੀ ਵੇਦ ਅਪੌਰਸ਼ ਆਖੇ ਜਾਂਦੇ ਹਨ। ਵੇਦਾਂ ਦੇ ਕਥਨ ਜਿਵੇਂ ਜਿਵੇਂ ਕਿਸੇ ਰਿਸ਼ੀ ਜਨ ਨੇ ਵੀਚਾਰੇ ਉਸੇ ਪ੍ਰਕਾਰ ਉਹਨਾਂ ਦੇ ਵਖਿਆਨ ਮਿਲਦੇ ਹਨ। ਅਨੰਤ ਸ਼ਾਸਤ੍ਰ ਇਸ ਗੱਲ ਦੀ ਗਵਾਹੀ ਹਨ। ਉਸ ਅਨੰਤ ਬੇਅੰਤ ਅਗਮ ਅਗੋਚਰ ਅਦਿਖ ਸ਼ਕਤੀ ਨੂੰ ਅਨੰਤ ਰੂਪਾਂ ਵਿਚ ਚਿੰਤਨ ਕੀਤਾ ਗਿਆ ਹੈ। ਕਵੀ ਸੰਤੋਖ ਸਿੰਘ ਜੀ ਦੀ ਭਾਵਨਾ ਤੋਂ ਬਲਿਹਾਰ ਬਲਿਹਾਰ... ਜਾਈਏ!!! ਜਿਹਨਾਂ ਨੇ ਆਪਣੇ ਸਤਿਗੁਰੂ ਜੀ ਨੂੰ ਉਸ ਅਨੰਤ ਬੇਅੰਤ ਪ੍ਰਭੂ ਰੂਪ ਸਮਝਦਿਆਂ ਸੰਸਾਰ ਅੰਦਰ ਗਿਆਨ ਕੋਟੀ ਦਾ ਵੀ ਅਧਾਰ ਸਮਝਾਉਣ ਲਈ ਗਿਆਨ ਕਾਂਡ ਦੀ ਵੀਚਾਰ ਅੰਕਿਤ ਕਰਨ ਵੇਲੇ ਸਤਿਗੁਰੂ ਜੀ ਵੱਲੋਂ ਇਹ ਵੀਚਾਰ ਅੰਕਿਤ ਨਹੀਂ ਕੀਤੀ।

ਉਹਨਾਂ ਦੇ ਪਰਮ ਪਿਆਰੇ ਭਾਈ ਦਇਆ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕਰਵਾਈ ਹੈ। ਭਾਈ ਦਇਆ ਸਿੰਘ ਜੀ ਸਤਿਗੁਰੂ ਜੀ ਵੱਲੋਂ ਲੱਗੇ ਹੁਕਮ ਅਨੁਸਾਰ ਸਭ ਤੋਂ ਪਹਿਲਾਂ ਸੀਸ ਭੇਂਟ ਕਰਨ ਵਾਲੇ ਸਨ। ਆਪ ਜੀ ਨੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕਰਦਿਆਂ ਆਤਮ ਗਿਆਨ ਹਸਤਾਮਲ ਵਤ ਪ੍ਰਾਪਤ ਕੀਤਾ ਹੋਇਆ ਹੈ। ਗੁਰੂ ਨਿਰਾਕਾਰ ਦਾ ਸਾਕਾਰ ਰੂਪ ਹਨ। ਪੰਜ ਪਿਆਰੇ ਸਾਹਿਬਾਨ ਜਦੋਂ ਤਿਆਰ-ਬਰ-ਤਿਆਰ ਹੋ ਕੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸ਼ੁਸੋਭਿਤ ਹੁੰਦੇ ਹਨ; ਨਿਰਾਕਾਰ ਦਾ ਪੰਥ ਰੂਪ ਵਿੱਚ ਸਾਕਾਰ ਰੂਪ ਹਨ। ਇਸੇ ਲਈ ਭਾਈ ਸਾਹਿਬ ਗੁਰਦਾਸ ਜੀ ਨੇ ਆਖਿਆ ਹੈ, "***ਇਕੁ ਸਿਖੁ ਦੁਇ ਸਾਧੁ ਸੰਗ ਪੰਜੀਂ*** ਪਰਮੇਸਰੁ" ਜਦੋਂ ਪੰਜ ਪਿਆਰੇ ਸਾਹਿਬਾਨ ਦੀ ਸੇਵਾ ਨਿਭਾਉਣ ਵਾਲੇ ਆਪੋ ਆਪਣੀ ਸਰੀਰਕ ਕਾਰਜ-ਕੁਸ਼ਲਤਾ ਵਿੱਚ ਪ੍ਰਵਿਰਤ ਹੁੰਦੇ ਹਨ, ਉਹ ਗੁਰੂ ਜੀ ਦੇ ਖਾਲਸੇ ਹਨ। ਕੁਦਰਤਿ ਅੰਦਰ ਪ੍ਰਮਾਤਮਾ ਦਾ ਪੂਰਨ ਮਨੁੱਖ ਖਾਲਸਾ ਹੈ। ਇਸ ਲਈ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਪੂਰਨ ਮਨੁੱਖ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਦੁਲਾਰੇ ਭਾਈ ਦਇਆ ਸਿੰਘ ਜੀ ਦੀ ਰਸਨਾ ਤੋਂ ਆਤਮ ਵਿਵੇਚਨ ਗਿਆਨ ਦੁਨੀਆਂ ਨਾਲ ਸਾਂਝਾ ਕੀਤਾ ਹੈ। ਆਪਣੀ ਪ੍ਰਾਪਤ ਕੀਤੀ ਹੋਈ ਵਿੱਦਿਆ ਨੂੰ ਗੁਰੂ ਪੰਥ ਦੀ ਝੋਲੀ ਵਿੱਚ ਪਾ ਦਿੱਤਾ। ਵਿੱਦਿਆ ਦਾ ਲਾਹਾ ਪ੍ਰਾਪਤ ਕਰਨ ਵਾਲੇ ਗੁਰਸਿੱਖਾਂ ਲਈ ਮਹਾਨ ਵਿਰਾਸਤ ਦਿੱਤੀ ਹੈ। ਜਿਹਨਾਂ ਗ੍ਰੰਥਾਂ ਨੂੰ ਅਸੀਂ ਬ੍ਰਹਮਣਵਾਦ ਦਾ ਪੁਲੰਦਾ ਕਹਿੰਦੇ ਹਾਂ ਉਸ ਦੁਆਰਾ ਆਪਣੇ ਗੁਰੂ

ਸਾਹਿਬਾਨ ਜੀ ਦੀ ਵਡਿਆਈ ਨੂੰ ਦੁਨੀਆ ਦੇ ਸਾਹਮਣੇ ਮਹਾਨਤਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਸਾਡਾ ਨੈਤਿਕ ਫਰਜ਼ ਹੈ।

ਗੁਰੂ ਕਾਲ ਤੋਂ ਲੈ ਕੇ ਨੇਮੀ-ਪ੍ਰੇਮੀ ਗੁਰਸਿੱਖਾਂ ਨੂੰ ਗੁਰੂ ਸਾਹਿਬ ਜੀ ਦੀਆਂ ਕਥਾ ਕਹਾਣੀਆਂ ਸੁਨਣ ਦਾ ਬਹੁਤ ਚਾਉ ਹੁੰਦਾ ਹੈ। ਗੁਰੂ ਚਰਨਾਂ ਦਾ ਹੁਲਾਸ ਨਵੀਂ ਜਿੰਦਗੀ ਵਿੱਚ ਸ਼ਰਧਾ ਸਥਾਪਿਤ ਕਰ ਦਿੰਦਾ ਹੈ। ਕਵੀ ਜੀ ਨੇ ਪੂਰਾ 'ਗਿਆਨ ਧਿਆਨ' ਵਿਧਾਨ ਰਾਂਹੀ ਦਸ ਗੁਰੂ ਸਾਹਿਬਾਨ ਜੀ ਦਾ ਇਤਹਾਸ ਦਸ ਅਧਿਆਵਾਂ ਵਿੱਚ ਅੰਕਿਤ ਕੀਤਾ ਹੈ। ਗਣਿਤਕ ਵਿੱਦਿਆ ਵਿੱਚ ੧੦ ਨੂੰ ਦੋ ਅਖੱਰਾਂ ਵਾਲਿਆਂ ਵਿੱਚੋਂ ਸਭ ਤੋਂ ਛੋਟਾ ਜਾਣਿਆ ਜਾਂਦਾ ਹੈ। ਜਿਸ ਨੇ ਭੀ ਤਰੱਕੀ ਕੀਤੀ ਛੋਟਾ ਹੋ ਕੇ ਹੀ ਕੀਤੀ ਹੈ। ਪੰਜਵੀਂ ਰੁੱਤ ਦੇ ਭਾਵ ਅਰਥ ਲਿਖਣ ਲਈ ਬਾਲਾ ਪ੍ਰੀਤਮ ਗੋਬਿੰਦ ਸਿੰਘ ਜੀ ਨੇ ਆਪਣੇ ਤਖਤ 'ਸ਼੍ਰੀ ਹਰਮੰਦਰ ਜੀ ਪਟਨਾ ਸਾਹਿਬ' ਦੇ ਜਥੇਦਾਰ ਸਿੰਘ ਸਾਹਿਬ ਇਕਬਾਲ ਸਿੰਘ ਜੀ ਦੀ ਪ੍ਰੇਰਣਾ ਕਰਕੇ ਇਸ ਅਰਥ ਲਿਖਣ ਦੀ ਸੇਵਾ ਸ਼ੁਰੂ ਹੋਈ। ਭਾਈ ਅਨਭੋਲ ਸਿੰਘ ਦੀਵਾਨਾ ਐਡੀਟਰ 'ਸਚ ਕੀ ਬੇਲਾ' ਦੀ ਮਿਹਨਤ ਕਾਬਲੇ-ਜ਼ਿਕਰ ਹੈ, ਜਿਹਨਾਂ ਨੇ ਸਮੇਂ ਸਮੇਂ ਸਿਰ ਯੋਗ ਵਿੱਦਿਅਕ ਸਹਿਯੋਗ ਦਿੱਤਾ। ਭਾਈ ਅਜੀਤ ਸਿੰਘ (ਐੱਮ. ਏ,), ਭਾਈ ਅਰਸ਼ਦੀਪ ਸਿੰਘ ਖੋਸਾ ਪਾਂਡੋਂ (ਬੀ. ਐੱਸ. ਸੀ.-੧), ਬੀਬੀ ਰਾਜਵਿੰਦਰ ਕੌਰ (ਐੱਮ. ਏ.) ਅਤੇ ਜਸਕਰਨ ਸਿੰਘ (+੨) ਨੇ ਕਾਫੀ-ਕਾਫੀ ਸਮਾਂ ਪਰੂਫ ਰੀਡਿੰਗ ਕੀਤੀ। ਭਾਈ ਬਲਜਿੰਦਰ ਸਿੰਘ ਜੀ ਨੇ ਕੰਪੋਜਿੰਗ ਦਾ ਕੰਮ ਪੂਰਾ ਕੀਤਾ।

ਗੁਰੂ ਸਾਹਿਬ ਜੀ ਆਪਣੇ ਪੰਥ ਅੰਦਰ ਸੁਭਾਇਮਾਨ ਹੋ ਕੇ ਸਮੁੱਚੀ ਸਿੱਖ-ਕੌਮ ਦੁਆਰਾ ਜਨ-ਮਾਨਸ ਲਈ ਪ੍ਰੇਮ ਸਾਧਨ ਹਨ। ਪੰਥ ਦੀਆਂ ਸਿਰਮੌਰ ਸੰਪ੍ਰਦਾਵਾਂ, ਦਲ-ਪੰਥ ਨਿਹੰਗ ਸਿੰਘਾਂ, ਟਕਸਾਲਾਂ, ਭਿੰਡਰਾਂ ਸੰਪ੍ਰਦਾਇ, ਉਦਾਸੀ ਸੰਪ੍ਰਦਾਇ, ਨਿਰਮਲ ਸੰਪ੍ਰਦਾਇ, ਸੇਵਾ ਪੰਥੀ, ਰਾੜਾ ਸਾਹਿਬ ਤੇ ਬਾਬਾ ਸਰਬਜੋਤ ਸਿੰਘ ਜੀ ੧੭ਵੀਂ ਅੰਸ਼-ਵੰਸ਼ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਦੀਆਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਮਿਲਿਆ ਹੋਇਆ ਪਿਆਰ ਨਿਮਾਣੇ ਦਾਸ ਲਈ ਅਥਾਹ ਸ਼ਬਦਾਵਲੀ ਦਾ ਭੰਡਾਰ ਬਣਿਆ। ਅੰਤ ਵਿੱਚ ਮੈਂ ਸਾਰੇ ਪੰਥ ਦਾ ਬਹੁਤ ਅਭਾਰੀ ਹਾਂ, ਜਿਹਨਾਂ ਨੇ ਸਹਿਯੋਗ ਦੇਕੇ ਇਸ ਕਿਤਾਬ ਨੂੰ ਪੂਰਾ ਕਰਨ ਵਿਚ ਅਸੀਸਾਂ ਦਿੱਤੀਆਂ ਹਨ।



## ਅਧਿਆਇ ਪਹਿਲਾ (ਅੰਸ਼ੂ ਇਕਤਾਲ੍ਹੀਵਾਂ)
## ਭਾਈ ਦਇਆ ਸਿੰਘ ਵੱਲੋਂ ਕਰਮ ਨਿਰਣੇ

**ਦੋਹਰਾ - ਨਿਤ ਪ੍ਰਤਿ ਬੈਠਹਿਂ ਸਿੰਘ ਢਿਗ, ਰਹਿਣੀ ਰਹਿਤ ਬਤਾਇ॥**
**ਭਗਤ ਗਯਾਨ ਕੀ ਬਾਰਤਾ, ਸੁਨਹਿਂ ਸਦਾ ਚਿਤ ਲਾਇ॥ ੧॥**

**ਅਰਥ** - ਕਵੀ ਜੀ ਆਖਦੇ ਹਨ, ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਹਰ ਰੋਜ ਸਿੰਘ ਸਜ ਬੈਠਦੇ ਹਨ। ਸਤਿਗੁਰੂ ਜੀ, ਸਿੰਘ (ਖਾਲਸੇ) ਦੀ ਰਹਿਣ ਸਹਿਣ ਦੀ ਰਹਿਤ ਦੱਸਦੇ ਹਨ। ਜਿਸ ਵਿੱਚ ਭਗਤੀ ਤੇ ਗਿਆਨ ਦੀ ਵਾਰਤਾ ਚਲਦੀ ਹੈ। ਸਿੰਘ ਸਦਾ ਹੀ ਚਿਤ ਲਾ ਕੇ ਸੁਣਦੇ ਹਨ।

**ਭਾਵਾਰਥ** - ਆਮ ਤੌਰ ਉਪਰ ਅਸੀਂ ਰਹਿਤ ਸ਼ਬਦ ਨੂੰ ਬਹੁਤ ਹੀ ਕਠਿਨ ਰੂਪ ਵਿੱਚ ਸਮਝਦੇ ਹਾਂ। ਆਮ ਰਾਇ ਇਹ ਹੁੰਦੀ ਹੈ, ਕੀ ਕਰੀਏ ਅੰਮ੍ਰਿਤ ਦੀ ਰਹਿਤ ਬਹੁਤ ਕਰੜੀ ਹੈ? ਅਸੀਂ ਇਹ ਗੱਲ ਭੁਲ ਹੀ ਜਾਂਦੇ ਹਾਂ। ਅੰਮ੍ਰਿਤ ਨੇ ਤਾਂ ਸਾਡੇ ਜੀਵਨ ਦੀ ਇਸ ਸਰੀਰ ਹੁੰਦਿਆਂ ਤੇ ਸਰੀਰ (ਸਥੂਲ) ਦੀ ਹੋਂਦ ਨਸ਼ਟ ਹੋਣ ਤੋਂ ਬਾਅਦ ਵੀ ਰੱਖਿਆ ਕਰਨੀ ਹੈ। ਅੰਮ੍ਰਿਤਧਾਰੀ ਸਿੱਖ ਲਈ ਸਭ ਤੋਂ ਪਹਿਲਾਂ ਸਰੀਰ ਦੀ ਬਾਹਰੀ ਰਹਿਤ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਸਮਝ ਕੇ ਧਾਰਨ ਕਰਨੀ ਹੈ। ਇਸ ਰਹਿਤ ਦਾ ਉਪਕਾਰ ਇਹ ਹੈ, ਕਿ ਇਸ ਨਾਲ ਅੰਤਰੀਵ ਰਹਿਤ ਦਾ ਟਿਕਾ (ਵਸਣਾ) ਹੋਣਾ ਸ਼ੁਰੂ ਹੋ ਜਾਂਦਾ ਹੈ। ਬਾਹਰਲੀ ਰਹਿਤ ਨਿਤ ਦਿਨ ਧਾਰਮਿਕ ਕਿਰਿਆਵਾਂ ਦੀ ਸੂਚਕ ਹੈ। ਜਿਹੜੀਆਂ ਧਾਰਮਿਕ ਕਿਰਿਆਵਾਂ ਦਾ ਚੰਗੀ ਬੁੱਧੀ ਉੱਪਰ ਸੁਭ ਪ੍ਰਭਾਵ ਇੱਕ ਰਸ ਪੈਂਦਾ ਰਹਿੰਦਾ ਹੈ। ਜਿਸ ਕਰਕੇ ਮਨ ਤੇ ਬੁਧਿ ਚੰਗੇ ਗੁਣ ਧਾਰਨ ਕਰਨ ਲੱਗ ਪੈਂਦੇ ਹਨ। ਮਨ ਦੀ ਹਾਲਤ ਚਿੱਤ ਵਾਲੀ ਹੋ ਜਾਂਦੀ ਹੈ। ਮਨ ਟਿਕਾ ਵਿੱਚ ਹੋ ਕੇ ਕਿਸੇ ਵੀ ਵਿਚਾਰ ਨੂੰ ਸੁਣਨ ਲੱਗ ਪਵੇ ਤਾਂ ਚਿਤ ਲੱਗਣਾ ਆਖਦੇ ਹਨ। ਅਸੀਂ ਕਹਿੰਦੇ ਹਾਂ; ਅੱਜ ਮੇਰਾ ਸ਼ਬਦ ਸੁਣਦਿਆਂ ਬਹੁਤ ਹੀ ਚਿੱਤ ਲੱਗਾ ਹੋਇਆ

ਸੀ? ਸਤਿਗੁਰੂ ਜੀ ਦੇ ਸਿੱਖ ਚਿੱਤ ਲਗਾ ਕੇ ਭਗਤੀ ਤੇ ਗਿਆਨ ਨੂੰ ਸੁਣਦੇ ਹਨ। ਭਗਤੀ, ਮਨੁੱਖ ਨੂੰ ਲਗਨ ਪ੍ਰਦਾਨ ਕਰਦੀ ਹੈ। ਗਿਆਨ ਮਨੁੱਖ ਦੇ ਅੰਦਰ ਵਿਕਾਰਾਂ ਨੂੰ ਤਿਆਗਣ ਲਈ ਤੇ ਸ਼ੁਭ ਗੁਣ ਗ੍ਰਹਿਣ ਕਰਨ ਲਈ ਚੇਤਨਾ ਪ੍ਰਦਾਨ ਕਰਦਾ ਹੈ।

**ਚੌਪਈ - ਸਭਿ ਸਿੱਖਨਿ ਬੂਝੇ ਕਰ ਜੋਰਿ॥ 'ਪ੍ਰਾਨੀ ਕਰਮ ਬੰਧ ਪਰ ਘੋਰ॥**
**ਤਿਨ ਕੋ ਨਿਰਨਾ ਕਰਹੁ ਸੁਨਾਵਨ॥ ਜਿਸ ਕੇ ਜਾਨਹਿ ਕਰਹਿ ਬਚਾਵਨ'॥ ੨॥**

**ਅਰਥ** - ਸਾਰੇ ਸਿੱਖਾਂ ਨੇ ਹੱਥ ਜੋੜ ਕੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ, ਹੇ ਮਹਾਰਾਜ! ਪ੍ਰਾਣੀ ਭਿਆਨਕ ਕਰਮਾਂ ਦੇ ਬੰਧਨਾਂ ਵਿੱਚ (ਪਰ) ਪਿਆ ਹੋਇਆ ਹੈ। ਇਹਨਾਂ ਕਰਮਾਂ ਦੇ ਬੰਧਨਾਂ ਦਾ ਨਿਰਣਾ ਕਰਕੇ ਸੁਣਾਉਣਾ ਕਰੋ। ਜਿਹਨਾਂ ਕਰਮਾਂ ਨੂੰ ਸਮਝ ਕੇ ਪ੍ਰਾਨੀ ਆਪਣੇ ਆਪ ਨੂੰ ਬਚਾਉਣਾ ਕਰੇ।

**ਭਾਵਾਰਥ** - ਕਰਮਾਂ ਦੀ ਫਲਾਸਫੀ ਬਹੁਤ ਹੀ ਡੂੰਘੀ ਹੈ। ਜਦੋਂ ਕਰਮ ਕਰਨ ਦੀ ਵਿਧੀ ਨੂੰ ਦੇਖਦੇ ਹਾਂ। ਤਾਂ ਇਹ ਕਰਮ ਕਰਨ ਲਈ ਹੱਥ ਪੈਰ ਆਦਿਕ ਕਿਰਿਆਵਾਨ ਹੁੰਦੇ ਹਨ। ਇਸੇ ਲਈ ਇਹਨਾਂ ਨੂੰ ਪੰਜ ਕਰਮ ਇੰਦ੍ਰੇ ਆਖਿਆ ਜਾਂਦਾ ਹੈ। ਇਹ ਉਤਨਾਂ ਚਿਰ ਕਰਮ ਕਰਨ ਲਈ ਉਤਸ਼ਾਹਿਤ ਨਹੀਂ ਹੁੰਦੇ, ਜਿਤਨਾ ਚਿਰ ਗਿਆਨ ਇੰਦ੍ਰੇ ਸਾਥ ਨਾ ਦੇਣ। ਇਹ ਗਿਆਨ ਇੰਦ੍ਰੇ ਤੇ ਕਰਮ ਇੰਦ੍ਰੇ ਤਾਂ ਹੀ ਕਰਮ ਕਰਨ ਦੇ ਯੋਗ ਹੁੰਦੇ ਹਨ। ਜੇ ਕਰਕੇ ਸਰੀਰ ਵਿੱਚ ਪ੍ਰਾਣ ਚਲਦੇ ਹੋਣ। ਇਸ ਲਈ ਇੱਥੇ ਮਨੁੱਖ ਦੇ ਅੰਦਰਲੇ ਜੀਵ ਨੂੰ ਪ੍ਰਾਣੀ ਸ਼ਬਦ ਨਾਲ ਸੰਬੋਧਨ ਕੀਤਾ ਹੈ। ਇਹ ਵੀਚਾਰ ਸਾਡੇ ਆਮ ਜਨ-ਜੀਵਨ ਵਿਚ ਵੇਖੀ ਜਾਂਦੀ ਹੈ। ਜੇ ਮਨੁੱਖ ਚੋਰੀ ਦਾ ਕਰਮ ਕਰਦਾ ਹੈ, ਤਾਂ ਉਸ ਦਾ ਅੰਦਰ ਹਮੇਸ਼ਾ ਡਰਦਾ ਰਹਿੰਦਾ ਹੈ। ਇਸੇ ਲਈ ਅਖਾਣ ਬੋਲਿਆ ਜਾਂਦਾ ਹੈ, "ਚੋਰ ਦੀ ਦਾੜ੍ਹੀ ਵਿਚ ਤਿਨਕਾ" ਚੰਗੇ ਕਰਮ ਕਰਕੇ ਸਾਡੇ ਅੰਦਰ ਸਹਿਜ ਹੀ ਅਹੰਕਾਰ ਆ ਜਾਂਦਾ ਹੈ। ਜੇ ਕਿਸੇ ਨਾਲ ਲੜਾਈ ਝਗੜਾ ਹੋ ਜਾਏ ਤਾਂ ਸਾਡੇ ਸਰੀਰ ਦਾ ਖੂਨ ਖੌਲਣ ਲੱਗ ਜਾਂਦਾ ਹੈ। ਇਹ ਕਰਮਾਂ ਦਾ ਪ੍ਰਭਾਵ ਅਸੀਂ ਨਿੱਤ ਦਿਨ ਆਪਣੇ ਜਨ-ਜੀਵਨ ਵਿੱਚ ਵੇਖਦੇ ਹਾਂ। ਉਹ ਕਰਮ ਜਿਹਨਾਂ ਨਾਲ ਪ੍ਰਾਣੀ ਦਾ ਯਤਨ ਸਾਰਥਕ ਹੋਵੇ ਉਹਨਾਂ ਬਾਬਤ ਗੁਰਸਿੱਖਾਂ ਨੇ ਬੇਨਤੀ ਕਰਕੇ ਪੁੱਛਿਆ ਹੈ।

**ਸ਼੍ਰੀ ਮੁਖ ਤੇ ਸਭਿਹੂੰਨ ਉਚਾਰਾ॥ 'ਦਇਆ ਸਿੰਘ ਮਮ ਰੂਪ ਉਦਾਰਾ॥**
**ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ। ਉੱਤਰ ਕਹੈ ਸਕਲ ਹੀ ਸੋਇ॥ ੩॥**

**ਅਰਥ** - ਕਵੀ ਜੀ ਆਖਦੇ ਹਨ; ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ



ਸੁਭਾਇਮਾਨ ਮੁਖਾਰਬਿੰਦ ਤੋਂ ਸਾਰੇ ਸਿੰਘਾਂ ਨੂੰ ਆਖਿਆ, "ਭਾਈ ਦਇਆ ਸਿੰਘ ਜੀ ਸਾਡਾ ਹੀ ਉੱਤਮ ਸਰੂਪ ਹੈ। ਜਿਤਨੀ ਤੁਹਾਡੀ ਇੱਛਾ ਹੋਵੇ, ਤੁਸੀਂ ਇਹਨਾਂ ਕੋਲ ਸਵਾਲ ਕਰੋ। ਤੁਹਾਨੂੰ ਸਾਰੇ ਸਵਾਲਾ ਦੇ ਉੱਤਰ ਮਿਲ ਜਾਣਗੇ।" ਇਹ ਸਾਰੇ ਉੱਤਰ (ਸੋਇ) ਭਾਈ ਦਇਆ ਸਿੰਘ ਜੀ ਹੀ ਦੱਸਣਗੇ।

**ਭਾਵਾਰਥ** - ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੇ ਪ੍ਰਸ਼ਨ ਨੂੰ ਸੁਣ ਕੇ ਉੱਤਰ ਦਿੱਤਾ ਹੈ। ਕੈਸਾ ਸੁੰਦਰ ਨਕਸ਼ਾ ਬੰਨ੍ਹਿਆ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਜਿਹਨਾਂ ਨੇ ਸ਼ਬਦ ਸਰੂਪ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਸੌਂਪ ਦੇਣੀ ਹੈ। ਗੁਰੂ ਗ੍ਰੰਥ ਸਾਹਿਬ ਜੀ ਹੋਣਗੇ, ਗੁਰੂ ਕੇ ਸਿਧਾਂਤ ਨੂੰ ਰਹਿਣੀ ਤੇ ਕਹਿਣੀ ਰੂਪ ਵਿੱਚ ਦੁਨੀਆਂ ਦੇ ਸਾਹਮਣੇ ਪੇਸ਼ਕਾਰੀ ਕਰਨ ਲਈ ਪੰਥ ਵੀ ਗੁਰੂ ਹੁਕਮ ਦਾ ਹੀ ਧਾਰਨੀ ਹੋਣਾ ਚਾਹੀਦਾ ਹੈ। ਹੁਕਮ ਮੰਨਣ ਵਾਲੇ ਦਾ ਸਰੂਪ ਹਨ, ਭਾਈ ਦਇਆ ਸਿੰਘ ਜੀ। ਜਿਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਉੱਤਮ ਰੂਪ ਬਣਾ ਦਿੱਤਾ ਹੈ। ਇਹਨਾਂ ਪੰਜਾਂ ਨੂੰ ਆਪਣਾ ਸਰੂਪ ਬਖਸ਼ ਕੇ ਪੰਜਾਂ ਦੀ ਪ੍ਰਧਾਨਤਾ ਕੌਮੀ ਰੂਪ ਵਿੱਚ ਚਮਕੌਰ ਸਾਹਿਬ ਵਿਖੇ ਸਥਾਪਿਤ ਕਰ ਦੇਣੀ ਹੈ। ਹੁਕਮ ਦਾ ਧਾਰਨੀ, ਆਤਮਾ ਤੇ ਸਰੀਰ ਦੇ ਸੁੰਦਰ ਸੁਮੇਲ ਵਾਲਾ ਹੁੰਦਾ ਹੈ। ਉਸ ਦਾ ਹਰ ਕਰਤੱਬ ਸਵਾਰਥ ਤੋਂ ਰਹਿਤ ਪਰਉਪਕਾਰ ਵਾਲਾ ਹੁੰਦਾ ਹੈ। ਉਹ ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਸਮਰੱਥਾ ਆਪਣੇ ਆਂਤਰਿਕ ਬਲ ਤੋਂ ਹੀ ਹਾਸਲ ਕਰਦਾ ਹੈ। ਇਸ ਲਈ ਭਾਈ ਦਇਆ ਸਿੰਘ ਜੀ ਆਤਮ ਵਿਚਾਰ ਦਾ ਨਿਰਣਾ, ਸਾਰੇ ਸਦ ਗ੍ਰੰਥਾਂ ਦਾ ਨਿਚੋੜ ਕਹਿਣ ਲਈ ਤਿਆਰ ਹੋਏ ਹਨ। ਇਹ ਗੁਰੂ ਸਾਹਿਬ ਜੀ ਦਾ ਹੁਕਮ ਹੈ।

**ਇਮ ਕਹਿ ਕੈ ਗੁਰ ਅੰਤਰ ਗਏ। ਅਪਰ ਸਰਬ ਤਹਿਂ ਬੈਠਿਤ ਭਏ।**
**ਨਿਰਨੈ ਕਰਨ ਬਿਖੇ ਚਿਤ ਦਯੋ। ਦਯਾ ਸਿੰਘ ਤਬਿ ਬੋਲਤਿ ਭਯੋ ॥ ੪॥**

**ਅਰਥ** - ਇਸ ਪ੍ਰਕਾਰ ਬਚਨ ਕਰਕੇ ਸਤਿਗੁਰੂ ਜੀ ਮਹਿਲਾਂ ਵਿਚ ਚਲੇ ਗਏ ਹਨ। ਬਾਕੀ ਸਾਰੇ ਸਿੰਘ ਉਸੇ ਥਾਂ ਤੇ ਸਜ ਗਏ ਹਨ। ਆਪਣੇ ਸੰਕਿਆਂ ਦੀ ਨਿਵਰਤੀ ਕਰਨ ਲਈ ਇਕਾਗਰ ਹੋ ਗਏ ਹਨ। ਭਾਈ ਦਇਆ ਸਿੰਘ ਜੀ ਤਦੋਂ ਆਖਣ ਲੱਗੇ ਹਨ।

**ਭਾਵਾਰਥ** - ਸਤਿਗੁਰੂ ਜੀ ਨੇ ਭਾਈ ਦਇਆ ਸਿੰਘ ਜੀ ਨੂੰ ਆਪਣਾ ਉੱਤਮ ਸਰੂਪ ਆਖਿਆ ਹੈ। ਗੁਰੂ ਕਾ ਤਿਆਰ-ਬਰ-ਤਿਆਰ ਖਾਲਸਾ 'ਉੱਤਮ ਮਨੁੱਖ' ਦਾ ਸਰਵ ਸ੍ਰੇਸਿਟ ਸਰੂਪ ਹੈ। ਧਰਤੀ ਉੱਪਰ ਪਰਮਾਤਮਾ ਦਾ ਦੂਸਰਾ ਰੂਪ ਉੱਤਮ ਮਨੁੱਖ

ਹੀ ਹੈ। ਜਿਸ ਦੁਆਰਾ ਪ੍ਰਮਾਤਮਾ ਦੇ ਸ਼ੁਭ ਗੁਣਾ ਦੀ ਲੁਕਾਈ ਨੂੰ ਸਮਝ ਪੈਂਦੀ ਹੈ। ਉੱਤਮ ਮਨੁੱਖ ਦੇ ਗੁਣਾਂ ਨੂੰ ਸਾਰਕੁਤਾਵਲੀ ਦੇ ਕਰਤਾ ਨੇ ਬਹੁਤ ਹੀ ਸੁੰਦਰ ਢੰਗ ਨਾਲ ਅੰਕਿਤ ਕੀਤਾ ਹੈ।

"***ਅਤਿ ਵਾਕ ਪਵਿੱਤਰ ਯਥਾਰਥ ਸੁੰਦਰ ਸੋਧਿ ਰਿਦੇ ਸਭਹੂੰ ਕੋ ਰਰੇ॥ ਬੁਧਿ ਸੋਂ ਲਖਿ ਕੈ ਸਤ ਵਸੁਤ ਭਲੇ ਪੁਰਖੋਤਮ ਲਖਨ ਏ ਉਚਰੇ॥- ਧਨਵਾਨ ਖਿਮਾ ਧ੍ਰਿਤ ਜਵਾਨ ਤਪੀ ਸ੍ਰੁਤਿ ਮੌਨ ਕੁਵਾਕ ਨਿਜੈ ਜਸੁ ਤੇ॥ ਪਰ ਕਾਮ ਕਰੇ ਸੈਵ ਧਰੇ ਧਰਮਾ ਕਰਿ ਹੈ ਕਰੁਣਾ ਬ੍ਰਿਧ ਤੇ ਪਸੁ ਤੇ॥ ਪਰ ਖੇਦ ਸਹੇ, ਨ ਸਹੇ ਪਰ ਖੇਦ ਯਥਾ ਸੁਖ ਮੋਦ ਅਘੈ ਤ੍ਰਸਤੇ॥" ਸਾਰੁਕੁਤਾਵਲੀ ਅਧਿਆਇ ੪)***

ਐਸੇ ਸੁੰਦਰ ਗੁਣਾਂ ਦਾ ਵਖਿਆਨ ਕਰਨਾ ਹੋਵੇ ਕਾਫੀ ਲੰਮੇਰਾ ਵਿਸ਼ਾ ਹੋ ਜਾਇਗਾ। ਸ਼ੰਕਿਆਂ ਦੇ ਸਮਾਧਾਨ ਕਰਨ ਵਾਲੇ ਭਾਈ ਦਇਆ ਸਿੰਘ ਜੀ ਗੁਰੂ ਕਿਰਪਾ ਸਦਕਾ ਤਿਆਰ ਬੈਠੇ ਹਨ। ਬਾਕੀ ਸਿੰਘ ਆਪਣੇ ਆਪਣੇ ਸੁਆਲ (ਪ੍ਰਸ਼ਨ) ਕਰਕੇ ਆਪਣੀ ਤਸੱਲੀ ਹਾਸਿਲ ਕਰਨ ਵਾਸਤੇ ਬੈਠ ਗਏ ਹਨ। ਇਹ ਵੀ ਗੁਰੂ ਸਾਹਿਬ ਜੀ ਦੀ ਬਖਸ਼ਿਸ ਹੈ। ਜਿਸ ਦਰ ਨਾਲ ਜੁੜਨ ਵਾਲੇ ਆਪਣੇ ਸ਼ੰਕਾ-ਸਮਾਧਾਨ ਗੁਰਮੁਖਾਂ ਵਾਂਗ ਸਫਾ ਵਿਛਾ ਕੇ ਕਰਦੇ ਹਨ। ਸੰਸਾਰ ਦੀ ਦਸ਼ਾ ਨੂੰ ਅੰਕਿਤ ਕਰਦਿਆਂ ਸਿਆਣਿਆ ਨੇ ਆਖਿਆ ਹੈ, "***ਅਰਥੀ ਪ੍ਰਸ਼ਨੀ ਜਗਤ ਮੈਂ ਸੁਲਭ ਅਗਾਰ ਅਗਾਰ॥ ਦਾਤਾ ਉਤੱਰਵੰਤ ਦਵੈ ਦੁਰਲਭ ਵਿਚ ਸੰਸਾਰ॥***" ਮੰਗਣ ਵਾਲੇ ਤੇ ਪ੍ਰਸ਼ਨ ਕਰਨ ਵਾਲੇ ਸੰਸਾਰ ਵਿੱਚ ਘਰ ਘਰ ਮਿਲ ਜਾਂਦੇ ਹਨ। ਦਾਨ ਕਰਨ ਵਾਲਾ ਦਾਤਾ ਤੇ ਸੁਆਲਾਂ ਦੇ ਯਥਾਰਥ ਉੱਤਰ ਦੇ ਕੇ ਸੰਤੁਸ਼ਟ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਯਥਾਰਥ ਉੱਤਰ ਵਿਸ਼ਾਲ ਗਿਆਨ ਦੇ ਅਨਭਵ ਵਾਲਾ ਹੀ ਦੇ ਸਕਦਾ ਹੈ। ਗਿਆਨ ਦੀ ਵਿਸ਼ਾਲਤਾ ਵਿਸ਼ਾਲ ਪ੍ਰਮਾਤਮਾ ਦੇ ਸਾਕਾਰ ਸਰੂਪ ਸਤਿਗੁਰੂ ਜੀ ਪਾਸ ਹੀ ਹੈ।

**'ਸਰਬ ਪ੍ਰਕਾਰ ਗੁਰੂ ਸਰਬੱਗਯ। ਹਮ ਤਿਨ ਅੱਗ੍ਰ ਕਹਾਂ ਅਲਪੱਗਯ।**
**ਤਿਮ ਬੋਲੈਂ ਮੈਂ ਜਥਾ ਬੁਲਾਵੈਂ। ਨਰ ਪੁਤਲੀ ਕੋ ਜਥਾ ਨਚਾਵੈਂ॥ ੫॥**

**ਅਰਥ** - ਭਾਈ ਦਇਆ ਸਿੰਘ ਜੀ ਆਖਦੇ ਹਨ, "ਸਤਿਗੁਰੂ ਜੀ ਸਰਬ ਤਰਾਂ ਨਾਲ ਸਮਰੱਥਾਵਾਨ ਹਨ। ਅਸੀਂ ਵਿਚਾਰੇ ਸਤਿਗੁਰੂ ਜੀ ਦੇ ਅੱਗੇ ਵਿਚਾਰੇ ਕੀ ਹਾਂ। ਅਸੀਂ ਉਸੇ ਪ੍ਰਕਾਰ ਬੋਲ ਸਕਦੇ ਹਾਂ, ਜਿਵੇਂ ਸਤਿਗੁਰੂ ਜੀ ਬੁਲਵਾ ਲੈਣ। ਇਹ ਹਾਲਤ ਇਸ ਪ੍ਰਕਾਰ ਹੈ; ਜਿਵੇਂ ਕੋਈ ਪੁਤਲੀਆਂ ਦੇ ਨਾਚ ਨਚਾਉਣ ਵਾਲਾ ਪੁਤਲੀਆਂ ਨੂੰ ਅਨੇਕਾਂ ਤਰ੍ਹਾਂ ਦੇ ਨਾਚ ਕਰਨ ਲਈ ਪ੍ਰੇਰਿਤ ਕਰਦਾ ਹੈ।"



**ਭਾਵਾਰਥ** - ਗਿਆਨਵਾਨ ਦੇ ਮਨ ਬੁੱਧ ਵਿੱਚ ਮਨੁੱਖੀ ਸਰੀਰ ਦੀ ਹਾਲਤ ਇੱਕ ਕੱਪੜਿਆਂ ਦੀ ਬਣੀ ਪੁਤਲੀ ਵਾਂਗ ਹੈ। ਫਰਕ ਸਿਰਫ ਇਤਨਾ ਹੈ; ਉਹ ਕੱਪੜਾ ਕਪਾਹ ਆਦਿ ਤੋਂ ਬਣਿਆ ਹੋਇਆ ਹੈ। ਸਰੀਰ ਦਾ ਕੱਪੜਾ ਕਪਾਹ ਦੇ ਨਾਲ ਹੀ ਖਾਣ ਯੋਗ ਪਦਾਰਥਾਂ ਤੋਂ ਬੁਣਿਆ ਹੋਇਆ ਹੈ। ਪੁਤਲੀ ਨੂੰ ਬਣਾਉਣ ਵਾਲਾ, ਤਾਰਾਂ ਆਦਿਕ ਨਾਲ ਨਚਾਉਣ ਲਈ ਯੋਗ ਹਸਤੀਆਂ ਤੇ ਰੂਪ ਤਿਆਰ ਕਰਦਾ ਹੈ। ਗੁਰੂ ਸਾਹਿਬਾਨ ਜੀ ਵੀ ਆਪਣਾ ਪਰਉਪਕਾਰ ਕਰਕੇ ਸਰੀਰ ਪੁਤਲੀ ਨੂੰ ਹਸਤੀ ਤੇ ਗੁਣਾਂ ਦੇ ਰੂਪ ਨਾਲ ਤਿਆਰ ਕਰਦੇ ਹਨ ਤੇ ਚੰਗੇ ਗੁਣਾ ਦਾ ਰੂਪ ਬਣਾ ਦਿੰਦੇ ਹਨ। ਜਿਵੇਂ ਪੁਤਲੀਆਂ ਬਣਾਉਣ ਵਾਲਾ ਜਾਣਦਾ ਹੈ; ਕਿਸ ਪੁਤਲੀ ਦਾ ਰੋਲ ਕਦੋਂ ਕਰਨਾ ਹੈ। ਉਸੇ ਪ੍ਰਕਾਰ ਗੁਰੂ ਸਾਹਿਬ ਜੀ ਜਾਣਦੇ ਹਨ; ਕਿ ਕਿਸ ਗੁਣ ਦਾ ਮਨੁੱਖ ਪੁਤਲੀ ਤੋਂ ਕਦੋਂ ਰੋਲ ਕਰਵਾਉਣਾ ਹੈ। ਜਿਵੇਂ ਪੁਤਲੀ ਦੇ ਆਪਣੇ ਵਸ ਵਿੱਚ ਕੁੱਝ ਨਹੀਂ ਹੁੰਦਾ; ਇਸੇ ਪ੍ਰਕਾਰ ਮਨੁੱਖ ਦੇ ਵੱਸ ਵਿੱਚ ਕੁੱਝ ਵੀ ਨਹੀਂ ਹੈ।

**ਸੋਊ ਨਿਜ ਮੁਖ ਬੋਲਿ ਸੁਨਾਵਹਿਂ। ਲੋਕ ਲਖਹਿਂ ਪੁਤਲੀ ਸੁ ਅਲਾਵਹਿ।**
**ਪੂਰਬ ਸੁਨਹ ਕਰਮ ਕੀ ਗਾਥਾ। ਨਰਕ ਸੁਰਗ ਹੁਇ ਜਿਨ ਫਲ ਸਾਥਾ॥੬॥**

**ਅਰਥ** - ਉਹ ਪੁਤਲੀਆਂ ਨਚਾਉਣ ਵਾਲਾ ਹੀ ਪੁਤਲੀਆਂ ਤੋਂ ਨਾਟਕੀ ਕਿਰਿਆਵਾਂ ਕਰਵਾਉਂਦਾ ਹੈ। ਆਪ ਮੂੰਹ ਤੋਂ ਉਸੇ ਤਰ੍ਹਾਂ ਦੇ ਬੋਲ ਬੋਲਦਾ ਹੈ। ਲੋਕ ਜਾਣਦੇ ਹਨ; ਕਿ ਪੁਤਲੀ ਬੋਲ ਰਹੀ ਹੈ। ਹੁਣ ਸਭ ਤੋਂ ਪਹਿਲੇ ਕਰਮਾਂ ਦੀ ਵਿਚਾਰ ਸੁਣੋ। ਜਿਹਨਾਂ ਕਰਮਾਂ ਦਾ ਫਲ ਨਰਕ ਸੁਰਗ ਹੁੰਦਾ ਹੈ।

**ਭਾਵਾਰਥ** - ਕਵੀ ਸੰਤੋਖ ਸਿੰਘ ਜੀ ਭਾਈ ਦਯਾ ਸਿੰਘ ਜੀ ਦੇ ਮੁਖ ਤੋਂ ਬਚਨ ਆਖਵਾ ਕੇ ਸਿਖ ਦੀ ਗੁਰੂ ਸਾਹਿਬ ਜੀ ਪ੍ਰਤੀ ਅਨੰਨ ਨਿਸ਼ਠਾ ਦਾ ਸਰੂਪ ਦਰਸਾਉਂਦੇ ਹਨ। ਸਿਖ ਭਾਈ ਪਾਰੋ ਜੁਲਕਾ ਪਰਮਹੰਸ ਵਾਂਗ ਕੇਵਲ ਸਿੱਖੀ ਦੀ ਦਾਤ ਹੀ ਮੰਗਦੇ ਹਨ। (*ਭਾਈ ਪਾਰੋ ਜੁਲਕਾ ਜੀ ਗੁਰੂ ਅਮਰਦਾਸ ਜੀ ਦੇ ਪਰਮ ਪਿਆਰੇ ਸਿੱਖ ਸਨ। ਗੁਰੂ ਅਮਰਦਾਸ ਜੀ ਉਹਨਾਂ ਦੀ ਸਿੱਖੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਆਖਣ ਲੱਗੇ, "ਪੁਰਖਾਂ! ਅਸੀਂ ਚਾਹੁੰਦੇ ਹਾਂ, ਤੁਹਾਨੂੰ ਗੁਰਤਾ ਗੱਦੀ ਤੇ ਬਿਠਾ ਦਈਏ।" ਭਾਈ ਪਾਰੋ ਜੀ ਨੇ ਸਤਿਕਾਰ ਸਹਿਤ ਹੱਥ ਜੋੜ ਕੇ ਆਖਿਆ, "ਮਹਾਰਾਜ! ਕਿਰਪਾ ਕਰਕੇ ਸਿੱਖੀ ਦੀ ਦਾਤ ਹੀ ਬਖਸ਼ੋ। ਇਹ ਧੁਰੋਂ ਗੁਰੂ ਪਦਵੀ ਦੀ ਦਾਤ ਤਾਂ ਤੁਹਾਨੂੰ ਹੀ ਸੁਭਾਇਮਾਨ ਹੈ"* ***ਮਨ ਮੇਰੇ ਮਹਿਂ ਅਬ ਇਮ ਆਵੈ॥ ਗੁਰਤਾ ਗਾਦੀ ਤੋਹਿ ਬਿਠਾਂਵੈਂ॥.. ਪ੍ਰਭੁ ਜੀ ਗੁਰਸਿਖੀ ਮੁਝ ਭਾਵੇ॥ ਗੁਰਆਈ ਸਤਿਗੁਰਹਿਂ ਸੁਹਾਵੈ.. ਗੁਰਸਿਖੀ ਪਦ ਬਖਸ਼ਨ***

***ਕਰੀਏ॥ ਕਵੀ ਸੰਤੋਖ ਸਿੰਘ ਅਧਿ:੬੬ ਰਾ:੨)*** ਸਿੱਖ ਦੀ ਸਰਵੋਪਰੀ ਜੀਵਨਧਾਰਾ ਹੈ। ਉਹ ਸਭ ਕੁੱਝ ਗੁਰੂ ਕਾ ਉਪਕਾਰ ਸਮਝ ਕੇ ਆਪਣਾ ਜੀਵਨ ਸਾਧਨ ਕਰਦੇ ਹਨ। ਭਾਈ ਸਾਹਿਬ ਜੀ ਦਾ ਆਖਣਾ ਹੈ। ਕਿ ਬੋਲ ਭਾਵੇਂ ਮੈਂ ਰਿਹਾ ਹਾਂ। ਇਹ ਵਿਚਾਰ ਦੇ ਦਾਤੇ ਮੇਰੇ ਸੱਚੇ ਪਾਤਸ਼ਾਹ ਗੁਰੂ ਸਾਹਿਬ ਜੀ ਹਨ। ਉਹਨਾਂ ਵੱਲੋਂ ਜਿਵੇਂ ਮੈਨੂੰ ਅਨਭਵ ਦਾ ਗਿਆਨ ਪ੍ਰਾਪਤ ਹੋਇਆ; ਉਸੇ ਪ੍ਰਕਾਰ ਬੋਲਣਾ ਹੋਵੇਗਾ। ਨਿਰਾਕਾਰ ਦਾ ਹੀ ਪਰਾ ਰੂਪ ਜਦੋਂ ਮਨੁੱਖ ਅੰਦਰ ਸਫੁਟ ਹੁੰਦਾ ਹੈ; ਤਦੋਂ ਸਾਰੇ ਗਿਆਨ-ਮਈ ਅਨਭਵ ਸਾਖਿਆਤਕਾਰ ਹੋ ਜਾਂਦੇ ਹਨ। ਭਾਈ ਸਹਿਬ ਜੀ ਸਭ ਤੋਂ ਪਹਿਲਾਂ ਕਰਮਾਂ ਤੋਂ ਵੀਚਾਰ ਆਰੰਭ ਕਰਦੇ ਹਨ। ਕਰਮ ਮਨੁੱਖੀ ਕਿਰਿਆ ਦੀ ਪੂਰਨਤਾ ਦਾ ਨਾਮ ਹੈ। ਹਰ ਇਨਸਾਨ ਸਹਿਜ ਵਿਚ ਜਾਂ ਕੁੱਝ ਖਾਸ ਵਿਧੀਆਂ ਤਹਿਤ ਕਿਰਿਆ ਕਰਦਾ ਹੈ। ਜਦੋਂ ਕਿਰਿਆ ਪੂਰਨ ਹੁੰਦੀ ਹੈ। ਤਾਂ ਕਰਮ ਬਣ ਜਾਂਦਾ ਹੈ। ਇਹਨਾਂ ਕਰਮਾਂ ਦੇ ਫਲ ਨੂੰ ਭੋਗਣ ਲਈ ਨਰਕ ਸੁਰਗ ਦੀ ਥਾਂ ਹੈ। ਪੁੰਨ ਕਰਮਾਂ ਦੇ ਫਲਸਰੂਪ ਸੁਰਗ ਦਾ ਵਿਧਾਨ ਸ਼ਾਸ਼ਤਰਾਂ ਅੰਦਰ ਆਉਂਦਾ ਹੈ। ਪਾਪ ਕਰਮਾਂ ਦਾ ਫਲ ਭੋਗਣ ਲਈ ਨਰਕਾਂ ਵਿੱਚ ਜੀਵ ਨੂੰ ਜਾਣਾ ਪੈਂਦਾ ਹੈ।

**ਤੀਨ ਬਿਧਿਨਿ ਕੇ ਕਰਮ ਪਛਾਨ। ਸੰਚਤਿ, ਪਰਾਲਬਧ, ਕਿਰੇਮਾਨ।**
**ਤਰਕਸ਼ ਅੰਤਹਕਰਨ ਮਝਾਰ। ਤ੍ਰੈ ਬਿਧਿ ਬਾਣ ਸਿ ਬਸਿਬੇ ਹਾਰ॥੭॥**

**ਅਰਥ** - ਇਹ ਕਰਮ ਤਿੰਨ ਤਰ੍ਹਾਂ ਦੇ ਪਹਿਚਾਨਣਾ ਕਰੋ। ਪਰਾਲਬਧ, ਸੰਚਿਤ ਤੇ ਕਿਰੇਮਾਨ ਤਿੰਨ ਤਰ੍ਹਾਂ ਦੇ ਕਰਮ ਹਨ। ਜਿਵੇਂ (ਤਰਕਸ਼) ਭੱਥੇ ਵਿੱਚ ਤੀਰ ਹੁੰਦੇ ਹਨ; ਇਸੇ ਤਰ੍ਹਾਂ ਤਿੰਨੇ ਤਰ੍ਹਾਂ ਦੇ ਕਰਮਾਂ ਰੂਪ ਬਾਣ ਹਨ ; (ਸਿ) ਇਹ ਬਸਣ ਹਾਰ ਹਨ।

**ਭਾਵਾਰਥ** - ਇਹਨਾਂ ਕਿਰਿਆਵਾਂ ਦੁਆਰਾ ਤਿੰਨ ਤਰਾਂ ਦੇ ਕਰਮਾਂ ਦਾ ਫਲਸਫਾ ਆਰੰਭ ਕਰਨ ਤੋਂ ਪਹਿਲਾਂ ਭਾਈ ਸਾਹਿਬ ਜੀ ਇੱਕ ਦ੍ਰਿਸ਼ਟਾਂਤ (example) ਅੰਕਿਤ ਕਰਦੇ ਹਨ ਤਾਂ ਕਿ ਇਹ ਵੀਚਾਰਧਾਰਾ ਸੌਖੇ ਤੇ ਸਹਿਜ ਢੰਗ ਨਾਲ ਹਰ ਇੱਕ ਨੂੰ ਸਮਝ ਆ ਜਾਏ। ਗੌਰ-ਤਲਬ; ਉਦਾਹਰਣ ਭੱਥੇ ਤੇ ਤੀਰਾਂ ਦੀ ਦਿੱਤੀ ਹੈ। ਤੀਰਾਂ ਦੇ ਨਿਵਾਸ ਦਾ ਥਾਂ ਭੱਥਾ ਹੈ। ਭੱਥਾ ਸੂਰਮੇ ਦੇ ਕੰਧੇ ਉੱਪਰ ਹੀ ਸੋਭਦਾ ਹੈ। ਸੂਰਮੇ ਕਦੇ ਵੀ ਸਾਵਧਾਨੀ ਨੂੰ ਤਿਆਗਦੇ ਨਹੀਂ ਹਨ। ਸਾਵਧਾਨ ਮਨੁੱਖ ਹੀ ਦੁਸ਼ਮਣ ਉੱਪਰ ਜਿੱਤ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੇ ਵੈਰੀ ਜਾਬਰ ਜ਼ੁਲਮੀਆਂ ਦਾ ਅੰਤ ਕਰਨ ਲਈ ਮਨੁੱਖ ਜਾਤੀ ਵਿੱਚੋਂ ਸੂਰਮੇ ਪੈਦਾ ਕਰਨ ਵਾਲੀ ਇੱਕ ਲੜੀ



ਆਰੰਭ ਕਰ ਦਿੱਤੀ। ਇਹ ਸੂਰਮੇ ਆਪਣੇ ਅੰਦਰ ਦੇ ਵੈਰੀਆਂ ਨੂੰ ਵੀ ਸੋਧਣ ਲਈ ਨਿਰੰਤਰ ਯਤਨ ਕਰਦੇ ਹਨ। ਜਿਵੇਂ ਵੈਰੀਆਂ ਦੇ ਮਾਰਨ ਲਈ ਤੀਰ ਹੁੰਦੇ ਹਨ। ਇਸੇ ਪ੍ਰਕਾਰ ਵਿਕਾਰਾਂ ਦੇ ਵੈਰੀਆਂ ਨੂੰ ਮਾਰਨ ਲਈ ਕਰਮਾਂ ਦੇ ਤੀਰ ਹਨ। ਹਥਿਆਰ ਨੂੰ ਜਿੱਥੇ ਵੀ ਵਰਤਿਆ ਜਾਏ ਉਸਦਾ ਹੀ ਨੁਕਸਾਨ ਕਰਦੇ ਹਨ। ਕਿਉਂਕਿ ਹਥਿਆਰ ਨੂੰ ਮਿੱਤਰ ਦੁਸ਼ਮਣ ਦੀ ਪਹਿਚਾਣ ਨਹੀਂ ਹੁੰਦੀ। ਇਹ ਪਹਿਚਾਣ ਦਾ ਖੇਤਰ ਹਥਿਆਰ ਚਲਾਉਣ ਵਾਲੇ ਦਾ ਹੈ। ਇਸ ਲਈ ਕਰਮਾਂ ਦੇ ਤੀਰ ਜੇ ਅਗਿਆਨੀ ਚਲਾਉਂਦਾ ਹੈ ਤਾਂ ਆਪਣਾ ਹੀ ਨੁਕਸਾਨ ਕਰ ਲੈਂਦਾ ਹੈ। ਇਹੀ ਕਰਮਾਂ ਦੇ ਤੀਰ ਅਗਿਆਨ ਨੂੰ ਤਿਆਗਣ ਦੀ ਭਾਵਨਾ ਵਾਲਾ ਚਲਾਉਂਦਾ ਹੈ; ਤਾਂ ਆਪਣੇ ਵੈਰੀਆਂ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਇਸ ਲਈ ਹੀ ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ, ਸਰੀਰ ਦੇ ਕਰਮਾਂ ਨੂੰ ਕਰਨ ਵਾਲੀ ਸੋਚ ਦਾ ਧਰਮ ਪ੍ਰਾਇਣ ਹੋਣਾ। ਇਸ ਲਈ ਤਿੰਨੇ ਤਰ੍ਹਾਂ ਦੇ ਕਰਮਾਂ ਦੇ ਤੀਰ ਇਸ ਭੱਥੇ ਵਿੱਚ ਨਿਵਾਸ ਕਰਦੇ ਹਨ।

**ਚੇਤਨ ਆਤਮ ਛਾਯਾ ਜੋਇ। ਪ੍ਰਤਿਬਿੰਬਤਿ ਅੰਤਹਕਰਣ ਹੋਇ ।**
**ਅਰੁ ਅੱਗਯਾਨ ਅੰਸ ਕੇ ਸਹਿਤ। ਤਿਸ ਮਹਿਂ ਕਰਮ ਬੀਜ ਗਨ ਰਹਿਤ॥ ੮॥**

**ਅਰਥ** - ਚੇਤਨ ਆਤਮਾ ਦਾ ਜਿਹੜਾ ਅਕਸ ਹੈ; ਉਹ ਅੰਤਹਕਰਨ ਵਿੱਚ ਪ੍ਰਤੀਬਿੰਬਤ ਹੁੰਦਾ ਹੈ ਅਤੇ ਨਾਲ ਹੀ ਅਗਿਆਨ ਦੀ ਅੰਸ਼ ਵੀ ਸਥਿਤ ਹੁੰਦੀ ਹੈ। ਇਸੇ ਦੇ ਵਿੱਚ ਸਮੂਹ ਕਰਮਾਂ ਦੇ ਬੀਜ ਰਹਿੰਦੇ ਹਨ।

**ਭਾਵਾਰਥ** - ਅੰਤਹਕਰਨ ਦਾ ਪ੍ਰਯੋਜਨ ਕੀ ਹੈ। ਭੱਥੇ ਦਾ ਪ੍ਰਯੋਜਨ ਹੁੰਦਾ ਹੈ; ਤੀਰਾਂ ਦੀਆਂ ਵੱਖ ਵੱਖ ਜਾਤੀਆਂ ਨੂੰ ਇਕ ਥਾਂ ਵਿੱਚ ਟਿਕਾ ਕੇ ਰੱਖਣਾ। ਇਵੇਂ ਹੀ ਅੰਤਹਕਰਨ ਦਾ ਪ੍ਰਯੋਜਨ ਹੈ; ਭੱਥੇ ਵਾਂਗ ਹੀ ਸਮੂਹ ਕਰਮਾਂ ਦੇ ਤੀਰਾਂ ਨੂੰ ਆਪਣੇ ਅੰਦਰ ਸਥਿਤ ਰੱਖਣਾ। ਭੱਥਾ ਬਣਾਉਣਾ ਕਿਸੇ ਦਿਮਾਗ ਦੀ ਯੁਕਤੀ ਦਾ ਕੰਮ ਹੈ। ਇਸੇ ਪ੍ਰਕਾਰ ਕਰਮਾਂ ਨੂੰ ਨਿਯਮ ਬੱਧ ਕਰਕੇ ਜੀਵ ਨੂੰ ਫਲ ਭੁਗਤਾਉਣਾ ਤੇ ਕਰਮ ਕਰਨ ਲਈ ਉਧਿਤ ਕਰਨਾ। ਇਹ ਚੇਤਨਾ ਦਾ ਖੇਤਰ ਹੈ। ਇਸ ਲਈ ਚੇਤਨ ਨੂੰ ਕੋਈ ਪ੍ਰਮਾਤਮ ਆਖਦਾ ਹੈ। ਕੋਈ ਸਮਰੱਥਾ ਆਖਦਾ ਹੈ। ਕੋਈ ਪ੍ਰਮਾਣੂ ਆਖਦਾ ਹੈ। ਜਿਸਦੀ ਜੈਸੀ ਭਾਵਨਾ ਹੈ; ਉਸੇ ਪ੍ਰਕਾਰ ਉਹ ਉਸ ਮਹਾਨ ਸ਼ਕਤੀ ਦਾ ਕਥਨ ਕਰਦਾ ਹੈ। ਉਸਨੂੰ ਹੀ ਵਿਦਾਂਤ ਵਿੱਚ ਚੇਤਨ ਆਖਿਆ ਜਾਂਦਾ ਹੈ। ਉਹ ਚੇਤਨ; ਹਰ ਸਰੀਰ ਅੰਦਰ ਨਿਰਲੇਪ ਪਣ ਦੇ ਰੂਪ ਵਿੱਚ ਹੀ ਆਤਮ ਅਖਵਾਉਂਦਾ ਹੈ। ਬਿਜਲੀ ਤਾਂ ਹੀ ਪ੍ਰਕਾਸ਼ ਕਰਦੀ ਹੈ; ਜੇ ਬਲੱਬ ਪੂਰੀ ਤਰ੍ਹਾਂ ਨਾਲ ਠੀਕ ਹੋਵੇ। ਟੁੱਟੇ ਹੋਏ ਬਲੱਬ

ਵਿੱਚੋਂ ਬਿਜਲੀ ਪ੍ਰਕਾਸ਼ ਨਹੀਂ ਕਰ ਸਕਦੀ। ਇਸੇ ਪ੍ਰਕਾਰ ਚੇਤਨ ਆਤਮ ਤਾਂ ਹੀ ਕਿਰਿਆ ਕਰ ਸਕਦੀ ਹੈ; ਜੇ ਅਗਿਆਨ ਕਰਕੇ ਪੈਦਾ ਹੋਏ ਸਰੀਰ ਦੇ ਕਿਰਿਆਤਮਕ ਸਾਧਨ ਸਥਾਪਿਤ ਹੋਣ। ਇਸੇ ਨੂੰ ਆਖਿਆ ਹੈ, ਚੇਤਨ ਆਤਮਾ ਅਤੇ ਅਗਿਆਨ ਦੀ ਅੰਸ਼ ਵਾਲਾ ਭੱਥਾ ਹੈ। ਜਿਸ ਵਿਚ ਸਮੂਹ ਕਰਮਾਂ ਦੇ ਬੀਜ ਸਥਿਤ ਰਹਿੰਦੇ ਹਨ।

**ਅੰਤਹਕਰਨ ਆਪ ਜੜ ਅਹੈ । ਜਬਿ ਲੌ ਸੱਤਾ ਚਿੱਤੰਨ ਨ ਲਹੈ ।**
**ਤਬਿ ਲੌ ਕਰਮ ਧਰਣ ਸਮਰਥ ਨਹਿਂ। ਚੇਤਨ ਛਾਇਆ ਤੇ ਸਮਰਥ ਲਹਿ॥ ੯॥**

**ਅਰਥ** – ਅੰਤਹਕਰਣ ਆਪ ਤਾਂ ਜੜ੍ਹ ਹੈ। ਜਿਤਨਾ ਚਿਰ ਚੇਤਨ ਦੀ ਸੱਤਾ ਨੂੰ ਗ੍ਰਹਿਣ ਨਹੀਂ ਕਰਦਾ ਉਤਨਾ ਚਿਰ ਕਰਮ ਧਾਰਨ ਕਰਨ ਦੀ ਸਮਰੱਥਾ ਪ੍ਰਾਪਤ ਨਹੀਂ ਕਰ ਸਕਦਾ। ਇਹੀ ਸਮਰੱਥਾ, ਚੇਤਨ ਦੀ ਛਾਇਆ ਤੋਂ ਪ੍ਰਾਪਤ ਕਰਦਾ ਹੈ।

**ਭਾਵਾਰਥ** – ਅੰਤਹਕਰਣ ਦੀ ਹੋਂਦ ਪੰਜ ਤੱਤਾਂ ਦੀ ਸਤੋ ਅੰਸ਼ ਤੋਂ ਬਣਦੀ ਹੈ। ਸਤੋ ਅੰਸ ਵਿੱਚ ਗਿਆਨ ਗੁਣ ਗ੍ਰਹਿਣ ਕਰਨ ਦੀ ਸਮਰੱਥਾ ਹੁੰਦੀ ਹੈ। ਭੱਥੇ ਢਾਲਾਂ ਆਦਿਕ ਬਣਾਉਣ ਲਈ ਵਿਸ਼ੇਸ ਖੱਲਾਂ ਦੀ ਜਰੂਰਤ ਹੁੰਦੀ ਹੈ। ਤੀਰ ਬੰਦੂਕ ਆਦਿ ਲਈ ਵਿਸ਼ੇਸ ਧਾਤਾਂ ਦੀ ਲੋੜ ਹੁੰਦੀ ਹੈ। ਇਸੇ ਪ੍ਰਕਾਰ ਅੰਤਹਕਰਣ ਲਈ ਤਿੰਨ ਗੁਣਾ ਵਿੱਚੋਂ ਸਤੋ ਅੰਸ ਦੀ ਜਰੂਰਤ ਹੁੰਦੀ ਹੈ। ਇਹ ਸਤੋ ਅੰਸ ਦਾ ਗੁਣ ਹੈ; ਹਰ ਤਰ੍ਹਾਂ ਦੇ ਗਿਆਨ ਨੂੰ ਧਾਰਨ ਕਰਨਾ। ਇਹ ਸਮਰੱਥਾ ਤਦੋਂ ਹੀ ਕਰਮ ਕਰਨ ਲਈ ਤਿਆਰ ਹੁੰਦੀ ਹੈ, ਜੇ ਚੇਤਨ ਆਤਮਾ ਦੀ ਸੱਤਾ ਨੂੰ ਪ੍ਰਾਪਤ ਕਰ ਲਵੇ। ਸੀਸ਼ੇ ਵਿੱਚ ਪ੍ਰਤੀਬਿੰਬ ਦਿਖਾਉਣ ਦੀ ਸਮਰੱਥਾ ਹੈ, ਜੇ ਸਾਹਮਣੇ ਬਿੰਬ ਖੜ੍ਹਾ ਹੋਵੇ। ਬਿੰਬ ਦੀ ਕਿਰਿਆ ਕਿਸੇ ਪ੍ਰਕਾਰ ਦੀ ਹੋਵੇ, ਸੀਸ਼ੇ ਨੇ ਉਸੇ ਪ੍ਰਕਾਰ ਵਿਖਾ ਦੇਣਾ ਹੈ। ਜਦੋਂ ਚੇਤਨ ਦੀ ਛਾਇਆ ਪ੍ਰਾਪਤ ਹੋ ਜਾਏ ਤਾਂ ਕਰਮ ਨੂੰ ਧਾਰਣ ਕਰ ਲੈਂਦਾ ਹੈ। ਸੀਸ਼ੇ ਅੱਗੇ ਖੜ੍ਹਾ ਮਨੁੱਖ ਚਿਹਰੇ ਦੀ ਸੁੰਦਰਤਾ ਵੇਖ ਕੇ ਖੁਸ਼ ਹੁੰਦਾ ਹੈ। ਕਾਲਖ ਵੇਖ ਦੇ ਉਸਨੂੰ ਦੂਰ ਕਰਨ ਦਾ ਯਤਨ ਆਰੰਭ ਦਿੰਦਾ ਹੈ। ਜੇ ਸੀਸ਼ੇ ਦਾ ਗਿਆਨ ਨਾ ਹੋਵੇ ਤਾਂ ਹਾਲਤ ਉਸ ਕੁੱਤੇ ਵਰਗੀ ਹੋ ਜਾਂਦੀ ਹੈ। ਜਿਹੜਾ ਸੀਸ਼ੇ ਸਾਹਮਣੇ ਖੜ੍ਹੇ ਹੋਰ ਕੁੱਤੇ ਨੂੰ ਵੇਖ ਕੇ ਭੌਂਕਦਾ ਰਹਿੰਦਾ ਹੈ। ***ਗੁਰ ਬਿਨੁ ਭ੍ਰਮ ਲਗਿ ਭੁਸਯੋ, ਭੇਦ ਲਹੇ ਬਿਨੁ ਸੁਆਨ"*** ਵਿਚਾਰਮਾਲਾ। ਕੀ ਕਰ ਰਿਹਾ ਹਾਂ, ਕੀ ਕਰਨਾ ਚਾਹੀਦਾ ਹੈ। ਕਿਵੇਂ ਕਰਨਾ ਹੈ। ਇਹ ਗਿਆਨ ਦਾ ਹਿੱਸਾ ਹੈ। ਮਨੁੱਖ ਦੀ ਪ੍ਰਵਿਰਤੀ ਕਿਸ ਪ੍ਰਕਾਰ ਦੀ ਹੈ। ਇਹ ਕਰਮਾਂ ਦੀ ਦ੍ਰਿੜਤਾ ਦਾ ਬਲ ਹੈ। ਅੰਤਹਕਰਣ ਦੇ ਨਾਲ ਚੇਤਨ ਦੀ ਛਾਇਆ (ਪ੍ਰਤੀਬਿੰਬ) ਕਰਮ ਕਰਦਾ ਹੈ।



**ਅੰਤਹਕਰਣ ਅਹੈ ਮਨ ਜੋਇ। ਜਬਿ ਅੱਗਜਾਨ ਸਮੇਤੈ ਹੋਇ।**
**ਤਬਿ ਸਮਰੱਥ ਕਰਮ ਧਰਿ ਸਾਰੇ। ਬਿਨ ਅੱਗਜਾਨ ਕਰਮ ਨਹਿਂ ਧਾਰੇ॥ ੧੦॥**

**ਅਰਥ** – ਅੰਤਹਕਰਨ ਜਿਹੜਾ ਮਨ ਹੈ ਜਦੋਂ ਅਗਿਆਨ ਦੇ ਸਹਿਤ ਹੁੰਦਾ ਹੈ। ਤਦੋਂ ਸਮਰਥਾਵਾਨ ਹੋ ਕੇ ਸਾਰੇ ਕਰਮ ਧਾਰਨ ਕਰਦਾ ਹੈ। ਅਗਿਆਨ ਤੋਂ ਬਿਨਾਂ ਕਰਮਾਂ ਨੂੰ ਧਾਰਨ ਨਹੀਂ ਕਰ ਸਕਦਾ।

**ਭਾਵਾਰਥ** – ਅੰਤਹਕਰਣ ਦੀ ਇਹ ਅਵਸਥਾ ਮਨ ਰੂਪ ਹੈ। ਇੱਕੋ ਹੀ ਅੰਤਹਕਰਨ ਚਾਰ ਅਵਸਥਾਵਾਂ ਨੂੰ ਧਾਰਨ ਕਰਦਾ ਹੈ; 'ਮਨ ਬੁਧਿ ਚਿਤ ਅਹੰ'। ਅੰਤਹਕਰਨ ਵਿੱਚ ਜਦੋਂ ਸੰਕਲਪ ਉੱਠਦਾ ਹੈ; ਮਨ ਅਖਵਾਉਂਦਾ ਹੈ। ਅੰਤਹਕਰਣ; ਨਿਸ਼ਚਾ ਕਰਨ ਵੇਲੇ ਬੁੱਧੀ ਅਖਵਾਉਂਦਾ ਹੈ, ਸਿਮਰਨ ਵੇਲੇ ਚਿੱਤ ਅਖਵਾਉਂਦਾ ਹੈ ਅਤੇ ਪਦਾਰਥਾਂ ਦੇ ਮੱਮਤਵ ਕਰਕੇ ਹੋਇਆ ਸੰਬੰਧ, ਅਹੰਕਾਰ ਅਖਵਾਉਂਦਾ ਹੈ। ਜਦੋਂ ਅੰਤਹਕਰਣ ਦੀ ਅਵਸਥਾ ਮਨ ਰੂਪ ਕਰਕੇ ਸੰਕਲਪ ਵਿਕਲਪ ਰੂਪ ਹੁੰਦੀ ਹੈ। ਅਗਿਆਨ ਵੀ ਮਨ ਦੇ ਨਾਲ ਹੁੰਦਾ ਹੈ। ਮਨ ਹੀ ਮਨੁੱਖ ਦੀ ਵੀਚਾਰ ਨੂੰ ਸ਼ੁੱਧ ਕਰਨ ਲਈ ਸ਼ੁੱਧ ਸਤੋ ਗੁਣ ਨੂੰ ਗ੍ਰਹਿਣ ਕਰਨ ਵਾਲਾ ਹੁੰਦਾ ਹੈ। ਮਨ, ਮਲਿਨ ਸਤੋ ਅੰਸ਼ ਕਰਕੇ ਮੰਦੇ ਕਰਮਾਂ ਦੀ ਪ੍ਰਵਿਰਤੀ ਵਿੱਚ ਫਸ ਜਾਂਦਾ ਹੈ। ਚੰਗੇ ਕਰਮਾਂ ਨਾਲ ਚੰਗਿਆਈ ਸਥਿਤ ਹੁੰਦੀ ਹੈ। ਚੰਗਿਆਈ ਕਰਕੇ ਪ੍ਰਭੂ ਦੇ ਕੁਦਰਤੀ ਗੁਣ ਅੰਦਰ ਟਿਕ ਜਾਂਦੇ ਹਨ। ਚੰਗੇ ਗੁਣਾਂ ਦੇ ਟਿਕਾ ਸਦਕਾ ਪ੍ਰਭੂ ਚਰਨਾਂ ਦਾ ਸ਼ੁਕਰਗੁਜਾਰ ਹੋ ਜਾਂਦਾ ਹੈ। ਪ੍ਰਭੂ ਦਾ ਸ਼ੁਕਰਗੁਜਾਰ ਪ੍ਰਭੂ ਰੂਪ ਵਿੱਚ ਲੀਨ ਹੋਣ ਦਾ ਯਤਨ ਆਰੰਭ ਕਰ ਲੈਂਦਾ ਹੈ। ਇੱਥੇ ਆ ਕੇ ਪ੍ਰਕਾਸ਼ ਹਨੇਰੇ ਦਾ ਵਿਨਾਸ਼ ਕਰਤਾ ਹੋ ਜਾਂਦਾ ਹੈ। ਮੰਦੇ ਕਰਮਾਂ ਦੀ ਪ੍ਰਵਿਰਤੀ ਬੁਰਾਈਆਂ ਵੱਲ ਖਿੱਚ ਕੇ ਲੈ ਜਾਂਦੀ ਹੈ। ਇਸ ਲਈ ਕਰਮਾਂ ਦੀ ਸ਼ੁਰੂਆਤ ਅਗਿਆਨ ਦੇ ਸੰਗਮ ਕਰਕੇ ਹੀ ਹੁੰਦੀ ਹੈ।

**ਦੋਹਰਾ - ਅੰਤਹਕਰਣ ਅੱਗਜਾਨ ਦ੍ਵੈ ਚੇਤਨ ਆਤਮ ਤੀਨ ।**
**ਹ੍ਵੈ ਇਕੱਤ੍ਰ ਧਾਰਹਿਂ ਕਰਮ ਧਰੈ ਨ ਹ੍ਵੈ ਇਕ ਹੀਨ ॥ ੧੧ ॥**

**ਅਰਥ** – ਅੰਤਹਕਰਣ, ਅਗਿਆਨ ਦੋ ਅਤੇ ਚੇਤਨ ਆਤਮਾ; ਇਹ ਤਿੰਨੇ ਇਕੱਠੇ ਹੀ ਕਰਮ ਧਾਰਨ ਕਰਦੇ ਹਨ। ਇਕੱਲਾ ਇਕੱਲਾ ਕੋਈ ਵੀ ਕਰਮ ਧਾਰਨ ਨਹੀਂ ਕਰ ਸਕਦੇ।

**ਭਾਵਾਰਥ** - ਇੱਥੇ ਭਾਈ ਸਾਹਿਬ ਜੀ ਨੇ ਸ਼ਪੱਸ਼ਟ ਕਰ ਦਿੱਤਾ ਹੈ। ਜੀਵ ਨੂੰ ਮਨੁੱਖੀ ਸਰੀਰ ਦੀ ਪ੍ਰਾਪਤੀ ਕੇਵਲ ਆਪਣੀ ਕਲਿਆਣ ਲਈ ਹੀ ਮਿਲੀ ਹੋਈ ਹੈ।

ਇਹ ਸਰੀਰ ਵਿਚ ਜੀਵ ਦੀ ਕਲਿਆਣ ਵਾਹਿਗੁਰੂ ਜੀ ਤੋਂ ਬਗੈਰ ਸੰਭਵ ਨਹੀਂ ਹੈ। ਜਦੋਂ ਵਾਹਿਗੁਰੂ ਨਾਮ ਦਾ ਗਿਆਨ ਇੰਦ੍ਰਿਆਂ ਤੋਂ ਆਰੰਭ ਹੋ ਕੇ ਪਰਾ ਰੂਪ ਤੱਕ ਸਥਾਪਿਤ ਹੋਣਾ ਕਰਮ ਬਣ ਜਾਏ ਤਾਂ ਇਹਨਾਂ ਤਿੰਨਾਂ ਦਾ ਵਿਵੇਚਨ (ਦੁੱਧ, ਖੰਡ ਤੇ ਪਾਣੀ ਦੇ ਫਰਕ ਵਾਂਗ) ਹੋ ਜਾਂਦਾ ਹੈ। ਚੇਤਨ ਇਕੱਲਾ ਆਪਣੇ ਨਿਰਗੁਣ ਰੂਪ ਵਿਚ ਹਰ ਕਿਰਿਆ ਤੋਂ ਨਿਰਲੇਪ ਰਹਿੰਦਾ ਹੈ। ਅਗਿਆਨ ਆਪਣੇ ਸਰੂਪ ਤੋਂ ਜੜ੍ਹ ਹੈ। ਅਗਿਆਨ ਕਰਕੇ ਪੈਦਾ ਹੋਇਆ ਅੰਤਹਕਰਣ ਛਾਇਆ ਤੋਂ ਬਗੈਰ ਕੋਈ ਵੀ ਕਰਮ ਨਹੀਂ ਕਰ ਸਕਦਾ ਹੈ।

**ਚੌਪਈ - ਇਸ ਕੋ ਕਹੌਂ ਸਹਤ ਦ੍ਰਿਸ਼ਟਾਂਤ। ਸੁਨਹੁ ਖਾਲਸਾ! ਹੈ ਜਿਸ ਭਾਂਤਿ।**
**ਸਤਿਗੁਣ ਰੂਪ ਮ੍ਰਿਤਕਾ ਆਹਿ। ਅੰਤਹਕਰਣ ਪਿੰਡ ਹੈ ਤਾਂਹਿ॥ ੧੨॥**

**ਅਰਥ** - ਇਸਨੂੰ ਦ੍ਰਿਸ਼ਟਾਂਤ (ਉਦਾਹਰਣ) ਸਮੇਤ ਦੱਸਦਾ ਹਾਂ। ਹੇ ਖਾਲਸਾ ਜੀ! ਜਿਸ ਪ੍ਰਕਾਰ ਇਸ ਦੀ ਸਮਝ ਆ ਜਾਏ- ਸਤੋਗੁਣ ਤਾਂ ਮਿੱਟੀ ਹੈ; ਅੰਤਹਕਰਨ ਮਿੱਟੀ ਦਾ ਢੇਲਾ ਹੈ।

**ਭਾਵਾਰਥ** - ਇੱਥੇ ਇਸੇ ਜਟਿਲ ਪ੍ਰਸੰਗ ਨੂੰ ਸੌਖਾ ਕਰਨ ਲਈ ਇਕ ਉਦਾਹਰਣ ਲੈਂਦੇ ਹਨ। ਅਸੀਂ ਬਾਹਰੀ ਸਰੀਰ ਦੀ ਸਾਧਨਾ ਤੇ ਖੜ੍ਹਨ ਵਾਲੇ ਲੋਕ ਹਾਂ। ਸਾਨੂੰ ਤਾਂ ਸਰੀਰ ਤੇ ਮਨ ਨੂੰ ਵੱਖ ਕਰਨ ਦਾ ਗਿਆਨ ਹਾਸਲ ਨਹੀਂ ਹੈ। ਮਨ ਤੇ ਆਤਮਾ ਨੂੰ ਵੱਖ ਕਰਨ ਲਈ ਤਾਂ ਬਹੁਤ ਹੀ ਸਾਧਨਾ ਦੀ ਜ਼ਰੂਰਤ ਹੈ। ਇਸ ਲਈ ਗਿਆਨਵਾਨ ਪੁਰਸ਼ ਕੋਈ ਸੌਖੀ ਉਦਾਹਰਣ ਦਿੰਦੇ ਹਨ। ਜਿਸ ਨਾਲ ਸੌਖੇ ਹੀ ਗਿਆਨ ਪ੍ਰਾਪਤ ਹੋ ਜਾਏ। ਇਥੇ ਇਹ ਗੱਲ ਵੀ ਵਰਨਣਯੋਗ ਹੈ; ਉਦਾਹਰਣ ਇਕ ਅੰਗ ਦੀ ਹੁੰਦੀ ਹੈ। ਜਿਥੇ ਯੋਗ ਵਰਤੋਂ ਹੋਵੇ ਉਥੇ ਹੀ ਵਰਤੀ ਜਾਂਦੀ ਹੈ। ਕਈ ਵਾਰ ਇਕ ਥਾਂ ਤੇ ਉਦਾਹਰਣ ਯੋਗ ਸਿੱਧ ਹੁੰਦੀ ਹੈ; ਦੂਜੀ ਥਾਂ ਤੇ ਅਯੋਗ ਹੋ ਜਾਂਦੀ ਹੈ। ਗਿਆਨਵਾਨ ਕੇਵਲ ਸਾਰ ਸਿਧਾਂਤ ਲਈ ਵਰਤਦੇ ਹਨ। ਉਦਾਹਰਣ ਘੜੇ ਦੀ ਅੰਕਿਤ ਕੀਤੀ ਹੈ। ਘੜਾ ਬਣਾਉਣ ਲਈ ਮਿੱਟੀ ਚਾਹੀਦੀ ਹੈ; ਮਿੱਟੀ ਦੇ ਇੱਕ ਢੇਲੇ ਨੂੰ ਚੰਗੀ ਤਰਾਂ ਮਹੀਨ (ਬਰੀਕ) ਕਰਕੇ ਗੋਲਾ ਬਣਾਉਣ ਲਈ ਤਿਆਰ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਸਤੋ ਗੁਣ ਦੀ ਸ਼ੁੱਧ ਅੰਸ਼ ਧਰਤੀ ਦੀ ਮਿੱਟੀ ਵਾਂਗ ਹੈ। ਪ੍ਰਤਿਕ (ਇੱਕਲੇ ਮਨੁੱਖ ਦਾ) ਸਰੀਰ ਅੰਦਰ ਇਸ ਦੀ ਰੂਪਤਾ ਅੰਤਹਕਰਣ ਦੇ ਢੇਲੇ ਵਾਂਗ ਹੈ।

**ਆਤਹ ਚੇਤਨ ਰੂਪ ਅਕਾਸ਼। ਅਰੁ ਅੱਗਯਾਨ ਰੂਪ ਜਲ ਰਾਸ।**
**ਮ੍ਰਿਤਕਾ ਪਿੰਡ ਮਿਲੈ ਜਲ ਸੰਗ। ਤਬਿ ਘਟ ਰੂਪ ਬਨਹਿ ਸਰਬੰਗ॥ ੧੩ ॥**



**ਅਰਥ** - ਆਤਮ ਚੇਤਨ ਰੂਪ ਅਕਾਸ਼ ਹੈ ਅਤੇ ਅਗਿਆਨ ਰੂਪ ਸਮੂਹ ਜਲ ਹੈ। ਜਦੋਂ ਬਾਰੀਕ ਕੀਤੀ ਹੋਈ ਮਿੱਟੀ ਪਾਣੀ ਨਾਲ ਮਿਲ ਜਾਂਦੀ ਹੈ। ਤਦੋਂ ਸਰਬ ਤਰਾਂ ਨਾਲ ਘੜਾ ਆਪਣਾ ਸਰੂਪ ਧਾਰਨ ਕਰ ਲੈਂਦਾ ਹੈ।

**ਭਾਵਾਰਥ** - ਜਦੋਂ ਮਿੱਟੀ ਨੂੰ ਬਾਰੀਕ ਕੀਤਾ ਜਾਂਦਾ ਹੈ, ਪਾਣੀ ਨਾਲ ਮਿਲਾਇਆ ਜਾਂਦਾ ਹੈ। ਤਾਂ ਖਾਲੀ ਥਾਂ ਦੀ ਜਰੂਰਤ ਹੁੰਦੀ ਹੈ। ਖਾਲੀ ਥਾਂ (ਵਿਹਲ) ਨੂੰ ਹੀ ਅਕਾਸ਼ ਕਿਹਾ ਜਾਂਦਾ ਹੈ। ਆਤਮ ਚੇਤਨ ਅਕਾਸ਼ ਦੀ ਨਿਆਈ ਵਿਆਪਕ (ਖੁੱਲਮ-ਖੁੱਲ੍ਹਾ) ਹੈ। ਕੋਈ ਸਰੀਰ ਰੂਪ ਘੜਾ ਛੇ ਜਾਂ ਅੱਠ ਫੁੱਟ ਦਾ ਹੋਵੇ। ਹਾਥੀ ਦੇ ਅਕਾਰ ਵਰਗੇ ਕਿਤਨੇ ਹੀ ਵੱਡੇ ਜਾਨਵਰ ਵਾਲਾ ਹੋਵੇ ਸਭ ਲਈ ਚੇਤਨ ਦੀ ਅਵਕਾਸ਼ਤਾ ਇੱਕੋ ਜਿਹੀ ਹੈ। ਨਿੱਕੀ ਕੀੜੀ ਤੋਂ ਲੈ ਕੇ ਵੱਡੇ ਹਾਥੀ ਤੱਕ ਲਈ ਆਤਮ ਚੇਤਨ ਦੀ ਨਿਵਾਸਤਾ ਹੈ। ਘੜੇ ਦਾ ਅਕਾਰ ਘੁਮਿਆਰ ਦੀ ਸੋਚ ਅਤੇ ਖਰੀਦਦਾਰ ਦੀ ਲੋੜ ਮੁਤਾਬਿਕ ਹੁੰਦਾ ਹੈ। ਘੁਮਿਆਰ ਘੜੇ ਨੂੰ ਜਿਤਨਾ ਵੀ ਅਕਾਰ ਦੇਵੇ; ਅਕਾਸ਼ ਵੱਲੋਂ ਉਤਨੀ ਹੀ ਵਿਹਲ ਪ੍ਰਾਪਤ ਹੋ ਜਾਏਗੀ। ਇਸੇ ਪ੍ਰਕਾਰ 'ਜੀਵ' ਹਾਥੀ ਦੇ ਵੱਡੇ ਅਕਾਰ ਤੋਂ ਲੈ ਕੇ ਜੈਸਾ ਵੀ ਰੂਪ ਧਾਰਨ ਕਰੇ, ਉਸਨੂੰ ਚੇਤਨ ਸੱਤਾ ਦੀ ਪ੍ਰਾਪਤੀ ਹੋਵੇਗੀ। ਚੇਤਨ ਸੱਤਾ ਤੋਂ ਮਗਰੋਂ ਅਗਿਆਨ ਨੂੰ ਪਾਣੀ ਵਾਂਗ ਅੰਕਿਤ ਕੀਤਾ ਹੈ; ਕੇਵਲ ਸੁੱਕੀ ਮਿੱਟੀ ਘੜੇ ਨੂੰ ਤਿਆਰ ਕਰਨ ਲਈ ਲੋੜੀਂਦੀ ਨਹੀਂ ਹੈ। ਪਾਣੀ ਦੀ ਬਹੁਤ ਜਰੂਰਤ ਹੈ। ਪਾਣੀ ਹੀ ਮਿੱਟੀ ਨੂੰ ਇੱਕ ਗੁੱਝੀ ਹੋਈ ਮਿੱਟੀ ਦਾ ਗੋਲ ਅਕਾਰ ਬਣਨ ਵਿਚ ਸਹਾਈ ਹੁੰਦਾ ਹੈ। ਸਤੋ-ਗੁਣ ਦੀ ਮਿੱਟੀ ਨੂੰ ਆਪਸ ਵਿਚ ਮਿਲਾਉਣ ਲਈ ਅਗਿਆਨ ਦਾ ਪਾਣੀ ਚਾਹੀਦਾ ਹੈ। ਅਗਿਆਨ ਤੋਂ ਹੀ ਮਲਨ ਸਤੋ ਗੁਣ ਤੇ ਸ਼ੁੱਧ ਸਤੋ ਗੁਣ ਦੀ ਵਿਵੇਚਨਾ ਹੁੰਦੀ ਹੈ। ਝੂਠ ਤੋਂ ਸੱਚ ਦੀ ਪਹਿਚਾਣ ਹੈ। ਸੋਗ ਤੋਂ ਅਨੰਦ ਦੀ ਮਹਾਨਤਾ ਦਾ ਪਤਾ ਚਲਦਾ ਹੈ। ਇਹ ਸਾਰਾ ਕਾਰਗੁਜ਼ਾਰ ਅਗਿਆਨ ਦੀ ਦ੍ਰਿਸ਼ਟੀ ਤੋਂ ਹੀ ਹੈ। ਇਸ ਲਈ ਅਗਿਆਨਤਾ ਦੇ ਜਲ ਨਾਲ 'ਈਸ਼ਰ', ਜੀਵ ਦੇ ਅੰਤਹਕਰਣ ਘੜੇ ਦੀ ਤਿਆਰੀ ਕਰਦਾ ਹੈ। ਇੱਥੇ ਅੰਤਹਕਰਣ ਘੜਾ ਪੂਰੀ ਤਰਾਂ ਤਿਆਰ ਹੋ ਜਾਂਦਾ ਹੈ। ਜਿਸ ਵਿੱਚ ਘੜੇ ਵਾਂਗ ਕੁੱਝ ਗ੍ਰਹਿਣ ਕਰਨ ਦੀ ਸਮਰੱਥਾ ਹੋ ਜਾਂਦੀ ਹੈ। ਜਿਵੇਂ ਘੜੇ ਦੇ ਅੰਦਰਲਾ ਅਕਾਸ਼ ਘਟਾਕਾਸ਼ ਅਖਵਾਉਂਦਾ ਹੈ। ਬਾਹਰ ਮਹਾਂਕਾਸ਼ ਹੈ। ਇਸੇ ਪ੍ਰਕਾਰ ਜੀਵ ਦੇ ਅੰਤਹਕਰਣ ਵਿੱਚ ਚੇਤਨ ਪ੍ਰਤੀਬਿੰਬ (ਆਤਮ ਚੇਤਨ) ਅਖਵਾਉਂਦਾ ਹੈ। ਪ੍ਰਕ੍ਰਿਤੀ ਵਿਚ ਬਿੰਬ (ਬ੍ਰਹਮ) ਕਹਾਉਂਦਾ ਹੈ।

**ਅੰਤਰ ਲਏ ਗਗਨ ਕੋ ਹੋਇ। ਕਰਮ ਅਨਾਜ ਧਰੇ ਤਬਿ ਸੋਇ।**

**ਤੀਨਹੁਂ ਮਿਲਿ ਕਰਿ ਘਟਾ ਸੁਧਾਰੇ। ਸਮਰਥ ਹੋਇ ਪਦਾਰਥ ਧਾਰੇ॥ ੧੪॥**

**ਅਰਥ** – ਘੜਾ ਅੰਦਰ ਅਕਾਸ਼ ਨੂੰ ਸਥਿਤ ਕਰ ਲੈਂਦਾ ਹੈ। ਅਨਾਜ ਰੂਪ ਕਰਮ ਉਹ (ਅੰਤਹਕਰਣ) ਧਾਰਨ ਕਰ ਲੈਂਦਾ ਹੈ। ਤਿੰਨੇ ਇਕੱਠੇ ਹੋ ਕੇ ਘੜਾ ਰੂਪ ਕਾਰਜ ਸੁਧਰ ਜਾਂਦਾ ਹੈ। ਸਮਰਥਾਵਾਨ ਹੋ ਕੇ ਪਦਾਰਥ ਨੂੰ ਧਾਰਨ ਕਰਦਾ ਹੈ।

**ਭਾਵਾਰਥ** – ਜੋ ਥਾਂ ਘੜੇ ਦੇ ਅੰਦਰ ਸਥਿਤ ਹੈ; ਉਸਨੂੰ ਘੜੇ ਦੀ ਸਮਰੱਥਾ (ਇਸ ਵਿਚ ਪੰਜ/ਸੱਤ ਕਿੱਲੋ ਵਸਤੂ ਟਿਕ ਸਕਦੀ ਹੈ) ਆਖੀ ਜਾਂਦੀ ਹੈ। ਅੰਤਹਕਰਣ ਵਿਚ ਕਰਮਾਂ ਰੂਪ ਅਨਾਜ ਨੂੰ ਧਾਰਨ ਕਰਨ ਦੀ ਸਮਰੱਥਾ ਪ੍ਰਾਪਤ ਹੋ ਜਾਂਦੀ ਹੈ। ਤਿੰਨ (ਮਿੱਟੀ, ਅਕਾਸ਼, ਪਾਣੀ) ਮਿਲ ਕੇ ਕੰਮ ਸੰਵਾਰ ਦਿੰਦੇ ਹਨ। ਸਮਰੱਥਾ ਵਾਨ ਹੋ ਕੇ ਪਦਾਰਥਾਂ ਨੂੰ ਧਾਰਨ ਕਰਦੇ ਹਨ। ਇਸੇ ਪ੍ਰਕਾਰ ਅੰਤਹਕਰਣ, ਚੇਤਨ ਆਤਮਾ, ਅਗਿਆਨ ਤਿੰਨੇ ਹੀ ਕਰਮ ਧਾਰਨ ਕਰਨ ਲਈ ਕਿਰਿਆਤਮਕ ਹੁੰਦੇ ਹਨ।

**ਤੀਨਹੁਂ ਨਿਜ ਨਿਜ ਹ੍ਵੈ ਕਰਿ ਨਯਾਰੇ। ਧਰਨ ਪਦਾਰਥ ਸ਼ਕਤਿ ਨ ਧਾਰੇ।**
**ਤਿਸ ਪ੍ਰਕਾਰ ਇਕ ਆਤਮ ਜੋਇ। ਕਰਮ ਧਰੈ ਸਮਰਥ ਨਹਿਂ ਸੋਇ ॥੧੫॥**

**ਅਰਥ** – ਤਿੰਨੇ ਹੀ ਵੱਖ ਵੱਖ ਹੋ ਕੇ ਪਦਾਰਥ ਰੱਖਣ ਦੀ ਸ਼ਕਤੀ ਨਹੀਂ ਰੱਖਦੇ। ਉਸੇ ਪ੍ਰਕਾਰ ਜਿਹੜੀ ਇੱਕ ਆਤਮਾ ਹੈ; ਕਰਮ ਕਰਨ ਦੀ ਉਸ ਵਿੱਚ ਸਮਰੱਥਾ ਨਹੀਂ।

**ਭਾਵਾਰਥ** – ਮਿੱਟੀ ਪਾਣੀ ਤੇ ਅਕਾਸ਼ ਤਿੰਨੇ ਹੀ ਵੱਖ ਵੱਖ ਹੋ ਕੇ ਅਨਾਜ ਆਦਿ ਨੂੰ ਧਰਨ ਕਰਨ ਦੇ ਸਮਰੱਥ ਨਹੀਂ ਹੋ ਸਕਦੇ। ਇਸੇ ਪ੍ਰਕਾਰ ਅਗਿਆਨ, ਅੰਤਹਕਰਣ ਤੇ ਆਤਮ ਚੇਤਨ ਤਿੰਨੇ ਵੱਖ ਵੱਖ ਕਰਮ ਕਰਨ ਲਈ ਸਮਰੱਥਾਵਾਨ ਨਹੀਂ ਹੋ ਸਕਦੇ। ਵਿਸ਼ੇਸਤਹ: ਜਿਸ ਆਤਮ ਚੇਤਨ ਦੇ ਆਸਰੇ ਜੀਵ ਦੇ ਸਰੀਰ ਦਾ ਢਾਂਚਾ ਹੈ। ਉਹ ਚੇਤਨ ਇਕੱਲਾ ਕੁੱਝ ਵੀ ਕਰਮ ਕਰਨ ਲਈ ਸਮਰੱਥਾ ਵਾਲਾ ਨਹੀਂ ਹੋ ਸਕਦਾ।

**ਕੇਵਲ ਅੰਤਹਕਰਣ ਨ ਧਾਰੇ। ਤਿਮ ਅੱਗਯਾਨ ਨ ਧਰਹਿ, ਨਿਵਾਰੇ।**
**ਤੀਨਹੁਂ ਕੋ ਸੰਜੋਗ ਜਬਿ ਹੋਇ। ਕਰਮ ਧਰਨਿ ਸਮਰਥ ਹੈਂ ਸੋਇ॥ ੧੬॥**

ਅਰਥ – ਇਕੱਲਾ ਅੰਤਹਕਰਣ ਵੀ ਕਰਮਾਂ ਨੂੰ ਧਾਰਨ ਨਹੀਂ ਕਰ ਸਕਦਾ ਹੈ। ਇਸੇ ਪ੍ਰਕਾਰ ਅਗਿਆਨ ਵੀ (ਨਿਵਾਰੇ) ਵੱਖ ਹੋ ਕੇ ਕਰਮਾਂ ਨੂੰ ਧਾਰਨ ਨਹੀਂ ਕਰ ਸਕਦਾ। ਤਿੰਨਾਂ ਦਾ ਹੀ ਜਦੋਂ ਸੰਜੋਗ ਹੁੰਦਾ ਹੈ। ਤਦੋਂ ਹੀ ਕਰਮ ਧਾਰਨ ਕਰਨ ਦੀ ਸਮਰੱਥਾ ਮਿਲਦੀ ਹੈ।

**ਪਰਾਲਬਧ ਦਾ ਪ੍ਰਕਰਣ ਚਲਿਆ**



**ਅੰਤਹਿਕਰਣ ਰੂਪ ਤਰਕਸ਼ ਮਹਿਂ। ਕਰਮ ਬਾਣ ਬਾਸਾ ਨਿਤ ਪ੍ਰਤਿ ਲਹਿਂ।**
**ਜੋ ਤਰਕਸ਼ ਤੇ ਤੀਰ ਨਿਕਾਰਾ। ਐਂਚਿ ਧਨੁਖ ਛੁਟਿ ਚਲਯੋ ਅਗਾਰਾ॥ ੧੭॥**

**ਅਰਥ** – ਅੰਤਹਕਰਣ ਭੱਥੇ ਵਿੱਚ ਕਰਮਾਂ ਦੇ ਤੀਰ ਹਮੇਸ਼ਾ ਵਾਸਾ ਕਰਦੇ ਹਨ। ਜਿਹੜਾ ਤੀਰ ਭੱਥੇ ਦੇ ਵਿੱਚੋਂ ਕੱਢ ਲਿਆ ਅਤੇ ਧਨੁੱਖ ਰੂਪ ਇੰਦ੍ਰੀਆਂ ਦੇ ਸਾਧਨ ਰਾਂਹੀ (ਛੁਟ) ਨਿਕਲ ਕੇ ਅੱਗੇ ਵੱਲ ਨੂੰ ਵਧ ਪਿਆ।

**ਭਾਵਾਰਥ** – ਜਦੋਂ ਮਨੁੱਖ ਦੇ ਅੰਤਹਕਰਣ ਵਿੱਚ ਪਿਆ ਕਰਮਾਂ ਦਾ ਬੀਜ ਵੀ ਤਿੰਨ ਤਰ੍ਹਾਂ ਦਾ ਹੀ ਹੁੰਦਾ ਹੈ; ਪਰਾਲਬਧ, ਕਿਰੇਮਾਨ ਤੇ ਸੰਚਿਤ ਕਰਮ। ਪਰਾਲਬਧ ਉਸਨੂੰ ਆਖਦੇ ਹਨ; ਜਿਹੜੇ ਕਰਮ ਮਨੁੱਖ ਨੂੰ ਫਲ ਦੇਣ ਲਈ ਤਿਆਰ ਹੁੰਦੇ ਹਨ। ਇਹ ਕਰਮ ਮਨੁੱਖ ਦੀ ਜ਼ਿੰਦਗੀ ਦਾ ਸਹਿਜ ਹੁੰਦੇ ਹਨ। ਜਿਸਦੇ ਚੰਗਿਆਈ ਵਾਲੇ ਕਰਮ ਹੁੰਦੇ ਹਨ; ਉਸ ਬਚਪਨ ਤੋਂ ਹੀ ਗੰਭੀਰ ਮਨੁੱਖ ਹੁੰਦੇ ਹਨ। ਜਿਹਨਾਂ ਦੇ ਪ੍ਰਾਲਬਧ ਕਰਮ ਮੰਦੇ ਹੁੰਦੇ ਹਨ; ਉਹ ਮੰਦਤਾਈ ਵੱਲ ਪ੍ਰਰੇਤਿ ਰਹਿੰਦੇ ਹਨ। ਬਾਕੀ ਕੁੱਲ ਦੁਨੀਆਂ ਇਹਨਾਂ ਦੇ ਚੰਗੇ-ਮੰਦੇ/ਦ੍ਰਿਸ਼ਟ-ਆਦ੍ਰਿਸ਼ਟ/ਧਰਮ-ਅਧਰਮ/ਸ਼ੁਭ-ਅਸ਼ੁਭ ਦੇ ਹਿਸਾਬ ਮੁਤਾਬਕ ਪ੍ਰਾਲਬਧ ਨੂੰ ਹਾਸਲ ਕਰਕੇ ਭੋਗਦੇ ਹਨ। ਪੁੰਨ ਪਾਪ ਦੇ ਰੂਪ ਵਿਚ ਜੀਵ ਸੁੱਖ-ਦੁੱਖ ਅਨਭਵ ਇਸ ਪ੍ਰਾਲਬਧ ਅਨੁਸਾਰ ਹੀ ਕਰਦਾ ਹੈ। ਜਿਤਨਾ ਸਮਝਣ ਲਈ ਇਹ ਵਿਸ਼ਾ ਜਟਿਲ ਹੈ। ਉਨਾਂ ਹੀ ਲਿਖਣ ਵਿਚ ਵੀ ਔਖਾ ਹੈ। ਸਾਧਾਰਨ ਰੂਪ ਵਿੱਚ ਇਸੇ ਪਰਾਲਬਧ ਨੂੰ ਲੈ ਕੇ ਅਸੀਂ ਸੰਸਾਰ ਵਿਚ ਆਉਂਦੇ ਹਾਂ। ਜਦੋਂ ਜਨਮ ਲੈ ਕੇ ਜੀਵ ਦਾ ਧਰਤੀ ਤੇ ਆਉਂਣਾ ਹੁੰਦਾ ਹੈ। ਓਦੋਂ ਤੋਂ ਹੀ ਇਹ ਕਰਮ ਦਾ ਤੀਰ ਇੰਦ੍ਰੀਆਂ ਦੇ ਸਾਧਨ ਰਾਂਹੀ ਚਲ ਪੈਂਦਾ ਹੈ। ਮਾਤਾ ਦੇ ਉਦਰ ਵਿਚ ਸਰੀਰ ਦਾ ਵਾਧਾ ਇਸ ਦੀ ਮੁਢਲੀ ਚਾਲ ਹੈ। ਇਥੇ ਜੀਵ ਦਾ ਚੇਤਨ 'ਅਗਿਆਨ ਦੀ ਘਨ ਅਵਸਥਾ' ਵਿਚ ਸ਼ੁਧ ਰੂਪ ਨਾਲ ਸਥਿਤ ਰਹਿੰਦਾ ਹੈ। ਇਸ ਲਈ ਹੀ ਇਸਨੂੰ ਦੁਖ ਦਾ ਅਨਭਵ ਹੀ ਨਹੀਂ ਹੁੰਦਾ।

**ਅਪਨੋ ਬੇਗ ਸੁ ਸਭਿ ਹੀ ਕਰਿ ਕੇ। ਨਿਸ਼ਫਲ ਹੋਤਿ ਰਹੈ ਧਰ ਪਰਿ ਕੇ।**
**ਪਰਾਰਬਧ ਹੈ ਯਾਂ ਕੋ ਨਾਮ। ਦੇ ਫਲ ਸਭਿ ਕੋ ਹੋਇ ਵਿਰਾਮ॥ ੧੮॥**

**ਅਰਥ** – ਪ੍ਰਾਲਬਧ ਤੀਰ ਆਪਣਾ ਜਿਤਨਾ ਤੇਜ ਵੇਗ ਹੈ; ਉਸ ਅਨੁਸਾਰ ਚੱਲ ਕੇ ਅਖੀਰ ਧਰਤੀ ਤੇ ਡਿੱਗ ਪੈਂਦਾ ਹੈ। ਜਦੋਂ ਇਸ ਦਾ ਵੇਗ ਜ਼ੀਰੋ ਹੋ ਜਾਂਦਾ ਹੈ। ਇਸੇ ਦਾ ਨਾਮ ਪਰਾਲਬਧ ਹੈ। ਸਭ ਜੀਵਾਂ ਨੂੰ ਫਲ ਦੇ ਕੇ ਅਖੀਰ ਨੂੰ ਸਥਿਤ ਹੋ ਜਾਂਦਾ ਹੈ।

**ਭਾਵਾਰਥ** – ਪ੍ਰਾਲਬਧ ਕਰਮ ਤੀਰ ਵਾਂਗ ਜਦੋਂ ਇੰਦ੍ਰੇ ਰੂਪ ਧਨੁੱਖ ਦੁਆਰਾ ਚਲ ਪਿਆ। (ਗੌਰਤਲਬ; ਸਰੀਰ ਦੇ ਇੰਦ੍ਰੇ ਕਰਮ ਕਰਨ ਲਈ ਸਮਰਥਾਵਾਨ ਹਨ। ਇਹਨਾਂ ਵਿਚ ਸਮਰਥਾ ਈਸ਼ਰ ਵੱਲੋਂ ਪਾਈ ਹੋਈ ਹੈ। ਸਾਰੇ ਸਰੀਰ ਵਿਚ ਕੇਵਲ ਖ਼ੂਨ ਆਦਿਕ ਚਲਦਾ ਹੈ। ਇੰਦ੍ਰੇ ਅਪਨਾ ਅਪਣਾ ਕੰਮ ਕਰਨ ਦੀ ਸਮਰੱਥਾ ਵੱਖ ਵੱਖ ਰੱਖਦੇ ਹਨ। ਇਸ ਲਈ ਚਿੱਲਾ ਭਾਵੇਂ ਇੰਦ੍ਰੇ ਹਨ; ਸਮਰੱਥਾ ਈਸ਼ਰ ਜਨਿੱਤ ਹੈ)। ਸਮੇਂ ਦੀ ਚਾਲ ਨਾਲ ਇਹ ਪ੍ਰਾਲਬਧ ਨਾਸ਼ ਹੁੰਦੀ ਜਾਂਦੀ ਹੈ। ਜਿਵੇਂ ਜਿਵੇਂ ਫਲ ਦਿੰਦੀ ਜਾਂਦੀ ਹੈ, ਖਤਮ ਹੁੰਦੀ ਜਾਂਦੀ ਹੈ। ਅਖੀਰ ਧਰਤੀ ਤੇ ਤੀਰ ਡਿੱਗਣ ਵਾਂਗ ਪੰਜਾਂ ਤੱਤਾਂ ਦੇ ਸਰੀਰ ਦੀ ਦੇਹੀ ਖਤਮ ਹੋ ਜਾਂਦੀ ਹੈ। ਸਰੀਰ ਦੀ ਹੋਂਦ ਹੀ ਮਨੁੱਖ ਦੀ ਪ੍ਰਾਲਬਧ ਧਾਰਨ ਕਰਦੀ ਹੈ। ਇਸੇ ਲਈ ਜਿਸਦੇ ਜੈਸੇ ਪ੍ਰਾਲਬਧ ਕਰਮ ਹੁੰਦੇ ਹਨ। ਉਸੇ ਪ੍ਰਕਾਰ ਦੀ ਸਰੀਰ ਦੀ ਹੋਂਦ ਸੁੰਦਰਤਾ, ਗੁਣ ਸ਼ੀਲ, ਧਰਮ, ਦੁਖ ਸੁਖ, ਸਾਰਾ ਹੀ ਸੰਸਾਰਿਕ ਵਿਧਾਨ ਹੁੰਦਾ ਹੈ।

**ਥਿਰ ਤਰਕਸ਼ ਮਹਿਂ ਜੇਤਿਕ ਬਾਨ। ਤਿਨ ਕੋ ਸੰਚਿਤ ਨਾਮ ਬਖਾਨ।**
**ਧਨੁਖ ਜੇਹ ਸੌਂ ਜੋਰਯੋ ਜੋਇ। ਨਾਮ ਸੁ ਕਿਰੇਮਾਨ ਤਿਸ ਹੋਇ॥ ੧੯ ॥**

**ਅਰਥ** – ਭੱਥੇ ਵਿਚ ਜਿਤਨੇ ਤੀਰ ਰੂਪ ਕਰਮ ਹੁੰਦੇ ਹਨ, ਉਹਨਾਂ ਨੂੰ ਸੰਚਿਤ ਕਰਮ ਆਖਦੇ ਹਨ। ਜਿਹੜਾ ਧਨੁੱਖ ਦੇ ਚਿੱਲੇ ਤੇ ਜੋੜਿਆ ਹੈ; ਉਸਨੂੰ ਕਿਰੇਮਾਨ ਆਖਦੇ ਹਨ।

**ਭਾਵਾਰਥ** – ਇਕ ਮਨੁੱਖੀ ਸਰੀਰ ਦੇ ਕਰਮ ਤਿੰਨ ਰੂਪ ਧਾਰਨ ਕਿਵੇਂ ਕਰਦੇ ਹਨ। ਜਿਹੜੇ ਪਿਛਲੇ ਇਕੱਠੇ ਹੋਏ ਕਰਮ ਹਨ, ਉਹਨਾਂ ਨੂੰ ਸੰਚਤ ਕਰਮ ਆਖਦੇ ਹਨ। ਹਰ ਜੀਵ ਸਰੀਰ ਕਰਕੇ ਕਿਰਿਆ ਕਰਦਾ ਹੈ। ਜਿਵੇਂ ਜਿਵੇਂ ਕਿਰਿਆ ਸੰਪੂਰਨ ਹੁੰਦੀ ਹੈ, ਕਰਮ ਬਣਦੇ ਰਹਿੰਦੇ ਹਨ। ਜਿਹੜੇ ਕਰਮ ਪਰਾਲਬਧ ਦਾ ਰੂਪ ਧਾਰਨ ਕਰਕੇ ਮਨੁੱਖੀ ਸਰੀਰ ਦੀ ਵਿਧਨਾ ਬਣਦੀ ਹੈ, ਉਹ ਤਾਂ ਭੋਗਣ ਤੋਂ ਬਾਅਦ ਖਤਮ ਹੋ ਜਾਂਦੇ ਹਨ। ਬਾਕੀ ਦੇ ਕਰਮ ਜੀਵ ਦੀ ਸੰਕਲਪਨਾ ਦੇ ਰੂਪ ਵਿਚ ਈਸ਼ਰ ਦੀ ਸੰਕਲਪ ਸ਼ਕਤੀ (ਮਾਇਆ) ਵਿਚ ਸਥਿਤ ਰਹਿੰਦੇ ਹਨ। ਇਹ ਕਰਮ ਇੱਕਠੇ ਹੀ ਜੀਵ ਕੋਟੀ ਲਈ ਟਿਕੇ ਰਹਿੰਦੇ ਹਨ। ਇਸੇ ਪ੍ਰਕਾਰ ਇੰਦ੍ਰੇ ਰੂਪ ਚਿੱਲੇ ਤੇ ਜਿਹੜੀ ਕਿਰਿਆ ਦੀ ਚਾਲ ਜੁੜ ਜਾਂਦੀ ਹੈ। ਉਹੋ ਹੀ ਕਿਰੇਮਾਨ ਕਰਮ ਬਣ ਜਾਂਦੇ ਹਨ।

**ਜਿਨ ਕਰਮਨਿ ਕੋ ਦਿਯੋ ਸਰੀਰ। ਪਰਾਰਬਧ ਸੋ ਜਾਨਹੁਂ ਧਰਿ!।**
**ਅਨਿਕ ਜਨਮ ਕੇ ਕਰੇ ਇੱਕਤ੍ਰ। ਸੋ ਸੰਚਤਿ ਹੈਂ ਨਾਮ ਬਚਿੱਤ੍ਰ ॥ ੨੦ ॥**



**ਅਰਥ** – ਜਿਹੜੇ ਕਰਮਾਂ ਦਾ ਸਰੀਰ ਮਨੁੱਖ ਨੂੰ ਮਿਲ ਪਿਆ ਹੈ। ਹੇ ਧੀਰਜਵਾਨ!! ਉਹੋ ਹੀ ਪਰਾਲਬਧ ਜਾਨਣਾ ਕਰ। ਅਨੇਕਾਂ ਜਨਮਾਂ ਦੇ ਇਕੱਠੇ ਕੀਤੇ ਹੋਏ ਕਰਮਾਂ ਦਾ ਨਾਮ ਸੰਚਿਤ ਹੈ। ਇਹ ਵੀ ਬਹੁਤ ਹੀ ਬਚਿੱਤ੍ਰ ਹਨ, ਭਾਵ ਬਹੁਤ ਤਰ੍ਹਾਂ ਦੇ ਹਨ।

**ਭਾਵਾਰਥ** – ਇਕ ਸਰੀਰ ਦੀ ਪ੍ਰਾਪਤੀ ਕਰਮਾਂ ਕਰਕੇ ਮਿਲੇ ਪ੍ਰਾਲਬਧ ਕਰਮ ਹੁੰਦੇ ਹਨ। ਬਾਕੀ ਦੇ ਕਰਮ ਸੂਖਮ ਰੂਪ ਵਿਚ ਜੀਵ ਦੇ ਅਗਿਆਨ ਵਿੱਚ ਅਤੇ ਵਿਰਾਟ ਦੇ ਈਸ਼ਰ ਰੂਪ ਵਿੱਚ ਸਥਿਤ ਰਹਿੰਦੇ ਹਨ। ਇਹ ਵਾਰਤਾ ਬਹੁਤ ਹੀ ਜਟਿਲ ਹੈ। ਸੰਚਿਤ ਕਰਮ ਮਨੁੱਖ ਦੀ ਅਸ਼ੁਭ ਕਿਰਿਆ ਕਰਕੇ ਅਧਰਮ ਰੂਪ ਵਿੱਚ ਟਿਕਦੇ ਹਨ। ਸ਼ੁਭ ਕਰਮ ਧਰਮ ਰੂਪ ਕਰਕੇ ਸਥਿਤ ਰਹਿੰਦੇ ਹਨ। ਇਸੇ ਨੂੰ ਧਰਮ-ਅਧਰਮ ਕਿਹਾ ਜਾਂਦਾ ਹੈ। ਇਹ ਅਨੇਕਾ ਜਨਮਾਂ ਤੱਕ ਜੀਵ ਨੂੰ ਤੋਰੀ ਰੱਖਦੇ ਹਨ। ਜੀਵ ਤਰਾਂ ਤਰਾਂ ਦੇ ਸਰੀਰ ਧਾਰਨ ਕਰਦਾ ਰਹਿੰਦਾ ਹੈ।

**ਕ੍ਰਿਆ ਹੋਤਿ ਨਿਤ ਜੁਤਿ ਅਭਿਮਾਨ। ਕਿਰੇਮਾਨ ਜੋ ਜਾਨ ਸੁਜਾਨ।**
**ਕਿਰੇਮਾਨ ਜੋ ਕਹਯੋ ਬਨਾਇ। ਤ੍ਰੈ ਸੰਗਯਾ ਇਸ ਕੀ ਹੁਇ ਜਾਇਂ॥ ੨੧ ॥**

**ਅਰਥ** – ਜਿਹੜੀਆਂ ਕਿਰਿਆਵਾਂ ਨੂੰ ਮਨੁੱਖ ਅਭਿਮਾਨ ਦੇ ਸਮੇਤ ਕਰਦਾ ਹੈ। ਹੇ ਸੁਜਾਨ! ਉਹਨਾਂ ਨੂੰ ਕਿਰੇਮਾਨ ਕਰਮ ਜਾਨਣਾ ਕਰ। ਇਸੇ ਕਿਰੇਮਾਨ ਕਰਮਾਂ ਦੇ ਅੱਗੇ ਤਿੰਨ ਨਾਮ ਹੋ ਜਾਂਦੇ ਹਨ।

**ਭਾਵਾਰਥ** – ਜਦੋਂ ਜੀਵ ਆਪਣੇ ਆਪ ਨੂੰ ਮਨੁੱਖੀ ਸਰੀਰ ਸਮਝਦਾ ਹੈ। ਇਸ ਦਾ ਅਹੰ ਭਾਵ ਸਰੀਰ ਵਿਚ ਟਿਕ ਜਾਂਦਾ ਹੈ। ਜੀਵ ਨੂੰ ਸਾਧਨ ਕਰਨ ਲਈ ਸਰੀਰ ਵਸੀਲਾ (ਸਾਧਨ ਦਾ ਜਰੀਆ) ਮਿਲਿਆ ਹੋਇਆ ਹੈ। ਸਰੀਰ ਜੀਵ ਦਾ ਅੰਗ ਨਹੀਂ ਹੈ। ਜਿਵੇਂ ਕਾਰ ਮਨੁੱਖ ਕੋਲ ਆਵਾਜਾਈ ਦੀ ਸੁਵਿਧਾ ਹੈ, ਸਰੀਰ ਦਾ ਅੰਗ ਨਹੀਂ। ਜਦੋਂ ਜੀਵ ਨੇ ਇਸ ਫਾਨੀ ਸੰਸਾਰ ਤੋਂ ਜਾਣਾ ਹੈ, ਤਾਂ ਸਰੀਰ ਨੂੰ ਇੱਥੇ ਹੀ ਛੱਡ ਜਾਏਗਾ। ਕਿਸੇ ਕਾਰਜ ਲਈ ਵਸੀਲਾ ਤਦੋਂ ਹੀ ਠੀਕ ਤਰ੍ਹਾਂ ਵਰਤਿਆ ਜਾਂਦਾ ਹੈ। ਜਦੋਂ ਵਰਤਣ ਵਾਲੇ ਕੋਲ 'ਵਸੀਲੇ ਦਾ' ਤੇ 'ਸਾਧਨ ਲਈ ਯੋਗ ਵਰਤੋਂ ਦਾ' ਪੂਰਨ ਗਿਆਨ ਹੋਵੇ। ਜੇ ਸਾਧਨ ਦਾ ਠੀਕ ਤੇ ਸਹੀ ਗਿਆਨ ਨਾ ਹੋਵੇ ਤਾਂ ਵੀ ਨੁਕਸਾਨ ਹੀ ਉਠਾਉਣਾ ਪੈਂਦਾ ਹੈ। ਇਸ ਲਈ ਹੀ ਭਗਤ ਕਬੀਰ ਜੀ ਨੇ ਕਿਹਾ ਹੈ, 'ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ ੧॥ ਕਿਸੇ ਵੀ ਸਾਧਨ ਨੂੰ ਵਰਤਣ ਲਈ ਯੋਗ ਗਿਆਨ ਦਾ ਹੋਣਾ ਅਤਿ ਜ਼ਰੂਰੀ ਹੈ।

ਖਰਾਦ ਧਾਤਾਂ ਦੇ ਰੂਪ ਨੂੰ ਘੜ੍ਹਦਾ ਹੈ। ਖਰਾਦ, ਟੂਲ, ਬਿਜਲੀ/ 'ਚਲਾਉਣ ਦੇ ਸਾਧਨ', ਰੱਖਣ ਦੀ ਥਾਂ ਅਤੇ 'ਚਲਾਉਣ ਵਾਲਾ' ਆਦਿ ਵਸੀਲੇ ਹਨ। ਖਰਾਦ ਨੂੰ 'ਚਲਾਉਣ ਦਾ ਗੁਣ' ਇਸ ਦੀ ਸਫਲਤਾ ਨਾਲ ਵਰਤੋਂ ਦਾ ਗਿਆਨ ਹੈ। ਜੇ ਚਲਾਉਣ ਵਾਲੇ ਦਾ ਸਹੀ ਢੰਗ ਨਾਲ ਗਿਆਨ ਨਾ ਹੋਵੇ ਤਾਂ ਧਾਤ ਦਾ ਮੁੱਢਲਾ ਰੂਪ ਵੀ ਖਤਮ ਹੋ ਜਾਂਦਾ ਹੈ। ਫਾਇਦਾ ਹੋਣ ਦੀ ਥਾਂ ਤੇ ਨੁਕਸਾਨ ਉਠਾਉਣਾ ਪੈ ਜਾਂਦਾ ਹੈ। ਇਸੇ ਪ੍ਰਕਾਰ ਸਰੀਰ ਇੱਕ ਖਰਾਦ ਵਾਂਗ ਹੈ। ਧਰਤੀ ਮਾਂ ਇਸ ਸਰੀਰ ਦੇ ਟਿਕਾਉਣ ਲਈ ਥਾਂ ਹੈ। 'ਅੰਤਹਕਰਣ ਉਪਹਿਤ ਚੇਤਨ' ਜਾਂ ਸਾਖਸ਼ੀ, ਇਸ ਸਰੀਰ (ਖਰਾਦ) ਨੂੰ ਚਲਾਉਣ ਵਾਲਾ ਹੈ। ਸਰੀਰ ਤੇ ਜੀਵ ਦੀ ਆਪਸੀ ਸਾਂਝ ਪਾਉਣ ਵਾਲੇ 'ਮਨ ਤੇ ਇੰਦ੍ਰੇ' ਧਾਤ ਦੇ ਢੇਲੇ ਵਾਂਗ ਹਨ। ਖਰਾਦ ਵੀ ਇਕ ਧਾਤ (ਲੋਹੇ) ਦਾ ਢੇਲਾ ਹੀ ਹੈ; ਜੇ ਇਸ ਵਿਚ ਕਰਮ ਕਰਨ ਦੀ ਸਮਰੱਥਾ ਨਾ ਹੋਵੇ। ਇਵੇਂ ਹੀ ਸਰੀਰ ਖਰਾਦ ਵੀ ਕਿਸੇ ਕੰਮ ਨਹੀਂ, ਜੇ ਇਸ ਵਿੱਚ ਕੁੱਝ ਕਰਨ ਦੀ ਭਾਵਨਾ ਹੀ ਨਾ ਹੋਵੇ। ਜਿਵੇਂ ਕਿਹਾ ਜਾਂਦਾ ਹੈ, 'ਚਲਦੀ ਦਾ ਨਾਮ ਗੱਡੀ'। ਹਰ ਵਸਤੂ ਕਿਸੇ ਖਾਸ ਕਾਰਜ ਲਈ ਨਿਯੁਕਤ ਹੁੰਦੀ ਹੈ। ਇਵੇਂ ਹੀ ਮਨੁੱਖੀ ਸਰੀਰ ਵੀ ਇੱਕ ਖਰਾਦ ਵਰਗੀ ਹੈਸੀਅਤ ਵਿਚ ਤਾਂ ਹੀ ਹੈ; ਜੇ ਇਹ ਚਲਦਾ ਰਹੇ। ਸਾਖਸ਼ੀ, ਅੰਦਰੋਂ ਸੱਤਾ ਦੀ ਬਿਜਲੀ/(ਚਲਾਉਣ ਦੇ ਸਾਧਨ) ਦਾ ਕੰਮ ਕਰਦਾ ਹੈ। ਬੁੱਧੀ ਨਿਸ਼ਚਾ ਕਰਨ ਰੂਪ ਚਲਣ ਲਈ ਗਤੀਸ਼ੀਲਤਾ ਦੀ ਖੁਸ਼ੀ ਪ੍ਰਦਾਨ ਕਰਦੀ ਹੈ। ਗਤੀਸ਼ੀਲਤਾ ਸਰੀਰ ਦੀ ਸਹਿਜ ਵਿੱਚ ਜਾਂ ਕਿਸੇ ਯੋਜਨਾ ਤਹਿਤ ਖਾਸ ਵੀ ਹੋ ਸਕਦੀ ਹੈ। ਜਿਵੇਂ ਜਿਵੇਂ ਸਰੀਰ ਦੀ ਗਤੀਸ਼ੀਲਤਾ ਹੁੰਦੀ ਰਹਿੰਦੀ ਹੈ; ਇਸ ਦੇ ਨਾਲ ਕਿਰਿਆ ਹੁੰਦੀ ਹੈ। ਇਹ ਕਿਰਿਆ ਹੀ ਸੰਪੂਰਨ ਹੋਣ ਉਪਰੰਤ ਕਰਮ ਬਣ ਜਾਂਦਾ ਹੈ। ਇਸੇ ਨੂੰ ਕਿਰੇਮਾਨ ਕਰਨ ਆਖਦੇ ਹਨ। ਅਕਲ ਤੋਂ ਬਿਹੀਨ ਮਨੁੱਖ ਆਖਦਾ ਹੈ, "ਦੇਖਿਆ! ਖਰਾਦ ਦਾ ਕੀ ਕਮਾਲ ਹੈ?" ਪਰ ਬੁੱਧੀਵਾਨ ਆਖਦਾ ਹੈ, ਇਹ ਅਕਲ ਦਾ ਕਮਾਲ ਹੈ। ਜਿਸਨੇ ਇੱਕ ਲੋਹੇ ਦੇ ਢੇਲੇ ਨੂੰ ਖਰਾਦ ਬਣਾ ਦਿੱਤਾ ਹੈ। ਖਰਾਦ ਤੋਂ ਆਪਣੀ ਅਕਲ ਨਾਲ ਕੀ ਕੁੱਝ ਘੜੀ ਜਾ ਰਿਹਾ ਹੈ। ਅਕਲ ਵਾਲਾ ਹੀ ਖਰਾਦ ਨੂੰ ਚਲਾ ਸਕਦਾ ਹੈ। ਇਵੇਂ ਬੁੱਧੀ ਰਹਿਤ ਮਨੁੱਖ ਆਖਦਾ ਹੈ। ਇਹ ਕੰਮ ਮੈਂ ਕੀਤਾ ਹੈ। ਸਰੀਰ ਦੀ ਹੰਗਤਾ ਕਰਮ ਵਿਚ ਧਾਰਨ ਕਰ ਲੈਂਦਾ ਹੈ। ਇਹੀ ਕਿਰੇਮਾਨ ਕਰਮ ਅੱਗੋਂ ਤਿੰਨ ਰੂਪ ਵਿੱਚ ਵਰਤਦੇ ਹਨ।

**ਪ੍ਰਥਮ ਅਵਸਥਾ ਮਹਿੰ 'ਕਿਰੇਮਾਨ'। ਦੁਤੀਏ ਮਹਿੰ 'ਸੰਚਿਤ' ਇਹ ਜਾਨ।**
**ਤ੍ਰਿਤੀ ਅਵਸਥਾ ਜਬਿ ਹੀ ਪਾਇ। 'ਪਰਾਰਬਧ' ਸੰਗਯਾ ਹੁਇ ਜਾਇ॥ ੨੨ ॥**



**ਅਰਥ** – ਪਹਿਲੀ ਅਵਸਥਾ ਵਿੱਚ ਕਿਰੇਮਾਨ ਕਰਮ ਹੁੰਦੇ ਹਨ। ਦੂਜੀ ਅਵਸਥਾ ਵਿੱਚ ਸੰਚਿਤ ਕਰਮ ਹੋ ਜਾਂਦੇ ਹਨ। ਤੀਜੀ ਅਵਸਥਾ ਵਿੱਚ ਪ੍ਰਾਲਬਧ ਇਸ ਦਾ ਨਾਮ ਹੋ ਜਾਂਦਾ ਹੈ।

**ਭਾਵਾਰਥ** – ਪਹਿਲੀ ਅਵਸਥਾ ਵਿੱਚ ਕਿਰੇਮਾਨ ਕਰਮ ਹੁੰਦੇ ਹਨ। ਦੂਜੀ ਅਵਸਥਾ ਵਿੱਚ ਸੰਚਤ ਕਰਮ ਬਣ ਜਾਂਦੇ ਹਨ। ਮਨੁੱਖ ਕਮਾਈ ਕਰਦਾ ਹੈ, ਆਪਣੀ ਕਾਮਈ ਕੀਤੀ ਹੋਈ ਮਾਇਆ ਇਕੱਠੀ ਕਰਦਾ ਰਹਿੰਦਾ ਹੈ। ਉਹ ਮਾਇਆ ਕਿਸੇ ਸ਼ਾਹੂਕਾਰ/ ਬੈਂਕ ਆਦਿ ਵਿੱਚ ਰੱਖਦਾ ਜਾਂਦਾ ਹੈ। ਜਦੋਂ ਇਸ ਨੂੰ ਲੋੜ ਪੈ ਜਾਏ ਤਾਂ ਵਰਤ ਲੈਂਦਾ ਹੈ। ਇਵੇਂ ਪ੍ਰਭੂ ਇਸ ਜੀਵ ਅੰਦਰ ਆਤਮ-ਚੇਤਨ ਰੂਪ ਵਿੱਚ ਇਸ ਦੇ ਕਮਾਏ ਕਰਮਾਂ ਦੀ ਮਾਇਆ ਇਕੱਠੀ ਕਰੀ ਜਾਂਦਾ ਹੈ। ਇਹ ਸੰਚਤ ਕਰਮ 'ਈਸ਼ਰ ਦੀ ਸੰਕਲਪਨ ਸ਼ਕਤੀ' ਵਿੱਚ ਟਿਕੇ ਰਹਿੰਦੇ ਹਨ। ਜਿਵੇਂ ਜੀਵ ਵਿਅਸ਼ਟੀ ਰੂਪ ਵਿੱਚ ਇੱਕ ਆਪਣੇ ਅੰਦਰਲੇ ਸੰਸਾਰ ਦਾ ਕਰਤਾ ਬਣ ਕੇ ਜੀਵਨ ਨੂੰ ਤੋਰਦਾ ਹੈ। ਇਵੇਂ ਹੀ ਈਸ਼ਰ ਸ਼ਮਸ਼ਟੀ ਬ੍ਰਹਮੰਡ ਨੂੰ ਆਪਣੀ ਸ਼ਕਤੀ ਨਾਲ ਸਿਰਜਦਾ ਹੈ। ਈਸ਼ਰ, ਕੁੱਲ੍ਹ ਜੀਵਾਂ ਨੂੰ ਕਰਮਾਂ ਦੇ ਵਿਧਾਨ ਮੁਤਾਬਿਕ ਜਨਮ ਮਰਣ ਵਿਚ ਤੋਰੀ ਰੱਖਦਾ ਹੈ। ਜਿਹੜੇ ਕਰਮ ਇਸ ਜੀਵ ਨੂੰ ਸਰੀਰਕ ਸਾਧਨ ਲਈ ਕੁੱਝ ਖਾਸ ਸਮੇਂ ਲਈ ਮਿਲਦੇ ਹਨ। ਉਹਨਾਂ ਨੂੰ ਪ੍ਰਾਲਬਧ ਕਰਮ ਆਖਦੇ ਹਨ। ਬਾਕੀ ਦੇ ਸੰਚਿਤ ਕਰਮ ਉਸੇ ਪ੍ਰਕਾਰ ਟਿਕੇ ਰਹਿੰਦੇ ਹਨ। ਪ੍ਰਾਲਬਧ ਅਨੁਸਾਰ ਜੀਵ ਨੂੰ ਸਮਾਂ/(ਗਿਣਤੀ ਮੁਤਾਬਕ ਸਵਾਸ), ਸੁਖ ਸੁਵਿਧਾ ਲਈ ਸੰਸਾਰਿਕ ਸਾਧਨ, ਮਾਂ-ਬਾਪ ਰਿਸ਼ਤੇ ਆਦਿਕ, ਸਰੀਰ ਤੇ ਜੀਵ ਦੀ ਸਮਤੋਲਤਾ ਲਈ ਅੰਤਹਕਰਨ (ਮਨ ਬੁਧਿ ਆਦਿ) ਮਿਲਦੇ ਹਨ। ਪਰਾਲਬਧ ਹੀ ਇੱਕ ਸਾਧਨ ਹੈ, ਜਿਸ ਕਰਕੇ ਜੀਵ ਚੰਗਿਆਈ ਲਈ ਪ੍ਰੇਰਿਤ ਹੁੰਦਾ ਹੈ। ਜੇ ਪੂਰਬਲੀ ਪਰਾਲਬਧ ਵਿੱਚ ਕੋਈ ਚੰਗਿਆਈ ਨਹੀਂ ਹੈ। ਤਾਂ ਕਿਰੇਮਾਨ ਕਰਮ ਰਾਹੀਂ ਚੰਗਿਆਈ ਪ੍ਰਾਪਤ ਕੀਤੀ ਜਾ ਸਕਦੀ ਹੈ। ਕਿਉਂਕਿ ਕਿਰੇਮਾਨ ਕਰਮਾਂ ਨੂੰ ਹੰਗਤਾ ਮਮਤਾ ਰਹਿਤ ਕਰਨ ਵਾਲਾ ਚੰਗਿਆਈ ਦਾ ਭੰਡਾਰ ਬਣ ਜਾਂਦਾ ਹੈ।

**ਜਿਮ ਇਕ ਕਾਲ ਭਵਿੱਖਤ ਹੋਇ। ਬਹੁਰੋ ਬਰਤਮਾਨ ਹੈ ਸੋਇ।**
**ਸੋਈ ਕਾਲ ਭੂਤ ਹ੍ਵੈ ਜਾਇ। ਲਖਹੁ ਖਾਲਸਾ ਤਿਸ ਹੀ ਭਾਇ॥ ੨੩ ॥**

**ਅਰਥ** – ਜਿਵੇਂ ਸਮੇ ਦਾ ਇੱਕ ਸੈਕਿੰਡ ਜਦੋਂ ਵਾਪਰ ਰਿਹਾ ਹੁੰਦਾ ਹੈ; ਉਸ ਤੋਂ ਪਹਿਲਾਂ ਭਵਿੱਖਤ ਹੈ। ਵਾਪਰਨ ਵੇਲੇ ਵਰਤਮਾਨ ਸਮਾਂ ਹੋ ਜਾਂਦਾ ਹੈ। ਉਹੋ ਹੀ ਅਵਧੀ ਪੂਰੀ ਹੋਣ ਤੇ ਲੰਘ ਚੁੱਕਾ ਸਮਾਂ ਬਣ ਜਾਂਦਾ ਹੈ। ਹੇ ਖਾਲਸਾ ਜੀ! ਇਸੇ

ਤਰ੍ਹਾਂ ਹੀ ਕਰਮਾਂ ਦੀ ਗਤੀ ਨੂੰ ਸਮਝ ਲਓ।

**ਭਾਵਾਰਥ** – ਭਾਈ ਸਾਹਿਬ ਜੀ ਸਮਝਾਉਣ ਲਈ ਸਮੇਂ ਦੀ ਵਰਤੋਂ ਕਰਦੇ ਹਨ। ਜਿਵੇਂ ਇੱਕ ਵਾਰ ਸਮਾਂ ਆਉਣ ਵਾਲਾ ਹੁੰਦਾ ਹੈ। ਜਿਸਦੀ ਉਡੀਕ ਕੀਤੀ ਜਾਂਦੀ ਹੈ। ਉਸ ਨੂੰ ਭਵਿੱਖਤ ਕਾਲ ਕਿਹਾ ਜਾਂਦਾ ਹੈ। ਨਵੀਂ ਕਲਾਸ ਵਿਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀ ਸ਼ੁਰੂ ਹੋਈਆਂ ਕਲਾਸਾਂ ਵੇਲੇ ਆਖਦੇ ਹਨ। ਸਾਰਾ ਸਾਲ ਪਿਆ ਹੈ, ਕੋਈ ਗੱਲ ਨਹੀਂ, ਤਾਂ ਉਹਨਾਂ ਲਈ ਇਹੀ 'ਕੋਈ ਗੱਲ' ਕੁੱਝ ਨਹੀਂ ਬਣਨ ਦਿੰਦੀ। ਉਹਨਾਂ ਨੇ ਸਮੇਂ ਦੀ ਪਰਵਾਹ ਨਹੀਂ ਕੀਤੀ ਸਮਾਂ ਉਹਨਾਂ ਦੀ ਪਰਵਾਹ ਨਹੀ ਕਰਦਾ। ਡਾ: ਭਾਈ ਵੀਰ ਸਿੰਘ ਜੀ ਦੀ ਕਵਿਤਾ ਇਹੀ ਸੰਦੇਸ਼ ਦੇ ਰਹੀ ਹੈ। ***ਰਹੀ ਵਾਸਤੇ ਘੱਤ 'ਸਮੇਂ' ਨੇ ਇਕ ਨ ਮੰਨੀ, ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ, ਕਿਵੇਂ ਨ ਸਕੀ ਰੋਕ ਅਟਕ ਜੋ ਪਾਈ ਭੰਨੀ, ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ, ਹੋ! ਅਜੇ ਸੰਭਾਲ ਇਸ 'ਸਮੇਂ' ਨੂੰ ਕਰ ਸਫਲ ਉਡੰਦਾ ਜਾਂਵਦਾ, ਇਹ ਠਹਿਰਨ ਜਾਚ ਨ ਜਾਣਦਾ ਲੰਘ ਗਿਆ ਨ ਮੁੜਕੇ ਆਂਵਦਾ।*** *ਵੀਰ ਸਿੰਘ* ਜਿਹਨਾਂ ਨੇ ਸਮੇਂ ਨੂੰ ਪਹਿਚਾਣ ਲਿਆ ਹੈ। ਉਹ ਇਸ ਦੀ ਚਾਲ ਦੁਆਰਾ ਆਪਣਾ ਕਾਰਜ ਸਫਲ ਕਰ ਲੈਂਦੇ ਹਨ। ਇਸ ਦੇ ਵੇਗ ਨੇ ਕਦੇ ਵੀ ਰੁਕਣਾ ਨਹੀਂ ਹੈ। ਇਹੀ ਸਮਾਂ ਕਦੇ ਭਵਿੱਖਤ ਰੂਪ ਵਿੱਚ ਹੈ, ਜਿਹੜਾ ਦੱਸਦਾ ਹੈ; ਭਲਿਆ! ਮੈਂ ਤੁਰਿਆ ਆ ਰਿਹਾ ਹਾਂ। ਧਿਆਨ ਕਰ ਜਦੋਂ ਵਰਤਮਾਨ ਬਣ ਗਿਆ ਤਾਂ ਇੱਕ ਪਲ ਵਿੱਚ ਹੀ ਭੂਤਕਾਲ ਬਣ ਜਾਂਵਾਗਾ। ਜਦੋਂ ਲੰਘ ਗਿਆ (ਭੂਤਕਾਲ) ਫਿਰ ਮੁੜ ਕੇ ਹੱਥ ਨਹੀਂ ਲੱਗੇਗਾ। ਇਸ ਲਈ ਹੀ ਪੇਸ਼ ਹੈ, '***ਸਮਾਂ ਅਵੱਲਾ ਵੇਗ ਰੁਕਣਾ ਮੂਲ ਨ ਜਾਣਦਾ। ਜਿਹੜੇ ਕਰਦੇ ਸੇਵ ਇਹ ਅਮੁੱਲ ਬਣਾਵਦਾ।*** *(ਗੁਰਮੀਤ ਸਿੰਘ)* ਸਮੇਂ ਦੀ ਕਦਰ ਕਰਨਾ ਸਿਆਣੇ ਮਿਹਨਤਕਸ਼ਾਂ ਦੀ ਪਹਿਚਾਣ ਹੈ। ਸਮਾਂ ਤਿੰਨ ਰੂਪ ਨਾਲ ਇੱਕ ਹੀ ਵੇਲੇ ਚਲਦਾ ਹੈ। ਜੁਆਨੀ ਦਾ ਵਰਤਮਾਨ ਬੱਚਿਆਂ ਲਈ ਭਵਿੱਖ ਹੈ ਤੇ ਬਜ਼ੁਰਗਾਂ ਦਾ ਭੂਤਕਾਲ ਹੈ। 'ਖਾਲਸਾ ਜੀ' ਕਹਿਣ ਤੋਂ ਭਾਵ ਹੈ, ਇਸ ਤਰ੍ਹਾਂ ਦੇ ਨਾਲ ਵਿਚਾਰਸ਼ੀਲ ਹੋ ਕੇ ਜਾਣ ਲਵੋ। ਖਾਲਸਾ ਹਮੇਸ਼ਾਂ ਸਰੀਰ ਤੋਂ ਉੱਚਾ ਉੱਠ ਕੇ ਆਤਮਿਕ ਜੀਵਨ ਜਿਉਂਦਾ ਹੈ। ਉਸਦੀ ਮੱਤ ਉੱਚੀ ਤੇ ਮਨ ਨੀਵਾਂ ਹੁੰਦਾ ਹੈ। ਸਮੇਂ ਦੇ ਵਾਂਗ ਹੀ ਕਰਮ ਵੀ ਤਿੰਨ ਤਰ੍ਹਾਂ ਦੇ ਰੂਪ ਧਾਰਨ ਕਰ ਲੈਂਦੇ ਹਨ। ਕਦੇ ਕਿਰੇਮਾਨ ਕਦੇ ਸੰਚਿਤ ਕਦੇ ਪਰਾਲਬਧ।

**ਪਰਾਰਬਧ ਕੇ ਫਲ ਹੈਂ ਤੀਨ। ਜਾਤਿ, ਆਰਬਲ ਭੋਗ, ਸੁ ਚੀਨ।**
**ਸੁਰ ਨਰ ਆਦਿ ਚਰਾਚਰ ਦੇਹਿ। ਉੱਤਮ ਮੱਧਮ ਅਧਮ ਅਛੇਹ॥ ੨੪॥**



**ਅਰਥ** – ਪ੍ਰਾਲਬਧ ਦੇ ਤਿੰਨ ਫਲ ਹਨ, ਜਾਤੀ ਉਮਰ ਤੇ ਪਦਾਰਥ ਜਾਣ ਲੈਣਾ ਕਰੋ। ਜਾਤਿ ਚਲੀ-ਦੇਵਤੇ ਮਨੁੱਖ ਆਦਿ ਤੋਂ ਲੈ ਕੇ ਜੜ੍ਹ ਚੇਤਨ ਸਰੀਰ ਹੁੰਦੇ ਹਨ। ਇਹਨਾਂ ਸਰੀਰਾਂ ਦੇ ਵਿਚ ਉੱਤਮ ਤੇ ਮੱਧਮ ਤੇ ਨੀਚ (ਅਛੇਹ) ਇਕਰਸ ਦੇਖਣਾ ਕਰ।

**ਭਾਵਾਰਥ** – ਪ੍ਰਾਲਬਧ ਦੇ ਮੂਲ ਰੂਪ ਵਿੱਚ ਤਿੰਨ ਹੀ ਫਲ ਹਨ। ਪੂਰਬਲੇ ਕਰਮਾਂ ਦੇ ਫਲਸਫੇ ਕਰਕੇ ਮਨੁੱਖ ਕੋਲ ਉੱਤਮ ਮੱਧਮ ਤੇ ਨੀਵੇਂ/ਨੀਚ ਫਲ ਮਿਲਦੇ ਹਨ। ਇਹਨਾਂ ਦੇ ਦੁਆਰਾ ਤਿੰਨ ਹੀ 'ਜਾਤ ਆਰਬਲ ਤੇ ਭੋਗ' ਵਿੱਚ ਅਧਿਕਤਾ ਤੇ ਨਿਯੂਨਤਾ ਹਰ ਇੱਕ ਮਨੁੱਖ ਨੂੰ ਰਹਿੰਦੀ ਹੈ। ਇਸ ਵਿਸ਼ੇ ਨੂੰ ਤੱਕਣਾ ਸਭ ਦਾ ਆਪੋ-ਆਪਣੇ ਢੰਗ ਦਾ ਹੁੰਦਾ ਹੈ। ਇਕ ਆਮ ਮਨੁੱਖ ਇਸ ਵੀਚਾਰ ਨੂੰ ਸੁਣ ਕੇ ਕੰਮ ਚੋਰ ਹੋ ਜਾਂਦਾ ਹੈ। ਜੇ ਪੂਰਬਲੇ ਕਰਮਾਂ ਕਰਕੇ ਹੀ ਇਹ ਸਭ ਕੁੱਝ ਮਿਲਦਾ ਹੈ। ਤਾਂ ਮਿਹਨਤ ਕਰਨ ਦੀ ਕੀ ਲੋੜ ਹੈ। ਇੱਕ ਨਾਸਤਕ ਇਸ ਵੀਚਾਰ ਨੂੰ ਸੁਣ ਕੇ ਆਖਦਾ ਹੈ, "ਆਪਣੇ ਆਪ ਰੋਟੀ ਦੀ ਥਾਲੀ ਤਿਆਰ ਹੋ ਕੇ ਕਿਉਂ ਨਹੀਂ ਆ ਜਾਂਦੀ?" ਜਿਤਨੀ ਜਿਤਨੀ ਆਸਤਕ ਭਾਵਨਾ ਹੋਵੇਗੀ ਉਤਨੀ ਉਤਨੀ ਇਸ ਕਰਮਾਂ ਦੇ ਫਲਸਫੇ ਨੂੰ ਸਮਝਕੇ ਧਾਰਨ ਲਗਨ ਦੀ ਲਗਨ ਹੋਵੇਗੀ। ਕਰਮਾਂ ਦੀ ਫਿਲਾਸਫੀ ਧਰਮ ਦੀ ਭਾਵਨਾ ਦਾ ਦੂਜਾ ਨਾਮ ਹੈ। ਗੁਰਮਤਿ ਸਿਧਾਂਤ, ਕਰਮਾਂ ਦੀ ਫਿਲਾਸਫੀ ਨੂੰ ਗਿਆਨ ਨਿਸ਼ਠਾ ਲਈ ਪ੍ਰਵਾਨ ਕਰਦਾ ਹੈ। ਮੀਂਮਸਾ (ਜਿਸਨੂੰ ਪੂਰਬ ਮੀਂਮਸਾ ਵੀ ਕਿਹਾ ਜਾਂਦਾ ਹੈ) ਦਾ ਫਲਸਫਾ ਆਪਣੇ ਢੰਗ ਦਾ ਹੈ। ਗੁਰਸਿੱਖ ਆਪਣੀ ਜ਼ਿੰਦਗੀ ਅੰਦਰ ਚੰਗਿਆਈ ਦੀ ਸਾਧਨਾ ਲਈ ਹਮੇਸ਼ਾ ਸ਼ੁਭ ਕਰਮਾਂ ਵਿਚ ਪ੍ਰਵਿਰਤ ਹੁੰਦੇ ਹਨ। ਕਰਮ ਕਰਦਿਆਂ ਜਦੋਂ ਸਰੀਰ ਦੇ ਸੁਆਸ ਪੂਰੇ ਹੁੰਦੇ ਹਨ। ਅਗਲਾ ਜਨਮ ਇਹਨਾਂ ਕਰਮਾਂ ਦੁਆਰਾ ਹੀ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪੰਨਾ-੬੬ ਉਪਰ ਅੰਕਿਤ ਹੈ, ਕਿ ਜੀਵ ਦੇ ਕਰਮਾਂ ਮੁਤਾਬਕ 'ਪ੍ਰਭੂ ਹੁਕਮ' ਜੀਵ ਨੂੰ ਤੋਰੀ ਰੱਖਦਾ ਹੈ। ਜਿਹੜਾ ਜੀਵ, ਚੰਗੇ ਕਰਮਾਂ ਕਰਕੇ ਪ੍ਰਭੂ ਨਾਮ ਵਿਚ ਆਪਣੇ-ਆਪ ਨੂੰ ਜੋੜ ਕੇ ਪ੍ਰਭੂ ਦਰਸ਼ਨ ਪ੍ਰਾਪਤ ਕਰ ਲੈਂਦਾ ਹੈ। ਉਹ ਪ੍ਰਭੂ ਹੁਕਮ ਨੂੰ ਸਮਝਦਾ ਹੋਇਆ ਪ੍ਰਭੂ ਚਰਨਾਂ ਵਿੱਚ ਲੀਨ ਹੋ ਜਾਂਦਾ ਹੈ। ***ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥ ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥ ੫ ॥*** ਪੰਨਾ-੬੬ *(ਹੇ ਪ੍ਰਭੂ! ਜੀਵਾਂ ਦੇ ਕੀਹ ਵੱਸ? ਤੇਰੇ) ਹੁਕਮ ਵਿੱਚ ਹੀ (ਜੀਵ) ਕਰਮ ਕਮਾਂਦੇ ਹਨ (ਤੇਰੇ ਹੁਕਮ ਵਿੱਚ ਹੀ) ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ*

*ਉਹਨਾਂ ਨੂੰ ਜਨਮ ਮਰਨ ਦਾ ਫੇਰ ਪਿਆ ਰਹਿੰਦਾ ਹੈ। ਤੇਰੇ ਹੁਕਮ ਅਨੁਸਾਰ ਹੀ ਕਈ ਜੀਵਾਂ ਨੂੰ ਤੇਰਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ, ਜਿਧਰ ਤੂੰ ਭੇਜਦਾ ਹੈਂ ਉੱਧਰ ਜੀਵਾਂ ਨੂੰ ਜਾਣਾ ਪੈਂਦਾ ਹੈ। ਤੇਰੇ ਹੁਕਮ ਅਨੁਸਾਰ ਹੀ ਕਈ ਜੀਵਾਂ ਦੇ ਮਨ ਵਿਚ ਤੇਰਾ ਹਰਿ ਨਾਮ ਵੱਸਦਾ ਹੈ, ਤੇਰੇ ਹੁਕਮ ਵਿੱਚ ਹੀ ਤੇਰੇ ਸਦਾ ਥਿਰ ਸਰੂਪ ਵਿੱਚ ਉਹਨਾਂ ਦੀ ਲੀਨਤਾ ਰਹਿੰਦੀ ਹੈ ॥ ੫ ॥* ਜੋ ਪ੍ਰਭੂ ਹੁਕਮ ਦੀ ਅਦੂਲੀ (ਹੁਕਮ ਮੰਨਣ ਤੋਂ ਇਨਕਾਰੀ) ਕਰਦਿਆਂ ਆਪਣੇ ਮਨ ਮੁਤਾਬਿਕ ਕਰਮ ਕਰਦਾ ਹੈ। ਉਹ ਮਾਇਆ ਦੀ ਗ੍ਰਿਫਤ ਵਿੱਚ ਪਿਆ ਹੋਇਆ ਮੁੜ ਮੁੜ ਕੇ ਜੰਮਦਾ ਮਰਦਾ ਰਹਿੰਦਾ ਹੈ ***ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥ ਪੰਨਾ-੬੮*** *ਮਾਇਆ (ਦੇ ਮੋਹ) ਵਿਚ ਟਿਕੇ ਰਿਹਾਂ ਆਤਮਿਕ ਅਡੋਲਤਾ ਪੈਦਾ ਨਹੀਂ ਹੁੰਦੀ, ਮਾਇਆ ਤਾਂ (ਪ੍ਰਭੂ ਤੋਂ ਬਿਨਾ ਕਿਸੇ) ਹੋਰ ਪਿਆਰ ਵਿੱਚ (ਫਸਾਉਂਦੀ ਹੈ)। ਅਜਿਹੇ ਮਨਮੁੱਖਤਾ ਵਾਲੇ ਕਰਮ ਕੀਤਿਆਂ ਮਨੁੱਖ ਹਉਮੈ ਵਿੱਚ ਹੀ ਸੜਦਾ ਹੈ (ਆਪਣੇ ਆਪ ਨੂੰ ਸਾੜਦਾ ਹੈ। ਉਸ ਦਾ ਜਨਮ ਮਰਨ ਦਾ ਗੇੜ ਕਦੇ ਮੁੱਕਦਾ ਨਹੀਂ, ਉਹ ਮੁੜ ਮੁੜ ਜੰਮਦਾ ਰਹਿੰਦਾ ਹੈ।* ਚਲਦੀ ਦਾ ਨਾਮ ਗੱਡੀ ਹੁੰਦਾ ਹੈ, ਨਹੀਂ ਤਾਂ ਲੋਹਾ ਹੀ ਹੁੰਦਾ ਹੈ। ਇਵੇਂ ਸਰੀਰ ਚਲਦਾ ਹੋਵੇ ਤਾਂ ਮਨੁੱਖ ਹੈ, ਨਹੀਂ ਤਾਂ ਮਿੱਟੀ ਦੀ ਢੇਰੀ ਹੀ ਹੈ। ਸਰੀਰ ਚਲਦਾ ਹੋਵੇ ਤਾਂ ਕਰਮ ਹੋਣੇ ਹੀ ਹਨ। ਉਹਨਾਂ ਕਰਮਾਂ ਵਿੱਚੋਂ ਇਕ ਸਹਿਜ ਕਰਮ ਹਨ। ਜਿਹਨਾਂ ਵਿੱਚ ਸੁੱਤੇ ਹੀ ਸਰੀਰ ਦੇ ਕਰਮ ਇੰਦ੍ਰੇ ਪ੍ਰਵਿਰਤ ਹੁੰਦੇ ਹਨ। ਕੁੱਝ ਕਰਮ ਮਨੁੱਖ ਵਿਸ਼ੇਸ ਕਰਕੇ ਕਰਦਾ ਹੈ। 'ਗਿਆਨ ਇੰਦ੍ਰੇ' ਕਰਮ ਕਰਨ ਲਈ ਗਿਆਨ ਦਿੰਦੇ ਹਨ। 'ਕਰਮ ਇੰਦ੍ਰੇ' ਕਰਮ ਕਰਨ ਲਈ ਪ੍ਰਵਿਰਤ ਹੁੰਦੇ ਹਨ। ਦੋਨਾਂ ਨੂੰ ਕਰਮ ਲਈ ਸੁਮੇਲਤਾ ਦੇਣਾ ਮਨ ਦਾ ਕਰਤੱਬ ਹੈ। ਗੁਰੂ ਸਾਹਿਬਾਨ ਜੀ ਨੇ ਚੰਗੇ ਕਰਮਾਂ ਲਈ ਗਿਆਨ ਇੰਦ੍ਰੇ ਤੇ ਕਰਮ ਇੰਦ੍ਰੇ ਦੀ ਸਾਧਨਾ ਨੂੰ ਚੰਗਿਆਈ ਅਧਾਰਿਤ ਕਰਨ ਲਈ ਪ੍ਰਭੂ ਨਾਮ ਸਿਧਾਂਤ ਦਿੱਤਾ ਹੈ। ਇਸ ਤਰ੍ਹਾਂ ਮੂਲ ਰੂਪ ਵਿਚ ਪ੍ਰਾਲਬਧ ਤਿੰਨ ਤਰ੍ਹਾਂ ਦਾ ਫਲ ਦਿੰਦੀ ਹੈ। ਭਾਈ ਸਾਹਿਬ ਜੀ ***ਪਹਿਲਾਂ ਜਾਤਿ ਦੀ ਗੱਲ ਕਰਦੇ ਹਨ :- ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥ ੪ ॥ ੧੦ ॥ ਪੰਨਾ-੧੩੩੦*** *"ਹੇ ਨਾਨਕ! (ਪ੍ਰਭੂ ਹਰੇਕ ਜੀਵ ਦੇ ਅੰਦਰ ਮੌਜੂਦ ਹੈ, ਪ੍ਰਭੂ ਹੀ ਹਰੇਕ ਦੀ ਜਾਤ ਪਾਤ ਹੈ। ਵਖਾਵਿਆਂ ਵਿਚ ਪੈ ਕੇ) ਇਹ ਨਹੀਂ ਪੁੱਛਣਾ ਚਾਹੀਦਾ ਕਿ (ਫਲਾਣੇ ਦੀ) ਜਾਤਿ ਕਿਹੜੀ ਹੈ ਕਿਸ ਕੁਲ ਵਿੱਚ ਉਸ ਦਾ ਜਨਮ*



*ਹੋਇਆ। (ਪੁੱਛਣਾ ਹੈ ਤਾਂ) ਪੁੱਛੋ ਕਿ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਕਿਸ ਹਿਰਦੇ ਘਰ ਵਿਚ ਪਰਗਟ ਹੋਇਆ ਹੈ।* ***ਜਾਤਿ ਪਾਤਿ ਤਾਂ ਜੀਵ ਦੀ ਉਹੀ ਹੈ ਜਿਹੋ ਜਿਹੇ ਜੀਵ ਕਰਮ ਕਮਾਂਦਾ ਹੈ।*** *ਜਨਮ ਮਰਨ (ਦੇ ਗੇੜ) ਦਾ ਦੁੱਖ ਤਦੋਂ ਹੀ ਦੂਰ ਹੁੰਦਾ ਹੈ, ਜਦੋਂ ਜੀਵ ਪ੍ਰਭੂ ਦੇ ਨਾਮ ਵਿਚ ਜੁੜਦਾ ਹੈ। ਨਾਮ ਵਿਚ ਜੁੜਿਆਂ ਹੀ (ਕਾਮਦਿਕ ਪੰਜ ਚੋਰਾਂ ਤੋਂ) ਖਲਾਸੀ ਹੁੰਦੀ ਹੈ ॥ ੪ ॥"* ਪ੍ਰੋ: ਸਾਹਿਬ ਸਿੰਘ ਜੀ 'ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਪੂਰਾ ਚਰਨ ਇਸ ਲਈ ਅੰਕਿਤ ਕੀਤਾ ਹੈ। ਤਾਂ ਕਿ ਸਾਨੂੰ ਗੁਰਮਤਿ ਅਨੁਸਾਰ ਕਰਮਾਂ ਦੀ ਫਲਾਸਫੀ ਸਮਝ ਵਿਚ ਆ ਜਾਏ। ਕੁਝ ਵੀਰ ਜਾਤ ਪਾਤ ਨੂੰ ਕਿਸੇ ਨਜ਼ਰੀਏ ਤੋਂ ਲੈਂਦੇ ਹਨ; ਕੁੱਝ ਵੀਰ ਕਿਸੇ ਨਜ਼ਰੀਏ ਤੋਂ। ਸਪੱਸ਼ਟ ਰੂਪ ਵਿੱਚ ਸਮਝ ਆਏਗਾ, ਜੇ ਅਸੀਂ ਗੁਰੂ ਸਾਹਿਬਾਨ ਜੀ ਦੀ ਬਾਣੀ ਦੀ ਵੀਚਾਰ ਨੂੰ ਸਮਝਣ ਦਾ ਯਤਨ ਕਰੀਏ। ਗੁਰੂ ਸਾਹਿਬ ਜੀ ਆਖਦੇ ਹਨ, ਜੋ ਮਨੁੱਖ ਦਾ ਸਰੀਰ ਮਨੁੱਖ ਨੂੰ ਮਿਲ ਗਿਆ ਹੈ। ਇਹ ਫਲਾਣੀ ਜਾਤ ਦਾ ਹੈ ਜਾਂ ਫਲਾਣੀ ਜਾਤ ਦਾ ਹੈ; ਇਸ ਗੱਲ ਵਿਚ ਨਹੀਂ ਪੈਣਾ ਚਾਹੀਦਾ। ਇਹ ਗੱਲ ਜ਼ਰੂਰ ਸਮਝ ਵਿੱਚ ਰੱਖਣੀ ਚਾਹੀਦੀ ਹੈ। ਜੈਸੇ ਕਰਮ ਕਰ ਰਿਹਾ ਹੈ; ਉਹਨਾਂ ਕਰਮਾਂ ਮੁਤਾਬਿਕ ਹੀ ਇਸ ਦੀ ਜਾਤ ਤੇ ਪਾਤ ਹੋਣੀ ਹੈ। ਜਦੋਂ ਇਸ ਸੰਸਾਰ ਵਿੱਚ ਚੰਗੇ ਕਰਮਾਂ ਮੁਤਾਬਿਕ ਚੰਗੀ ਇੱਜਤ ਵਾਲਾ ਜਾਣਿਆ ਜਾਂਦਾ ਹੈ। ਮਾੜੇ ਕਰਮਾਂ ਵਾਲੇ ਨੂੰ ਮੰਦਤਾਈ ਕਰਕੇ ਜਾਣਿਆ ਜਾਂਦਾ ਹੈ। ਤਾਂ ਅਗਲੀ ਦੁਨੀਆਂ ਵੱਲ ਗਏ ਨੂੰ ਵੀ ਓਹੋ ਜਿਹੇ ਹੀ ਕਰਮਾਂ ਕਰਕੇ ਵੈਸਾ ਹੀ ਸਰੀਰ ਮਿਲੇਗਾ। ਜਿਹੜਾ ਸਾਰਾ ਜੀਵਨ ਚੰਗੇ ਕਰਮਾਂ ਕਰਕੇ ਜਿਉਂਦਾ ਹੈ। ਉਸਨੂੰ ਅਗਲਾ ਜਨਮ ਵੀ ਚੰਗਿਆਈ ਅਧਾਰਿਤ ਹੀ ਮਿਲੇਗਾ। ਜੋ ਚੰਗੇ ਕਰਮ ਕਰਦਾ ਹੋਇਆ, ਗੁਰਾਂ ਦੁਆਰਾ ਪ੍ਰਾਪਤ ਕੀਤੇ ਵਾਹਿਗੁਰੂ ਨਾਮ ਨਾਲ ਜੁੜ ਕੇ ਜੀਵਨ ਜਿਉਂਦਾ ਹੈ। ਕਰਮਾਂ ਨੂੰ ਗੁਰੂ ਚਰਨਾਂ ਵਿਚ ਹੀ ਅਰਪਿਤ ਕਰ ਦਿੰਦਾ ਹੈ। ਉਹ ਪ੍ਰਭੂ ਵਿੱਚ ਹੀ ਲੀਨ ਹੋ ਜਾਂਦਾ ਹੈ। ਇਸ ਅਵਸਥਾ ਤੋਂ ਪਿੱਛੇ ਜੈਸੇ ਜੈਸੇ ਕਰਮ ਹਨ। ਉਹਨਾਂ ਮੁਤਾਬਿਕ ਉੱਤਮ ਮੱਧਮ ਤੇ ਨੀਵੀਂ ਪ੍ਰਾਲਬਧ ਵਾਲਾ ਸਰੀਰ ਜੀਵ ਨੂੰ ਮਿਲਦਾ ਰਹਿੰਦਾ ਹੈ। ਇਹ ਪ੍ਰਾਲਬਧ ਦਾ ਇੱਕ ਫਲ ਹੈ; ਜਿਸਨੂੰ ਜਾਤ ਕਿਹਾ ਜਾਂਦਾ ਹੈ।

**ਸਭਿ ਕੇ ਵਿਖੈ ਹੋਤਿ ਹੈ ਨਾਨਾ। ਇਹ ਜਾਨਹੁ ਫਲ ਜਾਤਿ ਬਖਾਨਾ।**
**ਨਿਮਖ ਆਦਿ ਹੁਇ ਜੀਵਨ ਜੇਤਿਕ। ਆਰਬਲਾ ਫਲ ਜਾਨਹੁ ਤੇਤਿਕ ॥ ੨੫ ॥**

**ਅਰਥ** - ਇਹਨਾਂ ਤਿੰਨਾਂ ਵਿੱਚ ਹਰ ਜੀਵ ਦਾ ਆਪਣਾ ਆਪਣਾ ਪ੍ਰਾਲਬਧ ਕਰਕੇ ਸਰੀਰ ਦਾ ਸਾਧਨ ਹੈ। ਇਹ ਜਾਤੀ ਦਾ ਫਲ ਕਥਨ ਕੀਤਾ ਹੈ। ਆਰਬਲਾ

(ਉਮਰ) ਚਲੀ :- ਇੱਕ ਇੱਕ ਪਲ ਦੀ ਸੰਗਿਆ ਤੋਂ ਲੈ ਕੇ ਜਿਤਨਾ ਚਿਰ ਮਨੁੱਖ ਜੀਵਨ ਨੂੰ ਸਰੀਰ ਕਰਕੇ ਮਾਣਦਾ ਹੈ। ਇਹ ਫਲ ਨੂੰ ਹੀ ਆਰਬਲਾ ਆਖਿਆ ਜਾਂਦਾ ਹੈ।

**ਭਾਵਾਰਥ** – ਪ੍ਰਤੱਖ ਵਿਚ ਵੀ ਅਸੀਂ ਦੇਖਦੇ ਹਾਂ ਸਾਰੇ ਜੀਵਾਂ ਨੂੰ ਮਨੁੱਖੀ ਸਰੀਰ ਮਿਲੇ ਹੋਏ ਹਨ। ਸਭ ਦੇ ਆਪੋ ਆਪਣੇ ਕਰਮਾਂ ਮੁਤਾਬਕ ਪ੍ਰਾਲਬਧ ਰਾਂਹੀ ਜਾਤਿ ਕਰਕੇ ਸੁੱਖ ਦੁੱਖ ਮਿਲੇ ਹੋਏ ਹਨ। ਇੱਕ ਰਾਜਿਆਂ ਘਰ ਜੰਮਦੇ ਹਨ; ਸੰਸਾਰਿਕ ਰਾਜ ਸੁੱਖ ਮਿਲਦੇ ਹਨ। ਇੱਕ ਕੰਗਾਲਾਂ ਦੇ ਘਰ ਜੰਮਦੇ ਹਨ; ਸੰਸਾਰਿਕ ਕੰਗਾਲੀ ਦੇ ਦੁੱਖ ਭੋਗਦੇ ਹਨ। ਪ੍ਰਭੂ ਬੇਅੰਤ ਹੈ, ਉਹ ਕਰਮਾਂ ਦੀ ਗਤੀ ਦੀ ਮਹਾਨਤਾ ਮਨੁੱਖ ਨੂੰ ਦਿਖਾ ਦਿੰਦੇ ਹਨ। ਐ ਮਨੁੱਖ!! ਜੇ ਤੂੰ ਹੁਣ ਵੀ ਚੰਗੇ ਕਰਮਾਂ ਵੱਲ ਤੁਰ ਪਵੇਂ ਤਾਂ ਸੰਸਾਰ ਦੇ ਸੁੱਖ ਤਾਂ ਤੇਰੀ ਝੋਲੀ ਪੈਂਣੇ ਹੀ ਹਨ। ਤੇਰਾ ਅਗਲਾ ਜਨਮ ਵੀ ਸੁਧਰ ਜਾਵੇਗਾ। ਪ੍ਰਭੂ ਪਿਆਰ ਵਾਲਿਆਂ ਨੇ ਇਸੇ ਵਾਸਤੇ ਹੀ ਆਪਣੀ ਵਰਤਮਾਨ ਜਾਤ ਨੂੰ ਕਦੇ ਵੀ ਲੁਕੋਇਆ ਨਹੀਂ ਸਗੋਂ ਡੰਕੇ ਦੀ ਚੋਟ ਨਾਲ ਲਲਕਾਰਿਆ ਹੈ। ਜਿਹਨਾਂ ਵਿੱਚ ਪ੍ਰਭੂ ਚਰਨਾਂ ਦੇ ਅਨੰਨ ਨਿਸ਼ਠਾਵਾਨ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਆਦਿ ਬਹੁਤ ਲੰਮੀ ਕੜੀ ਹੈ। ਸੰਸਾਰ ਵਿਚ ਸੁੱਖ ਤੇ ਦੁੱਖ ਦਾ ਕਾਰਣ ਮਨੁੱਖ ਦੇ ਪ੍ਰਾਲਬਧ ਕਰਮ ਹੀ ਹਨ। ਜਾਤੀ ਦਾ ਫਲ ਕਥਨ ਕੀਤਾ ਹੈ।

***ਉਮਰ ਦਾ ਫਲ***:- ਅੱਖ ਦੇ ਝਪਕਣ ਨੂੰ ਨਿਮਖ ਕਹਿੰਦੇ ਹਨ। "*ਪੰਦਰਾਂ ਨਿਮਖਾਂ ਦਾ ਇੱਕ ਵਿਸਾ, ੧੫ ਵਿਸਿਆ ਦਾ ਇੱਕ ਚਸਾ, ਤਿੰਨ ਚਸਿਆ ਦਾ ਇੱਕ ਪਲ, ੬੦ ਪਲਾਂ ਦੀ ਇੱਕ ਘੜੀ, ਸਾਢੇ ਸੱਤ ਘੜੀਆਂ ਦਾ ਇੱਕ ਪਹਿਰ, ਅੱਠਾਂ ਪਹਿਰਾਂ ਦਾ ਰਾਤ-ਦਿਨ, ਰਾਸ (ਮਹੀਨੇ), ਰੁੱਤਾਂ ਤੇ ਸਾਲ ਚਲਦੇ ਹਨ। ਦਿਨ-ਰਾਤ ਦਾ ਵੱਖੋ ਵੱਖ ਧਰਮਾਂ ਦਾ ਅਪਣਾ ਅਪਣਾ ਸੰਕਲਪ ਹੈ।ਵਰਤਮਾਨ ਸਮੇਂ ਦੇ ਵਿਦਵਾਨ ਦਿਨ ਰਾਤ ਉੱਤੇ ਸਾਲ ਦਾ ਨਿਰਣਾ ਇਉਂ ਕਰਦੇ ਹਨ-ਕਿ ਪ੍ਰਿਥਵੀ ਸਦਾ ਆਪਣੇ ਧੁਰੇ ਤੇ ਫਿਰਦੀ ਰਹਿੰਦੀ ਹੈ, ਅਰ ਨਾਲ ਦੀ ਨਾਲ ਸੂਰਜ ਦੇ ਚੌਗਿਰਦੇ ਭੀ ਗੇੜਾ ਲਾਉਂਦੀ ਹੈ। ਇਸ ਨੂੰ ਠੀਕ ਜਿਤਨਾ ਚਿਰ ਆਪਣੇ ਧੁਰੇ ਤੇ ਇੱਕ ਪੂਰਾ ਚਕ੍ਰ ਲਗਾਉਣ ਵਿੱਚ ਲਗਦਾ ਹੈ, ਉਸ ਨੂੰ ਦਿਨ ਰਾਤ ਆਖਦੇ ਹਨ। ਇਸ ਸਮੇਂ ਨੂੰ ੨੪ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ, ਅਰ ਇੱਕ ਹਿੱਸੇ ਨੂੰ ਘੰਟਾ ਕਿਹਾ ਜਾਂਦਾ ਹੈ। ਹਰ ਘੰਟੇ ਨੂੰ ੬੦ ਹਿੱਸਿਆਂ (ਮਿੰਟਾਂ) ਵਿੱਚ ਵੰਡ ਦਿੱਤਾ ਗਿਆ ਹੈ। ਫੇਰ ਹਰ ਮਿੰਟ ਨੂੰ ੬੦ ਹਿੱਸਿਆਂ (ਸੈਕੰਡਾਂ) ਵਿੱਚ ਵੰਡਿਆ ਹੈ। ਸੂਰਜ ਦੇ ਚੌਗਿਰਦੇ ਪ੍ਰਿਥਵੀ, ਠੀਕ ੩੬੫ ਦਿਨ ੫



ਘੰਟੇ ੪੮ ਮਿੰਟ ਅਤੇ ੪੬ ਸੈਕੰਡਾਂ ਵਿੱਚ, ਇੱਕ ਪੂਰਾ ਚੱਕ੍ਰ ਲਗਾਉਂਦੀ ਹੈ, ਇਸ ਲਈ ਅਸਲੀ ਸਾਲ ਇਤਨੇ ਹੀ ਚਿਰ ਦਾ ਹੋਣਾ ਚਾਹੀਏ, ਪਰ ਇਹ ਗਿਣਤੀ ਵਿਖਮ ਹੋਣ ਕਰਕੇ ਹਰ ਸਾਲ ਨੂੰ ਕੇਵਲ ੩੬੫ ਦਿਨਾਂ ਦਾ ਮੰਨਕੇ ਹਰ ਚੌਥੇ ਸਾਲ ਨੂੰ ੩੬੬ ਦਿਨਾਂ ਦਾ ਮੰਨ ਲਿਆ ਜਾਂਦਾ ਹੈ, ਤਾਂਕਿ ਉੱਪਰ ਬਚੇ ਮਿੰਟਾਂ ਤੇ ਸੈਕੰਡਾਂ ਦਾ ਵਾਧੂ ਸਮਾਂ ਭੀ ਗਿਣਤੀ ਵਿੱਚ ਆ ਜਾਵੇ।*" (ਕਾਨ੍ਹ ਸਿੰਘ ਜੀ ਨਾਭਾ) ਵਿਗਿਆਨ ਦੀਆਂ ਨਵੀਨ ਕਾਢਾਂ ਨੇ ਮਿੰਟਾਂ ਸਕਿੰਟਾਂ ਦੇ ਹਜ਼ਾਰਵੇਂ ਲੱਖਵੇਂ ਹਿੱਸੇ ਤੱਕ ਮਾਪਣ ਦੀ ਯੋਗਤਾ ਪ੍ਰਾਪਤ ਕਰ ਲਈ ਹੈ। :- ਨਰਿੰਦਰ ਸਿੰਘ। ਸਵਾਸ ਦੇ ਇੱਕ ਨਿਮਖ ਤੋਂ ਲੈ ਕੇ ਜੀਵਨ ਦਾ ਜਿਤਨਾ ਸਮਾਂ ਮੌਤ ਦੀ ਦਹਲੀਜ਼ ਤੱਕ ਹੋ ਜਾਏ ਇਸ ਨੂੰ ਆਰਬਲਾ (ਉਮਰ) ਆਖਦੇ ਹਨ। ਗੁਰਬਾਨੀ ਵਿੱਚ ਇਸ ਨੂੰ ਸੁਆਸਾਂ ਦੀ ਗਿਣਤੀ ਨਾਲ ਹੀ ਗੁੰਥਨ ਕੀਤਾ ਹੈ। "***ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥ ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥ ੧ ॥***" '*(ਜੀਵ ਦੀ ਉਮਰ ਦੇ ਸਾਰੇ ਦਿਨ) ਸੁਆਸ ਗਿਣ ਕੇ ਹੀ (ਜੀਵ ਨੂੰ ਜਗਤ ਵਿੱਚ) ਭੇਜਦਾ ਹੈ (ਉਸ ਗਿਣਤੀ ਨਾਲੋਂ) ਇੱਕ ਤਿਲ ਜਿਤਨਾ ਭੀ ਵਧਾ ਘਟਾ ਨਹੀਂ ਹੁੰਦਾ। ਹੇ ਨਾਨਕ! ਉਹ ਬੰਦੇ ਮੂਰਖ ਹਨ ਜੋ ਮੋਹ ਦੀ ਭਟਕਣਾ ਵਿਚ ਪੈ ਕੇ (ਪ੍ਰਭੂ ਵਲੋਂ ਮਿਲੀ ਉਮਰ ਨਾਲੋਂ ਵਧੀਕ) ਜੀਊਣਾ ਲੋੜਦੇ ਹਨ॥ ੧॥*' ਵੈਸੇ ਅਸੀਂ ਸਮੇਂ ਦੀ ਵਿਵਸਥਾ ਨੂੰ ਅਨੰਤਤਾ ਨਾਲ ਤਾਂ ਸਮਝਦੇ ਹਾਂ। ਪਰ ਇਸ ਦੀ ਵਿਸ਼ਾਲਤਾ ਅਜੇ ਸਾਡੀ ਸਮਝ ਤੋਂ ਦੂਰ ਹੈ। ਕੋਈ ਵੀ ਕੰਮ ਕਰਦਿਆਂ ਸਮੇਂ ਦੇ ਪਾਬੰਦ ਲੋਕਾਂ ਦਾ ਅਸੀਂ ਮਖੌਲ ਹੀ ਉਡਾਉਂਦੇ ਹਾਂ। ਸਮੇਂ ਦੀ ਪਾਬੰਦੀ ਕਰਕੇ ਹੀ ਖੁਸ਼ਹਾਲ ਬਣਿਆ ਜਾ ਸਕਦਾ ਹੈ। ਸਿੱਖੀ ਦਾ ਮਾਰਗ ਰੁਸ਼ਨਾਉਣ ਵਾਲਿਆਂ ਤੇ ਸਿੱਖੀ ਕਮਾਉਣ ਵਾਲਿਆਂ ਨੇ ਸਮੇਂ ਨੂੰ ਬਹੁਤ ਹੀ ਗਹਿਰਾਈ ਨਾਲ ਤੱਕਿਆ ਹੈ। ਇਸੇ ਲਈ ਉਹਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਸਮੇਂ ਦੀ ਕਦਰ ਕੀਤੀ ਹੈ । ਤਦੋਂ ਹੀ ਸਮੇਂ ਨੇ ਉਹਨਾਂ ਦੀ ਕਦਰ ਕੀਤੀ ਹੈ। ਜ਼ਿੰਦਗੀ ਦੀ ਉਮਰ ਦਾ ਛੋਟੇ ਤੋਂ ਛੋਟਾ ਤੇ ਵਿਸ਼ਾਲ ਤੋਂ ਵਿਸ਼ਾਲ ਸਿਧਾਂਤ ਦੇਖਣਾ ਹੋਵੇ; ਤਾਂ ਕਲਗੀਧਰ ਜੀ ਦੇ ਛੋਟੇ ਲਾਲ (ਧੰਨ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ, ਧੰਨ ਸਾਹਿਬਜ਼ਾਦਾ ਫਤਹਿ ਸਿੰਘ ਜੀ) ਹਨ। ਲੰਮੀ ਉਮਰ ਨੂੰ ਦੇਖਣਾ ਹੋਵੇ ਤੇ ਸਮੇਂ ਦੀ ਮਹਾਨਤਾ ਨੂੰ ਸਮਝਣਾ ਹੋਵੇ ਤਾਂ ਧੰਨ ਗੁਰੂ ਅਮਰਦਾਸ ਜੀ ਤੇ ਬਾਬਾ ਫਰੀਦ ਸਾਹਿਬ ਜੀ ਹਨ। ਮਨੁੱਖੀ ਸਰੀਰ ਦੀ ਆਰਬਲਾ ਕਿੰਨੀ ਹੈ; ਇਹ ਆਖਣਾ ਮੁਸ਼ਕਿਲ ਹੈ। ਇਕ ਗੱਲ ਸਾਫ ਹੈ, ਜਿਤਨੀ ਪਰਾਲਬਧ ਵਿਚ ਸੁਆਸਾਂ ਦੀ ਪੂੰਜੀ ਮਿਲੀ ਹੈ। ਉਤਨੇ

ਸਮੇਂ ਦੀ ਸਾਡੇ ਕੋਲ ਜੀਵਨ ਦੀ ਗੁੰਜਾਇਸ਼ ਹੈ। ਇਹ ਸੁਆਸਾਂ ਦੀ ਗਿਣਤੀ ਵਿਕਾਰਾਂ ਤੇ ਸੰਜਮਵੰਤ ਜਿੰਦਗੀ ਵਿਚ ਆਪਣਾ ਫਰਕ ਰੱਖਦੀ ਹੈ। ਇਸੇ ਲਈ ਜਿਨ੍ਹਾਂ ਨੂੰ ਜ਼ਿੰਦਗੀ ਦੀ ਮਹਾਨਤਾ ਦਾ ਪਤਾ ਲੱਗ ਜਾਂਦਾ ਹੈ; ਉਹ ਥੋੜੇ ਸਮੇਂ ਵਿਚ ਹੀ ਬਹੁਤ ਕੁੱਝ ਕਰਨ ਦੇ ਯੋਗ ਹੋ ਜਾਂਦੇ ਹਨ।

**ਦੁਖ ਸੁਖ, ਕੋ ਜੋ ਅਨੁਭਵ ਰੂਪ। ਬ੍ਰਿੱਧ ਕਿਧੋਂ ਲਘੁ ਕਰਨ ਅਨੂਪ।**
**ਇਸ ਕੋ ਨਾਮ ਭੋਗ ਬੁਧਿ ਕਹੈਂ। ਚੌਦਹਿ ਲੋਕ ਬਿਖੇ ਜਨ ਲਹੈ॥ ੨੯॥**

**ਅਰਥ** – ਭੋਗ ਚਲਿਆ :– ਦੁੱਖ ਸੁੱਖ ਦਾ ਜਿਹੜਾ ਅਨਭਵ ਕਰਨਾ, ਵਡਾਈ ਜਾਂ ਛੁਟਿਆਈ ਸੁੰਦਰਤਾਈ ਜਾਂ ਕੋਝਾ ਪਣ; ਇਹਨਾਂ ਸਭ ਦਾ ਨਾਮ ਬੁੱਧੀਮਾਨ ਭੋਗ ਆਖਦੇ ਹਨ। ਇਹ ਸਭ ਕੁੱਝ ਚੌਦਾਂ ਲੋਕਾਂ ਵਿੱਚ ਜੀਵ ਪ੍ਰਾਪਤ ਕਰਦਾ ਹੈ।

**ਭਾਵਾਰਥ** – ਪਰਾਲਬਧ ਦਾ ਤੀਜਾ ਫਲ 'ਭੋਗ' ਹੈ। ਕੋਈ ਵੀ ਜੀਵ ਜਦੋਂ ਸਰੀਰ ਪ੍ਰਾਪਤ ਕਰ ਲੈਂਦਾ ਹੈ। ਸਰੀਰ ਦੀ ਉਮਰ (ਆਰਬਲਾ) ਤੇ ਕਰਮਾਂ ਦੀ ਗਤੀ ਮੁਤਾਬਿਕ ਸਾਰਾ ਪਦਾਰਥਿਕ ਵਿਧਾਨ ਮਿਲ ਜਾਂਦਾ ਹੈ। ਇਹ ਸਾਰਾ ਕੁਝ ਪ੍ਰਾਲਬਧ (ਕਰਮਾਂ ਦੀ ਪ੍ਰਵਿਰਤੀ) ਮੁਤਾਬਿਕ ਮਿਲਦਾ ਹੈ। ***'ਭੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ। ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ'*** ਭਗਤ ਧਰੂ ਜੀ ਤੇ ਮਾਂ ਦਾ ਸੰਵਾਦ ਭਾਈ ਗੁਰਦਾਸ ਜੀ ਨੇ ਅੰਕਿਤ ਕੀਤਾ ਹੈ। ਜਦੋਂ ਭਗਤ ਧਰੂ ਨੇ ਰੋਂਦੇ ਹੋਇਆਂ ਮਾਂ ਨੂੰ ਪੁੱਛਿਆ, "ਐ ਮਾਂ! ਤੂੰ ਰਾਣੀ ਹੈ? ਜਾਂ ਨੌਕਰਾਣੀ?" ਮਾਂ ਦੇ ਬੋਲ ਸਨ; ਹੇ ਪੁੱਤਰ! ਮੈਂ ਇਸ ਮਨੁੱਖੀ ਜਨਮ ਕਰਕੇ ਤਾਂ ਰਾਣੀ ਹੀ ਹਾਂ। ਪਰ ਪ੍ਰਭੂ ਭਗਤੀ ਦੇ ਕਰਮਾਂ ਵਿੱਚ ਕੋਈ ਊਣਤਾਈ ਰਹਿ ਗਈ, ਜਿਸ ਕਰਕੇ ਨੌਕਰਾਣੀਆਂ ਵਾਲੀ ਹਾਲਤ ਵਿਚ ਜੀਵਨ ਜੀਅ ਰਹੀ ਹਾਂ। ਪ੍ਰਾਲਬਧ ਦਾ ਭੋਗ ਫਲ ਨਾਲ ਹੀ ਚਲਿਆ ਆ ਰਿਹਾ ਹੈ। ਜਿਹੜਾ ਸਭ ਕੁੱਝ ਹੋਣ ਦੇ ਬਾਵਜੂਦ ਵੀ ਸੁੱਖ ਵਿੱਚ ਪ੍ਰਵਿਰਤੀ ਹੋਣ ਹੀ ਨਹੀਂ ਦਿੰਦਾ। ਭਾਈ ਸਾਹਿਬ ਗੁਰਦਾਸ ਜੀ ਆਪਣੇ ਉਚਾਰਨ ਕੀਤੇ ਸਵੱਈਏ ਅੰਦਰ ਇਸੇ ਕਥਨ ਨੂੰ ਹੋਰ ਸਪੱਸ਼ਟ ਕਰਦੇ ਹਨ। ***'ਦੁਹੂੰ ਦਲ ਬਿਖੈ ਜੈਸੇ ਬਾਜਤ ਨੀਸਾਨ ਤਾਨ, ਕਾਹੂ ਕਉ ਜੈ ਕਾਹੂ ਕਉ ਪਰਾਜੈ ਪਹਿਚਾਨੀਐ। ਜੈਸੇ ਦੁਹੂੰ ਕੂਲਿ ਸਰਿਤਾ ਮੈ ਭਰਿ ਨਾਉ ਚਲੈ, ਕੋਊ ਮਾਝਿਧਾਰਿ ਕੋਊ ਪਾਰਿ ਪਰਵਾਨੀਐ। ਧਰਮ ਅਧਰਮ ਕਰਮ ਕੈ ਅਸਾਧ ਸਾਧ, ਊਚ ਨੀਚ ਪਦਵੀ ਪ੍ਰਸਿਧ ਉਨਮਾਨੀਐ॥ ੩੮੨॥'*** ਕਰਮਾਂ ਕਰਕੇ ਉੱਚੀ ਨੀਵੀਂ ਪਦਵੀ ਮਿਲਦੀ ਹੈ। ਕਰਮਾਂ ਦੀ ਪੰਡ ਜਿਹੜੀ ਪ੍ਰਾਲਬਧ ਦਾ ਰੂਪ ਧਾਰਨ ਕਰਕੇ ਜੀਵ ਦੇ ਸਰੀਰ ਨਾਲ ਸੰਸਾਰ ਤੇ ਆਉਂਦੀ ਹੈ।



ਇਸੇ ਦਾ ਇਕ ਫਲ 'ਭੋਗ' ਵੀ ਹੈ। ਜਿਸ ਵਿੱਚ ਸੁੱਖ ਤੇ ਦੁੱਖ ਦਾ ਅਨਭਵ ਹੈ। ਪ੍ਰਾਲਬਧ ਪ੍ਰਮਾਰਿਥਕ ਸਾਧਨਾ ਦੀ ਦ੍ਰਿੜਤਾ ਵਾਲੀ ਹੋਵੇ ਤਾਂ ਦੁੱਖਾਂ ਨੂੰ ਵੀ ਜੀਵਨ ਸਾਧਨ ਦੀ ਰੂਪਤਾ ਪ੍ਰਦਾਨ ਕਰ ਦਿੰਦੀ ਹੈ। ਉਸਦਾ ਵਿਸ਼ਵਾਸ਼ ਹੁੰਦਾ ਹੈ, 'ਦੁੱਖ' ਇੱਕ ਕੱਪੜੇ ਧੋਣ ਵਾਲੀ ਮਸ਼ੀਨ ਦੀ ਤਰ੍ਹਾਂ ਹੈ; ਜਿਹੜਾ ਕੱਪੜੇ ਨੂੰ ਘੁਮਾਉਂਦਾ, ਉੱਪਰ ਥੱਲੇ ਕਰਦਾ ਹੈ। ਪਰ ਧੋਣ ਉਪਰੰਤ ਦੁਬਾਰਾ ਨਵੀਂ ਸੁੰਦਰਤਾ ਵੀ ਦਿੰਦਾ ਹੈ। ਸੁੱਖ ਦਾ ਅਨਭਵ ਵੀ ਉਸੇ ਸ਼ਕਤੀ ਨਾਲ ਜੋੜਦਾ ਹੈ। ਜਿਹੜੀ ਸ਼ਕਤੀ ਇਸ ਜੀਵ ਨੂੰ ਮਨੁੱਖੀ ਸਰੀਰ ਪ੍ਰਦਾਨ ਕਰਦੀ ਹੈ। ਪ੍ਰਲਾਬਧ ਮੰਦਤਾਈ ਵਾਲੀ ਹੋਵੇ ਤਾਂ ਇਹੀ ਸਾਰੀ ਕਿਰਿਆ ਉਲਟ ਹੋ ਜਾਂਦੀ ਹੈ। ਇਸੇ ਪ੍ਰਕਾਰ ਸਰੀਰ ਦੀ ਸੁੰਦਰਤਾਈ ਜਾਂ ਕੋਝਾਪਣ ਇਹ ਵੀ ਪ੍ਰਲਾਬਧ ਦਾ ਹੀ ਫਲ ਹੈ।

**ਦ੍ਵੈ ਜਿ ਕਰਮ ਸੰਚਤਿ ਕਿਰੇਮਾਨ । ਆਤਮ ਗਯਾਨੀ ਕੇ ਹੁਇੰ ਹਾਨ ।**
**ਜਿਮ ਤਰਕਸ਼ ਮਹਿੰ ਸਰ ਸੁ ਮਿਟਾਇ। ਧਰਯੋ ਪਨਚ ਪਰ ਸੋ ਪਿ ਹਟਾਇ॥ ੨੭॥**

**ਅਰਥ** - ਦੋ ਤਰ੍ਹਾਂ ਦੇ ਸੰਚਤ ਤੇ ਕਿਰੇਮਾਨ ਕਰਮ ਹਨ, ਇਹ ਗਿਆਨੀ ਦੇ ਨਸ਼ਟ ਹੋ ਜਾਂਦੇ ਹਨ। ਜਿਵੇਂ ਭੱਥੇ ਵਿੱਚ ਟਿਕਿਆ ਹੋਇਆ ਤੀਰ ਚਲਾਉਣੋ ਰੋਕਿਆ ਜਾਂ ਸਕਦਾ ਹੈ। ਧਨੁੱਖ ਦੇ ਚਿੱਲੇ ਤੇ ਚੜ੍ਹਿਆ ਤੀਰ ਵੀ ਰੋਕਿਆ ਜਾ ਸਕਦਾ ਹੈ।

**ਭਾਵਾਰਥ** – ਭਾਈ ਸਾਹਿਬ ਜੀ ਕੈਸਾ ਸੂਰਮੇ ਦਾ ਸੁੰਦਰ ਨਕਸ਼ਾ ਬੰਨ੍ਹਦੇ ਹਨ। ਸਹਿਣਸ਼ੀਲ ਸੁਭਾਅ ਦੇ ਮਾਲਕ ਨੂੰ ਹੀ ਸੂਰਮਾ ਕਿਹਾ ਜਾਂਦਾ ਹੈ। ਉਸਦਾ ਜੋਸ਼ ਕਿਸੇ ਹੋਸ਼ ਨਾਲ ਹੀ ਜ਼ੁਲਮ ਦਾ ਨਾਸ਼ ਕਰਦਾ ਹੈ। ਜਿਵੇਂ ਸੂਝਵਾਨ ਸੂਰਮੇ ਕੋਲ ਇਤਨਾ ਸਾਹਸ ਹੁੰਦਾ ਹੈ। ਉਹ ਕ੍ਰੋਧ ਵਸ ਹੋ ਕੇ ਆਪਣੇ ਹਥਿਆਰ ਨਹੀਂ ਵਰਤਦਾ, ਸਮਾਂ ਪਾ ਕੇ ਜ਼ਾਲਮ ਨੂੰ ਖਤਮ ਕਰਨ ਵਿਚ ਦੇਰੀ ਵੀ ਨਹੀਂ ਲਾਉਂਦਾ। ਕਰਮਾਂ ਦੀ ਪ੍ਰਕਿਰਿਆ ਨੂੰ ਸਮਝਾਉਣ ਲਈ ਭਾਈ ਸਾਹਿਬ ਜੀ ਨੇ ਤੀਰ ਤੇ ਭੱਥੇ ਦਾ ਦ੍ਰਿਸ਼ਟਾਂਤ ਵਰਤਿਆ ਹੈ। ਜਿਵੇਂ ਸੂਰਮਾ ਭੱਥੇ ਵਿੱਚ ਪਏ ਤੀਰ ਨੂੰ ਵੀ ਨਹੀਂ ਚਲਾਉਂਦਾ; ਜਿਹੜਾ ਚਿੱਲੇ ਉੱਪਰ ਟਿਕਿਆ ਹੋਇਆ ਹੈ, ਉਸਨੂੰ ਵੀ ਰੋਕ ਸਕਦਾ ਹੈ। ਇਵੇਂ ਹੀ ਕਰਮਾਂ ਨੂੰ ਕਮਾਉਣ ਵਾਲੇ ਲਈ ਭੱਥੇ ਵਿਚ ਪਏ ਤੀਰਾਂ ਵਾਂਗ ਸੰਚਿਤ ਕਰਮ ਵੀ ਰੋਕੇ ਜਾ ਸਕਦੇ ਹਨ। ਉਹ ਸੰਚਤ ਕਰਮਾਂ ਨੂੰ ਖਤਮ ਕਰਨ ਲਈ ਗੁਰ–ਗਿਆਨ ਦਾ ਆਸਰਾ ਲੈ ਲੈਂਦਾ ਹੈ। ਗੁਰੂ ਸਾਹਿਬ ਜੀ ਦਾ ਗਿਆਨ ਵਿਆਪਕ ਪ੍ਰਮਾਤਮਾ ਦਾ ਗਿਆਨ ਹੈ। ਵਿਆਪਕ ਪ੍ਰਮਾਤਮਾ ਨਿਰਾਕਾਰ ਹੈ। ਨਿਰਾਕਾਰ ਨਾਲ ਜੁੜਨ ਵਾਲੇ ਲਈ ਕਰਮਾਂ ਦਾ ਪ੍ਰਭਾਵ ਬਾਕੀ ਨਹੀਂ ਰਹਿੰਦਾ ਹੈ। ਕਿਰੇਮਾਨ ਕਰਮਾਂ ਨੂੰ 'ਗਿਆਨ ਦਾ ਆਸਰਾ ਪ੍ਰਾਪਤ ਕਰਨ

ਵਾਲਾ' ਆਪਣੇ ਕਰਮ ਸਮਝਦਾ ਹੀ ਨਹੀਂ ਹੈ। ਉਹ ਸਹਿਜ ਸੁਭਾਅ ਹੋਣ ਵਾਲੇ ਕਰਮਾਂ ਨੂੰ ਪ੍ਰਭੂ ਸਮਰਪਿਤ ਕਰ ਦਿੰਦਾ ਹੈ। ਬਹੁਤਾਤ ਵਿੱਚ ਉਹ ਹਰ ਕਰਮ ਗੁਰੂ ਹੁਕਮ ਵਿੱਚ ਹੀ ਕਰਦਾ ਹੈ। ਜੇ ਕੋਈ ਕਰਮ ਹੁਕਮ ਤੋਂ ਬਾਹਰ ਜਾ ਕੇ ਹੋ ਵੀ ਗਿਆ, ਤਾਂ ਉਸਨੂੰ ਗੁਰੂ ਕੋਲ ਅਰਦਾਸ ਕਰਕੇ ਖਿਮਾ ਜਾਚਨਾ ਕਰਦਾ ਹੈ। ਜੋ ਚੰਗਾ ਹੋਇਆ ਉਸਨੂੰ ਗੁਰੂ ਚਰਨਾਂ ਵਿਚ ਸਮਰਪਿਤ ਕਰ ਦਿੰਦਾ ਹੈ।

**ਪਰਾਰਬਧ ਜੋ ਛੁਟਯੋ ਸੁ ਬਾਨ। ਤਿਸ ਕੋ ਕਰ ਨ ਸਕੈ ਕੋ ਹਾਨਿ।**
**ਅੱਗਯ ਤੱਗਯ ਕੈ ਇਕ ਸਮ ਹੋਇ। ਪਰਾਰਬਧ ਫਲ ਦੇ ਸਮ ਦੋਇ॥ ੨੮॥**

**ਅਰਥ** – ਪਰਾਲਬਧ ਦਾ ਚੱਲਿਆ ਹੋਇਆ ਤੀਰ ਹੈ; ਉਸਨੂੰ ਕੋਈ ਵੀ ਰੋਕ ਨਹੀਂ ਸਕਦਾ ਹੈ। ਗਿਆਨੀ ਤੇ ਅਗਿਆਨੀ ਦੇ ਲਈ ਇਕ ਬਰਾਬਰ ਪ੍ਰਾਲਬਧ ਫਲ ਦਿੰਦਾ ਹੈ।

**ਭਾਵਾਰਥ** – ਪ੍ਰਾਲਬਧ ਉਸ ਤੀਰ ਵਾਂਗ ਹੈ; ਜਿਹੜਾ ਚਿੱਲੇ ਤੋਂ ਨਿਕਲ ਤੁਰਿਆ ਹੈ। ਉਹ ਜਿਸ ਨਿਸ਼ਾਨੇ ਲਈ ਮਿਥਿਆ ਕੇ ਚਲਾਇਆ ਗਿਆ ਹੈ; ਉਥੇ ਜਾ ਕੇ ਜਰੂਰ ਮਾਰ ਕਰੇਗਾ। ਪ੍ਰਾਲਬਧ ਹਰ ਜੀਵ ਲਈ ਨਿਸ਼ਚਤ ਸਰੀਰਕ ਸੁੱਖ-ਦੁੱਖ ਦੀ ਸੁਵਿਧਾ ਹੈ। ਜੈਸੀ ਪ੍ਰਾਲਬਧ ਮਿਲੀ ਹੈ; ਮਨੁੱਖ ਭਾਵੇਂ ਅਗਿਆਨੀ ਹੋਵੇ ਜਾਂ ਗਿਆਨੀ ਦੋਨਾਂ ਲਈ ਬਰਾਬਰ ਸੁੱਖ-ਦੁੱਖ ਦਿੰਦੀ ਹੈ। ਪ੍ਰਾਲਬਧ ਮਨੁੱਖ ਨੂੰ ਗਿਆਨ ਲਈ ਉਤਸੁਕਤਾ ਅਤੇ ਅਗਿਆਨ ਲਈ ਉਦਾਸੀਨਤਾ ਜਰੂਰ ਦਿੰਦੀ ਹੈ। ਪਰ ਮਨੁੱਖ ਉੱਦਮ ਨਾਲ ਗਿਆਨ ਦੇ ਰਸਤੇ ਨੂੰ ਤੈਅ ਕਰਦਾ ਹੈ; ਅਗਿਆਨ ਤੋਂ ਖਹਿੜਾ ਛਡਾਉਂਦਾ ਹੈ। ਪ੍ਰਾਲਬਧ ਦਾ ਫਲ ਜੈਸਾ ਵੀ ਹੋਵੇ, ਉਹ ਅਵੱਸ਼ ਭੋਗਣਾ ਹੀ ਪੈਂਦਾ ਹੈ।

**ਦੋਹਰਾ - ਸੰਚਤਿ ਗਯਾਨ ਪ੍ਰਭਾਵ ਸੋਂ ਗਯਾਨੀ ਕਰਹਿ ਬਿਨਾਸ।**
**ਜਿਮ ਅਨਾਜ ਮੰਦਰ ਸਹਤ ਦਾਹੈ ਅਗਨਿ ਪ੍ਰਕਾਸ਼॥ ੨੯॥**

**ਅਰਥ** – ਸੰਚਿਤ ਕਰਮ ਗਿਆਨ ਦੇ ਪ੍ਰਭਾਵ ਨਾਲ ਗਿਆਨੀ ਨਸ਼ਟ ਕਰ ਦਿੰਦਾ ਹੈ। ਜਿਸ ਪ੍ਰਕਾਰ ਅਨਾਜ ਦਾ ਭਰਿਆ ਹੋਏ ਘਰ ਨੂੰ ਅੱਗ ਬਾਲ ਕੇ ਸਾੜ ਲਈਦਾ ਹੈ।

**ਭਾਵਾਰਥ** – ਗਿਆਨਵਾਨ ਮਨੁੱਖ ਗਿਆਨ ਆਸਰੇ ਜੀਵਨ ਨੂੰ ਤਰਜ਼ੀਹ ਦਿੰਦਾ ਹੈ। ਉਹ ਗਿਆਨ ਕਰਕੇ ਹਰ ਪਲ ਵਿਆਪਕ ਪ੍ਰਭੂ ਨੂੰ ਆਪਣੇ ਅੰਗ-ਸੰਗ ਜਾਣਦਾ ਹੈ। ਗਿਆਨ ਦੀ ਅਗਨ ਉਸ ਦੇ ਸੰਚਤ ਕਰਮਾਂ ਦੀਆਂ ਲੱਕੜਾਂ ਨੂੰ ਨਸ਼ਟ ਕਰ ਦਿੰਦੀ ਹੈ। ਵਾਸਤਵ ਵਿੱਚ ਤਾਂ ਅੱਗ ਲੱਕੜ ਦੇ ਵਿੱਚ ਹੀ ਹੁੰਦੀ ਹੈ; ਲੇਕਿਨ ਉਸ ਅਗਨ



ਨੂੰ ਪ੍ਰਗਟ ਕਰਨ ਲਈ ਯੋਗ ਸਾਧਨ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਵੇਂ ਹੀ ਕਰਮਾਂ ਵਿੱਚ ਹੀ ਜੀਵਨ ਸਾਧਨ ਹੁੰਦਾ ਹੈ; ਉਸਨੂੰ ਯੋਗ ਢੰਗ ਨਾਲ ਸਹੀ ਦਿਸ਼ਾ-ਨਿਰਦੇਸ਼ਨਾ ਦੀ ਜਰੂਰਤ ਹੁੰਦੀ ਹੈ।

**ਮੰਦਰ ਸਹਤ ਅਨਾਜ ਕੇ ਜਬਿ ਭਾ ਜਲਿ ਕੈ ਛਾਰ।**
**ਅੰਕੁਰ ਕੋ ਨ ਸਮ੍ਰੱਥ ਪੁਨ ਜਾਨੋ ਤਿਸੀ ਪ੍ਰਕਾਰ॥ ੩੦॥**

**ਅਰਥ** – ਜਦੋਂ ਘਰ ਅਨਾਜ ਦੇ ਸਮੇਤ ਸੜ੍ਹ ਕੇ ਸੁਆਹ ਬਣ ਜਾਂਦਾ ਹੈ। ਫਿਰ ਉਹ ਅਨਾਜ ਦੇ ਦਾਣੇ ਬੀਜ ਦਾ ਪੁੰਗਾਰ ਦੇਣ ਦੇ ਸਮਰੱਥ ਨਹੀਂ ਰਹਿੰਦੇ ਹਨ; ਇਸੇ ਪ੍ਰਕਾਰ ਸੰਚਿਤ ਕਰਮਾਂ ਦੀ ਵੀਚਾਰ ਨੂੰ ਜਾਣਨਾ ਕਰੋ।

**ਭਾਵਾਰਥ** - ਇੱਥੇ ਸੰਚਤ ਕਰਮਾਂ ਨੂੰ ਨਸ਼ਟ ਕਰਨ ਲਈ ਗੋਦਾਮ ਦੇ ਸਮੇਤ ਬੀਜ ਨਸ਼ਟ ਹੋਣ ਦਾ ਉਦਾਹਰਨ ਦਿੱਤਾ ਹੈ। ਜਦੋਂ ਗੁਦਾਮ ਨੂੰ ਅੱਗ ਲੱਗ ਜਾਏ ਤਾਂ ਅੰਦਰ ਰੱਖਿਆ ਹੋਇਆ ਬੀਜ ਵੀ ਨਸ਼ਟ ਹੋ ਜਾਂਦਾ ਹੈ। ਜਿਹੜਾ ਬੀਜ ਅਗਨ ਕਰਕੇ ਸੜ ਚੁਕਾ ਹੈ; ਉਸ ਵਿਚੋਂ ਕਦੇ ਵੀ ਅੰਕੁਰ ਨਹੀਂ ਹੁੰਦਾ ਹੈ। ਜਿਸ ਬੀਜ ਵਿੱਚ ਪੈਦਾਇਸ਼ ਸ਼ਕਤੀ ਨਾ ਹੋਵੇ; ਉਸ ਬੀਜ ਤੋਂ ਅਗਾਂਹ ਕੋਈ ਨਵੇਂ ਬੂਟੇ ਦੀ ਆਸ ਨਹੀਂ ਰੱਖੀ ਜਾ ਸਕਦੀ ਹੈ।

**ਚੌਪਈ – ਸੰਚਤਿ ਕਰਮ ਸੋ ਅੰਤਹਕਰਣ। ਗਯਾਨ ਅਗਨਿ ਤੇ ਕਰੈ ਪ੍ਰਹਰਣ।**
**ਬਹੁਰ ਜਨਮ ਦਾਇਕ ਨਹਿੰ ਸੋਇ। ਜਲੇ ਅਨਾਜ ਅੰਕੁਰ ਨ ਹੋਇ ॥ ੩੧॥**

**ਅਰਥ** – ਸੰਚਿਤ ਕਰਮ ਅਨਾਜ ਸਮਾਨ ਹਨ ਅਤੇ ਘਰ ਵਾਂਗ ਅੰਤਹਕਰਣ ਹੈ। ਗਿਆਨ ਦੀ ਅਗਨ ਨਾਲ ਨਾਸ਼ ਕਰ ਲਈਦਾ ਹੈ। ਫਿਰ ਇਹ ਕਰਮ ਜਨਮ ਦੇਣ ਦੇ ਯੋਗ ਨਹੀਂ ਰਹਿੰਦੇ ਹਨ। ਜਿਵੇਂ ਜਲੇ ਹੋਏ ਅਨਾਜ ਦੇ ਦਾਣੇ ਨਵੇਂ ਬੂਟੇ ਨੂੰ ਜਨਮ ਨਹੀਂ ਦੇ ਸਕਦਾ ਹੈ।

**ਅੰਤਹਕਰਣ ਨਾਸ਼ ਇਸ ਭਾਂਤ। ਚਿਤ ਸਤਿ ਹੋਇ ਜਾਤਿ ਸਭਿ ਸ਼ਾਂਤਿ।**
**ਚਿਤ ਸਤਿ ਕੋ ਅਬਿ ਅਰਥ ਬਖਾਨੋ। ਅੰਤਹਕਰਣ ਰੂਪ ਅਸ ਜਾਨੋ॥ ੩੨॥**

**ਅਰਥ** – ਇਸ ਤਰ੍ਹਾਂ ਨਾਲ ਅੰਤਹਕਰਣ ਨਾਸ਼ ਹੋ ਜਾਂਦਾ ਹੈ। ਚਿੱਤ ਸਤ ਸਰੂਪ ਹੋ ਕੇ ਸ਼ਾਂਤ ਹੋ ਜਾਂਦਾ ਹੈ। ਕਵੀ ਜੀ ਆਖਦੇ ਹਨ, ਅਸੀਂ ਸੱਤ ਚਿੱਤ ਦੇ ਅਰਥ ਦੱਸਦੇ ਹਾਂ। ਮਨ (ਅੰਤਹਕਰਣ) ਦਾ ਰੂਪ ਇਸ ਪ੍ਰਕਾਰ ਦਾ ਹੈ; ਜਾਣ ਲਵੋ।

**ਭਾਵਾਰਥ** - ਇੱਥੇ ਗੌਰਤਬਲ ਇਹ ਹੈ ਕਿ ਪੰਜ ਤੱਤਾਂ ਦੇ ਸਤੋ ਅੰਸ਼ ਦੁਆਰਾ ਅੰਤਹਕਰਣ ਰੂਪਵਾਨ ਹੋਇਆ। ਇਹੀ ਅੰਤਹਕਰਣ ਮਨ ਰੂਪ ਹੋ ਕੇ ਕਿਰਿਆ ਕਰਦਾ

ਹੈ। ਤਾਂ ਅੰਤਹਕਰਣ ਰੂਪ ਘਰ ਨਸ਼ਟ ਹੋ ਜਾਂਦਾ ਹੈ। ਤਦੋਂ ਚਿੱਤ ਸਤ ਸਰੂਪ ਬਣ ਜਾਂਦਾ ਹੈ। ਅੰਤਹਕਰਣ ਦੀ ਪਹਿਲੀ ਅਵਸਥਾ ਮਨ ਹੈ, ਦੂਜੀ ਅਵਸਥਾ ਬੁੱਧ, ਤੀਜੀ ਚਿੱਤ ਅਤੇ ਚੌਥੀ ਅਹੰ ਰੂਪ ਹੈ। ਇਸੇ ਨੂੰ ਕੁੱਝ ਦਾਨਸ਼ਵਰ ਮਨ ਬੁੱਧ ਰੂਪ ਵਿੱਚ ਗਿਣ ਲੈਂਦੇ ਹਨ। ਜਦੋਂ ਮਨ, ਸੰਕਲਪ ਨੂੰ ਇਕ ਥਾਂ ਉੱਪਰ ਕੇਂਦ੍ਰਿਤ ਕਰ ਲੈਂਦਾ ਹੈ। ਇਹੀ ਚਿੱਤ ਦੀ ਅਵਸਥਾ ਸੱਤ ਸਰੂਪ ਧਾਰਨ ਕਰ ਲੈਂਦੀ ਹੈ। ਇਸ ਅਵਸਥਾ ਵਿੱਚ ਸਭ ਤਰਾਂ ਕਰਕੇ ਸ਼ਾਂਤੀ ਬਣ ਜਾਂਦੀ ਹੈ।

**ਜਿਸ ਤੇ ਦਰਸ ਅਸੰਮਕ ਪਿਖੈ। ਆਤਮ ਬੁੱਧਿ ਅਨਾਤਮ ਬਿਖੈ ।**
**ਜਗਤ ਅਸੱਤਿ ਬਿਖੈ ਸਤਿ ਬੁੱਧ। ਆਤਮ ਸੱਤਿ ਅਸੱਤਿ ਕੀ ਸੁੱਧ॥ ੩੩॥**

**ਅਰਥ** – ਮਨ ਦਾ ਰੂਪ ਕਥਨ ਕਰਦੇ ਹਨ, ਮਨ ਕਰਕੇ ਜਿਉਂ ਦਾ ਤਿਉਂ ਦਰਸ਼ਨ ਨਹੀਂ ਦੇਖ ਸਕੀਦਾ ਹੈ। (ਅਸੰਮਕ= ਅਯਥਾਰਥ) ਸੰਸਾਰ ਅਸੱਤ ਹੈ ਇਸ ਵਿੱਚ ਸੱਤ ਬੁੱਧੀ ਦਾ ਹੋਣਾ; ਆਤਮਾ ਸੱਤ ਸਰੂਪ ਹੈ, ਇਸ ਵਿਚ ਅਸੱਤ ਬੁੱਧੀ ਦਾ ਹੋ ਜਾਣਾ ਅਸੰਮਕ ਰੂਪ ਹੈ।

**ਭਾਵਾਰਥ** - ਇੱਥੇ ਮਨ ਦੀ ਗੱਲ ਕੁੱਝ ਗੁੰਝਲਦਾਰ ਬਣ ਜਾਂਦੀ ਹੈ। ਮਨੁੱਖੀ ਜੀਵਨ ਵਿੱਚ ਸਾਰੀ ਖੇਡ ਮਨ ਦੀ ਹੀ ਹੈ। ਮਨ ਨੂੰ ਗਿਆਨਵਾਨ ਲੋਕਾਂ ਨੇ ਆਪੋ-ਆਪਣੇ ਢੰਗ ਨਾਲ ਕਥਨ ਕੀਤਾ ਹੈ। ਸ਼ਾਸਤ੍ਰਿਕ ਲੋਕਾਂ ਨੇ ਇਸ ਨੂੰ ਯਥਾਰਥ ਤੇ ਅਯਥਾਰਥ ਵਿੱਚ ਲਟਕਣ ਵਾਲਾ ਕਥਨ ਕੀਤਾ ਹੈ। ਜਿਤਨਾ ਚਿਰ ਯਥਾਰਥ ਦਾ ਸਾਥ ਪ੍ਰਾਪਤ ਰਹਿੰਦਾ ਹੈ; ਤਾਂ ਯਥਾਰਥ ਦੇ ਬਹੁਤ ਹੀ ਨੇੜੇ ਰਹਿੰਦਾ ਹੈ। ਜਦੋਂ ਯਥਾਰਥ ਤੋਂ ਦੂਰ ਹੋ ਜਾਂਦਾ ਹੈ। ਤਾਂ ਅਯਥਾਰਥ ਵਿੱਚ ਜਾ ਖਲੋਂਦਾ ਹੈ। ਇਥੇ ਮਨ ਦੀ ਇਸੇ ਅਵਸਥਾ ਦਾ ਕਥਨ ਹੈ; ਜਿਸ ਕਰਕੇ ਹਰ ਵੇਖਣ ਵਾਲੀ ਵਸਤੂ ਅਯਥਾਰਥ ਰੂਪ ਵਿਚ ਦਿਸਦੀ ਹੈ। ਸਰੀਰ ਨਾਸ਼ਵਾਨ ਹੈ, ਪਰ ਮਨ ਨੂੰ ਇਸ ਤੋਂ ਉਲਟ ਲੱਗਦਾ ਹੈ। ਫਲਾਂ ਵਿੱਚ ਰਸ ਇੱਕ ਪੂਰੇ ਸਮੇਂ ਤੋਂ ਬਾਅਦ ਸੱਤਾ ਦੇ ਸੰਗ ਕਰਕੇ ਸਥਿਤ ਹੁੰਦਾ ਹੈ। ਮਨੁੱਖ ਦਾ ਮਨ ਇਸ ਨੂੰ ਦਰੱਖਤ ਦੀ ਦਾਤ ਹੀ ਸਮਝਦਾ ਹੈ। ਨਾਸਤਕ ਲੋਕਾਂ ਨੇ ਇਸੇ ਨੂੰ ਸ਼੍ਰਿਸਟੀ ਅੰਦਰ ਨਵੀਆਂ ਖੋਜਾਂ ਦਾ ਕਰਤਾ ਮੰਨਿਆ ਹੈ। ਇਸਦਾ ਰੂਪ ਵਿੱਚ ਉਹ ਆਪਣੇ ਢੰਗ ਨਾਲ ਕਥਨ ਕਰਦੇ ਹਨ। ਅਨਾਤਮ ਵਿੱਚ ਆਤਮ ਬੁੱਧੀ ਹੋ ਜਾਂਦੀ ਹੈ। ਜਗਤ ਅਸੱਤ ਹੈ, ਪਰ ਇਸ ਵਿੱਚ ਸੱਤ ਬੁੱਧੀ ਦਾ ਪ੍ਰਤੀਤ ਹੋਣਾ। ਆਤਮਾ ਸੱਤ ਸਰੂਪ ਹੈ; ਪਰ ਇਸ ਵਿੱਚ ਅਸੱਤ ਦਾ ਅਭਾਸ ਹੋਣਾ।

**ਨਾਮ ਇਸੀ ਕੋ ਮਨ ਪਹਿਚਾਨ। ਜਬਿ ਹੈ ਪ੍ਰਾਪਤਿ ਆਤਮ ਗਯਾਨ।**



**ਤਬਿ ਇਸ ਬਿਧਿ ਕੋ ਭਾਵ ਬਿਨਾਸੇ। ਜਿਉਂ ਕਾ ਤਿਉਂ ਸੁ ਪਦਾਰਥ ਭਾਸੇ॥ ੩੪॥**

**ਅਰਥ** – ਇਸਦਾ ਹੀ ਦੂਜਾ ਨਾਮ 'ਮਨ' ਪਹਿਚਾਨਣਾ ਕਰੋ। ਜਦੋਂ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ। ਤਦੋਂ ਉੱਪਰ ਕਥਨ ਕੀਤੇ ਭਾਵ ਨਾਸ਼ ਹੋ ਜਾਂਦੇ ਹਨ। ਜਿਸ ਪ੍ਰਕਾਰ ਦਾ ਕੋਈ ਅਨਭਵ ਰੂਪ ਹੁੰਦਾ ਹੈ; ਉਸੇ ਪ੍ਰਕਾਰ ਦਾ ਨਜ਼ਰ ਆਉਂਦਾ ਹੈ।

**ਭਾਵਾਰਥ** –ਹੋਵੇ ਕੁੱਝ ਹੋਰ ਤੇ ਨਜ਼ਰ ਕੁੱਝ ਹੋਰ ਆਵੇ ਇਹ ਮਨ ਦੀ ਇਕ ਚਾਲ ਹੁੰਦੀ ਹੈ। ਮਨ ਇੱਕ ਸਮੇਂ ਬਾਹਰੀ ਗਿਆਨ ਨੂੰ ਅੱਖਾਂ ਰਾਂਹੀ ਪ੍ਰਾਪਤ ਕਰਦਾ ਹੈ। ਵੇਖੀਆਂ ਹੋਈਆਂ ਸਾਰੀਆਂ ਵਸਤਾਂ ਦਾ ਗਿਆਨ ਇਸ ਨੇ ਬੁੱਧੀ ਵਿੱਚ ਟਿਕਾਇਆ ਹੁੰਦਾ ਹੈ। ਉਸ ਵਿੱਚ ਹੀ ਮੱਕੜੀ ਵਾਂਗ ਆਪਣੇ ਆਪ ਨੂੰ ਫਸਾ ਲੈਂਦਾ ਹੈ। ਭ੍ਰਮਦਾ ਹੋਇਆ ਦੁਖੀ ਹੁੰਦਾ ਹੈ। ਮੱਕੜੀ ਆਪ ਹੀ ਜਾਲਾ ਬਣਾਉਂਦੀ ਹੈ; ਆਪ ਹੀ ਵਿੱਚੇ ਫਸੀ ਰਹਿੰਦੀ ਹੈ। ਆਪ ਹੀ ਵਿਚੋਂ ਨਿਕਲਣ ਦਾ ਰਾਹ ਲੱਭ ਲੈਂਦੀ ਹੈ। ਇਸੇ ਪ੍ਰਕਾਰ ਮਨ ਵੀ ਪਦਾਰਥਿਕ ਗਿਆਨ ਰਾਹੀਂ ਵਾਸ਼ਨਾਵਾਂ ਦੇ ਜਾਲ ਬੁਣਦਾ ਰਹਿੰਦਾ ਹੈ। ਇਸ ਜਾਲ ਨੂੰ ਤਿਆਰ ਕਰਨ ਲਈ ਦਿਮਾਗੀ ਕਸਰਤ ਵਿੱਚ ਸਭ ਤੋਂ ਮੁੱਖ ਰੋਲ ਅੱਖਾਂ ਦਾ ਹੁੰਦਾ ਹੈ। ਇਸੇ ਲਈ ਸਿਆਣਿਆ ਨੇ ਅੱਖਾਂ ਨੂੰ ਦਿਮਾਗ ਦਾ ਬਾਹਰੀ ਭਾਗ ਆਖਿਆ ਹੈ। ਮਨ ,'ਐਸੀ ਅਵਸਥਾ ਵਿੱਚ' ਵਿਸ਼ਿਆਨੰਦ ਪ੍ਰਾਪਤ ਕਰਨ ਲਈ ਮੱਕੜੀ ਦੇ ਮੱਛਰ ਖਾਣ ਵਾਂਗ ਟਿਕਿਆ ਰਹਿੰਦਾ ਹੈ। ਜਦੋਂ ਵਿਸ਼ਿਆਨੰਦ ਵੱਲੋਂ ਉਪਰਾਮ ਹੋ ਜਾਏ ਤਾਂ ਮਨ ਹੀ ਆਪਣੇ ਮੂਲ ਰੂਪ ਵੱਲ ਨੂੰ ਮੁੜ ਪੈਂਦਾ ਹੈ। ਮਨ ਦਾ ਮੂਲ ਰੂਪ ਆਤਮਾ ਹੈ। ਜਿਸ ਕਰਕੇ ਇਸ ਮਨ ਦੀ ਹੋਂਦ ਸਰੀਰ ਦੇ ਅਤੇ ਆਤਮਾ ਦੇ ਸੁਮੇਲ ਲਈ ਬਣਾਈ ਗਈ ਹੈ। ਬਿਜਲੀ ਦੇ ਬੱਲਬ ਬਿਜਲੀ ਦੀ ਹੋਂਦ ਕਰਕੇ ਰੂਪ ਵਿੱਚ ਆਏ ਹਨ; ਬਿਜਲੀ ਤੋਂ ਬਗੈਰ ਕਿਸੇ ਕੰਮ ਦੇ ਨਹੀਂ ਹੁੰਦੇ। ਬਿਜਲੀ ਦੀ ਹੈਸੀਅਤ ਨਾਲ ਜੋੜ ਲਈ ਤਾਰਾਂ ਦੀ ਹੋਂਦ ਜ਼ਰੂਰੀ ਹੈ। ਇਸੇ ਪ੍ਰਕਾਰ ਮਨ ਦੀ ਪੰਜ ਤੱਤਾਂ ਦੀ ਸਤੋ ਅੰਸ਼ ਤੋਂ ਬਣੀ ਹੋਂਦ ਬਲੱਬ ਵਾਂਗ ਹੈ। ਮਨ ਦਾ ਆਪਣੇ-ਆਪੇ ਆਤਮਾ ਨਾਲ ਜੁੜਣਾ ਤਾਰ ਵਾਂਗ ਹੈ। '**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**' ਪੰਨਾ-੪੪੧ ਹੇ ਮਨ! ਤੂੰ ਆਪਣੇ ਮੂਲ ਦੀ ਪਛਾਣ ਕਰਨਾ ਕਰ। ਤੇਰਾ ਰੂਪ ਹੀ ਇਸ ਲਈ ਰੂਪਵਾਨ ਹੋਇਆ ਹੈ। ਬਿਜਲੀ ਦੀ ਖੋਜ ਤੋਂ ਬਾਅਦ ਹੀ ਤਾਰਾਂ ਦੀ ਬਲੱਬ ਆਦਿ ਦੀ ਖੋਜ ਹੋਈ। ਇਹ ਖੋਜਾਂ ਨਿਰੰਤਰ ਜਾਰੀ ਹਨ। ਬਿਜਲੀ ਕਣਾਂ ਦਾ ਵਹਾਅ ਇਸ ਦਾ ਵਸੀਲਾ ਹੈ। ਇਵੇਂ ਹੀ ਆਤਮਾ ਦੇ ਬਿਜਲੀ ਕਣ ਸਰੀਰ

ਦੀ ਹੈਸੀਅਤ ਦਾ ਸਬੱਬ ਹਨ। ਆਤਮਾ ਨਾਲ ਜੁੜ ਕੇ ਮਨ ਦੀ ਸ਼ੁੱਧ ਅਵਸਥਾ ਬਣ ਜਾਏ ਤਾਂ ਉਸ ਮਨ ਨੂੰ ਬ੍ਰਹਮ ਗਿਆਨ ਪ੍ਰਾਪਤ ਕਰਨ ਵਾਲਾ ਕਿਹਾ ਜਾਂਦਾ ਹੈ। ਉਸਦੀ ਹਰ ਕਿਰਿਆ ਬ੍ਰਹਮ ਦੇ ਰੂਪ ਵਾਲੀ ਬਣ ਜਾਂਦੀ ਹੈ। ਉਹ ਮਨ ਆਪਣੇ ਆਪੇ ਦਾ ਪੂਰਨ ਗਿਆਨਵਾਨ ਹੋ ਜਾਂਦਾ ਹੈ। ਇਹੀ ਆਤਮ ਸੱਤਾ ਕਰਕੇ ਉਸਨੂੰ ਸਭ ਅੰਦਰ ਪ੍ਰਭੂ ਨਜ਼ਰ ਆਉਣ ਲੱਗ ਜਾਂਦਾ ਹੈ। ਜਿਵੇਂ ਮੱਕੜੀ ਨੇ ਆਪ ਹੀ ਜਾਲੇ ਦੀਆਂ ਤੰਦਾਂ ਨੂੰ ਸਿਰਜਿਆ ਹੁੰਦਾ ਹੈ। ਇਵੇਂ ਹੀ ਪਦਾਰਥਾਂ ਦਾ ਗਿਆਨ ਵੀ ਮਨ ਨੇ ਆਪ ਹੀ ਤਿਆਰ ਕੀਤਾ ਹੁੰਦਾ ਹੈ। ਜਦੋਂ ਇਸਨੂੰ ਪਦਾਰਥ ਦਾ ਯਥਾਰਥ ਰੂਪ ਪਰਮਾਰਿਥਕ ਸੱਤਾ ਕਰਕੇ ਨਜ਼ਰ ਆ ਜਾਂਦਾ ਹੈ। ਤਾਂ ਸਭ ਦਾ ਆਸਰਾ ਇੱਕ ਵਿਆਪਕ ਪ੍ਰਭੂ ਹੀ ਬਾਕੀ ਰਹਿ ਜਾਂਦਾ ਹੈ। ਆਤਮ ਵਿੱਚੋਂ ਅਨਾਤਮ ਬੁੱਧੀ ਅਤੇ ਅਨਾਤਮ ਵਿੱਚੋਂ ਆਤਮ ਬੁੱਧੀ ਨਸ਼ਟ ਹੋ ਜਾਂਦੀ ਹੈ। ਜਦੋਂ ਮਨ ਐਸੀ ਅਵਸਥਾ ਵਿੱਚ ਚਿੱਤ ਦਾ ਰੂਪ ਬਣ ਜਾਂਦਾ ਹੈ। ਜਿਵੇਂ ਦਾ ਪਦਾਰਥ ਹੁੰਦਾ ਹੈ, ਉਸੇ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ। ਪਦਾਰਥਵਾਨਤਾ ਨਸ਼ਟ ਨਜ਼ਰ ਆਉਂਦੀ ਹੈ। ਇਹਨਾਂ ਪਦਾਰਥਾਂ ਨੂੰ ਆਸਰਾ ਦੇਣ ਵਾਲੇ ਬ੍ਰਹਮ ਦਾ ਅਨੁਭਵ ਹੋ ਜਾਂਦਾ ਹੈ।

**ਜਬਿ ਚਿਤ ਸੱਤਿ ਇਸ ਬਿਧਿ ਕੋ ਭਯੋ। ਤਬਿ ਸੰਚਤਿ ਜੁਤਿ ਮਨ ਜਲਿ ਗਯੋ।**
**ਜਿਮ ਮੰਦਰ ਜੁਤਿ ਜਲਯੋ ਅਨਾਜ। ਪੁਨ ਅੰਕੂਰ ਨਹੀਂ ਉਪਰਾਜ॥ ੩੫॥**

**ਅਰਥ** – ਜਦੋਂ ਚਿੱਤ ਦੀ ਅਵਸਥਾ ਸਤ ਸਰੂਪ ਨੂੰ ਸਮਝਣ ਵਾਲੀ ਹੋ ਗਈ। ਤਦੋਂ ਸੰਚਿਤ ਕਰਮਾਂ ਦੇ ਸਮੇਤ ਮਨ ਵੀ ਸੜ ਜਾਂਦਾ ਹੈ। ਜਿਵੇਂ ਮੰਦਰ ਅਨਾਜ ਦੇ ਸਮੇਤ ਹੀ ਜਲ ਜਾਂਦਾ ਹੈ। ਫਿਰ ਉਸ ਅਨਾਜ ਦੇ ਦਾਣਿਆਂ ਵਿੱਚੋਂ ਅੰਕੁਰ (ਪੁੰਗਾਰ) ਨਹੀਂ ਨਿਕਲਦਾ।

**ਭਾਵਾਰਥ** – ਜਦੋਂ ਚਿੱਤ ਸੱਤ ਸਰੂਪ ਹੋ ਜਾਂਦਾ ਹੈ। ਤਦੋਂ ਮਨ ਦੀ ਸੰਕਲਪਕ ਬ੍ਰਿਤੀ ਇੱਕ ਨਾਮ ਵਿੱਚ ਸਥਿਤ ਹੋ ਜਾਂਦੀ ਹੈ। ਸੰਚਤ ਕਰਮ ਰੂਪ ਵਿੱਚ ਜਿਹੜੇ ਕਰਮਾਂ ਦਾ ਭੰਡਾਰਨ ਪਿਆ ਹੈ। ਉਸ ਸਾਰੇ ਦਾ ਸਾਰਾ ਹੀ ਖਤਮ ਹੋ ਜਾਂਦਾ ਹੈ। ਜਦੋਂ ਸੰਕਲਪ ਹੀ ਨਸ਼ਟ ਹੋ ਗਿਆ ਪਿਛੇ ਕੁੱਝ ਵੀ ਨਹੀਂ ਬਚਦਾ। ਜਿਵੇਂ ਬੈਂਕ ਵਿੱਚ ਰੱਖੇ ਹੋਏ ਪੈਸੇ ਤਾਂ ਹੀ ਲੈ ਸਕਦਾ ਹੈ; ਜੇ ਆਪ ਮਨੁੱਖ ਜਿਉਂਦਾ ਹੋਵੇ। ਮਰੇ ਹੋਏ ਨੂੰ ਕੀ ਮਿਲਣਾ ਹੈ। ਇਵੇਂ ਹੀ ਸੰਚਤ ਕਰਮ ਈਸ਼ਰ ਵਿਚ ਹੀ ਪਏ ਨਸ਼ਟ (ਜਬਤ) ਹੋ ਜਾਂਦੇ ਹਨ।

**ਕਿਰੇਮਾਨ ਜੋ ਕਰਨ ਕਰਾਹੀ। ਗਯਾਨੀ ਕੇ ਉਪਜਤਿ ਨਾਂਹੀ ।**



**ਪਰਾਰਬਧ ਕਰਿ ਕ੍ਰਿਆ ਜੁ ਠਾਨਿ। ਹੋਤਿ ਅਨਾਤਮ ਜੁਤਿ ਅਭਿਮਾਨ॥ ੩੬॥**

**ਅਰਥ** – ਕਿਰੇਮਾਨ ਕਰਮ ਉਹ ਹਨ, ਜਿਹੜੇ ਹਰ ਰੋਜ਼ ਕੀਤੇ ਜਾਂ ਰਹੇ ਹਨ। ਗਿਆਨਵਾਨ ਦੇ ਹਿਰਦੇ ਵਿੱਚ ਉਹ ਉਪਜਦੇ ਹੀ ਨਹੀਂ ਹਨ। ਪ੍ਰਾਲਬਧ ਕਰਕੇ ਜੋ ਕਿਰਿਆ ਹੋ ਰਹੀ ਹੈ। ਦੇਹ ਅਭਿਮਾਨ ਦੇ ਸਮੇਤ ਜੋ ਕਿਰਿਆ ਹੁੰਦੀ ਹੈ।

**ਭਾਵਾਰਥ** - ਇੱਥੇ ਗੱਲ ਧਿਆਨ ਨਾਲ ਵੀਚਾਰਨਯੋਗ ਹੈ। ਗੁਰਮਤਿ ਵਿੱਚ ਇਸ ਕਰਮ ਦੀ ਗਤੀਮਾਨਤਾ ਵੱਲ ਵਿਸ਼ੇਸ ਧਿਆਨ ਦਿੱਤਾ ਜਾਂਦਾ ਹੈ। ਨਿਤਕਿਰਿਆ ਵਿੱਚ ਹੋਣ ਵਾਲੇ ਕਰਮ ਕਿਰੇਮਾਨ ਕਰਮ ਅਖਵਾਉਂਦੇ ਹਨ। ਗਿਆਨਵਾਨ ਦੇ ਜੀਵਨ ਵਿੱਚ ਉਪਜਦੇ ਨਹੀਂ ਹਨ। ਕਿਉਂਕਿ ਉਹ ਕਰਮ ਕਰਦਾ ਹੋਇਆ ਸਾਰੇ ਕਰਮ, ਆਪਣੇ ਮਾਲਕ ਦੇ ਚਰਨਾਂ ਵਿਚ ਸੌਂਪ ਦਿੰਦਾ ਹੈ। ਸਰੀਰ ਨੂੰ ਕੇਵਲ ਸਾਧਨ ਮਾਤਰ ਜਾਣ ਕੇ ਆਪ ਇਸ ਸਰੀਰ ਤੋਂ ਮਾਲਕ ਦੀ ਖੁਸ਼ੀ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਉਸ ਦਾ ਹਰ ਕਰਮ ਗੁਰੂ ਆਗਿਆ ਅਨੁਸਾਰ ਹੁਕਮ ਮੰਨਣ ਰੂਪ ਵਿਚ ਹੀ ਹੁੰਦਾ ਹੈ। ਦੋ ਵਖਤ ਦੀ ਅਰਦਾਸ ਇਸੇ ਗੱਲ ਦੀ ਸਿੱਖ ਕੋਲ ਗਵਾਹੀ ਹੈ। ਪਰਾਲਬਧ ਰੂਪ ਜਿਹੜੀ ਕਿਰਿਆ ਵੀ ਹੁੰਦੀ ਹੈ; ਉਹ ਵੀ ਸਹਿਜ ਰੂਪ ਵਿੱਚ ਚਲਦੀ ਰਹਿੰਦੀ ਹੈ। ਸੁੱਖ-ਦੁੱਖ ਵੇਲੇ ਸਮ ਅਵਸਥਾ ਵਿਚ ਟਿਕਿਆ ਰਹਿੰਦਾ ਹੈ। ਦੂਜੇ ਪਾਸੇ ਗਿਆਨ ਹੀਣ ਮਨੁੱਖ (ਗੁਰੂ ਹੁਕਮ ਤੋਂ ਮੁਨਕਰ ਹੋਣ ਵਾਲਾ) ਜਾਂ ਜਿਸਨੂੰ ਸਰੀਰ ਤੇ ਆਤਮਾ ਦੀ ਵਿਵੇਕਸ਼ੀਲਤਾ ਹਾਸਿਲ ਨਹੀਂ ਹੋਈ। ਉਹ ਪ੍ਰਾਲਬਧ ਭੋਗਣ ਰੂਪ ਵਿੱਚ ਜਿਹੜੇ ਕਰਮ ਕਰਦਾ ਹੈ। ਉਹੀ ਕਰਮ ਦੇਹ ਅਭਿਮਾਨ ਸੰਯੁਕਤ ਹੋਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਕੋਈ ਚੰਗਾ ਕਰਮ ਸੰਸਾਰ ਵਿਚ ਤਰੱਕੀ ਵਾਲਾ ਹੋ ਜਾਵੇ, ਤਾਂ ਆਖਦਾ ਹੈ ਵੇਖਿਆ!! ਮੇਰੇ ਦਿਮਾਗ ਦਾ ਕਮਾਲ? ਜੇ ਕੰਮ ਖਰਾਬ ਹੋ ਜਾਏ, ਤਾਂ ਆਖਦਾ ਹੈ; ਮਨਹੂਸ ਟੱਕਰ ਗਿਆ ਕੰਮ ਹੀ ਰਾਸ ਨਹੀਂ ਆਇਆ? ਗੱਲ ਕੀ ਹਰ ਕਰਮ ਵਿੱਚ ਆਪਣੇ ਅਨਾਤਮ (ਨਾਸ਼ ਹੋ ਜਾਣ ਵਾਲਾ) ਸਰੀਰ ਦੇ ਅਭਿਮਾਨ ਸਮੇਤ ਕੰਮ ਕਰਦਾ ਹੈ।

**ਵਹੀ ਕ੍ਰਿਆ ਹੋਵੈ ਕ੍ਰਿਯਮਾਨ। ਜਾਤਿ ਪ੍ਰਨੰਮਤਿ ਅਪਰ ਬਿਧਾਨ।**
**ਸੋਈ ਕ੍ਰਿਯਾ ਹੀਨ ਅਭਿਮਾਨ। ਉਪਜੈ ਨਹੀਂ ਕਦਾਚਿਤ ਜਾਨ॥ ੩੭॥**

**ਅਰਥ** – ਉਹੀ ਕਿਰਿਆ ਕਿਰੇਮਾਨ ਬਣ ਜਾਂਦੀ ਹੈ। ਉਹੀ ਕਿਰੇਮਾਨ ਹੋਰ ਰੂਪ ਬਦਲਦੇ ਜਾਂਦੇ ਹਨ। 'ਗਿਆਨੀ' ਅਭਿਮਾਨ ਰਹਿਤ ਹੋਣ ਕਰਕੇ ਉਹੀ ਕਿਰਿਆ ਕਿਰੇਮਾਨ ਕਰਮ ਨਹੀਂ ਬਣਦੀ ਹੈ। ਉਹ ਕਰਮ ਕਦਾਚਿਤ ਉਪਜਦੇ ਹੀ ਨਹੀਂ ਹਨ।

**ਭਾਵਾਰਥ** – ਅਨਾਤਮ ਦੇ ਅਭਿਮਾਨ ਸੰਯੁਕਤ ਹੋਣ ਕਰਕੇ ਜਿਹੜੀ ਵੀ ਕਿਰਿਆ ਕਰਦਾ ਹੈ; ਉਹੀ ਕਿਰੇਮਾਨ ਕਰਮ ਬਣਦਾ ਜਾਂਦਾ ਹੈ। ਬਹੁਤਾਤ ਵਿੱਚ ਇਹ ਕਿਰਿਆ 'ਦੂਜਿਆਂ ਦੇ ਨੁਕਸਾਨ ਰੂਪ ਵਿੱਚ' ਅਤੇ 'ਆਪਣੇ ਸੁਆਰਥ' ਲਈ ਹੀ ਹੁੰਦੀ ਹੈ। ਕਿਉਂਕਿ ਦੇਹ ਅਭਿਮਾਨੀ ਹਰ ਕਰਮ ਆਪਣੇ ਸੁਆਰਥ ਲਈ ਹੀ ਕਰਦਾ ਹੈ; ਉਸ ਵਿੱਚ ਦੂਜੇ ਦਾ ਭਾਵੇਂ ਕਿਤਨਾ ਵੀ ਨੁਕਸਾਨ ਕਿਉਂ ਨਾ ਹੋ ਜਾਵੇ। ਇਹੀ 'ਕੀਤੇ ਹੋਏ ਕਰਮ' ਦੀ ਹੰਗਤਾ ਉਸਨੂੰ ਕਰਮ ਦੇ ਬੰਧਨ ਵਿਚ ਬੰਨ੍ਹ ਲੈਂਦੀ ਹੈ। ਇਹੀ ਕਰਮ ਜਦੋਂ ਭੋਗਣ ਵਾਸਤੇ ਅਗਲੇ ਜਨਮ ਵਿੱਚ ਹੀ ਪ੍ਰਾਪਤ ਹੋ ਜਾਣ ਤਾਂ ਪ੍ਰਾਲਬਧ ਕਰਮ ਅਖਵਾਉਂਦੇ ਹਨ। ਜੇ ਅਗਲੇ ਸਰੀਰ ਦੀ ਥਾਂ ਕਿਤੇ ਹੋਰ ਕਿਸੇ ਜਨਮ ਲਈ ਰਾਖਵੇਂ ਹੋ ਜਾਣ ਤਾਂ ਸੰਚਤ ਕਰਮ ਦਾ ਰੂਪ ਧਾਰਨ ਕਰ ਲੈਂਦੇ ਹਨ। ਗਿਆਨਵਾਨ ਲਈ ਇਹ ਅਭਿਮਾਨ ਰਹਿਤ ਹੋਣ ਕਰਕੇ ਕਿਰਿਆਹੀਨ ਹੋ ਜਾਂਦੇ ਹਨ। ਭਾਵ ਇਹ ਕਰਮਾਂ ਦੀ ਰੂਪਤਾ ਉਪਜਦੀ ਹੀ ਨਹੀਂ।

**ਪਰਾਰਬਧ ਤੇ ਹੁਇ ਕਿਰਮਾਨ। ਭੋਜਨ ਰੂਪ ਕ੍ਰਿਯਾ ਜਿਮ ਠਾਨਿ।**
**ਪਰਾਰਬਧ ਕੋ ਰੂਪਹਿ ਸੋਇ। ਭੋਜਨ ਕਰੇ ਪੁਸ਼ਟਤਾ ਜੋਇ॥ ੩੮॥**

**ਪਰਾਲਬਧ ਤੋਂ ਕਿਰੇਮਾਨ ਕਰਮ ਬਣਨਾ- ਅਰਥ** - ਪਰਾਲਬਧ ਤੋਂ ਕਿਰੇਮਾਨ ਕਰਮ ਬਣਦੇ ਹਨ। ਭੋਜਨ ਰੂਪ ਕਿਰਿਆ ਜਿਵੇਂ ਕਰੀਦੀ ਹੈ। ਉਹ ਪਰਾਲਬਧ ਦਾ ਰੂਪ ਸਮਝ ਲੈਣਾ ਕਰੋ। ਭੋਜਨ ਖਾਣ ਨਾਲ ਸਰੀਰ ਬਲਵਾਨ ਹੋ ਜਾਂਦਾ ਹੈ।

**ਭਾਵਾਰਥ** – ਭਾਈ ਸਾਹਿਬ ਜੀ ਇੱਥੇ ਇੱਕ ਦ੍ਰਿਸ਼ਟਾਂਤ ਅੰਕਿਤ ਕਰਦੇ ਹਨ। ਜਿਵੇਂ ਭੋਜਨ ਖਾਣਾ ਇੱਕ ਕਿਰਿਆ ਹੈ। ਤੰਦਰੁਸਤ ਤੇ ਬੀਮਾਰ ਹਰ ਮਨੁੱਖ ਭੋਜਨ ਖਾਂਦਾ ਹੈ। ਅਸਰ ਦੋਨਾਂ ਦੇ ਸਰੀਰ ਦੀ ਤੰਦਰੁਸਤੀ ਤੇ ਬੀਮਾਰੀ ਮੁਤਾਬਿਕ ਹੁੰਦਾ ਹੈ। ਤੰਦਰੁਸਤ ਦਾ ਭੋਜਨ ਖਾਣਾ ਸੁਆਦ ਤੇ ਪ੍ਰਸੰਨਤਾ ਦਾ ਪ੍ਰਤੀਕ ਹੁੰਦਾ ਹੈ। ਰੋਗੀ ਦਾ ਭੋਜਨ ਖਾਣਾ ਮਜਬੂਰੀ ਤੇ ਲਾਚਰਗੀ ਹੁੰਦੀ ਹੈ। ਤੰਦਰੁਸਤ, ਭੋਜਨ ਖਾਣ ਤੋਂ ਬਾਅਦ ਸਰੀਰਕ ਵਿਸ਼ਿਆਂ ਵਿੱਚ ਖਚਤ ਹੋਵੇਗਾ। ਉਸ ਲਈ ਭੋਜਨ ਵਿਸ਼ੇ ਵਸਤੂ ਭੋਗਣ ਦਾ ਸਾਧਨ ਬਣ ਜਾਂਦੇ ਹਨ। ਦੂਜੇ ਪਾਸੇ ਰੋਗੀ ਲਈ ਇੱਕੋ ਗਲ ਰੋਗ ਤੋਂ ਖਹਿੜਾ ਕਦੋਂ ਛੁਟੇਗਾ। ਖਾਣਾ ਖਾਧਾ ਹੋਇਆ ਵੀ ਇਉਂ ਹੀ ਲੱਗੇਗਾ; ਜਿਵੇਂ ਖਾਧਾ ਹੀ ਨਹੀਂ ਹੁੰਦਾ। ਇਸੇ ਪ੍ਰਕਾਰ ਪ੍ਰਾਲਬਧ ਭੋਜਨ ਵਾਂਗ ਹੈ। ਕਿਰੇਮਾਨ ਕਰਮ ਭੋਜਨ ਖਾਂਣ ਵਾਂਗ ਹਨ।

**ਸੋ ਕ੍ਰਿਯਮਾਨ ਰੂਪ ਪਹਿਚਾਨ। ਦੇਹਿ ਸਰੁਜ ਸੋ ਪੁਸ਼ਟ ਨ ਜਾਨ।**



**ਜੇ ਅਰੋਗ ਸੋ ਪੁਸ਼ਟ ਬਡੇਰੀ। ਤਿਸੀ ਪ੍ਰਕਾਰ ਜੁਗਤਿ ਲਿਹੁ ਹੇਰੀ॥ ੩੯॥**

**ਅਰਥ** – ਤੰਦਰੁਸਤੀ ਦਾ ਰੂਪ ਕਿਰੇਮਾਨ ਕਰਮ ਵਾਂਗ ਸਮਝ ਲਓ। ਜੇ ਕਰਕੇ ਸਰੀਰ ਰੋਗੀ ਹੋਵੇ ਤਾਂ ਖਾਧਾ ਹੋਇਆ ਭੋਜਨ ਬਲਵਾਨਤਾ (ਰਿਸ਼ਟਤਾ) ਨਹੀਂ ਦਿੰਦਾ। ਜੇ ਸਰੀਰ ਰੋਗ ਰਹਿਤ ਹੋਵੇ ਤਾਂ ਬਲਬਾਨਤਾ ਬਹੁਤ ਹੋਵੇਗੀ। ਉਸੇ ਪ੍ਰਕਾਰ ਜੁਗਤੀ ਨੂੰ ਸਮਝ ਲੈਣਾ ਕਰੋ। ਪਰਾਲਬਧ ਰੋਟੀ ਖਾਣ ਦੀ ਕਿਰਿਆ ਵਾਂਗ ਹੈ। ਇਹੀ ਕਰਮ ਕਰਨ ਦੀ ਬਲਬਾਨਤਾ ਕਿਰੇਮਾਨ ਬਣ ਜਾਂਦੀ ਹੈ। ਪਰ ਗਿਆਨਵਾਨ ਦੇ ਲਈ ਪਰਾਲਬਧ ਕਰਮ ਸੰਸਾਰ ਦੀ ਪ੍ਰਵਿਰਤੀ ਤੋਂ ਉਪਰਾਮ ਹੋਣ ਦੀ ਬੀਮਾਰੀ ਕਰਕੇ ਕਿਰੇਮਾਨ ਹੰਗਤਾ ਵਾਲੇ ਨਹੀਂ ਹੁੰਦੇ। ਉਹਨਾਂ ਨੂੰ ਇਹ ਕਰਮ ਬੰਧਨ ਰੂਪ ਵਿਚ ਨਹੀਂ ਫਸਾਦੇ।

**ਹੋਇ ਕ੍ਰਿਯਾ ਜੁਤਿ ਤਨ ਅਭਿਮਾਨ। ਸੋਇ ਕ੍ਰਿਯਾ ਹੈ ਉਪਜਨਵਾਨ।**
**ਤਨ ਅਭਿਰਾਮ ਨ ਗਯਾਨੀ ਧਰੈ। ਯਾਂਤੇ ਨਹੀਂ ਬੰਧ ਕੋ ਕਰੈਂ॥ ੪੦॥**

**ਅਰਥ** – ਜਿਹੜੀ ਕਿਰਿਆ ਤਨ ਅਭਿਮਾਨ ਦੇ ਸਮੇਤ ਹੁੰਦੀ ਹੈ। ਉਹ ਕਿਰਿਆ ਉਪਜਨਵਾਲੀ ਹੈ। ਤਨ ਅਭਿਮਾਨ ਗਿਆਨਵਾਨ ਧਾਰਨ ਨਹੀਂ ਕਰਦਾ ਹੈ। ਇਸ ਕਰਕੇ ਕਿਰੇਮਾਨ ਕਰਮ ਉਹਨਾਂ ਨੂੰ ਬੰਧਨ ਨਹੀਂ ਕਰਦੇ ਹਨ।

**ਕਰਮ ਮਾਲ ਸਭਿ ਕੇ ਗਰ ਪਰੀ। ਤਨ ਹੰਤਾ ਤਯਾਗੇ ਤਿਨ ਹਰੀ।**
**ਬਿਨਾ ਤਯਾਗ ਤੇ ਅਨਿਕ ਕਲੇਸ਼। ਜਨਮ ਮਰਨ ਕੇ ਕਸ਼ਟ ਅਸ਼ੇਸ਼॥ ੪੧॥**

**ਅਰਥ** – ਕਰਮਾਂ ਦੀ ਮਾਲਾ ਸਭ ਦੇ ਗਲ ਵਿੱਚ ਪਈ ਹੈ। ਜਿਸਨੇ ਤਨ ਹੰਗਤਾ ਨੂੰ ਤਿਆਗ ਦਿੱਤਾ ਹੈ। ਉਹਨਾਂ ਨੇ ਇਸ ਮਾਲਾ ਨੂੰ ਦੂਰ ਸੁੱਟ ਦਿੱਤਾ ਹੈ। ਇਸ ਨੂੰ ਤਿਆਗਣ ਤੋਂ ਬਿਨਾਂ ਅਨੇਕਾਂ ਹੀ ਕਲੇਸ਼ ਹਨ। ਜੰਮਣ ਮਰਣ ਦੇ ਅਨੇਕਾਂ ਹੀ ਕਸ਼ਟ ਹਨ।

**ਯਾਂਤੇ ਸਤਿਗੁਰ ਨੇ ਬਹੁ ਬਾਰ।**
**ਬਰਨਨ ਕੀਨੋ ਗ੍ਰੰਥ ਮਝਾਰ।**
**'ਹਉ ਵਿਚਿ ਆਇਆ ਹਉ ਵਿਚਿ ਗਇਆ।**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ'॥ ੪੨॥**

**ਅਰਥ** – ਇਸ ਲਈ ਸਤਿਗੁਰੂ ਜੀ ਨੇ ਬਹੁਤ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕੀਤਾ ਹੈ। ਹਉਮੈ ਵਿਚ ਜੀਵ ਸੰਸਾਰ ਤੇ ਆਉਂਦਾ ਹੈ, ਹਉਮੈਂ ਵਿੱਚ ਹੀ ਜੀਵ ਜਾਂਦਾ ਹੈ। ਹਉਮੈਂ ਅੰਦਰ ਹੀ ਜੰਮਦਾ ਹੈ, ਹਉਮੈਂ ਵਿਚ ਹੀ ਮਰਦਾ ਹੈ।

**ਇੱਤਯਾਦਿਕ ਕਛੁ ਗਿਨੇ ਨ ਜਾਂਹਿ। ਕਹਯੋ ਦੇਹਿ ਹੰਤਾ ਕਰਿ ਨਾਂਹਿ ।**

**ਤਨ ਹੰਤਾ ਮਹਿੰ ਸਭਿ ਉਤਪਾਤ। ਦੁਖ ਪ੍ਰਾਪਤਿ ਪੁਨ ਪੁਨ ਪਛੁਤਾਤ॥ ੪੩॥**

**ਅਰਥ** – ਇਸ ਤੋਂ ਅਦਿਕ ਕੁੱਝ ਵੀ ਗਿਣਿਆ ਨਹੀਂ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਕਥਨ ਕੀਤਾ ਹੈ, "ਹੇ ਭਾਈ ! ਦੇਹ ਹੰਗਤਾ ਨਾ ਕਰਨਾ ਕਰ।" ਦੇਹ ਹੰਗਤਾ ਵਿਚ ਹੀ ਸਾਰੇ ਉਪਦ੍ਰਵ ਹਨ। ਜਦੋਂ ਦੁੱਖ ਤੇ ਦੁੱਖ ਮਿਲਦਾ ਹੈ, ਤਾਂ ਮਨੁੱਖ ਮੁੜ ਮੁੜ ਕੇ ਪਛਤਾਉਂਦਾ ਹੈ।

**ਜਨਮ ਅਸੰਖ ਇਸੀ ਤੇ ਧਰੈ। ਅੱਪ੍ਰਮਾਨ ਸੰਕਟ ਤੇ ਮਰੈ।**
**ਮਮਤਾ ਆਦਿ ਬਿਕਾਰ ਅਨੇਕ। ਤਨ ਹੰਤਾ ਜਨਤੀ ਅਬਿਬੇਕ॥ ੪੪॥**

**ਅਰਥ** – ਅਨੇਕਾਂ ਜਨਮ ਵਿੱਚ ਜੀਵ ਇਸ ਭੈੜੀ ਵਾਦੀ ਤੋਂ ਮਿਲਦੇ ਹਨ। ਬੇ-ਤਹਾਸ਼ਾ ਸੰਕਟਾਂ ਨਾਲ ਮਰਦਾ ਹੈ। ਮਮਤਾ ਤੋਂ ਲੈ ਕੇ ਅਨੇਕਾਂ ਵਿਕਾਰ ਜਿਹੜੇ ਮਨੁੱਖ ਅੰਦਰ ਉਪਜਦੇ ਹਨ। ਇਹਨਾਂ ਸਾਰਿਆਂ ਦੀ ਜਨਮਦਾਤਾ ਅਬਬੇਕ ਬ੍ਰਿਤੀ ਹੈ। ਅਬਿਬੇਕ ਬ੍ਰਿਤੀ ਵਿੱਚੋਂ ਤਨ ਹੰਗਤਾ ਪੈਦਾ ਹੁੰਦੀ ਹੈ। ਇਸ ਵਿੱਚੋਂ ਵਿਕਾਰ ਪੈਦਾ ਹੁੰਦੇ ਹਨ। ਬਿਕਾਰਾਂ ਵਿੱਚੋਂ ਮੰਦੇ ਕਰਮਾਂ ਦੀ ਪ੍ਰਵਿਰਤੀ ਜੰਮ ਪੈਂਦੀ ਹੈ। ਅਵਿਵੇਕ ਦੀ ਵਿਚਾਰਧਾਰਾਂ ਅਗਲੇ ਅਧਿਆਇ ਵਿੱਚ ਆਵੇਗੀ। ਇਸ ਤੋਂ ਬਚਾਅ ਕਰਵਾਉਣ ਵਾਲਾ ਕੇਵਲ ਗੁਰੂ ਕਿਰਪਾ ਦਾ ਉਪਰਾਲਾ ਹੈ। ਜਿਸਨੂੰ ਭਾਈ ਸਾਹਿਬ ਜੀ ਅਧਿਆਇ ਸੰਪੂਰਨ ਕਰਨ ਲੱਗੇ ਅੰਕਿਤ ਕਰਦੇ ਹਨ।

**ਜਿਸ ਜਨ ਪਰ ਹੋਵੇ ਗੁਰ ਕਰੁਨਾ। ਤਨ ਹੰਤਾ ਕੋ ਕਰਹਿ ਪ੍ਰਹਰਨਾ।**
**ਤੱਤ ਉਪਦੇਸ਼ ਨਾਮ ਲਿਵਲਾਵੈ। ਜਨਮ ਮਰਨ ਦੁਖ ਤੇ ਛੁਟਿ ਜਾਵੈ॥ ੪੫॥**

**ਅਰਥ** – ਜਿਹਨਾਂ ਉੱਪਰ ਗੁਰੂ ਸਾਹਿਬ ਜੀ ਦੀ ਕਿਰਪਾ ਹੋਵੇ, ਉਹ ਤਨ ਹੰਗਤਾ ਨੂੰ ਖਤਮ ਕਰ ਦਿੰਦੇ ਹਨ। ਉਹ ਤੱਤ ਉਪਦੇਸ਼ ਨਾਲ ਲਿਵ ਲਾ ਲੈਂਦੇ ਹਨ। ਜੰਮਣ ਮਰਨ ਦੇ ਦੁਖਾਂ ਤੋਂ ਖਹਿੜਾ ਛੁਟ ਜਾਂਦਾ ਹੈ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕਰਮ ਨਿਰਨੈ' ਪ੍ਰਸੰਗ ਬਰਨੰਨ ਨਾਮ ਇਕ ਚੱਤਵਾਰਿੰਸਤੀ ਅੰਸੂ**



## ਅਧਿਆਇ ਦੂਜਾ (ਅੰਸੂ ਬਤਾਲ੍ਹੀਵਾਂ)

### ਆਤਮ ਦਰਪਣ ਵਿਚਾਰ

**ਦੋਹਰਾ - ਪੁਨ ਸਿੰਘਨ ਬੂਝਨਿ ਕਰਯੋ, 'ਕਹੋ ਰੂਪ ਅੱਗਯਾਨ[੧] ।**
**ਮਾਯਾ[੨], ਬਹੁਰ ਅਬਿੱਦਿਆ[੩] ਬੰਧਨ[੪] ਮੋਖ[੫] ਬਖਾਨਿ ॥ ੧ ॥**
**ਚੌਪਈ-ਜਾਗ੍ਰਤ[੬] ਸੁਪਨ[੭] ਸਖੋਪਤਿ[੮] ਤੀਨ । ਏਹ ਅਵਸਥਾ ਕਹੋ ਪ੍ਰਬੀਨ !।**
**ਮੁਰਛਾ ਰੂਪ[੯] ਸਮਾਧਿ[੧੦] ਕਹੀਜੈ । ਤੁਰੀ ਅਵਸਥਾ[੧੧] ਰੂਪ ਭਨੀਜੈ ॥ ੨ ॥**
**ਇਕ ਸਾਖੀ[੧੨] ਅਰੁ ਜੀਵ[੧੩] ਜਿ ਹੋਇ। ਜਸ ਇਨ ਰੂਪ ਬਖਨਾਹੁ ਸੋਇ।**
**ਪ੍ਰਨਹੁ ਬ੍ਰਹਮ[੧੪] ਨਿਰਨੈ ਕਰਿ ਲਹੋ। ਪੰਚ ਕੋਸ਼[੧੫] ਕੋ ਰੂਪ ਸੁ ਕਹੋ' ॥ ੩ ॥**

**ਅਰਥ** – ਪਹਿਲੇ ਅਧਿਆਇ ਵਿੱਚ ਕਰਮਾਂ ਦੀ ਵੀਚਾਰ ਸੁਣ ਕੇ ਸਿੰਘਾਂ ਨੇ ਭਾਈ ਸਾਹਿਬ ਜੀ ਤੋਂ ਪੰਦਰਾਂ ਹੋਰ ਪ੍ਰਸ਼ਨ ਕੀਤੇ ਹਨ। ਜਿਹਨਾਂ ਵਿੱਚ ਸਭ ਤੋਂ ਪਹਿਲਾ ਪ੍ਰਸ਼ਨ ਹੈ, ਅਗਿਆਨ ਦਾ ਸਰੂਪ ਦੱਸਣਾ ਕਰੋ? ੨) ਮਾਇਆ ਕੀ ਹੈ? ੩) ਫਿਰ ਅਵਿੱਦਿਆ ਕੀ ਹੈ? ੪) ਬੰਧਨ ਕੀ ਹੈ? ੫) ਮੁਕਤੀ ਕੀ ਹੈ? ਇਸ ਦਾ ਕਥਨ ਕਰੋ।

ਮਨੁੱਖੀ ਸਰੀਰ ਦੀਆਂ ਤਿੰਨ ਅਵਸਥਾਵਾਂ– ੬) ਜਾਗ੍ਰਤਿ ਕੀ ਹੈ? ੭) ਸੁਪਨ ਅਵਸਥਾ ਕੀ ਹੈ? ੮) ਸਖੋਪਤੀ ਅਵਸਥਾ ਕੀ ਹੈ? ਹੇ ਸਿਆਪਣ ਦੇ ਭੰਡਾਰ ਭਾਈ ਸਾਹਿਬ ਜੀ! ਇਹਨਾਂ ਦੀ ਵਿਆਖਿਆ ਕਰਕੇ ਸਮਝਾਓ।

੯) ਮੂਰਛਾ ਦਾ ਰੂਪ ਕੀ ਹੈ? ੧੦) ਸਮਾਧੀ ਕੀ ਹੁੰਦੀ ਹੈ? ਇਹ ਵੀ ਦੱਸੋ।

੧੧) ਤੁਰੀਆ ਅਵਸਥਾ ਦਾ ਸਰੂਪ ਕੀ ਹੁੰਦਾ ਹੈ? ਇਹ ਵੀ ਆਖਣਾ ਕਰੋ।

੧੨) ਸਾਕਸ਼ੀ ਕੀ ਹੁੰਦਾ ਹੈ? ੧੩) ਜੀਵ ਅਵਸਥਾ ਕੀ ਹੁੰਦੀ ਹੈ? ਜੈਸੇ ਇਹਨਾਂ ਦੇ ਵਾਸਤਵ ਰੂਪ ਹਨ; ਸਾਨੂੰ ਦਸਣਾ ਕਰੋ।

੧੪) ਬ੍ਰਹਮ ਕੀ ਹੈ? ਨਿਰਣਾ ਕਰਕੇ ਸਾਨੂੰ ਸਮਝਾ ਦਿਓ। ੧੫) ਪੰਚ ਕੋਸ਼ਾਂ ਦਾ ਸਰੂਪ ਕੀ ਹੈ?

**ਭਾਵਾਰਥ** – ਅਧਿਆਤਮਕ ਸਫਰ ਦਾ ਪਾਂਧੀ ਚੰਗੇ (ਸਾਰਥਿਕ) ਕਰਮਾਂ ਦਾ

ਅਨੁਸਰਣ ਕਰਦਿਆਂ ਹੋਇਆਂ ਮਾਨਸਿਕ ਤਰੱਕੀ ਹਾਸਲ ਕਰ ਲੈਂਦਾ ਹੈ। ਮਾਨਸਿਕ ਸਫਲਤਾ ਦੁਆਰਾ ਉਸਨੂੰ ਆਪਣੇ ਅੰਦਰ ਨੂੰ ਖੋਜਣ ਦੀ ਭਰਪੂਰ ਜਗਿਆਸਾ ਉਤਪੰਨ ਹੋ ਜਾਂਦੀ ਹੈ। ਇਸ ਜਗਿਆਸਾ ਵਿੱਚ ਸਭ ਤੋਂ ਪਹਿਲਾਂ ਸੁਆਲਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਨੀਤੀਵਾਨ ਦਾ ਕਥਨ ਹੈ 'ਅਰਥੀ ਪ੍ਰਸ਼ਨੀ ਜਗਤ ਮੈਂ ਸੁਲਭ ਅਗਾਰ ਅਗਾਰ। ਦਾਤਾ ਉਤਰਵੰਤ ਦਵੈ ਦੁਰਲਭ ਵਿਚ ਸੰਸਾਰ' ਸੁਆਲ ਕਰਨ ਵਾਲਾ ਅਤੇ ਮੰਗਣ ਵਾਲਾ ਸੰਸਾਰ ਵਿੱਚ ਘਰ ਘਰ ਮਿਲ ਜਾਏਗਾ। ਪਰ ਪ੍ਰਸ਼ਨ ਦਾ ਉੱਤਰ ਦੇਣ ਵਾਲਾ ਅਤੇ ਮੰਗਤੇ ਨੂੰ ਦਾਨ ਦੇਣ ਵਾਲਾ ਕੋਈ ਕੋਈ ਹੁੰਦਾ ਹੈ। ਧਿਆਨ ਗੋਚਰ ਹੈ, ਸੁਆਲ ਕਰਨਾ ਬਹੁਤ ਸੌਖਾ ਹੁੰਦਾ ਹੈ। ਪਰ ਉੱਤਰ ਦੇਣ ਲਈ ਯੋਗ ਸਮਰਥਾ ਕਿਸੇ ਕਿਸੇ ਵਿਚ ਹੁੰਦੀ ਹੈ। ਇਹ ਸਮਰਥਾ ਬੁੱਧੀ ਤੇ ਅਕਲ ਦਾ ਖੇਤਰ ਹੁੰਦਾ ਹੈ। ਜਿਸਦੀ ਬੁੱਧੀ ਵਿਸ਼ਾਲ ਗਿਆਨ ਨਾਲ ਭਰਪੂਰ ਹੋਵੇ ਅਤੇ ਅਕਲ ਸਿਧਾਂਤ ਨੂੰ ਸ਼ਬਦੀ ਜ਼ਾਮਾ ਪਹਿਨਾਉਣ ਵਾਲੀ ਹੋਵੇ, ਤਾਂ ਸਹੀ ਉਤਰ ਦਿੱਤਾ ਜਾ ਸਕਦਾ ਹੈ। ਉੱਤਰ ਉਹੋ ਹੀ ਮੰਨਿਆ ਜਾਂਦਾ ਹੈ, ਜਿਸ ਨਾਲ ਪ੍ਰਸ਼ਨ ਕਰਨ ਵਾਲੇ ਦਾ ਪ੍ਰਸ਼ਨ ਹੀ ਖਤਮ ਹੋ ਜਾਏ। ਇਸ ਲਈ ਸੁਮਤਿ ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ। ਸੁਮਤਿ, ਨਿਮਰਵਾਨ ਕੋਲ ਹੀ ਹੁੰਦੀ ਹੈ। ਚਤੁਰਾਈ ਤੇ ਸੁਮਤਿ ਵਿੱਚ ਇੱਕੋ ਫਰਕ ਹੁੰਦਾ ਹੈ। ਚਤੁਰਾਈ ਕਰਨ ਵਾਲਾ ਮਨੁੱਖ ਆਪਣੀ ਹੈਸੀਅਤ ਤੇ ਸਿਫਤ ਲਈ ਪ੍ਰਪੰਚ ਕਰਦਾ ਹੈ। ਸੁਮਤਿ ਵਾਲਾ ਆਪਣੇ ਗਿਆਨਦਾਤੇ ਦੀ ਹੈਸੀਅਤ ਉਤੇ ਫਿਦਾ ਹੋ ਕੇ ਉਸਦੀ ਹੀ ਸਿਫਤ ਕਰਦਾ ਹੈ।

**ਪੰਦ੍ਰਹ ਪ੍ਰਸ਼ਨ ਸੁਨੇ ਸਭਿ ਕਾਨ। ਦਇਆ ਸਿੰਘ ਜੀ ਕਰਤਿ ਬਖਾਨ।**
**'ਜਿਸ ਪਰ ਗੁਰੂ ਪ੍ਰਸੰਨਤਾ ਧਰੈਂ॥ ਸੁਨਿ ਕੈ ਦਿਢ ਨਿਸ਼ਚੈ ਸੋ ਕਰੈ॥ ੪॥**

**ਅਰਥ** – ਪੰਦਰਾਂ ਪ੍ਰਸ਼ਨ ਜਦੋਂ ਭਾਈ ਦਇਆ ਸਿੰਘ ਜੀ ਨੇ ਸੁਣ ਲਏ। ਤਦੋਂ ਭਾਈ ਸਾਹਿਬ ਜੀ ਆਖਣ ਲੱਗੇ, "ਹੇ ਭਾਈ! ਜਿਸ ਮਨੁੱਖ ਤੇ ਗੁਰੂ ਸਾਹਿਬ ਜੀ ਖੁਸ਼ ਹੋ ਜਾਣ ਉਹ ਇਹਨਾਂ ਵੀਚਾਰਾਂ ਨੂੰ ਪ੍ਰਪੱਕ ਕਰਕੇ ਨਿਸ਼ਚਾ ਟਿਕਾ ਲੈਂਦਾ ਹੈ।

**ਭਾਵਾਰਥ** – ਸਾਰੇ ਸੁਆਲਾਂ ਨੂੰ ਸੁਣ ਕੇ ਭਾਈ ਦਇਆ ਸਿੰਘ ਜੀ ਪ੍ਰਸੰਨ ਚਿੱਤ ਹੋ ਕੇ ਜੁਆਬ ਲਈ ਤਿਆਰ ਹੋ ਗਏ ਹਨ। ਭਾਂਵੇਂ ਕਿ ਭਾਈ ਦਇਆ ਸਿੰਘ ਜੀ ਪੰਜ ਪਿਆਰਿਆਂ ਦੀ ਬਖਸ਼ਿਸ ਨੂੰ ਮਾਨਣ ਵਾਲੇ ਹਨ। ਫਿਰ ਵੀ ਪੰਜ ਦੀ ਹੈਸੀਅਤ ਵਿਚ ਸੇਵਾ ਕਰਨ ਤੋਂ ਬਾਅਦ ਵਿਚ ਸਰੀਰ ਦੀ ਆਪਣੀ ਹੈਸੀਅਤ ਹੁੰਦੀ ਹੈ। ਸਰੀਰ ਕਰਕੇ ਹੀ ਬੁੱਧੀ ਗਿਆਨ ਤੇ ਧਿਆਨ ਦਾ ਭੰਡਾਰਨ ਬਣਦੀ ਹੈ। ਮਨੁੱਖੀ ਸਰੀਰ ਦੀ



ਹੋਂਦ ਦੁਆਰਾ ਜੀਵ ਗਿਆਨ ਨੂੰ ਹਾਸਲ ਕਰਨ ਲਈ ਯਤਨ ਕਰਦਾ ਹੈ। ਸ਼ਬਦਾਂ ਦੁਆਰਾ ਸਹਿਜ ਵਿੱਚ ਵਿਸ਼ੇਸ ਕਰਕੇ ਇਕ-ਇਕ ਗਿਆਨ ਬੁੱਧੀ ਦੇ ਵਿੱਚ ਟਿਕਦਾ ਜਾਂਦਾ ਹੈ। ਇਹੀ ਗਿਆਨ ਹੌਲੀ-ਹੌਲੀ ਧਿਆਨ ਦੇ ਰੂਪ ਰਾਹੀਂ ਖੋਜਾਂ ਦਾ ਰਸਤਾ ਖੋਲ ਦਿੰਦਾ ਹੈ। ਭਾਈ ਸਾਹਿਬ ਜੀ ਗਿਆਨ ਧਿਆਨ ਦੀ ਬਖਸ਼ਿਸ਼ ਕਰਨ ਵਾਲੇ ਆਪਣੇ ਸੱਚੇ ਸਤਿਗੁਰੂ ਜੀ ਦੀ ਮਹਿਮਾ ਕਰਦੇ ਹਨ। ਹੇ ਭਾਈ ! ਜਿਸ ਉੱਪਰ ਗੁਰੂ ਸਾਹਿਬ ਜੀ ਕਿਰਪਾ ਕਰਨ ਉਹੋ ਹੀ ਇਹਨਾਂ ਸੁਆਲਾਂ ਦੇ ਉੱਤਰ ਦੇਣ ਦੇ ਸਮਰੱਥ ਹੋ ਸਕਦਾ ਹੈ। ਸਾਡੇ ਲਈ ਪ੍ਰੇਰਨਾ ਸਰੋਤ ਹੈ; ਗੁਰੂ ਦੁਆਰਾ ਮਿਲੀ ਹੋਈ ਵਡਿਆਈ ਨੂੰ ਪ੍ਰਾਪਤ ਕਰਕੇ ਗੁਰੂ ਮਹਿਮਾਂ ਨੂੰ ਕਦੇ ਭੁੱਲਣ ਦਾ ਪਾਪ ਨਾ ਕਰਨਾ! ਗੁਰੂ ਗਿਆਨ-ਦਾਤਾ ਜਦੋਂ ਕਿਰਪਾ ਕਰ ਦਿੰਦੇ ਹਨ; ਉਦੋਂ ਹੀ ਗਿਆਨ ਤੇ ਧਿਆਨ ਪ੍ਰਪੱਕ ਹੁੰਦੇ ਹਨ।

**ਸੁਨੀਅਹਿ ਸਭਿ ਕੇ ਰੂਪ ਬਖਾਨੋਂ। ਗੁਰ ਕਰੁਨਾ ਤੇ ਮੈਂ ਜਿਮ ਜਾਨੋਂ।**
**ਜਿਸ ਜਾਨੇ ਅਰ ਨਿਰਨੈ ਕਰੇ। ਜਗ ਸਾਗਰ ਤੇ ਸੋ ਨਰ ਤਰੇ॥ ੫॥**

**ਅਰਥ** – ਆਪ ਸਭ ਧਿਆਨ ਪੂਰਬਕ ਸੁਣੋ। ਜਿਸ ਪ੍ਰਕਾਰ ਮੈਂ ਗੁਰੂ ਕਿਰਪਾ ਸਦਕਾ ਜਾਣਦਾ ਹਾਂ। ਉਸੇ ਪ੍ਰਕਾਰ ਸਭ ਦੇ ਰੂਪ ਵਰਨਣ ਕਰਦਾ ਹਾਂ। ਜਿਸ ਵੀਚਾਰ ਕਰਕੇ ਮਨੁੱਖ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

**ਭਾਵਾਰਥ** – ਭਾਈ ਸਾਹਿਬ ਜੀ ਆਖਦੇ ਹਨ, ਹੇ ਭਾਈ ! ਮੈਂ ਸਾਰਿਆਂ ਦੇ ਰੂਪ ਜਿਸ ਪ੍ਰਕਾਰ ਗੁਰੂ ਕਿਰਪਾ ਸਦਕੇ ਜਾਣਦਾ ਹਾਂ। ਉਹਨਾਂ ਦੇ ਸਹੀ ਰੂਪ ਤੁਹਾਨੂੰ ਦੱਸਦਾ ਹਾਂ। ਜਿਹਨਾਂ ਨੂੰ ਤੁਸੀਂ ਸਮਝ ਕੇ ਫਿਰ ਨਿਰਨਾ ਕਰਨ ਵਾਲੇ ਬਣ ਜਾਵੋਗੇ । ਜਿੱਥੇ ਦਿਖਣ ਵਾਲੀ ਵਸਤੂ ਭ੍ਰਮ ਪੈਦਾ ਕਰ ਦੇਵੇ, ਉਥੇ ਨਿਰਣੇ ਲਈ ਕੁੱਝ ਵੀਚਾਰਧਾਰਕ ਸੂਝ ਹੋਣੀ ਬਹੁਤ ਜਰੂਰੀ ਹੁੰਦੀ ਹੈ। ਜਿਵੇਂ ਸੀਤਾ ਦੇ ਭ੍ਰਮ ਨੂੰ ਹਨੂਮਾਨ ਨੇ ਰਾਮ ਜੀ ਦੀ ਮੁੰਦਰੀ ਵਿਖਾ ਕੇ ਦੂਰ ਕੀਤਾ ਸੀ। ਇਸੇ ਪ੍ਰਕਾਰ ਮਤ ਰੂਪ ਸੀਤਾ ਨੂੰ ਨਿਸ਼ਠਾ-ਰੂਪ ਬੁੱਧੀ ਨੇ ਨਿਰਾਕਾਰ ਰਾਮ ਦੀ ਗੁਰਸ਼ਬਦ ਮੁੰਦਰੀ ਵਿਖਾ ਕੇ ਮਨੁੱਖੀ ਜਨਮ ਦੇ ਸੰਸਾਰਿਕ ਭਰਮ ਨੂੰ ਦੂਰ ਕਰਕੇ ਸਾਕਾਰ ਗੁਰੂ ਸਾਹਿਬ ਜੀ ਦੀ ਮਹਾਨਤਾ ਨੂੰ ਪ੍ਰਗਟ ਕਰ ਦਿੱਤਾ ਹੈ। ਜਦੋਂ ਗੁਰੂ ਸਾਹਿਬ ਜੀ ਦੇ ਸ਼ਬਦ ਨਾਲ ਸਿੱਖ ਦੀ ਸੁਰਤ ਜੁੜਨ ਲੱਗ ਜਾਂਦੀ ਹੈ। ਅਭਿਆਸ ਸਦਕਾ ਅਗਿਆਨਤਾ ਦਾ ਭਰਮ ਦੂਰ ਹੋ ਜਾਂਦਾ ਹੈ।

**ਸ੍ਵੈਯਾ– ੍ਬਿਨ ਅਕਾਰ, ਬਿਨ ਜਨਮ ਅਨਾਦੀ ਰਹਿ ਇਕ ਦੇਸ਼ ਬ੍ਰਹਮ ਕੇ ਮਾਂਹਿ।**

**ਨਾਮ ਅੱਗਯਾਨ[੨], ਲਿਏ ਖਟ ਸੰਗਯਾ ਇਕ ਚਿਤੰਨ ਵਯਾਪਕ[੧] ਵਿਚ ਤਾਂਹਿ।**
**ਚੇਤਨ[੨] ਸੋ ਸਬੰਧ ਈਸ਼੍ਵਰਤਾ[੩] ਚਤੁਰਥ ਸੰਗਯਾ ਜੀਵ ਜਿ ਆਹਿ।**
**ਈਸ਼ਰ ਜੀਵ ਵਿਭਾਗ[੫] ਪੰਚਮੋ ਚਿਦਾਭਾਸ਼[੬] ਖਸ਼ਟਮ ਲਖਿ ਵਾਹਿ॥ ੬॥**

**ਅਰਥ** – ਬਿਨਾਂ ਅਕਾਰ ਅਤੇ ਬਿਨਾਂ ਜਨਮ ਦੇ ਆਦਿ ਤੋਂ ਰਹਿਤ ਬ੍ਰਹਮ ਦੇ ਇੱਕ ਹਿੱਸੇ ਵਿੱਚ ਰਹਿੰਦਾ ਹੈ। ਇਸ ਦਾ ਨਾਮ ਅਗਿਆਨ ਹੈ; ਜਿਸ ਦੀਆਂ ਛੇ ਸੰਗਿਆ (ਨਾਮਾਕਰਣ) ਹੋ ਜਾਂਦੀਆਂ ਹਨ। ਇੱਕ ਵਿਆਪਕ ਚੇਤਨ ਉਸ ਅਗਿਆਨ ਵਿੱਚ ਹੈ। ਅਗਿਆਨ ਦਾ ਚੇਤਨ ਨਾਲ ਸੰਬੰਧ, ਤੀਜਾ ਈਸ਼ਰਤਾ ਚੌਥੀ ਸੰਗਿਆ ਜੀਵ ਹੁੰਦੀ ਹੈ। ਈਸ਼ਰ ਤੇ ਜੀਵ ਦਾ ਵਿਭਾਗ ਪੰਜਵਾਂ ਚਿਦਾਭਾਸ਼ ਛੇਵਾਂ ਜਾਣ ਲੈਣਾ ਕਰ।

**ਭਾਵਾਰਥ** – ਸਭ ਤੋਂ ਪਹਿਲਾਂ ਅਗਿਆਨ ਦੀ ਵੀਚਾਰ ਭਾਈ ਸਾਹਿਬ ਜੀ ਨੇ ਸ਼ੁਰੂ ਕੀਤੀ ਹੈ। ਸਾਰਾ ਪਸਾਰਾ ਅਗਿਆਨ ਕਰਕੇ ਹੈ। ਅਗਿਆਨ ਹੀ ਮਨੁੱਖ ਨੂੰ ਅਸਲੀਅਤ ਨਾਲ ਜੁੜਨ ਨਹੀਂ ਦਿੰਦਾ। ਜਿਵੇਂ ਕੁਦਰਤ ਨੇ ਹਨੇਰਾ ਇਸ ਲਈ ਬਣਾਇਆ ਸੀ, ਕਿ ਸਰੀਰ ਨੂੰ ਅਰਾਮ ਕਰਨ ਲਈ ਮਨੁੱਖ ਦੀਆਂ ਅੱਖਾਂ ਵੇਖਣ ਤੋਂ ਅਸਮਰਥ ਹੋ ਜਾਣ ਤਾਂ ਕਿ ਮਨੁੱਖ ਆਪਣੇ ਸਰੀਰ ਲਈ ਅਰਾਮ ਕਰ ਸਕੇ। ਪਰ ਮਨੁੱਖ ਦੀਆਂ ਲਾਲਸਾਵਾਂ ਨੇ ਹਨੇਰੇ ਨੂੰ ਦੂਰ ਕਰਨ ਲਈ ਪ੍ਰਕਾਸ਼ ਦਾ ਪ੍ਰਬੰਧ ਬਿਜਲੀ ਆਦਿ ਢੰਗਾਂ ਨਾਲ ਕਰ ਲਿਆ ਹੈ। ਜਿਸ ਨਾਲ ਮਨੁੱਖ ਨੇ ਆਪਣਾ ਅਰਾਮ ਕਰਨਾ ਵੀ ਖਤਮ ਕਰ ਲਿਆ ਹੈ। ਦਿਨ-ਰਾਤ ਪੈਸੇ ਦੀ ਦੌੜ ਵਿੱਚ ਫਸਿਆ ਹੋਇਆ ਦੁਖੀ ਹੁੰਦਾ ਰਹਿੰਦਾ ਹੈ। ਇਵੇਂ ਪਰਮਾਤਮਾ ਨੇ ਜੀਵ ਦੇ ਸੰਸਾਰਿਕ ਵਿਧਾਨ ਵਿੱਚ ਸਹਾਇਤਾ ਲਈ ਜੀਵ ਲਈ ਅਗਿਆਨ ਦੀ ਹੋਂਦ ਕਾਇਮ ਕੀਤੀ ਸੀ। ਅਗਿਆਨ ਵਿੱਚ ਹੀ ਕਾਰਣ ਸਰੀਰ ਹੈ। ਕਾਰਣ ਸਰੀਰ ਤੋਂ ਸੂਖਸ਼ਮ ਸਰੀਰ ਅੱਗੇ ਸਥੂਲ ਸਰੀਰ ਹੋਂਦ ਵਿੱਚ ਆਉਂਦਾ ਹੈ। ਇਹ (ਅਗਿਆਨ) ਜੀਵ ਨੂੰ ਮਨੁੱਖੀ ਸਰੀਰ ਦੁਆਰਾ ਸਾਧਨਾ ਲਈ ਮਿਲਿਆ ਹੋਇਆ ਸੀ। ਪਰ ਮਨੁੱਖ ਨੇ ਸਰੀਰ ਨੂੰ ਆਤਮ ਪ੍ਰਾਪਤੀ ਲਈ ਨਾ ਸਮਝ ਕੇ ਲਾਲਸਾਵਾਂ ਤਹਿਤ ਸੰਸਾਰਿਕ ਵਸੀਲਾ ਹੀ ਸਮਝ ਲਿਆ ਹੈ। ਇਸੇ ਕਰਕੇ ਅਗਿਆਨਤਾ ਦਾ ਪ੍ਰਭਾਵ ਮਨੁੱਖ ਨੂੰ ਸਭ ਤੋਂ ਵੱਧ ਭਰਮਾ ਰਿਹਾ ਹੈ। ਮਨੁੱਖ ਆਪਣੀਆਂ ਅੱਖਾਂ ਨਾਲ ਵੇਖਣ ਵਾਲੀ ਵਸਤੂ ਨੂੰ ਵੇਖ ਕੇ ਜਾਇਜ਼ ਠਹਿਰਾਉਂਦਾ ਹੈ। ਅੱਖਾਂ ਕੇਵਲ ਅਕਾਰ ਵਾਲੀ ਵਸਤੂ ਨੂੰ ਹੀ ਵੇਖ ਸਕਦੀਆਂ ਹਨ। ਅਗਿਆਨ ਬਿਨਾ ਅਕਾਰ ਦੇ ਅਤੇ ਬਿਨਾਂ ਜਨਮ ਦੇ ਹੁੰਦਾ ਹੈ। ਜਨਮ ਦੁਆਰਾ ਅਕਾਰ ਵਾਲਾ ਕਿਸੇ ਆਦਿ ਵਿੱਚ



ਵੀ ਹੋਵੇਗਾ; ਪਰ ਅਗਿਆਨ ਅਨਾਦੀ ਹੈ। ਬ੍ਰਹਮ ਦੇ ਇੱਕ ਹਿੱਸੇ ਵਿੱਚ ਰਹਿੰਦਾ ਹੈ। ਇੱਕ ਹਿੱਸੇ ਤੋਂ ਇਹ ਮਤਲਬ ਹਰਗਿਜ ਨਹੀਂ ਹੈ, ਜਿਵੇਂ ਅਸੀਂ ਸੌਣ ਵੇਲੇ ਕਮਰੇ ਦੇ ਇਕ ਕੌਨੇ ਜਾਂ ਖੱਬੇ ਸੱਜੇ ਪਾਸੇ ਸੌਂਦੇ ਹਾਂ। ਇਹ ਕੇਵਲ ਸਮਝਾਉਣ ਮਾਤਰ ਹੈ। ਜਿਸਦਾ ਭਾਵ ਹੈ, ਬ੍ਰਹਮ ਸਾਰੇ ਵਿਆਪਕ ਹੈ; ਉਸਦਾ ਸਰੀਰ ਅੰਦਰ ਵੀ ਵਾਸਾ ਹੈ। ਦੂਜੇ ਸਰੀਰਾਂ ਕਰਕੇ ਪ੍ਰਤਕ (ਇਕੱਲਾ) ਸਰੀਰ ਇੱਕ ਹੈ। ਕਰੋੜਾਂ ਬ੍ਰਹਮੰਡਾਂ ਜਾਂ ਜਿੱਥੇ ਮਨੁੱਖੀ ਸੋਚ ਦੀ ਪਹੁੰਚ ਨਹੀਂ ਹੈ; ਬ੍ਰਹਮ ਉੱਥੇ ਵੀ ਸਥਿਤ ਹੈ। ਇੱਕ ਬ੍ਰਹਮੰਡ, ਸਾਰੇ ਬ੍ਰਹਮੰਡਾਂ ਦੇ ਨਜ਼ਰੀਏ ਤੋਂ ਇੱਕ ਹਿੱਸਾ ਹੈ। ਜਿਮੀਂਦਾਰ ਦੀ ਜਮੀਨ ਤਾਂ ਪੰਜ ਸੱਤ ਵਿੱਘੇ ਜਾਂ ਕਿੱਲ੍ਹੇ ਹੁੰਦੇ ਹਨ; ਘਰ ਕੇਵਲ ਨਿਵਾਸ ਲਈ ਬਣਾਏ ਥਾਂ ਨੂੰ ਹੀ ਆਖੀਦਾ ਹੈ। ਪ੍ਰਤਕ (ਇਕੱਲੇ-ਇਕੱਲੇ) ਸਰੀਰ ਅੰਦਰ ਉਸਨੂੰ ਹੀ ਆਤਮਾ ਦੀ ਸੰਗਿਆ ਦਿੱਤੀ ਜਾਂਦੀ ਹੈ। ਮਨੁੱਖੀ ਸਰੀਰ ਵਿੱਚ ਹੀ ਆਤਮਾ ਸਥਿਤ ਹੈ, ਇਸੇ ਅੰਦਰ ਅਗਿਆਨ ਸਥਿਤ ਹੈ। ਜਦੋਂ ਆਤਮ ਗਿਆਨ ਹੁੰਦਾ ਹੈ, ਤਾਂ ਅਗਿਆਨ ਲੁਪਿਤ ਹੋ ਜਾਂਦਾ ਹੈ ; ਅਤੇ ਜਦੋਂ ਆਤਮ ਗਿਆਨ ਲੁਪਿਤ ਹੋ ਜਾਏ ਤਾਂ ਅਗਿਆਨ ਹੀ ਅਗਿਆਨ ਹੋ ਜਾਂਦਾ ਹੈ। ਇਹ ਕਿਰਿਆ ਇਤਨੀ ਤੇਜ ਹੁੰਦੀ ਹੈ, ਆਮ ਤਾਂ ਕੀ ਅਭਿਆਸ ਦੇ ਆਰੰਭਿਕ ਕਾਲ ਵੇਲੇ ਵੀ ਬਹੁਤਾ ਪਤਾ ਨਹੀਂ ਚਲਦਾ ਹੈ। ਇਸੇ ਲਈ ਜਦੋਂ ਸਾਡੇ ਅੰਦਰ ਅਗਿਆਨ ਵਿਦਮਾਨ ਹੁੰਦਾ ਹੈ; ਸਾਡੀ ਸੋਚ ਦਾ ਦਾਇਰਾ ਵਿਕਾਰੀ ਹੋ ਜਾਂਦਾ ਹੈ। ਜਦੋਂ ਸੋਚ ਦਾ ਅਕਾਰ ਗਿਆਨ-ਮਈ ਹੋ ਜਾਂਦਾ ਹੈ; ਤਾਂ ਚੰਗੇ ਵੀਚਾਰਾਂ ਦਾ ਪ੍ਰਵੇਸ਼ ਹੋ ਜਾਂਦਾ ਹੈ। ਇਹ ਅਗਿਆਨ ਹੀ ਛੇ ਨਾਮਾਂ ਕਰਕੇ ਵਿਦਮਾਨ ਹੁੰਦਾ ਹੈ। ਪ੍ਰਕਾਸ਼ ਦੇ ਨਜ਼ਰੀਏ ਤੋਂ ਹਨੇਰਾ ਦਾ ਰੂਪ ਸਮਝ ਵਿੱਚ ਆਉਂਦਾ ਹੈ। ਸੁੱਖ ਦੀ ਮਹਾਨਤਾ ਦਰਦ ਦੇ ਸਤਾਉਣ ਨਾਲ ਸਮਝ ਆਉਂਦੀ ਹੈ। ਇਸ ਲਈ ਹੀ ਚਣਾਕਾ ਮੁਨੀ ਨੇ ਕਿਹਾ ਹੈ, '***ਸੁਖ ਮਾਹਿ ਭੈ ਦੁਖ ਹਰਖ ਕੈ ਮਾਹਿ ਸੋਗ ਭੈ॥ ਬਿਤ ਮਾਹਿ ਭੈ ਰਾਜ ਭੋਗ ਕੇ ਮਾਹਿ ਰੋਗ ਛੈ॥ ਜੈਤ ਮਾਹਿ ਭੈ ਛਤ੍ਰ ਦੇਹ ਮਹਿ ਭੈ ਮ੍ਰਿਵਤ ਕੋ ਹੈ॥ ਵਿਦਿਆ ਮੈ ਭੈ ਬਾਦ ਰੂਪ ਭੈ ਜਰ ਕੋ ਹੈ॥ ਤਪਸੋ ਭੈ ਹੈ ਇੰਦ੍ਰੀਅਨ ਕੋ ਵਸ ਜੋ ਮਨ ਕਰਨੀ ਸਭੈ॥ ਯਹ ਸਦਾ ਏਕ ਕੋ ਏਕ ਭੈ ਗਯਾਨ ਰਾਇ ਸਭ ਤੇ ਅਭੈ॥***' ਚੇਤਨ ਦੀ ਹੋਂਦ ਸਦਕਾ ਅਗਿਆਨ ਦਾ ਕਥਨ ਹੁੰਦਾ ਹੈ। ਚੇਤਨ ਹੀ ਬ੍ਰਹਮ ਸਰੂਪ ਹੈ; ਇਸ ਬ੍ਰਹਮ ਵਿਚ ਹੀ ਅਗਿਆਨ ਦੀ ਪ੍ਰਵਿਰਤੀ ਕਰਕੇ ਛੇ ਸੰਗਿਆ ਹੋ ਗਈਆਂ ਹਨ। ਸਭ ਤੋਂ ਪਹਿਲੀ ਸੰਗਿਆ ਵਿਆਪਕ ਹੈ। ਜਿਵੇਂ ਬ੍ਰਹਮ ਵਿਆਪਕ ਹੈ, ਇਸੇ ਪ੍ਰਕਾਰ ਅਗਿਆਨ ਵੀ ਵਿਆਪਕ ਹੈ। ਕੁੱਲ ਸੰਸਾਰ ਨੂੰ ਆਪਣੀ ਗ੍ਰਿਫਤ ਵਿੱਚ ਲਿਆ ਹੋਇਆ

ਹੈ। ਦੂਜੀ ਸੰਗਿਆ 'ਚੇਤਨ ਸੋਂ ਸੰਬੰਧ' ਹੈ; ਅਗਿਆਨ ਦਾ ਚੇਤਨ ਨਾਲ ਸੰਬੰਧ ਅਗਿਆਨ ਦੀ ਚੇਤਨ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਹੈ। ਜਿਵੇਂ ਸ਼ੀਸ਼ਾ (ਬਲੌਰ) ਪ੍ਰਤੀਬਿੰਬ ਗ੍ਰਹਿਣ ਕਰਨ ਦੀ ਸਮਰੱਥਾ ਰੱਖਦਾ ਹੈ, ਪਰ ਲੱਕੜ ਨਹੀਂ। ਅਗਿਆਨ ਦੀ ਤੀਜੀ ਸੰਗਿਆ ਈਸ਼ਰਤਾ ਹੈ; ਜੋ ਗੁਣ ਈਸ਼ਰ ਵਿੱਚ ਹਨ, ਉਹੋ ਗੁਣ ਹੀ ਅਗਿਆਨ ਵਿੱਚ ਰੱਖਣ ਦੀ ਯੋਗਤਾ ਹੈ। ਈਸ਼ਰ ਕੁੱਲ ਸੰਸਾਰ ਨੂੰ ਸਿਰਜਦਾ ਹੈ, ਸੌਂ ਰਿਹਾ ਮਨੁੱਖ ਆਪਣੇ ਸੁਪਨਾਵੀਂ ਸੰਸਾਰ ਨੂੰ ਆਪ ਹੀ ਸਿਰਜ ਲੈਂਦਾ ਹੈ। ਚੌਥੀ ਸੰਗਿਆ ਜੀਵ ਹੈ; ਇੱਕ-ਇੱਕ (ਪ੍ਰਤਕ) ਸਰੀਰ ਅੰਦਰ ਆਤਮਾ ਹੁੰਦੀ ਹੈ। ਗਿਆਨ ਤੋਂ ਵਾਂਝਾ ਮਨੁੱਖ ਅਗਿਆਨ ਗ੍ਰਸਤ ਹੋਇਆ ਆਤਮਾ ਨੂੰ ਆਪਣੇ ਅੰਦਰ ਸਮਝਣ ਤੋਂ ਅਸਮਰੱਥ ਹੁੰਦਾ ਹੈ। ਆਪਣੇ ਆਪ ਨੂੰ ਸੁਖੀ ਦੁਖੀ ਹੁੰਦਾ ਜਾਣਦਾ ਹੈ; ਭਾਵ 'ਮੈਂ ਦੁਖੀ ਹਾਂ' ਜਾਂ 'ਮੈਂ ਬਹੁਤ ਚਿੰਤਾ ਵਿਚ ਹਾਂ' ਇਸ ਹਾਲਤ ਵਿੱਚ ਆਤਮਾ ਦੇ ਗਿਆਨ ਤੋਂ ਸੱਖਣੇ ਦੀ ਅਵਸਥਾ ਅਗਿਆਨ ਕਰਕੇ ਜੀਵ ਹੈ। ਪੰਜਵੀਂ ਸੰਗਿਆ 'ਈਸ਼ਰ ਜੀਵ ਵਿਭਾਗ' ਹੈ। ਭਾਵ ਈਸ਼ਰ ਕੋਈ ਹੋਰ ਹੈ, (ਮੈਂ) ਜੀਵ ਕੋਈ ਹੋਰ ਹਾਂ। ਇਹ ਹਾਲਾਤ ਵੀ ਅਗਿਆਨ ਕਰਕੇ ਪੈਦਾ ਹੁੰਦੇ ਹਨ। ਜਿਵੇਂ ਕਤਰੇ/ਬੁਲਬੁਲੇ ਅਤੇ ਸਮੁੰਦਰ ਵਿੱਚ ਪਾਣੀ ਵਿਦਮਾਨ ਹੈ, ਬੁਲਬੁਲਾ ਬਹੁਤ ਛੋਟੇ ਅਕਾਰ ਦਾ ਹੈ ਅਤੇ ਸਮੁੰਦਰ ਬਹੁਤ ਵੱਡੇ ਅਕਾਰ ਦਾ; ਪਾਣੀ ਦੀ ਹੋਂਦ ਸਮਝਣ ਤੋਂ ਬਿਨਾਂ ਦੋਨਾਂ ਵਿੱਚ ਬਹੁਤ ਵੱਡਾ ਫਰਕ ਜਾਣਦਾ ਹੈ। ਪਰ ਵਾਸਤਵ ਵਿੱਚ ਦੋਨਾਂ ਅੰਦਰ ਪਾਣੀ ਪ੍ਰਗਟ ਹੈ। ਇਵੇਂ ਹੀ ਜੀਵ ਅਤੇ ਈਸ਼ਰ ਵਿੱਚ ਚੇਤਨ ਸਥਿਤ ਹੈ, ਪਰ ਚੇਤਨ ਦੇ ਗਿਆਨ ਤੋਂ ਸੱਖਣਾ ਅਗਿਆਨ ਦਾ ਜਕੜਿਆ ਹੋਇਆ ਦੋਨਾਂ ਵਿੱਚ ਵਿਭਾਗ ਨੂੰ ਜਾਣਦਾ ਹੈ। ਛੇਵੀਂ ਸੰਗਿਆ ਚਿਦਾਭਾਸ਼ ਹੈ; ਇਸ ਦਾ ਮਤਲਬ ਹੁੰਦਾ ਹੈ 'ਕੂਟਸਥ' ਕੂਟ ਨਾਮ ਅਹਿਰਣ ਦਾ ਹੁੰਦਾ ਹੈ। ਜਿਹੜਾ ਅਹਿਰਣ ਵਾਂਗੂ ਸਥਿੱਤ ਰਹੇ। ਅਗਿਆਨ ਅੰਦਰ ਕਰਮ ਕਰਨ ਦੀ ਯੋਗਤਾ ਪੈਦਾ ਕਰਨ ਕਰਕੇ ਚੇਤਨ ਦੀ ਇਸ ਵਿਵਸਥਾ ਨੂੰ ਕੂਟਸਥ ਕਹਿੰਦੇ ਹਨ। ਇਹ ਵਿਵਸਥਾ ਅਗਿਆਨ ਕਰਕੇ ਹੀ ਹੈ; ਇਸੇ ਲਈ ਇਸਨੂੰ ਅਗਿਆਨ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

**ਜਿਸ ਅੱਗਯਾਨ ਬਿਖੈ ਇਹ ਖਟ ਹੈਂ ਸੂਖਮ ਭੂਤ ਪ੍ਰਗਟ ਹੁਇ ਨਾਂਹਿ[੧]।**
**ਜਿਮ ਬਟ ਬੀਜ ਬਿਖੈ ਜਟ ਤੁਕ[੨] ਦਲ[੩] ਸ਼ਾਖਾ[੪] ਕਾਂਡ[੫], ਸਹਿਤ ਫਲ਼ ਆਹਿ।**
**ਤਿਸ ਹੀ ਕੋ ਅੱਬਯਾ ਕ੍ਰਿਤ ਕਹੀਯਹਿ ਪੁਨ 'ਅੱਬਯਕਤ' ਨਾਮ ਭੀ ਤਾਂਹਿ।**
**ਸਾਮਯ ਅਵਸਥਾ ਪ੍ਰਥਮ[੬] ਇਹੀ ਹੈ ਬੇਦਨ ਆਦਿ ਸੰਤ ਪ੍ਰਾਹਿੰ[੭]॥ ੭॥**



**ਅਰਥ** - ਜਿਸ ਅਗਿਆਨ ਵਿੱਚ ਇਹ ਛੇ ਨਾਮਾਕਰਣ ਸੂਖਮ ਰੂਪ ਵਿੱਚ ਟਿਕੇ ਹੋਏ ਹਨ। ਅੱਖਾਂ ਦੁਆਰਾ ਦਿਖਣ ਵਾਲੇ ਜਗਤ ਵਿੱਚ ਇਹਨਾਂ ਦੀ ਹੋਂਦ ਰੂਪਵਾਨ ਨਹੀਂ ਹੋਈ। ਜਿਵੇਂ ਬੋਹੜ ਦੇ ਨਿੱਕੇ ਜਿਹੇ ਬੀਜ ਵਿੱਚ ਬੋਹੜ ਦੀਆਂ ਜੜ੍ਹਾਂ ਛਿੱਲ੍ਹ, ਵੱਡੇ-ਵੱਡੇ ਟਾਹਣੇਂ-ਟਾਹਣੀਆਂ, ਮੋਟੇ-ਮੋਟੇ ਹਿੱਸੇ, ਸਮੇਤ ਫਲਾਂ ਦੇ ਵਿੱਚ ਹੀ ਸਮਾਏ ਹੋਏ ਹੁੰਦੇ ਹਨ। ਉਸੇ ਅਵਸਥਾ ਨੂੰ ਅੱਬਯਕ੍ਰਿਤ ਜਾਂ ਅੱਬਯਕਤ ਨਾਮ ਕਰਕੇ ਵੀ ਜਾਣਿਆ ਜਾਂਦਾ ਹੈ। ਇਹੀ ਸੰਸਾਰ ਦੀ ਹੋਂਦ ਦੀ ਪਹਿਲੀ ਸਾਮਯ ਅਵਸਥਾ ਹੈ। ਜਿਸਨੂੰ ਬੇਦ ਵੀ ਤੇ ਸੰਤ ਜਨ ਵੀ ਆਖਦੇ ਹਨ।

**ਭਾਵਾਰਥ** - ਬਹੁਤਾਤ; ਅਗਿਆਨ ਨੂੰ ਸਮਝਣ ਤੋਂ ਅਸਮਰੱਥ ਹੀ ਹੁੰਦੀ ਹੈ। ਕਿਉਂਕਿ ਸਾਡੇ ਪਦਾਰਥਿਕ ਨਜ਼ਰੀਏ ਤੋਂ ਵੇਖਣ ਦੀ ਇਕਹਰੀ ਸੋਚ ਕਰਕੇ ਅਗਿਆਨ ਨੂੰ ਸਮਝਣ ਦੀ ਸਮਰੱਥਾ ਪ੍ਰਾਪਤ ਨਹੀਂ ਹੁੰਦੀ ਹੈ। ਜੇ ਕੋਈ ਇੱਕ ਉਦਾਹਰਣ ਦੇ ਕੇ ਸਾਡੇ ਤਰਕ ਦਾ ਨਿਰਾਕਰਣ ਕਰਦਾ ਹੈ। ਅਸੀਂ ਨਿਰਾਕਰਣਕ ਸਿਧਾਂਤ ਨੂੰ ਪਾਸੇ ਕਰਕੇ ਕੇਵਲ ਉਦਾਹਰਣ ਦਾ ਪੱਲਾ ਪਕੜ ਕੇ ਇੱਕ ਦੂਜੇ ਦੇ ਕੱਪੜੇ ਪਾੜ੍ਹਨ ਲੱਗ ਜਾਂਦੇ ਹਾਂ। ਜਿਸ ਨਾਲ ਕੋਈ ਨਿਰਣਾ ਤਾਂ ਕੀ ਮਿਲਣਾ ਸੀ, ਸਗੋਂ ਆਪਸੀ ਵੈਰ ਖੜਾ ਕਰ ਲਿਆ ਜਾਂਦਾ ਹੈ। ਹਮੇਸ਼ਾਂ ਉਦਾਹਰਣ ਸਿਧਾਂਤ ਨੂੰ ਸੌਖਿਆ ਕਰਨ ਦਾ ਵਸੀਲਾ ਹੁੰਦਾ ਹੈ। ਜੇ ਇੱਕ ਉਦਾਹਰਣ ਨਾਲ ਗੱਲ ਸਮਝ ਨਹੀਂ ਆਉਂਦੀ ਤਾਂ ਦੂਜੀ ਕੋਈ ਹੋਰ ਉਦਾਹਰਣ ਵਰਤ ਲੈਣੀ ਚਾਹੀਦੀ ਹੈ। ਸਿਧਾਂਤ ਨੂੰ ਸਮਝ ਕੇ ਆਪਣੀ ਜਿੰਦਗੀ ਲਈ ਸਿਧਾਂਤਕ ਰੂਪ ਦੇਣਾ ਮੁੱਖ-ਮਕਸਦ ਹੋਣਾ ਚਾਹੀਦਾ ਹੈ। ਭਾਈ ਸਾਹਿਬ ਜੀ ਕਥਨ ਕਰਦੇ ਹਨ, ਜਿਸ ਅਗਿਆਨ ਅੰਦਰ ਤੱਤਾਂ ਦੇ ਸੂਖਮ ਸਰੂਪ ਵਿੱਚ ਇਹ ਛੇ ਅਵਸਥਾਵਾਂ ਟਿਕੀਆ ਹੋਈਆਂ ਹਨ। ਸਥੂਲ ਰੂਪ ਨੂੰ ਧਾਰਨ ਕਰਨ ਦੀ ਸਮਰੱਥਾ ਰੱਖਦੀਆਂ ਹਨ; ਪਰ ਪ੍ਰਗਟ ਨਹੀਂ ਹਨ। ਭਾਈ ਸਾਹਿਬ ਜੀ ਨੇ ਬੋਹੜ ਦੇ ਬੀਜ ਦਾ ਉਦਾਹਰਣ ਦਿੱਤਾ ਹੈ, ਜਿਵੇਂ ਨਿੱਕੇ ਜਿਹੇ ਬੋਹੜ ਦੇ ਬੀਜ ਵਿੱਚ ਕਿਤਨਾ ਵੱਡਾ ਬੋਹੜ ਆਪਣੇ ਸਾਰੇ ਰੂਪ ਦੇ ਸਮੇਤ ਪੁੰਗਾਰ ਦੀ ਸਮਰੱਥਾ ਵਿੱਚ ਟਿਕਿਆ ਹੁੰਦਾ ਹੈ। ਇਸੇ ਪ੍ਰਕਾਰ ਕੁੱਲ ਬ੍ਰਹਮੰਡ/ਪਿੰਡ (ਸਰੀਰ) ਇਸੇ ਅਵਸਥਾ ਵਿੱਚ ਟਿਕਿਆ ਹੁੰਦਾ ਹੈ। ਇਸ ਅਵਸਥਾ ਨੂੰ ਸਾਮਯ ਅਵਸਥਾ ਜਾਂ ਅੱਬਯਾਕ੍ਰਿਤ ਕਹਿੰਦੇ ਹਨ। ਇਸ ਗੱਲ ਨੂੰ ਬੇਦਾਂ ਅਤੇ ਸੰਤ ਜਨਾਂ ਨੇ ਕਿਹਾ ਹੈ।

**ਤ੍ਰਿਗੁਣਾਤਮਕਾ[੮] ਸਾਮਯ ਅਵਸਥਾ ਚੇਤਨ ਭਾਸ ਸਹਿਤ ਪਹਿਚਾਨ।**
**ਹੋਇ ਵਿਕਾਰ ਅਵਸਥਾ ਤਿਸਕੀ ਪ੍ਰਿਥਕ ਪ੍ਰਿਥਕ ਬਨ ਤੈ ਗੁਨਵਾਨ।**

**[੯]ਸਤ, ਰਜ, ਤਮ ਗੁਣ ਸੁੱਧਾਸੁੱਧ ਇਹ ਚਿਦਾਭਾਸ ਜੁਤਿ ਲਿਏ ਪ੍ਰਧਾਨ[੩]।**
**ਸੁਨਹੁਂ ਸਿੱਖ ਸੋ 'ਮਾਯਾ' ਲਖੀਅਹਿ[੧੦], ਸਮੁਝਿ ਰਿਦੇ ਸਭਿ ਕਰਹਿਂ ਬਖਾਨ॥ ੮॥**

**ਅਰਥ** – ਤਿੰਨ ਗੁਣਾਂ ਦੀ ਸਾਮਯ ਅਵਸਥਾ ਜਦੋਂ ਚੇਤਨ ਦੇ ਅਭਾਸ਼ ਸਮੇਤ ਹੋ ਜਾਂਦੀ ਹੈ। ਮਾਇਆ ਤੁਰੀਃ– ਇਸ ਦੀ ਵਿਕਾਰ ਅਵਸਥਾ ਅੱਗੋਂ ਤਿੰਨ ਵੱਖ ਵੱਖ ਰੂਪ ਸਤੋ, ਰਜੋ ਅਤੇ ਤਮੋ ਧਾਰਨ ਕਰ ਲੈਂਦੀ ਹੈ। ਇਸ ਦਾ ਕੇਵਲ ਸ਼ੁੱਧ ਸਰੂਪ ਚੇਤਨ ਦੇ ਅਭਾਸ਼ ਸਮੇਤ ਪ੍ਰਧਾਨ ਅਖਵਾਉਂਦਾ ਹੈ। ਭਾਈ ਸਾਹਿਬ ਜੀ ਆਖਦੇ ਹਨ, ਇਸ ਨੂੰ ਮਾਇਆ ਜਾਨਣਾ ਕਰੋ। ਇਸ ਵੀਚਾਰ ਨੂੰ ਬੁੱਧੀਵਾਨ ਆਪਣੀ ਅਕਲ ਵਿੱਚ ਵੀਚਾਰ ਕੇ ਕਥਨ ਕਰਦੇ ਹਨ।

**ਭਾਵਾਰਥ** – ਤਿੰਨੇ ਗੁਣ ਜਦੋਂ ਇੱਕ ਸਮਾਨ ਅਵਸਥਾ ਵਿੱਚ ਰਹਿੰਦੇ ਹਨ, ਉਸ ਅਵਸਥਾ ਨੂੰ ਸਾਮਯ ਅਵਸਥਾ ਕਹਿੰਦੇ ਹਨ। ਜਿਵੇਂ ਖੰਡ ਮਿੱਠੇ ਦੇ ਕਣਾਂ ਨੂੰ ਇਕੱਤਰ ਕਰਕੇ ਬਣਾਈ ਜਾਂਦੀ ਹੈ। ਇਹ ਮਿੱਠੇ ਦੇ ਕਣ ਗੰਨੇ ਵਿੱਚ ਕੁਦਰਤ ਦੇ ਰੱਖੇ ਹੁੰਦੇ ਹਨ। ਇਹਨਾਂ ਕਣਾਂ ਦੇ ਦੀਵਾਲੀ ਦੇ ਤਿਉਹਾਰ ਵੇਲੇ ਕਈ ਤਰਾਂ ਦੇ ਖਿਡੌਣੇ ਬਣਾ ਲਏ ਜਾਂਦੇ ਹਨ। ਖਿਡੌਣੇ ਬਣਨ ਤੋਂ ਅਤੇ ਖੰਡ ਦੇ ਕਣ ਬਣਨ ਤੋਂ ਪਹਿਲਾਂ ਇਹ ਕੇਵਲ ਸ਼ੁੱਧ ਮਿੱਠੇ ਦਾ ਗੁਣ ਹੀ ਸੀ। ਇਸ ਮਿੱਠੇ ਦੇ ਗੁਣ ਨੂੰ ਵਰਤ ਕੇ ਪਤਾ ਨਹੀਂ ਕਿੰਨੀਆਂ ਹੀ ਮਿਠਿਆਈਆਂ ਬਣਾਈਆਂ ਜਾਂਦੀਆ ਹਨ। ਸਾਰਾ ਵਰਤਾਰਾ ਕੇਵਲ ਮਿਠਿਆਈ ਦਾ ਹੀ ਹੁੰਦਾ ਹੈ। ਇਸੇ ਤਰਾਂ ਸਾਰਾ ਵਰਤਾਰਾ ਅਗਿਆਨ ਜਨਤ ਤਿੰਨੇ ਗੁਣਾਂ ਦਾ ਹੈ। ਜਿਹੜੇ ਆਪਣੀ ਸਾਮਯ ਅਵਸਥਾ ਵਿੱਚੋਂ ਵੱਖੋ-ਵੱਖਰੇ ਰੂਪ ਬਣਾ ਕੇ ਸ੍ਰਿਸ਼ਟੀ ਦੀ ਸਿਰਜਣਾ ਕਰਦੇ ਹਨ। ਸ੍ਰਿਸਟੀ ਦੀ ਸਿਰਜਣਾ ਲਈ ਸਭ ਤੋਂ ਪਹਿਲਾਂ ਬ੍ਰਹਮੰਡ ਦੀ ਸਿਰਜਣਾ ਹੁੰਦੀ ਹੈ। ਜਿੱਥੇ ਕੁੱਲ ਜੀਵਾਂ ਦੀ ਹੋਂਦ ਸੰਭਵ ਹੋ ਸਕੇ। ਬ੍ਰਹਿਮੰਡ ਦੀ ਸਿਰਜਣਾ ਲਈ ਸਾਮਯ ਅਵਸਥਾ ਚੇਤਨ ਦੇ ਅਭਾਸ ਸਹਿਤ ਪ੍ਰਵਿਰਤ ਹੁੰਦੀ ਹੈ। ਅਭਾਸ ਸਹਿਤ ਸਾਮਯ ਅਵਸਥਾ ਬ੍ਰਹਮੰਡ ਲਈ ਆਪਣਾ ਸ਼ੁੱਧ ਰੂਪ ਸਥਾਪਿਤ ਕਰਦੀ ਹੈ। ਜਿਵੇਂ ਦੁੱਧ ਨੂੰ ਜਿਤਨਾ ਚਿਰ ਠੰਡਾ ਕਰਕੇ ਰੱਖਿਆ ਜਾਏ ਤਾਂ ਉਸ ਵਿਚ ਕੋਈ ਵਿਕਾਰ ਨਹੀਂ ਹੁੰਦਾ; ਉਸ ਨੂੰ ਜਿਵੇਂ ਕਿਸੇ ਦਾ ਜੀਅ ਚਾਹੇ ਵਰਤ ਲਵੇ, ਕੋਈ ਦੁੱਧ ਵਾਂਗ, ਕੋਈ ਲੱਸੀ ਲਈ, ਕੋਈ ਮਿਠਿਆਈ ਲਈ ਆਦਿ। ਠੰਡੇ ਦੁੱਧ ਵਾਂਗ ਚੇਤਨ ਦੇ ਅਭਾਸ ਸਹਿਤ ਸਾਮਯ ਅਵਸਥਾ ਜਦੋਂ ਤਿੰਨ ਗੁਣਾਂ ਦੇ ਰੂਪ ਧਾਰਨ ਕਰਦੀ ਹੈ; ਤਾਂ ਇਹ ਆਪਣਾ ਸਹੀ ਰੂਪ ਧਾਰਨ ਕਰ ਲੈਂਦੀ ਹੈ। ਤਿੰਨੇ ਗੁਣ ਆਪਣੇ ਸਹੀ ਰੂਪ ਵਿੱਚ ਹੁੰਦੇ ਹਨ। ਇਸ ਵਿਕਾਰ ਸਹਿਤ ਤਿੰਨੇ ਗੁਣਾਂ



ਦੇ ਸ਼ੁੱਧ ਰੂਪ ਅਭਾਸ ਦੇ ਸਮੇਤ ਨੂੰ ਹੀ ਪ੍ਰਧਾਨ ਕਿਹਾ ਜਾਂਦਾ ਹੈ। ਇਸੇ ਨੂੰ ਹੀ ਮਾਇਆ ਆਖਿਆ ਜਾਂਦਾ ਹੈ।

**ਸਾਮਯ ਅਵਸਥਾ ਚਿਦਾਭਾਸ ਲੇ ਭਈ ਬਿਕਾਰਾਵਸਥਾ ਸੋਇ।**
**ਸ਼ੁਧ ਸੱਤ੍ਵ ਲੇ ਮਾਇਆ ਜਿਮ ਭੀ ਮਲਿਨ ਸੱਤ੍ਵ ਮੁਖ ਤ੍ਰੈ ਗੁਣ ਜੋਇ।**
**ਤਿਸ ਕੋ ਲਏ 'ਅਵਿਦਯਾ' ਜਾਨਹੁ ਗੁਰ ਉਪਦੇਸ਼ ਬਿਨਾਸ਼ੀ ਹੋਇ।**
**ਅੰਤਸ਼ਕਰਣ ਬਿਰਤਿ ਉਪਜੀ ਅਹੰਬ੍ਰਹਮਾਸਮਿ ਦ੍ਵੈਤ ਨ ਕੋਇ॥ ੯॥**

**ਅਰਥ** – ਇਹੀ ਪ੍ਰਧਾਨ ਜਾਂ ਮਾਇਆ ਚੇਤਨ ਦੇ ਅਭਾਸ਼ ਸਮੇਤ ਜਦੋਂ ਵਿਕਾਰਵਾਨ ਹੁੰਦੀ ਹੈ, ਜਿਸ ਪ੍ਰਕਾਰ ਸ਼ੁੱਧ ਸਤੋ ਗੁਣ ਤੋਂ ਮਾਇਆ ਦੀ ਉਤਪਤੀ ਹੋਈ ਹੈ। ਅਵਿੱਦਿਆ ਤੁਰੀਃ– ਇਸੇ ਪ੍ਰਕਾਰ ਮਲਿਨ ਸਤੋ ਸਮੇਤ ਤਿੰਨਾਂ ਗੁਣਾਂ ਦੀ ਮਲਨਤਾ ਹੁੰਦੀ ਹੈ। ਇਸ ਦੇ ਸਮੇਤ ਜੋ ਰੂਪ ਸਥਿੱਤ ਹੁੰਦਾ ਹੈ, ਉਸਨੂੰ ਅਵਿੱਦਿਆ ਕਹਿੰਦੇ ਹਨ। ਗੁਰੂ ਉਪਦੇਸ਼ ਦੁਆਰਾ ਇਸ ਅਵਿੱਦਿਆ ਦਾ ਨਾਸ਼ ਹੁੰਦਾ ਹੈ। ਜਦੋਂ ਗੁਰੂ ਸਾਹਿਬ ਜੀ ਅੰਤਹਕਰਨ ਦੀ 'ਅਹੰ ਬ੍ਰਹਮ ਆਸਮੀ' ਵਾਲੀ ਬ੍ਰਿਤੀ ਪ੍ਰਗਟ ਕਰ ਦਿੰਦੇ ਹਨ। ਜਿੱਥੇ ਦਵੈਤ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਹੈ।

**ਭਾਵਾਰਥ** – ਮਾਇਆ ਦੀ ਉਤਪਤੀ ਸ਼ੁੱਧ ਸਤੋ ਗੁਣ ਤੋਂ ਹੁੰਦੀ ਹੈ। ਸਤੋ ਗੁਣ ਗਿਆਨ ਨੂੰ ਪੈਦਾ ਕਰਨ ਵਾਲਾ ਹੁੰਦਾ ਹੈ। ਮਾਇਆ ਦੀ ਪ੍ਰਧਾਨਤਾ ਕਰਕੇ ਈਸ਼ਰ ਵਿੱਚ ਸਰਬਗਤਾ ਦਾ ਗੁਣ ਹੁੰਦਾ ਹੈ। ਸਾਮਯ ਅਵਸਥਾ ਦਾ ਵਿਕਾਰ ਹੀ ਮਾਇਆ ਹੈ। ਜਿਵੇਂ ਸ਼ੁੱਧ ਸਤੋ ਗੁਣ ਤੋਂ ਮਾਇਆ ਦੀ ਹੋਂਦ ਰੂਪਵਾਨ ਹੁੰਦੀ ਹੈ; ਇਸੇ ਪ੍ਰਕਾਰ ਮਲਿਨ ਸਤੋ ਗੁਣ ਤੋਂ ਅਵਿੱਦਿਆ ਦੀ ਹੋਂਦ ਬਣਦੀ ਹੈ। ਸ਼ੁੱਧ ਸਤੋ ਗੁਣ ਵਿਚ ਸਤੋ ਗੁਣ 'ਰਜੋ-ਤਮੋ' ਗੁਣ ਨੂੰ ਆਪਣੇ ਪ੍ਰਭਾਵ ਤਹਿਤ ਰੱਖਦੀ ਹੈ। ਜਿਵੇਂ ਗਿਆਨਵਾਨ ਮਨੁੱਖ ਆਪਣੇ ਲੜਾਈ ਜਾਂ 'ਕਿਸੇ ਨੂੰ ਦੁੱਖ ਦੇਣ ਵਾਲੇ ਬੋਲਾਂ' ਤੇ ਜਾਬਤਾ ਰੱਖਦਾ ਹੈ। ਕਿਸੇ ਖਾਸ ਸਮੇਂ ਉੱਪਰ ਹੀ ਦੂਜੇ ਦੀ ਮੂਰਖਤਾ ਦਾ ਉਸਨੂੰ ਅਹਿਸਾਸ ਕਰਵਾਉਂਦਾ ਹੈ। ਗਿਆਨ, ਸਤੋ ਗੁਣ ਦਾ ਕਾਰਜ ਹੈ। ਗਿਆਨਵਾਨ ਆਪਣੇ ਆਪ ਨੂੰ ਸੰਜਮਵੰਤ ਰੱਖਣ ਦਾ ਯਤਨ ਕਰਦਾ ਹੈ ਅਤੇ ਸਫਲ ਵੀ ਹੁੰਦਾ ਹੈ। ਦੂਜੇ ਪਾਸੇ ਮਲਿਨ ਸਤੋ ਗੁਣ 'ਰਜੋ-ਤਮੋ' ਗੁਣ ਦੇ ਪ੍ਰਭਾਵ ਤਹਿਤ ਕੰਮ ਕਰਦਾ ਹੈ। ਲੜਾਈ ਕਰਨ ਵਾਲਾ ਜਾਂ ਸਵਾਰਥ ਤਹਿਤ ਕੰਮ ਕਰਨ ਵਾਲਾ ਆਪਣੀ ਭਲਾਈ ਦਾ ਗਿਆਨ ਜਰੂਰ ਰੱਖਦਾ ਹੈ। ਦੂਜਿਆਂ ਦਾ ਭਾਵੇਂ ਕਿੰਨਾ ਵੀ ਨੁਕਸਾਨ ਕਿਉਂ ਨਾ ਹੋ ਜਾਏ? ਪਰ ਉਹ ਆਪਣਾ ਨੁਕਸਾਨ ਕਦੇ ਨਹੀਂ ਜਰ ਸਕਦਾ। ਇਹ ਰਜੋ-ਤਮੋ ਗੁਣ ਦੇ ਪ੍ਰਭਾਵ ਵਾਲੀ

ਮਲਿਨ ਸਤੋ ਗੁਣ ਦੀ ਅੰਸ਼ ਹੈ। ਰਜੋ ਗੁਣ ਦਾ ਪ੍ਰਭਾਵ ਮਨੁੱਖ ਅੰਦਰ ਵਿਸਥਾਰ ਦੀ ਭਾਵਨਾ ਪੈਦਾ ਕਰਦਾ ਹੈ। ਤਮੋ ਗੁਣ ਦਾ ਪ੍ਰਭਾਵ ਮਨੁੱਖ ਅੰਦਰ ਲੜਾਈ/ਕਲ੍ਹਾ/ ਕਲੇਸ਼ ਆਦਿ ਪ੍ਰਭਾਵ ਪੈਦਾ ਕਰਦਾ ਹੈ। ਸਤੋ ਗੁਣ ਦਾ ਪ੍ਰਭਾਵ ਮਨੁੱਖ ਅੰਦਰ ਗਿਆਨ ਗੁਣ ਪੈਦਾ ਕਰਦਾ ਹੈ। ਮਲਿਨ ਸਤੋ ਗੁਣ ਸਮੇਤ ਅਵਿੱਦਿਆ ਦਾ ਰੂਪ ਸਥਾਪਿਤ ਹੁੰਦਾ ਹੈ। ਇਹ ਅਵਿੱਦਿਆ ਗੁਰੂ ਉਪਦੇਸ਼ ਕਰਕੇ ਨਾਸ਼ ਹੁੰਦੀ ਹੈ। ਗੁਰੂ ਉਪਦੇਸ਼ ਦੁਆਰਾ ਅੰਤਹਕਰਣ ਵਿਚ ਅਹੰ ਬ੍ਰਹਮ ਬ੍ਰਿਤੀ ਪ੍ਰਗਟ ਹੋ ਜਾਂਦੀ ਹੈ। ਜਿਸ ਬ੍ਰਿਤੀ ਵਿਚ ਦਵੈਸ਼ ਦਾ ਨਾਮੋ ਨਿਸ਼ਾਨ ਨਹੀਂ ਹੁੰਦਾ।

**ਦੋਹਰਾ – ਬਿਰਤ ਅਖੰਡਾਕਾਰ ਅਸ 'ਵਿੱਦਯਾ' ਨਾਮ ਸੁਜਾਨ[੩] ।**
**ਕਾਰਣ ਕਾਰਜ ਭੇਦ ਤੇ ਦੁਬਿਧਾ ਹਾਨ ਅੱਗਯਾਨ[੪] ॥ ੧੦ ॥**

**ਅਰਥ** – ਇਸ ਪ੍ਰਕਾਰ ਦੀ ਇੱਕ-ਰਸ ਬ੍ਰਿਤੀ ਦਾ ਨਾਮ ਹੀ ਵਿੱਦਿਆ ਹੈ। ਇਹ ਵਿੱਦਿਆ ਕਾਰਣ ਤੇ ਕਾਰਜ ਭੇਦ ਵਾਲੀ ਦੁਵਿਧਾ ਪੈਦਾ ਕਰਨ ਵਾਲਾ ਅਗਿਆਨ ਨਸ਼ਟ ਕਰ ਦਿੰਦਾ ਹੈ।

**ਭਾਵਾਰਥ** – ਅਖੰਡਾਕਾਰ ਬ੍ਰਿਤੀ ਕੀ ਹੁੰਦੀ ਹੈ? ਬ੍ਰਿਤੀ ਅਭਾਸ਼ ਕਰਕੇ ਹੁੰਦੀ ਹੈ, ਭਾਵੇਂ ਕਿ ਅਵਛੇਦਵਾਦ ਦੀ ਆਪਣੀ ਪ੍ਰਕਿਰਿਆ ਹੈ। ਅਭਾਸ਼ਵਾਦ ਵਿੱਚ 'ਚਿਦਾਭਾਸ਼ (ਅਭਾਸ਼ ਸਹਿਤ ਅੰਤਹਕਰਣ)' ਬ੍ਰਿਤੀ ਦਾ ਕਾਰਨ ਹੁੰਦਾ ਹੈ। ਇਸ ਅਵਸਥਾ ਵਿੱਚ ਕੂਟਸਥ ਦੇ ਆਸਰੇ ਅਵਿੱਦਿਆ ਕਿਰਿਆ ਕਰਦੀ ਹੈ। ਜਿਵੇਂ ਤੇਲ ਹੋਵੇ ਤਾਂ ਇੰਜਣ ਨੂੰ ਸਟਾਰਟ ਕੀਤਾ ਜਾ ਸਕਦਾ ਹੈ ਜਾਂ ਬਿਜਲੀ ਹੋਵੇ ਤਾਂ ਪੱਖਾ ਚਲਾਇਆ ਜਾ ਸਕਦਾ ਹੈ। ਬਿਜਲੀ ਦੇ ਸਾਧਨ ਤੋਂ ਬਗੈਰ ਪੱਖਾ ਕੇਵਲ ਇਕ ਧਾਤ ਦਾ ਟੁਕੜਾ ਹੈ। ਇਵੇਂ ਹੀ ਕੂਟਸਥ ਦੀ ਚੇਤਨਾ ਤੋਂ ਬਗੈਰ ਅਵਿੱਦਿਆ ਜਾਂ ਅਗਿਆਨ ਜੜ੍ਹ ਹੈ। ਅੰਤਹਕਰਣ ਵਿੱਚ ਚੇਤਨ ਦੀ ਚੇਤਨਾ ਕਰਕੇ ਸੰਕਲਪ ਵਿਕਲਪ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਹਰ ਵਸਤੂ ਨੂੰ ਮਨੁੱਖ ਜਦੋਂ ਵੇਖਦਾ ਹੈ, ਤਾਂ ਉਸ ਦੇ ਗਿਆਨ ਲਈ ਤ੍ਰਿਪਟੀ ਬਣਦੀ ਹੈ। ਵਿਵਹਾਰਕ ਸੱਤਾ ਵਿੱਚ 'ਪ੍ਰਮਾਤਾ ਪ੍ਰਾਣ ਪ੍ਰਮੇਯ' ਤ੍ਰਿਪਟੀ ਬਣਦੀ ਹੈ। ਅੱਖਾਂ ਦੁਆਰਾ ਨਜ਼ਰ ਆਉਂਣ ਵਾਲੀ ਅਤੇ ਗਿਆਨ ਇੰਦ੍ਰੇ ਦੁਆਰਾ ਪਹਿਚਾਣੀ -ਜਾਣ ਵਾਲੀ ਹਰ ਵਸਤੂ ਪ੍ਰਮੇਯ ਹੈ। ਪ੍ਰਮੇਯ ਦਾ ਗਿਆਨ ਕਰਾਉਣ ਵਾਲੀ ਬ੍ਰਿਤੀ ਹੈ, ਕਦੇ ਇਹ ਬ੍ਰਿਤੀ ਅੱਖਾਂ ਦੁਆਰਾ ਬਾਹਰ ਜਾ ਕੇ ਵਸਤੂਆਂ ਦਾ ਗਿਆਨ ਕਰਾਉਂਦੀ ਹੈ। ਕਦੇ ਇਹ ਅੰਤਰੀਵ ਅਨਭਵ ਕਰਵਾਉਣ ਲਈ ਦੁਖਾਕਾਰ ਜਾਂ ਸੁਖਾਕਾਰ ਬਣਦੀ ਹੈ। ਤ੍ਰਿਪਟੀ ਦੇ ਤਿੰਨ ਰੂਪ ਵਿਸ਼ੇਸ ਕਰਕੇ ਗਿਆਨ ਵਿੱਚ



ਸਹਾਈ ਹੁੰਦੇ ਹਨ। ਗਿਆਤਾ ਗਿਆਨ ਗੇਯ ਰੂਪ ਮਨੁੱਖ ਦੇ ਸ਼ਾਬਦਿਕ ਗਿਆਨ ਵਿੱਚ ਸਹਾਈ ਹੁੰਦੀ ਹੈ ਅਤੇ ਧਿਆਤਾ ਧਿਆਨ ਧੇਯ ਆਂਤਰਿਕ ਭਗਤੀ ਸਾਧਨਾ ਲਈ ਸਹਾਈ ਹੁੰਦੀ ਹੈ। ਗਿਆਨ ਹਾਸਿਲ ਕਰਨ ਵਾਲੀ ਬ੍ਰਿਤੀ ਜਦੋਂ ਇੱਕ ਸ਼ਾਬਦਿਕ ਰੂਪ ਦਾ ਅਕਾਰ ਧਾਰਨ ਕਰਨ ਲੈਂਦੀ ਹੈ। ਉਦੋਂ ਇਸ ਬ੍ਰਿਤੀ ਨੂੰ ਅਖੰਡਾਕਾਰ ਬ੍ਰਿਤੀ ਕਹਿੰਦੇ ਹਨ। (ਕੁੱਲ ਪਸਾਰਾ ਬ੍ਰਿਤੀ ਦਾ ਹੀ ਹੈ ; ਵਿਸ਼ੇਸ਼ ਕਰਕੇ ਇਸ ਦਾ ਸ਼ਾਬਦਿਕ ਰੂਪ ਲੱਕਸ਼ਣਾ, ਪ੍ਰਮਾਣਾ, ਪ੍ਰੋਖ ਅਤੇ ਅਪ੍ਰੋਖ ਬਹੁਤ ਲੰਮੇਰਾ ਪ੍ਰਕਰਣ ਹੈ) ਅਖੰਡਾਕਾਰ ਬ੍ਰਿਤੀ ਦੁਆਰਾ ਜੋ ਗਿਆਨ ਮਿਲਦਾ ਹੈ, ਉਸਨੂੰ ਵਿੱਦਿਆ ਕਹਿੰਦੇ ਹਨ। ਵਿੱਦਿਆ ਕਰਕੇ ਕਾਰਣ ਅਤੇ ਕਾਰਜ ਦੋਹਾਂ ਦਾ ਖਾਤਮਾ ਹੋ ਜਾਂਦਾ ਹੈ। ਅਸਲ ਵਿੱਚ ਵਿੱਦਿਆ ਦਾ ਮਤਲਬ ਹੀ ਮਨੁੱਖ ਨੂੰ ਗਿਆਨ ਨਾਲ ਲੈਸ ਕਰਕੇ ਅਵਿੱਦਿਆ ਨੂੰ ਦੂਰ ਕਰਨਾ ਹੈ।ਕਾਸ਼! ਅੱਜ ਦੀਆਂ ਡਿਗਰੀਆਂ ਪ੍ਰਾਪਤ ਕਰਨ ਵੇਲੇ ਸਾਨੂੰ ਇਹ ਗੁਰਸਿੱਖਾਂ ਦੁਆਰਾ ਮਿਲਿਆ ਹੋਇਆ ਗਿਆਨ ਸਹਾਈ ਹੋਵੇ; ਤਾਂ ਕਿ ਅਸੀਂ ਅਧਿਆਪਕ ਜਾਂ ਜਿੰਮੇਵਾਰ ਬਣ ਕੇ ਆਪਣੀ ਬਣਦੀ ਜਿੰਮੇਵਾਰੀ ਨੂੰ ਸਿਦਕਦਿਲੀ ਨਾਲ ਨਿਭਾਈਏ ਤੇ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਖਤਮ ਹੋ ਸਕਣ।

**ਚੌਪਈ-[੫]ਤਨ ਇੰਦ੍ਰ, ਮਨ, ਪ੍ਰਾਣ, ਅਨਾਤਮ[੬] । ਇਸ ਸੰਘਾਤ ਵਿਖੈ ਬੁਧਿ ਆਤਮ[੭] ।**
**'ਬੰਧਨ' ਇਹੀ, ਸਦਾ ਦੁਖ ਕਾਰਣ। ਅਹੰ ਦੇਹ, ਲਖਿ ਕਰਹਿ ਉਚਾਰਣ[੮] ॥ ੧੧ ॥**

**ਅਰਥ - ਬੰਧਨ ਦਾ ਰੂਪ ਤੁਰਿਆ** – ਤਨ ਇੰਦ੍ਰੀ, ਮਨ, ਪ੍ਰਾਣ ਜੜ੍ਹ ਹਨ। ਇਸ ਸਾਰੇ ਸੰਘਾਤ ਵਿੱਚ ਆਤਮ ਬੁੱਧੀ (ਆਪਣਾ ਆਪ) ਸਮਝਣ ਲੱਗ ਜਾਣਾ। ਇਸ ਦਾ ਨਾਮ ਬੰਧਨ ਹੈ, ਇਹ ਹਮੇਸ਼ਾ ਲਈ ਦੁੱਖ ਦਾ ਕਾਰਣ ਹੈ। ਦੇਹ ਨੂੰ ਆਪਣਾ ਆਪ ਸਮਝ ਕੇ ਉਚਾਰਨ ਕਰਦਾ ਹੈ। "ਮੈਂ ਦੇਹ ਹਾਂ"।

**ਭਾਵਾਰਥ** – ਸਰੀਰ ਦੀ ਹੋਂਦ ਪੰਜ ਤੱਤਾਂ ਤੋਂ ਹੋਈ ਹੈ। ਸਰੀਰ ਨਾਲ ਸਰੀਰ ਦੇ ਅੰਗ ਇੰਦ੍ਰੇ ਹਨ; 'ਕੰਨ, ਨੱਕ, ਅੱਖਾਂ ਆਦਿ' ਤੇ ਪੰਜਾਂ ਤੱਤਾਂ ਦੀ ਸਤੋ ਅੰਸ਼ ਤੋਂ ਮਨ ਬਣਿਆ ਹੈ। ਸਰੀਰ ਦੀ ਹੋਂਦ ਤੱਕ ਕੰਮ ਕਰਨ ਵਾਲੇ ਪ੍ਰਾਣ ਹਨ। ਇਹ ਸਾਰੇ ਹੀ ਆਤਮਾ ਨਹੀਂ ਹਨ, ਭਾਵ ਇਹਨਾਂ ਵਿਚ ਚੇਤਨਾ ਨਹੀਂ ਹੈ। ਸਗੋਂ ਚੇਤਨਾ ਦੇ ਵਾਹਕ ਹਨ। ਜਿਵੇਂ ਤਾਰਾਂ ਅਤੇ ਟਰਾਂਸਫਾਰਮਰ ਆਦਿ ਬਿਜਲੀ ਨਹੀਂ ਹਨ, ਪਰ ਬਿਜਲੀ ਵਾਹਕ ਅਤੇ ਬਿਜਲੀ ਨੂੰ ਥਾਂ-ਪੁਰ-ਥਾਂ ਪਹੁੰਚਾਉਣ ਦੇ ਸਾਧਕ ਹਨ। ਇਵੇਂ ਹੀ ਸਰੀਰ ਮਨ ਆਦਿ ਚੇਤਨਾ ਨਹੀਂ, ਜੜ੍ਹ ਹਨ। ਮਿੱਟੀ ਤੋਂ ਬਣਿਆ ਘੜਾ ਜਾਂ ਸੁਰਾਹੀ ਆਦਿ ਮਿੱਟੀ ਹੀ ਰਹਿਣੇ ਹਨ, ਕਿਉਂਕਿ ਜਿਸ ਮਿੱਟੀ ਤੋਂ ਬਣੇ ਹਨ, ਉਸਤੋਂ

ਬਗੈਰ ਉਹਨਾਂ ਦੀ ਹੋਂਦ ਰਹਿ ਹੀ ਨਹੀਂ ਸਕਦੀ। ਭਾਵੇਂ ਘੁਮਿਆਰ ਆਵੇ (ਭੱਠੇ ਦੀਆਂ ਇੱਟਾਂ ਵਾਂਗ ਘੜੇ ਆਦਿ ਨੂੰ ਪਕਾਉਣ ਵਾਲੀ ਥਾਂ) ਵਿੱਚ ਪਾਕੇ ਲਾਲ ਰੰਗ ਦਾ ਕਿਉਂ ਨਾ ਕਰ ਦੇਵੇ। ਇਵੇਂ ਹੀ ਪੰਜਾਂ ਤੱਤਾਂ ਤੋਂ ਬਣਿਆ ਹੋਇਆ ਸਾਰਾ ਹੀ ਸਰੀਰ ਦਾ ਢਾਂਚਾ ਜੜ੍ਹ ਹੈ। ਇਸ ਜੜ੍ਹ ਢਾਂਚੇ ਵਿੱਚ ਆਤਮ ਰੂਪ ਵਿੱਚ ਨਿਸ਼ਚਾ ਕਰ ਲੈਣਾ ਬੰਧਨ ਕਹਾਉਂਦਾ ਹੈ। ਸਾਡੀ ਜਿੰਦਗੀ ਨੂੰ ਜਦੋਂ ਅਸੀਂ ਵੇਖਦੇ ਹਾਂ, ਕਰੀਬਨ ਸੱਚਾਈ ਇਸੇ ਤਰਾਂ ਦੀ ਨਜ਼ਰ ਆਏਗੀ। ਇਸੇ ਕਰਕੇ ਅਸੀਂ ਹਰ ਵੇਲੇ ਸਭ ਕੁੱਝ ਹੁੰਦਿਆਂ ਹੋਇਆ ਵੀ ਦੁਖੀ ਹਾਂ। ਸਰੀਰ ਦੇ ਨਾਸ਼ ਹੋਣ ਤੋਂ ਸਦਾ ਡਰਦੇ ਰਹਿੰਦੇ ਹਾਂ। ਬੰਧਨ ਵਾਲੇ ਦੀ ਪਹਿਚਾਣ ਲਈ ਭਾਈ ਸਾਹਿਬ ਦੱਸਦੇ ਹਨ, ਉਹ ਮੈਂ ਸਰੀਰ ਹਾਂ। ਇਸ ਤਰਾਂ ਨਾਲ ਆਖਦਾ ਹੈ।

**ਦੋਹਰਾ - [੯]ਅੱਭਜਾਸੈ ਗੁਰ ਸ਼ਬਦ ਕੋ, ਮਿਟਹਿ ਦੇਹਿ ਅਭਿਮਾਨ।**
**ਸਤ ਚੇਤਨ ਆਨੰਦ ਮਯ, 'ਮੁਕਤਿ' ਸੁਜਾਨ ਸੁ ਜਾਨ॥ ੧੨॥**

**ਅਰਥ** - ਮੁਕਤਿ ਤੁਰੀ-ਗੁਰੂ ਸ਼ਬਦ ਦੇ ਅਭਿਆਸ ਦੁਆਰਾ ਦੇਹ ਅਭਿਮਾਨ ਮਿਟ ਜਾਂਦਾ ਹੈ। ਸਤ ਚੇਤਨ ਅਨੰਦ ਰੂਪ ਨੂੰ ਮੁਕਤੀ ਆਖਦੇ ਹਨ।

**ਭਾਵਾਰਥ** – ਗੁਰ-ਸ਼ਬਦ ਮਨੁੱਖ ਨੂੰ 'ਸਰੀਰ ਅਤੇ ਸਰੀਰੀ (ਜੀਵ)' ਦਾ ਗਿਆਨ ਕਰਵਾ ਦਿੰਦਾ ਹੈ। ਸਰੀਰ ਕਿਸੇ ਸਰੀਰੀ ਦਾ ਹੁੰਦਾ ਹੈ। ਸਰੀਰੀ ਸਰੀਰ ਤੋਂ ਵੱਖ ਹੁੰਦਾ ਹੈ। ਗੁਰ ਸ਼ਬਦ ਗਿਆਨ ਸਰੀਰੀ ਨੂੰ ਹੋਂਦ ਦਾ ਅਨਭਵ ਕਰਵਾ ਕੇ ਸਰੀਰ ਨਾਲ ਇਸਦੇ ਸੰਬੰਧ ਅਤੇ ਮਹਾਨਤਾ ਦਿਖਾ ਦਿੰਦਾ ਹੈ। ਜਦੋਂ ਸਰੀਰੀ 'ਸਰੀਰ ਅਤੇ ਆਪਣੀ ਹੋਂਦ' ਦੇ ਅਨਭਵ ਲਈ ਚੀੜ-ਫਾੜ ਕਰਦਾ ਹੈ। ਤਦੋਂ ਹੌਲੀ -ਹੌਲੀ ਅੰਦਰਲੀਆਂ ਪਰਤਾਂ ਖੁਲਦੀਆਂ ਜਾਂਦੀਆਂ ਹਨ। ਸਾਰੇ ਵਿਕਾਰਾਂ ਦੀ ਜੜ੍ਹ ਦੇਹ ਅਭਿਮਾਨ ਹੈ। 'ਮੈਂ ਸਰੀਰ ਹਾਂ' ਜਾਂ 'ਮੈਂ ਇੰਦ੍ਰੇ ਹਾਂ' ਜਾਂ 'ਮੈਂ ਮਨ ਹਾਂ' ਇਤਿਆਦੀ ਸਾਰੇ ਹੀ ਦੇਹ ਅਭਿਮਾਨ ਕਰਕੇ ਹੀ ਪੈਦਾ ਹੁੰਦੇ ਹਨ। ਗੁਰੂ ਸ਼ਬਦ ਦਾ ਅਭਿਆਸ ਕਰਕੇ ਅਭਿਆਸੀ ਆਪਣੇ ਅੰਦਰ ਦੇਹ ਅਧਿਆਸ ਨੂੰ ਪੈਦਾ ਹੋਂਣ ਹੀ ਨਹੀਂ ਦਿੰਦਾ। ਉਸਨੂੰ ਆਪਣੇ 'ਸੱਤ ਚੇਤਨ ਅਨੰਦ' ਸਰੂਪ ਦੇ ਅਨਭਵ ਦਾ ਝਲਕਾਰਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਤਮ ਝਲਕਾਰੇ ਦੀ ਪ੍ਰਪੱਕ ਅਵਸਥਾ ਦਾ ਨਾਮ ਹੀ ਮੁਕਤਿ ਹੈ।

**ਸੈਵਯਾ - [੧੦]ਅੱਧਜਾਤਮ ਗੋ ਰੂਪ ਚਰਤਦਸ ਇਤੇ ਬਿਖਯ ਅਧਭੂਤ ਸੁਜਾਨ।**
**ਇਨਹੁੰ ਦੇਵ ਅਧਿਦੇਵ ਚਤਰਦਸ ਬਜਾਲੀ ਫੁਰਹਿੰ ਬਿਦਮਾਨ।**
**ਸੁਖਪਤਿ ਸੁਪਨ ਅਭਾਵ, ਫੁਰੈ ਗਨ ਮੂਰਤਿ ਬਜਸ਼ਿਸਮਸ਼੍ਰਿ ਪਛਾਨ[੧੧]।**



**ਫਰੈ ਸਰਬ ਸਾਖੀ ਮਹਿੰ 'ਜਾਗ੍ਰਤਿ' ਵਿਸ਼੍ਵ ਅਭਿਮਾਨੀ ਕੀ' ਲਿਹੁ ਮਾਨਿ[੧]॥ ੧੩॥**

**ਅਰਥ - ਜਾਗ੍ਰਤਿ ਚਲੀ** – ਚੌਦਾਂ ਇੰਦ੍ਰਿਆਂ ਦੇ ਸਮੁਦਾਯ ਨੂੰ ਅਧਿਆਤਮ ਕਹਿੰਦੇ ਹਨ। ਇਹਨਾਂ ਦੇ ਵਿਸ਼ਿਆਂ ਨੂੰ ਅਧੀਭੂਤ ਆਖਦੇ ਹਨ। ਇਹਨਾਂ ਦੇ ਦੇਵਤੇ ਵੀ ਚੌਦਾਂ ਹਨ। ਉਹਨਾਂ ਨੂੰ ਅਧੀਦੇਵ ਆਖਦੇ ਹਨ। ਜਿਸ ਅਵਸਥਾ ਵਿੱਚ ਇਹ ਬਿਆਲੀ ਭਾਵ ਸਫੁਰਨ ਹੁੰਦੇ ਹਨ। ਜਿੱਥੇ ਸਖੋਪਤੀ ਤੇ ਸੁਪਨਾਵੀਂ ਅਵਸਥਾ ਦਾ ਅਭਾਵ ਹੁੰਦਾ ਹੈ। ਇੱਥੇ ਹੀ ਇਕੱਲੇ-ਇਕੱਲੇ ਸਰੀਰ ਜਾਂ ਸਾਰੇ ਹੀ ਸਰੀਰਾਂ ਦੇ ਚਿਤ੍ਰ ਰੂਪਵਾਨ ਹੁੰਦੇ ਹਨ। ਜਿਸ ਵੇਲੇ ਇਹ ਸਾਰੇ ਸਾਖੀ ਵਿੱਚ ਸਫੁਰਨ ਹੋ ਰਹੇ ਹਨ। ਉਹ ਜਾਗ੍ਰਿਤ ਅਵਸਥਾ ਹੈ; ਇਸ ਨੂੰ ਵਿਸ਼ਵ ਅਭਿਮਾਨੀ ਦੀ ਜਾਗ੍ਰਿਤ ਅਵਸਥਾ ਕਹਿੰਦੇ ਹਨ। ਸਾਖੀ- ਨਿਰਲੇਪ ਦੇਖਣਹਾਰ, ਵਿਸ਼ਵ ਅਭਿਮਾਨੀ-ਅੱਖ ਵਿੱਚ ਬੈਠ ਕੇ ਜਗਤ ਨੂੰ ਜੋ ਦੇਖਦਾ ਹੈ। ਉਸ ਵੇਲੇ ਜੀਵ ਦਾ ਨਾਮ ਵਿਸ਼ਵ ਕਹਿੰਦੇ ਹਨ। ਇਹ ਜਾਗ੍ਰਿਤ ਅਵਸਥਾ ਨੂੰ ਅਨਭਵ ਕਰਦਾ ਹੈ। ਕਿ ਮੈਂ ਜਾਗਦਾ ਹਾਂ। ਇਸਨੂੰ ਜਾਗ੍ਰਿਤ ਦਾ ਅਭਿਮਾਨੀ ਕਹਿੰਦੇ ਹਨ'

**ਭਾਵਾਰਥ** – ਆਮ ਲਫਜ਼ਾ ਵਿਚ ਅਸੀਂ ਸੌਂ ਕੇ ਉੱਠ ਜਾਈਏ ਕਿਹਾ ਜਾਂਦਾ ਹੈ, 'ਮੈਂ ਜਾਗ ਪਿਆ ਹਾਂ।' ਜਾਗ੍ਰਿਤ ਅਵਸਥਾ ਦੀ ਗਹਿਨਾਈ ਤੱਕ ਝਾਤ ਮਾਰਨੀ; ਆਪਣੇ ਆਪੇ ਦੇ ਗਿਆਨ ਹਾਸਿਲ ਕਰਨ ਵਾਲਿਆਂ ਦੇ ਸਮਝ ਵਿੱਚ ਹੀ ਆਈ ਹੈ। ਉਹਨਾਂ ਨੇ ਜਿਵੇਂ ਅਨਭਵ ਕੀਤਾ; ਸ਼ਬਦਾਂ ਦਾ ਜ਼ਾਮਾ ਪਹਿਨਾ ਦਿੱਤਾ। ਜਾਗ੍ਰਤ ਅਵਸਥਾ ਨੂੰ ਮਾਨਣ ਵਾਲੇ ਜੀਵ ਦੇ ਚੌਦਾਂ ਮੁੱਖ ਅੰਗ ਹੁੰਦੇ ਹਨ। ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਅਤੇ (ਮਨ ਬੁਧਿ ਚਿਤ ਅਹੰਕਾਰ)। ਜਦੋਂ ਵੀ ਸਾਨੂੰ ਜਾਗ੍ਰਤਿ ਵਿੱਚ ਕੋਈ ਵੀ ਗਿਆਨ ਜਾਂ ਅਨੰਦ ਜਾਂ ਦੁੱਖ ਸੁੱਖ ਅਨਭਵ ਹੁੰਦਾ ਹੈ ਤਦੋਂ ਇਹਨਾਂ ਕਰਕੇ ਹੀ ਹੁੰਦਾ ਹੈ। ਇਹ ਚੌਦਾਂ ਲਈ ਗਿਆਨ ਦਾ ਸਾਧਯ ਵਿਸ਼ੇ ਵੀ ਚੌਦਾਂ ਹੀ ਹਨ। ਜਿਵੇਂ ਅੱਖਾਂ ਦੇਖ ਕੇ ਖੁਸ਼ੀ ਜਾਂ ਗਮੀ ਮਹਿਸੂਸ ਕਰਵਾਉਂਦੀਆਂ ਹਨ। ਪਿਆਰੇ ਨੂੰ ਆਪਣੇ ਸਾਹਮਣਿਓ ਦੂਰ ਜਾਂਦਾ ਵੇਖ ਕੇ ਅੱਖਾਂ ਹੀ ਰੋਂਦੀਆਂ ਹਨ। ਇਸੇ ਪ੍ਰਕਾਰ ਇਹਨਾਂ ਚੌਦਾਂ ਅਧਿਆਤਮ ਦੇ ਅਧੀਭੂਤ (ਵਿਸ਼ਯ) ਵੀ ਚੌਦਾਂ ਹੀ ਹਨ। ਇਹਨਾਂ ਦੇ ਸੰਬੰਧ ਨੂੰ ਸਥਾਪਿਤ ਕਰਨ ਵਾਲੇ ਅਧੀਦੇਵ (ਦੇਵਤੇ) ਵੀ ਚੌਦਾਂ ਹੀ ਹਨ। (ਵਿਸਥਾਰ ਲਈ ਵੀਚਾਰਸਾਗਰ ਦੇਖੋ) ਇੱਥੇ 'ਦੇਵਤੇ' ਸ਼ਬਦ 'ਅਨਭਵ ਕਰਵਾਉਣ ਵਾਲੀ ਪ੍ਰਕਾਸ਼ਤਾ' ਦਾ ਹੈ। ਗੁਰਬਾਨੀ ਵਿੱਚ ਦੇਵਤੇ ਸ਼ਬਦ ਦੇ ਕਈ ਰੂਪਾਂ ਵਿੱਚ ਅਰਥ ਲਏ ਗਏ ਹਨ। ਕਾਨ੍ਹ ਸਿੰਘ ਨਾਭਾ ਨੇ ਦੇਵਤੇ ਦੇ ਅਰਥ ਪਵਿੱਤਰ ਪਦਾਰਥ ਵੀ ਕੀਤੇ

ਹਨ। ਗਿਆਨ ਦਾ ਸਾਧਨ ਸਤੋ ਗੁਣ ਦੀ ਅੰਸ਼ ਮੰਨੀ ਜਾਂਦੀ ਹੈ। ਸਤੋ ਗੁਣ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਲਈ ਜੋ ਗਿਆਨ ਕਰਾਉਣ ਵਿੱਚ ਸਹਾਈ ਹੋਵੇ ਉਹ ਅਧੀਦੈਵ ਹਨ। ਇਸ ਅਵਸਥਾ ਵਿਚ ਸੁਪਨ ਅਤੇ ਸਖੋਪਤੀ ਦਾ ਅਭਾਵ ਰਹਿੰਦਾ ਹੈ; ਪਰ ਸਮਸ਼ਟੀ ਅਤੇ ਬਿਯਸ਼ਟੀ ਰੂਪ ਵਿੱਚ ਸਾਰੇ ਕੁੱਝ ਦਾ ਗਿਆਨ ਸਫੁਰਨ ਰਹਿੰਦਾ ਹੈ। ਇਹ ਸਾਰਾ ਕੁੱਝ ਗਿਆਨ ਦੀ ਕਲਾ ਦਾ ਵਰਤਣ ਨਿਰਲੇਪ ਚੇਤਨ ਵਿੱਚ ਹੀ ਅਨਭਵ ਹੁੰਦਾ ਹੈ; ਪਰ ਵਾਪਰਨ ਦੀ ਕਿਰਿਆ ਅੱਖਾਂ ਰਾਂਹੀ ਬਹੁਤਾਤ ਵਿੱਚ ਹੁੰਦੀ ਹੈ। ਅੱਖ ਵਿੱਚ ਬੈਠ ਕੇ ਨਿਰਲੇਪ ਜੋ ਦੇਖਦਾ ਹੈ, ਉਹ ਵਿਸ਼ਵ ਅਭਿਮਾਨੀ ਦੀ ਜਾਗ੍ਰਤਿ ਅਵਸਥਾ ਹੈ। ਸਾਰੀਆਂ ਚੇਤਨ ਦੀਆਂ ਕਿਰਿਆਵਾਂ ਇਸ ਪ੍ਰਕਾਰ ਹਨ, ਜਿਵੇਂ ਆਈ ਏ ਐਸ ਕਰਨ ਵਾਲਾ ਕੋਈ ਜਿਲ੍ਹੇ ਦਾ ਅਧਿਕਾਰੀ ਬਣ ਜਾਂਦਾ ਹੈ, ਕੋਈ ਰਾਜ ਦੇ ਪ੍ਰਮੁੱਖ ਕਾਰਜ ਕਰਤਾਵਾਂ ਦਾ ਰੂਪ ਕੋਈ ਦੇਸ਼ ਦੇ ਪ੍ਰਮੁੱਖ ਕਾਰਜ ਕਰਤਾਵਾਂ ਦੀ ਪਦਵੀ ਤੇ ਪਹੁੰਚ ਜਾਂਦਾ ਹੈ। ਡਿਗਰੀ ਦੇ ਵਿਵਹਾਰ ਜ਼ਿੰਮੇਵਾਰੀ ਤੇ ਨਿਰਭਰ ਕਰਦੇ ਹਨ। ਇਵੇਂ ਹੀ ਚੇਤਨ ਇਕ ਹੀ ਹੈ, ਪਰ ਵਿਵਹਾਰ ਦੀਆਂ ਅਵਸਥਾਵਾਂ ਵੱਖੋ-ਵੱਖ ਕਿਰਿਆਵਾਂ ਦੇ ਸੂਤਰਾਂ ਉੱਤੇ ਨਿਰਭਰ ਕਰਦੀਆਂ ਹਨ।

**[੨]ਥੂਲ ਸਰੀਰ ਨ ਥੂਲ ਵਿਖਯ ਨਹਿਂ ਸੁਖਪਤਿ ਕੋ ਅਭਾਵ ਜਿਸ ਮਾਂਹਿ[੩]।**
**[੪]ਜੇ ਚੌਦਹਿ ਅੱਧਜਾਤਮਾਦਿ ਕੀ ਰਹਿਤ ਸਮੱਗ੍ਰ ਵਾਸ਼ਨਾ ਜਾਂਹਿ।**
**ਅਵਿੱਦਯਾ ਮਯ ਸੂਖਮ ਵਿਵਹਾਰ ਜੁ ਫੁਰੈ ਅਮੂਰਤਿ ਸਾਖੀ ਮਾਂਹਿ।**
**'ਤੈਜਸ ਅਭਿਮਾਨੀ ਕੀ' ਜਾਨਹੁ 'ਸੁਪਨਾਵਸਥਾ' ਕਹੀਯੈ ਤਾਂਹਿ[੫] ॥ ੧੪ ॥**

**ਅਰਥ – ਸੁਪਨ ਚੱਲਿਆ -** ਜਿੱਥੇ ਸਥੂਲ ਸਰੀਰ ਨਹੀਂ ਹੁੰਦਾ, ਸਥੂਲ ਵਿਸ਼ੇ ਨਹੀਂ ਹੁੰਦੇ ਅਤੇ ਸਖੋਪਤੀ ਦਾ ਜਿਸ ਅਵਸਥਾ ਵਿੱਚ ਅਭਾਵ ਹੁੰਦਾ ਹੈ। ਜਿਹੜੇ ਬਿਆਲੀ ਭਾਵ ਜਾਗ੍ਰਿਤ ਅਵਸਥਾ ਦੇ ਪਿਛੇ ਕਹੇ ਹਨ; ਜਿੱਥੇ ਸਾਰੀਆਂ ਵਾਸ਼ਨਾਵਾਂ ਦਾ ਸਮੂਲ ਹੁੰਦਾ ਹੈ। ਜਿਹੜਾ ਇਹ ਅਵਿੱਦਿਆ ਰੂਪ ਸੂਖਮ ਵਿਵਹਾਰ ਹੈ। ਉੱਥੇ ਜੋ ਸਾਖੀ ਨੂੰ ਅਵਿੱਦਯਾ ਮਈ ਸੂਖਮ ਅਮੂਰਤ ਵਿਵਹਾਰ ਫੁਰਦਾ ਹੈ। ਉਸਨੂੰ ਸੁਪਨ ਅਵਸਥਾ ਕਹੀਦਾ ਹੈ। ਉਹ ਅਵਸਥਾ ਤੈਜਸ ਅਭਿਮਾਨੀ ਦੀ ਜਾਣੋ।

**ਭਾਵਾਰਥ** – ਜਿਸ ਅਵਸਥਾ ਵਿੱਚ ਅਨੇਕ ਤਰਾਂ ਦੇ ਕਰਮ ਕਰਨ ਵਾਲਾ ਸਰੀਰ ਸਥੂਲ ਨਾ ਹੋਵੇ। ਕਿਉਂਕਿ ਕਰਮ ਕਰਨ ਲਈ ਸਰੀਰ ਸਾਧਨ ਹੈ। ਜਿਹਨਾਂ ਵਿਸ਼ਯਾਂ ਨਾਲ ਸਥੂਲ ਸਰੀਰ ਜਾਗ੍ਰਤਿ ਵਿੱਚ ਕਰਮ ਕਰਨ ਲਈ ਉਤੇਜਿਤ ਹੁੰਦਾ ਹੈ; ਉਹ ਵਿਸ਼ੇ ਇਸ ਅਵਸਥਾ ਵਿੱਚ ਸਥੂਲ ਨਹੀਂ ਰਹਿੰਦੇ। ਭਾਵ ਜਾਗ੍ਰਤਿ ਅਵਸਥਾ ਵਾਲਾ



ਕੋਈ ਵੀ ਕਾਰਜ-ਕਰਤਾ ਨਹੀਂ ਰਹਿੰਦਾ ਅਤੇ ਨਾ ਹੀ ਸਖੋਪਤੀ ਅਵਸਥਾ ਹੁੰਦੀ ਹੈ। ਪਰ ਚੌਦਾਂ ਹੀ ਅਧਿਆਤਮਾਦਿ ਦੀ ਸਮਗ੍ਰੀ ਸਾਰੀ ਹੀ ਵਾਸ਼ਨਾ ਰੂਪ ਵਿੱਚ ਹੁੰਦੀ ਹੈ। ਸਿਆਣਿਆ ਦਾ ਕਥਨ ਹੈ, ਜਦੋਂ ਮਨ ਹਿਤਾ ਜਾਂ ਪ੍ਰੀਤਤ ਨਾਮੇ ਨਾੜੀ (ਇਹ ਨਾੜੀ ਵਾਲ ਤੋਂ ਵੀ ਕਈ ਗੁਣਾ ਬਾਰੀਕ ਹੈ) ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਤਦੋਂ ਸੁਪਨਾਵੀਂ ਅਵਸਥਾ ਨੂੰ ਸਿਰਜਦਾ ਹੈ। ਨੀਂਦ ਦਾ ਇਸ ਵਿੱਚ ਬਹੁਤ ਵਡਮੁੱਲਾ ਯੋਗਦਾਨ ਹੈ। ਨੀਂਦ ਦੇ ਵਸ਼ ਵਿੱਚ ਮਨੁੱਖ ਨੂੰ ਜਾਗ੍ਰਿਤ ਸੰਸਾਰ ਨਾਲ ਕੋਈ ਲੈਣ ਦੇਣ ਨਹੀਂ ਰਹਿੰਦਾ; ਉਹ ਸੰਸਾਰ ਵੱਲੋਂ ਮਾਨੋਂ ਮਰਿਆ ਹੁੰਦਾ ਹੈ। ਪਰ 'ਸਾਖੀ' ਜੋ ਸਰੀਰ ਦੀਆਂ ਸਾਰੀਆਂ ਅਵਸਥਾਵਾਂ ਨੂੰ ਸਮਝਦਾ ਅਤੇ ਮਾਣਨ ਲਈ ਸੱਤਾ ਦੁਆਰਾ ਅਨਭਵ ਕਰਨ ਦੀ ਸਮਰੱਥਾ ਦਿੰਦਾ ਹੈ। ਉਹ ਅਵਿੱਦਿਆ ਰੂਪ ਵਿਚ ਸੂਖਮ ਰੂਪ ਰਾਂਹੀ ਵਿਵਹਾਰ ਕਰਦਾ ਹੈ। ਜਿਵੇਂ ਰਾਜੇ ਲੋਕ ਕਾਨੂੰਨ ਨੂੰ ਤਿਆਰ ਕਰਕੇ ਆਪਣੇ ਅਧਿਕਾਰੀਆਂ ਤੋਂ ਲਾਗੂ ਕਰਵਾਉਂਦੇ ਹਨ। ਇਵੇਂ ਆਤਮਦੇਵ 'ਅਵਿੱਦਿਆ ਰੂਪ ਸੂਖਮ ਵਿਵਹਾਰ' ਅਮੂਰਤ ਸਰੀਰਾਂ ਦੀਆਂ ਕਿਰਿਆਵਾਂ ਨੂੰ ਕਰਦਾ ਹੈ। ਮਨੁੱਖ ਮੰਜੇ ਉੱਪਰ ਸੁੱਤਾ ਪਿਆ ਹੁੰਦਾ ਹੈ, ਪਰ ਸੁਪਨੇ ਵਿਚ ਟਰੱਕ ਭਜਾਈ ਫਿਰਦਾ ਹੈ। ਕੋਈ ਜਹਾਜ਼ਾਂ ਤੇ ਚੜਿਆ ਫਿਰਦਾ ਹੈ। ਇਹ ਸੁਪਨਾਵੀਂ ਸੰਸਾਰ ਦੀਆਂ ਮਨ ਭਾਉਂਦੀਆਂ ਖੇਡਾਂ ਹਨ। ਇਹਨਾਂ ਦਾ ਵੀ ਮਨੁੱਖੀ ਮਨ ਅਤੇ ਸਰੀਰ ਉੱਪਰ ਸਿੱਧਾ ਪ੍ਰਭਾਵ ਰਹਿੰਦਾ ਹੈ। ਇਸੇ ਕਿਰਿਆ ਨੂੰ ਮਾਨਣ ਵਾਲਾ ਸਾਖੀ (ਦ੍ਰਿਸ਼ਟਾ) ਤੈਜਸ ਅਭਿਮਾਨੀ ਹੈ। ਤੈਜਸ ਅਭਿਮਾਨੀ ਦੀ ਇਸ ਅਵਸਥਾ ਦਾ ਨਾਮ ਸੁਪਨਾਵਸਥਾ ਹੈ। ਇੱਥੇ ਵੀ ਦੇਖਣ ਵਾਲਾ ਸਾਖੀ ਹੀ ਹੈ।

**[੫]ਸਮੱਗ੍ਰ ਵਾਸ਼ਨਾਮਯ ਜੁ ਅਮੂਰਤਿ ਸਰਵ ਅਵਿੱਦਜਾ ਕੋ ਵਿਵਹਾਰ।**
**ਕਾਰਣ ਦੇਹ ਅਵਿੱਦਜਾ ਮਹਿਂ ਏ ਭਏ ਲੀਨ ਸੂਖਮਤਾ ਸਾਰ।**
**ਸਾਖੀ ਗਜਾਨ ਰਹਜੋ ਸਨ[੬]ਮਾਤ੍ਰੰ , 'ਪ੍ਰਾਗ ਅਭਿਮਾਨੀ ਕੀ' ਨਿਰਧਾਰ।**
**ਇਹ 'ਸੁਖਪਤੀ ਅਵਸਥਾ' ਲਖਿ ਸਿਖ[੭]! ਤੀਨਹੁਂ ਭਲੀ ਭਲੇ ਉਰ ਧਾਰਿ ॥ ੧੫ ॥**

**ਅਰਥ - ਸਖੋਪਤੀ ਤੁਰੀ** – ਸਮੱਗ੍ਰ ਵਾਸ਼ਨਾਮਈ ਅਮੂਰਤ ਰੂਪ, ਜਿੱਥੇ ਸਾਰਾ ਹੀ ਅਵਿੱਦਯਾ ਦਾ ਵਿਵਹਾਰ ਹੈ। ਕਾਰਣ ਸਰੀਰ ਰੂਪੀ ਅਵਿੱਦਿਆ ਵਿੱਚ ਸੂਖਮ ਹੋ ਕੇ ਸਾਰਾ ਲੀਨ ਹੋ ਗਿਆ। ਜਿੱਥੇ ਸਨ ਮਾਤ੍ਰ ਦਾ ਗਿਆਨ ਬਾਕੀ ਰਹਿ ਗਿਆ, ਉਸਨੂੰ ਸਾਖੀ ਅਵਸਥਾ ਵਿਚ ਜਾਨਣਾ ਕਰ ਹੇ ਸਿੱਖ! ਇਹ ਅਵਸਥਾ ਪ੍ਰਾਗ ਅਭਿਮਾਨੀ ਦੀ ਹੈ। ਇਹਨਾਂ ਤਿੰਨਾਂ ਨੂੰ ਚੰਗੇ ਢੰਗ ਨਾਲ ਹਿਰਦੇ ਵਿੱਚ ਧਾਰਨ ਕਰ ਲੈ।

**ਭਾਵਾਰਥ** – ਕੋਈ ਵਿਵਹਾਰ ਜਿਤਨਾ ਅੰਤਰੀਂਵ ਹੁੰਦਾ ਜਾਂਦਾ ਹੈ; ਉਤਨਾ

ਹੀ ਉਸਨੂੰ ਸਮਝਣਾ ਕਠਿਨ ਹੀ ਜਾਂਦਾ ਹੈ। ਸਖੋਪਤੀ ਦਾ ਸਾਰਾ ਵਿਵਹਾਰ ਹੀ ਸੂਖਮ ਤੋਂ ਵੀ ਸੂਖਮ ਹੋ ਜਾਂਦਾ ਹੈ। ਸੁਪਨਾਵੀਂ ਅਵਸਥਾ ਨੂੰ ਅਸੀਂ ਆਮ ਜਿੰਦਗੀ ਵਿੱਚ ਮਾਣਦੇ ਹਾਂ। ਸੁਪਨੇ ਵੇਖਣਾ ਸਾਡਾ ਆਮ ਵਿਵਹਾਰ ਹੈ; ਇਸ ਲਈ ਸਾਨੂੰ ਥੋੜੀ ਜਿੰਨੀ ਵੀਚਾਰ ਦੁਆਰਾ ਹੀ ਸਮਝ ਆ ਜਾਂਦਾ ਹੈ। ਸਖੋਪਤੀ ਦਾ ਕਾਰਜ ਅਵਿੱਦਿਆ ਵਿੱਚ ਹੀ ਸ਼ੁਰੂ ਹੁੰਦਾ ਹੈ, ਇੱਥੇ ਹੀ ਲੈ ਹੋ ਜਾਂਦਾ ਹੈ। ਕੁੱਲ ਸੰਸਾਰ ਵਿੱਚ ਸ਼ਮਸਟੀ ਜੀਵਾਂ ਦੀ ਹੋਂਦ ਜਾਂ ਵਿਅਸ਼ਟੀ ਜੀਵ ਦੀ ਹੋਂਦ ਮਾਇਆ/ ਅਵਿੱਦਿਆ ਕਰਕੇ ਹੀ ਹੁੰਦੀ ਹੈ। ਕੁੱਲ ਸੰਸਾਰ ਜਾਂ ਜੀਵ ਲੈਅ ਵੀ ਮਾਇਆ/ਅਵਿੱਦਿਆ ਵਿੱਚ ਹੀ ਹੁੰਦੇ ਹਨ। ਸ਼ਮਸ਼ਟੀ ਰੂਪ ਕਰਕੇ 'ਮਾਇਆ' ਵਿਅਸ਼ਟੀ ਰੂਪ ਕਰਕੇ 'ਅਵਿੱਦਿਆ' ਨਾਮ ਕਹੇ ਜਾਂਦੇ ਹਨ। ਦੋਨੋਂ ਇੱਕ ਕਿਰਿਆ ਦੇ ਹੀ ਨਾਮ ਹਨ। ਅਨੇਕ ਤਰ੍ਹਾਂ ਦੀਆਂ ਮਿਠਿਆਈਆਂ ਦੀ ਹੋਂਦ ਦੁੱਧ ਵਿੱਚ ਛਿਪੀ ਹੁੰਦੀ ਹੈ। ਇਸ ਦੀ ਹੋਂਦ ਪ੍ਰਗਟ ਕਰਨ ਦੀ ਸਮਰੱਥਾ ਹਲਵਾਈ ਵਿੱਚ ਹੁੰਦੀ ਹੈ। ਸਹੀ ਢੰਗ ਨਾਲ ਸਹੀ ਵਸਤਾਂ ਪਾ ਕੇ ਤਰ੍ਹਾਂ-ਤਰ੍ਹਾਂ ਦੀਆਂ ਮਿਠਿਆਈਆਂ ਹੋਂਦ ਵਿੱਚ ਆਉਣ ਲਈ ਹਲਵਾਈ ਦੇ ਕੰਮ ਕਰਨ ਦੀ ਚਤੁਰਾਈ ਹੁੰਦੀ ਹੈ। ਇਸੇ ਪ੍ਰਕਾਰ ਅਵਿੱਦਿਆ ਵਿੱਚ ਸਾਰੇ ਸੰਸਾਰ ਕਾਰਜ ਦੀ ਵਿਧਨਾ ਛਿਪੀ ਹੁੰਦੀ ਹੈ। ਉਸਨੂੰ ਪ੍ਰਗਟ ਕਰਨ ਦੀ ਸਮਰੱਥਾ ਚੇਤਨ (ਕੂਟਸਥ) ਵਿੱਚ ਹੁੰਦੀ ਹੈ। ਪੰਜ ਤੱਤਾਂ ਦੀਆਂ ਵਸਤਾਂ ਰਾਹੀਂ ਕੁੱਲ ਪਦਾਰਥਿਕ ਸੰਸਾਰ ਰੂਪਵਾਨ ਹੁੰਦਾ ਹੈ। ਜਿੱਥੇ ਸਾਰਾ ਕੁੱਝ ਵਾਸ਼ਨਾਮਯ ਹੋ ਕੇ ਅਮੂਰਤਿ ਰੂਪ ਵਿਚ ਹੁੰਦਾ ਹੈ। ਜਿਸ ਵੇਲੇ ਕੋਈ ਖਾਸ ਦਸ਼ਾ ਵੀ ਨਿਯਤ ਨਹੀਂ ਹੁੰਦੀ, ਕੇਵਲ ਸੰਸਾਰਿਕ ਹਸਤੀ ਦਾ ਵਿਵਹਾਰ ਹੀ ਟਿਕਿਆ ਹੁੰਦਾ ਹੈ। ਇਸ ਨੂੰ ਕਾਰਣ ਸਰੀਰ ਕਿਹਾ ਜਾਂਦਾ ਹੈ। ਜਿੱਥੇ ਸਾਰੀ ਸੂਖਮਤਾ ਲੀਨ ਹੁੰਦੀ ਹੈ। ਕੇਵਲ ਸੱਤਯ ਸਰੂਪ ਸਾਖੀ ਦਾ ਗਿਆਨ ਹੀ ਹੁੰਦਾ ਹੈ। ਬਾਹਰੀ ਪਹਿਚਾਣ ਲਈ ਗਾੜ੍ਹੀ ਨੀਂਦ ਵਿੱਚੋਂ ਉੱਠੇ ਮਨੁੱਖ ਕੋਲ ਕੇਵਲ ਇਤਨੇ ਹੀ ਸ਼ਬਦ ਹੁੰਦੇ ਹਨ, "ਅੱਜ ਇੰਨਾ ਸੁੱਤਾ, ਪਤਾ ਹੀ ਨਹੀਂ ਲੱਗਾ? ਬਹੁਤ ਅਨੰਦ ਆਇਆ।" ਅਨੰਦ ਦਾ ਅਰਥ ਹੀ ਸਾਖੀ ਦੇ ਅਨਭਵ ਕਰਕੇ ਹੈ। ਪਤਾ ਨਾ ਲੱਗਣ ਦਾ ਮਤਲਬ ਅਵਿੱਦਿਆ ਹੈ। ਇਸ ਲਈ ਸਾਖੀ ਦੀ ਅਵਸਥਾ ਪ੍ਰਾਗ ਅਭਿਮਾਨੀ ਹੈ। ਇਸ ਅਵਸਥਾ ਦਾ ਨਾਮ ਸਖੋਪਤੀ ਹੈ; ਹੇ ਗੁਰਸਿੱਖਾ! ਤਿੰਨਾਂ ਹੀ ਅਵਸਥਾਵਾਂ ਨੂੰ ਚੰਗੇ ਢੰਗ ਨਾਲ ਸਮਝ ਲੈਂਣਾ ਕਰ।

**ਜਾਗ੍ਰਤਿ ਮਹਿਂ ਕਿਸ ਕਾਰਣ ਤੇ ਕਿਤ ਲਗਹਿ ਚੋਟ ਜਹਿਂ ਮਰਮ ਸਥਾਨ।**
**ਕਿਧੌਂ ਰੋਗ, ਕੈ ਅਪਰ ਹੇਤ ਹੁਇ, ਜੌ ਲੌ ਰਹੇ ਅਚੇਤ ਮਹਾਂਨ।**



**ਤੌ ਲੌ ਸਾਖੀ ਕੇਰ ਅਵਾਂਤਰ ਵਿਸ਼੍ਵ ਅਭਿਮਾਨੀ ਕੋ ਪਹਿਚਾਨ।**
**ਕਹੈਂ 'ਮੂਰਛਾ' ਕੋ ਸਰੂਪ ਇਹ, ਜਾਵਦ ਨਹੀਂ ਪ੍ਰਾਨ ਕੋ ਹਾਨ॥ ੧੬॥**

**ਅਰਥ - ਮੂਰਛਾ** ਚਲੀ- ਜਾਗ੍ਰਤਿ ਅਵਸਥਾ ਵਿੱਚ ਕਿਸੇ ਕਾਰਣ ਕਰਕੇ ਕਿਸੇ ਵੀ ਮਰਮ ਸਥਾਨ ਤੇ ਚੋਟ ਲਗ ਜਾਏ। ਭਾਂਵੇਂ ਕੋਈ ਰੋਗ ਦੁਆਰਾ ਜਾਂ ਕੋਈ ਹੋਰ ਕਾਰਣ ਹੋਵੇ; ਜਿਤਨਾ ਚਿਰ ਤੱਕ ਅਚੇਤ ਅਵਸਥਾ ਵਿੱਚ ਹੀ ਰਹੇ। ਉਤਨਾ ਚਿਰ ਤੱਕ ਸਾਖੀ ਵਿੱਚ ਹੀ ਸਫੁਰਨ ਹੋ ਰਿਹਾ ਹੈ। ਇਸਦਾ ਅਭਿਮਾਨੀ ਵੀ ਵਿਸ਼ਵ ਹੈ। ਇਹ ਮੂਰਛਾ ਦਾ ਸਰੂਪ ਹੈ, ਜਿਤਨਾ ਚਿਰ ਪ੍ਰਾਨਾਂ ਦਾ ਨਾਸ਼ ਨਹੀਂ ਹੁੰਦਾ ।

**ਭਾਵਾਰਥ** - ਜਿੱਥੇ ਸੱਟ ਲੱਗਣ ਕਾਰਨ ਮਨੁੱਖ ਨੂੰ ਕੋਈ ਹੋਸ਼ ਨਾ ਰਹੇ ਉਸਨੂੰ ਮਰਮ ਸਥਲ ਕਹਿੰਦੇ ਹਨ। ਸਰੀਰ ਦੇ ਕੁੱਝ ਭਾਗ ਐਸੇ ਹੁੰਦੇ ਹਨ, ਜਿਹਨਾਂ ਦੀ ਪ੍ਰਮਾਤਮਾ ਨੇ ਸਕਿਉਰਟੀ (ਸੁਰੱਖਿਆ) ਲਈ ਵਿਸ਼ੇਸ ਅੰਗ ਨਾਲ ਲਾਏ ਹਨ। ਜਿਵੇਂ ਅੱਖਾਂ ਦੀ ਸੁਰੱਖਿਆ ਲਈ ਪਲਕਾਂ ਹਨ। ਦਿਲ ਫੇਫੜਿਆਂ ਦੀ ਸੁਰੱਖਿਆ ਲਈ ਸਖਤ ਛਾਤੀ ਦੀਆਂ ਹੱਡੀਆਂ ਹਨ। ਦਿਮਾਗ ਦੀ ਸੁਰੱਖਿਆ ਲਈ ਸਖਤ ਖੋਪੜੀ ਹੈ। ਕੁੱਝ ਐਸੇ ਕਾਰਨ ਬਣ ਜਾਂਦੇ ਹਨ; ਕਿ ਇਹਨਾਂ ਸਥਾਨਾਂ ਉੱਪਰ ਸੱਟ ਲਗ ਜਾਂਦੀ ਹੈ, ਤਾਂ ਮਨੁੱਖ ਬੇਹੋਸ਼ ਹੋ ਜਾਂਦਾ ਹੈ। ਜਿੰਨਾਂ ਚਿਰ ਮਨੁੱਖ ਬੇਹੋਸ਼ ਰਹਿੰਦਾ ਹੈ, ਉਤਨਾਂ ਚਿਰ ਤੱਕ ਸਾਖੀ ਦਾ ਅਵਾਂਤਰ (ਅੰਦਰਲਾ ਚੇਤਨ) 'ਜਾਗ੍ਰਤਿ ਦਾ ਅਭਿਮਾਨੀ' ਵਿਸ਼ਵ ਹੀ ਜਾਨਣਾ ਕਰ। ਜਿੰਨਾਂ ਚਿਰ ਤੱਕ ਸਰੀਰ ਵਿੱਚ ਪ੍ਰਾਣ ਚਲਦੇ ਹਨ, ਉਤਨਾਂ ਚਿਰ ਮੂਰਛਾ ਦੀ ਅਵਸਥਾ ਹੀ ਰਹਿੰਦੀ ਹੈ। ਅੱਜ ਕੱਲ੍ਹ ਇਸ ਦਾ ਵਰਤਮਾਨ ਨਾਮ ਕੌਮਾ ਹੈ।

**ਤ੍ਰਿਪੁਟੀ ਗਯਾਤਾ ਗਯਾਨ ਗੇਯ ਜਹਿਂ ਭਾਸੈ ਬ੍ਰਹਮ ਭਾਵ ਕੋ ਲੀਨ।**
**ਤਿਹ 'ਸਮਾਧਿ ਸਵਿਕਲਪ' ਕਹਤਿ ਹੈਂ, ਜਹਿਂ ਤ੍ਰਿਪੁਟੀ ਵਿਕਲਪ ਵਿਹੀਨ।**
**ਇਕ ਬ੍ਰਹਮ ਭਾਵ 'ਸਮੇਤ ਸਮਾਧੀ ਨਿਰਵਿਕਲਪ' ਤਿਹ ਕੋ ਮਨ ਚੀਨ।**
**ਵਿੱਸ਼੍ਵ ਅਭਿਮਾਨੀ ਕੀ ਸਾਖੀ ਮਹਿਂ ਦੁਇ ਪ੍ਰਕਾਰ ਕੀ ਕਹੈਂ ਪ੍ਰਬੀਨ॥ ੧੭॥**

**ਅਰਥ-ਸਮਾਧੀ ਤੁਰੀ** - ਗਿਆਤਾ ਗਿਆਨ ਗੇਯ ਦੀ ਜਿੱਥੇ ਤ੍ਰਿਪਟੀ ਪ੍ਰਤੀਤ ਹੋਵੇ, ਬ੍ਰਹਮ ਦੇ ਭਾਵ ਨੂੰ ਆਪਣੇ ਨਾਲ ਲੈ ਕੇ; ਉਸਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਇਕ ਬ੍ਰਹਮ ਭਾਵ ਦੇ ਵਿੱਚ ਹੀ ਤ੍ਰਿਪਟੀ ਦਾ ਸਰੂਪ ਲੈ ਹੋ ਜਾਏ। ਇਸ ਨੂੰ ਨਿਰਵਿਕਲਪ ਸਮਾਧੀ ਆਪਣੇ ਮਨ ਵਿਚ ਜਾਣ ਲੈਣਾ ਕਰੋ। ਇਹ ਵੀ ਵਿਸ਼ਵ ਅਭਿਮਾਨੀ ਦੇ ਸਾਖੀ ਵਿਚ ਹੀ ਦੋਨੋਂ ਪ੍ਰਕਾਰ ਦੀਆਂ ਸਮਾਧੀਆਂ ਦਾ ਕਥਨ ਆਉਂਦਾ ਹੈ।

**ਭਾਵਾਰਥ** - ਹਰ ਗਿਆਨ ਪ੍ਰਾਪਤ ਕਰਨ ਲਈ ਤ੍ਰਿਪਟੀ ਕਰਮ ਕਰਦੀ ਹੈ। ਪਕਵਾਨ ਬਣਾਉਣ ਲਈ ਭਾਂਡਾ, ਵਸਤੂਆਂ ਅਤੇ ਅੱਗ ਤਿੰਨ ਦੀ ਜਰੂਰਤ ਹੁੰਦੀ ਹੈ। ਭਾਂਡੇ ਵਿੱਚ ਪਕਵਾਨ ਬਣਾਉਣ ਲਈ ਵਸਤੂਆਂ ਪਾਈਆਂ ਜਾਂਦੀਆਂ ਹਨ। ਅੱਗ ਪਕਵਾਨ ਬਣਾਉਣ ਲਈ ਸਹਾਈ ਹੁੰਦੀ ਹੈ। ਇਵੇਂ ਹੀ ਗਿਆਨ ਹਾਸਿਲ ਕਰਨ ਲਈ ਗਯਾਤਾ ਭਾਂਡੇ ਵਾਂਗ ਹੈ; ਭਾਂਡੇ ਵਿਚ ਵਸਤੂਆਂ ਪਾਉਣ ਵਾਂਗ ਗੇਯ (ਜਿਸਦਾ ਗਿਆਨ ਪ੍ਰਾਪਤ ਕਰਨਾ ਹੋਵੇ) ਹੈ। ਅੱਗ ਦੇ ਸੇਕ ਵਾਂਗ 'ਗਿਆਨ ਨੂੰ ਸਥਿਰ ਕਰਨ ਦੇ' ਬ੍ਰਿਤੀ (ਗਿਆਨ) ਰੂਪ ਯਤਨ ਹਨ। ਤਿੰਨੇ ਕਿਰਿਆਵਾਂ ਪਕਵਾਨ ਸਿੱਧ ਕਰਨ ਲਈ ਹਨ; ਪਕਵਾਨ ਵੱਲੋਂ ਸਾਵਧਾਨੀ ਹੱਟ ਜਾਏ ਬਹੁਤ ਨੁਕਸਾਨ ਹੋ ਜਾਂਦਾ ਹੈ। ਇਉਂ ਹੀ ਦੂਜੇ (ਵਿਜਾਤੀ) ਸੰਸਕਾਰਾਂ ਦਾ ਤ੍ਰਿਸ਼ਕਾਰ ਕਰਕੇ ਰੁਕੇ ਹੋਏ ਸ਼ੁੱਧ ਚੇਤਨ ਨੂੰ ਪ੍ਰਗਟ ਕਰਨ ਲਈ ਅੰਤਹਕਰਣ ਦੀ ਇਕਾਗਰਤਾ ਦਾ ਪਰਿਣਾਮ ਸਮਾਧੀ ਹੁੰਦਾ ਹੈ। ਗਿਆਤਾ ਗਿਆਨ ਗੇਯ ਦੀ ਤ੍ਰਿਪਟੀ ਦੇ ਸਮੇਤ ਅਦਵੈਤ ਬ੍ਰਹਮ ਵਿੱਚ ਅੰਤਹਕਰਣ ਦੀ ਬ੍ਰਿਤੀ ਦੀ ਸਥਿਤੀ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਇਹ ਅੱਗੋਂ ਫਿਰ ਦੋ ਤਰਾਂ ਦੀ ਹੋ ਜਾਂਦੀ ਹੈ। ਵਿਕਲਪ ਤੋਂ ਰਹਿਤ ਤ੍ਰਿਪਟੀ ਦੀ ਅਖੰਡ-ਬ੍ਰਹਮਾਕਾਰ ਅੰਤਹਕਰਣ-ਬ੍ਰਿਤੀ ਦੀ ਸਥਿਤੀ ਨਿਰਵਿਕਲਪ ਸਮਾਧੀ ਹੁੰਦੀ ਹੈ। ਇਸ ਵਿੱਚ ਵੀ ਵਿਦਵਾਨ ਪੁਰਸ਼ਾਂ ਨੇ ਅਗਾਂਹ ਗੁਹਜ ਭੇਦਾਂ ਦਾ ਕਥਨ ਕੀਤਾ ਹੈ। ਇਹ ਦੋਨੋਂ (ਨਿਰਵਿਕਲਪ ਅਤੇ ਸਾਵਿਕਲਪ) ਹੀ ਸਾਖੀ ਦੇ ਵਿੱਸ਼ਵ ਅਭਿਮਾਨੀ (ਜਾਗ੍ਰਤਿ ਅਵਸਥਾ) ਰੂਪ ਵਿੱਚ ਸਥਿੱਤ ਹੁੰਦੀਆਂ ਹਨ।

**ਸਮਾਧਿ, ਮੂਰਛਾ, ਤੀਨ ਅਵਸਥਾ, ਸਭਿਨਿ ਪ੍ਰਕਾਸ਼ੈ ਭਾਵਾਭਾਵ।**
**ਨਿਜ ਅਨਸੂਤ ਸਭਿਨਿ ਮਹਿਂ ਦੇਖੈ, ਹਉਂ ਹੀ ਪਿਖਨਹਾਰ ਉਰ ਲਜਾਵ।**
**ਜਾਗ੍ਰਤਿ ਥੂਲ ਬਿਰਤਿ ਤੌਂ ਮਿਲਿ ਕੈ ਸੁਪਨੇ ਸੂਖਮ ਬਿਰਤਿ ਮਿਲਾਵ।**
**ਬਿਰਤਿ ਅਵਿੱਦ੍ਯਾ ਸੁਖਪਤਿ ਮਹਿਂ ਮਿਲਿ ਪਿਖਹਿ ਜੁ 'ਤੁਰੀਯਾਵਸਥਾ' ਗਾਵ॥੧੮॥**

**ਅਰਥ - ਤੁਰੀਆ ਚਲੀ** - ਸਮਾਧੀ, ਮੂਰਛਾ ਤਿੰਨੇ ਹੀ ਅਵਸਥਾ (ਜਾਗ੍ਰਿਤ ਸੁਪਨ ਸਖੋਪਤੀ) ਇਹਨਾਂ ਸਭਨਾਂ ਦੇ ਹੋਣ ਨਾ ਹੋਣ ਨੂੰ ਪ੍ਰਕਾਸ਼ੇ। ਆਪਣੇ ਆਪ ਨੂੰ ਸਾਰਿਆਂ ਵਿੱਚ ਹੀ ਵਿਆਪਕ ਹੋਇਆ ਦੇਖੇ ਤੇ ਅਨਭਵ ਕਰੇ; ਮੈਂ ਹੀ ਸਭ ਦਾ ਦੇਖਣਹਾਰ ਹਾਂ। ਜਾਗ੍ਰਿਤ ਵਿੱਚ ਸਥੂਲ ਬ੍ਰਿਤੀ ਨਾਲ ਮਿਲ ਕੇ, ਸੁਪਨੇ ਵਿੱਚ ਸੂਖਮ ਬ੍ਰਿਤੀ ਨਾਲ ਮਿਲ ਕੇ ਸਖੋਪਤੀ ਵਿੱਚ ਅਵਿੱਦਿਆ ਨਾਲ ਮਿਲ ਕੇ (ਸਭ ਨੂੰ) ਜੋ ਦੇਖੇ; ਉਹ ਤੁਰੀਆ ਅਵਸਥਾ ਕਥਨ ਕੀਤੀ ਜਾਂਦੀ ਹੈ।



**ਭਾਵਾਰਥ** - ਜਿਹੜਾ ਚੇਤਨ ਸਾਰੀਆਂ ਅਵਸਥਾਵਾਂ ਵਿੱਚ ਮਿਲ ਕੇ ਸਭ ਅਵਸਥਾਵਾਂ ਦੀ ਹੋਂਦ ਨੂੰ ਰੂਪਵਾਨ ਕਰਦਾ ਹੈ, ਅਤੇ ਆਪ ਹੀ ਇਹ ਅਨਭਵ ਕਰਦਾ ਹੈ। ਕਿ ਮੈਂ ਹੀ ਸਾਰਿਆਂ ਦਾ ਕਰਨ-ਵਾਲਾ ਹਾਂ। ਜੇ ਮਨੁੱਖ ਸਰੀਰ ਵਿੱਚ ਜੀਵ ਹੈ, ਤਾਂ ਸੁੱਖ-ਦੁੱਖ, ਖੁਸ਼ੀ-ਗਮੀ, ਚੰਗਾ-ਮੰਦਾ ਆਦਿ ਅਨਭਵ ਕਰਦਾ ਹੈ। ਜੇ ਜੀਵ ਸਰੀਰ ਵਿੱਚ ਨਾ ਹੋਵੇ ਤਾਂ ਕੋਈ ਇਸ ਨੂੰ ਅੱਗ ਵਿਚ ਸਾੜ ਦੇਵੇ ਜਾਂ ਕੋਈ ਚੰਦਨ ਆਦਿ ਨਾਲ ਸੁਗੰਧਿਤ ਕਰ ਦੇਵੇ ਸਰੀਰ ਲਈ ਕੋਈ ਖੁਸ਼ੀ-ਗਮੀ ਨਹੀਂ ਹੈ। ਇਵੇਂ ਜੇ ਚੇਤਨ ਹੈ, ਤਾਂ ਸਾਰੀਆਂ ਅਵਸਥਾਵਾਂ ਸਮਾਧੀ, ਮੂਰਛਾ ਆਦਿ ਹਨ। ਜੇ ਚੇਤਨਤਾ ਹੀ ਨਹੀਂ ਹੈ, ਤਾਂ ਕਿਰਿਆਵਾਂ ਦੀ ਹੋਂਦ ਹੀ ਸੰਭਵ ਨਹੀਂ ਹੁੰਦੀ ਹੈ। ਹਰ ਫਲ ਰਸ ਸਦਕਾ ਮੁਲਵਾਨ ਹੁੰਦਾ ਹੈ, ਜੇ ਰਸ ਹੀ ਨਹੀਂ ਤਾਂ ਫਲ ਦਾ ਕੋਈ ਮੁੱਲ ਨਹੀਂ ਹੰਦਾ। ਹਰ ਫਲ ਵਿੱਚ ਰਸ ਆਪਣੇ ਢੰਗ ਨਾਲ ਪ੍ਰਮਾਤਮਾ ਨੇ ਟਿਕਾਇਆ ਹੋਇਆ ਹੈ। ਤੁਰੀਆਂ ਅਵਸਥਾ ਨੂੰ ਸਮਝਾਉਣ ਵਾਸਤੇ ਪ੍ਰਮਾਤਮਾ ਨੇ ਆਪਣੀ ਕੁਦਰਤ ਵਿੱਚ ਸੰਗਤਰੇ ਦਾ ਫਲ ਤਿਆਰ ਕਰ ਰੱਖਿਆ ਹੈ। ਸੰਗਤਰੇ ਦਾ ਫਲ ਟਾਹਣੀ ਨਾਲ ਲੱਗਕੇ ਸਫਰ ਸ਼ੁਰੂ ਕਰਦਾ ਹੈ। ਜਿਵੇਂ ਵੱਧਦਾ-ਫੁੱਲਦਾ ਹੈ, ਰਸ ਸਹਿਤ ਸੁੰਦਰਤਾ ਦਾ ਫੈਲ਼ਾਅ ਕਰਦਾ ਹੈ। ਪੱਕੇ ਤੋਂ ਫਲ ਨੂੰ ਤੋੜਕੇ ਜੇ ਰਸ ਦੀ ਖੋਜ ਕਰੀਏ, ਤਾਂ ਪਤਾ ਚਲਦਾ ਹੈ ਕਿ ਰਸ ਫਲ ਵਿਚ ਤੀਸਰੀ ਥਾਂ ਦੇ ਅੰਦਰ ਚੌਥੀ ਅਵਸਥਾ ਵਿੱਚ ਹੁੰਦਾ ਹੈ। ਪਹਿਲਾਂ ਉੱਪਰ ਛਿੱਲੜ ਹੁੰਦਾ ਹੈ, ਅੰਦਰ ਫਾੜੀਆਂ ਹੁੰਦੀਆਂ ਹਨ, ਉਸ ਦੇ ਅੰਦਰ ਤੁਰੀਆਂ ਹੁੰਦੀਆਂ ਹਨ। ਉਹਨਾਂ ਤੁਰੀਆਂ ਦੇ ਵਿੱਚ ਰਸ ਸਥਿਤ ਹੁੰਦਾ ਹੈ। ਇਵੇਂ ਹੀ ਆਤਮ ਚੇਤਨ ਤਿੰਨੇ ਅਵਸਥਾਵਾਂ ਦੇ ਅੰਦਰ ਸਥਿਤ ਹੁੰਦਾ ਹੈ। ਸਮਾਧੀ, ਮੂਰਛਾ ਆਦਿ ਜਾਗ੍ਰਿਤ ਅਵਸਥਾ ਦੇ ਹੀ ਅੰਤਰਭੂਤ ਆ ਜਾਂਦੀਆਂ ਹਨ। ਸੰਗਤਰਾ, ਰਸ ਤੋਂ ਬਗੈਰ ਵਧ-ਫੁੱਲ ਨਹੀਂ ਸਕਦਾ, ਇਵੇਂ ਹੀ ਚੇਤਨ ਦੇ ਪ੍ਰਕਾਸ਼ ਤੋਂ ਬਗੈਰ ਕੁਝ ਵੀ ਸੰਭਵ ਨਹੀਂ ਹੈ। ਚੇਤਨ ਸਾਰੇ ਭਾਵ ਅਤੇ ਅਭਾਵ ਨੂੰ ਪ੍ਰਕਾਸ਼ਵਾਨ ਕਰਦਾ ਹੈ। ਅਨਉਪਲੱਬਧੀ ਪ੍ਰਮਾਣ ਅਭਾਵ ਦੀ ਵਿਆਖਿਆ ਕਰਦਾ ਹੈ। ਜਿਵੇਂ ਕੋਈ ਆਖਦਾ ਹੈ, "ਇੱਥੇ ਕੁਰਸੀ ਪਈ ਸੀ?" ਸਵਾਲ ਜਣਾਉਂਦਾ ਹੈ, ਕਿ ਕਿਸੇ ਵੇਲੇ ਉਸ ਨੇ ਕੁਰਸੀ ਨੂੰ ਵੇਖਿਆ ਹੋਵੇਗਾ; ਤਾਂ ਹੀ ਕੁਰਸੀ ਬਾਬਤ ਆਖਿਆ ਹੈ। ਕੁਰਸੀ ਦੀ ਅਣਹੋਂਦ ਨੇ ਕੁਰਸੀ ਦਾ ਅਹਿਸਾਸ ਕਰਵਾ ਦਿੱਤਾ। ਇਸੇ ਪ੍ਰਕਾਰ ਭਾਵ ਵਸਤੂ ਦੇ ਅਭਾਵ ਦਾ ਵੀ ਗਿਆਨ ਕਰਵਾ ਦਿੰਦਾ ਹੈ। ਜੋ ਭਾਵ ਅਤੇ ਅਭਾਵ ਦੋਨਾਂ ਵਿੱਚ ਹੀ ਵਰਤਦਾ ਹੋਵੇ, ਆਪਣੇ ਆਪ ਨੂੰ ਸਭ ਵਿੱਚ ਮਿਲਿਆ ਹੋਇਆ ਸਮਝਦਾ ਹੋਵੇ। ਘਰ ਵਿੱਚ ਸਾਰਾ ਸਾਜੋ

ਸਮਾਨ ਘਰ ਦੇ ਮਾਲਕ ਨਾਲ ਜੁੜਿਆ ਹੁੰਦਾ ਹੈ। ਮਾਲਕ ਦੀ ਭਾਵਨਾ ਘਰ ਦੇ ਹਰ ਸਾਜੋ ਸਮਾਨ ਦੇ ਨਾਲ ਜੁੜੀ ਹੁੰਦੀ ਹੈ। ਇਸੇ ਪ੍ਰਕਾਰ 'ਆਤਮ ਚੇਤਨ' ਸੰਸਾਰ ਦੇ ਪਦਾਰਥਾਂ ਨਾਲ ਇਕਸੁਰ ਹੁੰਦਾ ਹੈ। ਚੇਤਨ ਹੀ ਬ੍ਰਿਤੀ ਰੂਪ ਬਣਕੇ ਆਪਣੇ ਆਪ ਨੂੰ ਸਾਰਿਆਂ ਵਿੱਚ ਵਿਆਪਕ ਵੇਖਦਾ ਹੈ। ਜਾਗ੍ਰਤਿ ਦੇ ਸਥੂਲ ਪਦਾਰਥਾਕਾਰ ਬ੍ਰਿਤੀ ਵਿੱਚ ਮਿਲ ਕੇ ਸੁਪਨੇ ਦੀ ਸੂਖਸ਼ਮ ਬ੍ਰਿਤੀ ਵਿਚ ਮਿਲਿਆ ਹੁੰਦਾ ਹੈ। ਜਾਗ੍ਰਤਿ ਦੀਆਂ ਅਵਸਥਾਵਾਂ ਦੀ ਸਥੂਲਤਾ, ਸੁਪਨਾਵੀਂ ਅਵਸਥਾ ਦੀ ਸੂਖਸ਼ਮਤਾ ਅਤੇ ਸਖੋਪਤੀ ਅਵਸਥਾ ਦੀ ਅਵਿੱਦਿਆ ਵਿਚ ਮਿਲ ਕੇ ਆਪਣੇ ਆਪ ਨੂੰ ਵੇਖਣ ਵਾਲਾ ਤੁਰੀਆ ਹੈ। ਇਸ ਅਵਸਥਾ ਦਾ ਨਾਮ ਤੁਰੀਆਂ ਅਵਸਥਾ ਹੈ।

**ਦੋਹਰਾ – ਨਿਰਵਿਕਲਪਤਾ ਤੇ ਰਹਿਤ ਸਭਿ ਮਹਿਂ ਮੋਹਿ ਸਰੂਪ।**
**ਤੁਰੀਯਾਵਸਥਾ ਜਾਨੀਏ ਤੁਰੀਯਾ ਤੱਤ ਅਨੂਪ॥ ੧੯॥**

**ਅਰਥ** – ਨਿਰਵਿਕਲਪ ਸਮਾਧੀ ਤੋਂ ਰਹਿਤ ਸਾਰਿਆਂ ਵਿਚ ਮੇਰਾ ਹੀ ਸਰੂਪ ਸਥਿਤ ਹੈ। ਇਸਨੂੰ ਤੁਰੀਆ ਅਵਸਥਾ ਜਾਨਣਾ ਕਰੋ, ਜੋ ਉਪਮਾ ਤੋਂ ਰਹਿਤ ਯਥਾਰਥ ਤੱਤ ਹੈ।

**ਭਾਵਾਰਥ** – ਜਦੋਂ ਨਿਰਵਿਕਲਪ ਸਮਾਧੀ ਸਥਿੱਤ ਅਭਿਆਸੀ ਨੂੰ 'ਮੈਂ ਕੀ ਹਾਂ ?' ਦਾ ਰੂਪ ਸਮਝ ਆ ਜਾਂਦਾ ਹੈ, ਕਿ ਮੈਂ ਹੀ ਆਤਮਾ ਰੂਪ ਹਾਂ। ਤਦੋਂ 'ਆਤਮਾ' 'ਪਰਮ-ਆਤਮਾ' ਦੇ ਰੂਪ ਵਿੱਚ ਨਜ਼ਰ ਆਉਣ ਲੱਗ ਜਾਂਦੀ ਹੈ। ਜਿਵੇਂ ਤਾਪਮਾਨ ਦੇ ਘਟਣ ਨਾਲ ਪਾਣੀ ਬਰਫ ਦਾ ਰੂਪ ਬਣ ਜਾਂਦਾ ਹੈ; ਜੇ ਤਾਪਮਾਨ ਪਾਣੀ ਦੇ ਦ੍ਰਵਤ ਰੂਪ ਜਿੰਨਾਂ ਫਿਰ ਹੋ ਜਾਏ ਤਾਂ ਬਰਫ ਮੁੜ ਪਾਣੀ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ। ਇਉਂ ਹੀ ਤਾਪਮਾਨ ਦੇ ਡਿੱਗਣ ਵਾਂਗ ਜੀਵ ਦੀ ਭਗਤੀ ਘੱਟ ਜਾਂਦੀ ਹੈ। ਤਦੋਂ ਜੀਵ ਅਗਿਆਨ ਤਹਿਤ ਜੜ੍ਹ ਹੋ ਜਾਂਦਾ ਹੈ। ਜਦੋਂ ਭਗਤੀ ਅਭਿਆਸ ਦਾ ਤਾਪਮਾਨ ਫਿਰ ਸਥਿਰ ਕਰ ਲੈਂਦਾ ਹੈ; ਤਦੋਂ ਪਾਣੀ ਵਾਂਗ ਮੁੜ ਆਪਣੇ ਨਿੰਜ ਰੂਪ ਵਿੱਚ ਸਥਿੱਤ ਹੋ ਜਾਂਦਾ ਹੈ। ਨਿਰਵਿਕਲਪ ਸਮਾਧੀ ਵਿੱਚ ਤ੍ਰਿਪਟੀ ਦੇ ਨਜ਼ਰੀਏ ਤੋਂ ਹੀ ਹੋਂਦ ਵਿੱਚ ਆਉਂਦੀ ਹੈ। ਪਰ ਜਦੋਂ ਆਪਣੇ ਨਿੱਜ ਰੂਪ ਦਾ ਅਨਭਵ ਕਰ ਲਿਆ ਜਾਂਦਾ ਹੈ। ਤਦੋਂ ਕੁਲ ਬ੍ਰਹਮੰਡ ਅੰਦਰ ਕੇਵਲ ਆਤਮਾ ਹੀ ਨਜ਼ਰ ਆਉਂਦਾ ਹੈ। ਹਰ ਥਾਂ ਇੱਕ ਹੀ ਅਨਭਵ ਹੁੰਦਾ ਹੈ। ਇਹੋ ਹੀ ਤੁਰੀਆ ਅਵਸਥਾ ਹੈ। ਮਨੁੱਖੀ ਜੀਵਨ ਦਾ ਜੀਵ ਲਈ ਅਨੂਪਮ ਤੱਤ ਇਹੀ ਹੈ।

**ਸ੍ਵੈਯਾ – ਜਾਗ੍ਰਤਿ ਆਦਿ ਸਮਾਧਿ ਅੰਤ ਲੌ ਤ੍ਰਿਧਾਭਿਮਾਨੀ ਮਲਿਨ ਸੁ 'ਜੀਵ'।**



**ਤੁਰੀਯਾ ਜਾਗ੍ਰਿਤਾਦਿ ਸਭਿਹਿਨ ਕਹੁ ਅਹੈ ਪ੍ਰਕਾਸ਼ੀ ਸਾਖੀ ਥੀਵ।**
**ਸੋ ਸਰੂਪ ਹੈ ਸੁਧ ਜੀਵ ਕੋ ਬ੍ਰਹਮ ਰੂਪ ਲਖਿ ਆਨੰਦ ਸੀਵ।**
**ਤੁਰੀਆ ਸਾਖੀ ਸਾਖੀ ਤੁਰੀਆ ਯਾਂਤੇ ਏਕ ਰੂਪ ਲਖਿ ਲੀਵ॥ ੨੦॥**

**ਅਰਥ - ਜੀਵ ਤੁਰਿਆ** – ਜਾਗ੍ਰਿਤ ਤੋਂ ਲੈ ਕੇ ਸਮਾਧੀ ਤੱਕ ਤਿੰਨਾਂ ਸਰੀਰਾਂ ਦਾ ਅਭਿਮਾਨੀ ਜੋ ਹੈ; ਸੋ ਜੀਵ ਹੈ। ਇਸਦਾ ਸਰੂਪ ਮਲਿਨ ਹੈ। ਜਾਗ੍ਰਤਾਦਿ ਸਾਰਿਆਂ ਦਾ ਪ੍ਰਕਾਸ਼ਕ ਸਾਖੀ ਹੁੰਦਾ ਹੈ। ਉਹ ਜੀਵ ਦਾ ਸ਼ੁੱਧ ਸਰੂਪ ਹੈ, ਉਹੀ ਬ੍ਰਹਮ ਰੂਪ ਹੈ। ਜਿਸਨੂੰ ਜਾਣ ਕੇ ਅਨੰਦ ਦੀ ਅਵਧੀ (ਸੰਪੂਰਨ) ਹੋ ਜਾਂਦੀ ਹੈ। ਇਸ ਲਈ ਤੁਰੀਆ ਸਾਖੀ ਹੈ, ਜਾਂ ਸਾਖੀ ਤੁਰੀਆ ਹੈ। ਇਹਨਾਂ ਨੂੰ ਇੱਕ ਰੂਪ ਹੀ ਜਾਣ ਲੈਣਾ ਕਰੋ।

**ਭਾਵਾਰਥ** – ਜਾਗ੍ਰਤਿ ਤੋਂ ਸਮਾਧੀ ਤੱਕ ਤਿੰਨਾਂ ਸਰੀਰਾਂ ਦੇ ਅਭਿਮਾਨੀ (ਜੋ ਮਲਿਨ ਸਤੋਗੁਣ ਸੰਯੁਕਤ ਹੈ) ਨੂੰ ਜੀਵ ਕਹਿੰਦੇ ਹਨ। ਰਜੋ-ਤਮੋ ਗੁਣ ਦੇ ਪ੍ਰਭਾਵ ਵਿਚ ਸਤੋ ਗੁਣ ਨੂੰ 'ਮਲਿਨ ਸਤੋ-ਗੁਣ' ਆਖਦੇ ਹਨ। ਸਤੋ-ਗੁਣ ਦੇ ਪ੍ਰਭਾਵ ਤਹਿਤ ਰਜੋ-ਤਮੋ ਗੁਣ ਨੂੰ 'ਸ਼ੁੱਧ ਸਤੋ-ਗੁਣ' ਕਹਿੰਦੇ ਹਨ। ਜੀਵ ਦੀ ਅਲਪਗਤਾ ਮਲਿਨ ਸਤੋ ਗੁਣ ਕਰਕੇ ਹੀ ਹੈ। ਮਲਿਨ ਸਤੋ ਗੁਣ 'ਜੀਵ' ਨੂੰ ਸੰਸਾਰਿਕ ਦੁਖਾਂ ਵਿੱਚ ਸੁੱਟ ਦਿੰਦੀ ਹੈ। ਇਸ ਦੇ ਪ੍ਰਭਾਵ ਤਹਿਤ ਹੀ ਜੀਵ ਸਰੀਰਕ ਕਿਰਿਆਵਾਂ ਦਾ ਗੁਲਾਮ ਬਣ ਜਾਂਦਾ ਹੈ। ਉਸਨੂੰ ਮੰਦੀ ਪ੍ਰਵਿਰਤੀ ਦੇ ਗਿਆਨ ਹੁੰਦਿਆਂ ਵੀ ਬੁਰਾਈ ਤੋਂ ਬਚ ਸਕਣਾ ਅਸੰਭਵ ਹੈ। ਮਨੁੱਖੀ ਸਰੀਰ ਵਿੱਚ ਜੀਵ ਦੇ ਕਿਰਿਆਵਾਂ ਵਾਲੇ ਰੂਪ ਨੂੰ ਜੋ ਸਾਕਸ਼ੀ ਕ੍ਰਿਅਕ ਕਰਦਾ ਹੈ। "ਭਾਵ-ਜਾਗ੍ਰਤਾਦਿ ਤੋਂ ਲੈ ਕੇ ਸਮਾਧੀ ਤੱਕ ਸਭ ਦੀ ਪ੍ਰਕਾਸ਼ਤਾ ਕਰਨ ਵਾਲੀ ਤੁਰੀਆਂ ਚੇਤਨ ਸੱਤਾ ਦਾ ਨਾਮ ਸਾਖੀ (ਸਾਕਸ਼ੀ) ਹੈ।" ਸਾਖੀ ਸਰੂਪ ਹੀ ਜੀਵ ਦਾ ਸ਼ੁੱਧ ਸਰੂਪ ਹੈ। ਬਿਜਲੀ ਦੁਆਰਾ ਚੱਲਣ ਵਾਲੇ ਸਾਰੇ ਹੀ ਸਾਧਨ ਬਿਜਲੀ ਤੋਂ ਬਗੈਰ ਕਿਸੇ ਕੰਮ ਦੇ ਨਹੀਂ ਹਨ। ਬਿਜਲੀ ਹਰ ਸਾਧਨਾ ਨੂੰ ਚਾਲੂ ਕਰਕੇ ਕੰਮ ਵੱਖ-ਵੱਖ ਕਰਦੀ ਹੈ। ਕੱਪੜੇ ਧੋਣ ਵਾਲੀ ਮਸ਼ੀਨ ਰਾਂਹੀ ਕੱਪੜੇ ਚਮਕਾ ਦਿੰਦੀ ਹੈ, ਪੱਖੇ ਰਾਹੀਂ ਹਵਾ ਦਿੰਦੀ ਹੈ, ਬਲੱਬ ਰਾਹੀਂ ਪ੍ਰਕਾਸ਼ ਦਿੰਦੀ ਹੈ, ਏ ਸੀ ਰਾਂਹੀ ਠੰਡਕ ਦਿੰਦੀ ਹੈ। ਗੱਲ ਕਿ ਹਰ ਕੰਮ ਵੱਖਰਾ ਹੈ, ਪਰ ਹਰ ਕੰਮ ਕਰਵਾਉਣ ਵਾਲੀ ਬਿਜਲੀ ਹੈ। ਸਰੀਰ ਦੇ ਅੰਗ ਵੱਖ-ਵੱਖ ਹਨ, ਸੂਖਸ਼ਮ ਕਿਰਿਆਵਾਂ ਲਈ ਮਨ ਹੈ; ਇਹਨਾਂ ਸਾਰਿਆਂ ਨੂੰ ਕਿਰਿਆ ਕਰਨ ਦੀ ਸਮਰੱਥਾ ਦੇਣ ਵਾਲਾ ਸਾਖਸ਼ੀ ਹੈ। ਜਿਵੇਂ ਸਾਰੇ ਬਿਜਲੀ ਦੁਆਰਾ ਚੱਲਣ ਵਾਲੇ ਸਾਧਨ ਬਿਜਲੀ ਦੀ ਹੋਂਦ ਤੋਂ ਮਗਰੋਂ ਹੀ ਸੰਭਵ ਹੋਏ ਹਨ; ਇਵੇਂ ਹੀ ਜੀਵ ਅੰਦਰ ਆਤਮਾ ਦੀ ਹੋਂਦ ਕਰਕੇ ਹੀ ਸਾਰੇ

ਸਰੀਰ ਦੇ ਅੰਗ-ਪ੍ਰਤੰਗ ਹੋਂਦ ਵਿੱਚ ਸੰਭਵ ਹੁੰਦੇ ਹਨ। ਇਸ ਲਈ ਜੀਵ ਦਾ ਸ਼ੁੱਧ ਸਰੂਪ ਜੀਵ ਦਾ ਸਾਖਸ਼ੀ ਹੈ; ਇਸ ਸਾਖਸ਼ੀ ਨੂੰ ਬ੍ਰਹਮ ਰੂਪ ਜਾਣ ਲੈਣ ਉਪਰੰਤ ਆਨੰਦ ਦੀ ਸਰਵੋਪਰੀ ਅਵਸਥਾ ਦਾ ਮਾਲਕ ਬਣ ਜਾਂਦਾ ਹੈ। ਇਸ ਲਈ ਸਾਖਸ਼ੀ ਤੁਰੀਆ ਹੈ; ਤੁਰੀਆ ਸਾਖਸ਼ੀ ਹੈ। ਇਹਨਾਂ ਦੋਨਾਂ ਨੂੰ ਇੱਕ ਰੂਪ ਕਰਕੇ ਜਾਣ ਲੈਣਾ ਕਰ।

**ਈਸ਼ਰ, ਬ੍ਰਹਮਾ, ਬਿਸ਼ਨ, ਰੁਦ੍ਰ ਕਹੁ ਮੂਰਤਿ ਧਾਰੀ ਤ੍ਰਿਧਾ ਅਨੂਪ।**
**ਬ੍ਰਹਮ ਸਰੂਪ ਸੁ ਤੁਰੀਆ ਜੀਵਹਿ ਈਸ਼ਰ ਤੁਰੀਯਾ ਬ੍ਰਹਮ ਸਰੂਪ।**
**ਈਸ਼ਰ ਜੀਵ ਏਕ ਇਮ ਜਾਨਹੁ ਦ੍ਵੈ ਤੁਰੀਯਾ ਹੀ ਇਨ ਕੋ ਰੂਪ।**
**ਸਾਖੀ ਕੋ ਸਰੂਪ ਨਿਰਵਿਕਲਪ ਸੋਈ ਬ੍ਰਹਮ ਜਾਨ ਸੁਖ ਰੂਪ॥ ੨੧॥**

**ਅਰਥ** - ਬ੍ਰਹਮਾ ਵਿਸ਼ਨੂੰ ਤੇ ਸ਼ਿਵ ਤਿੰਨੇ ਹੀ ਈਸ਼ਰ ਦੀਆਂ ਉੱਤਮ ਮੂਰਤੀਆਂ (ਸਰੂਪ) ਹਨ। ਜਿਵੇਂ ਜੀਵ ਦਾ ਤੁਰੀਆ ਸਰੂਪ ਬ੍ਰਹਮ ਹੀ ਹੈ। ਤਿਵੇਂ ਈਸ਼ਰ ਦਾ ਤੁਰੀਆ ਸਰੂਪ ਬ੍ਰਹਮ ਹੀ ਹੈ। ਇਸ ਪ੍ਰਕਾਰ ਈਸ਼ਰ ਤੇ ਬ੍ਰਹਮ ਨੂੰ ਇੱਕ ਜਾਣੋ। ਇਹਨਾਂ ਦੋਨਾਂ ਦਾ ਰੂਪ ਇੱਕੋ ਤੁਰੀਆ ਹੀ ਹੋਇਆ ਹੈ। ਸਾਖੀ ਦਾ ਜੋ ਨਿਰਵਿਕਲਪ ਸਰੂਪ ਹੈ। ਸੋਈ ਸੁੱਖ ਰੂਪ ਬ੍ਰਹਮ ਹੈ।

**ਭਾਵਾਰਥ** - ਮੰਨਿਆ ਜਾਂਦਾ ਹੈ, ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਸੰਸਾਰ ਦੀ ਹੋਂਦ ਦੇ ਜਨਮ, ਪਾਲਨਾ ਅਤੇ ਸੰਹਾਰ ਕਰਤਾ ਹਨ। ਪੁਰਾਣਾਂ ਅੰਦਰ ਕਾਫੀ ਵਿਸਥਾਰ ਸਹਿਤ ਕਥਨ ਆਉਂਦੇ ਹਨ। ਤਿੰਨੇ ਹੀ ਈਸ਼ਰ ਦੇ ਸ੍ਰੇਸ਼ਟਤਮ ਸਰੂਪ ਹਨ। ਵਿਅਸ਼ਟੀ ਰੂਪ ਵਿੱਚ ਜੀਵ ਹੈ; ਸਮਸ਼ਟੀ ਰੂਪ ਵਿੱਚ ਈਸ਼ਰ ਹੈ। ਜਿਵੇਂ ਜੀਵ ਦੀ ਤੁਰੀਆ ਅਵਸਥਾ ਹੈ; ਇਵੇਂ ਈਸ਼ਰ ਦੀ ਅਵਸਥਾ ਬ੍ਰਹਮ ਹੈ। ਜੀਵ ਦੀ 'ਤੁਰੀਆ' 'ਬ੍ਰਹਮ' ਰੂਪ ਹੈ। ਜੀਵ ਅਤੇ ਈਸ਼ਰ ਸੰਸਾਰ ਦੀ ਹੋਂਦ ਵਿੱਚ ਸਹਿਭਾਗੀ ਹਨ। ਈਸ਼ਰ ਕੁੱਲ ਸੰਸਾਰ ਨੂੰ ਹੋਂਦਵਾਨ ਕਰਦਾ ਹੈ; ਜੀਵ ਸਰੀਰ ਨੂੰ ਹੋਂਦਵਾਨ ਕਰਦਾ ਹੈ। ਜਿਵੇਂ ਇੱਕ ਸੰਗਤਰਾ ਫਲ ਰੂਪ ਹੈ; ਜਿਸ ਦਰੱਖਤ ਨਾਲ ਸੰਗਤਰਾ ਲੱਗਦਾ ਹੈ, ਉਹ ਦਰੱਖਤ ਵੀ ਸੰਗਤਰਾ ਅਖਵਾਉਂਦਾ ਹੈ। ਅਸੀਂ ਆਖਦੇ ਹਨ, 'ਸੰਗਤਰੇ ਦਾ ਦਰੱਖਤ ਫਲ ਨਾਲ ਭਰਿਆ ਪਿਆ ਹੈ।' ਇੱਥੇ ਸੰਗਤਰੇ ਦੇ ਇੱਕ ਬਚਨ ਨਾਲ ਹੀ ਸੰਬੋਧਨ ਕਰਦੇ ਹਾਂ। ਇਵੇਂ ਹੀ ਈਸ਼ਰ ਵੀ ਜੀਵ ਦੀ ਤੁਰੀਆ ਵਾਂਗ ਬ੍ਰਹਮ ਰੂਪ ਹੈ। ਸਾਖਸ਼ੀ ਦਾ ਨਿਰਵਿਕਲਪ ਰੂਪ ਅਤੇ ਬ੍ਰਹਮ ਇੱਕੋ ਰੂਪ ਹਨ।

**ਦੋਹਰਾ - ਸੋ ਬ੍ਰਹਮ ਕਿਹ ਸੋਂ ਮਿਲਯੋ ਨਹਿਂ ਨਯਾਰੋ ਨਹਿਂ ਕਿਹ ਸਾਥ।**
**ਨਿਰਵਿਕਲਪ ਸੋ ਬ੍ਰਹਮ ਹੈ ਉਰ ਜਨਾਇ ਗੁਰ ਨਾਥ॥ ੨੨॥**



**ਅਰਥ** - ਉਹ ਬ੍ਰਹਮ ਕਿਸੇ ਦੇ ਨਾਲ ਨਹੀਂ ਮਿਲਿਆ ਹੋਇਆ, ਨਾ ਹੀ ਕਿਸੇ ਤੋਂ ਵੱਖਰਾ ਹੁੰਦਾ ਹੈ। ਉਹੀ ਨਿਰਵਿਕਲਪ ਬ੍ਰਹਮ ਨੂੰ ਗੁਰੂ ਸਾਹਿਬ ਜੀ ਜਣਾ ਦਿੰਦੇ ਹਨ।

**ਭਾਵਾਰਥ** - ਬ੍ਰਹਮ ਨੂੰ ਕਿਸੇ ਵਿਸ਼ੇਸ ਰੂਪ ਵਿੱਚ ਮਿਲਿਆ ਹੋਇਆ ਨਹੀਂ ਕਿਹਾ ਜਾ ਸਕਦਾ ਹੈ। ਜਿਵੇਂ ਖੰਡ ਪਾਣੀ ਵਿੱਚ ਮਿਲੀ ਹੋਵੇ ਤਾਂ ਉਸਦੀ ਮਿਠਾਸ ਆਪਣੀ ਹੋਂਦ ਨੂੰ ਦੱਸਦੀ ਹੈ; ਪਰ ਬ੍ਰਹਮ ਦੀ ਹੋਂਦ ਨੂੰ ਇਸ ਪ੍ਰਕਾਰ ਕਿਸੇ ਵਿੱਚ ਮਿਲਿਆ ਹੋਇਆ ਨਹੀਂ ਜਾਣਿਆ ਜਾ ਸਕਦਾ। ਬ੍ਰਹਮ ਨੂੰ ਨਾ ਹੀ ਕਿਸੇ ਤੋਂ ਵੱਖਰਾ ਕਿਹਾ ਜਾ ਸਕਦਾ ਹੈ; ਜਿਵੇਂ ਇੱਕ ਤੱਤ ਦੀ ਬਹੁਤਾਤ ਦੂਜੇ ਨੂੰ ਆਪਣੇ ਵਿੱਚ ਸਮੇਟ ਲੈਂਦੀ ਹੈ। ਫਿਰ ਉਹਨਾਂ ਨੂੰ ਇੱਕ ਦੂਜੇ ਤੋਂ ਵੱਖ ਕੀਤਾ ਜਾ ਸਕਦਾ ਹੈ। ਜੇ ਪਾਣੀ ਵਿੱਚ ਖੰਡ ਨੂੰ ਮਿਲਾਇਆ ਜਾ ਸਕਦਾ ਹੈ, ਤਾਂ ਪਾਣੀ ਤੋਂ ਵੱਖ ਵੀ ਕੀਤਾ ਜਾ ਸਕਦਾ ਹੈ। ਪਾਣੀ ਨੂੰ ਪਾਣੀ ਤੋਂ ਵੱਖ ਕਰਕੇ ਹੋਂਦ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਇੱਕ ਬੂੰਦ ਨੂੰ ਪਾਣੀ ਦਾ ਕਤਰਾ ਕਿਹਾ ਜਾ ਸਕਦਾ ਹੈ, ਬੇਤਹਾਸ਼ਾ ਇਕੱਠੇ ਹੋਏ ਨੂੰ ਪਾਣੀ ਦਾ ਸਮੁੰਦਰ ਕਿਹਾ ਜਾ ਸਕਦਾ ਹੈ। ਦੋਨਾਂ ਵਿੱਚ ਪਾਣੀ ਜਰੂਰ ਰਹੇਗਾ। ਪਾਣੀ ਦੀ ਹੋਂਦ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਇਵੇਂ ਹੀ ਬ੍ਰਹਮ ਕਿਸੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਬ੍ਰਹਮ ਹੀ ਨਿਰਵਿਕਲਪ ਰੂਪ ਵਿੱਚ ਬ੍ਰਿਤੀ ਰਾਂਹੀ ਅਨਭਵ ਕੀਤਾ ਜਾਂਦਾ ਹੈ। ਇਸ ਕਰੜੇ ਅਤੇ ਕਠਿਨ ਕਾਰਜ ਨੂੰ ਗੁਰੂ ਸਾਹਿਬ ਹੀ ਨੇਪਰੇ ਚੜਾਉਂਦੇ ਹਨ। ਜਦੋਂ ਕੋਈ ਮਾਲਕ ਗੁਰੂ ਸਾਹਿਬ ਜੀ ਦੇ ਚਰਨਾਂ ਨਾਲ ਇਕਸੁਰ ਹੋ ਜਾਂਦੇ ਹਨ; ਗੁਰੂ ਸਾਹਿਬ ਜੀ ਉਹਨਾਂ ਦੇ ਹਿਰਦੇ ਵਿੱਚ ਸਾਖਿਆਤਕਾਰ ਕਰ ਦੇਂਦੇ ਹਨ।

**ਬ੍ਰਹਮ ਰੂਪ ਅਨੰਦ ਹੈ ਆਨੰਦ ਸੋ ਬ੍ਰਹਮ ਰੂਪ।**
**ਜਿਸ ਜਾਨੇ ਬੰਧਨ ਕਟੈਂ ਮਿਟਹਿ ਅੰਧ ਤਮ ਕੂਪ॥ ੨੩॥**

**ਅਰਥ-** ਇਹੀ ਬ੍ਰਹਮ ਅਨੰਦ ਰੂਪ ਹੈ, ਜਿਸਨੂੰ ਆਨੰਦ ਆਖਦੇ ਹਾਂ ਇਹੀ ਬ੍ਰਹਮ ਹੈ। ਜਿਸਦੇ ਗਿਆਨ ਪ੍ਰਾਪਤ ਹੋ ਜਾਣ ਕਰਕੇ ਅਗਿਆਨਤਾ ਦੇ ਹਨੇਰੇ ਖੂਹ ਦਾ ਭ੍ਰਮ ਮਿਟ ਜਾਣ ਸਦਕਾ ਬੰਧਨ ਕੱਟੇ ਜਾਂਦੇ ਹਨ।

**ਭਾਵਾਰਥ** - ਬ੍ਰਹਮ ਅਨੰਦ ਸਰੂਪ ਹੈ, ਦਾ ਭਾਵ ਹੈ; ਜਿੰਨੇ ਵੀ ਅਨੰਦ ਜੀਵ ਨੂੰ ਪ੍ਰਾਪਤ ਹੋ ਰਹੇ ਹਨ। ਉਹ ਸਾਰੇ ਬ੍ਰਹਮ ਦੀ ਵਿਆਪਕਤਾ ਸਦਕੇ ਹੀ ਹਨ। ਅਨੰਦ ਮਨੁੱਖ ਨੂੰ ਆਪਣੇ ਆਪੇ ਵਿੱਚ ਇਕਸੁਰ ਕਰ ਦਿੰਦਾ ਹੈ; ਇਕਸੁਰਤਾ ਹੀ ਬ੍ਰਹਮ ਹੁੰਦਾ

ਹੈ। ਜਿਸ ਵਸਤੂ ਤੋਂ ਅਨੰਦ ਪ੍ਰਾਪਤ ਹੁੰਦਾ ਹੈ; ਉਸ ਵਸਤੂ ਨਾਲ ਵੀ ਮਨੁੱਖ ਇਕਸੁਰ ਹੋ ਜਾਂਦਾ ਹੈ। ਇਉਂ ਹੀ ਕੁੱਲ ਬ੍ਰਹਮੰਡ ਨਾਲ ਇਕਸੁਰ ਹੋਣ ਦੀ ਜਾਂਚ ਆ ਜਾਂਦੀ ਹੈ। ਇਸ ਲਈ ਵੀ ਅਨੰਦ ਬ੍ਰਹਮ ਸਰੂਪ ਹੈ। ਬ੍ਰਹਮ ਦੇ ਪਹਿਚਾਨਣ ਨਾਲ ਅਗਿਆਨਤਾ ਦਾ ਹਨੇਰਾ ਕੱਟਿਆ ਜਾਂਦਾ ਹੈ। ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਗਿਆਨ, ਅਗਿਆਨਤਾ ਦੇ ਬੰਧਨ ਕੱਟ ਦਿੰਦਾ ਹੈ। ਹਨੇਰੇ ਦਾ ਨਾਸ਼ ਪ੍ਰਕਾਸ਼ ਨਾਲ ਹੁੰਦਾ ਹੈ; ਅਗਿਆਨਤਾ ਦਾ ਨਾਸ਼ ਗਿਆਨ ਨਾਲ ਹੋ ਜਾਂਦਾ ਹੈ।

**ਸ੍ਵੈਯਾ – ਇਸ਼ਟ ਕਹੈਂ ਪ੍ਰਿਯ ਬਸਤੁ ਕਿ ਦਰਸ਼ਨ ਸੀਸ ਇਹੀ ਪੰਛੀ ਕੋ ਜਾਨ।**
**ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ ਭੋਗਨ ਹ੍ਵੈ 'ਪ੍ਰਮੋਦ' ਪਰ ਆਨ।**
**ਹੋਨਿ 'ਅਨੰਦ ਸਰੂਪ ਕੋਸ਼'ਕੋ 'ਬ੍ਰਹਮ' ਪੂਛ ਲਖੀਅਹਿ ਧਿਸ਼ਟਾਨ।**
**ਬ੍ਰਹਮ ਅਵੈਵ ਭਯੋ ਨਹਿੰ ਸ਼ੰਕਹੁ ਆਸ਼੍ਰਿਤ ਤੇ ਕਹਿ ਪੁੰਛ ਸਮਾਨ॥ ੨੪॥**

**ਅਰਥ – ਆਨੰਦ ਕੋਸ਼ ਚੱਲਿਆ** – ਪਿਆਰੀ ਵਸਤੂ ਦੇ ਦਰਸ਼ਨ (ਆਨੰਦ) ਨੂੰ ਇਸ਼ਟ ਕਹਿੰਦੇ ਹਨ। ਇਸਨੂੰ ਇਕ ਪੰਛੀ ਦਾ ਸਿਰ ਜਾਨਣਾ ਕਰੋ। ਉਸ ਇਸ਼ਟ ਵਸਤੂ ਦੀ ਪ੍ਰਾਪਤੀ ਦੇ ਆਨੰਦ ਨੂੰ ਮੋਦ ਕਹਿੰਦੇ ਹਨ; ਇਹ ਪੰਛੀ ਦਾ ਸੱਜਾ ਖੰਭ ਹੈ। ਪ੍ਰਾਪਤ ਇਸ਼ਟ ਵਸਤੂ ਦੇ ਭੋਗਣ ਦੇ ਆਨੰਦ ਨੂੰ ਪ੍ਰਮੋਦ ਕਹਿੰਦੇ ਹਨ; ਇਸਨੂੰ ਦੂਸਰਾ ਖੰਭ ਪਹਿਚਾਨਣਾ ਕਰੋ। ਅਨੰਦ ਮਯ ਕੋਸ਼ ਦਾ ਸਰੂਪ ਪੂਰਾ ਹੋਣ ਵਿਚ ਅਧਿਸ਼ਠਾਨ ਰੂਪ ਜੋ ਬ੍ਰਹਮ ਹੈ; ਉਸਨੂੰ ਪੂਛ ਜਾਨਣਾ ਕਰੋ। ਇਹ ਸ਼ੰਕਾ ਨਾ ਕਰੋ ਕਿ ਬ੍ਰਹਮ ਅੰਗਾਂ ਵਾਲਾ ਹੋ ਗਿਆ ਹੈ। ਆਸਰਾ (ਅਧਿਸ਼ਠਾਨ) ਰੂਪ ਹੋਣ ਕਰਕੇ ਉਸਨੂੰ ਪੂਛ ਦੇ ਤੁਲ ਕਿਹਾ ਹੈ।

**ਭਾਵਾਰਥ** – ਕੋਸ਼ ਦਾ ਭਾਵ 'ਮਿਆਨ ਜਾਂ ਖਜ਼ਾਨਾ' ਹੁੰਦਾ ਹੈ। ਜਿਵੇਂ ਕ੍ਰਿਪਾਨ ਮਿਆਨ ਵਿੱਚ ਸੁਰੱਖਿਅਤ ਰਹਿੰਦੀ ਹੈ; ਸੂਰਮੇ ਦਾ ਸਨਮਾਨ ਵੀ ਹੁੰਦੀ ਹੈ। ਇਵੇਂ ਹੀ ਚੇਤਨਾ ਵੀ ਅਵਿੱਦਿਅਕ ਕੋਸ਼ਾਂ ਵਿੱਚ ਰਹਿੰਦੀ ਹੈ। ਸੂਰਮੇ ਬਹੁਤ ਵਾਰ ਸੁੰਦਰ ਕੱਪੜੇ ਮਿਆਨ ਉੱਪਰ ਸਜਾ ਲੈਂਦੇ ਹਨ। ਕੋਈ ਮਿਆਨ ਨੂੰ ਸੋਨੇ ਆਦਿ ਦੀ ਕਢਾਈ ਵੀ ਕਰਵਾ ਲੈਂਦੇ ਹਨ। ਜਿਸ ਕਰਕੇ ਸੂਰਮੇ ਦੇ ਹੱਥ ਵਿੱਚ ਕ੍ਰਿਪਾਨ ਹੋਰ ਸੁੰਦਰ ਸਜਦੀ ਹੋਵੇ। ਇਵੇਂ ਹੀ ਅਨੰਦ ਵੀ ਕੋਸ਼ ਰਾਹੀਂ ਮਨੁੱਖ ਨੂੰ ਬ੍ਰਹਮ ਵੱਲ ਪ੍ਰੇਰਿਤ ਕਰਦਾ ਹੈ। ਜਿਵੇਂ ਸੁੰਦਰ ਕ੍ਰਿਪਾਨ ਹਰ ਦੂਸਰੇ ਨੂੰ ਆਕ੍ਰਸ਼ਿਤ ਕਰਦੀ ਹੈ। ਇਸ ਲਈ ਹੀ ਸਭ ਤੋਂ ਪਹਿਲਾਂ ਅਨੰਦਮਯ ਕੋਸ਼ ਦੀ ਵੀਚਾਰ ਨੂੰ ਅੰਕਿਤ ਕੀਤਾ ਹੈ। ਜਦੋਂ ਸਰੀਰ ਦੀ ਹੋਂਦ ਰੂਪਵਾਨ ਹੁੰਦੀ ਹੈ। 'ਮਾਂ ਕੀ ਰਕਤ' ਅਤੇ 'ਪਿਤਾ ਦੀ ਬਿੰਦ' ਅਨੰਦ ਦਾ ਹੀ



ਪ੍ਰਤੀਬਿੰਬ ਹੁੰਦਾ ਹੈ। ਇਸੇ ਲਈ ਸਿਆਣਿਆ ਨੇ ਕਿਹਾ ਹੈ, 'ਜਦੋਂ ਦੋ ਜੀਵਨਾਂ ਦਾ ਪ੍ਰੇਮ (ਅਨੰਦ) ਇੱਕ ਧਰਤੀ (ਕੁੱਖ) ਵਿੱਚ ਇਕੱਤਰਤ ਹੁੰਦਾ ਹੈ; ਤਦੋਂ ਕਰਤੇ ਦੀ ਸ਼ਕਤੀ ਨਵੇਂ ਜੀਵ ਨੂੰ ਸੰਸਾਰ ਤੇ ਭੇਜਣ ਦਾ ਆਹਰ ਕਰਦੀ ਹੈ। ਜਦੋਂ ਇਹੀ ਪ੍ਰੇਮ 'ਆਗਿਆ ਚਕਰ' ਰਾਂਹੀ ਦਸਮ ਦੁਆਰ ਵੱਲ ਸੇਧਿਤ ਹੁੰਦਾ ਹੈ; ਤਾਂ ਆਪਣੇ ਅੰਦਰ ਹੀ ਪ੍ਰਭੂ ਦਾ ਮਿਲਾਪ ਹੁੰਦਾ ਹੈ।' ਜੀਵ ਦਾ ਸਾਰੀਰਕ ਸਫਰ ਇੱਥੋਂ ਸ਼ੁਰੂ ਹੁੰਦਾ ਹੈ, ਮੌਤ ਉੱਪਰ ਜਾ ਕੇ ਸਮਾਪਤ ਹੁੰਦਾ ਹੈ। ਮੌਤ ਉਪਰੰਤ ਜੀਵ ਸਰੀਰ ਨੂੰ ਤਿਆਗ ਕੇ ਅਗਲੇਰਾ ਸਫਰ ਸ਼ੁਰੂ ਕਰ ਲੈਂਦਾ ਹੈ। ਅਨੰਦਮਯ ਕੋਯ 'ਕਾਰਣ ਸਰੀਰ' ਵਿੱਚ ਹੁੰਦਾ ਹੈ। ਜੀਵ ਦਾ ਕਾਰਣ ਸਰੀਰ 'ਅਵਿੱਦਿਆ' ਹੁੰਦੀ ਹੈ। ਸੰਸਾਰ ਵਿੱਚ ਜੀਵ ਦੀ ਹੋਂਦ ਲਈ 'ਮੋਹ' ਅਵਿੱਦਿਆ ਦਾ ਸਹਾਈ ਹੁੰਦਾ ਹੈ। ਅਵਿੱਦਿਆ ਤੋਂ ਹੀ ਜੀਵ ਦੀ ਸ਼ੁਰੂਆਤ ਹੁੰਦੀ ਹੈ, ਅਵਿੱਦਿਆ ਦੇ ਨਾਸ਼ ਕਰਨ ਵਾਲੀ ਵਿੱਦਿਆ ਹੀ ਜੀਵ ਨੂੰ ਬ੍ਰਹਮ ਅੰਦਰ ਲੀਨ ਕਰਦੀ ਹੈ। ਕੋਸ਼ਾਂ ਨੂੰ ਸਮਝਾਉਣ ਲਈ ਭਾਈ ਸਾਹਿਬ ਜੀ ਨੇ ਪੰਛੀ ਦਾ ਦ੍ਰਿਸ਼ਟਾਂਤ ਅੰਕਿਤ ਕੀਤਾ ਹੈ। ਸੀਸ ਵਿਚ ਸਰੀਰ ਦਾ ਕੰਟਰੋਲਰ ਦਿਮਾਗ ਹੁੰਦਾ ਹੈ। ਹਰ ਪੰਛੀ ਆਪਣੇ ਦੁੱਖ-ਸੁੱਖ ਦਾ ਅਨਭਵ ਦਿਮਾਗ ਦੁਆਰਾ ਹੀ ਕਰਦਾ ਹੈ। ਖੁਸ਼ੀ ਵਿੱਚ ਭਰੀ ਉਡਾਨ ਅਤੇ ਡਰ ਵਿੱਚ ਹੋਏ ਪੰਛੀ ਦੀ ਉਡਾਨ 'ਸਮਝ ਰੱਖਣ ਵਾਲੇ' ਨੂੰ ਅਨਭਵ ਕਰਵਾ ਦਿੰਦੀ ਹੈ; ਖੁਸ਼ੀ ਤੇ ਘਬਰਾਹਟ ਦਾ ਅਵਾਜ਼ ਰਾਹੀਂ ਸੁਨੇਹਾ ਦੇਣਾ, ਪੰਛੀ ਦੇ ਦਿਮਾਗ ਦਾ ਹੀ ਕਾਰਜ ਹੈ। ਪੰਛੀ ਦਾ ਅਧਾਰ ਪੂੰਛ ਹੁੰਦੀ ਹੈ। ਉਡਾਣ ਭਰਨ ਲਈ ਖੰਭ ਸਹਾਰਾ ਹੁੰਦੇ ਹਨ। ਖੁੱਲ੍ਹਾ ਅਕਾਸ਼ ਉਡਾਰੀ ਦਾ ਸਥਾਨ ਹੁੰਦਾ ਹੈ। ਅਨੰਦਮਯ ਕੋਸ਼ ਨੂੰ ਕਥਨ ਕਰਨ ਲਈ ਭਾਈ ਸਾਹਿਬ ਜੀ ਕਥਨ ਕਰਦੇ ਹਨ, 'ਪਿਆਰੀ ਵਸਤੂ ਦੇ ਦਰਸ਼ਨਾਂ' ਨੂੰ ਇਸ਼ਟ ਕਹਿੰਦੇ ਹਨ; ਇਹ ਅਨੰਦਮਯ ਕੋਸ਼ ਪੰਛੀ ਦਾ ਸੀਸ ਹੈ। ਇਸ਼ਟ ਦੀ ਪ੍ਰਾਪਤੀ ਸਫਲਤਾ ਦਾ ਪ੍ਰਤੀਕ ਹੁੰਦੀ ਹੈ। ਸਫਲਤਾ ਮਨੁੱਖ ਨੂੰ ਅਨੰਦਦਾਇਕ ਬਣਾ ਕੇ ਤਰੱਕੀ ਦੀਆਂ ਰਾਂਹਾਂ ਵੱਲ ਤੋਰ ਦਿੰਦੀ ਹੈ। ਸੋਚਣਾ ਦਿਮਾਗ ਦਾ ਅਧਿਕਾਰ ਖੇਤਰ ਹੈ; ਦਿਮਾਗ ਦਾ ਸਥਾਨ ਸੀਸ ਹੈ। ਇਸ਼ਟ ਦੀ ਪ੍ਰਾਪਤੀ ਦਾ ਅਹਿਸਾਸ ਮੋਦ ਹੁੰਦਾ ਹੈ; ਇਹ ਸੱਜਾ ਖੰਭ ਹੈ। ਪ੍ਰਾਪਤ ਵਸਤੂ ਨੂੰ ਭੋਗਣਾ ਪ੍ਰਮੋਦ ਹੈ; ਇਹ ਦੂਜਾ ਖੰਭ ਹੈ। ਜੋ ਇਸ਼ਟ ਪ੍ਰਾਪਤ ਹੋਇਆ, ਉਸ ਅਨੁਸਾਰ 'ਜੀਵ' ਮੋਦ ਅਤੇ ਪ੍ਰਮੋਦ ਵਿਚ ਹੁੰਦਾ ਹੈ। ਜੇ ਮੋਦ ਅਤੇ ਪ੍ਰਮੋਦ ਦੇ ਅਰਥ ਵੇਖੀਏ ਤਾਂ 'ਮੋਦ=ਇਸ਼ਟ ਵਸਤੂ ਤੋਂ ਪ੍ਰਾਪਤ ਹੋਇਆ ਅਨੰਦ' ਅਤੇ 'ਪ੍ਰਮੋਦ=ਅਤਯੰਤ ਅਨੰਦ' ਦੋਨੋਂ ਹੀ ਅਰਥ ਇੱਕ ਦੂਜੇ ਦੇ ਪੂਰਕ ਹਨ। ਜਿਵੇਂ ਦੋਨੋਂ ਖੰਭ ਇੱਕਸੁਰ ਹੋ ਕੇ ਉਡਾਰੀ ਭਰਨ ਵਿਚ ਸਹਾਈ ਹੁੰਦੇ ਹਨ। ਖੁੱਲ੍ਹੇ

ਅਕਾਸ਼ ਵਾਂਗ ਮਾਇਆ ਹੈ; ਜਿੱਥੇ ਜੀਵ 'ਕਾਰਨ ਸਰੀਰ' ਦੇ ਰੂਪ ਵਿੱਚ ਉਡਾਰੀ ਭਰਦਾ ਹੈ। ਇਹ ਅਨੰਦਮਯ ਕੋਸ਼ ਹੈ। ਖੰਭਾਂ ਨਾਲ ਉਡਾਰੀ ਭਰਨੀ ਤਾਂ ਹੀ ਸੰਭਵ ਹੁੰਦੀ ਹੈ, ਜੇ ਪੂੰਛ ਹੋਵੇ; ਕਿਉਂਕਿ ਪੂੰਛ ਨਾਲ ਪੰਛੀ 'ਉੱਪਰ ਥੱਲੇ' ਜਾਂ 'ਅੱਗੇ ਪਿੱਛੇ' 'ਖੱਬੇ ਸੱਜੇ' ਸਹਿਜੇ ਹੋ ਸਕਦਾ ਹੈ। ਅਨੰਦਮਯ ਕੋਸ਼ ਪੰਛੀ ਦੀ ਪੂੰਛ 'ਬ੍ਰਹਮ' ਹੈ। ਜਿਸਦੇ ਆਸਰੇ ਅਨੰਦਮਯ-ਕੋਸ਼ ਸਾਰੀ ਕਿਰਿਆ ਨੂੰ ਸੰਪੂਰਨ ਕਰਦਾ ਹੈ। ਪੰਛੀ ਦੇ ਦ੍ਰਿਸ਼ਟਾਂਤ ਕਰਕੇ ਬ੍ਰਹਮ ਨੂੰ ਇਸ ਪੰਛੀ ਦੀ ਪੂੰਛ ਕਿਹਾ ਹੈ। ਪੂੰਛ, ਪੰਛੀ ਦਾ ਅੰਗ ਹੁੰਦੀ ਹੈ। ਭਾਈ ਸਾਹਿਬ ਜੀ ਆਖਦੇ ਹਨ, ਹੇ ਭਾਈ! ਬ੍ਰਹਮ ਅੰਗ ਰੂਪ ਹੋ ਗਿਆ ਹੈ? ਕੋਈ ਐਸਾ ਸੰਸਾ ਨਾ ਕਰਨਾ; ਕਿਉਂਕਿ ਆਸਰੇ ਕਰਕੇ ਬ੍ਰਹਮ ਨੂੰ ਪੂੰਛ ਕਿਹਾ ਹੈ। ਅਵਿੱਦਿਆ ਸਰੂਪ ਕਰਕੇ ਜੜ੍ਹ ਹੈ; ਇਸ ਦੀ ਸਾਰੀ ਕਿਰਿਆ ਕੂਟਸਥ ਦੇ ਆਸਰੇ ਹੈ।

**ਦੋਹਰਾ - ਕਾਰਣ ਇਹੀ ਸਰੀਰ ਹੈ ਬ੍ਯਸ਼੍ਟਿ ਜੀਵ ਇਕ ਕੇਰ।**
**ਤਿਮ ਸਮਸ਼੍ਟਿ ਹੈ ਈਸ਼ ਕੋ ਅੰਤਰ ਸਭਿ ਤੇ ਹੇਰਿ॥ ੨੫॥**

**ਅਰਥ** - ਇਹੀ ਕਾਰਣ ਸਰੀਰ ਹੈ, ਵਿਅਸ਼ਟੀ (ਇਕੱਲੇ ਇਕੱਲੇ) ਸਰੀਰ ਦਾ; ਜਿਸ ਵਿੱਚ ਜੀਵ ਦਾ ਵਾਸਾ ਹੈ। ਉਸੇ ਪ੍ਰਕਾਰ ਸਮਸ਼ਟੀ ਸਰੀਰਾਂ ਦਾ ਕਾਰਣ ਸਰੀਰ 'ਈਸ਼ਰ' ਹੈ। ਜੋ ਸਾਰਿਆਂ ਸਰੀਰਾਂ ਤੇ ਕੋਸ਼ਾਂ ਤੋਂ ਅੰਦਰਲਾ ਹੈ।

**ਭਾਵਾਰਥ** - ਅਨੰਦਮਯ-ਕੋਸ਼ ਦਾ ਸਥਾਨ 'ਕਾਰਣ ਸਰੀਰ' ਹੈ। ਜੀਵ-੨ ਦੇ ਵਿਅਸ਼ਟੀ-੨ ਸਰੀਰ ਵਿੱਚ ਹੈ। ਇਸੇ ਪ੍ਰਕਾਰ ਈਸ਼ਰ ਦਾ ਸਮਸ਼ਟੀ ਸਰੀਰਾਂ ਵਿੱਚ ਅਨੰਦਮਯ-ਕੋਸ਼ ਸਥਿੱਤ ਹੈ। ਈਸ਼ਰ ਸਾਰੇ ਸਰੀਰਾਂ ਵਿੱਚ ਆਪਣੇ ਇਸ ਅਨੰਦਮਯ ਕੋਸ਼ ਨੂੰ ਜਾਣਦਾ ਹੈ। ਉਸਦੀ ਸਰਬਗਤਾ ਦਾ ਗੁਣ ਇਸੇ ਵਿੱਚ ਹੈ। ਜਿਵੇਂ ਮਨੁੱਖ ਆਪਣੇ ਅੰਦਰ ਦੀ ਹਰ ਗੱਲ ਨੂੰ ਸਮਝਦਾ ਹੈ, ਕਿਉਂਕਿ ਉਸਨੂੰ ਆਪਣੇ ਅੰਦਰ ਵਾਪਰ ਰਹੀਆਂ ਘਟਨਾਵਾਂ ਦਾ ਗਿਆਨ ਹੈ। ਈਸ਼ਰ ਸਾਰੇ ਜੀਵਾਂ ਦੇ ਕਾਰਣ ਸਰੀਰਾਂ ਅੰਦਰ ਸਥਿੱਤ ਹੈ; ਈਸ਼ਰ ਨੂੰ ਸਾਰੇ ਜੀਵਾਂ ਦੀਆਂ ਅੰਦਰਲੀਆਂ ਘਟਨਾਵਾਂ ਦਾ ਗਿਆਨ ਹੈ। ਈਸ਼ਰ ਨੂੰ ਭਗਵਾਨ ਵੀ ਇਸੇ ਲਈ ਕਿਹਾ ਜਾਂਦਾ ਹੈ "ਈਸ਼ਰ ਕੇ ਖਟ ਗੁਨ ਕੋ ਜਾਨ। ਜਾਂ ਤੇ ਕਹਿਯਤ ਹੈ ਭਗਵਾਨ। ਜਸ ਐਸਵਰਯ ਵਿਰਾਗ ਉਦਾਰ। ਲਛਮੀ ਗਯਾਨ ਸੁ ਪੂਰਨ ਧਾਰ।" ਵੀਚਾਰਸਾਗਰ ਦੇ ਕਰਤਾ ਨੇ ਵੀ ਅੰਤਰਜਾਮੀ, ਸਰਬੱਗ, ਮੁਕਤ, ਸਰਬ-ਸ਼ਕਤੀਵਾਨ, ਸੁਤੰਤਰ ਅਤੇ ਵਿਆਪਕ ਛੇ ਗੁਣ ਅੰਕਿਤ ਕੀਤੇ ਹਨ।

**ਇਸ ਊਪਰ ਤ੍ਰੈ ਕੋਸ਼ ਜੋ ਜਾਨੋ ਲਿੰਗ ਸਰੀਰ ।**
**ਬ੍ਯਸ਼੍ਟਿ ਜੀਵ ਕੇ ਏਕ ਹੈ ਸਮਸ਼੍ਟਿ ਈਸ਼ ਕੋ ਧੀਰ॥ ੨੬॥**



**ਅਰਥ** - ਇਸ ਦੇ ਉੱਪਰ ਤਿੰਨ ਕੋਸ਼ ਜੋ ਹਨ, ਇਹ ਲਿੰਗ (ਸੂਖਸ਼ਮ) ਸਰੀਰ ਵਿੱਚ ਜਾਨਣਾ ਕਰੋ। ਵਯਸ਼ਟੀ (ਸੂਖਸ਼ਮ ਸਰੀਰ) ਹਰੇਕ ਜੀਵ ਦਾ ਹੈ ਤੇ ਸਮਸ਼ਟੀ (ਸੂਖਸ਼ਮ ਸਰੀਰ) ਈਸ਼ਰ ਦਾ ਹੈ। ਹੇ ਦਾਨਿਓ!

**ਭਾਵਾਰਥ** - ਭਾਈ ਸਾਹਿਬ ਜੀ ਨੇ ਕਾਰਣ ਸਰੀਰ ਤੋਂ ਬਾਅਦ ਸੂਖਸ਼ਮ ਸਰੀਰ ਦੀ ਵੀਚਾਰ ਨੂੰ ਉੱਪਰ ਸ਼ਬਦ ਨਾਲ ਅੰਕਿਤ ਕੀਤਾ ਹੈ। ਕਾਰਣ ਸਰੀਰ ਤੋਂ ਮਗਰੋਂ ਸੂਖਸ਼ਮ ਸਰੀਰ ਹੋਂਦਵਾਨ ਹੁੰਦਾ ਹੈ। ਜਿਵੇਂ ਫਲਦਾਰ ਦਰੱਖਤ ਨੂੰ ਫੁੱਲ ਲੱਗਦੇ ਹਨ ਅਤੇ ਫੁੱਲਾਂ ਉੱਪਰ ਪਰਾਗ ਹੁੰਦਾ ਹੈ। ਉਸ ਪਰਾਗ ਦੀ ਅਵਧੀ ਪੂਰਨ ਹੋਂਣ ਤੇ ਫੁੱਲ ਉੱਪਰ ਹੀ ਫਲ ਦੀ ਹੋਂਦ ਰੂਪਵਾਨ ਹੁੰਦੀ ਹੈ। ਜਿਵੇਂ ਜਿਵੇਂ ਇਹ ਹੋਂਦ ਸਾਕਾਰ ਰੂਪ ਗ੍ਰਹਿਣ ਕਰਦੀ ਹੈ। ਸੁੰਦਰ ਫਲ ਅੱਖਾਂ ਦੁਆਰਾ ਨਜ਼ਰ ਆਉਂਦਾ ਹੈ। ਪੂਰੇ ਜੋਬਨ ਤੇ ਖਿਲ੍ਹੇ ਹੋਏ ਫੁੱਲ ਕੋਲ ਹੀ ਪਰਾਗ ਹੁੰਦਾ ਹੈ। ਇਵੇਂ ਜਦੋਂ 'ਕਾਰਣ ਸਰੀਰ' ਈਸ਼ਵਰੀ ਚੇਤਨ ਦੀ ਸਹਾਇਤਾ ਪ੍ਰਾਪਤ ਕਰਦਾ ਹੈ; ਤਦੋਂ ਜੀਵ ਦੇ ਕਰਮਾਂ ਦਾ ਪਰਾਗ ਸੂਖਸ਼ਮ ਸਰੀਰ ਲਈ ਫਲ ਦੇਣ ਵਾਸਤੇ ਤਿਆਰ ਹੋ ਜਾਂਦਾ ਹੈ; ਜਿਸਨੂੰ ਪ੍ਰਾਲਬਧ ਆਖਦੇ ਹਨ। ਇਕ ਦਰੱਖਤ ਦਾ ਪਰਉਪਕਾਰੀ ਸਫਰ 'ਫੁੱਲ ਪਰਾਗ ਤੇ ਫਲ' ਹੈ। ਪਰਮਾਤਮ ਚੇਤਨ ਦਾ ਸਰੀਰਾਂ ਦੀ ਹੋਂਦ ਲਈ ਪਰਉਪਕਾਰੀ ਜੀਵਨ ਹੈ। ਅਨੰਦਮਯ-ਕੋਸ਼ ਤੋਂ ਬਾਅਦ ਤਿੰਨੇ ਹੀ ਕੋਸ਼ ਸੂਖਸ਼ਮ ਸਰੀਰ ਵਿੱਚ ਜਾਨਣਾ ਕਰ। ਵਿਯਸ਼ਟੀ ਸੂਖਸ਼ਮ ਸਰੀਰ ਅੰਦਰ ਜੀਵ ਦੇ ਤਿੰਨੇ ਕੋਸ਼ ਹਨ। ਸ਼ਮਸ਼ਟੀ ਸੂਖਸ਼ਮ ਸਰੀਰਾਂ ਅੰਦਰ ਈਸ਼ਰ ਦੇ ਤਿੰਨੇ ਕੋਸ਼ ਹਨ।

**ਕੋਸ਼ ਅਨੰਮਯ' ਵਹਿਰ ਕੋ ਜਾਨਹੁ ਸਕਲ ਸਰੀਰ ।**
**ਸਿਰ ਸਿਰ ਬਾਹੁ ਬਾਹੁ ਦ੍ਵੈ ਪ੍ਰਿਸ਼ਟ ਥਿਰੈ ਜਹਿੰ ਧਰਿ॥ ੨੭॥**

**ਅਰਥ** - ਬਾਹਰ ਦੇ ਸਾਰੇ ਸਰੀਰ ਨੂੰ ਅੰਨਮਯ ਕੋਸ਼ ਜਾਣੋ, ਪੰਛੀ ਦੇ ਸਿਰ ਦੀ ਥਾਂ ਸਿਰ, ਪਰਾਂ ਦੀ ਥਾਂ ਦੋ ਬਾਹਾਂ ਤੇ ਬਾਕੀ ਦਾ ਧੜ ਪੰਛੀ ਦੀ ਪੂੰਛ ਦੀ ਥਾਂ ਤੇ ਹੈ। ਥਿਰੇ ਜਹਿ=ਜਿਸ ਨਾਲ ਇਸਥਿਤ ਹਨ, ਸਿਰ ਤੇ ਬਾਹਾਂ ਉਹ ਕੀ ਹੈ? ਬਾਕੀ ਹੈ ਧੜ, ਪ੍ਰਿਸ਼ਟ=ਪਿੱਠ, ਪੂੰਛ'

**ਭਾਵਾਰਥ** - ਸੂਖਸ਼ਮ ਸਰੀਰ ਦੇ ਤਿੰਨ ਕੋਸ਼ਾਂ ਨੂੰ ਕਥਨ ਕਰਨ ਤੋਂ ਪਹਿਲਾਂ ਸਥੂਲ ਸਰੀਰ ਦੇ ਅੰਨਮਯ ਕੋਸ਼ ਨੂੰ ਅੰਕਿਤ ਕੀਤਾ ਹੈ। ਜਿਵੇਂ ਫਲ ਨੂੰ ਅੰਦਰੋਂ ਰਸ ਦੀ ਪ੍ਰਬਲਤਾ ਵੱਧਣ-ਫੁੱਲਣ ਲਈ ਲਾਭਕਾਰੀ ਹੁੰਦੀ ਹੈ, ਅਤੇ ਬਾਹਰੋਂ ਸਥੂਲ ਤੱਤਾਂ ਦੀ ਪ੍ਰਕ੍ਰਿਤੀ ਅਕਾਸ਼ਾਦਿ (ਵੱਧਣ-ਫੁੱਲਣ ਲਈ) ਥਾਂ ਪ੍ਰਦਾਨ ਕਰਦੀ ਹੈ। ਹਵਾ ਰਾਹੀਂ

ਕਾਰਬਨਡਾਈਆਕਸਾਈਡ ਪ੍ਰਾਪਤ ਹੁੰਦੀ ਹੈ, ਸੂਰਜ ਦੇ ਪ੍ਰਕਾਸ਼ ਦੁਆਰਾ ਖੁਰਾਕ ਨੂੰ ਹਜ਼ਮ ਕਰਨ ਲਈ ਅਗਨ (ਪ੍ਰਕਾਸ਼-ਸ਼ੰਸਲੇਸ਼ਨ ਦੁਆਰਾ) ਮਿਲਦੀ ਹੈ, ਪ੍ਰਥਵੀ ਸਦਕੇ ਖੁਰਾਕੀ ਤੱਤ ਪਹੁੰਚਦੇ ਹਨ, ਜੜਾਂ ਰਾਂਹੀ ਪਾਣੀ ਮਿਲਣਾ ਸ਼ੁਰੂ ਹੁੰਦਾ ਹੈ ਅਤੇ ਅਕਾਸ਼ ਵਿਹਲ ਦਿੰਦਾ ਹੈ। ਜੇ ਫਲ ਦੇ ਵੱਧਣ-ਫੁੱਲਣ ਲਈ ਯੋਗ ਥਾਂ ਨਾ ਹੋਵੇ ਤਾਂ ਵੀ ਫਲ ਆਪਣੀ ਪੂਰਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਰਸ ਹੋਵੇ ਤਾਂ ਫਲ ਦੀ ਕੀਮਤ ਹੈ; ਫਲ ਹੋਵੇ ਤਾਂ ਰਸ ਦੀ ਹੈਸੀਅਤ ਬਰਕਰਾਰ ਰਹਿ ਸਕਦੀ ਹੈ। ਸੂਖਸ਼ਮ ਸਰੀਰ ਲਈ ਸਥੂਲ ਸਰੀਰ ਦੀ ਜ਼ਰੂਰਤ ਹੈ ਅਤੇ ਸਥੂਲ ਤਾਂ ਸੂਖਸ਼ਮ ਸਰੀਰ ਤੋਂ ਬਗੈਰ ਹੋ ਹੀ ਨਹੀਂ ਸਕਦਾ। ਦੋਨਾਂ ਦੀ ਹੀ ਇੱਕ-ਦੂਜੇ ਲਈ ਆਵਸ਼ਕਤਾ ਬਣੀ ਰਹਿੰਦੀ ਹੈ। ਤਿੰਨ ਕੋਸ਼ ਸੂਖਸ਼ਮ ਸਰੀਰ ਦੇ ਹਨ, ਉਹਨਾਂ ਦੀ ਹੈਸੀਅਤ ਲਈ ਮਨ ਬੁੱਧ ਦੀ ਜ਼ਰੂਰਤ ਹੈ, ਜਿਹਨਾਂ ਦੀ ਰੂਪਤਾ ਲਈ ਸਥੂਲ ਤੱਤਾਂ ਦੇ ਸਰੀਰ ਦੀ ਕਿਰਿਆ ਵੀ ਜ਼ਰੂਰੀ ਹੈ ਅਤੇ ਸੂਖਸ਼ਮ ਚੇਤਨਤਾ ਦੀ ਵੀ ਬਹੁਤ ਜ਼ਰੂਰਤ ਹੈ। ਇਸ ਲਈ ਭਾਈ ਸਾਹਿਬ ਜੀ ਨੇ ਪਹਿਲੇ ਅੰਨਮਯ-ਕੋਸ਼ ਅੰਕਿਤ ਕੀਤਾ ਹੈ। ਅੰਨ-ਮਯ ਕੋਸ਼ ਸਥੂਲ ਸਰੀਰ ਵਿੱਚ ਸੰਭਵ ਹੈ। ਹਰ ਵਕਤ ਸਰੀਰ ਦੀ ਲੋੜ ਅੰਨ ਬਣੀ ਰਹਿੰਦੀ ਹੈ। ਅੰਨ ਤੋਂ ਬਗੈਰ ਸਰੀਰ ਦੀ ਹੋਂਦ ਲੜਖੜ੍ਹਾ ਜਾਂਦੀ ਹੈ। ਇਸ ਲਈ ਸੰਸਾਰੀ ਮਨੁੱਖ ਅੰਨਮਯ ਕੋਸ਼ ਹੀ ਆਤਮਾ ਰੂਪ ਸਮਝਦਾ ਹੈ। ਚਾਰ ਵਾਕ ਇਸ ਦੀ ਗਵਾਹੀ ਹੈ। ਪ੍ਰਤੱਖ ਸਰੀਰ ਪੰਛੀ ਦਾ ਅਕਾਰ ਹੈ; ਸਿਰ, ਪਰ (ਖੰਭ) ਅਤੇ ਪੂੰਛ ਹੈ। ਜਿਸਦੇ ਆਸਰੇ ਪੰਛੀ, ਉਡਾਰੀ ਦੀ ਮਸਤੀ ਨੂੰ ਬਿਖੇਰਦਾ ਹੈ। ਖੰਭਾਂ ਨੂੰ ਇੱਥੇ ਬਾਂਹ ਸ਼ਬਦ ਨਾਲ ਸੰਬੋਧਨ ਕੀਤਾ ਹੈ। ਪੰਛੀ ਨੂੰ ਦੂਜੇ ਸ਼ਬਦਾਂ ਵਿਚ ਬਹਿੰਗਮ ਵੀ ਆਖਦੇ ਹਨ। ਕਵੀ ਸੰਤੋਖ ਸਿੰਘ ਜੀ ਨੇ ਬਹੁਤ ਹੀ ਸੁੰਦਰ ਲਫਜ਼ਾ ਵਿਚ ਰਾਏ ਬੁਲਾਰ ਨੂੰ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ਿਸ ਕੀਤੀ ਵੀਚਾਰ ਨੂੰ ਅੰਕਿਤ ਕੀਤਾ ਹੈ '*ਸ਼ਾਹ ਕਹੈ 'ਭੂਪਤਿ ! ਸੁਨਿ ਲੀਜੈ । ਏਕ ਕੁਤਰਕ ਨ ਮਨ ਮੈਂ ਕੀਜੈ । ਜਗਤ ਤਰੋਵਰ ਕੇ ਸਮ ਜਾਨਹੁ। ਤਿਹ ਕੇ ਸ਼ਿਖਰ ਮੁਕਤਿ ਫਲ ਮਾਨਹੁ ॥ ੧੮ ॥ ਤਾਂ ਕੋ ਲੇਨਿ ਹੇਤ ਦਵੈ ਪੰਥਾ। ਸਰਬ ਸੰਤ ਭਾਖਿਤ ਪੁਨਿ ਗ੍ਰੰਥਾ। ਇਕ ਬਹਿੰਗ ਇਕ ਕੀਟੀ ਰੀਤਾ। ਚਲਹਿ ਨਿਰੰਤਰਿ ਪਾਇ ਸਪ੍ਰੀਤਾ॥ ੧੯ ॥ ਜਿਨ ਕੋ ਸਤਿਗੁਰੁ ਮਿਲਹਿ ਕ੍ਰਿਪਾਲਾ। ਤੇ ਖਗ ਜਿਉਂ ਪਹੁਂਚਹਿਂ ਤਤਕਾਲਾ। ਮਿਲੈਂ ਨ ਸਤਿਗੁਰ ਜਿਨ ਕੋ ਪੂਰੇ। ਤਿਨ ਕੋ ਫਲ ਲੇਨੋ ਅਤਿ ਦੂਰੇ॥ ੨੦॥' ਸੰਸਾਰ ਇੱਕ ਦਰਖਤ ਵਾਂਗ ਹੈ। ਉਸ ਦੇ ਸ਼ਿਖਰ ਨੂੰ ਮੁਕਤੀ ਰੂਪ ਫਲ ਲੱਗਾ ਹੈ। ਉਸਨੂੰ ਪ੍ਰਾਪਤ ਕਰਨ ਲਈ ਪੰਛੀ ਦਾ ਇਕ ਮਾਰਗ ਹੈ। ਜਿਸਨੂੰ ਗੁਰੂ ਸਾਹਿਬ ਜੀ ਮਿਲ*



*ਜਾਣ ਉਹ ਬਹਿੰਗਮ ਮਾਰਗ ਦਾ ਪਾਂਧੀ ਬਣ ਜਾਂਦਾ ਹੈ।"* ਮਨੁੱਖ ਦਾ ਸਿੱਧਾ ਸੰਬੰਧ ਗਿਆਨ ਨਾਲ ਹੈ; ਇਸ ਲਈ ਭਾਈ ਸਾਹਿਬ ਜੀ ਨੇ ਪੰਛੀ ਦੇ ਖੰਭਾਂ ਲਈ ਬਾਹਾਂ ਦੀ ਗਿਣਤੀ ਕੀਤੀ ਹੈ। ਅਕਾਸ਼ ਵਿਚ ਉੱਡਣ ਵਾਲੇ ਜ਼ਹਾਜਾਂ ਦੀ ਖੋਜ ਬਾਹਵਾਂ ਨੂੰ ਖੰਭਾਂ ਵਾਂਗ ਬਣਾਉਣ ਲਈ ਯਤਨਾਂ ਤੋਂ ਹੀ ਹੋਈ ਸੀ।

**ਚੌਪਈ - ਪੰਚ ਕੋਸ਼ ਪੰਛੀ ਪੰਚ ਕਹੇ। ਬੀਚ ਬੇਦ ਕੇ ਸੰਤਨ ਲਹੇ।**
**ਪੰਚ ਕਰਮ ਇੰਦ੍ਰੀ ਪੰਚ ਪ੍ਰਾਨ। 'ਕੋਸ਼ ਪ੍ਰਾਣਮਯ' ਜਾਨ ਸੁਜਾਨ॥ ੨੮॥**

**ਅਰਥ - ਪੰਜ ਕੋਸ਼ ਹਨ,** ਇਹਨਾਂ ਨੂੰ ਵਖਿਆਨ ਕਰਨ ਲਈ ਪੰਜ ਪੰਛੀਆਂ ਦੇ ਰੂਪ ਕਥਨ ਕੀਤਾ ਹੈ।ਵੇਦਾਂ ਵਿਚ ਸੰਤ ਜਨਾਂ ਨੇ ਵੀਚਾਰੇ ਹਨ। ਪੰਜ ਕਰਮ ਇੰਦ੍ਰੇ ਅਤੇ ਪੰਜ ਪ੍ਰਾਣ ਇਸ ਨੂੰ ਪ੍ਰਾਣਮਯ ਕੋਸ਼ ਜਾਨਣਾ ਕਰੋ।

**ਭਾਵਾਰਥ** - ਪੰਜ ਕੋਸ਼ਾਂ ਨੂੰ ਭਾਈ ਸਾਹਿਬ ਜੀ ਨੇ ਪੰਛੀ ਦਾ ਅਕਾਰ ਬਣਾ ਕੇ ਕਥਨ ਕੀਤਾ ਹੈ। ਅਧਿਆਤਮਵਾਦ ਵਿਚ ਆਤਮਾ ਦਾ ਗਿਆਨ ਪ੍ਰਾਪਤ ਕਰਨ ਲਈ ਬਹੁਤ ਯੁਕਤੀਆਂ ਵਰਤੀਆਂ ਜਾਂਦੀਆਂ ਹਨ। ਜਿਹਨਾਂ ਦਾ ਮਕਸਦ ਕੇਵਲ ਮਨੁੱਖ ਨੂੰ ਆਂਤਰਿਕ ਗਿਆਨ ਨਾਲ ਸੁਸੱਜਿਤ ਕਰਨਾ ਹੈ। ਗਿਆਨਵਾਨ ਲਈ 'ਤਰਕ' ਜੀਵਨ ਤਰੱਕੀ ਦਾ ਸਾਥੀ ਹੈ; ਭਾਵਨਾ ਵਿਹੂਣੇ ਲੋਕਾਂ ਕੋਲ ਦੂਜਿਆਂ ਨੂੰ ਨੀਵੇਂ ਦਿਖਾਉਣ ਦਾ ਹਥਿਆਰ ਤਰਕ ਹੀ ਹੁੰਦਾ ਹੈ। ਜਿਵੇਂ ਰਸੋਈਏ ਕੋਲ 'ਚਾਕੂ' ਸਬਜੀ ਆਦਿ ਨੂੰ ਤਿਆਰ ਕਰਨ ਲਈ ਸਹਾਇਕ ਹੈ; ਪਰ ਨਾ ਸਮਝ ਕੋਲ ਕਿਸੇ ਦਾ ਪੇਟ ਚਾਕ ਕਰਕੇ ਮਾਰਨ ਦਾ ਸਾਧਨ ਹੋ ਸਕਦਾ ਹੈ। ਸਿਆਣੇ ਪੁਰਸ਼ ਹਰ ਥਾਂ ਤੋਂ ਮਿਲਣ ਵਾਲੇ ਗਿਆਨ ਨੂੰ ਹਾਸਿਲ ਕਰਕੇ ਚੰਗਿਆਈ ਨੂੰ ਅਪਣਾਉਂਦੇ ਹਨ। ਸਿੱਖ ਦੇ ਜੀਵਨ ਦੀ ਚੰਗਿਆਈ 'ਸਰਬੱਤ ਦਾ ਭਲਾ' ਹੈ। ਇਹ ਸਰਬੋਪਰੀ ਦਾਤ ਗੁਰੂ ਸਾਹਿਬ ਜੀ ਨੇ ਸਿੱਖ ਦੇ ਜੀਵਨ ਵਿੱਚ ਪੂਰਨ ਤੌਰ ਦੇ ਸਥਾਪਿਤ ਕੀਤੀ ਹੈ। ਸਿੱਖ ਹਰ ਥਾਂ ਤੋਂ ਗਿਆਨ ਹਾਸਿਲ ਕਰਦਾ ਹੈ। ਗਿਆਨ ਹਾਸਿਲ ਕਰਕੇ ਕੁਦਰਤ ਨੂੰ ਸਮਝਣ ਦਾ ਯਤਨ ਕਰਦਾ ਹੈ। ਕੁਦਰਤ ਅਤੇ ਸੰਸਾਰ ਵੇਖਣ ਨੂੰ ਇੱਕੋ ਜਿਹੇ ਨਜ਼ਰ ਆਉਂਦੇ ਹਨ, ਪਰ ਵਿਵਸਥਾਵਾਂ ਦਾ ਬਹੁਤ ਭੇਦ ਹੈ। ਇਹ ਭੇਦ ਜੀਵਾਂ ਦੇ ਬਾਹਰੀ ਸਰੀਰਕ ਭੇਦ ਵਾਂਗ ਨਹੀਂ ਹਨ। ਜਿਵੇਂ ਮਨੁੱਖ-ਜਾਤੀ ਦੇ ਸਰੀਰ ਨਾਲੋਂ ਪਸ਼ੂ ਜਾਤੀ ਦੇ ਸਰੀਰ ਦਾ ਭੇਦ ਹੈ। ਇਹ ਆਂਤਰਿਕ ਭੇਦ ਨੂੰ ਸਮਝਾਉਣ ਵਾਸਤੇ 'ਤੈਤਰੀ-ਉਪਨਿਸ਼ਦ' ਵਿੱਚ ਗ੍ਰੰਥਕਾਰ ਨੇ ਬਹੁਤ ਹੀ ਗਹੀਨ ਵਿਸ਼ੇ ਨੂੰ ਛੂਹਿਆ ਹੈ। ਜਿਸਨੂੰ ਭਾਈ ਸਾਹਿਬ ਜੀ ਨੇ ਆਪਣੇ ਤਜ਼ਰਬੇ ਦੀ ਕੁਠਾਲੀ ਵਿੱਚ ਪਾ ਕੇ ਗੁਰਮਤਿ ਦੀ ਵੀਚਾਰਧਾਰਾ ਨਾਲ

ਸਜਾ ਕੇ ਮਨੁੱਖ ਦੇ ਅੰਦਰਲੇ ਮਨੁੱਖ ਨੂੰ ਸੁਧਾਰਨ ਲਈ ਸਾਰਥਿਕ ਯਤਨ ਕੀਤਾ ਹੈ। ਇੱਥੇ ਗਵਾਹੀ ਰੂਪ ਵਿੱਚ ਕਥਨ ਕੀਤਾ ਹੈ, ਕਿ ਬੇਦ ਵਿੱਚ ਸੰਤ ਜਨਾਂ ਦੇ ਕਥਨ ਆਉਂਦੇ ਹਨ। ਕਰਮ ਇੰਦ੍ਰੀਆਂ ਰਾਂਹੀ ਹੀ ਸਰੀਰ ਕਰਮ ਕਰਦਾ ਨਜ਼ਰ ਆਉਂਦਾ ਹੈ। ਜੇ ਹੱਥ ਪੈਰ ਹਿਲਦੇ ਹਨ, ਤਾਂ ਕਰਮ ਪੂਰਾ ਹੋਵੇਗਾ; ਸਰੀਰ ਨੂੰ ਚੁੱਕ ਕੇ ਪੈਰਾ ਨੇ ਲੈ ਜਾਣਾ ਹੈ ਅਤੇ ਹੱਥ ਨਾਲ ਵਸਤੂ ਨੂੰ ਚੁੱਕ ਸਕਦਾ ਹੈ। ਹੱਥ ਅਤੇ ਪੈਰ ਕਰਮ ਇੰਦ੍ਰੇ ਹੀ ਹਨ। 'ਹੱਥ, ਪੈਰ, ਜੀਭ, ਗੁਦਾ, ਸ਼ਿਸਨ' ਪੰਜ ਕਰਮ ਇੰਦ੍ਰੀਆਂ ਹਨ, '***ਵਾਕ ਔਂ ਪਾਨ ਰੁ ਪਾਵ ਉਪਸਥ ਗੁਦਾ ਮਿਲ ਪਾਂਚ ਏ ਕਰਮ ਪ੍ਰਧਾਂਨੋ'*** ਸਰੀਰ ਆਪਣੇ ਆਪ ਕੁੱਝ ਨਹੀਂ ਕਰ ਸਕਦਾ ਜੇ ਕਰਕੇ ਸਰੀਰ ਵਿੱਚ ਪ੍ਰਾਣ ਨਾ ਚਲਦੇ ਹੋਣ। ਇਸ ਲਈ ਸਰੀਰ ਦੀ ਕਿਰਿਆ ਲਈ ਪ੍ਰਾਣਾਂ ਦਾ ਹੋਣਾ ਅਤਿ ਜਰੂਰੀ ਹੈ। ਜਦੋਂ ਸੁਆਸ ਖਤਮ ਹੋ ਜਾਣ ਤਾਂ ਕਿਹਾ ਜਾਂਦਾ ਹੈ, 'ਬੰਦਾ ਮਰ ਗਿਆ ਹੈ'। ਜਿਵੇਂ ਗੱਡੀ ਤਿਆਰ ਹੋਵੇ ਜੇ ਵਿੱਚ ਹਰ ਯੋਗ ਥਾਂ ਵਰਤਣ ਵਾਲੇ ਤੇਲ ਨਾ ਪਾਏ ਹੋਣ ਤਾਂ ਗੱਡੀ ਕੇਵਲ ਪੈਟਰੋਲ ਜਾਂ ਡੀਜਲ ਨਾਲ ਨਹੀਂ ਚਲ ਸਕਦੀ, ਉਸ ਲਈ ਇੰਜਣ ਵਿੱਚ ਮੁਬਲਾਇਲ, ਬਰੇਕਾਂ ਲਈ 'ਬਰੇਕ ਆਇਲ' ਅਤੇ ਹੋਰ ਹਰ ਥਾਂ ਲੁਬਰੀਕੈਂਟ ਆਦਿ ਵਰਤਣੇ ਪੈਣੇ ਹਨ। ਇਵੇਂ ਹੀ ਸਰੀਰ ਜੜ੍ਹ ਹੈ, ਇਸ ਦੀ ਕਿਰਿਆਸ਼ੀਲਤਾ ਲਈ ਪ੍ਰਾਣਾਂ ਦੀ ਜਰੂਰਤ ਹੈ। ਕਰਮ ਇੰਦ੍ਰੀਆਂ ਅਤੇ ਪੰਜ ਪ੍ਰਾਣ (*ਪ੍ਰਾਨ ਅਪਾਨ ਵਿਆਨ ਸਮਾਨ ਉਦਾਨਹਿ ..)* ਪ੍ਰਾਣਮਯ ਕੋਸ਼ ਹੁੰਦਾ ਹੈ। ਹਰ ਕਰਮ ਇੰਦ੍ਰੇ ਨੂੰ ਕਿਰਿਆ ਸ਼ੀਲ ਕਰਨ ਲਈ ਇੱਛਾ ਸ਼ਕਤੀ ਵਰਤਦੀ ਹੈ। ਇਸ ਇੱਛਾ ਸ਼ਕਤੀ ਦੁਆਰਾ ਮਾਸਪੇਸ਼ੀਆਂ ਨੂੰ ਉਤੇਜਿਨ ਮਿਲਦਾ ਹੈ। ਕੁੱਝ ਮਾਸ਼ਪੇਸ਼ੀਆਂ ਸਹਿਜ ਇੱਛਾ ਨਾਲ ਕਰਮ ਕਰਦੀਆਂ ਹਨ; ਜਿਹਨਾਂ ਨੂੰ ਅਣਇੱਛਤ ਮਾਸ਼ਮਪੇਸ਼ੀਆਂ ਕਿਹਾ ਜਾਂਦਾ ਹੈ। ਕੁਝ ਸਰੀਰ ਦੀ ਲੋੜ ਮੁਤਾਬਿਕ ਕਰਮ ਲਈ ਉਤੇਜਿਤ ਹੁੰਦੀਆਂ ਹਨ; ਜਿਹਨਾਂ ਨੂੰ ਇੱਛਤ ਮਾਸ਼ਪੇਸ਼ੀਆਂ ਕਿਹਾ ਜਾਂਦਾ ਹੈ। ਇਹ ਸਾਰਾ ਕਾਰਕ੍ਰਮ ਪ੍ਰਾਣਾਂ ਦੇ ਆਸਰੇ ਹੀ ਹੈ। ਇਸ ਲਈ ਦੂਜਾ ਕੋਸ਼ ਪ੍ਰਾਣਮਯ-ਕੋਸ਼ ਹੈ। ਇਸ ਕੋਸ਼ ਦਾ ਪੰਛੀ ਪ੍ਰਕਾਰ ਭਾਈ ਸਾਹਿਬ ਅਗਲੀਆਂ ਦੋ ਪੰਗਤੀਆਂ ਵਿੱਚ ਅੰਕਿਤ ਕਰਦੇ ਹਨ।

***ਨਾਸਕਾ ਨੈਨ ਤੁਚਾ ਰਸਨਾ ਮਿਲ ਕਾਨ ਏ ਇੰਦ੍ਰਯ ਗਯਾਨ ਬਖਾਨੋ॥***
***ਪ੍ਰਾਨ ਅਪਾਨ ਵਿਆਨ ਸਮਾਨ ਉਦਾਨਹਿ ਔਰ ਮਨੋ ਬੁਧਿ ਮਾਨੋ॥***
**ਏਕ ਪ੍ਰਾਣ ਕੀ ਚਾਰਹੁਂ ਪੌਣ। ਸਿਰ ਇਕ ਪਰ ਦ੍ਵੈ ਪੂਛ ਇਕ ਤੌਨ।**
**ਕਰਮ ਇੰਦ੍ਰੀਆਂ ਮਨ ਕੇ ਸਹਿਤ। 'ਕੋਸ਼ ਮਨੋਮਯ' ਇਸ ਕੋ ਕਹਿਤ॥ ੨੯॥**



**ਅਰਥ** - ਇੱਕ ਪ੍ਰਾਣ ਦੀਆਂ ਚਾਰ ਪੌਣਾਂ ਹਨ, ਇੱਕ ਸਿਰ ਹੈ, ਦੋ ਖੰਭ ਹਨ, ਇੱਕ ਪੂੰਛ ਹੈ। ਕਰਮ ਇੰਦ੍ਰੀਆਂ ਮਨ ਦੇ ਸਮੇਤ ਮਨੋਮਯ ਕੋਸ਼ ਹੈ।

**ਭਾਵਾਰਥ** - ਪ੍ਰਾਣਾਂ ਦੇ ਨਿਵਾਸ ਦੀਆਂ ਥਾਵਾਂ ਪੰਜ ਹਨ, ਇਹਨਾਂ ਦੀ ਬਾਬਤ ਸਿਆਣਿਆ ਨੇ ਬਹੁਤ ਹੀ ਸੁੰਦਰ ਕਥਨ ਕੀਤਾ ਹੈ। '***ਪਾਂਚ ਠਿਕਾਨੇ ਤੇ ਭਯੋ ਏਕੈ ਪਵਨ ਬਖਾਨ॥ ੬੩ ॥ ਗੁਦਾਪਾਨਹਿਯ ਪਰਾਨ ਪੁਨ ਕੰਠ ਉਦਾਨਹਿ ਮਾਨ॥ ਨਾਭਿ ਸਮਾਨ ਸਰੀਰ ਸਭ ਬਯਾਨ ਵਸੈ ਇਹ ਜਾਨ॥ ੬੪ ॥'*** ਪ੍ਰਾਣਮਯ -ਕੋਸ਼ ਦਾ ਪ੍ਰਾਣ ਹੀ ਸਿਰ ਹੈ; ਕਿਉਂਕਿ ਹਵਾ ਦਾ ਵਿਕਾਰ ਰੂਪ ਪ੍ਰਾਣ 'ਜੋ ਮੁੱਖ ਅਤੇ ਨਾਸਿਕਾ ਦੁਆਰਾ ਅੰਦਰ ਬਾਹਰ ਆਉਂਦਾ ਜਾਂਦਾ ਹੈ' ਪ੍ਰਾਣ-ਬ੍ਰਿਤੀ ਵਿਸ਼ੇਸ ਹੈ। ਇਸੇ ਦੇ ਆਸਰੇ ਸਾਰੇ ਸਰੀਰ ਦੀਆਂ ਕਿਰਿਆਵਾਂ ਹੁੰਦੀਆਂ ਹਨ। ਸਾਰੇ ਸਰੀਰ ਵਿੱਚ ਪ੍ਰਾਣ ਦਾ ਬਿਆਨ-ਰੂਪ ਵਸਦਾ ਹੈ; ਮੂਲ-ਪ੍ਰਾਣ ਸੁਆਸ ਬਣ ਕੇ ਫੇਫੜਿਆਂ ਵਿੱਚ ਪ੍ਰਵੇਸ਼ ਕਰਦਾ ਹੈ, ਜਿਸ ਨਾਲ ਖ਼ੂੰਨ ਵਿੱਚ ਆਕਸੀਜਨ ਘੁਲ ਜਾਂਦੀ ਹੈ (ਜਿਸਨੂੰ ਅਸੀਂ ਖ਼ੂਨ ਸਾਫ ਹੋਣਾ ਆਖਦੇ ਹਾਂ)। ਬਿਆਨ-ਪ੍ਰਾਣ ਸਾਰੇ ਸਰੀਰ ਵਿੱਚ ਸਫੁਰਨਤਾ ਦਿੰਦਾ ਹੈ। ਬਿਆਨ ਪ੍ਰਾਣ ਪੰਛੀ ਦਾ ਸੱਜਾ-ਖੰਭ ਹੈ। ਅਪਾਨ-ਪ੍ਰਾਣ ਪ੍ਰਾਣਮਯ ਕੋਸ਼ ਪੰਛੀ ਦਾ ਖੱਬਾ-ਖੰਭ ਹਨ, ਕਿਉਂਕਿ ਅਪਾਨ-ਵਾਯੂ ਦੁਆਰਾ ਸਾਰੇ ਸਰੀਰ ਵਿੱਚੋਂ ਤਿਆਗਣੇ ਯੋਗ ਮਲ ਵਿਕਾਰ ਸਰੀਰ ਤੋਂ ਬਾਹਰ ਨਿਕਲਦੇ ਹਨ। ਜਿਸ ਦੁਆਰਾ ਸਰੀਰ ਦੀ ਤੰਦਰੁਸਤੀ ਬਣੀ ਰਹਿੰਦੀ ਹੈ। ਤੰਦਰੁਸਤ ਪੰਛੀ ਉਡਾਰੀ ਦੇ ਯੋਗ ਹੁੰਦਾ ਹੈ। ਸਮਾਨ-ਵਾਯੂ ਪੂੰਛ ਹੈ, ਸਮਾਨ-ਵਾਯੂ ਨਾਭੀ ਵਿੱਚ ਵਸਦੀ ਹੈ। ਨਾਭੀ ਤੋਂ ਹੀ ਸ਼ਬਦ ਦਾ ਪਰਾ ਰੂਪ ਉਪਜਦਾ ਹੈ, ਜੋ ਪਸ਼ਯੰਤੀ, ਮਧਮਾ ਅਤੇ ਬੈਖਰੀ ਸ਼ਬਦਾਂ ਦਾ ਰੂਪ ਧਾਰਨ ਕਰਦਾ ਹੈ। ਸ਼ਬਦ ਅਕਾਸ਼ ਦਾ ਗੁਣ ਹੈ, ਅਕਾਸ਼ ਵਿੱਚ ਸਥਿਤ ਸਮਾਨ-ਸੰਗਿਯਕ 'ਪ੍ਰਾਣ ਬ੍ਰਿਤੀ' ਪ੍ਰਾਣ ਦਾ ਆਤਮਾ ਹੈ। ਜੋ ਸਮਾਨ ਰੂਪ ਵਿੱਚ ਅੰਦਰ ਅਤੇ ਬਾਹਰ ਇੱਕ ਰੂਪ ਵਿੱਚ ਵਿਆਪਕ ਹੈ। ਸ਼ਬਦਾਂ ਨੂੰ ਉਚਾਰਣ ਲਈ ਨਾਭੀ ਤੋਂ ਪ੍ਰੇਰਣਾ ਮਿਲ ਕੇ ਉਚਾਰੇ ਹੋਏ ਬੋਲਾਂ ਲਈ ਹਵਾ ਦਾ ਮਾਧਿਅਮ ਅਕਾਸ਼ ਦਿੰਦਾ ਹੈ। ਇਸ ਪ੍ਰਕਾਰ ਪ੍ਰਾਣਮਯ ਕੋਸ਼ ਦਾ ਪੰਛੀ ਬਣਦਾ ਹੈ। ਜਦੋਂ ਕਰਮ ਇੰਦ੍ਰੀਆਂ ਮਨ ਦੇ ਨਾਲ ਹੋ ਕੇ ਕਰਮ ਕਰਨ ਲਈ ਉਤੇਜਿਤ ਹੁੰਦੀਆਂ ਹਨ; ਉਸਨੂੰ ਮਨੋਮਯ ਕੋਸ਼ ਕਹਿੰਦੇ ਹਨ। ਮਨੋਮਯ ਕੋਸ਼ ਦੇ ਪੰਛੀ ਦਾ ਪ੍ਰਕਾਰ ਅਗਲੀਆਂ ਪੰਗਤੀਆਂ ਵਿੱਚ ਅੰਕਿਤ ਕੀਤਾ ਹੈ।

**ਬੈਖਰੀ ਇਸ ਕੋ ਸਿਰ ਹੈ। ਪਸ਼ਯੰਤੀ ਮਧਮਾ ਜੁਗ ਪਰ ਹੈਂ।**
**ਪਰਾ ਪੂੰਛ ਇਹ ਜਾਨ ਸੁਜਾਨ। ਭਯੋ ਬਹਿੰਗਮ ਇਸੀ ਬਿਧਾਨ॥ ੩੦॥**

**ਅਰਥ** – ਬੈਖਰੀ ਬਾਨੀ ਇਸ ਦਾ ਸਿਰ ਹੈ, ਪਸ਼ਯੰਤੀ ਮਧਮਾ ਦੋ ਖੰਭ ਹਨ। ਪਰਾ ਬਾਨੀ ਪੂੰਛ ਸਮਾਨ ਜਾਣੋ। ਇਸੇ ਪ੍ਰਕਾਰ ਇਸਨੂੰ ਵੀ ਪੰਛੀ ਜਾਨਣਾ ਕਰੋ।

**ਭਾਵਾਰਥ** – ਬੈਖਰੀ ਬਾਨੀ ਕਿਸੇ ਵੀ ਭਾਸ਼ਾ ਦਾ ਅੱਖਰੀ ਰੂਪ ਹੁੰਦਾ ਹੈ। ਜੈਸੀ ਭਾਸ਼ਾ ਹੋਵੇ, ਉਸੇ ਤਰ੍ਹਾਂ ਉਸ ਦੇ ਵਾਕਾਂ ਦੇ ਨਿਯਮ ਬਣਦੇ ਰਹਿੰਦੇ ਹਨ। ਇਹਨਾਂ ਨਿਯਮਾਂ ਨੂੰ ਵਿਆਕਰਣ ਆਖਦੇ ਹਨ। ਹਮੇਸ਼ਾ ਲਈ ਪਹਿਲਾਂ ਮਨੁੱਖ ਆਪਣੀਆਂ ਲੋੜਾਂ ਨੂੰ ਇੱਕ ਦੂਜੇ ਨਾਲ ਸਾਂਝੀਆਂ ਕਰਨ ਲਈ ਵਾਕਾਂ ਦਾ ਪ੍ਰਯੋਗ ਕਰਦਾ ਹੈ। ਹੌਲੀ ਹੌਲੀ ਉਹਨਾਂ ਵਾਕਾਂ ਵਿੱਚ ਵਰਤੇ ਜਾਣ ਵਾਲੇ ਸ਼ਬਦ ਖਾਸ ਅਰਥ ਰੱਖਦੇ ਹਨ। ਵਸਤੂਆਂ ਲਈ ਵਰਤੇ ਗਏ ਸ਼ਬਦਾਂ ਦੇ ਅਰਥਾਂ ਨਾਲ ਕੋਸ਼ ਬਣਦੇ ਹਨ। ਇਸ ਲਈ ਸਿਆਣੇ ਪੁਰਖ ਬੈਖਰੀ ਅੱਖਰਾਂ ਦੇ ਗਿਆਨ ਨੂੰ ਬਹੁਤ ਹੀ ਸਾਵਧਾਨੀ ਨਾਲ ਵਰਤਦੇ ਹਨ। ਆਪਣੇ ਬਜ਼ੁਰਗਾਂ ਕੋਲੋਂ ਮਿਲੇ ਹੋਏ ਗਿਆਨ ਦਾ ਬਹੁਤ ਸਤਿਕਾਰ ਕਰਦੇ ਹਨ। ਉਹਨਾਂ ਤੋਂ ਪਿਛੋਂ ਇਸ ਗਿਆਨ ਦੀ ਵਿਆਖਿਆ ਕਰਦਿਆਂ ਸਮਝ ਆਏ ਨਿਯਮਾਂ ਨੂੰ ਸਤਿਕਾਰ ਯੋਗ ਸ਼ਬਦਾਂ ਦੀ ਬਾਨੀ ਉੱਪਰ ਨਹੀਂ ਠੋਸਦੇ, ਸਗੋਂ ਭਾਸ਼ਾ ਦੀਆਂ ਅਨੰਤ ਪਿਰਤਾਂ ਨਾਲ ਸਾਂਝ ਪਾਉਣ ਦਾ ਯਤਨ ਕਰਦੇ ਹਨ। ਇਹ ਵਿਸ਼ਾ ਵਿਆਕਰਣ ਸੰਬੰਧੀ ਲਗਾਵ ਰੱਖਣ ਵਾਲਿਆਂ ਪ੍ਰਤੀ ਬਹੁਤ ਵਿਆਖਿਆ ਦੀ ਮੰਗ ਕਰਦਾ ਹੈ। ਜੋ ਭਾਸ਼ਾ ਦੇ ਅੱਖਰ ਮੂੰਹ ਦੁਆਰਾ ਉਚਾਰੇ ਜਾਂਦੇ ਹਨ, ਉਹ ਬੈਖਰੀ ਅੱਖਰ ਹਨ। ਸਿਆਣਿਆ ਦਾ ਕਥਨ ਹੈ, ਬੋਲਾਂ ਤੋਂ ਮਨੁੱਖ ਦੀ ਮਨੋਮਯ ਹਾਲਤ ਦਾ ਪਤਾ ਲੱਗ ਜਾਂਦਾ ਹੈ। ਇਸ ਲਈ ਮਨੋਮਯ ਕੋਸ਼ ਦਾ ਸਿਰ 'ਬੈਖਰੀ ਬਾਨੀ' ਹੈ। 'ਪਸ਼ਯੰਤੀ ਬਾਨੀ' ਮਨੋਮਯ ਕੋਸ਼ ਦਾ ਖੱਬਾ ਖੰਭ ਹੈ। ਬੈਖਰੀ ਬਾਨੀ ਦੇ ਸ਼ਬਦ ਦਾ ਅਕਾਰ ਪਸ਼ੰਯਤੀ ਬਾਨੀ ਵਿੱਚ ਬਣਦਾ ਹੈ। ਮੱਧਮਾ ਵਿੱਚ ਅੰਦਰਲੀ ਭਾਵਨਾ ਸ਼ਬਦ ਦਾ ਅਕਾਰ ਧਾਰਨ ਕਰਨ ਲਈ ਉਤੇਜਿਤ ਹੁੰਦੀ ਹੈ। ਇਸ ਲਈ ਮੱਧਮਾ-ਬਾਨੀ ਇਸ ਪੰਛੀ ਦਾ ਸੱਜਾ ਖੰਭ ਹੈ। ਪਰਾ ਬਾਨੀ ਵਿੱਚ ਸਾਰੇ ਗਿਆਨ ਦੀ ਸੂਖਮਤਾ ਸਮਾਈ ਹੁੰਦੀ ਹੈ। ਪਰਾ ਬਾਨੀ ਪੂੰਛ ਹੈ, ਕਿਉਂਕਿ ਮਨ ਦੀ ਸਾਰੀ ਕਿਰਿਆ ਸੰਕਲਪ-ਵਿਕਲਪ ਰੂਪ ਵਿੱਚ ਇਸੇ ਪਰਾ ਤੋਂ ਸ਼ੁਰੂ ਹੁੰਦੀ ਹੈ। ਇਉਂ ਮਨੋਮਯ ਕੋਸ਼ ਪੰਛੀ ਦਾ ਅਕਾਰ ਇਸ ਢੰਗ ਨਾਲ ਸੰਪੂਰਨ ਹੋਇਆ ਹੈ।

**ਪੰਚਹੁੰ ਇੰਦ੍ਰੈ ਗਯਾਨ ਸੁਹਾਇ। ਔਰ ਖਸ਼ਟਮੀ ਬੁੱਧਿ ਮਿਲਾਇ।**
**'ਕੋਸ਼ ਬਿਗਯਾਨ ਮਯੰ' ਇਹ ਜਾਨੋ। ਤਿਨ ਸਮ ਇਹ ਪੰਛੀ ਪਹਿਚਾਨੋ॥ ੩੧॥**

**ਅਰਥ** – ਪੰਜ ਗਿਆਨ ਇੰਦ੍ਰੇ ਸ਼ੋਭਨੀਕ ਹਨ, ਛੇਵੀਂ ਬੁੱਧੀ ਇਸ ਦੇ ਨਾਲ



ਮਿਲਾ ਲਵੋ। ਇਸਨੂੰ ਵਿਗਿਆਨ ਮਯ ਕੋਸ਼ ਜਾਨਣਾ ਕਰੋ। ਉਹਨਾਂ ਵਾਂਗ ਇਸ ਨੂੰ ਵੀ ਪੰਛੀ ਜਾਨਣਾ ਕਰੋ।

**ਭਾਵਾਰਥ** – ਪੰਜੇ ਗਿਆਨ ਇੰਦ੍ਰੇ ਸਰੀਰ ਦੀਆਂ ਕਿਰਿਆਵਾਂ ਲਈ ਉਤੇਜਨਾ ਪੈਦਾ ਕਰਦੇ ਹਨ। ਅੱਖਾਂ ਵੇਖ ਕੇ ਕੁੱਝ ਗ੍ਰਹਿਣ ਕਰਨ ਲਈ ਮਨ ਨੂੰ ਉਤਸ਼ਾਹਿਤ ਕਰਦੀਆਂ ਹਨ, ਪੈਰ (ਕਰਮ ਇੰਦ੍ਰਾ) ਉਸ ਵਸਤੂ ਤੱਕ ਲੈ ਜਾਣ ਦੀ ਕਿਰਿਆ ਨੂੰ ਸ਼ੁਰੂ ਕਰ ਦਿੰਦੇ ਹਨ। ਗਿਆਨ ਇੰਦ੍ਰੇ ਹਰ ਪਦਾਰਥ ਦਾ ਗਿਆਨ ਕਰਵਾਉਣ ਲਈ ਸਹਾਈ ਹੁੰਦੇ ਹਨ। ਬੁੱਧੀ ਦਾ ਕਾਰਜ ਖੇਤਰ ਗਿਆਨ ਹੈ। ਹਰ ਗਿਆਨ ਨੂੰ ਪੈਦਾ ਕਰਨ ਵਿੱਚ ਮਨ ਦਾ ਰੋਲ ਹੁੰਦਾ ਹੈ। ਪਰ ਗਿਆਨ ਦੀ ਸਥਿਰਤਾ ਬੁੱਧੀ ਵਿੱਚ ਹੀ ਹੁੰਦੀ ਹੈ। ਕੰਪਿਊਟਰ ਵਿੱਚ ਰੈਮ ਅੱਖਰਾਂ ਨੂੰ ਧਾਰਨ ਕਰਦੀ ਹੈ; ਡੈਟਾ ਹਾਰਡ-ਡਿਸਕ ਵਿੱਚ ਹੀ ਸੰਭਾਲਿਆ ਜਾ ਸਕਦਾ ਹੈ। ਜੋ ਵੀ ਗਿਆਨ ਜੀਵ ਹਾਸਿਲ ਕਰਦਾ ਹੈ, ਉਹ ਬੁੱਧੀ ਵਿੱਚ ਸਥਿੱਤ ਹੁੰਦਾ ਰਹਿੰਦਾ ਹੈ। ਮਨੁੱਖ ਕੋਲ ਧਰਮ ਦੀ ਹਰ ਵੀਚਾਰ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਹੈ। ਆਮ ਮਨੁੱਖ ਅੱਖਾਂ ਦੁਆਰਾ ਨਜ਼ਰ ਆਉਣ ਵਾਲੇ ਗਿਆਨ ਨੂੰ ਹੀ ਸੱਤ ਕਰਕੇ ਜਾਣਦਾ ਹੈ। ਪਰ ਧਰਮ ਹਰ ਪ੍ਰਕਾਰ ਦਾ ਗਿਆਨਦਾਤਾ ਹੈ। ਧਰਮ ਮਨੁੱਖ ਅੰਦਰ ਅਨਭਵ ਦੇ ਉਜਾਲੇ ਲਈ ਇਕਾਗਰਤਾ ਅਤੇ ਸਾਵਧਾਨੀ ਦਿੰਦਾ ਹੈ। ਜੀਵ ਦੇ ਪੰਛੀ ਸਰੂਪ ਵਿਚ ਉੱਡਣ ਦਾ ਧਰਮ ਵੇਖ ਕੇ ਮਨੁੱਖ ਨੇ ਅਕਾਸ਼ ਵਿੱਚ ਉਡਾਰੀ ਮਾਰਨ ਲਈ ਜਹਾਜ਼ਾਂ ਦਾ ਨਿਰਮਾਣ ਕਰ ਲਿਆ ਹੈ। ਹਰ ਪਾਸੇ ਸਾਇੰਸ ਦੀ ਤਰੱਕੀ ਇਸ ਗਿਆਨ ਨੂੰ ਗ੍ਰਹਿਣ ਕਰਨ ਦੀ ਯੋਗਤਾ ਹੈ। ਪੰਜੇ ਹੀ ਗਿਆਨ ਇੰਦ੍ਰੇ ਅਤੇ ਬੁੱਧੀ ਨਾਲ ਮਿਲਾ ਕੇ ਵਿਗਿਆਨ-ਮਯ ਕੋਸ਼ ਜਾਨਣਾ ਕਰੋ। ਵਿਗਿਆਨਮਯ ਕੋਸ਼ ਦਾ ਸਾਰਾ ਖੇਤਰ ਬੁੱਧੀ ਤੇ ਨਿਰਭਰ ਕਰਦਾ ਹੈ। ਨਿਸ਼ਚੇ ਆਤਮਿਕ ਬੁੱਧੀ ਵਾਲੇ ਕੋਲ ਸ਼ਰਧਾ ਹੁੰਦੀ ਹੈ। ਐਸੀ ਸ਼ਰਧਾ ਹੀ ਵਿਗਿਆਨਮਯ ਕੋਸ਼ ਪੰਛੀ ਦਾ ਸਿਰ ਹੈ। ਗ੍ਰੰਥਾਂ ਦੇ ਪਠਨ-ਪਾਠਨ ਦੁਆਰਾ ਨਿਸ਼ਚੇ ਲਈ ਪ੍ਰਾਪਤ ਹੋਏ ਅਰਥ ਖੱਬਾ ਖੰਭ ਹੈ। ਇਹਨਾਂ ਅਰਥਾ ਨੂੰ 'ਆਪਣੀ ਜਿੰਦਗੀ ਵਿੱਚ ਧਾਰਨ ਕਰਨ ਲਈ' ਯਤਨ ਕਰਕੇ 'ਨਿਸ਼ਚੇ' ਨੂੰ ਦ੍ਰਿੜਤਾ ਵਿੱਚ ਹਾਸਿਲ ਕਰ ਲੈਣਾ ਸੱਜਾ ਖੰਭ ਹੈ। ਜਿਸ ਕਾਰਜ ਕਰਨ ਦਾ ਨਿਸ਼ਚਾ ਬੁੱਧੀ ਨੇ ਕੀਤਾ ਹੋਵੇ, ਉਸ ਦੇ ਮਹੱਤਵ ਨੂੰ ਸਮਝਣਾ ਇਸ ਦੀ ਪੂੰਛ ਹੈ। ਮਹੱਤਵ ਨੂੰ ਸਮਝਣ ਵਾਲਾ ਹੀ ਬੁੱਧੀ ਵਿੱਚ ਨਿਸ਼ਚੇ ਨੂੰ ਧਾਰਨ ਕਰਕੇ ਕਾਰਜ ਦੀ ਸਫਲਤਾ ਲਈ ਯਤਨ ਕਰਦਾ ਹੈ। ਇਸ ਪ੍ਰਕਾਰ ਵਿਗਿਆਨਮਯ ਕੋਸ਼ ਪੰਛੀ ਦਾ ਅਕਾਰ ਪੂਰਾ ਹੋਇਆ।

**ਤੀਨ ਕੋਸ਼ ਜੋ ਕਰੇ ਬਖਾਨ। ਏ ਹੈਂ ਲਿੰਗ ਸਰੀਰ ਪਛਾਨ।**
**ਪੰਚਹੁੰ ਕੋਸ਼ ਰੁ ਤੀਨ ਸਰੀਰ। ਬਰਨਨ ਕਰੇ ਲਖਹੁ ਉਰ ਧੀਰ॥ ੩੨॥**

**ਅਰਥ** – ਤਿੰਨ ਕੋਸ਼ (ਪ੍ਰਾਣਮਯ, ਮਨੋਮਯ, ਵਿਗਿਆਨਮਯ) ਜਿਹੜੇ ਕਥਨ ਕੀਤੇ ਹਨ; ਇਹ ਤਿੰਨੇ ਹੀ ਲਿੰਗ ਸੂਖਸ਼ਮ ਸਰੀਰ ਵਿੱਚ ਵੀਚਾਰ ਸਹਿਤ ਪਹਿਚਾਨਣਾ ਕਰੋ। ਪੰਜ ਕੋਸ਼ ਅਤੇ ਤਿੰਨ ਸਰੀਰਾਂ ਦਾ ਕਥਨ ਕੀਤਾ ਹੈ ; ਇਸ ਨੂੰ ਜਾਣ ਕਰਕੇ ਹਿਰਦੇ ਵਿੱਚ ਧਾਰਨ ਕਰੋ।

**ਭਾਵਾਰਥ** - ਇੱਕ ਕੋਸ਼ ਸਥੂਲ ਸਰੀਰ ਵਿੱਚ ਹੈ। ਕੁੱਝ ਸਰੀਰ ਨੂੰ ਹੀ ਆਤਮਾ ਦਾ ਰੂਪ ਸਮਝਦੇ ਹਨ। ਪਰ ਸਰੀਰ ਆਤਮਾ ਨਹੀਂ ਹੈ, ਕਿਉਂਕਿ ਸਰੀਰ ਦੇ ਕਿਸੇ ਅੰਗ ਦੀ ਅਣਹੋਂਦ ਅਤੇ ਪ੍ਰਾਣਾਂ ਦੀ ਹੋਂਦ ਸਦਕੇ ਸਰੀਰ ਦੀ ਹੈਸੀਅਤ ਕਾਇਮ ਰਹਿੰਦੀ ਹੈ। ਤਾਂ ਸਰੀਰ ਵਿਚ ਪ੍ਰਾਣਾਂ ਦੀ ਹੋਂਦ ਸੂਖਮ ਹੈ, ਪ੍ਰਾਣਾਂ ਦੇ ਆਸਰੇ ਸਰੀਰ ਦੀਆਂ ਕਿਰਿਆਵਾਂ ਹੁੰਦੀਆਂ ਹਨ। ਇਸ ਲਈ ਪ੍ਰਾਣ-ਮਯ ਕੋਸ਼ ਨੂੰ ਕੁੱਝ ਆਤਮਾ ਮੰਨਣ ਲੱਗ ਪਏ। ਕਰਮ ਇੰਦ੍ਰੇ ਕਿਰਿਆ ਕਰਨ ਲਈ ਪ੍ਰਾਣ ਦਾ ਆਸਰਾ ਭਾਲਦੇ ਹਨ। ਪਰ ਪ੍ਰਾਣ ਵੀ ਕੁੱਝ ਕਰਨ ਦੇ ਸਮਰੱਥ ਨਹੀਂ, ਜੇ ਕੁੱਝ ਕਰਨ ਲਈ ਮਨ ਦਾ ਸੰਕਲਪ ਸਹਾਈ ਨਾ ਹੋਵੇ, ਇਸੇ ਲਈ ਪ੍ਰਾਣਮਯ ਕੋਸ਼ ਆਤਮਾ ਨਹੀਂ ਹੈ। ਜੇ ਐਸਾ ਹੁੰਦਾ, ਤਾਂ ਬੇਹੋਸ਼ੀ (ਕੋਮਾ) ਵਿੱਚ ਮਨੁੱਖ ਦੇ ਪ੍ਰਾਣ ਤਾਂ ਚੱਲਦੇ ਹਨ, ਪਰ ਚੇਤਨਾ ਨਹੀਂ ਹੁੰਦੀ। ਇਸ ਲਈ ਮਨੋਮਯ ਕੋਸ਼ ਆਤਮਾ ਹੈ। ਮਨ ਦੇ ਸੰਕਲਪ ਸਾਕਾਰ ਬਣਨ ਲਈ ਕਰਮ ਇੰਦ੍ਰਿਆਂ ਦਾ ਸਹਾਰਾ ਹਾਸਿਲ ਕਰਦੇ ਹਨ। ਕਰਮ ਇੰਦ੍ਰੇ ਮਨ ਦੇ ਤਣੇ ਹੋਏ ਤਾਣੇ ਨੂੰ ਸਰੀਰ ਰਾਹੀਂ ਦੂਜਿਆਂ ਨਾਲ ਜੋੜਦੇ ਹਨ। ਪਰ ਜੇ ਗਿਆਨ ਇੰਦ੍ਰਿਆਂ ਦੁਆਰਾ ਮਿਲੇ ਹੋਏ ਗਿਆਨ ਨੂੰ ਬੁੱਧੀ ਅੰਦਰੋਂ ਪ੍ਰੇਰਨਾ ਨਾ ਮਿਲੇ ਤਾਂ ਮਨ ਇਸ ਤਾਣੇ ਨੂੰ ਤਣ (ਬਣਾਉਣਾ) ਹੀ ਨਹੀਂ ਸਕਦਾ। ਇਸ ਲਈ ਮਨੋਮਯ ਕੋਸ਼ ਆਤਮਾ ਨਹੀਂ ਹੈ; ਵਿਗਿਆਨਮਯ ਕੋਸ਼ ਆਤਮਾ ਹੈ। ਇਹ ਤਿੰਨੇ ਕੋਸ਼ ਸੂਖਸ਼ਮ ਸਰੀਰ ਵਿੱਚ ਹੁੰਦੇ ਹਨ। ਕਿਉਂਕਿ ਸੂਖਸ਼ਮ ਸਰੀਰ ਸਤਾਰਾਂ ਤੱਤਾਂ (ਪੰਜ ਕਰਮ, ਪੰਜ ਗਿਆਨ ਇੰਦ੍ਰੇ ਅਤੇ 'ਮਨ ਤੇ ਬੁਧਿ') ਦਾ ਹੁੰਦਾ ਹੈ। ਇਸ ਤਰ੍ਹਾਂ ਪੰਜ ਕੋਸ਼ ਅਤੇ ਤਿੰਨ ਸਰੀਰ ਇਹਨਾਂ ਦਾ ਕਥਨ ਵਿਸਥਾਰ ਸਹਿਤ ਕੀਤਾ ਹੈ, ਧੀਰਜਵਾਨ ਸ਼ਬਦ ਨਾਲ ਭਾਈ ਸਾਹਿਬ ਜੀ ਨੇ ਸੰਬੋਧਨ ਕੀਤਾ ਹੈ। ਧੀਰਜਵਾਨ ਮਨੁੱਖ ਤਰੱਕੀ ਦੇ ਰਸਤੇ ਉੱਪਰ ਚੱਲ ਸਕਦਾ ਹੈ, ਚੰਚਲਤਾਈ ਵਾਲਾ ਹਰ ਥਾਂ ਤੇ ਠੋਕਰਾਂ ਖਾਂਦਾ ਹੈ। ਧੀਰਜਵਾਨ ਲਈ ਦੁੱਖ ਦਾਰੂ ਹੁੰਦਾ ਹੈ, ਚੰਚਲ ਮਨੁੱਖ ਲਈ ਦੁੱਖ ਪਹਾੜ (ਥੋੜ੍ਹਾ ਜਿਹਾ ਵੀ ਨਾ ਖਤਮ ਹੋਣ ਵਾਲਾ



ਲੱਗਣਾ) ਹੁੰਦਾ ਹੈ; ਇਸੇ ਲਈ ਉਹ ਦੂਜਿਆਂ ਨੂੰ ਆਪਣੀ ਮਾੜੀ ਸੋਚ ਦਾ ਸ਼ਿਕਾਰ ਬਣਾ ਲੈਂਦਾ ਹੈ। ਭਾਈ ਸਾਹਿਬ ਜੀ ਹਰ ਸਿੱਖ ਦਾ ਧਿਆਨ ਕੇਂਦ੍ਰਿਤ ਕਰ ਰਹੇ ਹਨ, ਹੇ ਭਾਈ! ਗਿਆਨ ਨੂੰ ਪ੍ਰਾਪਤ ਕਰਨ ਲਈ ਬਹੁਤ ਧੀਰਜ ਦੀ ਜ਼ਰੂਰਤ ਹੈ। ਅੰਦਰਲੀਆਂ ਪਰਤਾਂ ਗਿਆਨ ਦੀ ਗਹਿਨਾਈ ਰਾਂਹੀ ਮਿਲਦੀਆਂ ਜਾਣਗੀਆਂ। ਕਿਤਨੀ ਕਮਾਲ ਦੀ ਭਾਵਨਾ ਦੁਆਰਾ ਭਾਈ ਸਾਹਿਬ ਜੀ ਨੇ ਸੰਬੋਧਨ ਕੀਤਾ ਹੈ। ਚਾਰ ਕੋਸ਼ਾਂ ਦਾ ਕਥਨ ਕਾਰਣ ਸਰੀਰ ਦੇ ਅਨੰਦਮਯ ਕੋਸ਼ ਤੋਂ ਬਾਅਦ ਵਿੱਚ ਕੀਤਾ ਹੈ। ਸਰੀਰ ਹੈ ਤਾਂ ਕੋਸ਼ਾਂ ਦੀ ਗੱਲ ਤੁਰੇਗੀ, ਜੇ ਮਿਆਨ ਬਣਾਉਣ ਲਈ ਲੱਕੜੀ ਜਾਂ ਕੋਈ ਸਾਧਨ ਹੋਵੇਗਾ, ਤਾਂ ਹੀ ਮਿਆਨ ਬਣੇਗਾ; ਮਿਆਨ ਦੀ ਜ਼ਰੂਰਤ ਕ੍ਰਿਪਾਨ ਨੂੰ ਹੁੰਦੀ ਹੈ। ਕ੍ਰਿਪਾਨ 'ਕਾਰਣ ਸਰੀਰ' ਦੇ ਅੰਦਰ 'ਅਨੰਦਮਯ ਕੋਸ਼' ਦਾ ਅਨੰਦ ਰੂਪ ਆਤਮਾ ਹੈ। ਜੋ ਆਖਦਾ ਹੈ, 'ਅੱਜ ਬਹੁਤ ਅਨੰਦ ਆਇਆ, ਪਤਾ ਹੀ ਨਹੀਂ ਲੱਗਿਆ!' ਪਤਾ ਨਾ ਲੱਗਣਾ ਅਗਿਆਨ ਹੈ, ਬਹੁਤ ਅਨੰਦ ਆਇਆ ਚੇਤਨਾ ਹੈ।

**ਸਤਿ ਚੇਤਨ ਆਨੰਦ ਸਰੂਪ। ਸੂਖਮ ਤੇ ਸੂਖਮ ਅਨਰੂਪ।**
**ਇੰਦ੍ਰਯ ਥੂਲ ਬਿਸ਼ੈ ਕਿਮ ਹੋਇ? ਬੁਧਿ ਸੂਖਮ ਤੇ ਲਖੀਏ ਸੋਇ॥ ੩੩ ॥**

**ਅਰਥ** – ਜੋ ਸਤ ਚੇਤਨ ਅਨੰਦ ਸਰੂਪ ਹੈ; ਉਸਨੂੰ ਸੂਖਮ ਤੋਂ ਵੀ ਸੂਖਮ ਜਾਨਣਾ ਕਰੋ, ਜੋ ਰੂਪ ਤੋਂ ਰਹਿਤ ਹੈ। ਇਸ ਲਈ ਸਥੂਲ ਇੰਦ੍ਰੀਆਂ ਦੇ ਪ੍ਰਤੱਖ ਕਿਵੇਂ ਹੋ ਸਕਦਾ ਹੈ? ਸੂਖਮ ਵੀਚਾਰ ਵਾਲੀ ਬੁੱਧੀ ਦੁਆਰਾ ਉਸਨੂੰ ਜਾਣੀਦਾ ਹੈ।

**ਭਾਵਾਰਥ** – ਅਨੰਦ ਹੀ ਚੇਤਨ ਰੂਪ ਹੈ। ਚੇਤਨ ਮਨੁੱਖ ਹੀ ਅਨੰਦ ਮਾਣ ਸਕਦਾ ਹੈ। ਗਰੀਬ ਸ਼ਾਮ ਨੂੰ ਪੰਜਾਹ ਰੁਪਏ ਕਮਾ ਕੇ ਬਹੁਤ ਹੀ ਖੁਸ਼ ਹੋ ਕੇ ਘਰ ਪਰਤਦਾ ਹੈ, ਪਰ ਕੰਜੂਸ ਲੱਖਾਂ ਕਮਾ ਕੇ ਵੀ ਤ੍ਰਿਸ਼ਨਾ ਦਾ ਸ਼ਿਕਾਰ ਹੋਇਆ ਦੁਖੀ ਹੀ ਰਹਿੰਦਾ ਹੈ। ਚੇਤਨਾ ਹੀ ਅਨੰਦ ਨੂੰ ਮਾਨਣ ਵਿੱਚ ਸਹਾਈ ਹੁੰਦਾ ਹੈ। ਆਤਮਾ ਨੂੰ ਅਨੰਦ ਰੂਪ ਦੇ ਨਾਲ ਹੀ ਚੇਤਨ ਵੀ ਕਿਹਾ ਹੈ। ਚੇਤਨਾ ਕਿਸੇ ਸੱਤ ਵਸਤੂ ਦੀ ਹੁੰਦੀ ਹੈ। ਜੇ ਰਸ ਦੀ ਹੈਸੀਅਤ ਹੋਵੇਗੀ ਤਾਂ ਫਲ ਵਧੇ-ਫੁੱਲੇਗਾ। ਜੇ ਸੱਤਾ ਹੀ ਨਾ ਹੋਈ ਤਾਂ ਫਲ ਵਿੱਚ ਚੇਤਨਾ ਨਹੀਂ ਹੋਵੇਗੀ, ਫਲ ਸੁੱਕ ਜਾਏਗਾ। ਜੇ ਫਲ ਆਪਣਾ ਨਿਯਤ ਕੀਤਾ ਸਮਾਂ ਪੂਰਾ ਨਾ ਕਰੇ ਤਾਂ ਫਲ ਦਾ ਰਸ ਅਨੰਦ ਨਹੀਂ ਦੇਵੇਗਾ। ਭਾਈ ਸਾਹਿਬ ਜੀ ਆਖਦੇ ਹਨ, ਆਤਮਾ ਸਤ-ਚੇਤਨ-ਅਨੰਦ ਸਰੂਪ ਹੈ। ਸੂਖਮ ਤੋਂ ਵੀ ਸੂਖਮ ਰੂਪ ਰਹਿਤ ਹੈ, ਇਹਨਾਂ ਵੀਚਾਰਾਂ ਨੂੰ ਸਮਝਣ ਵਾਸਤੇ ਉਦਾਹਰਣਾਂ ਵਰਤੀਆਂ ਜਾ ਸਕਦੀਆਂ ਹਨ। ਪਰ ਉਦਾਹਰਣ ਦਾ ਹਰ ਅੰਗ ਸੂਖਮ ਵੀਚਾਰ ਦੇ ਅਨੁਸਾਰੀ ਹੋਣਾ

ਕੋਈ ਜ਼ਰੂਰੀ ਨਹੀਂ। ਕੋਈ ਵੀ ਫਾਰਮੂਲਾ ਸਮਝਾਉਣ ਲਈ ਯੁਕਤੀ ਦਾ ਵਰਤਣਾ ਫਾਲਮੂਲਾ ਨਹੀਂ ਹੁੰਦਾ ਹੈ। ਸਮਝਣ ਲਈ ਕੇਵਲ ਸਾਧਨ ਮਾਤ੍ਰ ਹੈ। ਇੰਦ੍ਰੇ ਸਥੂਲ ਹਨ, ਆਤਮ-ਗਿਆਨ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਨ ? ਕੇਵਲ ਬੁੱਧੀ ਦੀ ਸੂਖਮਤਾ ਹੀ ਗ੍ਰਹਿਣ ਕਰਨ ਦੀ ਸਮਰੱਥਾ ਰੱਖਦੀ ਹੈ। ਜਿਵੇਂ ਸਾਨੂੰ ਅੱਖਾਂ ਦੀਆਂ ਪਲਕਾਂ ਆਦਿ ਤੋਂ ਲੈ ਕੇ ਨਿਕਟਵਰਤੀ ਪ੍ਰਤੰਗ (ਅੰਗ ਦੇ ਅੰਦਰੂਨੀ ਭਾਗ) ਨਜ਼ਰ ਨਹੀਂ ਆਉਂਦੇ। ਜਦੋਂ ਸ਼ੀਸੇ ਦੇ ਸਾਹਮਣੇ ਆ ਜਾਈਏ ਤਾਂ ਅੱਖ ਹੀ ਆਪਣੇ ਨਿਕਟਵਰਤੀ ਪ੍ਰਤੰਗਾਂ ਨੂੰ ਵੇਖਣ ਯਤਨ ਕਰ ਸਕਦੀ ਹੈ। ਸਰੀਰ ਤੋਂ ਬੇ-ਖਬਰ ਸ਼ੀਸ਼ੇ ਦੇ ਸਾਹਮਣੇ ਖੜ ਕੇ ਵੀ ਆਪਣੀ ਕਾਲਖ ਨੂੰ ਧੋਣ ਲਈ ਉਤਸ਼ਾਹਿਤ ਨਹੀਂ ਹੁੰਦਾ ਹੈ। ਇਸੇ ਲਈ ਭਾਈ ਸਾਹਿਬ ਜੀ ਨੇ ਬੁੱਧੀ ਦੀ ਸੂਖਮਤਾ ਬਾਬਤ ਕਿਹਾ ਹੈ। ਹਰ ਮਨੁੱਖ ਬੁੱਧੀ ਰਖਦਾ ਹੈ, ਆਪਣੇ ਸੁੱਖ ਅਨੁਸਾਰ ਚਲਣ ਦਾ ਆਦੀ ਵੀ ਹਰ ਮਨੁੱਖ ਹੁੰਦਾ ਹੈ। ਆਪਣੀ ਤਰੱਕੀ ਤੇ ਸਫਲਤਾ ਲਈ ਮਿਹਨਤ ਕਰਨੀ ਬੁੱਧੀ ਦੀ ਸੂਖਮਤਾ ਵਾਲਿਆਂ ਦੇ ਹਿੱਸੇ ਆਇਆ ਹੈ। ਉਹ ਗੁਰੂ ਦੀ ਸਿਧਾਂਤਕ ਵੀਚਾਰ ਦੇ ਸ਼ੀਸ਼ੇ ਦੇ ਸਾਹਮਣੇ ਖਲੋ ਕੇ ਆਪਣੇ ਜੀਵਨ ਲਈ ਗਿਆਨ ਨੂੰ ਹਾਸਿਲ ਕਰਦਾ ਰਹਿੰਦਾ ਹੈ। ਉਸ ਕੋਲ ਬੁੱਧੀ ਦੀ ਸੂਖਮਤਾ ਵਾਲੀ ਧਾਰ ਹੁੰਦੀ ਹੈ। ਇੱਕ ਪੱਤੀ ਦਾ ਇੱਕ ਪਾਸਾ ਤਿੱਖਾ ਕਰਕੇ ਚਾਕੂ ਬਣ ਜਾਂਦਾ ਹੈ। ਇਉਂ ਹੀ ਬੁੱਧੀ ਨੂੰ ਸੂਖਮਤਾ ਦੀ ਸਾਣ ਆਤਮ ਰੂਪ ਬਣਾਉਣ ਵਿੱਚ ਸਹਾਈ ਹੁੰਦੀ ਹੈ।

**ਤਿਸ ਕੇ ਢਿਗ ਵਰਤੀ ਬੁਧਿ ਏਕ। ਯਾਂਤੇ ਇਹ ਲਖਿ ਸਕਹਿ ਬਿਬੇਕ।**
**ਰਚਯੋ ਜੁ ਮਨ ਮਹਿਦ ਪ੍ਰਵਾਹ। ਕਰਯੋ ਵਹਿਰ ਕੋ ਅੰਤਰ ਨਾਂਹਿ॥ ੩੪॥**

**ਅਰਥ** - ਆਤਮਾ ਦੇ ਨਿਕਟਵਰਤੀ ਕੇਵਲ ਬੁੱਧੀ ਵਰਤਦੀ ਹੈ। ਇਸ ਕਰਕੇ ਇਹੀ ਇਸ ਦੇ ਵਿਵੇਕ ਨੂੰ ਜਾਣ ਸਕਦੀ ਹੈ। ਜਿਹੜਾ ਮਨ ਬਹੁਤ ਹੀ ਤੇਜ ਵੇਗ ਹੈ; ਉਸ ਨੂੰ ਕੇਵਲ ਬਾਹਰ ਮੁੱਖ ਹੀ ਰਚਿਆ ਗਿਆ, ਅੰਤਰ ਮੁੱਖ ਨਹੀਂ ਰਚਿਆ ਗਿਆ।

**ਭਾਵਰਥ** - ਆਤਮਾ ਨੂੰ ਜਾਨਣ ਲਈ ਬ੍ਰਿਤੀ ਗਿਆਨ ਹੁੰਦਾ ਹੈ। ਬੁੱਧੀ ਦੇ 'ਨੇੜੇ ਸ਼ਬਦ' ਤੋਂ ਭਾਵ-ਜੋ ਨਿਸ਼ਚਾ ਅੰਤਹਕਰਣ ਵਿੱਚ ਪ੍ਰਪੱਕ ਹੋ ਜਾਏ ਉਹ ਬੁੱਧੀ ਅਖਵਾਉਂਦਾ ਹੈ। ਦੂਜੇ ਲਫਜ਼ਾ ਵਿਚ, 'ਅੰਤਹਕਰਣ ਦੀ ਨਿਸ਼ਚੇਆਤਮਿਕ ਬ੍ਰਿਤੀ ਬੁੱਧੀ ਅਖਵਾਉਂਦੀ ਹੈ। ਅੰਤਹਕਰਣ ਦੀਆਂ ਚਾਰ ਅਵਸਥਾਵਾਂ ਹੁੰਦੀਆਂ ਹਨ; ਮਨ, ਬੁਧਿ, ਚਿਤ, ਅਹੰਕਾਰ। ਕੁੱਝ ਇਹਨਾਂ ਚਾਰ ਵਿਚੋਂ ਦੋ ਨੂੰ ਮਨ, ਬੁਧਿ ਵਿਚ ਹੀ



ਅੰਤਰਭਾਵ ਕਰ ਦਿੰਦੇ ਹਨ। ਜਿਵੇਂ ਇੱਕ ਹੀ ਮਨੁੱਖ ਜਦੋਂ ਰਸੋਈ ਦਾ ਕੰਮ ਕਰਦਾ ਹੈ, ਤਾਂ ਰਸੋਈਆ ਹੁੰਦਾ ਹੈ। ਜਦੋਂ ਗ੍ਰੰਥਾਂ ਦਾ ਪਠਨ-ਪਾਠਨ ਕਰਦਾ ਹੈ, ਤਾਂ ਪਾਠਕ ਅਖਵਾਉਂਦਾ ਹੈ। ਜਦੋਂ ਦੁਸ਼ਮਣਾਂ ਨਾਲ ਲੋਹਾ ਲੈਂਦਾ ਹੈ, ਤਾਂ ਸੂਰਮਾ ਅਖਵਾਉਂਦਾ ਹੈ। ਜਿਸ ਬੁੱਧੀ ਦਾ ਨਿਸ਼ਚਾ ਆਤਮ ਗਿਆਨ ਵਿਚ ਨਿਸ਼ਠਾ ਲਈ ਉਦਿੱਤ ਹੁੰਦਾ ਹੈ, ਤਦੋਂ ਉਸਨੂੰ ਜਾਨਣ ਦੀ ਉਤਸੁਕਤਾ ਪ੍ਰਗਟ ਹੋ ਜਾਂਦੀ ਹੈ। ਇਸ ਉਤਸੁਕ ਬ੍ਰਿਤੀ ਨੂੰ ਨੇੜੇ ਦੀ ਬੁੱਧੀ ਆਖਿਆ ਹੈ। ਜਦੋਂ ਬੁੱਧੀ ਦੇ ਨਿਸ਼ਚੇ ਅਨੁਸਾਰ ਆਤਮਾ ਨੂੰ ਜਾਨਣ ਲਈ ਸਜਾਤਾਕਾਰ ਬ੍ਰਿਤੀ ਦਾ ਪ੍ਰਵਾਹ ਚਲਦਾ ਹੈ; ਤਦੋਂ ਇਸ ਨੂੰ ਸਮਝਿਆ ਜਾ ਸਕਦਾ ਹੈ। ਸਜਾਤਾਕਾਰ ਬ੍ਰਿਤੀ ਨੂੰ ਵਿਵੇਕਸ਼ੀਲ ਹੀ ਜਾਣਦਾ ਹੈ। ਕਿਉਂਕਿ ਇਹ ਗਿਆਨ ਅੰਤਰਮੁਖ ਹੋ ਕੇ ਜਾਣਿਆ ਜਾ ਸਕਦਾ ਹੈ। ਹਰ ਗਿਆਨ ਅੰਦਰੋਂ ਬਾਹਰ ਨੂੰ ਸਮਝਣ ਲਈ ਤੁਰਦਾ ਹੈ। ਪਾਣੀ ਕੱਢਣ ਵਾਲੀ ਮੋਟਰ ਦਾ ਪਾਣੀ ਧਰਤੀ ਵਿੱਚੋਂ ਚਲ ਕੇ ਬਾਹਰ ਖੇਤ ਤੱਕ ਪਹੁੰਚਦਾ ਹੈ। ਕਦੇ ਗੋਲ ਪਾਇਪ ਦਾ ਅਕਾਰ ਕਦੇ ਟੈਂਕੀ ਦਾ ਅਕਾਰ, ਕਦੇ ਖੇਤ ਤੱਕ ਪਹੁੰਚਣ ਵਾਲੇ ਖਾਲ ਦਾ ਅਕਾਰ ਅਤੇ ਖੇਤ ਦਾ ਅਕਾਰ ਧਾਰਨ ਕਰਦਾ ਹੈ। ਪਰ ਖੇਤ ਨੂੰ ਪਾਣੀ ਦੇਣ ਲਈ ਕਿਸੇ ਨੇ ਉਲਟ ਵਿਧੀ ਨੂੰ ਅਪਣਾਇਆ ਨਹੀਂ ਹੈ। ਇਵੇਂ ਹੀ ਆਤਮਾ 'ਮਨੁੱਖ ਦੀ ਅਸਲੀਅਤ' ਧਰਤੀ ਹੇਠਲਾ ਪਾਣੀ ਹੈ। ਇਸ ਪਾਣੀ ਨੂੰ ਪ੍ਰਾਪਤ ਕਰਨ ਲਈ ਬੁੱਧੀ ਰੂਪ ਸਾਧਨ ਮੋਟਰ ਹੈ। ਮਨ ਰੂਪ ਪਾਇਪ ਹੈ, ਜਿਸ ਦੁਆਰਾ ਬ੍ਰਿਤੀ ਦਾ ਵਿਕਾਸ ਹੁੰਦਾ ਹੈ। ਆਤਮਾ ਰੂਪ ਪਾਣੀ ਸਾਰੀ ਜੀਵਨ ਕਿਰਿਆ ਦੇ ਖੇਤ ਨੂੰ ਸਿੰਜਦਾ ਹੈ। ਇਸ ਲਈ ਇਹ ਗਿਆਨ ਦੀ ਪ੍ਰਵਿਰਤੀ ਬਾਹਰ ਨੂੰ ਹੈ, ਅੰਦਰ ਨੂੰ ਨਹੀਂ ਹੁੰਦੀ।

**ਤਿਮ ਇੰਦ੍ਰੈ ਜੇ ਪੰਚਹੁੰ ਗਯਾਨ। ਇਨ ਕੋ ਭੀ ਕਿਯ ਵਹਿਰ ਪਯਾਨ।**
**ਪੰਚਹੁੰ ਵਿਸ਼ੈ ਵਹਿਰ ਕੋ ਗਹੈਂ। ਕਿਸ ਪ੍ਰਕਾਰ ਮਨ ਕੋ ਨਹਿੰ ਲਹੈਂ॥ ੩੫॥**

**ਅਰਥ** - ਉਸੇ ਪ੍ਰਕਾਰ ਜਿਹੜੇ ਪੰਜੇ ਗਿਆਨ ਇੰਦ੍ਰੇ ਹਨ; ਇਹਨਾਂ ਦਾ ਵੀ ਬਾਹਰ ਨੂੰ ਹੀ ਚਲਣਾ ਹੁੰਦਾ ਹੈ। ਇਹ ਆਪਣੇ ਆਪਣੇ ਵਿਸ਼ੇ ਨੂੰ ਬਾਹਰ ਤੋਂ ਗ੍ਰਹਿਣ ਕਰਨ ਲਈ ਚਲਦੇ ਹਨ। ਕਿਸੇ ਤਰ੍ਹਾਂ ਵੀ ਮਨ ਨੂੰ ਪਕੜਨ ਵੱਲ ਇਹਨਾਂ ਦੀ ਸਮਰਥਾ ਨਹੀਂ ਹੁੰਦੀ ਹੈ।

**ਭਾਵਾਰਥ** - ਜਿਵੇਂ ਮਨ ਆਪਣੇ ਅੰਦਰਲੀ ਆਤਮਾ ਨੂੰ ਗ੍ਰਹਿਣ ਕਰਨ ਲਈ ਸਮਰੱਥ ਨਹੀਂ, ਇਸੇ ਲਈ ਆਤਮਾ ਨੂੰ ਅਗਮ ਕਿਹਾ ਹੈ। ਪਰ ਆਤਮਾ ਮਨ ਦੁਆਰਾ ਬ੍ਰਹਮ ਬ੍ਰਿਤੀ ਰੂਪ ਧਾਰਨ ਕਰਨ ਲੈਂਦੀ ਹੈ, ਜਿਸਨੂੰ ਅਹੰ ਬ੍ਰਹਮ ਆਸਮੀ ਕਿਹਾ ਹੈ।

ਇਸੇ ਤਰ੍ਹਾਂ ਪੰਜੇ ਗਿਆਨ ਇੰਦ੍ਰੇ ਮਨ ਨੂੰ ਵਿਸ਼ੇ ਨਹੀਂ ਕਰ ਸਕਦੇ। ਕਿਉਂਕਿ ਮਨ ਇਹਨਾਂ ਪੰਜੇ ਗਿਆਨ ਇੰਦ੍ਰਿਆਂ ਤੋਂ ਅੰਦਰ ਵੱਲ ਹੈ। ਇਹ ਵੀ ਬਾਹਰ ਵੱਲ ਨੂੰ ਹੀ ਭੱਜਦੇ ਹਨ, ਕਿਸੇ ਤਰਾਂ ਵੀ ਮਨ ਨੂੰ ਪਕੜ ਨਹੀਂ ਸਕਦੇ।

**ਮਨ ਸਵਧਾਨ ਹੋਇ ਇਨ ਪ੍ਰੇਰੈ। ਪ੍ਰੇਰਤਿ ਕੋ ਹਟਿ ਕਰਿ ਨਹਿੰ ਹੇਰੈਂ।**
**ਮਨ ਸੂਖਮ ਇੰਦ੍ਰੈ ਹੈਂ ਥੂਲ। ਯਾਂਤੇ ਇਨ ਕੋ ਬਿਸ਼ੈ ਨ ਮੂਲ॥ ੩੬॥**

**ਅਰਥ** – ਮਨ ਇਹਨਾਂ ਨੂੰ ਸਾਵਧਾਨ ਹੋ ਕੇ ਪ੍ਰੇਰਦਾ ਰਹਿੰਦਾ ਹੈ। ਇਹ ਆਪਣੇ ਪ੍ਰੇਰਣਹਾਰ ਨੂੰ ਪਿੱਛੇ ਮੁੜ ਕੇ ਨਹੀਂ ਦੇਖਦੇ ਹਨ। ਕਿਉਂਕਿ ਮਨ ਸੂਖਸ਼ਮ ਹੈ; ਮਨ ਦੀ ਵਿਵਸਥਾ ਤੋਂ ਇੰਦ੍ਰੇ ਸਥੂਲ ਹਨ। ਇਸ ਕਰਕੇ ਮਨ ਇਹਨਾਂ ਦਾ ਮੁੱਢੋਂ ਹੀ ਗ੍ਰਹਿਣ ਕਰਨ ਦਾ ਵਿਸ਼ਾ ਨਹੀਂ ਹੈ।

**ਭਾਵਰਥ** – ਜੇ ਮੋਟਰ ਨੇ ਪਾਣੀ ਬਾਹਰ ਵੱਲ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਤਾਂ ਪਾਇਪ ਰਾਹੀਂ ਪਾਣੀ ਚਲਦਾ ਹੋਇਆ ਟੈਕੀਂ ਤੋਂ ਅਗਾਂਹ ਖੇਤ ਤੱਕ ਚਲਦਾ ਹੋਇਆ ਜ਼ਿਮੀਂਦਾਰ ਨੂੰ ਆਪਣੇ ਤੋਂ ਅਗਲੇ ਕੰਮ ਲਈ ਪ੍ਰੇਰਦਾ ਹੈ। ਮਨ ਸਾਵਧਾਨ ਹੋ ਕੇ ਗਿਆਨ ਇੰਦ੍ਰਿਆਂ ਨੂੰ ਪ੍ਰੇਰਦਾ ਹੈ। ਕਿਉਂਕਿ ਮਨ ਸੂਖਮ ਹੈ, ਮਨ ਦੀ ਦ੍ਰਿਸ਼ਟੀ ਤੋਂ ਇੰਦ੍ਰੇ ਸਥੂਲ ਹਨ; ਇੰਦ੍ਰੇ ਬਾਹਰ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨਾਲ ਜੂਝਣਾ ਸ਼ੁਰੂ ਕਰ ਦਿੰਦੇ ਹਨ। ਬਾਹਰੀ ਗਿਆਨ ਨਾਲ ਇਕਸੁਰ ਹੋਏ ਇੰਦ੍ਰੇ ਅੰਦਰਲੇ ਗਿਆਨ ਵੱਲ ਧਿਆਨ ਹੀ ਨਹੀਂ ਦਿੰਦੇ; ਤਾਂ ਹੀ ਸਾਨੂੰ ਆਪਣੇ ਸਰੀਰ ਤੇ ਜੀਵਾਤਮਾ ਵਿਚਲਾ ਫਰਕ ਨਜ਼ਰ ਹੀ ਨਹੀਂ ਆਉਂਦਾ। ਰੰਗਲੀ ਦੁਨੀਆਂ ਦਾ ਤਮਾਸ਼ਾ ਹੀ ਇੰਦ੍ਰੀਆਂ ਦਾ ਨਿਸ਼ਾਨਾ ਬਣ ਜਾਂਦਾ ਹੈ।

**ਤੈਸੇ ਮਨ ਕੋ ਬਿਸ਼ੈ ਨ ਆਤਮ। ਜਾਨ ਸਕੈ ਨਹਿੰ ਅਹੈ ਅਨਾਤਮ।**
**ਸੂਖਮ ਆਤਮ ਮਨ ਹੈ ਥੂਲ। ਨਹੀਂ ਜਾਇ ਤਿਸ ਕੀ ਦਿਸ਼ ਭੂਲ॥ ੩੭॥**

**ਅਰਥ** – ਇਸੇ ਪ੍ਰਕਾਰ ਮਨ ਦਾ ਵਿਸ਼ੇ ਆਤਮਾ ਨਹੀਂ ਹੈ; ਇਹ ਇਸ ਕਰਕੇ ਹੈ ਕਿਉਂਕਿ ਮਨ ਤਾਂ ਆਪ ਜੜ੍ਹ (ਅਨਾਤਮ) ਹੈ। ਮਨ ਦੀ ਸਥਿਤੀ ਤੋਂ ਆਤਮਾ ਸੂਖਸ਼ਮ ਹੈ। ਮਨ ਤਾਂ ਭੁੱਲ ਕੇ ਵੀ ਆਤਮਾ ਵੱਲ ਨੂੰ ਨਹੀਂ ਤੁਰਦਾ ।

**ਭਾਵਾਰਥ** – ਜਿਵੇਂ ਇੰਦ੍ਰੇ ਆਪਣੀ ਹੀ ਦੁਨੀਆਂ ਵਿੱਚ ਮਸਤ ਹੋ ਜਾਂਦੇ ਹਨ; ਇਵੇਂ ਹੀ ਮਨ ਆਪਣੀ ਦੁਨੀਆਂ ਵਿਚ ਡੁੱਬ ਜਾਂਦਾ ਹੈ। ਮਨ ਵੀ ਕਦੇ ਆਪਣੇ ਅੰਦਰਲੀ ਆਤਮਾ (ਚੇਤਨ) ਵੱਲ ਗੌਰ ਨਹੀਂ ਕਰਦਾ। ਬਹੁਤ ਵਾਰ ਸਾਡੀਆਂ ਅੱਖਾਂ ਕਿਸੇ ਬਾਹਰ ਵੱਲ ਵੇਖ ਰਹੀਆਂ ਹੁੰਦੀਆਂ ਹਨ, ਜੁਬਾਨ ਸ਼ਬਦ ਬੋਲੀ ਜਾ ਰਹੀ ਹੁੰਦੀ



ਹੈ; ਪਰ ਮਨ ਆਪਣੀ ਹੀ ਦੁਨੀਆਂ ਵਿੱਚ ਇਸ ਸਾਰੇ ਇੰਦ੍ਰੇ-ਗਿਆਨ ਤੋਂ ਬੇ-ਖਬਰ ਆਪਣਾ ਹੀ ਤਾਣਾ ਤਣ ਕੇ ਉਲਝ ਰਿਹਾ ਹੁੰਦਾ ਹੈ। ਗੂਢ-ਗਿਆਨ ਦੱਸਦਾ ਹੈ, ਕਿ ਇਹ ਮਨ ਦਾ ਕਸੂਰ ਨਹੀਂ ਹੈ; ਕਿਉਂਕਿ ਮਨ ਅਨਾਤਮ ਪੰਜਾਂ ਤੱਤਾਂ ਦੀ ਸਤੋ-ਅੰਸ਼ ਤੋਂ ਬਣਿਆ ਹੈ। ਸ਼ੀਸਾ ਸਾਹਮਣੇ ਆਉਣ ਵਾਲੀ ਵਸਤੂ ਨੂੰ ਉਸਦਾ ਰੂਪ ਤਾਂ ਵਿਖਾ ਦਿੰਦਾ ਹੈ; ਪਰ ਸ਼ੀਸਾ ਆਪ ਵਸਤੂ ਦਾ ਰੂਪ ਨਹੀਂ ਬਣ ਸਕਦਾ। ਇਵੇਂ ਹੀ ਮਨ ਦੀ ਬ੍ਰਿਤੀ ਆਤਮਾਕਾਰ ਤਾਂ ਬਣ ਸਕਦੀ ਹੈ, ਪਰ ਆਤਮਾ ਨੂੰ ਪੂਰਨ-ਰੂਪ ਵਿਚ ਕਥਨ ਨਹੀਂ ਕਰ ਸਕਦੀ। ਕਿਉਂਕਿ ਇਹ ਮਨ ਦਾ ਅਧਿਕਾਰ ਖੇਤਰ ਹੀ ਨਹੀਂ ਹੈ।

**ਪੰਚਹੁੰ ਇੰਦ੍ਰੈ ਮਨ ਖਸ਼ਟਮ ਹੈ। ਵਹਿਰ ਮੁਖੀ ਇਹ ਕਰੇ ਪ੍ਰਥਮ ਹੈ।**
**ਯਾਂਤੇ ਹਤਿ ਹੋਏ ਇਸ ਰੀਤਿ। ਤ੍ਰਿਪਤਹਿੰ ਨਹੀਂ ਧਾਵਤੇ ਨੀਤਿ॥ ੩੮॥**

**ਅਰਥ** – ਪੰਜ ਗਿਆਨ ਇੰਦ੍ਰੇ ਤੇ ਛੇਵਾਂ ਮਨ ਇਹਨਾਂ ਨੂੰ ਕੇਵਲ ਵਹਿਰ ਮੁਖੀ ਹੀ ਸਿਰਜਿਆ ਹੈ। ਇਸੇ ਕਰਕੇ ਇਸ ਢੰਗ ਨਾਲ ਇਹ ਭ੍ਰਿਸ਼ਟ ਹੁੰਦੇ ਹਨ। ਸੰਸਾਰ ਦੇ ਪਦਾਰਥਾਂ ਵੱਲ ਦੌੜਦੇ ਹੋਏ ਕਦੇ ਵੀ ਤ੍ਰਿਪਤ ਨਹੀਂ ਹੁੰਦੇ ਹਨ।

**ਭਾਵਾਰਥ** – ਇਥੇ ਭਾਈ ਸਾਹਿਬ ਜੀ ਪੰਜੇ ਗਿਆਨ ਇੰਦ੍ਰਿਆ ਦੀ ਕਿਰਿਆ ਵੱਲ ਧਿਆਨ ਦਿਵਾਉਂਦੇ ਹਨ। ਹਰ ਵਸਤੂ ਦੀ ਬਣਾਵਟ ਉਸ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਈ ਜਾਂਦੀ ਹੈ। ਜਿਵੇਂ ਬਿਜਲੀ ਨਾਲ ਚੱਲਣ ਵਾਲੇ ਸਾਰੇ ਸਾਧਨ ਕਿਸੇ ਜ਼ਰੂਰਤ ਵਿੱਚੋਂ ਹੀ ਜਨਮ ਲੈਂਦੇ ਹਨ। ਪੱਖਾ ਹਵਾ ਲਈ, ਬਲੱਬ ਪ੍ਰਕਾਸ਼ ਲਈ, ਮੋਟਰ ਮਕੈਨੀਕਲ ਕਾਰਜਾਂ ਲਈ ਇਤਿਆਦਿ। ਇਵੇਂ ਹੀ ਗਿਆਨ ਇੰਦ੍ਰੇ ਵੀ ਅੰਦਰਲੇ ਸੰਸਕਾਰਾਂ ਨੂੰ ਸਰੀਰ ਦੀਆਂ ਕਿਰਿਆਵਾਂ ਨਾਲ ਜੋੜਨ ਲਈ ਹਨ। ਜਿਵੇਂ ਜਿਵੇਂ ਮਨੁੱਖ ਨੂੰ ਬਾਹਰੋਂ ਗਿਆਨ ਮਿਲਦਾ ਹੈ; ਅੰਦਰੋਂ ਬਾਹਰ ਵੱਲ ਨੂੰ ਕਿਰਿਆ ਕਰਨ ਲਈ ਸਾਧਨ ਬਹਾਲ ਹੁੰਦਾ ਹੈ। ਤਿਵੇਂ ਤਿਵੇਂ ਇਹ ਗਿਆਨ ਇੰਦ੍ਰੇ ਅਤੇ ਮਨ ਬਾਹਰ ਵੱਲ ਨੂੰ ਦੌੜਦਾ ਹੈ। ਬਿਜਲੀ ਦਾ ਸਾਧਨ ਗਰਿੱਡ ਤੋਂ ਚੱਲ ਕੇ ਤਾਰਾਂ ਰਾਹੀਂ ਔਜਾਰਾਂ ਤੱਕ ਪਹੁੰਚਦਾ ਹੈ। ਬਿਜਲੀ ਦਾ ਤੁਰਨਾ ਇਲੈਕਟ੍ਰਾਨ ਦਾ ਵਹਿਣ ਹੈ; ਜਿਹੜਾ ਨੈਗੇਟਿਵ ਚਾਰਜ ਅਤੇ ਪੌਜਿਟਵ ਚਾਰਜ ਦੇ ਰੂਪ ਵਿੱਚ ਬਿਜਲੀ ਦਾ ਵਹਾਅ (ਡੋਲਾ) ਪੂਰਾ ਹੁੰਦਾ ਹੈ। ਸੰਸਾਰ ਦੇ ਪਦਾਰਥਾਂ ਦਾ ਗਿਆਨ ਹੀ ਮਨੁੱਖ ਨੂੰ ਭਰਮਾ ਲੈਂਦਾ ਹੈ। ਸੰਸਾਰ ਦੇ ਪਦਾਰਥਾਂ ਵਿਚ ਹੀ ਭੁੱਲਿਆ ਹੋਇਆ, ਸਾਰਾ ਸਮਾਂ ਖਤਮ ਕਰ ਲੈਂਦਾ ਹੈ। ਇਹ ਆਪਣੀ ਊਰਜਾ ਸ਼ਕਤੀ ਦੇ ਸਰੋਤ ਤੋਂ ਹੀ ਟੁੱਟ ਜਾਂਦਾ ਹੈ। ਇਸ ਦੀ ਆਤਮਿਕ

ਮੌਤ ਹੋ ਜਾਂਦੀ ਹੈ। ਜਿਸ ਗਿਆਨ ਰਾਹੀਂ ਇਸ ਦੀ ਮਹਾਨਤਾ ਕੁਲ ਜੀਵਾਂ ਤੋਂ ਸਰਵੋਪਰੀ ਹੈ; ਉਸ ਵੱਲ ਨੂੰ ਕਦੇ ਤੁਰਦਾ ਹੀ ਨਹੀਂ।

**ਬਿਨ ਸਤਿਗੁਰ ਕੀ ਸ਼ਰਨੀ ਪਰੇ। ਅੰਤਰਮੁਖੀ ਨ ਬ੍ਰਿਤਿ ਕੋ ਕਰੇ।**
**ਜਿਸ ਤੇ ਥਿਰ ਹ੍ਵੈ ਲਹੈਂ ਅਰਾਮ। ਪ੍ਰਾਪਤਿ ਹੋਹਿਂ ਅਪਨ ਧਨ ਧਾਮ॥ ੩੯॥**

**ਅਰਥ** – ਸਤਿਗੁਰੂ ਸਾਹਿਬ ਜੀ ਦੀ ਸ਼ਰਨ ਗ੍ਰਹਿਣ ਕਰਨ ਤੋਂ ਬਗੈਰ ਇਹ ਮਨ ਅੰਤਰਮੁਖ ਬ੍ਰਿਤੀ ਕਦੇ ਵੀ ਨਹੀਂ ਧਾਰਨ ਕਰਦਾ ਹੈ। ਜਿਸ ਅੰਤਰ ਮੁੱਖ ਬ੍ਰਿਤੀ ਕਰਕੇ ਸਦਾ ਲਈ ਆਪਣੇ ਨਿੱਜ ਘਰ ਰੂਪ ਨੂੰ ਪ੍ਰਾਪਤ ਕਰਕੇ ਸਦਾ ਲਈ ਸਥਿਰਤਾ ਹਾਸਿਲ ਕਰ ਸਕੇ।

**ਭਾਵਾਰਥ** – ਨਾਮ ਨੂੰ ਧਨ ਕਰਕੇ ਅਤੇ ਆਤਮ ਸਥਿਰਤਾ ਨੂੰ ਘਰ ਸ਼ਬਦ ਨਾਲ ਸੰਬੋਧਨ ਕਰਦਿਆਂ, ਸਤਿਗੁਰੂ ਜੀ ਦੀ ਕਿਰਪਾ ਦਾ ਕਥਨ ਕੀਤਾ ਹੈ। ਗੁਰੂ ਸਾਹਿਬ ਜੀ, ਸਰੀਰਕ ਵਿਵਸਥਾ ਵਿਚ ਚੇਤਨਾ ਨੂੰ ਪ੍ਰਗਟ ਕਰਨ ਵਾਲੇ ਹਨ, ਤਾਂ ਹੀ ਅਕਾਲ ਪੁਰਖ ਨੂੰ ਸਰੀਰ ਧਾਰਨ ਕਰਕੇ ਮਨੁੱਖ ਨੂੰ ਸਮਝਾਉਣ ਲਈ ਆਉਣਾ ਪੈਂਦਾ ਹੈ। ਭਾਈ ਗੁਰਦਾਸ ਜੀ ਦੇ ਬੋਲ ਹਨ, 'ਰੋਮ ਰੋਮ ਕੋਟਿ ਬ੍ਰਹਿਮਾਂਡ ਕੋ ਨਿਵਾਸ ਜਾਸੁ ਮਾਨਸ ਅਉਤਾਰ ਧਾਰ ਦਰਸ ਦਿਖਾਏ ਹੈ॥ -੩੫'

ਚੇਤਨ ਰੂਪ ਗੁਰੂ, ਸਿੱਖ ਦੀ ਸੁਰਤਿ ਨੂੰ ਵੀ ਚੇਤਨਾ ਦਾ ਅਹਿਸਾਸ ਕਰਵਾ ਕੇ ਸ਼ਬਦ ਦਾ ਹੀ ਸਰੂਪ ਧਾਰਨ ਕਰਵਾ ਦਿੰਦਾ ਹੈ। ਜਿਵੇਂ ਬੱਲਬ ਦੁਆਰਾ ਬਿਜਲੀ ਦੀ 'ਚੰਗਿਆੜੀ ਦਾ ਪ੍ਰਕਾਸ਼ ਵਿੱਚ ਬਦਲਣਾ' ਬਿਜਲੀ ਦੇ 'ਪ੍ਰਕਾਸ਼ ਗੁਣ' ਨੂੰ ਪ੍ਰਤੱਖ ਕਰ ਦਿੰਦੀ ਹੈ; ਇਵੇਂ ਹੀ ਮਨੁੱਖੀ ਸਰੀਰ ਵਿੱਚੋਂ ; ਗੁਰੂ, ਪ੍ਰਭੂ ਦਾ ਸਾਖਿਆਤਕਾਰ ਕਰਵਾ ਦਿੰਦਾ ਹੈ। ਆਤਮਾ ਹੀ ਨਿਜ-ਘਰ ਹੈ; ਪਰਮਾਤਮਾ ਸਚਖੰਡ ਘਰ ਹੈ। ਜਿਵੇਂ ਘਰ ਦੀਆਂ ਸੁਵਿਧਾਵਾਂ ਲਈ ਧਨ ਦੀ ਜ਼ਰੂਰਤ ਹੁੰਦੀ ਹੈ। ਆਤਮਾ ਨਾਲ ਸਜਾਤਾਕਾਰ-ਬ੍ਰਿਤੀ ਬਣੀ ਰਹੇ; ਸੁਵਿਧਾਵਾਂ ਦੀ ਲੋੜ ਹੁੰਦੀ ਹੈ। ਘਰ ਦੀਆਂ ਸਾਰੀਆਂ ਲੋੜਾਂ ਧਨ ਨਾਲ ਪੂਰੀਆਂ ਹੋ ਜਾਂਦੀਆਂ ਹਨ। ਸਜਾਤਾਕਾਰ-ਬ੍ਰਿਤੀ ਲਈ ਨਾਮ-ਧਨ ਦੀ ਲੋੜ ਹੁੰਦੀ ਹੈ। ਨਾਮ-ਧਨ ਦਾ ਸਰੋਤ ਗੁਰੂ ਹੈ; ਗੁਰਬਾਣੀ ਪੜ੍ਹਨਾ, ਕੀਰਤਨ ਕਰਨਾ, ਸੇਵਾ ਕਰਨੀ, ਪਰਉਪਕਾਰ ਕਰਨਾ, ਮਨ ਨੂੰ ਗੁਰ-ਸ਼ਬਦ ਨਾਲ ਜੋੜਨਾ ਤੇ ਵਾਹਿਗੁਰੂ ਸ਼ਬਦ ਦਾ ਅਭਿਆਸ ਕਰਨਾ ਨਾਮ (ਆਤਮ)-ਧਨ ਹੈ।

**ਬਿਗਰ ਗਏ ਜਿਮ ਪਸ਼ੁ ਹਰਿਆਉ। ਜਿਤ ਕਿਤ ਦੌਰਤਿ ਸਹਿਜ ਸੁਭਾਉ।**
**ਸਦਾ ਜੀਵ ਕੋ ਬਡ ਦੁਖਦਾਨੀ। ਮ੍ਰਿਗ ਤ੍ਰਿਸ਼ਨਾ ਕੇ ਹਰਨ ਸਮਾਨੀ॥ ੪੦॥**



**ਅਰਥ** – ਜਿਵੇਂ ਹਰਿਆਇਆ ਪਸ਼ੂ ਬਿਗੜ ਜਾਂਦਾ ਹੈ; ਜਿਸ ਪਾਸੇ ਨੂੰ ਉਸਦਾ ਮੂੰਹ ਹੋ ਜਾਂਦਾ ਹੈ ਉਸੇ ਪਾਸੇ ਨੂੰ ਦੌੜਿਆ ਫਿਰਦਾ ਹੈ। ਸਦਾ ਲਈ ਜੀਵ ਨੂੰ ਤ੍ਰਿਸ਼ਨਾ ਦੀ ਦੌੜ ਦੁਖਦਾਈ ਹੁੰਦੀ ਹੈ। ਜਿਵੇਂ ਹਿਰਣ ਨੂੰ ਮ੍ਰਿਗ-ਤ੍ਰਿਸ਼ਨਾ ਦੇ ਪਾਣੀ ਨਾਲ ਮੌਤ ਹੀ ਮਿਲਦੀ ਹੈ।

**ਭਾਵਾਰਥ** – ਪਸ਼ੂ ਦਾ ਸਹਿਜ-ਸੁਭਾ ਵਿਚਰਨਾ ਕੁਦਰਤਿ ਦੇ ਨਿਜ਼ਾਮ ਦੀ ਪੂਰਨਤਾ ਹੈ। ਪਰ ਜੇ ਪਸ਼ੂ ਫਸਲਾਂ ਦਾ ਜਾਂ ਬਾਗ ਆਦਿ ਦਾ ਨੁਕਸਾਨ ਕਰਦਾ ਫਿਰੇ; ਤਾਂ ਉਸਨੂੰ ਹਰਿਆਉ-ਪਸ਼ੂ ਆਖਦੇ ਹਨ। ਜਿਸ ਜ਼ਿਮੀਂਦਾਰ ਦੀ ਫਸਲ ਦਾ ਨੁਕਸਾਨ ਕਰੇਗਾ, ਉਸ ਤੋਂ ਡਾਂਗਾਂ ਹੀ ਖਾਏਗਾ। ਪਸ਼ੂ ਦਾ ਆਪਣੀ ਮਰਜ਼ੀ ਨਾਲ ਵਿਚਰਨਾ ਦੁਖਦਾਈ ਹੋ ਜਾਂਦਾ ਹੈ। ਇਵੇਂ ਹੀ ਮਨੁੱਖੀ ਮਨ ਹਰਿਆਉਂ ਪਸ਼ੂ ਵਾਂਗ ਪਰ-ਤਨ, ਪਰ-ਧਨ ਵੱਲ ਨੂੰ ਦੌੜਦਾ ਰਹਿੰਦਾ ਹੈ; ਹਰ ਥਾਂ ਤੋਂ ਦੁਖੀ ਹੋ ਕੇ ਵਾਪਿਸ ਮੁੜਦਾ ਹੈ। ਮਨ ਦੀ ਇਹ ਦਸ਼ਾ ਜੀਵਾਤਮਾ ਲਈ ਬਹੁਤ ਹੀ ਦੁਖਦਾਈ ਹੈ, ਜਿਵੇਂ ਮ੍ਰਿਗ-ਤ੍ਰਿਸ਼ਨਾ ਦਾ ਜਲ ਹਿਰਣ ਨੂੰ ਦੁਖਦਾਈ ਹੁੰਦਾ ਹੈ। ਰੇਤਲੀ ਜ਼ਮੀਨ ਤੋਂ ਸੂਰਜ ਦੀ ਗਰਮੀ ਕਰਕੇ ਗਰਮ ਹਵਾਵਾਂ ਉੱਪਰ ਨੂੰ ਉੱਠਦੀਆਂ ਹਨ। ਠੰਡੀ ਤੇ ਗਰਮ ਹਵਾ ਵਿਚਲੇ ਤਾਪਮਾਨ ਦੇ ਫਰਕ ਕਰਕੇ ਸਾਨੂੰ ਵਗਦੇ ਪਾਣੀ ਦੇ ਭੁਲੇਖੇ ਪੈਂਦੇ ਹਨ। ਇਸਨੂੰ ਮ੍ਰਿਗ-ਤ੍ਰਿਸ਼ਨਾ ਦਾ ਜਲ ਆਖਦੇ ਹਨ। ਮ੍ਰਿਗ ਤ੍ਰਿਸ਼ਨਾ ਦੇ ਪਾਣੀ ਨਾਲ ਕਿਸੇ ਹਰਣ ਦੀ ਪਿਆਸ ਨਹੀਂ ਬੁੱਝਦੀ, ਤਿਵੇਂ ਜੀਵ ਦੀ ਪਦਾਰਥਾਂ ਕਰਕੇ ਕਦੇ ਵੀ ਤ੍ਰਿਸ਼ਨਾ ਨਹੀਂ ਬੁਝਦੀ।

**ਜਿਮ ਕਸਤੂਰੀ ਮਿਰਗ ਪਲਾਵੈ। ਠਹਿਰਹਿ, ਮੁਖ ਜਬਿ ਨਾਭਿ ਲਗਾਵੈ।**
**ਤਿਮ ਹੀ ਬ੍ਰਹਮ ਕੋ ਜਬਿ ਇਹ ਜਾਨਹਿਂ। ਗਹੈਂ ਸਥਿਰਤਾ ਆਨੰਦ ਮਾਨਹਿਂ॥ ੪੧॥**

**ਅਰਥ** – ਇਸੇ ਤਰ੍ਹਾਂ ਕਸਤੂਰੀ ਦੀ ਸੁਗੰਧੀ ਦਾ ਸੁਆਦ ਚੱਖ ਕੇ ਕਸਤੂਰਾ ਹਿਰਣ ਦੌੜਿਆ ਫਿਰਦਾ ਹੈ; ਜਦੋਂ ਮੁੱਖ ਨਾਭੀ ਨਾਲ ਲੱਗ ਜਾਂਦਾ ਹੈ ਤਾਂ ਟਿਕਾ ਹਾਸਿਲ ਕਰ ਲੈਂਦਾ ਹੈ। ਉਸੇ ਪ੍ਰਕਾਰ ਜਦੋਂ ਇਹ ਜੀਵ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ। ਫਿਰ ਸਥਿਰਤਾ ਹਾਸਿਲ ਕਰਕੇ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ।

**ਭਾਵਾਰਥ** – ਹਿਰਨਾਂ ਵਿੱਚੋਂ ਕਸਤੂਰਾ ਹਿਰਣ ਵਿਸ਼ੇਸ ਹੁੰਦਾ ਹੈ, ਉਸ ਦੀ ਵਿਸ਼ੇਸ਼ਤਾ ਨਾਭੀ ਵਿੱਚ 'ਕੁਦਰਤਿ ਦਾ ਪ੍ਰਸ਼ਾਦ' ਕਸਤੂਰੀ ਹੁੰਦੀ ਹੈ, ਜਿਸਦੀ ਵਿਸ਼ੇਸ ਸੁਗੰਧੀ ਹੁੰਦੀ ਹੈ। ਜੀਵ ਦੀ ਬਾਕੀ ਜੂਨਾਂ ਨਾਲੋਂ ਮਨੁੱਖੀ ਸਰੀਰ ਦੀ ਵਿਸ਼ੇਸਤਾ 'ਗਿਆਨ ਦੀ ਕਸਤੂਰੀ' ਕਰਕੇ ਹੁੰਦੀ ਹੈ। ਜਿਸ ਵਿੱਚੋਂ ਅਨੰਦ (ਸੁੱਖ-ਸੁਵਿਧਾਵਾਂ) ਦੀ ਸੁਗੰਧੀ

ਪ੍ਰਾਪਤ ਹੁੰਦੀ ਹੈ। ਜਿਵੇਂ ਹਵਾ ਦੇ ਮਿਲਾਪ ਨਾਲ ਸੁਗੰਧੀ ਫੈਲਦੀ ਹੈ, ਹਰਣ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਸੁਗੰਧੀ ਹਵਾ ਦੇ ਪਾਸੇ ਤੋਂ ਆਉਂਦੀ ਹੈ। ਉਹ ਉਸ ਪਾਸੇ ਨੂੰ ਦੌੜਦਾ ਹੈ। ਦੌੜਦਾ-ਦੌੜਦਾ ਅਖੀਰ ਨੂੰ ਥੱਕ ਟੁੱਟ ਕੇ ਡਿਗ ਜਾਂਦਾ ਹੈ। ਥੱਕੇ ਹੋਏ ਦਾ ਮੂੰਹ ਨਾਭੀ ਨਾਲ ਲੱਗ ਜਾਂਦਾ ਹੈ, ਸੁਗੰਧੀ ਦਾ ਅਨੰਦ ਮਾਣਦਾ ਹੈ। ਜੀਵ, ਅਨੰਦ ਰੂਪ ਸੁਗੰਧੀ ਨੂੰ ਤ੍ਰਿਸ਼ਨਾ ਦੀ ਹਵਾ ਰਾਹੀਂ ਪਦਾਰਥਾਂ ਵਿੱਚੋਂ ਆਉਂਦੀ ਵੇਖਦਾ ਹੈ; ਪਦਾਰਥਾਂ ਵੱਲ ਨੂੰ ਦੌੜਦਾ ਹੈ। ਪਦਾਰਥਾਂ ਦੀ ਪ੍ਰਾਪਤੀ ਵਿੱਚੋਂ ਦੁੱਖ ਵੇਖ-ਵੇਖ ਕੇ ਉਦਾਸ ਹੋ ਜਾਂਦਾ ਹੈ। ਉਦਾਸੀ ਵਿੱਚ ਮਨ ਤਿਆਗ ਨੂੰ ਤਰਜ਼ੀਹ ਦੇਣ ਲਗ ਜਾਂਦਾ ਹੈ। ਤਿਆਗੀ ਮਨ ਜਦੋਂ ਆਪਣੇ ਮੁੱਢ ਬ੍ਰਹਮ ਨਾਲ ਜੁੜਨ ਦੀ ਕੋਸ਼ਿਸ਼ ਵਿਚੱ ਜੁੜ ਜਾਂਦਾ ਹੈ। ਤਦੋਂ ਸਥਿਰਤਾ ਹਾਸਿਲ ਕਰਦਾ ਹੈ ਤੇ ਅਨੰਦ ਨੂੰ ਮਾਣਦਾ ਹੈ।

**ਦੋਹਰਾ - ਵਸਤੁ ਵਿਚਾਰ ਧਿਆਵਤੇ ਮਨ ਪਾਵੈ ਬਿਸਰਾਮ।**
**ਰਸ ਸ੍ਵਾਦਤਿ ਸੁਖ ਊਪਜੈ ਅਨੁਭਵ ਜਾਂ ਕੋ ਨਾਮ॥ ੪੨॥**

ਵਸਤੂ ਵੀਚਾਰ ਕਰਦਿਆਂ ਆਪਣੇ ਸਰੂਪ ਨੂੰ ਧਿਆਉਂਦਿਆ ਮਨ ਅਰਾਮ ਪ੍ਰਾਪਤ ਕਰ ਲੈਂਦਾ ਹੈ। ਇੱਕ ਰਸ ਅਨੰਦ ਦੇਣ ਵਾਲਾ ਸੁਆਦ ਪ੍ਰਗਟ ਹੋ ਜਾਂਦਾ ਹੈ। ਇਸੇ ਦਾ ਆਤਮ-ਅਨਭਵ ਨਾਮ ਹੈ।

**ਭਾਵਾਰਥ-** ਵਸਤੂ ਵਿਚਾਰ ਦਾ ਭਾਵ ਹੈ, ਹਰ ਵਸਤੂ ਦੀ ਹੋਂਦ ਅਤੇ ਅਣਹੋਂਦ ਨੂੰ ਸਮਝਕੇ ਵਾਸਤਵਿਕ ਕਾਰਣ ਨੂੰ ਸਮਝਣਾ ਹੈ। ਦੁੱਖ ਤੇ ਪਦਾਰਥਿਕ ਸੁੱਖ ਵਿੱਚ, ਗਮੀ ਤੇ ਸੰਸਾਰਿਕ ਖੁਸ਼ੀ ਵਿੱਚ, ਸੰਸਾਰ ਤੇ ਜੀਵ (ਅੰਤਹਕਰਣ ਵਿਸ਼ਸਟ ਚੇਤਨ) ਵਿੱਚ ਵਾਸਤਵਿਕ ਕਾਰਣ ਚੇਤਨ ਹੀ ਹੈ। ਸੁੱਖ ਤੇ ਦੁੱਖ ਨੂੰ ਮਹਿਸੂਸ ਚੇਤਨਾ ਕਰਕੇ ਹੀ ਕੀਤਾ ਜਾਂਦਾ ਹੈ। ਮਹਿਸੂਸ ਕਰਨ ਵਾਲੀ ਅਵਸਥਾ ਨੂੰ ਹੀ ਅਨਭਵ ਕਿਹਾ ਜਾਂਦਾ ਹੈ। ਚੇਤਨਾ ਦਾ ਅਨਭਵ ਪ੍ਰਗਟ ਹੋ ਜਾਣ ਨਾਲ ਹਰ ਅਵਸਥਾ ਅਨੰਦਮਈ ਹੋ ਜਾਂਦੀ ਹੈ। ਖਾਲਸੇ ਨੇ ਚਰਖੜੀਆਂ ਤੇ ਚੜ੍ਹ ਕੇ ਇਸੇ ਅਨਭਵ ਦਾ ਅਨੰਦ ਪ੍ਰਾਪਤ ਕੀਤਾ ਸੀ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਬਿਚਾਰ' ਪ੍ਰਸੰਗ ਬਰਨੰਨ ਨਾਮ ਬਿਆਲੀਸਮੋ ਅੰਸੂ॥ ੪੨॥**



## ਅਧਿਆਇ ਤੀਜਾ (ਅੰਸ਼ੂ ਤਰਤਾਲ੍ਹੀਵਾਂ)
## ਆਤਮ ਵੀਚਾਰ ਦਰਸਨ

**ਦੋਹਰਾ - ਅਥ ਕਰਤਾ-ਨਖ ਸ਼ਿਖ ਲੌਂ ਤਨ ਥੂਲ ਮਹਿਂ 'ਅਹੰ' ਬਿਰਤਿ ਜਿਨ ਕੀਨਿ।**
**ਸੋ 'ਕਰਤਾ' ਲਖੀਯਹਿ ਰਿਦੇ ਚੀਨਹੁ ਸਿੱਖ ਪ੍ਰਬੀਨ॥ ੧॥**

**ਅਰਥ** - ਪੈਰ ਦੇ ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਸਥੂਲ ਸਰੀਰ ਵਿੱਚ 'ਮੈਂ-ਪਣ' (ਮੈਂ ਕਰਨ ਵਾਲਾ ਹਾਂ)' ਬ੍ਰਿਤੀ ਨੂੰ ਧਾਰਨ ਕਰ ਲੈਣਾ। ਉਸਨੂੰ 'ਕਰਤਾ' ਜਾਨਣਾ ਕਰੋ, ਹੇ ਸਿਆਣੇ ਗੁਰ ਕੇ ਸਿੱਖੋ!

**ਭਾਵਾਰਥ** - ਜਿਹੜਾ ਸਰੀਰ ਅਸੀਂ ਦੂਜਿਆਂ ਦਾ ਦੇਖਦੇ ਹਾਂ, ਆਪਣਾ ਸਰੀਰ ਸ਼ੀਸ਼ੇ ਵਿੱਚ ਖੜ੍ਹ ਕੇ ਨਿਹਾਰਦੇ ਹਾਂ। ਇਸਨੂੰ ਸਥੂਲ ਸਰੀਰ ਆਖਦੇ ਹਨ। ਸਰੀਰ ਦੀ ਮੁੱਢਲੀ ਵਿਆਖਿਆ 'ਪੈਰ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਕੇਸ਼ਾਂ ਤੱਕ ਹੈ। ਸਾਡਾ ਸਰੀਰ ਉੱਪਰ-ਥੱਲੇ, ਆਸੇ-ਪਾਸੇ ਨੂੰ ਇੱਕੋ ਜਿਹਾ ਵੱਧਦਾ ਫੁੱਲਦਾ ਹੈ। ਸਰੀਰ ਦੀ ਪ੍ਰਵਿਰਤੀ ਕੁੱਝ ਨਾ ਕੁੱਝ ਕਰਦੀ ਰਹਿੰਦੀ ਹੈ। ਸਰੀਰ ਤੋਂ ਕੁੱਝ-ਨਾ-ਕੁੱਝ ਕਰਵਾਉਣ ਵਾਲੀ ਬ੍ਰਿਤੀ ਨੂੰ 'ਅਹੰ ਬ੍ਰਿਤੀ' ਆਖਦੇ ਹਨ। ਜਿਹੜਾ ਕਰਵਾਉਣ ਵਾਲੇ ਤੋਂ ਅਗਿਆਤ ਹੋ ਕੇ ਇਹ ਆਖਦਾ ਹੈ, 'ਮੈਂ ਕਰ ਰਿਹਾ ਹਾਂ' ਇਹ ਸਰੀਰ ਵਿਚ 'ਅਹੰ ਬ੍ਰਿਤੀ' ਸਦਕਾ ਹੀ ਹੈ। ਇਹ ਸਰੀਰ ਦੀ ਸਾਰੀ ਪ੍ਰਵਿਰਤੀ ਇਤਨੀ ਤੇਜ਼ ਹੁੰਦੀ ਹੈ। ਮਨੁੱਖ ਸਮਝ ਹੀ ਨਹੀਂ ਪਾਉਂਦਾ, ਕਿ ਕਿਵੇਂ ਸਾਰਾ ਕੁੱਝ ਹੋ ਰਿਹਾ ਹੈ? ਹਰ ਕਰਮ ਕਰਨ ਲਈ ਅੱਖਾਂ ਵੇਖਦੀਆਂ ਹਨ, ਕੰਨ ਸੁਣਦੇ ਹਨ, ਦਿਮਾਗ ਯੁਕਤੀ ਦਾ ਸੰਯੋਜਨ ਕਰਦਾ ਹੈ, ਬੁੱਧੀ ਨਿਸ਼ਚਾ ਕਰਦੀ ਹੈ, ਮਨ ਕੰਮ ਕਰਨ ਲਈ ਉਤੇਜਨਾ ਦਿੰਦਾ ਹੈ। ਹੱਥ ਅਤੇ ਪੈਰ ਕੰਮ ਵਿੱਚ ਰੁੱਝ ਜਾਂਦੇ ਹਨ। ਇਸਨੂੰ ਕਰਤਾ ਆਖਦੇ ਹਨ। ਹੇ ਪ੍ਰਬੀਨ ਗੁਰਸਿੱਖੋ! ਇਸ ਵੀਚਾਰ ਨੂੰ ਪਛਾਨਣਾ ਕਰੋ। ਭਾਈ ਸਾਹਿਬ ਜੀ ਨੇ ਇੱਥੇ ਪ੍ਰਬੀਨਤਾ ਸ਼ਬਦ ਨਾਲ ਅੰਦਰਲੀ ਚੇਤਨਾ ਨੂੰ ਕੇਂਦ੍ਰਿਤ ਕੀਤਾ ਹੈ। ਅਸੀਂ ਕਿੰਨੇ ਕੁ ਚੇਤਨ ਹਾਂ? ਸਾਡੇ ਬੋਲ; ਗਿਆਨ ਦੀ ਪਹਿਚਾਣ ਹੁੰਦੇ ਹਨ। ਜਦੋਂ ਬੁਖਾਰ ਹੋ ਜਾਏ, ਅਸੀਂ ਡਾਕਟਰ ਕੋਲ ਆਖਦੇ ਹਾਂ, 'ਜੀ! ਮੈਂ ਬੀਮਾਰ ਹਾਂ। ਮੇਰਾ ਸਰੀਰ

ਦੁਖਦਾ ਹੈ'। ਡਾਕਟਰ ਤਾਪਮਾਨ ਵੇਖ ਕੇ ਬੁਖਾਰ ਦੀ ਦਵਾਈ ਦਿੰਦਾਂ ਹੈ। ਅਸੀਂ ਦਵਾਈ ਲੈ ਕੇ ਘਰ ਨੂੰ ਤੁਰ ਪੈਂਦੇ ਹਾਂ। ਨਾ ਤਾਂ ਅਸੀਂ ਗੌਰ ਕੀਤੀ ਕਿ 'ਮੈਂ ਕੀ ਕਿਹਾ ਸੀ ?' ਅਤੇ ਨਾ ਹੀ ਡਾਕਟਰ ਨੇ ਗੌਰ ਕੀਤੀ ਕਿ ਰੋਗੀ ਨੇ 'ਕੀ ਕਿਹਾ ਸੀ ?' ਕਿਉਂਕਿ ਡਾਕਟਰ ਨੇ ਆਪਣਾ ਖੇਤਰ ਸਰੀਰ ਦੀਆਂ ਬੀਮਾਰੀਆਂ ਸਮਝਣਾ ਹੀ ਚੁਣਿਆ ਹੈ, ਰੋਗੀ ਨੇ ਬੀਮਾਰੀ ਤੋਂ ਖਹਿੜਾ ਛਡਾਉਣ ਲਈ ਹੀ ਜਾਣਾ ਹੁੰਦਾ ਹੈ। ਦੋਨੋਂ ਪਾਸੇ ਮਜਬੂਰੀ 'ਲੋੜਾਂ ਦੀ ਪੂਰਤੀ' ਹੁੰਦੀ ਹੈ। ਸਰੀਰ ਅਤੇ ਸਰੀਰ ਦੀਆਂ ਕਿਰਿਆਵਾਂ ਪ੍ਰਤੀ ਗਿਆਨ ਲਈ ਸੰਜੀਦਗੀ ਬਹੁਤ ਘੱਟ ਹੁੰਦੀ ਹੈ। ਇਹੀ ਕਾਰਣ ਸੀ, ਸਰੀਰਕ ਬੀਮਾਰੀਆਂ ਨੂੰ ਸਮਝਣ ਵਾਲਿਆਂ ਨੇ ਬਹੁਤ ਸਮਾਂ ਮਾਨਸਿਕ ਦਸ਼ਾ ਵੱਲ ਧਿਆਨ ਕੇਂਦ੍ਰਿਤ ਕੀਤਾ ਹੀ ਨਹੀਂ ਸੀ। ਸਾਨੂੰ 'ਮੈਂ' ਅਤੇ 'ਮੇਰਾ' ਪੜ੍ਹਨਾਵਾਂ ਦਾ ਪਤਾ ਹੀ ਨਹੀਂ ਹੈ। 'ਮੈਂ' ਪੜ੍ਹਨਾਂਵ ਜੀਵ (ਮਨੁੱਖ) ਦਾ ਆਪਣੇ ਆਪ ਨੂੰ ਹੁੰਦਾ ਹੈ। 'ਅਹੰ' ਦਾ ਅਰਥ ਮੈਂ ਹੀ ਹੁੰਦਾ ਹੈ। 'ਮੇਰਾ' ਪੜ੍ਹਨਾਂਵ 'ਮੈਂ' ਦੀ ਸਾਰੀ ਸਮੱਗ੍ਰੀ ਲਈ ਹੁੰਦਾ ਹੈ। 'ਮੇਰਾ ਸਰੀਰ ਦੁਖਦਾ ਹੈ।' 'ਮੈਂ' ਵੱਲੋਂ ਇਹ ਵਾਕ ਆਪਣੀ ਵਸਤੂ ਦੇ ਹਿੱਤ ਦੀ ਪੇਸ਼ਕਾਰੀ ਕਰਦਾ ਹੈ। ਜੀਵ ਲਈ ਸਰੀਰ ਵੀ ਸਮੱਗ੍ਰੀ ਦਾ ਹਿੱਸਾ ਹੀ ਹੁੰਦਾ ਹੈ। ਪਰ ਅਧਿਆਤਮਕਤਾ ਤੋਂ ਸੱਖਣਾ ਜੀਵ ਇਸ ਵੀਚਾਰ ਤੋਂ ਮੁਨਕਰ ਹੀ ਰਹਿੰਦਾ ਹੈ। ਉਹ ਸਰੀਰ ਦੀਆਂ ਕਿਰਿਆਵਾਂ ਨੂੰ ਹੀ ਆਪਣੀਆਂ ਕਿਰਿਆਵਾਂ ਸਮਝਣ ਦੀ ਬਹੁਤ ਵੱਡੀ ਭੁੱਲ ਕਰਦਾ ਹੈ। ਦੋਨੋਂ ਹੀ ਕਿਰਿਆਵਾਂ ਦੇ ਗਿਆਨ ਵਾਲੀ ਹਰ ਗੱਲ ਤੋਲ ਕੇ ਬੋਲਦਾ ਹੈ। ਉਸਦਾ ਅੰਦਰਲਾ ਅਤੇ ਬਾਹਰਲਾ ਮਨੁੱਖ ਇਕਸੁਰ ਰਹਿੰਦਾ ਹੈ। ਕਰਤੇ ਦੇ ਕੰਮ ਉੱਪਰ ਹੀ ਉਸ ਦੀ ਤਕਦੀਰ ਬਣਦੀ ਹੈ। ਤਕਦੀਰਾਂ ਹੀ ਭਾਗਾਂ ਦਾ ਭੰਡਾਰਨ ਬਣਦੀਆਂ ਹਨ।

**ਕ੍ਰਿਯਾ - ਇੰਦ੍ਰਯ ਦ੍ਵਾਰਾ ਨਿਕਸ ਕੈ ਵਿਰਤਿ ਵਿਖਯ ਲੌ ਜਾਇ।**
**'ਕ੍ਰਿਯਾ' ਕਹੈਂ ਤਿਸ ਵਿਰਤਿ ਕੋ ਸਤਿਗੁਰ ਦੇਤਿ ਸੁਨਾਇ॥ ੨॥**

**ਅਰਥ** – ਗਿਆਨ ਇੰਦ੍ਰੇ ਰਾਹੀਂ ਨਿਕਲ ਕੇ ਵਿਸ਼ੇ (ਪਦਾਰਥ) ਤੱਕ ਬ੍ਰਿਤੀ ਜਾਂਦੀ ਹੈ। ਇਸ ਬ੍ਰਿਤੀ ਨੂੰ ਕਿਰਿਆ ਕਹਿੰਦੇ ਹਨ, ਸਤਿਗੁਰੂ ਜੀ ਇਸ ਵੀਚਾਰ ਨੂੰ ਸੁਣਾਉਂਦੇ ਹਨ।

**ਭਾਵਾਰਥ** – ਅੰਤਹਕਰਨ ਵਿੱਚੋਂ ਇੰਦ੍ਰਿਆਂ ਰਾਂਹੀ ਨਿਕਲ ਕੇ ਵਿਸ਼ੇ ਦਾ ਅਕਾਰ ਬਣਦਿਆਂ ਗਿਆਨ ਕਰਵਾਉਣ ਵਾਲੀ ਬ੍ਰਿਤੀ 'ਕਿਰਿਆ' ਹੁੰਦੀ ਹੈ। ਕਰਤੇ ਦਾ ਕਿਰਿਆ ਉੱਪਰ ਬਹੁਤ ਅਸਰ ਹੁੰਦਾ ਹੈ। ਜਿਸ ਤਰ੍ਹਾਂ ਦੀ ਕਰਤੇ ਦੀ ਨਿਸ਼ਠਾ ਹੋਵੇਗੀ,



ਉਸੇ ਤਰ੍ਹਾਂ ਕਿਰਿਆ ਕਰਨ ਲਈ ਉੱਦਮ ਕਰੇਗਾ। ਇਸ ਲਈ ਚੰਗੀ ਨਿਸ਼ਠਾ ਲਈ ਗੁਰੂ ਸਾਹਿਬ ਜੀ ਨੇ ਕਰਤੇ ਨੂੰ ਸਤਸੰਗੀ ਬਣਨ ਦਾ ਸ਼ੰਦੇਸ ਦਿੱਤਾ ਹੈ। ਤਾਂ ਕਿ ਚੰਗੀ ਪ੍ਰਵਿਰਤੀ ਚੰਗੀ ਕਿਰਿਆ ਨੂੰ ਉਤਸ਼ਾਹਿਤ ਕਰਦੀ ਰਹੇ। ਤਿੱਤਰ ਦੀ ਬੋਲੇ ਜਾਣ ਵਾਲੀ ਅਵਾਜ਼ ਇੱਕ ਹੈ। ਨਿਸ਼ਠਾ ਮੁਤਾਬਿਕ ਸੁਣਨ ਵਾਲਿਆਂ ਦੀ ਸਮਝ ਵਿੱਚ ਵੱਖੋ-ਵੱਖਰੇ ਅਰਥ ਰੱਖਦੀ ਹੈ। ਕੋਈ ਪਹਿਲਵਾਨੀ ਕਰਨ ਵਾਲਾ ਆਖਦਾ ਹੈ, ਤਿੱਤਰ ਦੇ ਬੋਲ ਹਨ 'ਖਾਹ ਘਿਉ ਕਰ ਕਸਰਤ' ਲੂਣ ਮਿਰਚ ਵੇਚਣ ਵਾਲਾ ਸਮਝਦਾ ਹੈ, 'ਲੂਣ ਮਿਰਚ ਅਦਰਕ' ਸਾਂਈ ਦੇ ਪਿਆਰੇ ਅਨੁਭਵ ਕਰਦੇ ਹਨ, 'ਸ਼ੁਬਹਾਨ ਅੱਲਾ ਤੇਰੀ ਕੁਦਰਤਿ' ਜੈਸੀ ਨਿਸ਼ਠਾ ਵੈਸੀ ਪ੍ਰਵਿਰਤੀ ਜੀਵ ਦੀ ਫਿਤਰਤ ਹੈ। ਜਦੋਂ ਅਸੀਂ 'ਕਰਮ, ਕ੍ਰਿਆ ਅਤੇ ਕਰਤਾ' ਦੀ ਵੀਚਾਰ ਵੱਲ ਧਿਆਨ ਕਰਦੇ ਹਾਂ, ਸਾਰਾ ਕੁੱਝ ਇੱਕੋ ਜਿਹਾ ਹੀ ਲੱਗਦਾ ਹੈ। ਇਸ ਲਈ ਹੀ ਸਿਆਣੇ ਲੋਕਾਂ ਨੇ ਇਸ ਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਵਰਤੇ ਹਨ। ਕੰਮ ਕਰਨ ਦੀ ਸਾਂਝ ਕਰਕੇ ਤਿੰਨ ਅਵਸਥਾਵਾਂ ਹੋ ਜਾਂਦੀਆਂ ਹਨ; ਜਿਵੇਂ ਟਿਊਬਵੈੱਲ ਵਿਚੋਂ ਨਿਕਲਿਆ ਪਾਣੀ ਜਦੋਂ ਚੁਬੱਚੇ ਵਿੱਚ ਆ ਜਾਂਦਾ ਹੈ; 'ਚੁਬੱਚੇ ਦਾ ਪਾਣੀ' ਅਖਵਾਉਂਦਾ ਹੈ। ਬ੍ਰਿਤੀ ਜਦੋਂ ਵਿਸ਼ੇ ਦਾ ਅਕਾਰ ਧਾਰਨ ਕਰ ਲੈਂਦੀ ਹੈ। ਉਸ ਵਿਸ਼ੇ ਦਾ ਅਕਸ਼ ਦਿਮਾਗ ਵਿੱਚ ਸਥਿੱਤ ਹੋ ਜਾਂਦਾ ਹੈ। ਜੇਕਰ ਸੰਬੰਧਿਤ ਵਸਤੂ ਦਾ ਗਿਆਨ ਸਾਡੀ ਬੁੱਧੀ ਵਿੱਚ ਹੋਵੇ ਤਾਂ ਅਸੀਂ ਝੱਟ ਵਸਤੂ ਦਾ ਨਾਮ ਉਚਾਰਦੇ ਹਾਂ, ਜਿਵੇਂ 'ਕੁਰਸੀ, ਮੇਜ਼ ਜਾਂ ਮੱਝ ਆਦਿ'। ਜੇ ਸਾਡੀ ਬੁੱਧੀ ਵਿੱਚ ਗਿਆਨ ਨਾ ਹੋਵੇ, ਤਾਂ ਸਾਡਾ ਸੁਆਲ ਹੁੰਦਾ ਹੈ, 'ਇਹ ਕੀ ਹੈ ?' ਸਾਰਾ ਗਿਆਨ ਸਾਡੀ ਕਿਰਿਆ ਤੇ ਨਿਰਭਰ ਕਰਦਾ ਹੈ। ਸਥੂਲ ਸੰਸਾਰ ਦੀ ਕਿਰਿਆ ਤਾਂ ਸਹਿਜ ਵਿੱਚ ਚਲਦੀ ਰਹਿੰਦੀ ਹੈ। ਨਿੰਦ੍ਰਾ, ਭੋਜਨ, ਭੋਗ ਅਤੇ ਭੈ ਹਰ ਜੀਵ ਦਾ ਸਹਿਜ ਢੰਗ ਹੈ। 'ਕਿਰਿਆ, ਕਰਮ ਅਤੇ ਕਰਤੇ' ਦੀ ਵੱਖਰੀ ਵੱਖਰੀ ਵਿਆਖਿਆ ਅੰਕਿਤ ਕਰਨ ਦਾ ਅਸਲ ਮਕਸਦ ਗੁਰੂ ਹੁਕਮ ਸਮਝਣ ਲਈ ਹੈ। ਭਾਈ ਸਾਹਿਬ ਜੀ ਨੇ 'ਸਤਿਗੁਰ ਸੁਣਾ ਦਿੰਦੇ ਹਨ' ਪੰਗਤੀ ਵਿੱਚ ਸਿੱਖ ਦੇ ਜੀਵਨ ਦਾ ਮੁੱਢਲਾ ਅਸੂਲ ਗੁਰੂ ਹੁਕਮ ਦੀ ਤਾਮੀਲ ਕਰਨ ਵੱਲ ਧਿਆਨ ਦਿਵਾਇਆ ਹੈ। ਗੁਰੂ ਸਮਦਰਸੀ ਹੁੰਦੇ ਹਨ, ਸਾਰਿਆਂ ਵਿੱਚ ਸਮ-ਭਾਵਨਾ ਨਾਲ ਵੇਖਦੇ ਹਨ। ਸ਼ੀਸ਼ੇ ਸਾਹਮਣੇ ਖੜੇ ਮਨੁੱਖ ਨੂੰ ਸ਼ੀਸ਼ਾ ਚਿਹਰੇ ਦੀ ਸੁੰਦਰਤਾ ਜਾਂ ਕਾਲਖ ਵਿਖਾ ਦਿੰਦਾ ਹੈ। ਚਿਹਰੇ ਦੀ ਸੁੰਦਰਤਾ ਨੂੰ ਸੰਭਾਲ ਕੇ ਰੱਖਣਾ ਜਾਂ ਕਾਲਖ ਨੂੰ ਧੋਣਾ ਸਾਹਮਣੇ ਖੜ੍ਹੇ ਮਨੁੱਖ ਦਾ ਫਰਜ਼ ਹੈ। ਗੁਰੂ ਸਾਹਿਬ ਜੀ ਸਿਧਾਂਤਕ ਬਚਨ

ਸੁਣਾ ਦਿੰਦੇ ਹਨ, ਮੰਨਣਾ ਸਿੱਖ ਦਾ ਕਰਤੱਬ ਹੈ। ਆਂਤਰਿਕ ਜੀਵਨ ਲਈ ਕਰਤੇ ਦੀ ਕਿਰਿਆਂ ਬਹੁਤ ਅਹਿਮ ਸਥਾਨ ਰੱਖਦੀ ਹੈ। ਧਨ-ਮਾਲ ਦਾ ਲਾਲਚੀ ਕਦੇ ਵੀ ਸ਼ਾਂਤੀ ਵਿੱਚ ਟਿਕ ਕੇ ਨਹੀਂ ਬੈਠ ਸਕਦਾ। ਉਸ ਅੰਦਰ ਤੜਪ ਲੱਗੀ ਰਹਿੰਦੀ ਹੈ। ਤੜਪ ਦੀ ਕਿਰਿਆ ਨੂੰ ਪ੍ਰਭੂ-ਮਿਲਾਪ ਵਿੱਚ ਤਬਦੀਲ ਕਰਨ ਲਈ ਕਲਗੀਧਰ ਜੀ ਦੇ ਬਹੁਤ ਹੀ ਸੁੰਦਰ ਬੋਲ ਹਨ, 'ਅਰੁ ਸਿੱਖ ਹੌਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ ॥ ੨੩੧ ॥' ਪ੍ਰਮਾਤਮਾ ਦੇ ਗੁਨਾ ਨੂੰ ਉਚਾਰਨ ਦਾ ਲਾਲਚ ਮੰਗਿਆ ਹੈ। ਜਦੋਂ ਉਮਰ (ਆਯੂ) ਦਾ ਅੰਤ ਹੋਵੇ ਤਾਂ ਜੰਗ ਦੇ ਮੈਦਾਨ ਵਿੱਚ ਜੂਝਦਾ ਮਰਾਂ। ਅੱਜ ਕਲਗੀਧਰ ਦੇ ਖਾਲਸੇ ਸਦਵਾਉਣ ਵਾਲੇ!! ਇਸ ਬਾਣੀ ਬਾਬਤ ਪਤਾ ਨਹੀਂ ਕੀ ਕੀ ਬੋਲਦੇ ਹਨ। ਉਹ ਗੁਰੂ ਸਾਹਿਬ ਜੀ ਨੂੰ ਆਪਣੀ ਅਕਲ ਦੇ ਭਾਂਡੇ ਅੰਦਰ ਬੰਦ ਕਰਨ ਦੇ ਯਤਨ ਵਿੱਚ ਹਨ। ਜੋ ਕਦੀ ਵੀ ਪੂਰਾ ਨਹੀਂ ਹੋਵੇਗਾ। ਪਰਮ-ਆਤਮਾ ਦੇ ਸਰੂਪ ਨੂੰ ਕੁੱਲ ਬ੍ਰਹਮੰਡ ਵਿੱਚ ਹੀ ਨਹੀਂ ਸਗੋਂ ਮਨੁੱਖ ਦੀ ਅਕਲ ਤੋਂ ਦੂਰ ਕਰੋੜਾਂ ਬ੍ਰਹਮੰਡਾਂ ਦੀ ਦੱਸ ਪਾਉਣ ਵਾਲੇ ਗੁਰੂ ਸਾਹਿਬ ਜੀ ਹਨ। ਕਾਮ, ਕਰੋਧ, ਲੋਭ ਆਦਿਕ ਕੁੱਲ ਦੁਨੀਆਂ ਨੂੰ ਭਰਮਾਉਣ ਵਾਲੇ ਹਨ, ਗੁਰੂ ਸਾਹਿਬ ਜੀ ਇਹਨਾਂ ਦਾ ਸ਼ੁੱਧੀਕਰਨ ਕਰ ਦਿੰਦੇ ਹਨ। ਐਸੇ ਗੁਰੂ ਸਾਹਿਬ ਜੀ ਨੂੰ ਅਸੀਂ ਆਪਣੀ ਅਕਲ ਦੇ ਤਰਾਜੂ ਨਾਲ ਕਿਵੇਂ ਨਾਪ ਸਕਦੇ ਹਾਂ। ਇਕ ਗੱਲ ਜਰੂਰ ਹੈ; ਉਹਨਾਂ (ਗੁਰੂ ਸਾਹਿਬ) ਦੀ ਸੋਚ ਨਾਲ ਆਪਣੀ ਅਕਲ ਨੂੰ ਜੋੜ ਕੇ ਮਹਾਨਤਾ ਦੇ ਮੁਰਾਤਬੇ ਜਰੂਰ ਪ੍ਰਾਪਤ ਕਰ ਸਕਦੇ ਹਾਂ। ਸਤਿਗੁਰੂ ਸਮਾਨ ਰੂਪ ਵਿੱਚ ਸਭ ਨੂੰ ਇੱਕੋ ਜਿਹੀ ਅਕਲ ਦੀ ਦਾਤ ਦੇਣ ਵਾਸਤੇ ਉਪਦੇਸ਼ ਸੁਣਾਉਂਦੇ ਰਹਿੰਦੇ ਹਨ। ਵਡਭਾਗੀ ਗੁਰਸਿੱਖ ਸੁਣਦੇ ਹਨ, ਅਤੇ ਉਪਦੇਸ਼ ਮੁਤਾਬਿਕ ਜੀਵਨ ਨੂੰ ਢਾਲਣ ਦਾ ਯਤਨ ਕਰਦੇ ਹਨ।

**ਕਰਮ-ਬਿਖਯ ਅਹੈਂ ਸ਼ਬਦਾਦਿ ਜੇ ਸਭਿ ਕੇ ਸਹਿਜ ਸੁਭਾਇ।**

**ਤਿਨ ਸੰਗ ਬਯਾਪਹਿ ਵਿਰਤਿ ਜਬਿ ਕਹੀਯਹਿ ਕਰਮ ਬਨਾਇ॥ ੩॥**

**ਅਰਥ** – ਸ਼ਬਦਾਂ ਦੇ ਜਿੰਨੇ ਵੀ ਵਿਸ਼ੇ ਹਨ, ਸਾਰਿਆਂ ਦੇ ਆਪੋ ਆਪਣੇ ਸੁਭਾਅ ਹਨ। ਉਹਨਾਂ ਦੇ ਨਾਲ ਜਦੋਂ ਬ੍ਰਿਤੀ ਇੱਕਸੁਰ ਹੋ ਜਾਂਦੀ ਹੈ, ਉਸ ਵਖਤ ਕਰਮ ਬਣ ਜਾਂਦਾ ਹੈ।

**ਭਾਵਾਰਥ** – ਜਿੰਨੇ ਵੀ ਸ਼ਬਦ ਸ਼ਪਰਸ ਰੂਪ ਰਸ ਗੰਧ ਵਿਸ਼ੇ ਹਨ, ਜਿਹਨਾਂ ਦਾ ਸੰਬੰਧ ਪਦਾਰਥਾਂ ਨਾਲ ਹੈ। ਭੋਜਨ ਪਦਾਰਥ ਹੈ, ਰਸ ਇਸ ਦਾ ਗੁਣ ਹੈ। ਗੁਲਾਬ



ਦਾ ਫੁੱਲ ਪਦਾਰਥ ਹੈ, ਸੁਗੰਧ ਇਸ ਦਾ ਗੁਣ ਹੈ। ਇਸੇ ਪ੍ਰਕਾਰ ਹਰ ਪਦਾਰਥ ਦਾ ਗੁਣ ਉਸ ਦਾ ਵਿਸ਼ੇ ਹੈ। ਇਹਨਾਂ ਵਿਸ਼ਿਆਂ ਦਾ ਪ੍ਰਭਾਵ ਸਰੀਰ ਦੁਆਰਾ ਆਂਤਰਿਕ ਜੀਵਨ ਉੱਪਰ ਪੈਂਦਾ ਹੈ। ਕੋਈ ਵੀ ਕਿਰਿਆ ਪੂਰੀ ਹੋਣ ਉਪਰੰਤ ਕਰਮ ਬਣ ਜਾਂਦਾ ਹੈ। ਸੰਤੁਲਿਤ ਭੋਜਨ ਨਾਲ ਅਤੇ ਸੁਗੰਧੀ ਨਾਲ ਸਾਡਾ ਅੰਦਰ ਖੁਸ਼ ਹੋ ਜਾਂਦਾ ਹੈ। ਇਹੀ ਪ੍ਰਭਾਵ ਸਰੀਰ ਦੀ ਤੰਦਰੁਸਤੀ ਲਈ ਬਹੁਤ ਅਹਿਮ ਹੁੰਦੇ ਹਨ। ਜਦੋਂ ਕਿਸੇ ਵੀ ਵਿਸ਼ੇ ਨਾਲ ਬ੍ਰਿਤੀ ਬਿਆਪਤ ਹੁੰਦੀ ਹੈ। ਕਰਮ ਸਰੂਪ ਧਾਰਨ ਕਰ ਲੈਂਦਾ ਹੈ।

**ਗਯਾਤਾ ਗਯਾਨ-ਅਹੰਵਿਰਤਿ ਚਿਦ ਭਾਸ ਜੁਤਿ ਸੋ ਗਯਾਤਾ ਪਹਿਚਾਨ।**

**ਕ੍ਰਿਯਾ ਵਿਰਤਿ ਮਹਿਂ ਭਾਸ ਚਿਦ ਤਾਂਕੋ 'ਗਯਾਨ' ਬਖਾਨ॥ ੪॥**

**ਅਰਥ** – ਚੇਤਨ ਦੇ ਅਭਾਸ਼ ਸਮੇਤ ਅਹੰ ਬ੍ਰਿਤੀ ਗਿਆਤਾ ਹੁੰਦੀ ਹੈ। ਜੋ ਕਿਰਿਆ ਬ੍ਰਿਤੀ ਵਿੱਚ ਚੇਤਨ ਦਾ ਅਭਾਸ਼ ਹੁੰਦਾ ਹੈ, ਉਸਨੂੰ ਗਿਆਨ ਆਖਦੇ ਹਨ।

**ਭਾਵਾਰਥ** – 'ਅਹੰ ਬ੍ਰਿਤੀ' ਸਰੀਰ ਦੇ ਵਿਸ਼ਿਅਕ ਸੰਕਲਪ ਅਨੁਸਾਰ ਹੁੰਦੀ ਹੈ। ਇਸ ਬ੍ਰਿਤੀ ਦਾ ਆਸਰਾ ਅੰਤਹਕਰਣ ਹੁੰਦਾ ਹੈ। ਅੰਤਹਕਰਣ ਪੰਜਾਂ ਤੱਤਾਂ ਦੀ ਸਤੋ ਅੰਸ਼ ਤੋਂ ਬਣਿਆ ਹੁੰਦਾ ਹੈ। ਪੰਜ ਤੱਤ ਰੂਪਮਾਨਤਾ ਤੋਂ ਜੜ੍ਹ ਹੁੰਦੇ ਹਨ। ਜੀਵ ਦੀ ਹੋਂਦ ਅਵਿੱਦਿਆ/ਅਗਿਆਨ ਤੋਂ ਮੰਨੀ ਜਾਂਦੀ ਹੈ। ਅਵਿੱਦਿਆ/ ਮਾਇਆ ਤੋਂ ਪੰਜਾਂ ਤੱਤਾਂ ਦੀ ਉਤਪਤੀ ਹੁੰਦੀ ਹੈ; ਮਾਇਆ/ਅਵਿੱਦਿਆ 'ਆਪਣੇ-ਆਪ' ਤੋਂ ਜੜ੍ਹ ਮਿਥਿਆ (ਸੱਤ ਅਸੱਤ ਤੋਂ ਵਿਲੱਖਣ) ਹੁੰਦੀ ਹੈ। ਜਿਵੇਂ ਮਿੱਟੀ ਦਾ ਢੇਲਾ ਜੜ੍ਹ ਹੈ; ਘੜੇ ਦਾ ਅਕਾਰ ਧਾਰਨ ਕਰਵਾਉਣ ਲਈ ਘੁਮਿਆਰ ਦੀ ਲੋੜ ਹੁੰਦੀ ਹੈ। ਇਵੇਂ ਹੀ ਮਾਇਆ ਨੂੰ ਸੰਸਾਰ ਸਿਰਜਣ ਲਈ ਵੀ ਚੇਤਨ ਚਾਹੀਦਾ ਹੈ। ਸਿਆਣਿਆ ਨੇ ਇਸੇ ਲਈ ਮਿੱਟੀ ਨੂੰ ਉਪਾਦਾਨ ਕਾਰਣ ਮੰਨਿਆ ਹੈ; ਘੁਮਿਆਰ ਨੂੰ ਨਮਿੱਤ ਕਾਰਣ ਮੰਨਿਆ ਹੈ। ਮਾਇਆ/ਅਵਿੱਦਿਆ ਉਪਾਦਾਨ ਕਾਰਣ ਹੈ; ਚੇਤਨ ਨਮਿੱਤ ਕਾਰਣ ਹੈ। ਚੇਤਨ ਨੂੰ ਅਭਿੰਨ ਨਮਿੱਤ-ਉਪਾਦਾਨ ਕਾਰਣ ਮੰਨਿਆ ਹੈ, ਕਿਉਂਕਿ ਮਾਇਆ ਤ੍ਰਿਗੁਣਾਤਮਕ ਹੈ, ਸਮਾਨ ਚੇਤਨ ਤੋਂ ਹੋਂਦਵਾਨ ਹੁੰਦੀ ਹੈ। ਜਿਵੇਂ ਮੱਕੜੀ ਜਾਲੇ ਦਾ ਉਪਾਦਾਨ ਕਾਰਣ ਵੀ ਹੈ ਅਤੇ ਨਮਿੱਤ ਕਾਰਣ ਵੀ ਆਪ ਹੀ ਹੈ। ਚੇਤਨ ਮਾਇਆ ਨੂੰ ਵੀ ਆਪ ਹੀ ਸਿਰਜਦਾ ਹੈ ਅਤੇ ਸੱਤਾ ਵੀ ਆਪ ਹੀ ਦਿੰਦਾ ਹੈ। ਘੜੇ ਦੇ ਰੂਪ ਬਣਨ ਤੋਂ ਬਾਅਦ ਘੜੇ ਵਿੱਚੋਂ ਮਿੱਟੀ ਦੀ ਅੰਸ਼ ਨਜ਼ਰ ਆਉਂਦੀ ਹੈ, ਪਰ ਘੁਮਿਆਰ ਦੀ ਕੇਵਲ ਕਲਾ ਹੀ ਨਜ਼ਰ ਆਉਂਦੀ ਹੈ। ਇਸੇ ਪ੍ਰਕਾਰ ਮਾਇਆ ਤੋਂ ਪੰਜਾਂ ਤੱਤਾਂ ਦੀ ਹੋਂਦ ਰੂਪਵਾਨ ਹੋਣ ਉਪਰੰਤ ਸਮਾਨ ਚੇਤਨ ਸਹਿਤ

ਜੜ੍ਹ ਹੀ ਰਹਿੰਦੇ ਹਨ, ਚੇਤਨ ਦੀ ਕਲਾ ਹੀ ਨਜ਼ਰ ਆਉਂਦੀ ਹੈ। ਸਮਾਨ-ਚੇਤਨ ਮਾਇਆ ਦਾ ਵਿਰੋਧੀ ਨਹੀਂ ਹੈ, ਕਿਉਂਕਿ ਉਪਾਦਾਨ ਕਾਰਣ ਜੜ੍ਹ (ਮਿਥਿਆ) ਹੈ। ਗਿਆਨ ਪ੍ਰਾਪਤ ਕਰਨ ਲਈ ਚੇਤਨਤਾ ਚਾਹੀਦੀ ਹੈ। ਸਤੋ ਗੁਣ ਗਿਆਨ ਨੂੰ ਪ੍ਰਗਟ ਕਰਨ ਦੀ ਸਮਰੱਥਾ ਰੱਖਦਾ ਹੈ। ਜਿਵੇਂ ਸ਼ੀਸ਼ਾ/ 'ਵਸਤੂ ਦੀ ਚਮਕ' ਬਿੰਬ ਨੂੰ ਪ੍ਰਤੀਬਿੰਬ ਕਰਨ ਦੀ ਸਮਰੱਥਾ ਰੱਖਦਾ ਹੈ। ਪੰਜਾਂ ਤੱਤਾਂ ਦੀ ਸਤੋਂ ਅੰਸ਼ ਤੋਂ ਅੰਤਹਕਰਣ ਹੁੰਦਾ ਹੈ। ਅੰਤਹਰਕਣ ਦੀ ਅਹੰ-ਬ੍ਰਿਤੀ ਜਦੋਂ ਚੇਤਨਤਾ ਧਾਰਨ ਕਰ ਲੈਂਦੀ ਹੈ; ਉਸਨੂੰ ਗਿਆਤਾ ਕਹਿੰਦੇ ਹਨ। ਕਾਰ ਦੀ ਟੈਂਕੀ ਵਿੱਚ ਪਿਆ ਤੇਲ ਕੋਈ ਕਿਰਿਆ ਨਹੀਂ ਕਰਦਾ, ਜਦੋਂ ਤੱਕ ਡਰਾਈਵਰ ਕਾਰ ਦੀ ਸੈਲਫ ਲਗਾ ਕੇ ਸਟਾਰਟ ਨਹੀਂ ਕਰ ਲੈਂਦਾ। ਇੰਜਣ ਸਟਾਰਟ ਹੋ ਜਾਏ ਤਾਂ ਤੇਲ ਦੀ ਸਮਰੱਥਾ ਕਾਰ ਨੂੰ ਦੌੜਨ ਲਈ ਮਜਬੂਰ ਕਰ ਦਿੰਦੀ ਹੈ। ਇਸੇ ਪ੍ਰਕਾਰ 'ਅਹੰ ਬ੍ਰਿਤੀ' ਚੇਤਨ ਦੇ ਅਭਾਸ ਸਹਿਤ ਹੋ ਕੇ ਗਿਆਨ ਪ੍ਰਾਪਤ ਕਰਨ ਲਈ ਤਤਪਰ ਹੋ ਜਾਂਦੀ ਹੈ। ਹਰ ਗਿਆਤਾ 'ਗਿਆਨ ਇੰਦ੍ਰੇ' ਸਹਿਤ ਗਿਆਨ ਪ੍ਰਾਪਤ ਕਰਨ ਵਾਲਾ ਬਣ ਜਾਂਦਾ ਹੈ। ਜਦੋਂ ਚੇਤਨਤਾ ਸਹਿਤ ਗਯਾਤਾ ਕਿਰਿਆ ਬ੍ਰਿਤੀ ਨੂੰ ਕਰਮ ਵੱਲ ਪ੍ਰੇਰਿਤ ਕਰਦਾ ਹੈ। ਤਦੋਂ 'ਚੇਤਨਤਾ ਕਿਰਿਆ ਬ੍ਰਿਤੀ ਦਾ ਆਸਰਾ ਬਣ ਕੇ' ਚਲਦੀ ਹੈ। ਇਸਨੂੰ ਗਿਆਨ ਕਿਹਾ ਜਾਂਦਾ ਹੈ।

**ਗੇਯ ਅਰ ਪ੍ਰਮਾਤਾ-ਕਰਮ ਵਿਰਤਿ ਮਹਿਂ ਭਾਸ ਚਿਦ ਇਸ ਜੁਤਿ ਗੇਯ ਸੁ ਹੋਇ।**
**ਗਯਾਤਾ ਪਰਮਾਤਾ ਅਹੈ ਇਕ ਕੇ ਆਖਯ ਦੋਇ॥ ੫॥**

**ਅਰਥ** - ਜੋ ਕਰਮ ਵਿੱਚ ਚੇਤਨ ਦਾ ਅਭਾਸ਼ ਹੈ; ਇਸ ਦੋਨਾਂ ਦੇ ਸੁਮੇਲ ਨੂੰ ਗੇਯ ਕਹਿੰਦੇ ਹਨ। ਗਿਆਤਾ ਹੀ ਪਰਮਾਤਮਾ ਹੁੰਦਾ ਹੈ, ਇਕ ਹੀ ਵਸਤੂ ਦੇ ਦੋ ਨਾਮ ਹਨ।

**ਭਾਵਾਰਥ** - ਜਦੋਂ ਕਰਤਾ 'ਕਿਰਿਆ' ਤਹਿਤ ਹੋ ਕੇ ਪੂਰਨਤਾ ਹਾਸਿਲ ਕਰਦਾ ਹੈ, ਤਾਂ ਕਰਮ ਅਖਵਾਉਂਦਾ ਹੈ। ਕਰਤਾ-ਬ੍ਰਿਤੀ ਹੀ ਕਿਰਿਆ-ਬ੍ਰਿਤੀ ਦੁਆਰਾ ਕਰਮ ਰੂਪ ਪ੍ਰਾਪਤ ਕਰਦੀ ਹੈ। ਜਦੋਂ ਚੇਤਨਾਭਾਸ਼ ਅਹੰ-ਬ੍ਰਿਤੀ ਦੁਆਰਾ ਕਰਮ ਦਾ ਰੂਪ ਧਾਰਨ ਕਰਦੀ ਹੈ; ਕਰਮ—ਚੇਤਨਤਾ ਹਾਸਿਲ—ਕਰ ਲੈਂਦਾ ਹੈ। ਜਿਵੇਂ ਜਦੋਂ ਇੰਜਣ ਸਟਾਰਟ ਹੋ ਜਾਏ, ਕਾਰ ਦਾ ਚੱਲਣਾ (ਤੁਰਨਾ) ਸਾਰੇ ਸਿਸਟਮ ਨੂੰ ਇਕਸੁਰ ਕਰ ਦਿੰਦਾ ਹੈ। ਕਾਰ ਦੌੜ ਪੈਂਦੀ ਹੈ, ਸਫਰ ਤੈਅ ਹੋਣਾ ਸ਼ੁਰੂ ਹੋ ਜਾਂਦਾ ਹੈ। ਕਰਮ (ਸਫਰ) ਸੰਪੂਰਨ ਹੋ ਜਾਂਦਾ ਹੈ। ਇਵੇਂ ਜਦੋਂ ਅਹੰ-ਬ੍ਰਿਤੀ ਕਿਸੇ ਕਿਰਿਆ ਨੂੰ ਸੰਪੂਰਨ ਕਰਦੀ



ਹੈ; ਕਰਮ ਰੂਪ ਵਿੱਚ ਚੇਤਨਤਾ ਧਾਰਨ ਕਰ ਲੈਂਦੀ ਹੈ। ਇਸੇ ਨੂੰ ਗੇਯ ਕਿਹਾ ਜਾਂਦਾ ਹੈ। ਗਿਆਨ ਸਦਕਾ ਗਿਆਤਾ, ਗੇਯ ਦੀ ਤ੍ਰਿਪਟੀ ਬਣਦੀ ਹੈ। ਤ੍ਰਿਪਟੀ (ਗਿਆਤਾ-ਗਿਆਨ-ਗੇਯ) ਅੱਖਰਾਂ ਆਦਿ ਦੁਆਰਾ ਸ਼ਬਦਾਂ ਦੇ ਪੜ੍ਹਨ/ਸੁਣਨ ਰੂਪ ਕਰਮ ਨੂੰ ਪੂਰਾ ਕਰਦੀ ਹੈ। 'ਗੇਯ' ਸ਼ਾਬਦਿਕ ਗਿਆਨ ਹਾਸਿਲ ਹੋ ਜਾਂਦਾ ਹੈ। ਲੌਕਿਕ ਮੌਖਿਕ ਰੂਪ ਵਿੱਚ ਕੁੱਲ੍ਹ ਗਿਆਨ ਇਸੇ ਤ੍ਰਿਪਟੀ ਦੁਆਰਾ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ। ਸ਼ਾਬਦਿਕ ਗਿਆਨ ਦੇ ਨਾਲੋ ਨਾਲ ਵਿਵਹਾਰਕ ਗਿਆਨ ਵੀ ਮਨੁੱਖ ਨੂੰ ਸ਼ਬਦਾਂ ਰਾਂਹੀ ਹੀ ਹੁੰਦਾ ਹੈ। ਵਿੱਦਿਆ ਰਾਂਹੀ ਮਨੁੱਖ ਨੇ 'ਸ਼ਬਦਾਂ ਦੀ ਮਹਾਨਤਾ' ਸਾਇੰਸ ਵਿੱਚ ਮੱਲਾਂ ਮਾਰੀਆਂ ਹਨ। ਆਪਣੇ ਤੋਂ ਪਹਿਲੇ ਸਾਇੰਸਦਾਨਾਂ ਦੇ ਗਿਆਨ ਨੂੰ ਅਤੇ ਆਪ ਪ੍ਰਾਪਤ ਕੀਤੀ ਹੋਈ ਵਿੱਦਿਆ ਨੂੰ ਬਾਰ ਬਾਰ ਖੋਜਣ ਉਪਰੰਤ ਨਵੇਂ ਸਾਧਨ ਈਜਾਦ ਕੀਤੇ ਹਨ। ਮਨੁੱਖ ਦੁਆਰਾ ਕੀਤੀਆਂ ਖੋਜਾਂ, ਇਸੇ ਤ੍ਰਿਪਟੀ ਦਾ ਕਮਾਲ ਹੈ। ਵਿਵਹਾਰਕ ਸੱਤਾ ਵਿੱਚ ਕੁੱਲ੍ਹ ਗਿਆਨ ਮਨੁੱਖ ਪ੍ਰਮਾਣ ਰਾਂਹੀ ਹਾਸਿਲ ਕਰਦਾ ਹੈ।

**ਗਯਾਨ ਕਹੈਂ ਪ੍ਰਮਾਣ ਕੋ ਗੇਯ ਪ੍ਰਮੇਯ ਸੁਜਾਨ।**
**ਤ੍ਰਿਪਟੀ ਮੈਂ ਲਖਿ ਆਪ ਕੋ ਕਹੈਂ ਅਪਰਮਾ ਗਯਾਨ॥ ੬॥**

**ਅਰਥ** - ਪ੍ਰਮਾਣ ਨੂੰ ਹੀ ਗਿਆਨ ਕਹਿੰਦੇ ਹਨ, ਗੇਯ ਅਤੇ ਪ੍ਰਮੇਯ ਇੱਕ ਰੂਪ ਹੀ ਜਾਨਣਾ ਕਰ ਹੇ ਸੁਜਾਨ! ਜਿਹੜਾ ਤ੍ਰਿਪਟੀ ਵਿੱਚ ਆਪਣੇ ਆਪ ਨੂੰ ਜਾਣ ਲੈਣਾ, ਇਸਨੂੰ ਅਪ੍ਰਮਾ ਗਿਆਨ ਆਖਦੇ ਹਨ।

**ਭਾਵਾਰਥ** - ਨਿਯਾਯ ਪ੍ਰਮਾਣ ਮੀਮਾਸਾਂ ਵਿੱਚ ਪ੍ਰਮਾ ਗਿਆਨ ਅਤੇ ਅਪ੍ਰਮਾ ਗਿਆਨ ਸੰਬੰਧ ਵਿੱਚ ਕਾਫੀ ਲੰਮੇਰਾ ਪ੍ਰਕਰਣ ਹੈ। ਭਾਈ ਸਾਹਿਬ ਜੀ ਨੇ 'ਸਾਰੀ ਗਿਆਨ ਪ੍ਰਕ੍ਰਿਆ' ਦੁਆਰਾ ਆਂਤਰਿਕ ਸਾਧਨ ਬਲਵਾਨ ਕਰਨ ਲਈ ਹੀ ਮੁੱਖ ਰੂਪ ਵਿੱਚ ਪੰਜਵੀਂ ਰੁੱਤ ਦਾ ਕਥਨ ਕੀਤਾ ਹੈ। ਤਾਂ ਕਿ ਹਰ ਇੱਕ ਗੁਰਸਿੱਖ ਪੂਰਨ ਤੌਰ 'ਤੇ ਹਰ ਸ਼ਾਸ਼ਤ੍ਰਿਕ ਗਿਆਨ ਦਾ ਜਾਣੂ ਹੋ ਸਕੇ। ਮਨੁੱਖ ਨੂੰ ਗਿਆਨ ਇੰਦ੍ਰੀਆਂ ਦੁਆਰਾ ਵਿਸ਼ੇਯ (ਪਦਾਰਥ) ਦੇ ਸੰਬੰਧ ਕਰਕੇ ਹੁੰਦਾ ਹੈ। ਪ੍ਰਤੱਖ-ਗਿਆਨ ਦੀ ਸਮੱਗ੍ਰੀ ਸਹਿਤ ਸੰਸਕਾਰ ਤੋਂ ਪੈਦਾ ਹੋਇਆ ਗਿਆਨ ਪ੍ਰਤਭਿਗਿਆ-ਪ੍ਰਤੱਕਸ਼ ਅਖਵਾਉਂਦਾ ਹੈ। ਜੋ ਕੇਵਲ ਗਿਆਨ ਇੰਦ੍ਰੀਆਂ ਦੇ ਸੰਬੰਧ ਦੁਆਰਾ ਹੁੰਦਾ ਹੈ, ਉਸਨੂੰ ਅਭਿਗਿਆ-ਪ੍ਰਤੱਕਸ਼ ਕਹਿੰਦੇ ਹਨ। ਜਿਵੇਂ 'ਇਹ ਹਾਥੀ ਹੈ', ਅੱਖਾਂ (ਨੇਤ੍ਰ-ਇੰਦ੍ਰੇ) ਦਾ ਸੰਬੰਧ ਹਾਥੀ ਦੇ ਨਾਲ ਹੁੰਦਾ ਹੈ; ਅੱਖਾਂ ਹਾਥੀ (ਵਸਤੂ) ਨੂੰ ਮਨ ਦੇ ਸਾਹਮਣੇ ਪੇਸ਼ ਕਰ ਦਿੰਦੀਆਂ

ਹਨ। ਮਨ ਸੰਕਲਪ ਦਾ ਵਿਆਪਾਰ ਕਰਦਾ ਹੈ, ਭਾਵ ਮਨ ਪੇਸ਼ ਕੀਤੇ ਗਏ ਪਦਾਰਥ (ਹਾਥੀ) ਦਾ ਠੀਕ ਰੂਪ ਵਿੱਚ ਚਿੰਤਨ ਕਰਦਾ ਹੈ ਕਿ ਠੀਕ ਹਾਥੀ ਹੀ ਹੈ ਕੁੱਝ ਹੋਰ ਤੇ ਨਹੀਂ। ਮਨ, ਇਸੇ ਚਿੰਤਨ ਨੂੰ ਬੁੱਧੀ ਦੇ ਅੱਗੇ ਪੇਸ਼ ਕਰਦਾ ਹੈ, ਬੁੱਧੀ ਉਸ ਹਾਥੀ ਦਾ ਰੂਪ ਧਾਰਨ (ਹਾਥੀ-ਆਕਾਰ) ਕਰ ਲੈਂਦੀ ਹੈ। ਉਸ ਉੱਪਰ ਪੁਰਸ਼ ਦਾ ਪ੍ਰਕਾਸ਼ ਆਉਣ ਤੇ ਹਾਥੀ ਦੇ ਅਕਾਰ ਦੀ ਬ੍ਰਿਤੀ ਬਣ ਜਾਂਦੀ ਹੈ। ਤਦੋਂ ਹਾਥੀ ਦਾ ਗਿਆਨ ਹੁੰਦਾ ਹੈ। ਇਵੇਂ ਹਰ ਗਿਆਨ 'ਤ੍ਰਿਪਟੀ ਦੁਆਰਾ' ਹੀ ਹੁੰਦਾ ਹੈ। ਜਦੋਂ ਪਦਾਰਥ ਪ੍ਰਮੇਯ ਰੂਪ ਵਿੱਚ ਹੁੰਦੇ ਹਨ, ਤਾਂ ਪ੍ਰਮਾਤਾ-ਪ੍ਰਮਾਣ-ਪ੍ਰਮੇਯ ਦੀ ਤ੍ਰਿਪਟੀ ਬਣਦੀ ਹੈ। 'ਗਿਆਨ ਅਤੇ ਪ੍ਰਮਾਣ', 'ਗੇਯ ਅਤੇ ਪ੍ਰਮੇਯ' ਸਮਾਨ ਰੂਪ ਵਿੱਚ ਇੱਕ ਹੀ ਕਿਰਿਆ ਦੇ ਦੋ ਦੋ ਨਾਮ ਹਨ। ਪਰ ਜਦੋਂ ਤ੍ਰਿਪੁਟੀ ਲਿਖੀ ਜਾਂਦੀ ਹੈ, ਤਾਂ 'ਗਿਆਤਾ-ਗਿਆਨ-ਗੇਯ', 'ਪ੍ਰਮਾਤਾ-ਪ੍ਰਮਾਣ-ਪ੍ਰਮੇਯ' ਅਤੇ 'ਧਿਆਤਾ-ਧਿਆਨ -ਧੇਯ' ਦੀਆਂ ਤਿੰਨ ਰੂਪਾਂ ਵਿਚ ਲਿਖੀ ਜਾਂਦੀ ਹੈ। ਆਂਤਰਿਕ ਗਿਆਨ ਦੇ ਪਾਂਧੀਆਂ ਨੂੰ ਇਹਨਾਂ ਦੇ ਗੁੱਝੇ ਭੇਦਾਂ ਦੇ ਅਨਭਵ ਵੀ ਰਹਿੰਦੇ ਹਨ। ਸ਼ਾਬਦਿਕ (ਮੌਖਿਕ ਅਤੇ ਲੇਖਣ) ਰੂਪ ਗੇਯ ਪ੍ਰਾਪਤ ਕਰਨ ਲਈ ਗਿਆਤਾ-ਗਿਆਨ-ਗੇਯ ਦੀ ਤ੍ਰਿਪਟੀ ਕੰਮ ਕਰਦੀ ਹੈ। ਵਿਵਹਾਰਕ ਪਦਾਰਥਾਂ ਦੇ ਗਿਆਨ ਲਈ ਪ੍ਰਮਾਤਾ-ਪ੍ਰਮਾਣ-ਪ੍ਰਮੇਯ ਦੀ ਤ੍ਰਿਪਟੀ ਕੰਮ ਕਰਦੀ ਹੈ। ਕਿਉਂਕਿ ਪ੍ਰਮਾ ਗਿਆਨ ਦਾ ਸਾਧਨ ਪ੍ਰਮਾਣ ਹੁੰਦਾ ਹੈ। ਅਧਿਆਤਮਕ ਸਾਧਨ ਲਈ 'ਧਿਆਤਾ-ਧਿਆਨ-ਧੇਯ' ਦੀ ਤ੍ਰਿਪਟੀ ਕਰਮ ਕਰਦੀ ਹੈ। ਆਤਮਿਕ ਯਥਾਰਥ ਨੂੰ ਸਮਝਣ ਤੋਂ ਬਿਨਾਂ ਜੋ ਆਪਣੇ ਆਪ ਨੂੰ ਤ੍ਰਿਪਟੀ ਵਿੱਚ ਜਾਣਦਾ ਹੈ, ਉਸਨੂੰ ਅਪ੍ਰਮਾ ਗਿਆਨ ਆਖਦੇ ਹਨ। ਕਿਉਂਕਿ ਤ੍ਰਿਪਟੀ ਦਾ ਰੂਪ 'ਗਿਆਨ-ਇੰਦ੍ਰੇ' ਤੇ ਮਨ' ਦੇ ਆਸਰੇ ਬਣਦਾ ਹੈ। 'ਗਿਆਨ-ਇੰਦ੍ਰੇ' ਅਤੇ 'ਮਨ' ਪੰਜਾਂ ਤੱਤਾਂ ਦੀ ਸਤੋ-ਅੰਸ਼ ਤੋਂ ਹੁੰਦੇ ਹਨ। ਪੰਜੇ ਤੱਤ ਜੜ੍ਹ ਹਨ। ਆਤਮਾ ਕਦੇ ਵੀ ਜੜ੍ਹ ਨਹੀਂ ਹੋ ਸਕਦੀ, ਇਸ ਲਈ ਆਪਣੇ-ਆਪ ਨੂੰ ਤ੍ਰਿਪਟੀ ਦੇ ਸਹਿਤ ਕਰਕੇ ਜਾਣਨਾ, ਸੰਭਵ ਹੀ ਨਹੀਂ ਹੈ। ਕਿਉਂਕਿ ਸ਼ੀਸ਼ੇ ਅੱਗੇ ਖੜ੍ਹਾ ਆਦਮੀ ਵੇਖਦਾ ਪ੍ਰਤੀਬਿੰਬ ਹੈ, ਸ਼ਿੰਗਾਰ ਆਪਣਾ ਚਿਹਰੇ ਉੱਪਰ ਕਰਦਾ ਹੈ, ਪਰ ਕੁੱਤਾ ਸ਼ੀਸ਼ੇ ਵਿੱਚ ਆਪਣੇ ਵਰਗਾ ਦੂਜਾ ਕੁੱਤਾ ਸਮਝ ਕੇ ਭੌਂਕਦਾ-੨ ਥੱਕ ਹਾਰ ਜਾਂਦਾ ਹੈ। ਵੀਚਾਰਮਾਲਾ ਵਿੱਚ ਗੁਰੂ ਵਿਹੂਣੇ ਮਨੁੱਖ ਨੂੰ ਕੁੱਤੇ ਦੇ ਵਿਵਹਾਰ ਦੀ ਉਪਮਾ ਦੇ ਕੇ ਸਮਝਾਇਆ ਹੈ, 'ਗੁਰ ਬਿਨੁ ਭ੍ਰਮ ਲਗ ਭੂਲਯੋ, ਭੇਦ ਲਹੇ ਬਿਨੁ ਸੁਆਨ॥'

**ਪ੍ਰਮਾ ਗਯਾਨ-ਤ੍ਰਿਪਟੀ ਕੋ ਜੁ ਪ੍ਰਕਾਸ਼ ਹੀ ਅਰ ਸਭਿ ਕੋ ਧਿਸਠਾਨ।**



**ਅਪਨੋ ਆਪ ਸੁ-ਜਾਨ ਹੀ ਸੋ ਕਹਿੰ ਪਰਮਾ ਗਯਾਨ॥ ੭॥**

**ਅਰਥ** – ਜਿਹੜਾ ਤ੍ਰਿਪਟੀ ਨੂੰ ਪ੍ਰਕਾਸ਼ ਕਰਦਾ ਹੈ ਅਤੇ ਸਾਰਿਆਂ ਦਾ ਅਧਿਸ਼ਠਾਂਨ ਹੈ। ਆਪਣੇ ਆਪ ਨੂੰ ਜਾਣਦਾ ਹੈ, ਉਸਨੂੰ ਪਰਮਾ ਗਿਆਨ ਆਖਦੇ ਹਨ।

**ਭਾਵਾਰਥ** – ਵੈਸੇ ਪ੍ਰਮਾ 'ਗਿਆਨ' ਪ੍ਰਮਾਤਾ ਆਸਰਿਤ ਹੁੰਦਾ ਹੈ, ਪ੍ਰਮਾਤਾ ਹੀ ਪ੍ਰਮਾਣ ਰਾਹੀਂ ਪ੍ਰਮੇਯ ਦਾ ਗਿਆਨ ਪ੍ਰਾਪਤ ਕਰਦਾ ਹੈ। ਵੇਦਾਂਤ ਪ੍ਰਕ੍ਰਿਆ ਵਿੱਚ ਛੇ ਪ੍ਰਮਾਣ ਮੰਨੇ ਜਾਂਦੇ ਹਨ; ਇਸੇ ਲਈ ਵੀਚਾਰ ਸਾਗਰ ਦੇ ਕਰਤਾ ਨੇ ਛੇ ਪ੍ਰਮਾਣਾਂ ਸਦਕੇ ਛੇ ਹੀ ਪ੍ਰਮਾ ਨੂੰ ਮੰਨਿਆ ਹੈ; ਪ੍ਰਤੱਖ-ਪ੍ਰਮਾ, ਅਨੁਮਾਨ-ਪ੍ਰਮਾ, ਉਪਮਾਨ-ਪ੍ਰਮਾ, ਅਰਥਾਪਤੀ-ਪ੍ਰਮਾ, ਅਨਉਪਲੱਭਧੀ-ਪ੍ਰਮਾ, ਸ਼ਾਬਦੀ-ਪ੍ਰਮਾ। ਅਭਾਸਵਾਦ ਦੁਆਰਾ ਪ੍ਰਮਾ ਦਾ ਕਥਨ ਅੰਕਿਤ ਕੀਤਾ ਹੈ। ਵੇਦਾਂਤ ਚਿੰਤਨ ਵਿਚ ਚੇਤਨ ਤੋਂ ਬਿਨਾਂ ਸਫੁਰਨਤਾ ਸੰਭਵ ਨਹੀਂ ਹੈ। ਤਾਂ ਹੀ ਪ੍ਰਮਾਤਾ ਚੇਤਨ (ਅੰਤਹ ਕਰਣ ਵਿੱਚ), ਪ੍ਰਮਾਣ (ਨੇਤ੍ਰ-ਇੰਦ੍ਰੇ ਵਿੱਚ) ਚੇਤਨ, ਪ੍ਰਮਿਤੀ (ਬ੍ਰਿਤੀ ਵਿੱਚ) ਚੇਤਨ ਅਤੇ ਪ੍ਰਮੇਯ (ਵਿਸ਼ਯ ਜਾਂ ਪਦਾਰਥ) ਚੇਤਨ ਰਾਹੀਂ ਪ੍ਰਮਾ ਦਾ ਰੂਪ ਅੰਕਿਤ ਕੀਤਾ ਹੈ। ਜਿਵੇਂ ਖੇਤ ਨੂੰ ਸਿੰਜਣ ਲਈ ਪਾਣੀ ਜਰੂਰੀ ਹੈ; ਸਿੰਜਾਈ, ਪਾਣੀ ਦੀ ਵਰਤੋਂ ਹੈ। ਖੂਹ ਵਿਚੋਂ ਪਾਈਪ ਰਾਹੀਂ ਪਾਣੀ ਨਿਕਲ ਕੇ ਨਾਲੇ ਜਾਂ ਖਾਲ੍ਹ ਵਿੱਚੋਂ ਚਲਦਾ ਕਿਆਰਿਆਂ ਕਰਕੇ ਖੇਤੀ ਨੂੰ ਸਿੰਜਦਾ ਹੈ। ਇਵੇਂ ਹੀ ਅੰਤਹਕਰਣ ਤੋਂ ਬ੍ਰਿਤੀ ਉਪਜਦੀ ਹੈ, ਨੇਤ੍ਰ-ਇੰਦ੍ਰੇ ਪਾਈਪ ਦੁਆਰਾ ਚਲਦੀ ਹੋਈ ਮਾਧਿਅਮ ਵਿੱਚੋਂ ਆਪਣੇ ਵਿਸ਼ਯ ਦਾ ਅਕਾਰ ਧਾਰਨ ਕਰ ਲੈਂਦੀ ਹੈ। ਪਾਣੀ ਦੀ ਜ਼ਰੂਰਤ ਪੂਰੀ ਕਰਨ ਲਈ ਖੂਹ, ਪਾਈਪ, ਨਾਲਾ, ਕਿਆਰੇ ਨਾਮ ਕਥਨ ਵਿੱਚ ਆਉਂਦੇ ਹਨ; ਇਵੇਂ ਹੀ ਚੇਤਨ ਦੁਆਰਾ ਗਿਆਨ ਹਾਸਿਲ ਕਰਨ ਲਈ ਅੰਤਹਕਰਣ, ਨੇਤ੍ਰ-ਇੰਦ੍ਰੇ, ਮਾਧਿਅਮ ਅਤੇ ਪਦਾਰਥ ਵੱਖ-ਵੱਖ ਵਿਵਸਥਾਵਾਂ ਹਨ। ਚੇਤਨ ਹੀ ਇਹਨਾਂ ਅੰਦਰ ਪ੍ਰਮਾਤਾ (ਅੰਤਹਕਰਣ) ਚੇਤਨ, ਪ੍ਰਮਾਣ (ਨੇਤ੍ਰ ਇੰਦ੍ਰਾ) ਚੇਤਨ, ਪ੍ਰਮਿਤੀ (ਬ੍ਰਿਤੀ) ਚੇਤਨ ਅਤੇ ਵਿਸ਼ੇਯ (ਪਦਾਰਥ) ਚੇਤਨ ਰੂਪ ਧਾਰਨ ਕਰ ਲੈਂਦਾ ਹੈ। ਚੇਤਨ ਸਮਾਨ ਰੂਪ ਵਿੱਚ ਸਾਰੇ ਵਿਆਪਕ ਹੈ। ਜਦੋਂ ਅੰਤਹਕਰਣ ਉਪਾਧੀ ਹੋਵੇ ਤਾਂ 'ਅੰਤਹਕਰਣ ਉਪਹਿਤ ਚੇਤਨ' ਸਾਕਸ਼ੀ ਹੁੰਦਾ ਹੈ। ਜੋ ਵਸਤੂ ਦੇ ਸਰੂਪ ਵਿੱਚ ਪ੍ਰਵੇਸ਼ ਨਾ ਹੋ ਕੇ ਵਸਤੂ ਨੂੰ ਵਿਆਵਰਤੱਕ ਕਰਕੇ ਜਣਾਵੇ, ਉਸਨੂੰ ਉਪਾਧੀ ਕਹਿੰਦੇ ਹਨ; ਜਿਵੇਂ ਕੰਨ ਦਾ ਬਾਹਰੀ ਭਾਗ ਸ੍ਰਵਣ ਇੰਦ੍ਰੇ ਦੇ ਸਰੂਪ ਤੋਂ ਬਾਹਰ ਹੋ ਕੇ ਬਾਕੀਆਂ ਤੋਂ ਵੱਖ ਕਰਕੇ ਜਣਾਉਂਦਾ ਹੈ। ਨਿਆਇਕਾਂ

ਦੇ ਮੱਤ ਵਿੱਚ ਕਾਫੀ ਲੰਮੇਰੇ ਪ੍ਰਕਰਣ ਹਨ। ਅੰਤਹਕਰਣ ਵਿਵਸ਼ਟ ਚੇਤਨ, ਪ੍ਰਮਾਤਾ (ਜੀਵ) ਹੈ। ***ਜੋ ਵਸਤੂ ਸਰੂਪ ਵਿਚ ਪ੍ਰਵੇਸ਼ ਹੋ ਕੇ ਵਿਆਵਰਤਕ ਕਰਕੇ ਜਣਾਵੇ, ਉਸਨੂੰ ਵਿਸ਼ੇਸਣ ਕਹਿੰਦੇ ਹਨ। ਜਿਵੇਂ 'ਮੋਹਣ ਸਭ ਤੋਂ ਲੰਮਾ ਹੈ।'***

ਅਵਛੇਦਵਾਦ ਅਭਾਸ ਤੋਂ ਬਿਨਾਂ ਪ੍ਰਮਾ ਦੀ ਵੀਚਾਰ ਕਰਦਾ ਹੈ; ਜਦਕਿ ਅਭਾਸਵਾਦ ਅਭਾਸ ਸਹਿਤ ਪ੍ਰਮਾ ਦਾ ਚਿੰਤਨ ਕਰਵਾਉਂਦਾ ਹੈ।

**ਗੌਰਤਲਬ** – ਅੰਤਹਕਰਣ ਸਤੋ-ਅੰਸ਼ ਤੋਂ ਬਣਿਆ ਹੈ। ਇਸ ਲਈ ਅਭਾਸ ਦੇ ਯੋਗ ਹੈ। ਜਿਵੇਂ ਸ਼ੀਸ਼ਾ ਬਿੰਬ ਨੂੰ ਅਭਾਸਿਤ (ਪ੍ਰਤੀਬਿੰਬਤ) ਕਰਦਾ ਹੈ, ਲੱਕੜ ਵਗੈਰਾ ਨਹੀਂ। ਇਵੇਂ ਸਰੀਰ ਆਦਿ ਵੀ ਤਮੋ-ਅੰਸ਼ ਤੋਂ ਬਣੇ ਹਨ, ਅਭਾਸਿਤ ਨਹੀਂ ਕਰਦੇ। ਸਮਾਨ ਚੇਤਨ ਸਾਰੇ ਸਰੀਰ ਆਦਿ ਵਿੱਚ ਵਿਆਪਕ ਤਾਂ ਹੈ। ਪਰ ਅਭਾਸ ਦੀ ਸਮਰੱਥਾ ਨਹੀਂ। ਅੰਤਹਕਰਣ ਵਿੱਚ ਦੋ ਤਰ੍ਹਾਂ ਦਾ ਪ੍ਰਕਾਸ਼ ਹੈ; ਇੱਕ ਸਮਾਨ ਚੇਤਨ ਅਤੇ ਦੂਜਾ ਅਭਾਸ ਦਾ। ਜਿਵੇਂ ਅੰਹਤਕਰਣ ਅਭਾਸ ਸਹਿਤ ਹੈ; ਇਵੇਂ ਅੰਤਹਕਰਣ ਦੀ ਬ੍ਰਿਤੀ ਵੀ ਅਭਾਸ ਸਹਿਤ ਹੈ। ਸਾਭਾਸ਼ 'ਬ੍ਰਿਤੀ ਵਿਸ਼ਸਟ ਚੇਤਨ' ਹੀ 'ਪ੍ਰਮਾਣ ਚੇਤਨ' ਹੈ। ਨਿਰਉਪਾਧਿਕ ਚੇਤਨ ਵਿੱਚ ਪ੍ਰਮਾ ਵਿਵਹਾਰ ਨਹੀਂ ਬਣਦਾ, ਪਰ ਵਿਸ਼ਿਆਕਾਰ ਬ੍ਰਿਤੀ ਉਪਹਿਤ ਚੇਤਨ ਵਿਚ ਪ੍ਰਮਾ ਵਿਵਹਾਰ ਬਣਦਾ ਹੈ। ਪ੍ਰਮਾ ਸ਼ਬਦ ਵਿੱਚ 'ਵਿਸ਼ਿਆਕਾਰ ਬ੍ਰਿਤੀ' ਉਪਾਧੀ ਹੈ। ਜੋ ਵੀ ਗਿਆਨ ਉਤਪੰਨ ਹੁੰਦਾ ਹੈ, ਉਹ ਪ੍ਰਮੇਯ ਕਰਕੇ ਹੀ ਹੁੰਦਾ ਹੈ। ਜਿਵੇਂ ਘੜੇ ਦੇ ਅਕਾਰ ਦਾ ਗਿਆਨ ਘਟਾਕਾਸ਼ ਵਾਲੀ ਬ੍ਰਿਤੀ ਸਦਕੇ ਹੀ ਹੈ। ਇੰਦ੍ਰੇ ਕੇਵਲ ਸਾਧਨ ਹਨ। ਜਿਵੇਂ ਕੰਨ ਅਸੀਂ ਬਾਹਰਲੇ ਭਾਗ ਨੂੰ ਆਖਦੇ ਹਾਂ। ਪਰ ਸ੍ਰਵਣ-ਇੰਦ੍ਰਾ ਅੰਦਰ ਸਥਿਤ ਹੁੰਦਾ ਹੈ। ਅੰਤਹਕਰਣ ਦਾ ਸਾਰਾ ਪਰਿਣਾਮ ਪ੍ਰਮਾ ਨਹੀਂ ਹੈ। ਕੇਵਲ ਵਿਸ਼ੇਯ ਨਾਲ ਮਿਲ ਕੇ ਜੋ ਵਿਸ਼ੇਯ ਦੇ ਸਮਾਨ ਅੰਤਹਕਰਣ ਦਾ ਪਰਿਣਾਮ ਹੈ; ਉਸਨੂੰ ਹੀ ਪ੍ਰਮਾ ਕਹਿੰਦੇ ਹਨ। ਬਾਹਰੀ ਪ੍ਰਮੇਯ (ਵਿਸ਼ੇ) ਦਾ ਪ੍ਰਤੱਖ ਪ੍ਰਮਾ ਲਈ ਅੰਤਹਕਰਣ ਦੀ ਬ੍ਰਿਤੀ ਪ੍ਰਮੇਯ ਦੇ ਅਕਾਰ ਦਾ ਰੂਪ ਧਾਰਨ ਕਰਦੀ ਹੈ। ਇਸਨੂੰ ਅਸੀਂ ਪ੍ਰਮਾਤਾ-ਪ੍ਰਮਾਣ-ਪ੍ਰਮੇਯ ਦੀ ਤ੍ਰਿਪਟੀ ਰੂਪ ਵਿੱਚ ਆਖਦੇ ਹਾਂ। ਆਂਤਰਿਕ ਆਤਮਾ ਦਾ ਪ੍ਰਤੱਖ ਕਰਨ ਲਈ ਅੰਤਹਕਰਣ ਦੀ ਬ੍ਰਿਤੀ ਬਾਹਰ ਨਹੀਂ ਜਾਂਦੀ, ਸਗੋਂ ਸਰੀਰ ਦੇ ਅੰਦਰ ਹੀ ਆਤਮਾਕਾਰ ਹੁੰਦੀ ਹੈ। ਇਸ ਲਈ ਹੀ ਆਂਤਰਿਕ ਗਿਆਨ ਲਈ ਧਿਆਤਾ- ਧਿਆਨ-ਧੇਯ ਦੀ ਤ੍ਰਿਪਟੀ ਕਹੀ ਜਾਂਦੀ ਹੈ। ਸਮਾਨ ਰੂਪ ਵਿੱਚ ਆਤਮਾ ਸਾਰੇ ਹੀ ਵਿਆਪਕ ਹੈ, ਪਰ ਬ੍ਰਿਤੀ ਕਰਕੇ ਅਵਰਨ ਭੰਗ ਹੁੰਦਾ ਹੈ। ਆਤਮਾ ਆਪਣੇ ਪ੍ਰਕਾਸ਼ ਕਰਕੇ



ਬ੍ਰਿਤੀ ਵਿੱਚ ਪ੍ਰਕਾਸ਼ਦੀ ਹੈ। ਜਿਵੇਂ ਚੁੰਬਕੀ ਖੇਤਰ ਵਿੱਚ ਲੋਹੇ ਜਾਂ ਖਾਸ ਧਾਤ ਵਿੱਚ ਬਿਜਲਈ ਕਣ ਵਹਿਣ ਲੱਗ ਜਾਂਦੇ ਹਨ। ਇਸ ਲਈ ਹੀ ਪ੍ਰਮਾ ਦਾ ਵਿਵਹਾਰ ਸ਼ਾਕਸ਼ੀ ਰੂਪ ਵਿੱਚ ਹੈ। ਆਤਮਾ ਸੁਯੰ-ਪ੍ਰਕਾਸ਼ ਹੈ; ਇਸੇ ਸੁੱਤੇ-ਪ੍ਰਕਾਸ਼ ਸਦਕਾ ਆਤਮਾ ਗਿਆਨ (ਬ੍ਰਿਤੀ) ਪ੍ਰਵਾਹਿਤ ਕਰਦੀ ਹੈ। 'ਅਹੰ-ਬ੍ਰਹਮ' ਗਿਆਨ ਬ੍ਰਿਤੀ ਦੁਆਰਾ ਹੀ ਹੁੰਦਾ ਹੈ; ਇਸੇ ਨੂੰ ਪ੍ਰਮਾ ਕਿਹਾ ਹੈ। ਇਹ ਪ੍ਰਮਾ ਆਪਣੇ-ਆਪ ਨੂੰ ਤ੍ਰਿਪਟੀ ਰੂਪ ਨਹੀਂ ਸਮਝਦੀ, ਸਗੋਂ ਤ੍ਰਿਪਟੀ ਨੂੰ ਆਪਣੇ ਆਸਰਿਤ ਜਾਣਦੀ ਹੈ। ਆਪ ਤ੍ਰਿਪਟੀ ਤੋਂ ਨਿਆਰਾ ਅਤੇ ਤ੍ਰਿਪਟੀ ਦਾ ਆਸਰਾ ਹੁੰਦੀ ਹੈ। ਆਪਣੇ-ਆਪ ਨੂੰ ਸ਼ੁੱਧ ਰੂਪ ਕਰਕੇ ਜਾਣਦੀ ਹੈ।

**ਸ੍ਵੈਯਾ – ਮਹਾਂਵਾਕ ਵੇਦਾਂਤ ਕਿ ਸਤਿਗੁਰ ਤਿਸ ਕੋ ਹੋਨਿ ਯਥਾਰਥ ਗਯਾਨ।**
**ਅਧਿਕਾਰੀ ਜੁ ਚਤੁਸ੍ਰੈ ਸਾਧਨ ਵਿਖਯ ਜੀਵੇਸ਼੍ਵਰ ਇਕਤਾ ਜਾਨ।**
**ਬੋਧ ਬ੍ਰਹਮ ਬੋਧਕ ਵੇਦਾਂਤ ਸੁ ਇਹ ਸਬੰਧ ਨੀਕੇ ਪਹਿਚਾਨ।**
**ਦੁਖ ਨਿਵਿਰਤਿ ਪਰਮਾਨੰਦ ਪ੍ਰਾਪਤਿ ਇਹੀ ਪ੍ਰਯੋਜਨ ਕਰਹਿਂ ਬਖਾਨ॥ ੮॥**

**ਅਰਥ** – ਵੇਦਾਂਤ ਦੇ ਮਹਾਂਵਾਕ ਦੇ ਉਪਦੇਸ਼ਟਾ ਸਤਿਗੁਰ ਮਿਲਨ ਅਤੇ ਮਹਾਂਵਾਕ ਦਾ ਯਥਾਰਥ ਗਿਆਨ ਸਿੱਖ/ਜਗਿਆਸੂ ਨੂੰ ਪ੍ਰਾਪਤ ਹੋ ਜਾਏ। ਇਸ ਲਈ ਅਧਿਕਾਰੀ ਹੋਣਾ ਬਹੁਤ ਜ਼ਰੂਰੀ ਹੈ। ਅਧਿਕਾਰੀ ਦੀ ਪਹਿਚਾਣ ਲਈ ਚਾਰ ਅਨਬੰਧ (ਸੰਬੰਧ) ਹੁੰਦੇ ਹਨ। ਜਿਹਨਾਂ ਕਰਕੇ ਅਧਿਕਾਰੀ ਦੀ ਅਧਿਕਾਰਤਾ ਚਾਰ ਸਾਧਨ ਸੰਪੰਨਤਾ ਨਾਲ ਸਿੱਧ ਹੁੰਦੀ ਹੈ। ਭਾਈ ਸਾਹਿਬ ਜੀ ਚਾਰੇ ਅਨਬੰਧ ਕਥਨ ਕਰਦੇ ਹਨ। ਜੀਵ ਈਸ਼ਰ ਦੀ ਏਕਤਾ ਇਸ ਦਾ ਵਿਸ਼ਯ ਅਨਬੰਧ ਹੈ। ਬ੍ਰਹਮ ਬੋਧਯ ਹੈ, ਵੇਦਾਂਤ ਬੋਧਕ ਹੈ; ਇਹ ਪ੍ਰਤੀਪਾਦਯ ਅਤੇ ਪ੍ਰਤੀਪਾਦਕ ਸੰਬੰਧ (ਅਨਬੰਧ) ਹੈ। ਦੁੱਖ ਦੀ ਨਿਵਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਇਸ ਦਾ ਪ੍ਰਯੋਜਨ ਅਨਬੰਧ ਹੈ।

**ਭਾਵਾਰਥ** – ਡਾਕਟਰ ਭਾਈ ਵੀਰ ਸਿੰਘ ਜੀ ਨੇ ਸਤਿਗੁਰ ਸ਼ਬਦ ਦੇ ਅਰਥ ਵੇਦਾਂਤ ਵਿਦਿਆ ਦੇ ਉਸਤਾਦ ਕੀਤੇ ਹਨ। ਗੁਰੂ ਦੀ ਮਹਾਨਤਾ ਕਿੰਨੀ ਹੈ!!!, ਇੱਥੋਂ ਪਤਾ ਲੱਗਦਾ ਹੈ। ਸੰਸਾਰ ਅੰਦਰ ਅਧਿਆਤਮਕ ਜਾਂ ਪਦਾਰਥਿਕ ਵਿੱਦਿਆ ਹੋਵੇ, ਦੋਨਾਂ ਵਿੱਚ ਹੀ ਅਧਿਆਪਕ ਜਾਂ ਉਸਤਾਦ ਦਾ ਸਭ ਤੋਂ ਵੱਧ ਯੋਗਦਾਨ ਹੁੰਦਾ ਹੈ। ਜੇ ਅਧਿਆਪਕ ਦਾ ਸਤਿਕਾਰ ਇਤਨਾ ਚਾਹੀਦਾ ਹੈ, ਤਾਂ ਗੁਰੂ ਸਾਹਿਬ ਜੀ ਦਾ ਸਤਿਕਾਰ ਕਿਤਨਾ ਹੋਣਾ ਚਾਹੀਦਾ ਹੈ?? ਕਿਉਂਕਿ ਗੁਰੂ ਸਾਹਿਬ ਜੀ ਗਿਆਨ ਦੇ ਨਾਲ ਨਾਲ ਪ੍ਰਮਾਤਮਾ ਦਾ ਜੋੜ ਬਣਾਕੇ ਜੀਵਨ ਦੀ ਅਸਲੀਅਤ ਦਾ ਜਾਣਕਾਰ

ਬਣਾ ਦਿੰਦੇ ਹਨ। ਜ਼ਰਾ-ਵੇਖੀਏ!! ਅਸੀਂ ਗੁਰੂ ਸਾਹਿਬ ਜੀ ਦੇ ਮਹਾਨ ਵੀਚਾਰਾਂ ਪ੍ਰਤੀ ਕਿੰਨੇ ਕੁ ਸੁਹਿਰਦ ਹਾਂ? ਵੇਦਾਂ ਦੇ ਮਹਾਂਵਾਕ, ਜਾਂ ਗਿਆਨ ਨਿਸ਼ਠ ਸਤਪੁਰਖਾਂ ਦੇ ਵਾਕ ਹਨ; ਉਹਨਾਂ ਦਾ ਯਥਾਰਥ ਗਿਆਨ ਹੋ ਜਾਏ। ਇਸਨੂੰ ਪ੍ਰਾਪਤ ਕਰਨ ਦੀ ਯੋਗਤਾ ਦਾ ਨਾਮ ਅਧਿਕਾਰੀ ਹੈ। ਵੀਚਾਰ ਸਾਗਰ ਦੇ ਕਰਤਾ ਨੇ ਅਧਿਕਾਰੀ ਦਾ ਕਥਨ ਕੀਤਾ ਹੈ, '***ਮਲ ਵਿਖੇਪ ਜਾ ਕੇ ਨਹੀਂ ਕਿੰਤੂ ਏਕ ਅਗਿਆਨ॥ ਹੈਵ ਚਵ ਸਾਧਨ ਸਹਿਤ ਨਰ ਸੋ ਅਧਿਕ੍ਰਤ ਮਤਿਮਾਨ॥***' ਜਿਸ ਦੇ ਜੀਵਨ ਵਿੱਚ ਕੋਈ ਵੀ (ਮਲ) ਪਾਪ ਨਾ ਹੋਵੇ ਅਤੇ (ਵਿਖੇਪ) ਚੰਚਲਤਾ ਨਾ ਹੋਵੇ ਕੇਵਲ ਅਗਿਆਨ ਹੀ ਹੋਵੇ। ਨਾਲ ਹੀ ਚਾਰ ਸਾਧਨਾ ਦੇ ਸਮੇਤ ਹੋਵੇ; ਉਸਨੂੰ ਅਕਲ-ਵਾਲੇ ਅਧਿਕਾਰੀ ਮੰਨਦੇ ਹਨ। ਵੇਦਾਂਤ ਪ੍ਰਕ੍ਰਿਆ ਨੂੰ ਸਮਝ ਕੇ ਬ੍ਰਹਮ ਨੂੰ ਸਮਝਣ ਲਈ ਇਤਨੀ ਸਾਵਧਾਨੀ ਚਾਹੀਦੀ ਹੈ। ਅਸੀਂ ਸੋਚ ਸਕਦੇ ਹਾਂ, ਕਿ ਗੁਰਬਾਣੀ ਨੂੰ ਸਮਝਣ ਲਈ ਕਿੰਨੀ ਮਹੀਨ ਜੀਵਨਸ਼ੈਲੀ ਦੀ ਜ਼ਰੂਰਤ ਹੈ। ਕੇਵਲ ਆਰ ਐਸ ਐਸ ਕਹਿ ਕੇ ਖਹਿੜਾ ਛਡਾਉਣਾ ਤਾਂ ਸੌਖਾ ਹੋ ਸਕਦਾ ਹੈ; ਪਰ ਗੁਰੂ ਕੇ ਗਿਆਨ ਦੇ ਮਹਾਨ ਸਾਗਰ ਵਿੱਚ ਡੁੱਬੀਆਂ ਲਾ ਕੇ ਹੀਰੇ ਮੋਤੀਆਂ ਵਰਗੀਆਂ ਵੀਚਾਰਾਂ ਨਹੀਂ ਮਿਲ ਸਕਣਗੀਆਂ। ਚਾਰ ਸਾਧਨਾ ਦਾ ਵੀ ਕਥਨ ਕੀਤਾ ਹੈ, '***ਪ੍ਰਥਮ ਵਿਵੇਕ ਵੈਰਾਗ ਪੁਨਿ, ਸ਼ਮਾਦਿ ਖਟਿਸੰਪਤਿ॥ ਕਹੀ ਚਤੁਰਥ ਮਮੁੱਕਸ਼ਤਾ ਯੇ ਚਵ ਸਾਧਨ ਸੱਤ॥***' ਅਧਿਕਾਰੀ ਸਭ ਤੋਂ ਪਹਿਲਾਂ ਵਿਵੇਕੀ ਹੈ, ਫਿਰ ਵੈਰਾਗੀ ਹੈ, ਤੀਸਰੀ ਖਟ-ਸੰਪਤੀ ਹੈ ਅਤੇ ਚੌਥਾ ਮਮੁੱਕਸ਼ਤਾ ਹੈ। ਖਟ-ਸੰਪਤੀ ਦੇ ਸੰਬੰਧ ਵਿੱਚ ਵੀ ਲਿਖਿਆ ਹੈ, '***ਸਮ ਦਮ ਸਰਧਾ ਤੀਸਰੀ, ਸਮਾਧਾਨ ਉਪਰਾਮ॥ ਛਟੀ ਤਿਤਕਸ਼ਾ ਜਾਨੀਏ ਭਿੰਨ ਭਿੰਨ ਯਹ ਨਾਮ॥***' ਅਧਿਕਾਰੀ ਲਈ ਬਹੁਤ ਲੰਮੇਰੀ ਵੀਚਾਰ ਹੈ, ਜਿਸਨੂੰ ਕਿਤੇ ਹੋਰ ਵਿਸ਼ੇ ਵਿੱਚ ਲਿਖਣ ਦੀ ਕੋਸ਼ਿਸ਼ ਕਰਾਂਗੇ। ਮੂਲ ਰੂਪ ਵਿੱਚ 'ਸ੍ਰਵਣ ਮੰਨਣ ਨਿਧਿਆਸਨ' ਗਿਆਨ ਦੇ ਆਂਤਰਿਕ-ਕਾਰਣ ਹਨ। ਵਿਵੇਕ ਵੈਰਾਗ ਆਦਿ ਗਿਆਨ ਦੇ ਸਾਧਨ ਹਨ। ਇਹਨਾਂ ਦੇ ਸੰਯੁਕਤ ਜੋ ਪੁਰਸ਼ ਹੈ, ਉਹ ਯਥਾਰਥ ਗਿਆਨ ਦਾ ਅਧਿਕਾਰੀ ਹੈ, ਇਸਨੂੰ ਹੀ ਅਧਿਕਾਰੀ ਅਨਬੰਧ ਕਹਿੰਦੇ ਹਨ। ਇਸ ਦਾ ਵਿਸ਼ੇ 'ਜੀਵ ਈਸ਼ਰ ਦੀ ਏਕਤਾ' ਹੈ, ਇਹ ਵਿਸ਼ੇ ਅਨਬੰਧ ਹੈ। ਦੋਨਾਂ ਵਿੱਚ ਜੋ ਸੰਬੰਧ ਹੈ; ਅਧਿਕਾਰੀ ਦੇ ਸੰਬੰਧ ਲਈ 'ਬ੍ਰਹਮ ਬੋਧਯ ਹੈ' ਅਤੇ 'ਵੇਦਾਂਤ ਬੋਧਕ ਹੈ'। ਭਾਵ ਵੇਦਾਂਤ ਦੇ ਵਾਕ ਅਧਿਕਾਰੀ ਨੂੰ ਬੋਧਯ (ਗਿਆਨ ਦਾ ਅਨਭਵ) ਕਰਵਾਉਂਦੇ ਹਨ। ਬੋਧਯ ਬ੍ਰਹਮ ਦਾ ਹੁੰਦਾ ਹੈ। ਇਸ ਲਈ ਇਹ ਪ੍ਰਤੀਪਾਦਯ ਅਤੇ ਪ੍ਰਤੀਪਾਦਕ ਸੰਬੰਧ



ਹੈ। ਇਸਨੂੰ ਸੰਬੰਧ ਅਨਬੰਧ ਕਹਿੰਦੇ ਹਨ। ਸੰਸਾਰ ਦੁੱਖ ਦੀ ਨਿਵਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਪ੍ਰਜੋਯਨ ਹੈ; ਇਸਨੂੰ ਪ੍ਰਜੋਯਨ ਅਨਬੰਧ ਕਹਿੰਦੇ ਹਨ।

**ਦੋਹਰਾ - ਇਹ ਚਾਰੋਂ ਅਨੁਬੰਧ ਕੋ ਗਯਾਨ ਰਿਦੇ ਜਬ ਹੋਇ।**
**ਕਹੈਂ ਗਿਆਨ ਪ੍ਰਕਰਣ ਸੋ ਸੰਤਨ ਕੇ ਮਤ ਜੋਇ॥ ੯॥**

**ਅਰਥ** - ਗਿਆਨ ਦਾ ਵਿਸ਼ਾ ਉਹਨਾਂ ਨੂੰ ਸੁਣਾਉਣਾ ਚਾਹੀਏ, ਜਿਸਦੇ ਹਿਰਦੇ ਵਿੱਚ ਚਾਰੇ ਹੀ ਅਨਬੰਧਾਂ ਦਾ ਗਿਆਨ ਹੋਵੇ, ਸੰਤਾਂ ਦੇ ਮੱਤ ਵਿੱਚ ਇਸਨੂੰ ਗਿਆਨ ਪ੍ਰਕਰਣ ਕਹਿੰਦੇ ਹਨ।

**ਭਾਵਾਰਥ** - ਮਨੁੱਖ ਲਈ ਗਿਆਨ ਦੀ ਵਿਥਿਆ ਨੂੰ ਬਹੁਤ ਹੀ ਸੁੰਦਰ ਲਿਖਿਆ ਹੈ। ਭਾਈ ਗੁਰਦਾਸ ਜੀ ਦਾ ਕਬਿੱਤ ਵਖਿਆਨ ਕਰਨ ਵਿੱਚ ਬਹੁਤ ਹੀ ਸਹਾਈ ਹੈ। ***ਜੈਸੇ ਖਾਂਡ ਖਾਂਡ ਕਹੈ ਮੁਖਿ ਨਹੀ ਮੀਠਾ ਹੋਇ ਜਬ ਲਗ ਜੀਭ ਸਵਾਦ ਖਾਂਡ ਨਹੀਂ ਖਾਈਐ। ਜੈਸੇ ਰਾਤ ਅੰਧੇਰੀ ਮੈ ਦੀਪਕ ਦੀਪਕ ਕਹੈ ਤਿਮਰ ਨ ਜਾਈ ਜਬ ਲਗ ਨ ਜਰਾਈਐ। ਜੈਸੇ ਗਿਆਨ ਗਿਆਨ ਕਹੈ ਗਿਆਨ ਹੂੰ ਨ ਹੋਤ ਕਛੁ ਜਬ ਲਗੁ ਗੁਰ ਗਿਆਨ ਅੰਤਰਿ ਨ ਪਾਈਐ। ਤੈਸੇ ਗੁਰ ਧਿਆਨ ਕਹੈ ਗੁਰ ਧਿਆਨ ਹੂ ਨ ਪਾਵਤ ਜਬ ਲਗੁ ਗੁਰ ਦਰਸ ਜਾਇ ਨ ਸਮਾਈਐ॥ ੫੪੨॥*** ਜਿਸ ਨੂੰ ਚਾਰ-ਅਨੁਬੰਧਾਂ ਦੀ ਪੂਰਨ ਤੌਰ ਤੇ ਸਮਝ ਹੁੰਦੀ ਹੈ, ਉਹਨਾਂ ਨੂੰ ਗਿਆਨ ਦੁਆਰਾ ਧਿਆਨ ਵੀ ਮਿਲ ਜਾਂਦਾ ਹੈ। ਉਹਨਾਂ ਲਈ ਗਿਆਨ ਕੇਵਲ ਅੱਖਰ ਨਹੀਂ, ਸਗੋਂ ਅੱਖਰਾਂ ਕਰਕੇ ਪ੍ਰਭੂ ਮਿਲਾਪ ਹਿਰਦੇ ਵਿੱਚ ਮਿਲ ਪੈਂਦਾ ਹੈ। ਸੰਤਾਂ ਦੇ ਮੱਤ ਵਿੱਚ ਇਸ ਸਾਰੇ ਨੂੰ ਗਿਆਨ ਪ੍ਰਕਰਣ ਆਖਦੇ ਹਨ।

**ਬ੍ਰਹਮ ਅਖੰਡ ਚੈਤੰਨ ਕੋ ਗਯਾਨ ਜਥਾਰਥ ਜਾਨ।**
**ਜਿਸੀ ਵਾਕਯ ਤੇ ਹੋਤ ਹੈ ਮਹਾਂਵਾਕ ਸੋ ਮਾਨ॥ ੧੦॥**

**ਅਰਥ** - ਜਿਸ ਵਾਕ ਤੋਂ ਅਖੰਡ ਚੇਤਨ ਬ੍ਰਹਮ ਦਾ ਯਥਾਰਥ ਗਿਆਨ ਹੋਵੇ, ਉਹਨਾਂ ਨੂੰ ਮਹਾਂਵਾਕ ਆਖਦੇ ਹਨ।

**ਭਾਵਾਰਥ** - ਅਖੰਡ ਦਾ ਭਾਵ ਹੁੰਦਾ ਹੈ, ਜਿਸਦੇ ਕੋਈ ਵੀ ਟੋਟੇ ਨਾ ਕੀਤੇ ਜਾ ਸਕਣ। ਬ੍ਰਹਮ ਸਭ ਵਿੱਚ ਇੱਕ ਰਸ ਵੀ ਹੈ, ਸਭ ਦਾ ਆਪਣਾ ਆਪਾ ਵੀ ਹੈ। ਜਿਵੇਂ ਅਗਨ ਆਪਣੇ ਆਪ ਵਿਚ ਤਾਕਤ ਵੀ ਹੈ ਅਤੇ ਪ੍ਰਕਾਸ਼ ਵੀ; ਇਵੇਂ ਬ੍ਰਹਮ (ਆਤਮ-ਰੂਪ) ਸਾਰਿਆਂ ਲਈ ਪੰਜ-ਤੱਤਾਂ ਦੀ ਤਾਕਤ ਵੀ ਹੈ ਅਤੇ ਚੇਤਨਾ ਰੂਪ ਪ੍ਰਕਾਸ਼ ਵੀ। ਅਗਨ ਬਨਸਪਤੀ ਵਿਚ ਹੈ, ਪਰ ਨਜ਼ਰ ਨਹੀਂ ਆ ਰਹੀ; ਚੇਤਨਾ

ਪੰਜਾਂ ਤੱਤਾਂ ਅੰਦਰ ਸਥਿਤ ਹੈ, ਪਰ ਅਨਭਵ ਨਹੀਂ ਹੋ ਰਹੀ। ਅਗਨ ਨੂੰ ਵੇਖਣ ਤੇ ਸਮਝਣ ਲਈ ਚੁੱਲ੍ਹੇ ਵਿੱਚ ਅੱਗ ਦੇ ਰੂਪ (ਸਾੜ੍ਹਨ/ ਦਾਹ ਤੇ ਪ੍ਰਕਾਸ਼) ਨੂੰ ਅਨਭਵ ਕਰਨਾ ਹੀ ਪਵੇਗਾ; ਅਖੰਡ ਚੇਤਨ ਬ੍ਰਹਮ ਨੂੰ ਵੇਖਣ ਤੇ ਸਮਝਣ ਲਈ ਸੇਵਾ-ਸਿਮਰਨ ਦੇ ਚੁੱਲ੍ਹੇ ਪਾਸ ਅਨਭਵ ਕਰਨਾ ਪਵੇਗਾ। ਸੁੱਕੀਆਂ ਲੱਕੜਾਂ ਜਾਂ ਤੇਲ ਧਾਰਕ ਵਸਤੂਆਂ ਵਿੱਚੋਂ ਅੱਗ ਸਹਿਜੇ ਹੀ ਵੇਖੀ ਜਾ ਸਕਦੀ ਹੈ; ਕਿਉਂਕਿ ਉਸ ਅਗਨ ਦਾ ਅਨਭਵ ਅਸੀਂ ਚੁਲ੍ਹੇ ਵਿੱਚ ਕਰ ਲੈਂਦੇ ਹਾਂ। ਇਵੇਂ ਹੀ ਸੇਵਾ/ਸਿਮਰਨ ਦੁਆਰਾ ਲਿਬਰੇਜ਼ ਮਹਾਂਪੁਰਖਾਂ ਜਾਂ ਧੁਰੋਂ ਬਖਸ਼ੀਆਂ ਆਤਮਾਵਾਂ ਕਰਕੇ ਸਤਸੰਗ ਵਿੱਚੋਂ ਬ੍ਰਹਮ ਦਾ ਅਨਭਵ ਹੋ ਜਾਂਦਾ ਹੈ। ਗੁਰ ਸੰਗਤ ਵਿੱਚੋਂ ਸਮਝ ਆ ਜਾਂਦੀ ਹੈ, '***ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ॥ ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥ ੧॥*** *(ਅਖਰੁ- ਨਾਮ ਦਾ ਇਕ ਕਿਨਕਾ ਮਾਤਰ-ਸ਼ਬਦਾਰਥ)*' ਜਿਸ ਵਾਕ ਦੁਆਰਾ ਪ੍ਰਤੱਖ-ਗਿਆਨ ਹੋ ਜਾਏ ਉਸ ਵਾਕ ਨੂੰ ਮਹਾਂਵਾਕ ਮੰਨਣਾ ਕਰ।

**ਚੌਪਈ – 'ਪ੍ਰਗਯਾਨਮਾਨੰਦ ਬ੍ਰਹਮ' ਇਹ। ਮਹਾਂ ਵਾਕਯ ਰਿਗ ਬੇਦ ਬਿਖੇ ਕਹਿ।**
**'ਅਹੰਬ੍ਰਹਮਾਸਮਿ' ਜੁਜਰ ਬਖਾਨੇ। ਸ਼ਾਮਵੇਦ 'ਤਤ੍ਵੰਮਸਿ' ਮਾਨੇ॥ ੧੧॥**

**ਅਰਥ** – ਰਿਗਵੇਦ ਵਿੱਚ 'ਪ੍ਰਗਯਾਨਮਾਨੰਦ ਬ੍ਰਹਮ' ਮਹਾਂਵਾਕ ਕਥਨ ਕੀਤਾ ਹੈ। ਜੁਜਰ ਵੇਦ ਵਿੱਚ 'ਅਹੰ ਬ੍ਰਹਮਾਸਮਿ' ਆਖਿਆ ਗਿਆ ਹੈ। ਸ਼ਾਮਵੇਦ ਵਿੱਚ ਤਤਵਮਸੀ ਮੰਨਣਾ ਕਰੋ।

**ਭਾਵਾਰਥ** – ਰਿਗਵੇਦ ਦੇ ਗਿਆਨ ਕਾਂਡ ਦਾ ਕਥਨ ਰੂਪ ਐਤਰੀਯ ਉਪਨਿਸ਼ਦ ਵਿੱਚ ਤੀਜੇ ਅਧਿਆਇ ਦੇ ਪਹਿਲੇ ਖੰਡ ਵਿੱਚ ਆਤਮ ਸੰਬੰਧੀ ਬਚਨ ਚਲਦੇ ਹਨ; ਉਸ ਵਿੱਚ ਦੂਜੇ ਚਰਣ ਅੰਦਰ ਜੀਵ ਦਾ ਕਥਨ 'ਪ੍ਰਗਿਆਨ' ਸ਼ਬਦ ਤਹਿਤ ਆਉਂਦਾ ਹੈ, "ਇਹ ਜੋ ਹਿਰਦੇ ਹੈ ਵਹੀ ਮਨ ਹੈ। ਸੰਗਿਆਨ (ਚੇਤਨਤਾ) ਆਗਿਆਨ (ਪ੍ਰਭੂਤਾ), ਵਿਗਿਆਨ, ਪ੍ਰਗਿਆਨ, ਮੇਧਾ, ਦ੍ਰਿਸ਼ਟੀ, ਧ੍ਰਿਤੀ (ਧਾਰਣ ਕਰਨਾ), ਮਤੀ, ਮਨੀਸ਼ਾ, ਜੂਤੀ (ਰੋਗਾਦਿ ਤੋਂ ਪੈਦਾ ਹੋਣ ਵਾਲੇ ਦੁਖ) ਸਮ੍ਰਿਤੀ, ਸੰਕਲਪ, ਕ੍ਰਤੂ (ਅਧਯਵਸਾਯ), ਅਸੂ(ਪ੍ਰਾਣ), ਕਾਮ, ਵਸ਼ (ਮਨੋਗ ਵਸਤੂਆਂ ਦੇ ਸਪਰਸ਼ ਦੀ ਕਾਮਨਾ) ਇਹ ਸਾਰੇ ਪ੍ਰਗਿਆਨ ਦੇ ਨਾਮ ਹਨ।" ਤੀਜੇ ਚਰਣ ਵਿੱਚ ਪ੍ਰਗਿਆਨ ਦੀ ਸਰਬਰੂਪਤਾ ਦਾ ਕਥਨ ਆਉਂਦਾ ਹੈ।, "ਇਹ (ਪ੍ਰਗਿਆਨ ਰੂਪ ਆਤਮਾ) ਹੀ ਬ੍ਰਹਮ ਹੈ, .....ਇਹ ਪੰਜ ਭੂਤ (ਤੱਤ) ਹੈਂ......ਇਹ ਸਭ ਪ੍ਰਗਿਆ-ਨੇਤ੍ਰ ਅਤੇ ਪ੍ਰਗਿਆਨ (ਨਿਰਉਪਾਧਿਕ ਚੈਤੰਨ) ਮੈਂ ਹੀ ਸਥਿੱਤ ਹੈਂ....ਅਤਹ: ਪ੍ਰਗਿਆਨ ਹੀ



ਬ੍ਰਹਮ ਹੈ।" ਇਹ 'ਈਸ਼ਰ ਦੇ ਸਰੂਪ ਦਾ ਕਥਨ' ਸਿੱਧ ਕਰਦਾ ਹੈ। ਜਦੋਂ (ਮਨੁੱਖੀ ਸਰੀਰ ਤਹਿਤ) ਜੀਵ ਦੀ ਰਚਨਾ ਨੂੰ ਵੀਚਾਰਦੇ ਹਾਂ, ਤਾਂ ਦੂਜੇ ਚਰਣ ਵਿੱਚ ਪ੍ਰਗਿਆਨ ਦਾ ਭਾਵ ਬੁੱਧੀ (ਪ੍ਰਗਿਆ) ਸਫੁਰਤਿ ਹੋ ਜਾਣਾ: ਜਿਸਨੂੰ ਪ੍ਰਤਿਭਾ ਕਹਿੰਦੇ ਹਨ। ਹਰ ਜੀਵ ਦੀ ਆਪਣੀ ਪ੍ਰਤਿਭਾ ਹੁੰਦੀ ਹੈ। ਵਿਦਿਆਰਣ ਮੁਨੀ ਨੇ ਪੰਚਦਸ਼ੀ ਵਿੱਚ ਲਿਖਿਆ ਹੈ, 'ਸੰਪੂਰਨ ਇੰਦ੍ਰੀਆਂ ਅਤੇ ਅੰਤਹਕਰਣ ਨਾਲ ਜਾਨਣੇ-ਯੋਗ, ਜੋ ਚੇਤੰਨ ਹੈ; ਉਹ ਪ੍ਰਗਿਆਨ ਹੈ'। ਐਤਰੀਯ ਉਪਨਿਸ਼ਦ ਦੇ ਤੀਜੇ ਅਧਿਆਇ ਦੇ ਪਹਿਲੇ ਖੰਡ ਦੇ ਤੀਜੇ ਚਰਣ ਵਿੱਚ ਬ੍ਰਹਮ ਸ਼ਬਦ ਦੇ ਅਰਥ ਕਰਦਿਆਂ ਵਿਦਿਆਰਣ ਮੁਨੀ ਜੀ ਲਿਖਦੇ ਹਨ, 'ਬ੍ਰਹਮਾ ਇੰਦ੍ਰ ਅਤੇ ਦੇਵਤਾ, ਮਨੁੱਖ ਆਦਿ, ਅਸ਼ਵ ਗਊ ਆਦਿ ਇਹਨਾਂ ਸਾਰਿਆਂ ਦੇਹਧਾਰੀਆਂ ਅਤੇ ਅਕਾਸ਼ਾਦਿ ਤੱਤਾਂ ਵਿੱਚ ਜੋ ਜਗਤ ਨੂੰ ਜਨਮ ਆਦਿ ਦਾ ਕਾਰਣ ਇੱਕ ਚੇਤਨ ਪੂਰਨ ਹੈ; ਉਹੀ ਬ੍ਰਹਮ ਹੈ।' ਸੰਪੂਰਨ ਪਦਾਰਥਾਂ ਵਿੱਚ ਸਥਿਤ ਪ੍ਰਗਿਆਨ ਬ੍ਰਹਮ ਹੈ ਅਤੇ ਮੇਰੇ ਵਿੱਚ ਸਥਿੱਤ ਪ੍ਰਗਿਆਨ ਵੀ ਬ੍ਰਹਮ ਹੈ; ਕਿਉਂਕਿ ਸਾਰੇ ਵਿਆਪਕ ਬ੍ਰਹਮ ਰੂਪ ਵਿੱਚ ਕੋਈ ਫਰਕ ਨਹੀਂ ਹੈ। ਮੇਰੀ ਜਾਚੇ!! ਜੋ ਰਿਗਵੇਦ ਦਾ ਮੰਤ੍ਰ 'ਪ੍ਰਗਿਆਨੰ ਬ੍ਰਹਮ' ਹੈ। ਭਾਸ਼ਾ ਰਾਹੀ ਗਿਆਨ ਦੀ ਸਾਧਨਾ ਕਰਵਾਉਣ ਲਈ ਵੀਚਾਰਸਾਗਰ ਵਿੱਚ ਨਿਹਚਲਦਾਸ ਜੀ ਨੇ 'ਪ੍ਰਗਿਆਮਾਨੰਦ ਬ੍ਰਹਮ' ਲਿਖਿਆ ਹੈ। ਜਿਸ ਨੂੰ 'ਭਾਗ ਤਿਆਗ ਲਕਸ਼ਣਾ' ਦੁਆਰਾ ਅਭਿੰਨ ਬ੍ਰਹਮ ਰੂਪ ਕਥਨ ਕੀਤਾ ਹੈ। ਜਿਸ ਵਿੱਚ ਪ੍ਰਗਿਆਨ ਸ਼ਬਦ ਜੀਵ ਵਾਚਕ ਹੈ, ਬ੍ਰਹਮ ਸ਼ਬਦ ਈਸ਼ ਵਾਚਕ ਹੈ ਅਤੇ ਲਕਸ਼ ਜੋ ਬ੍ਰਹਮਾਤਮਾ ਸੋ ਅਨੰਦ-ਗੁਣ ਵਾਲਾ ਨਹੀਂ ਸਗੋਂ ਅਨੰਦ ਰੂਪ ਹੈ। ਅਹੰਬ੍ਰਹਮਾਸਮਿ-ਜੁਜਰ ਵੇਦ ਦੀ ਗਿਆਨ ਕਾਂਡ ਰੂਪ ਬ੍ਰਿਹਦਾਰਣਕ-ਉਪਨਿਸ਼ਦ ਦੇ ਪਹਿਲੇ ਅਧਿਆਇ ਵਿੱਚ ਚੌਥੇ ਬ੍ਰਾਹਮਣ ਦਾ ਦਸ਼ਵਾਂ ਚਰਣ ਹੈ; ਜਿਸ ਵਿੱਚ ਬਹੁਤ ਹੀ ਜਟਿਲ ਢੰਗ ਨਾਲ ਵਿਸਤ੍ਰਿਤ ਰੂਪ ਵਿੱਚ ਕਥਨ ਆਉਂਦਾ ਹੈ। ਜਿਸਨੂੰ ਮਹਾਂਵਾਕ ਪ੍ਰਕਰਣ ਵਿੱਚ ਵਿਦਿਆਰਣ ਮੁਨੀ ਨੇ ਬਹੁਤ ਹੀ ਥੋੜੇ ਸ਼ਬਦਾਂ ਵਿਚ ਅੰਕਿਤ ਕੀਤਾ ਹੈ, '*ਮਾਇਆ ਦੇ ਕਲਪਤ ਜਗਤ ਵਿਚ ਸਮਾਦਿ ਸਾਧਨਾਂ ਦੇ ਸੰਯੁਕਤ ਬ੍ਰਹਮਵਿਦਿਆ ਦਾ ਅਧਿਕਾਰੀ, ਮਨੁੱਖੀ ਸਰੀਰ ਵਿਚ ਸ੍ਰਵਣਾਦਿ ਦੁਆਰਾ ਬੁਧੀ ਰਾਹੀਂ ਜਾਨਣੇ ਯੋਗ ਸੂਖਸ਼ਮ ਸਰੀਰ ਦਾ ਸਾਕਸ਼ੀ, ਵਿਦਿਆ (ਬ੍ਰਹਮਗਿਆਨ) ਸਮੇਤ ਜੋ ਵਿਕਾਰੀ ਰੂਪ ਵਿਚ ਪ੍ਰਕਾਸ਼ਤ ਹੋ ਕੇ ਟਿਕਿਆ ਹੋਇਆ ਪਰੀਪੂਰਣ ਪ੍ਰਮਾਤਮਾ ਪ੍ਰਕਾਸ਼ਮਾਨ ਹੈ; ਅਹੰ ਸ਼ਬਦ ਦਾ ਅਰਥ ਹੈ।' ਆਮ ਭਾਸ਼ਾ ਦੇ ਸਰਲ ਰੂਪ ਵਿਚ " 'ਗਿਆਨ ਦੇ ਅਧਿਕਾਰੀ ਸਰੀਰ' ਵਿਚ*

*ਜੋ ਵਿਆਪਕ ਰੂਪ ਪ੍ਰਮਾਤਮਾ ਬੁਧੀ ਦੇ ਸਾਖਸ਼ੀ ਰੂਪ ਨਾਲ ਟਿਕ ਕੇ ਪ੍ਰਕਾਸ਼ਮਾਨ ਹੁੰਦਾ ਹੈ; ਅਹੰ ਸ਼ਬਦ ਹੈ ।"* ਦੇਸ਼ ਕਾਲ ਅਤੇ ਵਸਤੂ ਦੇ ਪਰਿਛੇਦ ਤੋਂ ਰਹਿਤ ਜੋ ਪਰਮਾਤਮਾ ਹੈ; ਬ੍ਰਹਮ ਸ਼ਬਦ ਦਾ ਜਣਾਇਕ ਹੈ।' 'ਅਸਮੀ' ਸ਼ਬਦ ਦੁਆਰਾ ਦੋਨਾਂ ਸ਼ਬਦਾਂ ਦਾ ਸਮਾਨਾਧਿਕਰਣ-ਭਾਵ (ਇਕ ਹੀ ਅਰਥ ਨੂੰ ਕਹਿਣਾ) ਨਾਲ ਜੀਵ-ਬ੍ਰਹਮ ਦੀ ਏਕਤਾ ਦਾ ਬੋਧ ਹੁੰਦਾ ਹੈ। ਮਹਾਂਵਾਕ ਦੇ ਅਰਥ ਹਨ, 'ਮੈਂ ਬ੍ਰਹਮ ਹਾਂ' ਤਤਵਮਸਿ - ਸ਼ਾਮਵੇਦ ਦੇ ਗਿਆਨ ਕਾਂਡ ਨੂੰ ਕਥਨ ਕਰਨ ਵਾਲੀ ਛਾਂਦੋਗ ਉਪਨਿਸ਼ਦ ਵਿੱਚ 'ਤਤ' ਅਤੇ 'ਤਵ' ਦਾ ਛੇਵੇਂ ਅਧਿਆਇ ਵਿਚ ਅੱਠਵੇਂ ਖੰਡ ਤੋਂ ਸੋਲਵੇਂ ਖੰਡ ਤੱਕ ਬਹੁਤ ਹੀ ਵਿਸਤਾਰ ਪੂਰਬਕ ਕਥਨ ਆਉਂਦਾ ਹੈ। ਜਿਸਨੂੰ ਪੰਚਦਸ਼ੀ ਦੇ ਕਰਤਾ ਵਿਦਿਆਰਣ ਮੁਨੀ ਨੇ ਥੋੜੇ ਸ਼ਬਦਾਂ ਵਿਚ ਅੰਕਿਤ ਕੀਤਾ ਹੈ, 'ਜੋ ਸੱਤ-ਬ੍ਰਹਮ ਸ਼੍ਰਿਸਟੀ ਤੋਂ ਪਹਿਲਾਂ ਨਾਮ ਰੂਪ ਤੋਂ ਰਹਿਤ ਹੈ, ਉਹੀ ਸ਼੍ਰਿਸਟੀ ਦੇ ਸਮੇਂ ਵੀ ਨਾਮ ਰੂਪ ਤੋਂ ਰਹਿਤ ਹੈ; ਤੱਤ ਪਦ ਦਾ ਅਰਥ ਹੈ।' 'ਦੇਹਾਦਿ ਇੰਦ੍ਰਿਆਂ ਤੋਂ ਪਰੇ ਸਥੂਲਾਦਿ—ਤਿੰਨਾਂ ਸਰੀਰਾਂ ਦਾ ਸਾਕਸ਼ੀ, ਜੋ ਵਿਲਕਸ਼ਣ ਸਤ-ਸਰੂਪ ਹੈ; ਉਹੀ ਲਕਸ਼ਣਾ ਬ੍ਰਿਤੀ ਦੁਆਰਾ 'ਤਵ' ਪਦ ਦਾ ਅਰਥ ਹੈ।' ਅਤੇ 'ਅਸਿ' ਪਦ ਦੋਨਾਂ ਦਾ ਸਮਾਨਾਧਿਕਰਣ ਦੁਆਰਾ ਸਿਧ ਹੋਈ ਏਕਤਾ ਦਾ ਜਣਾਇਕ ਹੈ।

**'ਆਯੰ ਆਤਮਾ ਬ੍ਰਹਮ' ਅਥਰਵਣ। ਮਹਾਂਵਾਕਜ ਏ ਚਾਰਹੁੰ ਸ਼੍ਰੁਤ ਗਣ।**
**ਇਹ ਚਾਰੋਂ ਹੀ ਜਪੁਜੀ ਬਿਖੇ। ਸ਼੍ਰੀ ਨਾਨਕ ਜੀ ਕਹਿ ਕਰਿ ਲਿਖੇ॥ ੧੨॥**

**ਅਰਥ** - 'ਅਯੰ ਆਤਮਾ ਬ੍ਰਹਮ' ਅਥਰਵਣ ਵੇਦ ਦਾ ਮਹਾਂਵਾਕ ਹੈ। ਵੇਦਾਂ ਦੇ ਜਾਣਕਾਰ ਲੋਕਾਂ ਨੇ ਇਹ ਚਾਰੇ ਮਹਾਂਵਾਕ ਕਹੇ ਹਨ। ਇਹ ਚਾਰੇ ਹੀ ਜਪੁਜੀ ਸਾਹਿਬ ਵਿਖੇ ਧੰਨ ਸ੍ਰੀ ਗੁਰੁ ਨਾਨਕ ਦੇਵ ਜੀ ਨੇ ਉਚਾਰਣ ਕੀਤੇ ਹਨ।

**ਭਾਵਾਰਥ** - ਅਯੰ ਆਤਮਾ ਬ੍ਰਹਮ - ਅਥਰਵਣ ਵੇਦ ਦੇ ਗਿਆਨ ਕਾਂਡ ਨੂੰ ਕਥਨ ਕਰਨ ਵਾਲੀ ਮਾਂਡੂੰਕ ਉਪਨਿਸ਼ਦ ਦੇ ਆਗਮਪ੍ਰਕਰਣ ਦੇ ਦੂਜੇ ਮੰਤ੍ਰ ਵਿੱਚ ਆਉਂਦਾ ਹੈ। 'ਯਹ ਸਭ ਬ੍ਰਹਮ ਹੀ ਹੈ, ਯਹ ਆਤਮਾ ਭੀ ਬ੍ਰਹਮ ਹੀ ਹੈ। ਵਹ ਯਹ ਆਤਮਾ ਚਾਰ ਪਾਦੋਂ (ਅੰਸ਼ੋਂ) ਵਾਲਾ ਹੈ' ਮਾਂਡੂੰਕ ਉਪਨਿਸ਼ਦ ਦਾ ਪੂਰਾ ਵਾਕ ਹੈ। ਵਿਦਿਆਰਣ ਮੁਨੀ ਨੇ ਇਸੇ ਵਾਕ ਵਿੱਚੋਂ 'ਅਯੰ ਆਤਮਾ ਬ੍ਰਹਮ' ਦੇ ਅਰਥਾਂ ਦਾ ਖੁਲਾਸਾ ਕੀਤਾ ਹੈ, " ਸ਼ਬਦ 'ਅਯਮ' ਦੇ ਅਰਥ ਸੁੱਤੇ-ਪ੍ਰਕਾਸ਼ ਅਤੇ ਅਪਰੋਕਸ਼ (ਪ੍ਰਤੱਖ) ਕੀਤੇ ਹਨ। ਜਿਸ ਤੋਂ ਭਾਵ ਹੈ ਕਿ ਨਾ-ਦਿਸਣ ਵਾਲੇ ਪਦਾਰਥਾਂ ਵਾਂਗ ਪਰੋਕਸ਼ (ਜਿਵੇਂ 'ਰੱਬ ਹੈ' ਪਰ ਅੱਖਾਂ ਨਾਲ ਵੇਖਿਆ ਨਹੀਂ) ਨਹੀਂ ਹੈ।" "ਆਤਮਾ



ਸ਼ਬਦ ਦੇ ਅਰਥ ਕਹਿੰਦੇ ਹਨ ਕਿ ਅਹੰਕਾਰ, ਪ੍ਰਾਣ, ਮਨ ਅਤੇ ਇੰਦ੍ਰੇ ਦੇਹ ਤੱਕ ਦੇ ਸੰਘਾਤ ਦਾ ਜੋ ਸਾਕਸ਼ੀ ਰੂਪ ਅੰਤਰਾਤਮਾ ਹੈ।" "ਜੋ ਸੰਪੂਰਨ ਦਿਸਣਯੋਗ ਜਗਤ ਦਾ ਤੱਤਵ ਹੈ; ਉਸਨੂੰ ਬ੍ਰਹਮ ਸ਼ਬਦ ਜਣਾਉਂਦਾ ਹੈ।" ਇਸ ਤਰ੍ਹਾਂ 'ਅਯਮਾਤਮਾ ਬ੍ਰਹਮ' ਦੇ ਅਰਥ 'ਆਤਮਾ ਨੂੰ ਬ੍ਰਹਮ ਰੂਪ ਕਰਕੇ ਅਪਰੋਕਸ਼ ਕਰਨ ਦੇ' ਹਨ। ਚਾਰੇ ਵਾਕ ਆਤਮਾ ਅਤੇ ਬ੍ਰਹਮ ਦੇ ਅਭੇਦ ਨਿਸ਼ਚੇ ਲਈ ਹਨ; ਜਿਸਨੂੰ ਵੀਚਾਰ ਸਾਗਰ ਦੇ ਕਰਤਾ ਨੇ ਬਹੁਤ ਗਹਿਨਾਈ ਨਾਲ ਕਥਨ ਕੀਤਾ ਹੈ। ਇਹ ਜ਼ਰੂਰੀ ਨਹੀਂ ਕਿ ਈਸਰ ਪਹਿਲਾਂ ਜਾਂ ਜੀਵ; ਸਗੋਂ ਜ਼ਰੂਰੀ ਇਹ ਹੈ, ਕਿ ਜੀਵ ਅਤੇ ਈਸ਼ਰ ਨੂੰ ਆਤਮ/ਬ੍ਰਹਮ (ਇਕ ਰੂਪ) ਕਿਸਨੇ ਅਨਭਵ ਕੀਤਾ ਹੈ। ਕਿਉਂਕਿ 'ਤਤਵਮਸੀ' ਵਿੱਚ ਈਸ਼ਰ ਪਦ ਦਾ ਪਹਿਲੇ ਕਥਨ ਆਉਂਦਾ ਹੈ, ਬਾਕੀ ਤਿੰਨਾਂ ਮਹਾਂਵਾਕਾਂ ਵਿੱਚ ਜੀਵ ਪਦ ਪਹਿਲਾਂ ਆਉਂਦਾ ਹੈ। ਕੇਵਲ 'ਭਾਗ ਤਿਆਗ ਲਕਸ਼ਣਾ' ਦੁਆਰਾ ਬ੍ਰਹਮ/ਆਤਮਾ ਦਾ ਹੀ ਅਨਭਵ ਕੀਤਾ ਜਾਂਦਾ ਹੈ। 'ਭਾਗ ਤਿਆਗ ਲਕਸ਼ਣਾ' ਦਾ ਮਤਲਬ ਹੁੰਦਾ ਹੈ; ਜਿਵੇਂ ਕਿਸੇ ਨੇ ਅਮਨਿੰਦਰ ਸਿੰਘ ਨੂੰ ਕਿਸੇ ਵੇਲੇ ਬਹੁਤ ਵੱਡਾ ਕਾਰੋਬਾਰੀ ਦੇਖਿਆ, ਕੁਝ ਸਮੇਂ ਬਾਅਦ ਗਰੀਬੀ ਦੀ ਮੰਦਹਾਲੀ ਵਿੱਚ ਵੇਖਿਆ ਤਾਂ ਦੋਨਾਂ ਸਮਿਆਂ ਵਿਚ ਅਮੀਰੀ ਅਤੇ ਗਰੀਬੀ ਵਾਲਾ ਕੇਵਲ ਅਮਨਿੰਦਰ ਸਿੰਘ ਹੈ। ਇਵੇਂ ਈਸ਼ਰ ਅਤੇ ਜੀਵ ਪਦਵੀ ਲਈ ਆਸਰਾ ਕੇਵਲ ਬ੍ਰਹਮ/ਆਤਮਾ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਚਾਰਾਂ ਮਹਾਂਵਾਕਾਂ ਨੂੰ ਇਕ ਪੰਗਤੀ ਨਾਲ ਹੀ ਅੰਕਿਤ ਕੀਤਾ ਹੈ; ਵਖਰੇਵਾਂ ਰਹਿਣ ਹੀ ਨਹੀਂ ਦਿੱਤਾ। ਗੁਰੂ ਸਾਹਿਬਾਨ ਜੀ ਨੇ ਸਿਧਾਂਤ ਹੀ ਇੱਕ ਰੱਬ ਦੀ ਜਾਤ ਦਾ ਦਿੱਤਾ ਹੈ।

**'ਤੂੰ ਸਦਾ ਸਲਾਮਤ ਨਿਰੰਕਾਰ'। ਚਾਰ ਬਾਰ ਤੁਕ ਕਰੀ ਉਚਾਰ।**
**'ਸ਼੍ਰਵਣ' 'ਮਨਨ' ਇਹ ਪੂਰਬ ਲਹਯੋ। 'ਪੰਚ ਪ੍ਰਵਾਣ' ਨਿਧਜਾਸਨ ਕਹਯੋ॥ ੧੩॥**

**ਅਰਥ** - ਜਪੁਜੀ ਸਾਹਿਬ ਜੀ ਵਿਖੇ 'ਤੂ ਸਦਾ ਸਲਾਮਤਿ ਨਿਰੰਕਾਰ' ਦੀ ਤੁਕ ਨੂੰ ਗੁਰੂ ਸਾਹਿਬ ਜੀ ਨੇ ਚਾਰ ਬਾਰ ਉਚਾਰਨ ਕੀਤਾ ਹੈ। ਪਹਿਲਾਂ ਸ੍ਰਵਣ, ਮੰਨਣ ਦਾ ਕਥਨ ਕੀਤਾ ਹੈ। 'ਪੰਚ ਪ੍ਰਵਾਣ' ਵਿੱਚ ਨਧਿਆਸਨ ਦਾ ਕਥਨ ਕੀਤਾ ਹੈ।

**ਭਾਵਾਰਥ** - 'ਤੂੰ ਸਦਾ ਸਲਾਮਤ ਨਿਰੰਕਾਰ' ਪੰਗਤੀ ਦੁਆਰਾ ਕਵੀ ਸੰਤੋਖ ਸਿੰਘ ਜੀ ਗੁਰੂ ਨਾਨਕ ਸਾਹਿਬ ਜੀ ਦੇ ਮਹਾਨ ਪਰਉਪਕਾਰੀ ਗਿਆਨ ਦੀ ਧਾਰਾ ਦਾ ਕਥਨ ਕਰਦੇ ਹਨ, ਵੇਦਾਂ ਦੇ ਚਾਰ ਮਹਾਂਵਾਕ ਹਨ, ਜਿਹਨਾਂ ਵਿਚ ਈਸ਼ਰ

ਅਤੇ ਜੀਵ ਨੂੰ ਏਕਤਾ ਲਈ ਕਥਨ ਕਰਨ ਲਈ ਕਿਸੇ ਮਹਾਂਵਾਕ ਵਿੱਚ ਈਸ਼ਰ ਪਹਿਲੇ ਹੈ, ਕਿਸੇ ਵਿੱਚ ਜੀਵ ਦਾ ਕਥਨ ਪਹਿਲੇ ਹੈ। ਗੁਰੂ ਸਾਹਿਬ ਜੀ ਨੇ ਨਿਧਿਆਸਨ ਵਾਲੇ ਚਰਣ ਤੋਂ ਮਹਾਂਵਾਕ ਦੀ ਸੁਮੇਲਤਾ ਬਾਣੀ ਦੀ ਇੱਕ-ਪੰਗਤੀ ਰੂਪ ਵਿੱਚ ਹੀ ਰੱਖੀ ਹੈ। ਕਵੀ ਜੀ ਨੇ ਜਪੁਜੀ ਸਾਹਿਬ ਜੀ ਦਾ ਟੀਕਾ ਲਿਖਿਆ ਹੈ, ਜਿਸਦਾ ਨਾਮ ਹੈ 'ਗਰਬ ਗੰਜਨੀ ਟੀਕਾ'; ਭੂਮਿਕਾ ਨੂੰ ਪੜ੍ਹ ਕੇ ਪਤਾ ਚਲ ਜਾਂਦਾ ਹੈ, ਕਾਸ਼ੀ ਵਿੱਚੋਂ ਪੜ੍ਹਾਈ ਕਰਨ ਵਾਲੇ ਅਨੰਦਘਨ ਨੇ ਗੁਰਬਾਣੀ ਵੱਲ ਸ਼ੰਕਿਆਂ ਦੀ ਉਂਗਲ ਉਠਾਈ ਸੀ। ਉਸ ਦੇ ਹੰਕਾਰ ਨੂੰ ਨਸ਼ਟ ਕਰਨ ਲਈ ਟੀਕਾ ਲਿਖਿਆ ਗਿਆ ਸੀ। ਕਵੀ ਜੀ ਅਲੰਕਾਰ ਬਾਰੇ ਕਥਨ ਕਰਦਿਆਂ 'ਤੂੰ ਸਦਾ ਸਲਾਮਤਿ ਨਿਰੰਕਾਰ ਇਸ ਤੁਕ ਮੇਂ ਪ੍ਰਯਾਯ ਲੱਛਨ' "ਜਹ ਅਨੇਕ ਕੋ ਆਸੈ ਏਕ। ਸੋ ਪ੍ਰਯਾਯ ਕੋ ਕਰਤ ਬਿਬੇਕ।"ਜੀਵ ਈਸ਼ਰ ਕੋ ਏਕ ਬ੍ਰਹਮ ਆਸਰੋ ਯਾਂ ਤੇ ਪ੍ਰਯਾਯਾਲੰਕਾਰ' ਭਾਈ ਸਾਹਿਬ ਜੀ ਇਸੇ ਤੁਕ ਦੇ ਅਰਥ ਕਰਦਿਆਂ, 'ਇਸ ਤੁਕ ਮੇਂ ਮਹਾਂਵਾਕ ਐਸੇ 'ਤੂੰ ਪਦ' ਸੇ 'ਤੰਵ ਪਦ', 'ਸਦਾ ਸਲਾਮਤਿ' ਸੇ 'ਤਤ ਪਦ' ਅਤੇ 'ਨਿਰੰਕਾਰ' ਸੇ 'ਅਸ ਪਦ'; ਤਤ ਪਦ ਕਾ ਅਰ ਤੰਵ ਪਦ ਕਾ ਅੰਨੇਵ ਹੋਤ ਹੈ। ਅਗਾਰੀ ਪਛਾਰੀ ਕੋ ਅਰਥ ਐਸੇ ਜੋ ਸਦਾ ਇਸਥਿਤ ਨਿਰੰਕਾਰ ਸਰੂਪ ਬ੍ਰਹਮ ਤੂੰ ਹੀ ਹੈਂ।' ਜੇ ਸਾਨੂੰ ਅਲੰਕਾਰਾਂ ਦਾ ਗਿਆਨ ਨਹੀਂ, ਤਾਂ ਅਸੀਂ ਮਿਹਨਤੀ ਗੁਰਸਿੱਖਾਂ ਨੂੰ ਬ੍ਰਾਹਮਣਵਾਦੀ ਕਹਿਕੇ ਉਹਨਾਂ ਦੀ ਪੰਥ-ਪ੍ਰਸਤੀ ਭਾਵਨਾ ਦੀ ਨਿੰਦਿਆਂ ਕਰਨ ਦਾ ਪਾਪ ਤਾਂ ਨਾ ਕਰੀਏ। ਸਗੋਂ ਗੁਰੂ ਸਾਹਿਬ ਜੀ ਦੇ ਪਰਉਪਕਾਰਾਂ ਵੱਲ ਉਂਗਲਾਂ ਕਰਨ ਵਾਲਿਆਂ ਨੂੰ ਮੂੰਹ-ਤੋੜ ਜੁਆਬ ਦੇਣ ਵਾਲੇ ਗੁਰੂ ਕੇ ਸਿੱਖਾਂ ਦੀਆਂ ਲੇਖਣੀਆਂ ਨੂੰ ਪੜ੍ਹਨਾ ਚਾਹੀਦਾ ਹੈ।

**ਸਾਖਯਾਤ ਪਰ ਏ ਤੁਕ ਚਾਰ। ਚਾਰਹੁੰ ਮਹਾਵਾਕ ਨਿਰਧਾਰ।**
**ਪੁਨ ਸ੍ਰੀ ਅਰਜਨ ਤੁਕੈਂ ਬਨਾਈ। ਮਹਾਂਵਾਕ ਜਿਸ ਬਿਖੈ ਲਖਾਈ॥ ੧੪॥**

**ਅਰਥ** - ਆਤਮ ਸਾਖਿਆਤਕਾਰ ਲਈ ਇਹ ਚਾਰ ਤੁਕਾਂ ਮਹਾਂਵਾਕ ਰੂਪ ਨਿਰਣੇ ਕਰੋ। ਗੁਰੂ ਅਰਜਨ ਦੇਵ ਜੀ ਨੇ ਇਸੇ ਸਿਧਾਂਤ ਦੀ ਵਿਆਖਿਆ ਰੂਪ ਵਿੱਚ ਉਚਾਰਨ ਕੀਤਾ ਹੈ। **ਸ੍ਰੀ *ਮੁਖਵਾਕ-ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ ੩॥ ਪੁਨਾ ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ ਪੁਨਾ ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥ ੧॥ ਰਹਾਉ ॥*** ਅਰਥ- (ਹੇ ਭਾਈ! ਆਪਣੇ ਅਦ੍ਰਿਸ਼ਟ ਤੇ ਦ੍ਰਿਸ਼ਟਮਾਨ ਰੂਪਾਂ ਦਾ) ਨਿਰਗੁਣ ਤੇ ਸਰਗੁਣ ਨਾਮ ਉਹ ਪ੍ਰਭੂ ਆਪ ਹੀ ਥਾਪਦਾ ਹੈ। (ਦੋਹਾਂ ਵਿੱਚ ਫਰਕ ਨਾਮ-ਮਾਤ੍ਰ ਹੀ ਹੈ, ਕਹਿਣ ਨੂੰ ਹੀ ਹੈ), ਇਹਨਾਂ ਦੋਹਾਂ (ਰੂਪਾਂ) ਨੇ ਮਿਲ ਕੇ ਇੱਕ ਪਰਮਾਤਮਾ ਵਿੱਚ ਹੀ ਟਿਕਾਣਾ ਬਣਾਇਆ ਹੋਇਆ ਹੈ (ਇਹਨਾਂ ਦੋਹਾਂ ਦਾ ਟਿਕਾਣਾ ਪ੍ਰਮਾਤਮਾ ਆਪ ਹੀ ਹੈ)। ਉਹ ਆਪ ਮਾਇਆ ਦੇ ਤਿੰਨਾਂ ਗੁਣਾਂ ਤੋਂ ਵੱਖਰਾ ਹੈ, ਤ੍ਰਿਗੁਣੀ ਸੰਸਾਰ ਦਾ ਰੂਪ ਭੀ ਆਪ ਹੀ ਹੈ। ਜਿਸ ਪ੍ਰਭੂ ਨੇ ਆਪਣੀ ਤਾਕਤ ਕਾਇਮ ਕਰਕੇ ਸਾਰੇ ਜਗਤ ਨੂੰ ਮੋਹਿਆ ਹੈ।— ਹੇ ਪ੍ਰਭੂ! ਮੇਰੀ (ਆਪਣੇ ਆਪ ਵਿੱਚ) ਕੋਈ ਪਾਇਆ ਨਹੀਂ ਹੈ। (ਮੇਰੇ ਪਾਸ) ਹਰੇਕ ਚੀਜ਼ ਤੇਰੀ ਹੀ ਬਖਸ਼ੀ ਹੋਈ ਹੈ। ਹੇ ਭਾਈ! ਇੱਕ ਪਾਸੇ ਤਾਂ ਪ੍ਰਭੂ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਹੈ, ਦੂਜੇ ਪਾਸੇ ਪ੍ਰਭੂ ਮਾਇਆ ਦੇ ਤਿੰਨ ਗੁਣਾਂ ਦੇ ਸਮੇਤ ਹੈ। ਇਹਨਾਂ ਦੋਹਾਂ ਹੀ ਹਾਲਤਾਂ ਦੇ ਵਿਚਕਾਰ ਮੇਰਾ ਮਾਲਕ-ਪ੍ਰਭੂ ਇਹ ਜਗਤ ਤਮਾਸ਼ਾ ਰਚਾਈ ਬੈਠਾ ਹੈ। ਪ੍ਰੋ: ਸਾਹਿਬ ਸਿੰਘ'

**ਭਾਵਾਰਥ** - ਗੁਰੂ ਗ੍ਰੰਥ ਸਾਹਿਬ ਜੀ ਦੀਆਂ (ਇਹਨਾਂ) ਪੰਗਤੀਆਂ ਵਿੱਚ ਨਿਰਗੁਣ ਅਤੇ ਸਰਗੁਣ ਸ਼ਬਦਾਂ ਦੀ ਵਰਤੋਂ ਪ੍ਰਮਾਤਮਾ ਦੇ ਵਿਆਪਕ ਰੂਪ ਲਈ ਕੀਤੀ ਗਈ ਹੈ। ਜਦੋਂ ਅਸੀਂ ਸ਼ਬਦ-ਕੋਸ਼ ਵੇਖਦੇ ਹਾਂ 'ਨਿਰਗੁਣ'- ਸ਼ੁੱਧ ਬ੍ਰਹਮ, ਨਿਰਗੁਣ ਰਾਮ ਤਿਨੀ ਬੂਝਿ ਲਹਿਆ; ਗੁਣਹੀਨ, ਬਿਨਾਂ ਸਿਫਤ , ਖੂਬੀ ਤੋਂ ਬਿਨਾਂ- 'ਨਿਰਗੁਣ ਨਿਸਤਾਰੇ'-ਕਾਨ੍ਹ ਸਿੰਘ ਨਾਭਾ: ਮਾਯਕ ਗੁਣ ਜਿਸ ਵਿਚ ਨਾ ਹੋਣ, ਸੋ ਵਾਹਿਗੁਰੂ-'ਨਿਰਗੁਣ ਸਰਗੁਣ ਆਪੇ ਸੋਈ', ਗੁਣਹੀਨ, ਮੂਰਖ, ਸ਼ੁਭ ਗੁਣਾਂ ਤੋਂ ਖਾਲੀ,, 'ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ'-ਡਾ: ਵੀਰ ਸਿੰਘ ; ਤਿੰਨ ਗੁਣਾਂ ਤੋਂ ਉੱਪਰ, ਅਕਥ, ਗੁਣ ਵਿਹੂਣੇ-ਡਾ: ਗੁਰਚਰਨ ਸਿੰਘ' ਵਾਕਾਂ ਦੇ ਸ਼ਬਦ-ਜੋੜ ਅਰਥ ਨਿਰੂਪਣ ਵਿੱਚ ਸਹਾਈ ਹੁੰਦੇ ਹਨ। ਪਾਣੀ ਦੀ ਬੂੰਦ ਅੰਮ੍ਰਿਤ ਹੈ ਤੇ ਖੰਡੇ-ਬਾਟੇ ਦਾ ਅੰਮ੍ਰਿਤ ਖਾਲਸੇ ਲਈ ਜਰੂਰੀ ਰਹਿਤ ਹੈ। ਕਵੀ ਸੰਤੋਖ ਸਿੰਘ ਜੀ ਦੇ ਕਥਨ ਕੀਤੇ ਮਹਾਂਵਾਕਾਂ ਵਾਂਗ 'ਤੂੰ ਸਦਾ ਸਮਾਲਤਿ ਨਿਰੰਕਾਰ' ਦੀ ਏਕਤਾ ਦੇ ਸਰੂਪ ਰੂਪ ਅਰਥ ਦਾ ਨਿਰੂਪਣ ਹੀ ਪ੍ਰੋ: ਸਾਹਿਬ ਸਿੰਘ ਜੀ ਕਰਦੇ ਹਨ। ਸੰਸਾਰ ਵਿੱਚ ਮਿਲਿਆ ਹੋਇਆ ਅਤੇ ਸੰਸਾਰ ਤੋਂ ਪਰੇ ਉਹੀ ਪ੍ਰਮਾਤਮਾ ਹੈ।

**ਚੌਪਈ॥ ਪੁਨ ਇਕਤਾ ਜਪੁਜੀ ਮਹਿਂ ਕਹੀ। ਸੋ ਮੈਂ ਕਰਉਂ ਸੁਨਾਵਨ ਸਹੀ।**
**ਜੀਵ ਈਸ਼ ਇਕ ਬ੍ਰਹਮ ਸਰੂਪ। ਸਭਿ ਬਿਧਿ ਕੀਨ ਅਭੇਦ ਅਨੂਪ॥ ੧੫॥**

**ਅਰਥ** - ਫਿਰ ਜਪੁਜੀ ਸਾਹਿਬ ਵਿੱਚ ਏਕਤਾ ਦੇ ਬਚਨ ਆਖੇ ਹਨ। ਉਹਨਾਂ

ਬਚਨਾਂ ਨੂੰ ਵੀ ਮੈਂ ਸੁਣਾਉਣਾ ਕਰਦਾ ਹਾਂ। ਜੀਵ ਅਤੇ ਈਸ਼ ਦੋਨੋਂ ਹੀ ਬ੍ਰਹਮ ਰੂਪ ਹਨ। ਸਰਬ ਤਰ੍ਹਾਂ ਕਰਕੇ ਉਪਮਾ ਤੋਂ ਰਹਿਤ ਅਭੇਦ ਦਾ ਕਥਨ ਕੀਤਾ ਹੈ।

**ਭਾਵਾਰਥ** – ਜੀਵ ਅਤੇ ਈਸ਼ ਸ਼ਬਦ ਵਿਅਸ਼ਟੀ ਤੇ ਸ਼ਮਸ਼ਟੀ ਰੂਪ ਲਈ ਵਰਤੇ ਹਨ; ਇਕੱਲਾ ਮਨੁੱਖ ਵਿਅਸ਼ਟੀ ਹੈ, ਮਨੁੱਖ ਜਾਤੀ ਸਮਸ਼ਟੀ ਹੈ। ਜੀਵ ਵਿਅਸ਼ਟੀ ਹੈ, ਸਮੂਹ ਜੀਵਾਂ ਦਾ ਅਧਾਰ ਈਸ਼ ਸਮਸ਼ਟੀ ਹੈ। ਮਨੁੱਖ ਤੇ ਮਨੁੱਖ-ਜਾਤੀ ਵਿਚ ਮਨੁੱਖਤਾ ਇੱਕੋ ਹੀ ਹੈ। ਜਿਵੇਂ ਦੋ ਵੱਖਰੀਆਂ ਪ੍ਰਸਥਿਤੀਆਂ ਵਿੱਚ ਵੇਖੇ ਹੋਏ ਮਨੁੱਖ ਨੂੰ ਵੇਖਣ ਵਾਲਾ ਆਖਦਾ ਹੈ, 'ਇਹ ਓਹੀ ਬਲਵਿੰਦਰ ਸਿੰਘ ਹੈ'; 'ਇਹ' ਸ਼ਬਦ ਵਰਤਮਾਨ ਲਈ ਅਤੇ 'ਉਹ' ਸ਼ਬਦ ਪਹਿਲੇ ਵੇਖੇ ਲਈ ਹੈ। ਦੋਨਾਂ ਹਾਲਤਾਂ ਵਿੱਚ ਬਲਵਿੰਦਰ ਸਿੰਘ ਇੱਕ ਹੀ ਹੈ। ਇਸੇ ਪ੍ਰਕਾਰ ਜੀਵ ਅਤੇ ਈਸ਼ ਵਿੱਚ ਇੱਕ ਚੇਤਨ ਹੀ ਹੈ।

*ਸ੍ਰੀ ਮੁਖਵਾਕ: ਸਾਲਾਹੀ ਸਾਲਾਹ ਏਤੀ ਸੁਰਤਿ ਨ ਪਾਈਆ॥*
*ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥*

**ਚੌਪਈ – ਸਦਾ ਸਲਾਮਤਿ ਤੱਤ ਪਦ ਜਾਨ। ਤੂੰ ਤੇ ਪੂਰਬ ਅੱਨ੍ਵੈ ਠਾਨ।**
**ਤਤ ਤੂੰ ਦੋਨਹੁੰ ਹੈ ਨਿਰੰਕਾਰ। ਸਤ ਚੇਤਨ ਆਨੰਦ ਇਕ ਸਾਰ॥ ੧੬॥**

**ਅਰਥ** – 'ਸਦਾ ਸਲਾਮਤਿ' ਪਦ ਤੱਤ ਪਦ ਦਾ ਅਰਥ ਕਥਨ ਕਰਦਾ ਹੈ। 'ਤੂੰ' ਸ਼ਬਦ ਜੀਵ ਲਈ ਕਥਨ ਕੀਤਾ ਹੈ, ਜਿਸਨੂੰ ਅਨੰਵੈ ਤੋਂ ਭਾਵ ਨਾਲ ਜੋੜੋ। ਦੋਨੋਂ ਸ਼ਬਦ ਹੀ ਉਪਾਧੀ ਦਾ ਭੇਵ ਤਿਆਗ ਕਰਕੇ ਨਿਰੰਕਾਰ ਸਰੂਪ ਹਨ। ਸਤ ਚੇਤਨ ਅਨੰਦ ਹੋਣ ਕਰਕੇ ਇੱਕ ਰੂਪ ਹਨ।

**ਭਾਵਰਥ** – ਵੇਦਾਂਤ ਵਿੱਚ ਜੀਵ ਤੇ ਈਸ਼ਰ ਦੀ ਅਭੇਦਤਾ ਦੇ ਕਥਨ ਲਈ ਤੱਤ ਤੇ ਤੰਵ ਨੂੰ ਚਾਰੇ ਮਹਾਂਵਾਕਾਂ ਨਾਲ ਵੀਚਾਰਿਆ ਗਿਆ ਹੈ। ਤਿੰਨ ਮਹਾਂਵਾਕਾਂ ਵਿੱਚ 'ਤੰਵ -ਤੱਤ' ਰੂਪ ਵਿੱਚ ਕਥਨ ਹੈ; ਇੱਕ ਵਿੱਚ 'ਤੱਤ-ਤੰਵ' ਰੂਪ ਵਿੱਚ ਕਥਨ ਹੈ। ਇਹਨਾਂ ਦੇ ਅਰਥਾਂ ਵੇਲੇ 'ਈਸ਼ਰ ਜੀਵ ਰੂਪ ਹੈ' 'ਜੀਵ ਈਸ਼ਰ ਰੂਪ ਹੈ' ਪਹਿਲੇ ਵਾਕ ਵਿੱਚ ਈਸ਼ਰ ਅੰਦਰ ਅਲਪਗਤਾ ਦਾ ਦੋਸ਼ ਆਵੇਗਾ ਅਤੇ ਦੂਜੇ ਵਾਕ ਅੰਦਰ ਜੀਵ ਵਿੱਚ ਸਰਬੱਗਤਾ ਦਾ ਦੋਸ਼ ਆਵੇਗਾ। ਜਦੋਂ ਕਿ ਐਸਾ ਸੰਭਵ ਹੀ ਨਹੀਂ ਹੈ। ਗੁਰੂ ਸਾਹਿਬ ਜੀ ਨੇ ਸ੍ਰਿਸਟੀ ਦੀ ਹੋਂਦ ਦੇ ਕਲਿਆਣ ਲਈ ਚਾਰ ਵਾਰ 'ਤੂੰ ਸਦਾ ਸਲਾਮਤਿ ਨਿਰੰਕਾਰ' ਹੀ ਅੰਕਿਤ ਕੀਤਾ ਹੈ। ਜੀਵ ਤੇ ਈਸ਼ਰ



ਵਿੱਚ ਚੇਤਨ ਇੱਕੋ ਅਨੰਦ ਸਰੂਪ ਹੈ।

**ਨਿਰਗੁਣ ਜੀਵ ਰੁ ਈਸ਼ਰ ਸਗੁਨਾ। ਚੇਤਨ ਕਲਾ ਦੁਹਨ ਸਮ ਭਨਾ।**
**ਨਦੀ ਈਸ਼ ਵਾਹਾ ਲਖਿ ਜੀਵ। ਪਰੇ ਸਮੁੰਦ੍ਰ ਰੂਪ ਜਲ ਥੀਵ॥ ੧੭॥**

**ਅਰਥ** – ਨਿਰਗੁਣ ਸਰਗੁਣ ਪੰਗਤੀ ਦਾ ਭਾਵ ਕਥਨ ਕਰਦੇ ਹਨ, 'ਨਿਰਗੁਣ' ਜੀਵ ਲਈ ਅੰਕਿਤ ਕੀਤਾ ਹੈ, ਈਸ਼ਰ ਲਈ 'ਸਰਗੁਣ' ਸ਼ਬਦ ਅੰਕਿਤ ਕੀਤਾ ਹੈ। ਚੇਤਨਾ ਦੋਨਾਂ ਵਿੱਚ ਇੱਕ ਬਰਾਬਰ ਕਥਨ ਕੀਤੀ ਹੈ। ਦ੍ਰਿਸ਼ਟਾਂਤ ਦਾ ਕਥਨ ਕਰਦੇ ਹਨ, ਈਸ਼ਰ ਨਦੀ ਵਾਂਗ ਹੈ, ਛੋਟੇ ਨਾਲੇ (ਪਾਣੀ ਦਾ ਵਹਾਅ) ਜੀਵ ਹਨ। ਸਮੁੰਦਰ ਵਿੱਚ ਪੈ ਕੇ ਕੇਵਲ ਜਲ ਰੂਪ ਹੀ ਹੋ ਜਾਂਦੇ ਹਨ।

**ਭਾਵਾਰਥ** – ਜੀਵ ਨੂੰ ਨਿਰਗੁਨ (ਵਾਚਯ ਅਰਥ) ਕਹਿਣ ਤੋਂ ਭਾਵ ਗੁਣ-ਰਹਿਤ ਹੈ; ਜਿਵੇਂ 'ਭਾਂਡਾ ਖਾਲੀ ਹੈ' ਵਾਕ ਤੋਂ ਭਾਵ ਹੈ ਕਿ ਇਸ ਵਿੱਚ ਕੋਈ ਵਸਤੂ ਪਾਈ ਜਾ ਸਕਦੀ ਹੈ। ਇਸੇ ਨੂੰ ਅਨਉਪਲੱਬਧੀ ਪ੍ਰਮਾਣ ਵੀ ਕਹਿੰਦੇ ਹਨ। ਖਾਲੀਪਣ ਤੋਂ ਵਿਹਲ (ਅਕਾਸ-ਗੁਣ) ਦੀ ਹੋਂਦ ਨਜ਼ਰ ਆਉਂਦੀ ਹੈ। ਇਵੇਂ ਜੀਵ ਦੇ ਨਿਰਗੁਣ-ਪਣੇ ਨੂੰ ਦੂਰ ਕਰਨ ਲਈ ਈਸ਼ਰ ਦੁਆਰਾ ਪ੍ਰਮਾਤਮਾ ਦੀ ਸਰਬੱਗਤਾ (ਵਾਚਯ ਅਰਥ) ਸਰਗੁਣ ਬਣਾ ਦਿੰਦੀ ਹੈ। ਇੱਥੇ ਸਰਗੁਨ ਤੋਂ ਭਾਵ ਗੁਣ-ਸੰਪੰਨ ਹੈ। ਪ੍ਰਕ੍ਰਿਤੀ ਵਿੱਚ ਗੁਣਾਂ ਦਾ ਕੋਈ ਅੰਤ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਕ੍ਰਿਤੀ ਦੀ ਹੋਂਦ ਦਾ ਕਥਨ ਕਰਦਿਆਂ 'ਪਾਤਾਲਾ ਪਾਤਾਲ ਲਖ' ਦੀ ਪਉੜੀ ਉਚਾਰਨ ਕੀਤੀ ਅਤੇ ਇਸ ਦੇ ਨਾਲ ਹੀ 'ਸਾਲਾਹੀ ਸਾਲਾਹਿ' ਦੀ ਪਉੜੀ ਅੰਕਿਤ ਹੈ। ਅੱਜ ਤੱਕ ਨਾ ਤਾਂ ਕੁਦਰਤਿ ਦਾ ਅੰਤ ਹੋਇਆ ਅਤੇ ਨਾ ਹੀ ਕਿਸੇ ਨੇ ਕੁਦਰਤਿ ਦਾ ਅੰਤ ਪਾਇਆ ਹੈ। ਜੀਵ ਦੀ ਨਿਰਗੁਨ ਪਦਵੀ ਵੀ ਗੁਣਾਂ ਨੂੰ ਗ੍ਰਹਿਣ ਕਰਨ ਲਈ ਉਤਸ਼ਾਹਿਤ ਦਿੰਦੀ ਹੈ। ਮਨੁੱਖੀ ਜੀਵਨ ਵਿੱਚ ਗੁਣਾਂ ਦਾ ਵੀ ਕਦੇ ਅੰਤ ਨਹੀਂ ਹੋਇਆ। ਜੀਵ ਤੇ ਈਸ਼ਰ ਦਾ ਸਫਰ ਪਾਣੀ ਦੇ ਸਫਰ ਵਾਂਗ ਹੈ। ਚੇਤਨਾ ਪਾਣੀ ਹੈ। ਜੀਵ ਵਿੱਚ ਚੇਤਨਾ ਵਾਹੜੇ (ਛੋਟੇ ਨਾਲੇ) ਵਾਂਗ ਹੈ ਅਤੇ ਈਸ਼ਰ ਵਿੱਚ ਦਰਿਆ ਵਾਂਗ ਹੈ। ਬ੍ਰਹਮ 'ਸਮੁੰਦਰ' ਵਾਂਗ ਚੇਤਨ 'ਜਲ' ਸਰੂਪ ਹੀ ਹੈ।

**ਇੱਤਯਾਦਿਕ ਲਿਹੁ ਅਰਥ ਵਿਚਾਰ। ਵਧੈ ਗ੍ਰੰਥ ਜਿ ਕਰਹੁੰ ਵਿਸਥਾਰ।**
**ਸੂਛਮ ਬਿਧਿ ਮੈਂ ਸਕਲ ਜਨਾਈ। ਮਹਾਂਵਾਕ ਇਮ ਦਏ ਦਿਖਾਈ॥ ੧੮॥**

**ਅਰਥ** – ਇਸ ਤੋਂ ਲੈ ਕੇ ਅਰਥਾਂ ਨੂੰ ਵੀਚਾਰ ਲਵੋ, ਜੇ ਇਸ ਦਾ ਵਿਸਥਾਰ ਕਰੀਏ ਤਾਂ ਗ੍ਰੰਥ ਬਹੁਤ ਵੱਧ ਜਾਏਗਾ। ਬਹੁਤ ਹੀ ਸੂਖਮ ਰੂਪ ਵਿੱਚ ਵਿਧੀ ਦਾ

ਕਥਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਭਗਤੀ ਅਤੇ ਜੀਵ-ਈਸ਼ ਏਕਤਾ ਨੂੰ ਕਥਨ ਕਰਦਾ ਹੈ।

**ਸ਼੍ਰੀ ਗ੍ਰੰਥ ਸਾਹਿਬ ਮਹਿਂ ਔਰ। ਏਕ ਅਭੇਦ ਕਹਯੋ ਬਹੁ ਠੌਰ।**
**ਸੁਮਤਿ ਵੰਤਿ ਜੇ ਅਰਥ ਬਿਚਾਰਹਿਂ। ਮਹਾਂਵਾਕ ਇਸ ਬਿਧਿ ਨਿਰਧਾਰਹਿਂ॥ ੧੯॥**

**ਅਰਥ** - ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿੱਚ ਅਭੇਦਤਾ ਦਾ ਕਥਨ ਬਹੁਤ ਠਾਵਾਂ ਤੇ ਕਥਨ ਕੀਤਾ ਹੈ। ਜੋ ਸੁਮੰਤਵੰਤ ਅਰਥਾਂ ਦੀ ਵੀਚਾਰ ਕਰਦੇ ਹਨ, ਬਹੁਤ ਥਾਵਾਂ ਤੇ ਅਭੇਦਤਾ ਦਾ ਨਿਰਣਾ ਕਰਦੇ ਹਨ।

**ਪ੍ਰਕ੍ਰਿਤਿਵਾਕ-ਸਵੈਯਾ**

**ਛੰਦ-ਨਹਿਂ ਬਿਨਾਸ਼ ਸੁਖ ਦੁਖ ਧ੍ਰਮਵੰਤ ਨ ਸਾਧਨ ਨਹੀਂ ਮਮੁੱਖ ਨ ਕੋਇ।**
**ਮੁਕਤਿ ਨਿਵਿਰਤਿ ਨ ਬਿੱਦਜਾ ਕੋਈ ਲੋਕ ਅਲੋਕ ਦੇਵ ਨਹਿਂ ਹੋਇ।**
**ਬੇਦਾ ਬੇਦ ਮਾਤਾ ਮਾਤਾ ਪਿਤਾ ਪਿਤਾ, ਇਮ ਲਖੀਯਹਿ ਸੋਇ।**
**ਸੁਖਪਤਿ ਮਹਿਂ ਨਹਿਂ ਜੀਵ ਬ੍ਰਹਮ ਹੈ ਜਿਸ ਤੇ ਨਹਿਂ ਸੰਸਾਰ ਕੋ ਜੋਇ'॥ ੨੦॥**

**ਅਰਥ** - ਸੁੱਖ ਦੁੱਖ ਦੇ ਧਰਮ ਨੂੰ ਧਾਰਨ ਕਰਨ ਵਾਲਾ ਅੰਤਹਕਰਣ ਕੋਈ ਨਹੀਂ, ਨਾ ਹੀ ਵਿਨਾਸ਼ ਹੋਣ ਵਾਲਾ ਹੈ। ਸਾਧਨ ਵੀ ਕੋਈ ਨਹੀਂ ਅਤੇ ਮੁਕਤੀ ਦੀ ਇੱਛਾ ਵਾਲਾ ਜਗਿਆਸੂ ਵੀ ਕੋਈ ਨਹੀਂ ਹੈ।ਮੁਕਤੀ, ਨਿਵਰਤੀ ਅਤੇ ਵਿੱਦਿਆ ਕੋਈ ਵੀ ਨਹੀਂ ਹੈ। ਲੋਕ ਪਰਲੋਕ ਦੇਵਤੇ ਵੀ ਕੋਈ ਨਹੀਂ ਹਨ। (ਨਾ ਗਿਆਨ ਅਤੇ ਨਾ ਨਾ-ਗਿਆਨ-ਅਭਾਵ; ਨਾ ਮਾਤਾ ਅਤੇ ਨਾ ਮਾਤਾ ਦੀ ਅਣਹੋਂਦ ; ਨਾ ਪਿਤਾ ਅਤੇ ਨਾ ਪਿਤਾ ਦਾ ਨਾ-ਹੋਣਾ: ਇਸ ਤਰ੍ਹਾਂ ਜਾਣ ਲੈਣਾ ਕਰ। ਮੈਂ ਸਖੋਪਤੀ (ਲਿਵਲੀਨਤਾ) ਵਿੱਚ ਹਾਂ, ਮੇਰੇ ਵਿੱਚ ਜੀਵ ਬ੍ਰਹਮ ਨਹੀਂ ਹੈ, ਜਿਸ ਕਰਕੇ ਸੰਸਾਰ ਭੀ ਮੇਰੇ ਵਿਚ ਨਹੀਂ ਦੇਖੀਦਾ।

**ਭਾਵਾਰਥ** - ਪ੍ਰਕ੍ਰਿਤਕਵਾਕ ਸਮਝਣ ਤੋਂ ਪਹਿਲਾਂ ਪ੍ਰਕ੍ਰਿਤੀ ਨੂੰ ਸਮਝਣਾ ਜ਼ਰੂਰੀ ਹੈ। ਅਵਿਵੇਕ ਦੇ ਕਾਰਣ ਪ੍ਰਕ੍ਰਿਤੀ ਅਤੇ ਵਿਵੇਕ ਦਾ ਸੰਬੰਧ ਹੈ; ਪ੍ਰਕ੍ਰਿਤੀ ਦੇ ਜਿਸ ਢੰਗ ਨਾਲ ਸ੍ਰਿਸ਼ਟੀ ਪੈਦਾ ਹੁੰਦੀ ਹੈ, ਉਸਦਾ ਕਥਨ ਸਾਂਖ ਵਿੱਚ ਹੈ। ਯੋਗ ਦੀ ਸਾਧਨਾ ਉਸਨੂੰ ਪ੍ਰਤੱਖ ਕਰਵਾ ਦਿੰਦੀ ਹੈ। ਤਾਂ ਹੀ ਸਾਂਖ ਤੇ ਯੋਗ ਦਾ ਸਾਧਨ-ਸਾਧਯ ਭਾਵ ਹੈ। ਪ੍ਰਕ੍ਰਿਤੀ ਗੁਣਮਈ ਹੈ; ਜਾਂ ਇਉਂ ਕਹਿ ਲਓ ਪ੍ਰਕ੍ਰਿਤੀ ਤੇ ਗੁਣ ਇਕ ਹਨ ਭਾਵ ਓਤ-ਪ੍ਰੋਤ ਹਨ, ਕਿਉਂਕਿ ਪੁਰਖ (ਚੇਤਨ) ਦੀ ਸੱਤਾ ਕਾਰਣ ਪ੍ਰਕ੍ਰਿਤੀ ਤੋਂ ਗੁਣ ਪੈਦਾ ਹੁੰਦੇ ਹਨ। ਚੇਤਨਅੰਸ਼ ਜਿਉਂ ਦਾ ਤਿਉਂ ਹੀ ਰਹਿੰਦਾ ਹੋਇਆ



ਪ੍ਰਕ੍ਰਿਤੀਆਕਾਰ ਹੋ ਕੇ ਸੰਸਾਰ ਦੀ ਉਤਪਤੀ ਕਰਦਾ ਹੈ। ਈਸ਼ਰ ਵਿੱਚ ਪੁਰਖ ਤੇ ਪ੍ਰਕ੍ਰਿਤੀ ਵੱਖ ਵੱਖ ਨਹੀਂ ਹਨ। ਜਦੋਂ ਅਸੀਂ ਅਸੰਗ-ਚੇਤਨ ਦਾ ਬਿਬੇਕ ਕਰਦੇ ਹਾਂ, ਤਦੋਂ ਪ੍ਰਕ੍ਰਿਤੀ ਦਾ ਪ੍ਰਕ੍ਰਿਤੀਤਵ ਖੰਡਣ (ਬਾਧਿਤ) ਹੋ ਜਾਂਦਾ ਹੈ। ਚੇਤਨ ਰੂਪ ਬ੍ਰਿਤੀ ਹੀ ਸਥਿਤ ਰਹਿੰਦੀ ਹੈ। ਉਸ ਲਈ ਸਰੀਰਾਂ ਦਾ 'ਹੋਣਾ-ਨਾ ਹੋਣਾ' ਇੱਕ ਬਰਾਬਰ ਹੀ ਹੈ। ਜਦੋਂ ਸ਼ਾਸਤ੍ਰਿਕ ਬਿਬੇਕ ਦੁਆਰਾ ਵੇਖਦੇ ਹਾਂ, ਵਰਤਮਾਨ ਸਾਡੀ ਤ੍ਰਾਸਦੀ ਖੜੀ ਹੋ ਜਾਂਦੀ ਹੈ!! ਕਿ ਅਸੀਂ ਬਾਹਮਣਵਾਦ ਦਾ ਖੂੰਡਾ ਖੜਕਾਉਣ ਲੱਗ ਜਾਂਦੇ ਹਾਂ। ਕਵੀ ਜੀ ਦੀ ਵਿਵੇਕਸ਼ੀਲਤਾ ਦੀ ਮਹਾਨਤਾ ਹੈ ਕਿ ਗੁਰੂ ਖਾਲਸੇ ਦੇ ਜੀਵਨ ਸਾਧਨ ਨੂੰ ਸ਼ਾਬਦਿਕ ਜ਼ਾਮਾ ਪਹਿਨਾਉਂਦੇ ਹਨ। ਖਾਲਸਾ ਚਰਖੜੀਆਂ ਤੇ ਚੜਿਆ, ਮੀਰ ਮੰਨੂੰ ਦੀ ਜੇਲ ਵਿੱਚ ਪੁੱਤਰਾਂ ਦੇ ਟੋਟੇ ਕਰਵਾ ਕੇ ਵੀ ਬ੍ਰਹਮ ਨੂੰ ਵੇਖ ਰਿਹਾ ਹੈ। ਸਰੀਰਾਂ ਦੀ ਹੋਂਦ ਜਾਂ ਅਣਹੋਂਦ ਇੱਕ ਬਰਾਬਰ ਹੀ ਹੈ। ਇਸ ਅਵਸਥਾ ਵਿਚ ਜੋ ਅਨਭਵੀਂ ਧਾਰਨਾਵਾਂ ਦੀ ਸਥਿਤੀ ਹੈ; ਉਸ ਸਥਿਤੀ ਦੇ ਕਥਨ ਨੂੰ ਪ੍ਰਕ੍ਰਿਤਕਵਾਕ ਆਖਦੇ ਹਨ। ਵੇਖਣ ਨੂੰ ਸਿੱਧੇ-ਸਾਦੇ ਵਾਕ ਹਨ, ਪਰ ਗਿਆਨ ਮਹਾਂਵਾਕਾਂ ਵਾਂਗ ਹੁੰਦਾ ਹੈ। ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਕੋਲ ਪੜ੍ਹਨ ਵਾਲੇ 'ਬਾਬਾ ਅਜਾਇਬ ਸਿੰਘ ਬੋਪਾਰਾਏ' ਇੱਕ ਵਾਰ ਕੁੰਭ ਮੇਲੇ ਤੇ ਹਰਿਦੁਆਰ ਗਏ ਸਨ। ਉੱਥੇ ਇੱਕ ਸ਼ਾਸ਼ਤ੍ਰਿਕ ਵਿਦਵਾਨ ਨੇ ਅਜਾਇਬ ਸਿੰਘ ਨੂੰ ਕਿਹਾ, 'ਆਪ ਕੌਣ ਸੀ ਭੂਮਿਕਾ ਮੇਂ ਵਿਚਰਤੇ ਹੋ?' ਸੰਤਾਂ ਦਾ ਜੁਆਬ ਸੀ, 'ਭੂੰਕਾਂ ਖਤਮ ਹੋ ਗਈਆਂ ਹਨ, ਕੇਵਲ ਗੰਢਾ ਹੀ ਹਨ'। ਕਾਫੀ ਸਮੇਂ ਬਾਅਦ ਜਦੋਂ ਪੁੱਛਣ ਤੇ ਸਮਝ ਪਿਆ, ਤਾਂ ਆਖਣ ਲੱਗਾ 'ਆਪ ਮਹਾਨ ਹੋ'।

**ਦੋਹਰਾ - ਇਤਯਾਦਿਕ ਜੇ ਵਾਕਯ ਹੈਂ ਅਰਥ ਨ ਜਿਹ ਬਿਬਚਾਰ।**
**ਵਾਕ ਪ੍ਰਕਿਰਤਿ ਪਛਾਨੀਏ ਜਿਨ ਕੋ ਇਮ ਨਿਰਧਾਰ॥ ੨੧॥**

**ਅਰਥ** - ਇਸ ਤੋਂ ਆਦਿਕ ਲੈ ਕੇ ਜਿਹੜੇ ਵਾਕ ਦਵੈਤ ਦੇ ਪ੍ਰਭਾਵ ਨੂੰ ਲੇਸ਼ ਮਾਤਰ ਵੀ ਨੇੜੇ ਨਾ ਆਉਣ ਦੇਣ। ਜਿਹਨਾਂ ਦਾ ਨਿਰਨਾ ਇਸ ਤਰਾਂ ਦਾ ਹੋਵੇ ਉਹ ਪ੍ਰਕ੍ਰਿਤਕ ਵਾਕ ਹੁੰਦੇ ਹਨ।

**ਭਾਵਾਰਥ** - ਇਹਨਾਂ ਵਾਕਾਂ ਵਿੱਚ ਦਵੈਤ ਤੋਂ ਲੈ ਕੇ ਈਰਖਾ ਆਦਿ ਵਿਕਾਰਾਂ ਦੀ ਦੁਰਗੰਧ ਨਹੀਂ ਹੁੰਦੀ। ਇਹਨਾਂ ਬੋਲਾਂ ਵਾਲੇ ਸਭ ਦਾ ਭਲਾ ਚਾਹੁੰਣ ਵਾਲੇ ਹੁੰਦੇ ਹਨ। ਤਾਂ ਹੀ ਉਹਨਾਂ ਦਾ ਕ੍ਰੋਧ 'ਬੀਰ-ਰਸ', ਲੋਭ 'ਸ਼ੁਭ ਗੁਣ ਇਕੱਠੇ ਕਰਨ', ਕਾਮ 'ਸੰਤਾਨ ਉਤਪਤੀ', ਮੋਹ 'ਸਰਬੱਤ ਦੇ ਭਲੇ' ਅਤੇ ਅਹੰਕਾਰ 'ਗੌਰਵਤਾ' ਵਿੱਚ ਬਦਲ

ਜਾਂਦਾ ਹੈ। ਉਹਨਾਂ ਲਈ ਘਰ-ਸੰਸਾਰ ਇੱਕੋ ਹੀ ਨਜ਼ਰ ਆਉਂਦੇ ਹਨ; ਆਪਣਾ ਬਿਗਾਨਾ ਕੋਈ ਹੁੰਦਾ ਹੀ ਨਹੀਂ ਹੈ। ਉਹ ਜਾਬਰ-ਜ਼ਾਲਮ ਨੂੰ ਕੁਦਰਤਿ ਦੇ ਵੈਰੀ ਸਮਝਦੇ ਹਨ, ਤਾਂ ਹੀ ਵੈਰੀ ਦਾ ਖਤਮ ਕਰਨਾ ਵੀ ਉਹਨਾਂ ਨੂੰ ਪ੍ਰਮਾਤਮਾ ਦੀ ਖੇਡ ਨਜ਼ਰ ਆਉਂਦੀ ਹੈ। ਜਿਵੇਂ ਸਰੀਰ ਵਿਚ ਛੋਟੇ ਜਿਹੇ ਵਾਇਰਸ ਨਾਲ ਸਾਰਾ ਸਰੀਰ ਹੀ ਬੀਮਾਰ ਹੋ ਜਾਂਦਾ ਹੈ; ਤੰਦਰੁਸਤੀ ਗਾਇਬ ਹੋ ਜਾਂਦੀ ਹੈ। ਦੁਆਰਾ ਤੰਦਰੁਸਤੀ ਲਈ ਵਾਇਰਸ ਖਤਮ ਕਰਨਾ ਪੈਂਦਾ ਹੈ। ਇਵੇਂ ਹੀ ਜ਼ੁਲਮ ਨੂੰ ਖਤਮ ਕਰਕੇ ਹੀ ਸੰਸਾਰ ਸੁਖੀ ਰਹਿ ਸਕਦਾ ਹੈ।

**ਸਵਿਕਲਪ ਵਾਕ੍ਯ : ਸ੍ਵੈਯਾ ਛੰਦ-**

**ਜਿਸ ਤੇ ਭੂਤ ਭਏ ਸਭਿ ਉਤਪਤ ਪੁਨ ਜਿਸ ਤੇ ਜੀਵਤਿ ਥਿਤ ਹੋਇ।**
**ਅੰਤ ਸਮੈ ਸਭਿ ਲੈ ਹ੍ਵੈ ਤਿਸ ਮਹਿਂ ਕਰ ਨਿਸ਼ਚੈ ਉਰਧਾਰਹੁ ਸੋਇ।**
**ਜਾਗ੍ਰਤਿ ਸੁਪਨ ਕੂਲ ਉਭਿਯਨਿ ਮਹਿਂ ਮਹਾਂ ਮਤਿਸ ਬਿਚਰਤਿ ਲਖਿ ਜੋਇ।**
**'ਤਿਸ ਆਤਮ ਤੇ ਨਭ ਸੰ ਭੂਤੰ' ਵਾਕ੍ਯ ਇਤ੍ਯਾਦਿ ਸਵਿਕਲਪ ਓਇ॥ ੨੨॥**

**ਅਰਥ** - ਜਿਸ ਤੋਂ ਸਾਰੇ ਪ੍ਰਾਣੀ ਉਪਜੇ ਹਨ ਅਤੇ ਜਿਸ ਕਰਕੇ ਪ੍ਰਾਣੀਆਂ ਦਾ ਜੀਵਨ ਸਥਿਤ ਹੁੰਦਾ ਹੈ। ਅੰਤ ਵੇਲੇ ਸਾਰੇ ਪ੍ਰਾਣੀ ਉਸੇ ਵਿੱਚ ਲੈ ਹੋ ਜਾਣਗੇ, ਇਸ ਗੱਲ ਨੂੰ ਨਿਸ਼ਚੇ ਕਰਕੇ ਨਿਰਣਾ ਕਰ ਲੈਣਾ ਕਰੋ। ਜਾਗ੍ਰਤਿ ਅਤੇ ਸੁਪਨੇ ਦੇ ਦੋ ਕਿਨਾਰਿਆਂ ਦੇ ਵਿਚਕਾਰ ਮਹਾਨ ਮੱਗਰਮੱਛ ਵਾਂਗ ਬਿਚਰਦੇ ਹੋਣ। ਉਸ ਆਤਮਾ ਤੋਂ ਅਕਾਸ਼ਆਦਿ ਉਪਜੇ ਹਨ। ਇਸ ਤਰਾਂ ਦੇ ਵਾਕ ਸਾਵਿਕਲਪ ਵਾਕ ਕਹੀਦੇ ਹਨ।

**ਭਾਵਾਰਥ** - ਸਾਵਿਕਲਪ-ਵਾਕ ਨਾਮ ਤੋਂ ਹੀ ਅਰਥ ਸ਼ਪੱਸ਼ਟ ਹੋ ਜਾਂਦੇ ਹਨ; ਉਹ ਵਾਕ, ਜੋ ਪ੍ਰਕ੍ਰਿਤੀ ਦੀ ਹੋਂਦ ਨੂੰ ਆਤਮਾ ਤੋਂ ਰੂਪਵਾਨ ਹੋਣ ਦੀ ਗੱਲ ਕਰਦੇ ਹਨ। ਜਿੰਨੇ ਵੀ ਕਰਮ ਹੁੰਦੇ ਹਨ, ਪ੍ਰਕ੍ਰਿਤੀ ਦੇ ਗੁਣਾਂ ਕਰਕੇ ਹੀ ਹੁੰਦੇ ਹਨ; ਸਰੀਰ ਹੱਡੀ-ਮਾਸ-ਚੰਮ ਕਰਕੇ ਹੈ। ਹੱਡ-ਮਾਸ-ਚੰਮ ਜੜ੍ਹ ਹਨ, ਇਸ ਕਰਕੇ ਤਾਮਸ (ਤਮੋ-ਗੁਣ) ਹਨ। ਹਿੱਲ੍ਹਣਾ, ਬੋਲਣਾ, ਡੋਲਣਾ ਜਾਂ ਕੰਮ ਕਰਨ ਦਾ ਕਾਰਣ ਰੂਪ ਪ੍ਰਕ੍ਰਿਤੀ ਰਾਜਸ (ਰਜੋ-ਗੁਣ) ਹੈ। ਸੁਣਦੇ ਹਾਂ, ਵੇਖਦੇ ਹਾਂ, ਸੋਚਦੇ ਹਾਂ ਇਸਦਾ ਕਾਰਣ ਰੂਪ ਪ੍ਰਕ੍ਰਿਤੀ ਸਤਵ (ਸਤੋ-ਗੁਣ) ਹੈ। ਪ੍ਰਕ੍ਰਿਤੀ ਤੋਂ ਮਹੀਤੱਤਵ, ਮਹੀਤੱਤਵ ਤੋਂ ਅਹੰਕਾਰਤਵ, ਅਹੰਕਾਰਤਵ ਤੋਂ ਪੰਜ-ਤਨੂੰਮਾਤਰਾ, ਪੰਜ ਤਨੂੰ-ਮਾਤਰਾ ਤੋਂ ਪੰਜ ਮਹਾਂ ਭੂਤ ਅਤੇ ਪੰਜ-ਤੱਤਾਂ ਤੋਂ ਸਾਰੀ ਸ੍ਰਿਸ਼ਟੀ ਹੋਂਦ ਵਿੱਚ ਆ ਜਾਂਦੀ ਹੈ। ਇਸ



ਤੋਂ ਅੱਗੇ ਹੋਰ ਬਾਰੀਕੀਆਂ ਵੀ ਹਨ, ਪਰ ਪ੍ਰਕਰਣ ਜਟਿਲ ਹੋ ਜਾਏਗਾ। ਮੂਲ ਰੂਪ ਵਿੱਚ ਸਾਰਾ ਕੁੱਝ ਹੀ ਆਤਮਾ ਕਰਕੇ ਨਜ਼ਰ ਆ ਰਿਹਾ ਹੈ। ਇਸ ਦਾ ਵਰਤਾਵ ਜਾਗ੍ਰਤਿ ਅਤੇ ਸੁਪਨ ਅਵਸਥਾ ਵਿੱਚ ਹੁੰਦਾ ਹੈ। ਬਹੁਤ ਕੁੱਝ ਸਾਨੂੰ ਸੁਪਨੇ ਵਿੱਚ ਦਿਖ ਜਾਂਦਾ ਹੈ, ਦਿਨ (ਜਾਗ੍ਰਤ) ਵਿੱਚ ਉਹੋ ਹੀ ਵਾਪਰ ਜਾਂਦਾ ਹੈ। ਸੰਤ ਬਾਬਾ ਸਾਵਣ ਸਿੰਘ ਜੀ ਰਵਾਲੋਂ ਵਾਲਿਆਂ ਕੋਲ ਸੰਤ ਹਰੀ ਸਿੰਘ ਨੇ ਬਚਨ ਕਰਦਿਆਂ ਪੁੱਛਿਆ ਕਿ ਆਪ ਦਾ ਸੌਣ ਵੇਲੇ ਨਾਮ ਰੁਕ ਜਾਂਦਾ ਹੋਵੇਗਾ। ਸੰਤਾਂ ਦਾ ਜੁਆਬ ਸੀ, 'ਇਹ ਤਾਂ ਮੈਨੂੰ ਪਤਾ ਨਹੀਂ , ਪਰ ਮੈਂ ਇਹ ਜਾਣਦਾ ਹਾਂ, ਕਿ ਨੀਂਦ ਖੇਡ ਵਾਂਗ ਆਉਂਦੀ ਹੈ ਅਤੇ ਮੈਂ ਪਲੋਸਦਿਆਂ ਚਲੀ ਜਾਂਦੀ ਹੈ।' ਕੈਸਾ ਨਿਸ਼ਚਾ ਹੈ!! ਸਾਵਿਕਲਪਕ ਵਾਕਾਂ ਦਾ। ਕਵੀ ਜੀ ਨੇ ਸਾਵਿਕਲਪਕ ਵਾਕਾਂ ਨੂੰ ਜਾਗ੍ਰਿਤ ਅਤੇ ਸੁਪਨ ਅਵਸਥਾ ਦੇ ਦੋ ਕਿਨਾਰਿਆਂ ਵਿੱਚ ਸੁਆਸਾਂ ਵਾਲੇ ਪਾਣੀ ਵਿੱਚ ਵਿਚਰਣ ਵਾਲੇ ਮੱਛ ਕਿਹਾ ਹੈ।

**ਨਿਰਵਿਕਲਪ ਵਾਕ-ਸਤ੍ਯੰ ਗ੍ਯਾਨ ਮਨੰਤੰ ਬ੍ਰਹਮ। ਅਯੰ ਵਿਗ੍ਯਾਨ ਰੂਪ ਬਿਨ ਭਰਮ।**
**ਪ੍ਰਾਨ ਰਿਦ੍ਯੰਤਰ ਜੋਤੀ ਜੋਇ। ਨਿਰਵਿਕਲਪ ਵਾਕ੍ਯ ਅਸ ਹੋਇ॥ ੨੩॥**

**ਅਰਥ** - ਬ੍ਰਹਮ ਸੱਤਯ ਹੈ, ਅਨੰਤ ਹੈ, ਗਿਆਨ ਹੈ; ਇਹ ਬ੍ਰਹਮ ਵਿਗਿਆਨ ਰੂਪ ਹੈ, ਭਰਮ ਤੋਂ ਬਿਨਾਂ ਹੈ। ਹਿਰਦੇ ਅੰਦਰ ਜੋਤ ਰੂਪ ਹੋ ਕੇ ਪ੍ਰਾਣਾਂ ਨੂੰ ਚਲਾ ਰਿਹਾ ਹੈ। ਐਸੇ ਵਾਕ ਨਿਰਵਿਕਲਪ ਕਹੀਦੇ ਹਨ।

**ਭਾਵਾਰਥ** - ਬ੍ਰਹਮ ਨੂੰ ਸਮਝਣ ਲਈ ਗਿਆਨ ਚਾਹੀਦਾ ਹੈ, ਗਿਆਨ 'ਸਚ' ਦਾ ਦੂਜਾ ਨਾਮ ਹੈ। ਤਾਂ ਹੀ ਸਾਇੰਸ ਅਤੇ ਧਰਮ ਦੀ ਖੋਜ ਸੱਚ ਦੀ ਖੋਜ ਕਹੀ ਜਾਂਦੀ ਹੈ। ਇਹ ਵੱਖਰੀ ਗੱਲ ਹੈ, ਸਾਇੰਸ ਅੱਖਾਂ (naked eye) ਨਾਲ ਵੇਖੀ ਵਸਤੂ ਦੇ ਅਨਭਵ ਨੂੰ ਸੱਚ ਆਖਦੀ ਹੈ। ਧਰਮ 'ਨਿੱਜਤੱਵ ਦੇ ਅਨਭਵ' ਨੂੰ ਗਿਆਨ (ਸੱਚ) ਆਖਦਾ ਹੈ। ਤਾਂ ਹੀ ਧਰਮ ਸਾਇੰਸ ਤੋਂ ਬਹੁਤ ਅਗਾਂਹ ਖੜ੍ਹਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਲੱਖਾਂ ਅਗਾਸ ਤੇ ਪਤਾਲ ਆਖੇ ਹਨ। ਸਾਇੰਸ ਤੋਂ ਇੱਕ ਅਗਾਸ ਤੇ ਪਤਾਲ ਦੀ ਖੋਜ ਵੀ ਪੂਰੀ ਨਹੀਂ ਹੋਈ। ਧਰਮ ਸਰੀਰ ਤੋਂ ਨਿਕਲ ਕੇ ਦੂਜੇ ਸਰੀਰ ਵਿੱਚ ਪ੍ਰਵੇਸ਼ ਹੋਣ ਵਾਲੇ ਜੀਵ ਦੀ ਗੱਲ ਕਰਦਾ ਹੈ; ਪਰ ਸਾਇੰਸ ਇੱਕ ਸਰੀਰ ਵਿੱਚੋਂ ਨਿਕਲਣ ਵਾਲੇ ਬਾਰੇ ਖਾਮੋਸ਼ (ਕੋਈ ਵਿਆਖਿਆ ਨਹੀਂ) ਹੈ। ਗਿਆਨ ਤੇ ਸੱਚ ਅਨੰਤ ਹਨ; ਦੋਨਾਂ ਦਾ ਹੀ ਅੰਤ ਨਹੀਂ ਹੈ। 'ਬ੍ਰਹਮ' ਸੱਤ ਹੈ, ਅਨੰਤ ਹੈ ਅਤੇ ਗਿਆਨ ਹੈ। ਅਭਿਆਸ ਕਰਨ ਵਾਲੇ ਅੰਦਰ ਬ੍ਰਿਤੀ 'ਬ੍ਰਹਮ ਦਾ ਰੂਪ' ਧਾਰਨ

ਕਰ ਲੈਂਦੀ ਹੈ। ਭਰਮ ਨਸ਼ਟ ਹੋਣ ਉਪਰੰਤ ਇਹ (ਬ੍ਰਹਮ) ਗਿਆਨ ਰੂਪ ਹੋ ਜਾਂਦਾ ਹੈ; ਜੋਤ ਰੂਪ ਹੋ ਕੇ ਪ੍ਰਾਨਾਂ ਦਾ ਸੰਚਾਲਨ ਕਰਦਾ ਹੈ। ਜਿਵੇਂ ਚੇਂਨ ਨੇ ਪੂਰਾ ਮਿਸ਼ੀਨਰੀ ਦਾ ਸਿਸਟਮ ਤੋਰਨਾ ਹੈ, ਪਰ ਚੇਂਨ ਨੂੰ ਚਲਾਉਣ ਵਾਲੀ ਤਾਕਤ (energy) ਜਰੂਰੀ ਹੈ। ਜੋ ਤਾਕਤ ਸਰੀਰ ਅੰਦਰ ਖਾਣ-ਪੀਣ ਤੋਂ ਤਾਕਤ ਪੈਦਾ ਕਰਦੀ ਹੈ, ਉਸਦੇ ਕਥਨ ਕਰਨ ਲਈ ਵਰਤੇ ਜਾਣ ਵਾਲੇ ਸ਼ਬਦ ਨਿਰਵਿਕਲਪ ਵਾਕ ਆਖੀਦੇ ਹਨ।

**ਦੋਹਰਾ - ਨਿਰਵਿਕਲਪ ਆਦਿਕ ਲਖੋ ਮਹਾਂਵਾਕਯ ਤੇ ਆਨ।**
**ਵਾਕ ਅਵਾਂਤਰ ਜਾਨ ਸਭਿ ਜੈਸੇ ਕਰੇ ਬਖਾਨ॥ ੨੪॥**

**ਅਰਥ** - ਮਹਾਂਵਾਕ ਤੋਂ ਵੱਖਰੇ ਨਿਰਵਿਕਲਪ ਆਦਿਕ ਵਾਕ ਜਾਨਣਾ ਕਰੋ। ਇਹਨਾਂ ਨੂੰ ਅਵਾਂਤਰ ਵਾਕ ਵੀ ਕਹਿੰਦੇ ਹਨ।

**ਭਾਵਾਰਥ** - ਗਿਆਨ ਲਈ ਵਿਦਵਾਨਾਂ ਨੇ ਦੋ ਤਰ੍ਹਾਂ ਦੇ ਵਾਕਾਂ ਨੂੰ ਮੰਨਿਆ ਹੈ। ਇੱਕ ਉਹ ਵਾਕ ਹਨ, ਜਿਹੜੇ ਪਰਮਾਤਮਾ ਦਾ ਗਿਆਨ ਕਰਵਾਉਣ ਵਾਲੇ ਹਨ। ਇਹਨਾਂ ਨੂੰ ਮਹਾਂਵਾਕ ਕਹਿੰਦੇ ਹਨ। ਸੰਸਾਰ ਨੂੰ ਸਿਰਜਣਹਾਰ ਨੇ ਈਸ਼ਵਰੀ ਅਤੇ ਜੀਵ ਦੇ ਰੂਪ ਵਿੱਚ ਧਾਰਨ ਕੀਤਾ ਹੈ ਉਹਨਾਂ ਨੂੰ ਵਿਆਖਿਆ ਕਰਨ ਲਈ ਜੋ ਵਾਕ ਵਰਤੇ ਹਨ, ਉਹਨਾਂ ਨੂੰ ਅਵਾਂਤਰ ਵਾਕ ਕਹਿੰਦੇ ਹਨ। ਪਰਮਾਤਮਾ 'ਸੱਤ ਹੈ, ਅਨੰਤ ਹੈ, ਗਿਆਨ ਹੈ' ਇਹ ਵਾਕ, ਅਵਾਂਤਰ-ਵਾਕ ਰਾਂਹੀ ਈਸ਼ਰ/ਜੀਵ ਵਿੱਚ ਬ੍ਰਹਮ ਦਾ ਗਿਆਨ ਕਰਵਾਉਂਦੇ ਹਨ। 'ਸਤਿਨਾਮੁ ਕਰਤਾ ਪੁਰਖੁ' ਈਸ਼ਰੀ ਅਵਾਂਤਰ ਵਾਕ ਹਨ। ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ' ਜੀਵ ਦੇ ਗਿਆਨ ਨੂੰ ਕਰਵਾਉਣ ਲਈ ਅਵਾਂਤਰ ਵਾਕ ਹਨ। ਇੱਥੋਂ ਤੱਕ ਉੱਤਮ-ਪੁਰਖ ਅਧਿਕਾਰੀ ਦੇ ਜੀਵਨ ਦਾ ਕਥਨ ਅੰਕਿਤ ਕੀਤਾ ਹੈ। ਉਤਮ (ਚੰਗੀ ਸੋਚ) ਮਨੁੱਖ ਹਰ ਵੀਚਾਰ ਦੇ ਤੱਤਵ ਨੂੰ ਸਮਝਣ ਵਿਚ ਦੇਰੀ ਨਹੀਂ ਲਗਾਉਂਦਾ।

**ਕਰਮ ਕਾਂਡ-ਦੋਹਰਾ-ਕਾਮਜਕ ਕਰਮ ਨਿਖਿੱਧ ਬਿਨ ਨਿੱਤ ਨਮਿੱਤ ਜਿ ਦੋਇ।**
**ਕਰਮ ਪ੍ਰਾਯਸ਼ਚਿਤ ਤੀਨ ਗਿਨ 'ਕਰਮ ਕਾਂਡ' ਇਹ ਹੋਇ॥ ੨੫॥**

**ਅਰਥ** - ਕਾਮਕ ਅਤੇ ਨਖਿੱਧ ਕਰਮਾਂ ਤੋਂ ਬਿਨਾਂ ਨਿੱਤ ਅਤੇ ਨਮਿੱਤ ਦੋਨੋਂ ਕਰਮ ਹਨ। ਪ੍ਰਾਸ਼ਚਿਤ ਕਰਮ ਸਮੇਤ ਇਹ ਤਿੰਨ ਹਨ।

**ਭਾਵਾਰਥ** - ਜਿਹਨਾਂ ਨੂੰ ਤੱਤਵ ਸਮਝਣ ਲਈ ਸਰੀਰਕ ਪ੍ਰਭਾਵਾਂ ਦੀ ਬਹੁਤਾਤ ਵਿੱਚ ਜ਼ਰੂਰਤ ਹੁੰਦੀ ਹੈ। ਉਹਨਾਂ ਲਈ ਸਭ ਤੋਂ ਪਹਿਲਾਂ ਕਰਮ ਕਰਨ ਦਾ ਵਿਧਾਨ ਆਉਂਦਾ ਹੈ। ਭਾਵੇਂ ਕਿ ਵੀਚਾਰਸਾਗਰ ਦੇ ਕਰਤਾ ਨੇ ਗਿਆਨ ਦੀ ਵਾਰਤਾ ਨੂੰ



ਆਪਣੇ ਢੰਗ ਨਾਲ ਕਥਨ ਕੀਤਾ ਹੈ। ਕਵੀ ਸੰਤੋਖ ਸਿੰਘ ਜੀ ਗੁਰੂ ਘਰ ਦੇ ਨਿਸ਼ਠਾਵਾਨ ਪ੍ਰੇਮੀ ਗੁਰਸਿੱਖ ਹਨ, ਉਹਨਾਂ ਦਾ ਨਿਸ਼ਚਾ ਹੈ ਕਿ ਮੇਰੇ ਗੁਰੂ ਸਾਹਿਬਾਨ ਜੀ ਵੱਲੋਂ ਬਖਸ਼ਿਸ ਕੀਤਾ ਗਿਆਨ ਸਭ ਤੋਂ ਮਹਾਨ ਹੈ। ਇਸ ਲਈ ਭਾਈ ਸਾਹਿਬ ਜੀ ਨੇ ਜਪੁਜੀ ਸਾਹਿਬ ਜੀ ਦੀ ਵੀਚਾਰਧਾਰਾ ਮੁਤਾਬਿਕ ਗਿਆਨ ਦਾ ਗੁੰਥਨ ਕੀਤਾ ਹੈ। ਸ਼ਾਸਤ੍ਰਾਂ ਦਾ ਗਿਆਨ ਆਪਣੇ ਆਪਣੇ ਢੰਗ ਦਾ ਹੈ, ਕੋਈ ਦਵੈਤਦਾਵ, ਕੋਈ ਅਦਵੈਤਦਾਵ, ਕੋਈ ਦਵੈਤਵਾਦ, ਕੋਈ ਭਗਤੀਵਾਦ ਆਦਿ; ਪਰ ਗੁਰਬਾਣੀ ਦਾ ਭਗਤੀ-ਗਿਆਨ ਸਮੁੱਚਵਾਦ ਦਾ ਕਥਨ ਹੈ। ਗੁਰਸਿੱਖ ਗਿਆਨ-ਨਿਸ਼ਠ ਹੁੰਦਾ ਹੋਇਆ ਵੀ ਪ੍ਰਭੂ ਭਗਤੀ ਵਿੱਚ ਲੀਨ ਰਹਿੰਦਾ ਹੈ।

ਕਵੀ ਜੀ ਇੱਥੋਂ ਸਰੀਰਕ ਪ੍ਰਭਾਵਾਂ ਦੀ ਸ਼੍ਰੇਸਟ ਵਿਧੀ ਲਈ ਕਰਮਾਂ ਦਾ ਕਥਨ ਕਰਦੇ ਹਨ। ਜਿਹਨਾਂ ਕਰਮਾਂ ਦਾ ਕਥਨ ਸ਼ਾਸਤ੍ਰਕ ਰੂਪ ਵਿੱਚ ਲਿਖਿਆ ਹੈ; ਕਾਮੁਕ-ਕਰਮ, ਨਿੱਖਧ ਕਰਮ, ਨਿੱਤ ਕਰਮ, ਨਮਿੱਤ ਕਰਮ ਤੇ ਪ੍ਰਾਸ਼ਚਿਤ ਕਰਮ। ਕਿਉਂਕਿ ਗੁਰਮਤਿ ਵਿਚ ਕਰਮਾਂ ਦੀ ਵਿਧੀ ਸੇਵਾ-ਸਿਮਰਨ ਅਤੇ ਗੁਰਬਾਣੀ ਦਾ ਪਠਨ-ਪਾਠਨ ਹੈ। ਗੁਰੂ ਕਾਲ ਤੋਂ ਹੀ ਗੁਰਬਾਣੀ ਦੇ ਚਿੰਤਨ ਦਾ ਕਰਮ ਹੀ ਗੁਰਸਿੱਖਾਂ ਦਾ ਪ੍ਰਧਾਨ ਕਰਮ ਹੈ। ਗੁਰਸਿੱਖ ਹਰ ਕਰਮ ਗੁਰੂ ਨੂੰ ਸਨਮੁਖ ਸਮਝ ਕੇ ਕਰਦਾ ਹੈ। ਆਪਣੇ ਆਪ ਨੂੰ ਮ੍ਰਯਾਦਿਤ ਰੱਖਣ ਲਈ ਵੀ ਤਨਖਾਹ ਰੂਪ ਵਿੱਚ ਸੇਵਾ ਤੇ ਬਾਣੀ ਦੀ ਸਾਧਨਾ ਨੂੰ ਮੁੱਖ ਰੱਖਿਆ ਜਾਂਦਾ ਹੈ। ਕਮਾਈ ਵਿੱਚੋਂ ਪੈਸਿਆਂ ਦੁਆਰਾ ਕੜਾਹ-ਪ੍ਰਸਾਦਿ ਕਰਵਾ ਕੇ ਗੁਰੂ ਕੋਲ ਅਰਦਾਸ ਕਰਵਾਈ ਜਾਂਦੀ ਹੈ। ਪਰ ਵਰਤਮਾਨ ਤ੍ਰਾਸਦੀ ਇਹ ਹੈ! ਅੱਜ ਸਵਾਰਥੀ ਦੌੜ ਨੇ ਇਹਨਾਂ ਤਨਖਾਹਾਂ (ਸ਼ਜਾਵਾਂ) ਦੇ ਅਰਥ ਵੀ ਹੋਰ-ਢੰਗ ਨਾਲ ਵੇਖਣੇ ਸ਼ੁਰੂ ਕਰ ਦਿੱਤੇ ਹਨ। ਗੁਰ ਸਾਹਿਬ ਆਪਣੇ ਪਿਆਰੇ ਗੁਰਸਿੱਖਾਂ ਨੂੰ ਵਿਰਾਸਤ ਦਾ ਦਾਨ ਬਖਸ਼ਣ।

**ਸ੍ਵੈਯਾ ਛੰਦ -**

**'ਨਿੱਤਯ ਕਰਮ' ਸੰਧਯਾ ਬੰਦਨਾਦਿਕ, ਸੁਤ ਜਨਮਾਦਿ 'ਨਮਿੱਤਯਕ' ਜਾਨ।**
**'ਪ੍ਰਯਾਸ਼ਚਿਤ' ਕ੍ਰਿਛ ਚੰਦ੍ਰਯਨ ਆਦਿਕ ਕਲਮਲ ਛੈ ਸਾਧਨ ਪਹਿਚਾਨ।**
**ਅਗਨੀ ਜੋਤਿਸ਼ਟੋਮਾਦਿਕ ਜੇ 'ਕਾਮਕ' ਐਸੇ ਬੇਦ ਬਖਾਨ।**
**ਹਨਿਨ ਬ੍ਰਹਮਾਦਿਕ ਇਹ 'ਨਖਿਧ' ਹੈਂ ਕਰਮ ਪੰਚ ਏ ਜਾਨ ਸੁਜਾਨ॥ ੨੬॥**

**ਅਰਥ** - ਸੰਧਯਾ ਬੰਦਨਾਦਿਕ ਨਿੱਤਯ ਕਰਮ ਹਨ। ਪੁੱਤਰ ਦੇ ਜਨਮ ਅਤੇ ਖੁਸ਼ੀ ਆਦਿਕ ਵਿੱਚ ਕੀਤੇ ਜਾਣ ਵਾਲੇ ਕਰਮ ਨਮਿੱਤਯਕ ਕਰਮ ਹੁੰਦੇ ਹਨ। ਅਗਨੀ

ਜੋਤਿਸ਼ਟੋਮਾਦਿਕ ਕਾਮਕ ਕਰਮ ਵੇਦਾਂ ਨੇ ਕਥਨ ਕੀਤੇ ਹਨ। ਬ੍ਰਹਮਣ ਆਦਿਕਾਂ ਦਾ ਮਾਰਣਾ ਨਖਿੱਧ ਕਰਮ ਕਥਨ ਕੀਤੇ ਹਨ। ਇਸ ਤਰਾਂ ਨਾਲ ਪੰਜ ਤਰਾਂ ਦੇ ਕਰਮ ਹੁੰਦੇ ਹਨ, ਹੇ ਸਿਆਣੇ ਪੁਰਸ਼!

**ਭਾਵਾਰਥ** – ਸ਼ਾਸਤ੍ਰਾਂ ਵਿਚ ਨਿੱਤ ਕਰਮਾਂ ਦਾ ਕਥਨ ਆਉਂਦਾ ਹੈ, ਕਵੀ ਜੀ ਨੇ ਉਸੇ ਪ੍ਰਕਾਰ ਅੰਕਿਤ ਕੀਤਾ ਹੈ। ਇਸ ਦੀ ਵਿਆਖਿਆ ਦੀ ਕੋਈ ਖਾਸ ਜਰੂਰਤ ਨਹੀਂ, ਜਿਸਨੇ ਕਰਮਾਂ ਦੀ ਵੀਚਾਰ ਨੂੰ ਵੇਖਣਾ ਹੋਵੇ ਸ਼ਾਸਤ੍ਰਾਂ ਵਿੱਚ ਵੇਖ ਸਕਦਾ ਹੈ ਪਰ ਗੁਰਮਤਿ ਵਿੱਚ ਕਰਮਾਂ ਦੀ ਵਿਧੀ ਦਾ ਕਥਨ ਮ੍ਰਯਾਦਾ ਅਖਵਾਉਂਦਾ ਹੈ। ਮ੍ਰਯਾਦਾ ਮੁਤਾਬਿਕ ਕਰਮਾਂ ਨੂੰ ਵੀਚਾਰਨਾ ਸਿੱਖ ਲਈ ਜਰੂਰੀ ਹੈ। ਸਿੱਖ ਦੀ ਨਿਤ-ਰਹਿਣੀ ਦਾ ਹੀ ਦੂਜਾ ਨਾਮ ਹੈ; ਨਿੱਤ ਕਰਮ। ਅੰਮ੍ਰਿਤ ਵੇਲੇ ਉੱਠਣਾ, ਨਿੱਤਨੇਮ (ਪੰਜ ਬਾਣੀਆਂ, ਸ਼ਾਮ ਨੂੰ ਰਹਿਰਾਸ ਕਰਨਾ ਅਤੇ ਸੌਣ ਵੇਲੇ ਕੀਰਤਨ ਸੋਹਿਲਾ) ਕਰਨਾ, ਨੋਟ- ਜਿਤਨੀ ਵੀ ਬਾਣੀ ਨਿੱਤਨੇਮ ਰੂਪ ਵਿਚ ਪੜੀ ਜਾਏ, ਥੋੜੀ ਹੈ। ਦਿਨ ਵੇਲੇ ਕੰਮ ਕਾਰ ਕਰਨ ਵੇਲੇ ਧਰਮ ਪ੍ਰਤੀ ਸਾਵਧਾਨ ਰਹਿਣਾ ਵੀ ਸਿੱਖ ਦਾ ਨਿੱਤ ਕਰਮ ਹੈ, ਕਿਉਂਕਿ ਸਿੱਖ ਕਰਮਯੋਗੀ ਹੈ। ਪੁੱਤਰ/ਧੀ ਦੇ ਜਨਮ ਵੇਲੇ ਜਾਂ ਮਰਣ ਵੇਲੇ ਤੋਂ ਲੈ ਕੇ ਕੋਈ ਖਾਸ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਕਰਮ ਕਰਨ ਨੂੰ ਨਮਿੱਤ ਕਰਮ ਆਖਦੇ ਹਨ, 'ਜਨਮ ਸੰਸਕਾਰ, ਅਨੰਦ ਸੰਸਕਾਰ, ਮ੍ਰਿਤਕ ਸੰਸਕਾਰ; ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ ਜਿਵੇਂ ਨਵੇਂ ਬਣੇ ਮਕਾਨ ਵਿੱਚ ਪ੍ਰਵੇਸ਼ ਕਰਨਾ, ਨਵੀਂ ਬਣੀ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਵਿਚ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਸਿੱਖੀ ਵਿੱਚ ਸਾਰੇ ਸੰਸਕਾਰਾਂ ਦਾ ਜਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ- ਸਿੱਖ ਰਹਿਤ ਮ੍ਰਯਾਦਾ' ਇਸ ਵਿੱਚ ਸਹਿਜ ਪਾਠ/ ਅਖੰਡ ਪਾਠ ਆਪ ਕਰਨਾ ਜਾਂ ਕਰਵਾਉਣਾ, ਤਿਆਰ-ਬਰ-ਤਿਆਰ ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਜਾਂ ਇਕ ਸਿੱਖ ਕੋਲੋਂ ਅਰਦਾਸ ਕਰਵਾਉਣੀ; ਇਹ ਸਾਰੇ ਨਮਿੱਤ ਕਰਮ ਅਖਵਾਉਂਦੇ ਹਨ। ਪ੍ਰਾਸ਼ਚਿਤ ਕਰਮ ਨੂੰ ਗੁਰਮਤਿ ਵਿੱਚ ਤਨਖਾਹ ਲਾਉਣਾ ਆਖਦੇ ਹਨ। 'ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੋ ਕੇ ਆਪਣੀ ਭੁੱਲ ਮੰਨੇ। ਅ) ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ



ਗੁਰ-ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ। ਇ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ। ਸ) ਅੰਤ ਸੋਧ ਦੀ ਅਰਦਾਸ ਹੋਵੇ।-ਸਿਖ ਰਹਿਤ ਮ੍ਰਯਾਦਾ'। ਨਖਿਧ ਕਰਮ ਨੂੰ ਮ੍ਰਯਾਦਾ ਵਿਚ ਕੁਰਹਿਤਾਂ ਕਿਹਾ ਜਾਂਦਾ ਹੈ।

**ਦੋਹਰਾ – ਕਿੰਵਾ ਚਾਰਹੁੰ ਵਰਣ ਕੋ ਆਸ਼੍ਰਮ ਧਰਮ ਜਿਤੇਕ।**
**'ਕਰਮਕਾਂਡ ਸੋ ਜਾਨੀਯਹਿ ਭਾਖਤਿ ਸੁਮਤਿ ਬਿਬੇਕ॥ ੨੭॥**

**ਅਥਵਾ** – ਚਾਰੇ ਵਰਣਾਂ ਦੇ ਆਸ਼੍ਰਮਾਂ ਅਨੁਸਾਰ ਧਰਮ ਕਰਨ ਦੇ ਜਿੰਨੇ ਵੀ ਕਰਮ ਹਨ। ਇਹਨਾਂ ਨੂੰ ਕਰਮਕਾਂਡ ਆਖੀਦਾ ਹੈ; ਸ੍ਰੇਸ਼ਟ ਅਕਲ ਦੇ ਬਿਬੇਕੀ ਪੁਰਸ਼ਾਂ ਦੀ ਵੀਚਾਰ ਹੈ।

**ਭਾਵਾਰਥ** – ਕਵੀ ਜੀ ਨੇ ਕੇਵਲ ਗਿਆਨ ਦੇ ਵਾਧੇ ਲਈ ਇਹਨਾਂ ਪੰਗਤੀਆਂ ਵਿੱਚ ਸਾਰਾ ਕੁੱਝ ਅੰਕਿਤ ਕਰ ਦਿੱਤਾ ਹੈ। ਕਿਉਂਕਿ ਕਰਮਾਂ ਦਾ ਵਰਣ ਤੇ ਆਸ਼੍ਰਮ ਅਨੁਸਾਰ ਬਹੁਤ ਲੰਮੇਰੇ ਭੇਦ ਹਨ। ਭਾਈ ਸਾਹਿਬ ਜੀ ਨੇ ਕਰਮਾਂ ਦੇ ਗਿਆਨ ਦੀ ਸਾਂਝੀਦਾਰੀ 'ਸੁਮੱਤਿ ਬਿਬੇਕ' ਵਾਲੇ ਗੁਰਮੁਖਾਂ ਦੁਆਰਾ ਕੀਤੀ ਹੈ। ਧਰਮ ਅਨੁਸਾਰ ਕਰਮਾਂ ਦਾ ਵਿਧਾਨ ਜੀਵਨ ਦੀ ਧਾਰਾ ਨੂੰ ਸੁਧਾਰਨ ਲਈ ਹੁੰਦਾ ਹੈ ; ਨਾ ਕਿ ਕਰਮਾਂ ਦੀ ਵੰਡ ਨੂੰ ਕਾਣੀ ਵੰਡ ਬਣਾ ਕੇ ਗਰੀਬ ਲੋਕਾਂ ਦੀ ਮਿਹਨਤ ਨੂੰ ਹੀ ਹੜੱਪਣ ਲੱਗ ਜਾਣ। ਜਦੋਂ ਵੀ ਵਿਆਖਿਆ ਕਰਤਾਵਾਂ ਵੱਲੋਂ 'ਧਰਮ ਦੇ ਕਰਮ' ਮਾਨਵਤਾ ਨੂੰ ਨੁਕਸਾਨ ਪਹੁੰਚਾਣ ਵਾਲੇ ਹੋ ਜਾਣ, ਤਾਂ ਪ੍ਰਭੂ ਮਨੁੱਖਤਾ ਅੰਦਰੋਂ ਪੁਕਾਰ ਬਣਕੇ ਉੱਭਰਦਾ ਹੈ। 'ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ॥' ਇਹੀ ਪੁਕਾਰ ਚੰਗਿਆਈ ਦੀ ਸਥਿਤੀ ਲਈ ਨਵੇਂ 'ਧਰਮ ਦੇ ਕਰਮਾਂ' ਦਾ ਸਰੂਪ ਧਾਰਨ ਕਰ ਲੈਂਦੀ ਹੈ। ਗੁਰੂ ਸਾਹਿਬ ਜੀ ਨੇ ਸਦਾ ਸਥਿਰ ਧਰਮ ਦੇ ਕਰਮਾਂ ਦਾ ਹੀ ਕਥਨ ਕੀਤਾ ਹੈ, 'ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥' ਕਿਸੇ ਵੇਲੇ 'ਮਸੰਦ' ਤਖਲਸ ਬਹੁਤ ਸਤਿਕਾਰਯੋਗ ਹੁੰਦਾ ਸੀ, ਪਰ ਵਰਤਮਾਨ ਕਿਸੇ ਨਾਲ ਲੜਾਈ ਮੁੱਲ ਲੈਣੀ ਹੋਵੇ ਤਾਂ ਮਸੰਦ ਕਹਿਣਾ ਹੀ ਕਾਫੀ ਹੈ। ਇਵੇਂ ਹੀ ਕਰਮ-ਕਾਂਡੀ ਕਿਸੇ ਵੇਲੇ ਹਠੀ-ਤਪੀ ਲੋਕਾਂ ਦੀ ਨਿਸ਼ਾਨੀ ਹੁੰਦੀ ਸੀ, ਪਰ ਵਰਤਮਾਨ ਵਿੱਚ ਈਰਖਾ ਦੀ ਸ਼ਬਦਾਵਲੀ ਬਣ ਗਈ ਹੈ। ਕਿਸੇ ਵੀ ਵੀਚਾਰਧਾਰਾ

ਦਾ ਖੰਡਣ ਕਰਨਾ ਬਹੁਤ ਸੌਖਾ ਹੈ, ਪਰ ਯਥਾਰਥ ਵਿਆਖਿਆ ਕਰਨੀ ਹੋਵੇ, ਤਾਂ ਪਹਿਲਾਂ ਆਪਣੇ ਤਨ ਉੱਪਰ ਹੰਢਾ ਕੇ ਵੇਖਿਆ ਪਤਾ ਲਗਦਾ ਹੈ।

**ਉਪਾਸਨਾ-ਸ੍ਵੈਯਾ ਛੰਦ -**

**ਤ੍ਰਿਗੁਣ ਰੂਪਃ ਬਿਧਿ, ਬਿਸ਼ਨੁ, ਰੁਦ੍ਰ ਜੋ ਬ੍ਰਹਮਾਤਮ ਲਖਿ ਚਿਤਵਨ ਤੀਨ।**
**ਅਬਯਾਕ੍ਰਿਤ ਕਿ ਵੈਸ਼੍ਵਾਨਰ ਕੋ ਹਿਰਣਗਰਭ ਆਤਮ ਚਿਤ ਚੀਨ।**
**ਚਿਤਵਤ ਏਕ ਆਤਮਾ ਇਨ ਪ੍ਰਤਿ ਕਿਧੌਂ ਉਪਾਸਹਿ ਸਗੁਣ ਪ੍ਰਬੀਨ।**
**ਅਹੰ ਬ੍ਰਹਮਾਸਮਿ ਚਿੰਤਨ ਕਿੰਵਾ ਨ੍ਰਿਗੁਣ ਉਪਾਸ ਭਾਵ ਇਕ ਭੀਨ॥ ੨੮॥**

**ਅਰਥ** - ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਇਹਨਾਂ ਤਿੰਨਾਂ ਵਿੱਚ ਬ੍ਰਹਮਾਤਮਾ ਕਰਕੇ ਚਿੰਤਨ ਕਰੇ; ਉਪਾਸਨਾ ਹੈ। ਈਸ਼ਰ (ਅਬਯਾਕ੍ਰਿਤ) ਹਿਰਣਗਰਭ ਅਤੇ ਵਿਸ਼ਵ ਤਿੰਨਾਂ ਵਿੱਚ ਆਤਮ ਨੂੰ ਪਹਿਚਾਨਣਾ ਕਰੇ। ਇਹਨਾਂ ਤਿੰਨਾਂ ਦੀ ਸੁਮੇਲਤਾ ਵਿੱਚ ਆਪਣੇ ਆਪ (ਆਤਮਾ) ਨੂੰ ਇੱਕ ਰੂਪ ਕਰਕੇ ਚਿੰਤਨ ਕਰੇ ਜਾਂ ਸਰਗੁਣ ਉਪਾਸਨਾ ਵਿੱਚ ਆਪਣੇ ਆਪ ਨੂੰ ਅਧਿਕਾਰੀ (ਪ੍ਰਬੀਨ) ਜੋੜੇ।

ਅਥਵਾ- ਅਹੰਬ੍ਰਮਾਸਮਿ ਦੇ ਚਿੰਤਨ ਵਿੱਚ ਰਹੇ, ਨਿਰਗੁਣ ਉਪਾਸਨਾ ਵਿੱਚ ਇਕਰਸ ਤਦਾਕਾਰ ਰਹੇ।

**ਭਾਵਾਰਥ** - ਕੋਈ ਵੀ ਕਰਮ-ਕਾਂਡ ਵਿੱਚ ਪ੍ਰਵਿਰਤ ਹੋਣ ਵਾਲਾ, ਜੇ ਯਥਾਰਥ ਰੂਪ ਵਿੱਚ ਕਰਮਾਂ ਦੇ ਵਿਧਾਨ ਨੂੰ ਧਰਮ ਦੀ ਵਿਆਖਿਆ ਲਈ ਕਰਦਾ ਹੈ; ਤਾਂ ਉਸ ਦਾ ਅੰਤਹਕਰਣ ਕਰਮਾਂ ਤੋਂ ਉਪਰੰਤ ਉਪਾਸਨਾ ਕਰਨ ਵਾਲਾ ਬਣ ਜਾਂਦਾ ਹੈ। ਸ਼ਿਵ ਦੀ ਪੂਜਾ ਕਰਨ ਵਾਲੇ ਦਾ ਕਰਮਾਂ ਦਾ ਵਿਧਾਨ ਵੱਖਰਾ ਹੈ, ਬਿਸ਼ਨੂ ਦੀ ਪੂਜਾ ਦਾ ਵੱਖਰਾ ਅਤੇ ਬ੍ਰਹਮਾ ਦੀ ਪੂਜਾ ਦਾ ਵੱਖਰਾ ਵਿਧਾਨ ਹੈ। ਕਰਮਾਂ ਦੇ ਵਿਧਾਨ ਵਿੱਚ ਪੂਜਾ ਲਈ ਪਉੜੀ ਦਾ ਅਗਲਾ ਡੰਡਾ ਉਪਾਸਨਾ ਹੈ। ਸ਼ਾਸਤ੍ਰਿਕ ਉਪਾਸਨਾ ਨੂੰ ਭਾਈ ਸਾਹਿਬ ਜੀ ਅੰਕਿਤ ਕਰਦੇ ਹਨ; ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਵਿੱਚ ਬ੍ਰਹਮਾਤਮ ਹੀ ਸਮਝੇ। ਸਾਰਿਆਂ ਵਿੱਚ ਸ਼ਕਤੀ ਕਰਕੇ ਇੱਕੋ ਬ੍ਰਹਮ ਕਿਰਿਆ ਕਰਵਾ ਰਿਹਾ ਹੈ। ਤਿੰਨੇ ਨਾਮ ਪ੍ਰਮਾਤਮਾ ਦੀ ਸ਼ਕਤੀ ਕਰਕੇ ਵੱਖੋ-ਵੱਖਰੇ ਹਨ। ਜਿਵੇਂ ਕਿਸੇ ਨੇ ਡਿਗਰੀ (ਸ਼ਕਤੀ) ਕੀਤੀ ਹੋਵੇ, ਨੌਕਰੀ ਵੱਖੋ-ਵੱਖਰੀ ਹੋ ਸਕਦੀ ਹੈ ਪਰ ਡਿਗਰੀ ਇੱਕੋ ਹੀ ਹੈ। ਕੁੱਲ ਸੰਸਾਰ ਦੇ ਸਿਰਜਕ 'ਬ੍ਰਹਮਾ ਵਿਸ਼ਨੂੰ ਅਤੇ ਸ਼ਿਵ' ਹਨ। ਮਨੁੱਖੀ ਸਰੀਰ ਦੇ ਕਰਤਾ ਧਰਤਾ 'ਬੈਸਵਾਨਰ, ਹਿਰਣਗਰਭ ਅਤੇ ਅਬਾਯਾਕ੍ਰਿਤ' ਹਨ। ਇਹ ਸਰੀਰਾਂ ਨੂੰ ਰੂਪਵਾਨ ਕਰਨ ਵਾਲੇ ਹਨ। ਡਿਗਰੀ ਇੱਕ



ਸ਼ਕਤੀ ਹੈ; ਪਰ ਜਿੰਮੇਵਾਰੀ ਕਰਕੇ ਸ਼ਕਤੀ ਦੀ ਵਰਤੋਂ ਹੁੰਦੀ ਹੈ। ਕੁੱਲ ਬ੍ਰਹਮੰਡ (ਜੀਵ-ਜੂਨੀਆਂ) ਦੇ 'ਕਾਰਣ, ਬੀਜ-ਰੂਪ ਅਤੇ ਸਥੂਲ-ਰੂਪ' ਵਿੱਚ ਵੀ ਇੱਕੋ ਆਤਮਾ ਹੈ। ਉਹ ਆਤਮਾ ਤੇ ਮੇਰੀ ਆਤਮਾ ਇੱਕ ਹੀ ਹਨ। ਕਿਉਂਕਿ ਕੁੱਲ੍ਹ ਜੀਵ-ਜੂਨੀਆਂ ਵਿੱਚੋਂ ਸਰੀਰ (ਜੀਵਾਤਮਾ) ਵੀ ਇੱਕ ਜੂਨੀ ਹੈ। ਵਿਅਸ਼ਟੀ-ਸ਼ਮਸ਼ਟੀ ਭੇਦ ਕਰਕੇ ਹੈਸੀਅਤ ਨਜ਼ਰ ਆਉਂਦੀ ਹੈ। ਸਾਰਾ ਸੰਘਾਤ ਆਤਮਾ ਦਾ ਸਰੂਪ ਹੀ ਜਾਨਣਾ ਕਰੇ; ਉਸਨੂੰ ਹੀ ਆਪਣਾ ਆਪ ਸਮਝੇ। ਜੇ ਬ੍ਰਿਤੀ ਵਿੱਚ ਆਤਮਿਕ-ਸਥਿਤੀ ਬਰਕਰਾਰ ਨਹੀਂ ਰਹਿੰਦੀ ਤਾਂ ਸਰਗੁਣ ਸਰੂਪ ਸਮਝ ਕੇ ਆਪਣੇ ਆਪ ਨੂੰ ਯਥਾਰਥ ਅਧਿਕਾਰੀ ਜਾਣਦਾ ਹੋਇਆ ਉਪਾਸਨਾ ਕਰੇ। ਧਰਮ ਦੇ ਕਰਮਾਂ ਦੀ ਪ੍ਰਪੱਕਤਾ ਦੁਆਰਾ ਅੰਤਹਕਰਣ ਨੂੰ ਲੱਗੀ 'ਮੰਦੇ ਕਰਮਾਂ ਦੀ ਮੈਲ' ਉਤਰ ਜਾਂਦੀ ਹੈ। ਸਾਫ ਕੱਪੜੇ ਨੂੰ ਲਲਾਰੀ ਰੰਗ ਚਾੜ ਦਿੰਦਾ ਹੈ। ਇਵੇਂ ਉਪਾਸਨਾ ਕਰਨ ਵਾਲੇ ਨੂੰ ਉਪਾਸਯ (ਜਿਸਦੀ ਉਪਾਸਨਾ ਕਰਦਾ ਹੈ) ਆਪਣਾ ਰੰਗ ਚਾੜ ਦਿੰਦਾ ਹੈ। ਉਸਦੇ ਕਰਮ ਉਪਾਸਨਾ ਦਾ ਸਾਥ ਪ੍ਰਾਪਤ ਕਰਕੇ ਸੁਦ੍ਰਿੜ ਹੋ ਜਾਂਦੇ ਹਨ। ਦੇਵ-ਚਿੰਤਨ ਵਾਲੇ ਪੱਥਰ ਵਿਚ ਵਿਸ਼ਨੂੰ ਜਾਂ ਸ਼ਿਵ ਜਾਂ ਬ੍ਰਹਮਾ ਦਾ ਸਰੂਪ ਚਿੰਤਨ ਕਰਦੇ ਹਨ; ਇਸਨੂੰ ਪ੍ਰਤੀਕ ਉਪਾਸਨਾ ਕਹਿੰਦੇ ਹਨ। ਖਾਲਸਾ ਜੀ ਨੂੰ ਦਸ਼ਮੇਸ਼ ਪਾਤਸ਼ਾਹ ਜੀ ਨੇ ਅਕਾਲ ਦਾ ਪੁਜਾਰੀ ਬਣਾਇਆ ਹੈ; ਇਸ ਲਈ ਖਾਲਸੇ ਦੀ ਪੂਜਾ ਨੂੰ 'ਅਹੰਗ੍ਰਹ-ਪੂਜਾ' ਕਿਹਾ ਜਾਂਦਾ ਹੈ। ਖਾਲਸਾ ਜੀ ਸਭ ਅੰਦਰ ਪ੍ਰਮਾਤਮਾ ਨੂੰ ਸਮਝ ਕੇ ਬ੍ਰਹਿਮੰਡ ਨੂੰ ਗੋਬਿੰਦ ਦਾ ਸਰੂਪ ਜਾਣਦਾ ਹੈ। ਪ੍ਰਪੱਕਤਾ ਲਈ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਦਬ ਸਤਿਕਾਰ ਸਹਿਤ ਪੂਜਾ ਕਰਦਾ ਹੈ। ਗੁਰਬਾਣੀ ਅਨੁਸਾਰ ਆਪਣੇ ਜੀਵਨ ਦੇ ਕਰਮ ਕਰਦਾ ਹੈ। ਸਰਗੁਣ ਸਰੂਪ ਦੁਆਰਾ ਨਿਰਗੁਣ ਦੇ ਅਨਭਵ ਵਿੱਚ ਸਥਿਰਤਾ ਪ੍ਰਾਪਤ ਕਰਦਾ ਹੈ।

**ਅਥ ਪੱਖਯਾਂਤਰ-ਸ੍ਵੈਯਾ ਛੰਦ -**

**ਅਕਾਰ, ਉਕਾਰ, ਮਕਾਰ, ਨਾਦ ਵਿੰਦ ਬਿਧੁ, ਹਰਿ, ਸ਼ਿਵ ਕਿ ਸਦਾਸ਼ਿਵ ਜਾਨ।**
**ਛਿਤ, ਅਪ, ਤੇਜ, ਵਾਯੁ ਨਭ ਰਵਿ ਸਸਿ, ਪੁਰਖ ਸ ਏਤਤ ਆਤਮ ਮਾਨ।**
**ਇਕ ਉਪਾਸਯ, ਅਰੁ ਕਰਿ ਉਪਾਸਨਾ, ਬ੍ਰਹਮ ਆਤਮਾ ਏਕ ਸਮਾਨ।**
**ਇਕ ਪ੍ਰਤੀਕ ਉਪਾਸਨਾਂ ਕਿੰਵਾ ਕਹੈਂ ਅਪਰ ਸੁਨੀਅਹਿ ਦੈ ਕਾਨ॥ ੨੯॥**

**ਅਰਥ** - ਸਨਾਤਨ ਮੱਤ ਅਨੁਸਾਰ 'ਅਓਂਮ' ਸ਼ਬਦ ਬ੍ਰਹਮ ਵਾਚਕ (ਜਣਾਉਣ ਵਾਲਾ) ਹੈ। ਇਸ ਸ਼ਬਦ ਦੇ ਅਕਾਰ, ਉਕਾਰ ਅਤੇ ਮਕਾਰ ਇਹਨਾਂ ਅੱਖਰਾਂ ਨੂੰ

ਉਚਾਰਨ ਕਰਨ ਲਈ ਅਨੁਨਾਸਿਕਤਾ ਦੀ ਵਰਤੋਂ ਕੀਤੀ ਜਾਂਦੀ ਹੈ। ਉਸਨੂੰ ਨਾਦ-ਬਿੰਦ ਆਖਿਆ ਜਾਂਦਾ ਹੈ। ਅਕਾਰ ਨੂੰ ਬ੍ਰਹਮਾ, ਉਕਾਰ ਨੂੰ ਵਿਸ਼ਨੂੰ, ਮਕਾਰ ਨੂੰ ਸ਼ਿਵ ਅਤੇ ਨਾਦ-ਵਿੰਦ ਨੂੰ ਕਲਿਆਣ ਸਰੂਪ ਸਮਝ ਕੇ ਪਹਿਚਾਨਣਾ ਕਰ। ਧਰਤੀ, ਪਾਣੀ, ਅਗਨਿ, ਹਵਾ, ਅਕਾਸ਼, ਸੂਰਜ ਅਤੇ ਚੰਦ੍ਰਮਾ' ਵੈਰਾਟ ਸਮੇਤ ਇਹਨਾਂ ਨੂੰ ਆਤਮਾ ਸਮਝ ਕੇ ਉਪਾਸਨਾ ਕਰੇ। ਇੱਕ ਉਪਾਸਯ (ਜਿਸਦੀ ਉਪਾਸਨਾ ਕੀਤੀ ਜਾਏ-ਬ੍ਰਹਮ) ਅਤੇ ਇੱਕ ਉਪਾਸਨਾ ਕਰਨ ਵਾਲਾ ਹੈ। ਉਪਾਸਯ ਬ੍ਰਹਮ ਹੈ ਅਤੇ ਉਪਾਸਨਾ ਕਰਨ ਵਾਲੇ ਅੰਦਰ ਆਤਮਾ ਹੈ; ਦੋਨਾਂ ਨੂੰ ਇੱਕ ਸਮਾਨ ਕਰਕੇ ਜਾਨਣਾ ਕਰ। ਇਕ ਪ੍ਰਤੀਕ ਉਪਾਸਨਾ ਹੈ, ਅਥਵਾ ਧਿਆਨ ਦੇ ਕੇ ਸੁਣੋ ਹੋਰ ਆਖਦੇ ਹਾਂ।

**ਭਾਵਾਰਥ** – ਵੀਚਾਰਸਾਗਰ ਦੇ ਕਰਤਾ ਨੇ ਗਿਆਨ ਲਈ 'ਉੱਤਮ, ਮੱਧਮ ਅਤੇ ਕਨਿਸ਼ਟ' ਅਧਿਕਾਰੀਆਂ ਦੇ ਵਿਵੇਚਨ ਦੇ ਹਿਸਾਬ ਨਾਲ ਗਿਆਨ ਦਾ ਕਥਨ ਕੀਤਾ ਹੈ। ਮੱਧਮ ਅਧਿਕਾਰੀ ਲਈ ਵੈਰਾਟਾਦਿ ਤੇ ਅਓਮ ਦਾ ਅਭੇਦ ਚਿੰਤਨ ਕਰਵਾ ਕੇ ਆਤਮਾ ਨੂੰ ਬ੍ਰਿਤੀ ਵਿਚ ਕੇਂਦ੍ਰਿਤ ਕੀਤਾ ਹੈ। 'ਪਖਾਂਤਰ' ਤੋਂ ਕਵੀ ਜੀ ਦਾ ਭਾਵ ਵੀ ਇਹੀ ਹੈ ਕਿ ਇੱਕ ਹੋਰ ਪੱਖ ਤੋਂ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਕਵੀ ਜੀ ਦੀ ਵਿਸ਼ੇਸ਼ਤਾ ਇਹ ਹੈ, ਕਿ ਵੈਸ਼ਨਵ ਆਦਿ ਦੇ ਮੱਤਾਂ ਦੀ ਵੀਚਾਰਧਾਰਾ ਨੂੰ ਵੀ ਨਾਲ ਹੀ ਅੰਕਿਤ ਕੀਤਾ ਹੈ। ਕਿਉਂਕਿ ਵੈਸ਼ਨਵ ਵਿਸ਼ਨੂੰ, ਸ਼ੈਵ ਮੱਤ ਵਾਲੇ ਸ਼ਿਵ ਨੂੰ ਅਤੇ ਵੈਵਰਤ ਪੁਰਾਣ ਵਾਲੇ ਬ੍ਰਹਮਾਂ ਨੂੰ ਬ੍ਰਹਮ ਕਰਕੇ ਜਾਣਦੇ ਹਨ। ਗਿਆਨ ਦੇ ਰੰਗ ਵਿੱਚ ਕੋਈ ਫਰਕ ਨਹੀਂ ਹੁੰਦਾ, ਗਿਆਨ ਪ੍ਰਾਪਤੀ ਦੇ ਰਾਹ ਵੱਖੋ-ਵੱਖ ਹੋ ਸਕਦੇ ਹਨ। ਪ੍ਰਕਾਸ਼ ਪ੍ਰਾਪਤੀ ਲਈ ਸਾਧਨ ਵੱਖ ਹੋ ਸਕਦੇ ਹਨ, ਪਰ ਪ੍ਰਕਾਸ਼ ਦਾ ਰੰਗ ਇੱਕੋ ਹੀ ਹੋਵੇਗਾ। ੴ ਪੰਜਾਬੀ ਵਿਚ 'ਅਓਮ' ਤਾਂ ਕੇਵਲ ਇਸੇ ਪ੍ਰਕਾਰ ਹੀ ਲਿਖਿਆ ਜਾਵੇਗਾ। ਇਸ ਨੂੰ ਉਚਾਰਨ ਲਈ ਵਰਤੇ ਜਾਣ ਵਾਲੇ ਅੱਖਰ 'ਅ', 'ਓ' ਤੇ 'ਮ' ਹਨ। ਇਹਨਾਂ ਵਿੱਚ ਜਿਸ ਅਵਾਜ ਲਈ ਇਹ ਸ਼ਬਦ ਬਣਿਆ ਹੈ, ਉਸਨੂੰ ਨਾਦ ਬਿੰਦ ਆਖਿਆ ਜਾਂਦਾ ਹੈ। ਖਾਲਸੇ ਲਈ ਵਾਹਿਗੁਰੂ ਸ਼ਬਦ ਕਲਿਆਣ ਕਾਰੀ ਹੈ, ਉਸਦੇ ਵੀ ਚਾਰ ਹੀ ਅੱਖਰ ਹਨ। ਜਿਹਨਾਂ ਨੂੰ ਉਚਾਰਨ ਲਈ ਮਾਤਰਾਂ ਲੱਗੀਆਂ ਹਨ। ਖਾਲਸਾ ਉਚਾਰਨ ਕਰਦਿਆਂ ਧਿਆਨ ਨੂੰ ਕੇਂਦ੍ਰਤਿ ਕਰਨ ਦਾ ਯਤਨ ਕਰਦਾ ਹੈ, ਤਾਂ ਕਿ ਬ੍ਰਿਤੀ ਵਾਹਿਗੁਰੂ ਸ਼ਬਦ ਦਾ ਅਕਾਰ ਧਾਰਨ ਕਰਕੇ ਇਸ ਸ਼ਬਦ ਦੇ ਨਾਦ ਦਾ ਰੂਪ ਬਣ ਜਾਏ। 'ਅਓਂਮ' ਸ਼ਬਦ ਦੇ ਚਾਰ ਹਿੱਸੇ ਬਣ ਜਾਂਦੇ ਹਨ ਅਤੇ ਬ੍ਰਹਮਾ, ਸ਼ਿਵ, ਵਿਸ਼ਨੂੰ ਤੇ ਸਦਾਸ਼ਿਵ (ਕਲਿਆਣ ਸਰੂਪ) ਵੀ ਚਾਰ ਹੀ ਹੁੰਦੇ



ਹਨ। ਇਹਨਾਂ ਨੂੰ ਆਪਸ ਵਿਚ ਮੇਲ ਕੇ ਸ਼ਬਦ ਦੇ ਉਚਾਰਨ ਨਾਲ ਹੀ ਉਪਾਸਨਾ ਕਰਨੇ ਯੋਗ ਦਾ ਧਿਆਨ ਟਿਕਾਉਣਾ ਹੁੰਦਾ ਹੈ। ਖਾਲਸਾ ਜੀ ਵਾਹਿਗੁਰੂ ਨਾਮ ਦਾ ਧਿਆਨ ਕਰਦਿਆਂ, ਸੰਸਾਰ ਪਸਾਰਾ ਹੀ ਉਸ ਪ੍ਰਮਾਤਮਾ ਦਾ ਸਮਝਦਾ ਹੈ। ਉਸ ਲਈ ਬੈਖਰੀ ਸ਼ਬਦ ਪ੍ਰਭੂ ਸਰੂਪ ਬਣਿਆ ਨਜ਼ਰ ਆਉਂਦਾ ਹੈ। ਇਹੀ ਕਾਰਣ ਹੈ, ਕਿ ਖਾਲਸਾ ਵਾਹਿਗੁਰੂ ਸ਼ਬਦ ਬੋਲਦਿਆਂ ਪ੍ਰਮਾਤਮਾ ਨੂੰ ਆਪਣੇ ਅੰਗ-ਸੰਗ ਅਨਭਵ ਕਰਦਾ ਹੈ। ਇਹ ਅਨਭਵ ਸਰੀਰ ਦੇ ਅੰਦਰ ਰੌਂਅ ਬਣਕੇ ਸੰਚਾਰਿਤ ਹੁੰਦਾ ਹੈ। ਸਰੀਰ ਪੰਜ-ਤੱਤਾਂ ਤੋਂ ਬਣਦਾ ਹੈ, 'ਪੰਜ-ਤੱਤ, ਜੀਵਾਤਮਾ' ਅਤੇ ਵੈਰਾਟ (ਸ਼ਮਸਟੀ) ਸਮੇਤ ਸਾਰੇ ਨੂੰ ਆਤਮਾ ਸਮਝ ਕੇ ਉਪਾਸਨਾ ਕਰੇ। ਉਪਾਸਯ ਦੀ ਉਪਾਸਨਾ ਕਰਨ ਵਾਲਾ ਬ੍ਰਹਮ (ਉਪਾਸਯ ਵਿੱਚ) ਨੂੰ ਆਤਮਾ (ਉਪਾਸਨਾ ਕਰਨ ਵਾਲਾ ਆਪਣੇ ਵਿੱਚ) ਕਰਕੇ ਇੱਕ ਸਮਾਨ ਜਾਣੇ। ਇਹ ਪ੍ਰਤੀਕ ਉਪਾਸਨਾ ਹੈ।

**ਅਥਵਾ ਵਿਲੈ ਅਕਾਰ ਉਕਾਰੇ ਵਿਲੈ ਉਕਾਰ ਮਕਾਰ ਮਝਾਰ।**
**ਅਰਧ ਮਾਤ੍ਰ ਮਹਿਂ ਕਰਿ ਮਕਾਰ ਲੇ, ਅਰਧਮਾਤ੍ਰ ਕੋ ਪੁਰਖ ਉਦਾਰ।**
**ਪੁਰਖ ਪ੍ਰਮਾਤਮ ਏਵ ਤਿਸ਼੍ਰਤੇ ਬ੍ਰਹਮ ਆਤਮਾ ਸ਼ੇਖ ਬਿਚਾਰ।**
**ਇਤ ਉਪਾਸਨਾ ਨਰ ਕੁਰਯਾਤਹਿ ਭਿੰਨ ਭਿੰਨ ਲੀਜਹਿ ਉਰਧਾਰ॥ ੩੦॥**

**ਅਰਥ** – ਅਥਵਾ ਅਕਾਰ ਨੂੰ ਉਕਾਰ ਵਿੱਚ ਲੈ ਕਰ ਦੇਣਾ ਕਰ, ਉਕਾਰ ਨੂੰ ਮਕਾਰ ਦੇ ਵਿੱਚ ਲੈ ਕਰ। ਮਕਾਰ ਨੂੰ ਅਰਧ ਮਾਤ੍ਰਾ ਵਿੱਚ ਲੈ ਕਰ ਦੇਣਾ ਕਰ, ਅਰਧ ਮਾਤ੍ਰਾ ਨੂੰ ਪੁਰਖ ਵਿੱਚ ਲੀਨ ਕਰ ਦੇਵੇ। ਪੁਰਖ ਨੂੰ ਪ੍ਰਮਾਤਮਾ ਵਿੱਚ ਸਥਿਤ ਕਰ ਦੇਵੇ, ਇਸ ਤੋਂ ਪਿੱਛੋਂ ਬ੍ਰਹਮ ਆਤਮਾ ਹੀ ਬਾਕੀ ਰਹਿ ਗਿਆ, ਇਸ ਤਰ੍ਹਾਂ ਨਾਲ ਮਨੁੱਖ ਉਪਾਸਨਾ ਕਰੇ, ਵੱਖ ਵੱਖ ਤਰਾਂ ਨਾਲ ਜਾਣ ਲੈਣਾ ਕਰ।

**ਭਾਵਾਰਥ** – 'ਅਥਵਾ' ਦਾ ਅਰਥ ਹੁੰਦਾ ਹੈ-ਜਾਂ, ਜੇ ਉਪਾਸਨਾ ਕਰਨ ਵਾਲੇ ਨੂੰ ਉੱਪਰ ਕਥਨ ਕੀਤੇ ਦੁਆਰਾ ਗਿਆਨ ਵਿਚ ਵਿਆਖਿਆ ਮਾਨਸਿਕ ਸਥਿਤੀ ਕਾਇਮ ਨਾ ਕਰ ਸਕੇ, ਤਾਂ ਇੱਕ ਢੰਗ ਇਹ ਵੀ ਕਥਨ ਵਿਚ ਆਉਂਦਾ ਹੈ। 'ਅ' ਅੱਖਰ ਨੂੰ ਉਚਾਰਨ ਕਰਦਿਆਂ 'ਓ' ਵਿਚ ਲੈ ਕਰਦੇ ਜਾਉ; 'ਓ' ਅੱਖਰ ਨੂੰ 'ਮ' ਵਿਚ ਲੈ ਕਰਕੇ ਉਚਾਰਨ ਕਰਨ ਦਾ ਅਭਿਆਸ ਕਰੋ। 'ਮ' ਅੱਖਰ ਨੂੰ 'ਨਾਦ ਰੂਪ' ਅਰਧ-ਬਿੰਦ ਵਿਚ ਲੈ ਕਰਕੇ ਕੇਵਲ ਨਾਦ ਹੀ ਰਹਿ ਜਾਏ। ਅਰਧ-ਮਾਤ੍ਰ ਰੂਪ ਵਿੱਚ ਬ੍ਰਹਮ ਨੂੰ ਆਤਮਾ ਸਰੂਪ ਕਰਕੇ ਨਿਸ਼ਚੇ ਕਰ। ਨਿਸ਼ਚੇ ਪੂਰਬਕ ਪ੍ਰਮਾਤਮਾ ਨੂੰ ਬ੍ਰਹਮ ਰੂਪ ਵਿੱਚ 'ਤਿਸ਼ਟਤੇ' ਟਿਕਾਉਣਾ ਕਰ ਅਤੇ ਬ੍ਰਹਮ ਦੀ ਅੰਸ਼ ਆਤਮਾ ਹੀ ਬਾਕੀ

ਰਹਿੰਦੀ ਹੈ। ਜਿਵੇਂ ਸੰਗਤਰਾ ਆਪਣੇ ਰਸ ਕਰਕੇ ਜਾਣਿਆ ਜਾਂਦਾ ਹੈ। ਜਦੋਂ ਫਲ ਵਧਦਾ-ਫੁੱਲਦਾ ਹੈ, ਤਾਂ ਛਿੱਲ਼ ਤੋਂ ਸ਼ੁਰੂ ਹੋ ਕੇ ਬੀਜ ਤੇ ਰਸ ਤੱਕ ਸਫਰ ਤੈਅ ਕਰਦਾ ਹੈ। ਜੇ ਰਸ ਨੂੰ ਸਰੂਪ ਕਰਕੇ ਵੇਖਣਾ ਹੋਵੇ ਤਾਂ ਪਹਿਲਾਂ ਬਾਹਰੀ 'ਮੋਟੀ-ਛਿਲ਼' ਉਤਾਰਨੀ ਹੋਵੇਗੀ, ਇਕੱਲੀ-ਇਕੱਲੀ ਫਾੜੀ ਸਾਡੇ ਸਾਹਮਣੇ ਆ ਜਾਏਗੀ। ਇੱਕ ਫਾੜੀ ਪਕੜ ਕੇ ਉਸ ਦਾ ਪਰਦਾ ਉਤਾਰਨਾ ਪਵੇਗਾ, ਤਾਂ ਅੰਦਰੋਂ ਤੁਰੀਆਂ ਦਾ ਸਮੂਹ ਸਾਡੀ ਨਜ਼ਰੀ ਪਵੇਗਾ। ਇਕ ਤੁਰੀ ਨੂੰ ਪਕੜ ਕੇ ਮਾਈਕਰੋਸਕੋਪ ਦਾ ਸਹਾਰਾ ਲੈ ਕੇ ਜਦੋਂ ਵੇਖਾਂਗੇ ਤਾਂ ਰਸ ਆਪਣਾ ਰੂਪ ਵਿਖਾਵੇਗਾ। ਇਸ ਲਈ ਕੇਵਲ ਰਸ ਲੋੜੀਂਦਾ ਹੈ, ਉਸ ਦਾ ਕਿੱਥੇ ਰਸ ਪਿਆ ਹੈ ਕੋਈ ਵਾਸਤਾ ਨਹੀਂ ਹੈ ; ਐਸੇ ਉੱਤਮ ਅਧਿਕਾਰੀ ਹਨ, ਉਹਨਾਂ ਦਾ ਆਤਮ ਚਿੰਤਨ ਰੂਪ ਰਸ ਨਾਲ ਸਾਂਝ ਪਾਉਣੀ ਮੁੱਖ ਮਕਸਦ ਹੈ। ਇੱਕ (ਮੱਧਮ ਅਧਿਕਾਰੀ) ਵਿਵੇਚਨ ਕਰਕੇ ਵੇਖਣਾ ਚਾਹੁੰਦੇ ਹਨ, ਗਿਆਨਵਾਨ ਉਹਨਾਂ (ਮੱਧਮ) ਦੀ ਸਾਂਝ ਕੁਦਰਤਿ ਦੇ ਨਿਜ਼ਾਮ ਦੁਆਰਾ ਬ੍ਰਹਮ ਨਾਲ ਕਰਵਾ ਦਿੰਦੇ ਹਨ। ਕਿਉਂਕਿ ਬ੍ਰਹਮ ਹੀ ਆਤਮਾ ਸਰੂਪ ਹੈ। ਸਵੱਈਏ ਦੀ ਅਖੀਰਲੀ ਪੰਗਤੀ ਵਿਚ ਭਾਈ ਸਾਹਿਬ ਜੀ ਮਨੁੱਖੀ ਮਨ ਦੀ ਦੌੜ ਨੂੰ ਸਥਿਰ ਕਰਨ ਲਈ ਆਖਦੇ ਹਨ, ਕਿ ਮਨੁੱਖ ਨੂੰ ਹਰ ਸਾਧਨ ਕਰਕੇ ਬ੍ਰਹਮ ਅਨਭਵ ਕਰਨਾ ਚਾਹੀਦਾ ਹੈ। ਗਿਆਨ ਪ੍ਰਾਪਤੀ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕਿਉਂਕਿ ਉਪਾਸਨਾ ਦਾ ਮੁੱਖ ਵਿਸ਼ਾ ਹੀ ਉਪਾਸਯ ਦਾ ਸਰੂਪ ਬਣਨਾ ਹੁੰਦਾ ਹੈ।

**ਅਥ ਗਿਆਨ ਕਾਂਡ - ਸ੍ਵੈਯਾ ਛੰਦ -**

**ਸਤਜੰ ਗਯਾਨ ਮਨੰਤੰ ਬ੍ਰਹਮ' ਜੁ ਤੱਤ੍ਵਮਸਯਾਦਿ ਵਾਕਯ ਜੇ ਚਾਰ।**
**'ਸਰਬਾਤਮ ਬ੍ਰਹਮ' ਬ੍ਰਹਮ ਸ੍ਵਬਾਤਮ' ਅਦੁਤੀ ਦ੍ਵੈਤ ਨਾਸਤੀ ਧਾਰ।**
**ਸਤਜੰ ਗਯਾਨ ਅਨੰਤ ਆਤਮਾ ਬ੍ਰਹਮ ਏਕ ਅੱਦ੍ਵੈ ਨਿਰਧਾਰ।**
**ਸਤਜੰ ਸਤਜੰ ਗਯਾਨੰ ਗਯਾਨੰ ਇਕੰ ਅਨੰਤ ਮਨੰਤ ਬਿਚਾਰ॥ ੩੧॥**

**ਅਰਥ** - ਸਤ ਸਰੂਪ ਹੈ ਗਿਆਨ ਰੂਪ ਹੈ, ਅਨੰਤ ਰੂਪ ਹੈ; ਇਹ ਅਵਾਂਤਰ ਵਾਕ ਹਨ। ਤੱਤਵਮਸਯਾਦਿ ਚਾਰ ਮਹਾਂਵਾਕ ਹਨ। ਸਾਰਾ ਕੁੱਝ ਹੀ ਬ੍ਰਹਮ ਹੈ, ਬ੍ਰਹਮ ਹੀ ਸਾਰਿਆ ਵਿੱਚ ਹੈ; ਇੱਕ ਅਦਵੈਤ ਸਰੂਪ ਹੈ, ਜਿਸ ਵਿੱਚ ਦਵੈਤ ਨਹੀਂ ਹੈ, ਐਸਾ ਧਾਰਨ ਕਰ। ਆਤਮਾ ਸੱਤ ਹੈ, ਗਿਆਨ ਹੈ, ਅਨੰਤ ਹੈ; ਉਸ ਆਤਮਾ ਨੂੰ ਇੱਕ ਅਦਵੈਤ ਬ੍ਰਹਮ ਨਿਸ਼ਚਾ ਕਰੇ। (ਉਹ ਭੀ) ਸੱਤਯ ਹੈ, (ਉਹ ਭੀ) ਸੱਤ ਹੈ; ਉਹ ਭੀ) ਗਿਆਨ ਹੈ (ਉਹ ਭੀ) ਗਿਆਨ ਹੈ; (ਉਹ ਭੀ) ਇੱਕ ਹੈ (ਉਹ



ਭੀ) ਇੱਕ ਹੈ; ਉਹ ਭੀ) ਅੰਤ ਹੈ, ਉਹ ਭੀ) ਅਨੰਤ ਹੈ; ਇਸ ਨੂੰ ਵੀਚਾਰ ਲੈਣਾ ਕਰ।

**ਭਾਵਾਰਥ** - ਗਿਆਨ ਕਾਂਡ ਤੋਂ ਭਾਵ ਹੈ, ਜਿਸ ਅਵਸਥਾ ਵਿੱਚ ਕੇਵਲ ਗਿਆਨ ਹੀ ਮਾਨਸਿਕ ਵਿਵਸਥਾ ਨੂੰ ਸਥਿਰ ਕਰ ਦੇਵੇ। ਬ੍ਰਹਮ 'ਸਤ ਹੈ', 'ਗਿਆਨ ਹੈ' ਅਤੇ 'ਅਨੰਤ ਹੈ'। ਜੋ ਕੁਝ ਸੰਸਾਰ ਨਜ਼ਰ ਆ ਰਿਹਾ ਹੈ; ਬ੍ਰਹਮ ਹੀ ਹੈ। ਸੰਸਾਰ ਵਿਚ ਬ੍ਰਹਮ ਦੀ ਹੈਸੀਅਤ 'ਸੱਤ, ਗਿਆਨ ਅਤੇ ਅਨੰਤ' ਸਰੂਪ ਵਿੱਚ ਹੈ। ਬ੍ਰਹਮੰਡ ਦੇ ਪਦਾਰਥ ਪਰਮਾਰਥ ਸੱਤਾ ਦੇ ਆਸਰੇ ਹਨ। ਭਾਵੇਂ ਕਿ ਪਦਾਰਥਾਂ ਦੀਆਂ 'ਵਿਵਹਾਰਕ ਅਤੇ ਪ੍ਰਾਤੀਭਾਸਕ' ਦੋ ਸੱਤਾਵਾਂ ਹੁੰਦੀਆਂ ਹਨ (ਨੋਟ:- ਵਿਵਹਾਰਕ ਅਤੇ ਪ੍ਰਾਤੀਭਾਸਕ ਸੱਤਾ ਦਾ ਭੇਦ ਕਾਫੀ ਡੂੰਘਾ ਹੈ)। ਜਿਵੇਂ ਨਾਟਕ ਖੇਡਣ ਲਈ ਮੰਡਲੀ ਚਾਹੀਦੀ ਹੈ, ਮੰਡਲੀ ਲਈ ਸਟੇਜ ਜਰੂਰੀ ਹੈ। ਇਵੇਂ ਹੀ ਪਦਾਰਥਾਂ ਦੀ ਹੋਂਦ ਲਈ ਵਿਵਹਾਰਿਕ ਅਤੇ ਪ੍ਰਾਤੀਭਾਸਕ ਸੱਤਾ ਮੰਡਲੀ ਵਾਂਗ ਹਨ; ਸਟੇਜ ਵਾਂਗ ਪਰਮਾਰਥਕ ਸੱਤਾ ਹੈ। ਸਾਰੇ ਨਾਟਕ ਦਾ ਮੁੱਖ ਮਕਸਦ ਕੇਵਲ ਚੰਗਾ ਸਮਾਜਿਕ-ਗਿਆਨ ਪ੍ਰਦਾਨ ਕਰਨਾ ਹੁੰਦਾ ਹੈ। ਇਵੇਂ ਸੰਸਾਰ ਦਾ ਮੁੱਖ ਵਿਸ਼ਾ ਮਨੁੱਖ ਨੂੰ ਇੱਕ ਦਾ ਅਨਭਵ ਕਰਵਾਉਣਾ ਹੈ। ਇਸ ਲਈ ਹੀ ਅਕਾਲ ਪੁਰਖ ਨੇ ਦਸ ਗੁਰੂ ਸਾਹਿਬਾਨ ਜੀ ਦੇ ਸਰੂਪ ਵਿੱਚ ਆ ਕੇ '੧ੴ' ਦੇ ਨਾਲ ਜੋੜਿਆ, ਜੁੜਨ ਲਈ ਵਾਹਿਗੁਰੂ ਸ਼ਬਦ ਦਾ ਅਭਿਆਸ ਦਿੱਤਾ। ਵਾਹਿਗੁਰੂ ਸ਼ਬਦ ਦੇ ਚਿੰਤਨ ਲਈ ਅਕਾਲ ਤੱਕ ਪਹੁੰਚਣ ਲਈ ਅਭੇਦਤਾ ਦੀ ਦਾਤ ਵਾਲੀ ਗੁਰਬਾਣੀ ਦਿੱਤੀ। ਜਿਸਨੇ ਵੀ ਗੁਰਬਾਣੀ ਤੋਂ ਸੇਧ ਪ੍ਰਾਪਤ ਕੀਤੀ ਹੈ, ਉਸਨੇ ਗੁਰਬਾਣੀ ਦਾ ਵਾਰ-ਵਾਰ ਅਭਿਆਸ ਕਰਕੇ ਹੀ ਅਭੇਦਤਾ ਦਾ ਅਨਭਵ ਪ੍ਰਾਪਤ ਕੀਤਾ ਹੈ, ਜਾਂ ਗੁਰਬਾਣੀ ਦੇ ਅਭਿਆਸੀ ਗੁਰਮੁਖਾਂ ਤੋਂ ਸੇਧ ਹਾਸਿਲ ਕਰਕੇ ਸਾਧਨ ਕੀਤਾ ਹੈ।

**ਇਕ ਮੇਵਾ ਦੁਤੀਯੰ ਬ੍ਰਹਮੰ ਨੇਹ ਨਾਨਾਸਤਿ ਕਿੰਚਨ ਸੋਇ।**
**ਕਰਮ ਉਪਾਸਨ ਦੁਊ ਬਿਵਰਜਤਿ ਪੁਰਖ ਸਾਧਯ ਤੇ ਬਰਜਤਿ ਹੋਇ।**
**ਕੇਵਲ ਗਯਾਨ ਮਾਤ੍ਰ ਹੀ ਤਿਸ਼੍ਰਤਿ ਗਯਾਨ ਕਾਂਡ ਕੌ ਲੱਛਨ ਜੋਇ।**
**ਗਯਾਨ ਕਾਂਡ ਉਪਨਿਸ਼ਦ ਕਹੈਂ ਸਭਿ ਵੇਦ ਅੰਤ ਵੇਦਾਂਤਕ ਹੋਇ॥ ੩੨॥**

**ਅਰਥ** - ਨਿਸ਼ਚੇ ਕਰਕੇ ਇੱਕ ਹੀ ਅਦੁੱਤੀ ਬ੍ਰਹਮ ਹੈ, ਉਸ ਵਿੱਚ ਅਨੇਕਪਣਾ ਥੋੜਾ ਜਿੰਨਾਂ ਵੀ ਨਹੀਂ ਹੈ। ਕਰਮ ਅਤੇ ਉਪਾਸਨਾ ਦੋਨੋਂ ਹੀ ਨਿਸ਼ੇਧ ਹਨ, ਪੁਰਖ ਦੇ ਸਾਧਨੇ ਯੋਗ ਹੋਣੇ ਕਰਕੇ ਮਨ੍ਹੇ ਹਨ। ਕੇਵਲ ਗਿਆਨ ਮਾਤ੍ਰ ਹੀ ਟਿਕ ਜਾਏ,

ਗਿਆਨ ਕਾਂਡ ਦਾ ਲੱਛਣ ਹੈ। ਸਾਰੀਆਂ ਉਪਨਿਸ਼ਦਾਂ ਨੂੰ ਗਿਆਨ ਕਾਂਡ ਕਹਿੰਦੇ ਹਨ; ਵੇਦਾਂ ਦਾ ਅੰਤਲਾ ਭਾਗ ਹੋਣੇ ਕਰਕੇ ਵੇਦਾਂਤ ਕਹਿੰਦੇ ਹਨ।

**ਭਾਵਾਰਥ** – ਕਰਮ ਤੇ ਉਪਾਸ਼ਨਾ ਦਾ ਸੰਬੰਧ ਸਰੀਰ ਕਰਕੇ ਹੈ, ਗਿਆਨ ਲਈ ਸਹਾਈ ਹੈ। ਪਰ ਗਿਆਨ ਦਾ ਸਰੂਪ ਨਹੀਂ ਹੈ। ਜਿਵੇਂ ਬੋਰਡ ਅੱਖਰਾਂ ਦੇ ਗਿਆਨ ਲਈ ਸਾਧਨ ਹੈ, ਪਰ ਅੱਖਰ ਸਰੂਪ ਨਹੀਂ; ਸਗੋਂ ਅੱਖਰ ਲਿਖਣ ਦਾ ਥਾਂ ਹੈ। ਇਵੇਂ ਹੀ ਕਰਮ ਸਰੀਰ ਕਰਕੇ ਹੁੰਦੇ ਹਨ, ਕਰਮ-ਕਾਂਡ ਸਰੀਰਕ ਮਾਧਿਅਮ ਹੈ। ਅੱਖਰਾਂ ਵਾਂਗ ਉਪਾਸਨਾ ਹੈ, ਅੱਖਰ ਪੰਜਾਬੀ ਦੀ ਭਾਸ਼ਾ ਲਿੱਪੀ ਵਿੱਚ ਹੋਰ ਹੋਣਗੇ, ਫਾਰਸੀ ਵਿੱਚ ਹੋਰ ਹੋਣਗੇ ਅਤੇ ਅੰਗਰੇਜ਼ੀ ਵਿੱਚ ਹੋਰ ਹੁੰਦੇ ਹਨ; ਪਰ ਗਿਆਨ ਇੱਕ ਹੀ ਹੁੰਦਾ ਹੈ। ਗਿਆਨ ਕਿਸੇ ਭਾਸ਼ਾ ਤੋਂ ਮਿਲ ਜਾਏ, ਪਰਵਾਨ ਹੁੰਦਾ ਹੈ। ਅੱਖਰਾਂ ਤੋਂ ਮਗਰੋਂ ਜਰੂਰੀ ਨਹੀਂ ਤੁਸੀਂ ਗਿਆਨ ਨੂੰ ਅੰਦਰ ਅਨਭਵ ਕਿਸ ਢੰਗ ਨਾਲ ਕਰਦੇ ਹੋ। ਜਦੋਂ ਰਸ ਹਾਸਲ ਹੋ ਗਿਆ ਫਿਰ ਰਸ ਦਾ ਆਸਰਾ ਫੋਕਟ ਬਣ ਜਾਂਦਾ ਹੈ। ਸਰਸੋਂ ਦੇ ਦਾਨਿਆਂ ਵਿੱਚੋਂ ਤੇਲ ਪ੍ਰਾਪਤ ਕਰਨ ਤੋਂ ਬਾਅਦ ਸਰਸੋਂ ਦੇ ਦਾਨਿਆਂ ਦਾ ਬਾਕੀ ਹਿੱਸਾ ਖਲ਼ ਬਣ ਜਾਂਦਾ ਹੈ। ਉਸ ਨੂੰ ਪਾਸੇ ਕਰ ਦਿੱਤਾ ਜਾਂਦਾ ਹੈ, ਇਵੇਂ ਹੀ ਗਿਆਨ ਹਾਸਿਲ ਹੋ ਜਾਣ ਉਪਰੰਤ ਉਪਾਸਨਾ ਨੂੰ ਵੀ ਗਿਆਨਵਾਨ ਪਾਸੇ ਕਰ ਦਿੰਦਾ ਹੈ। ਉਸ ਲਈ ਹਰ ਪਾਸੇ ਇੱਕੋ ਪ੍ਰਮਾਤਮਾ ਹੀ ਰਹਿ ਜਾਂਦਾ ਹੈ। ਇਹ ਕਥਨ ਪ੍ਰਤੀਕ-ਉਪਾਸਯ ਲਈ ਵਿਧਾਨਕ ਹੈ। ਜਿਸ ਵਿੱਚ ਆਤਮ-ਵਿਦਿਆ ਦਾ ਨਿਰੂਪਨ ਹੋਵੇ ਉਸਨੂੰ ਉਪਨਿਸ਼ਦ ਆਖਦੇ ਹਨ। ਕਾਨ੍ਹ ਸਿੰਘ ਨਾਭਾ ਅਨੁਸਾਰ ਗਿਣਤੀ ਵਿੱਚ ਇਹ ੧੭੦ ਹਨ।

**ਜਹਿਂ ਲੌ ਪੁਰਖ ਸਾਧਯ ਕਰਤੱਬਯੰ ਪੁਰਖ ਮਿਮਾਂਸਾ ਕਰਹਿਂ ਬਖਾਨ।**
**ਤਹਿਂ ਲਗ ਸ਼ਬਦ ਬੇਦ ਇਹ ਕਹੀਯਹਿ ਜਹਾਂ ਜਾਨਿ ਵੋ ਜਾਨ ਸੁਜਾਨ।**
**ਸੋ ਵੇਦਾਂਤ ਭਾਖੀਯਹਿ ਆਖਯ ਇਸੀ ਪ੍ਰਕਾਰ ਭੇਦ ਪਹਿਚਾਨ।**
**ਕਵਿ ਸੰਤੋਖ ਲਖਿ ਸਰੂਪ ਕੋ ਸਗਰੇ ਸਫਲ ਤਬਹਿ ਮਨ ਮਾਨ॥ ੩੩॥**

**ਅਰਥ** – ਜਿੱਥੋਂ ਤੱਕ ਇਨਸਾਨ ਦੇ ਸਾਧਨੇ ਯੋਗ ਕਰਤੱਬ ਹੈ, ਉਸਨੂੰ ਪੂਰਬ ਮੀਮਾਸ਼ਾ ਕਹਿੰਦੇ ਹਨ। ਉੱਥੋਂ ਤਾਂਈ ਵੇਦ ਕਹੀਦਾ ਹੈ, ਪਰ ਜਿੱਥੇ ਜਾ ਕੇ ਜਾਨਣੇ ਯੋਗ ਨੂੰ ਜਾਣ ਲਈਦਾ ਹੈ, ਉਸ ਨੂੰ ਵੇਦਾਂਤ ਕਹੀਦਾ ਹੈ, ਹੇ ਸੁਜਾਨ! ਕਵੀ ਸੰਤੋਖ ਸਿੰਘ ਜੀ ਆਖਦੇ ਹਨ, ਆਪਣੇ ਸਰੂਪ ਨੂੰ ਜਾਣ ਕਰਕੇ ਸਾਰੇ ਸਾਧਨ ਕੀਤੇ ਸਫਲੇ ਹਨ, ਮਨ ਵਿਚ ਮੰਨ ਲੈਣਾ ਕਰ।



**ਭਾਵਾਰਥ** – ਕਰਮਾਂ ਅਤੇ ਉਪਾਸਨਾਵਾਂ ਦੀ ਵਿਆਖਿਆ ਕਰਨ ਵਾਲੇ ਸਿਧਾਂਤ ਨੂੰ ਪੂਰਬ ਮੀਮਾਸ਼ਾ ਕਹਿੰਦੇ ਹਨ। ਇਸ ਦੀ ਵਿਆਖਿਆ ਲਈ ਬਹੁਤ ਸਾਰੇ ਗ੍ਰੰਥ ਉਪਲੱਬਧ ਹਨ। ਖਿਆਲ ਰੱਖਣਾ ਚਾਹੀਦਾ ਹੈ!! ਕਲਗੀਧਰ ਜੀ ਨੇ ਆਪਣੇ ਖਾਲਸਾ ਜੀ ਨੂੰ ਸਰਬ ਗੁਣ ਸੰਪੰਨ ਬਣਾਇਆ ਹੈ। ਜੇ ਕੋਈ ਖਾਲਸਾ ਵੀਰ ਸਨਾਤਨ-ਮੱਤ ਦੇ ਗ੍ਰੰਥ ਪੜ੍ਹਦਾ ਹੈ, ਉਹ ਬਾਹਮਣ ਨਹੀਂ ਬਣ ਜਾਂਦਾ ਹੈ। ਸਗੋਂ ਲੋੜ ਹੈ, ਅਸੀਂ ਆਪਣੀ ਗੁਰ-ਪ੍ਰੇਮ ਵਾਲੀ ਵਿਵਹਾਰਕਤਾ ਨਾਲ ਉਸਨੂੰ ਗੁਰ-ਚਰਣਾਂ ਦਾ ਭੌਰਾ ਬਣਾ ਦਈਏ। ਦਸ ਗੁਰੂ ਸਾਹਿਬਾਨ ਜੀ ਅਤੇ ਖਾਲਸਾ ਜੀ ਦਾ ਰਾਜ ਸਥਾਪਿਤ ਕਰਨ ਵੇਲੇ ਤੱਕ ਹਰ ਇੱਕ ਅੰਦਰ ਸਰਬੱਤ ਦੇ ਭਲੇ ਦੀ ਬਾਤ ਹੀ ਹਰ ਇਨਸਾਨ ਨੂੰ ਖਾਲਸਾ ਜੀ ਨਾਲ ਹਰਦਰਦੀ ਵਾਲੇ ਬਣਾ ਦਿੰਦੀ ਸੀ। ਅਸੀਂ ਨਾਗਰਿਕ ਰੂਪ ਵਿਚ ਦੇਸ਼ ਦੇ ਬਾਸ਼ਿੰਦੇ ਹਾਂ, ਗੁਰੂ ਕੀ ਬਖਸ਼ਿਸ ਕਰਕੇ ਅਸੀਂ ਸਿੱਖੀ ਦੇ ਪ੍ਰਚਾਰਕ ਹਾਂ। ਗੁਰੂ ਸਾਹਿਬ ਜੀ ਨੇ ਸਾਨੂੰ ਵੰਡ ਛੱਕਣ, ਨਾਮ ਜਪਣ ਅਤੇ ਕ੍ਰਿਤ ਕਰਨ ਦਾ ਸਿਧਾਂਤ ਗੁਰਸਿੱਖੀ ਦੇ ਪ੍ਰਚਾਰ ਲਈ ਹੀ ਦਿੱਤਾ ਹੈ। ਜੇ ਵਿਦਿਆ ਪੜ੍ਹਨ ਦਾ ਸਮਾਂ ਅਤੇ ਮੱਤਾਂ-ਮਤਾਤਰਾਂ ਦੀਆਂ ਪੁਸਤਕਾਂ/ ਗ੍ਰੰਥ ਮਿਲੇ ਹਨ। ਤਾਂ ਉਹਨਾਂ ਵਿਚਲਾ ਗਿਆਨ ਅਸੀਂ ਗੁਰੂ ਸਾਹਿਬ ਜੀ ਦੀ ਅੰਮ੍ਰਿਤਮਈ ਉਪਦੇਸ਼ ਦੀ ਦ੍ਰਿੜਤਾ ਲਈ ਵਰਤੋਂ ਕਰੀਏ। ਤਾਂ ਕਿ ਜਿਸ ਮੱਤ ਦਾ ਕੋਈ ਅਨੁਆਈ ਹੁੰਦਾ ਹੈ, ਉਸ ਵੀਚਾਰਧਾਰਾ ਦੇ ਸਿਸਟਮ ਰਾਂਹੀ ਉਹ ਛੇਤੀ ਸਮਝ ਜਾਂਦਾ ਹੈ। ਕਵੀ ਜੀ ਅਖੀਰ ਉੱਪਰ ਵੇਦਾਂਤ ਦੀ ਵਿਆਖਿਆ ਕਰਦੇ ਹਨ, ਕਿ ਗਿਆਨ ਦੇ ਕਥਨ ਵਾਲੇ ਭਾਗ ਨੂੰ ਵੇਦਾਂਤ ਕਹਿੰਦੇ ਹਨ। ਨਿੱਜ ਸਰੂਪ ਨੂੰ ਜਾਣ ਲੈਣਾ ਹੀ ਅਸਲ ਵਿੱਚ ਗਿਆਨ ਦੀ ਵਿਆਖਿਆ ਹੈ ਗੁਰੂ ਅਰਜਨ ਦੇਵ ਜੀ ਦੇ ਪ੍ਰਮਾਤਮਾ ਕੋਲੋਂ ਦਾਤ ਪ੍ਰਾਪਤ ਕਰਨ ਵਾਲੇ ਬੋਲ ਹਨ, '**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥ ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥ ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ॥ ੪॥ ੧੨॥ ੧੯॥- ਪੰਨਾ-੧੦੦**'

**ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਯਾਨ ਬਿਚਾਰ' ਪ੍ਰਸੰਗ ਬਰਨੰਨ ਨਾਮ ਤ੍ਰਿਤਾਲੀਸਮੋ ਅੰਸੂ**

## ਅਧਿਆਇ ਚੌਥਾ (ਅੰਸ਼ੂ ਚਤਾਲ੍ਹੀਵਾਂ)

### ਜੋਗ ਵੀਚਾਰ ਨਿਰਣਾ

ਅਥ ਜੋਗ :- ਸ੍ਵੈਯਾ ਛੰਦ -

ਅੰਗ ਜੋਗ ਕੇ ਅਸ਼ਟ ਗਿਨੀਜਹਿ, ਜਮ ਅਰ ਨੇਮ ਸੁ ਆਸਨ ਤੀਨ।
ਪ੍ਰਾਣਾਯਾਮ ਰੁ ਪ੍ਰਤਾਯਾਹਾਰਹਿ, ਔਰ ਧਾਰਨਾ ਧਯਾਨ ਪ੍ਰਬੀਨ।
ਅਸ਼ਟਮ ਅੰਗ ਸਮਾਧਿ ਲਖੀਜੈ ਪੂਰਬ ਯਮ; ਪੰਦਰਾਂ ਬਿਧਿ ਚੀਨ।
ਲਯ ਵਿਖੇਪ ਪਰਮਾਦਿ ਜੁ ਨਿੰਦ੍ਰਾ, ਇਨ ਚਾਰਨ ਤੇ ਮਨ ਹੁਇ ਹੀਨ॥ ੧॥
ਜਥਾ ਲਾਭ ਸੰਤੁਸ਼ਟ ਰਹਿਨ ਦ੍ਵੈ 'ਮੌਨ' ਤਜਨਿ ਮਿਥਯਾ ਬਚ ਹੋਇ।
ਸ਼ਬਦਾਦਿਕ ਕੇ ਵਿਖਯ ਤਯਾਗਨਿ 'ਇੰਦ੍ਰਯ ਨਿਗ੍ਰਹਿ' ਯਾਂ ਕੋ ਜੋਇ।
'ਦਯਾ' ਭੂਤ ਪ੍ਰਾਣੀ ਸੰਗ ਵੈਰ ਨ 'ਆਰਜਵ ਬਿਨਾ ਕੁਟਲਤਾ ਜੋਇ।
'ਦਾਖਣ' ਵਿਵਹਾਰਨ ਮਹਿੰ ਚਾਤੁਰ 'ਆਗ੍ਰਹਿ' ਕੋ ਤਯਾਗਨੋ ਸੋਇ॥ ੨॥
ਮਨ ਤੇ ਕਰੈ ਨ ਦੰਭ ਕਮਾਵੈ ਇਕ ਲਾਲਸ ਖਰਿਬੇ ਕਲਯਾਨ।
ਪਰਾਰਬਧ ਕਰਿ ਪ੍ਰਾਪਤਿ ਹੋਇ ਜੁ ਤਿਸ ਕੋ ਬਰਤੈ ਆਨੰਦ ਮਾਨਿ।
ਹੇਰਿ ਪਦਾਰਥ ਅਪਰਨ ਕੇ ਢਿਗ ਨਹਿੰ ਮਤਸਰ ਕੋ ਧਰਹੁ ਸੁਜਾਨ।
'ਆਸਤੱਕਯ' ਜੋ ਗ੍ਰੰਥ ਮੁਕਤਿ ਦੇ ਤਿਨ ਮਹਿੰ ਵਿਸ਼ਵਾਸ਼ੀ ਮਨ ਜਾਨ॥ ੩॥
ਕੋਮਲਤਾ ਕੋ ਕਹੈਂ 'ਮਾਰਦਵ' ਉਰ ਨਿਸ਼ਕ੍ਰੋਧ 'ਛਿਮਾ' ਇਸ ਨਾਮ।
ਰਜ ਤਮ ਗੁਣ ਬਿਨ ਅੰਤਸ਼ਕਰਣੰ 'ਭਾਵ ਸ਼ੁੱਧ' ਭਾਖਹਿੰ ਅਭਿਰਾਮ।
ਪਰ ਕੋ ਪੀਰ ਨ ਦੇ ਬਚ ਕ੍ਰਮ ਤੇ ਨਾਮ 'ਅਹਿੰਸਾ' ਲਖਿ ਸੁਖ ਧਾਮ।
ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ ਮੈਥੁਨ ਤਯਾਗਨਿ ਹ੍ਵੈ ਨਿਸ਼ਕਾਮ॥ ੪॥
ਸਿਮਰਨ ਸ਼੍ਰਵਣ ਕੇਲ ਅਰ ਦੇਖਣ, ਗੁਹਯ ਭਾਖਣ ਸੰਕਲਪ ਸੁ ਕੀਨ।
ਅੱਧਿਵਸਾਯੰ, ਕ੍ਰਿਯਾ ਨਿਵਰਤੈ ਇਹ ਮੈਥੁਨ ਅਸ਼ਟਾਂਗ ਬਿਹੀਨ।
ਜਨਮ ਰੋਗ ਦੁਖ ਤਥਾ ਜਰਾ ਦੁਖ ਤ੍ਰੈ ਕੋ ਚਿਤਵਨ ਸਿੰਮ੍ਰਤ ਚੀਨ।



ਮਨ ਤਨ ਪ੍ਰਾਣ ਰਿਖੀਕਿਨ ਦੁਖ ਤੇ ਨਿਸ਼ਚਲ ਰਹੈ ਸੁ ਧ੍ਰਿਤ ਪ੍ਰਬੀਨ॥ ੫॥
ਯਮ ਦਸ ਪੰਚ ਕਹੇ ਇਕ ਅੰਗਹਿ ਦੂਸਰ ਅੰਗ ਨੇਮ ਅਠ ਸਾਤ।
ਸਮੈ ਉਚਤਿ ਅਸ਼ਨਾਨ ਕਰੈ ਜਲ ਜੋਗ ਸਾਧਯ ਇਹ ਸੌਚ ਸੁ ਗਾਤ।
ਅੰਤਹਕਰਣ ਸੌਚ ਇਮ ਜਾਨੋ ਭਾਂਵ ਸ਼ੁੱਧ ਯਮ ਤੇ ਹੁਇ ਜਾਤਿ।
ਜੋਗ ਸਾਧਿਬੇ ਮਹਿੰ ਪ੍ਰਭੂ ਪੂਜਨ 'ਕ੍ਰਿਤੂ' ਨਾਮ ਨੇਮਸੁ ਬਖੱਯਾਤ॥ ੬॥
ਸੱਤਯ ਅਰਥ ਲੇ ਕਹੈ 'ਸੱਤਯ ਸੋ' ਪ੍ਰਣਵ ਜਾਪ ਕੋ 'ਜਪੁ' ਕਹਿਯੰਤਿ।
ਜਠਰਾਗਨ ਮਹਿੰ ਜੁਗਤ ਅਹਾਰੰ ਹੋਮਹਿ ਭਲੋ 'ਹੋਮ' ਲਖਿਯੰਤਿ।
'ਤਰਪਣ' ਜਲ ਪੀਵਹਿ ਸੁਰਸਰਿ ਕੇ ਇੰਦ੍ਰੀ ਨਿੱਗ੍ਰਹਿ 'ਤਪੁ' ਸੁ ਤਪੰਤਿ।
ਮਮੁਖੀ ਕੋ ਉਪਦੇਸ਼ਨਿ 'ਦਾਨ' ਸੁ 'ਤੱਤਖਿਯਾ' ਰਾਗ ਰੁ ਦ੍ਵੈਖ ਸਹੰਤਿ॥ ੭॥
ਖਾਇ ਅਹਾਰ ਸੂਰ ਸੁਰ 'ਬ੍ਰਤ' ਸੋ, ਖਾਇ ਅਯੁਕਤਿ ਨ ਇਹ 'ਉਪਵਾਸ'।
'ਨਿਰਅਗਨੀ' ਸੋ ਅਗ ਨ ਤਾਪਹਿ 'ਇਸਤ੍ਰੀ ਵਰਜਨ' ਸੰਗ ਨ ਤਾਸ।
'ਮਾਦਕ ਬਰਜਨ' ਭੰਗ ਆਦਿ ਜੇ ਪਾਨਿ ਨ ਕਰਹਿ ਅਮਲ ਨਿਰਜਾਸ।
ਇਹ ਪੰਦ੍ਰਾਂ ਗਿਨ ਨੇਮ ਕਹੇ ਸਭਿ ਅੰਗ ਜੋਗ ਕੋ ਦੁਤਯੀ ਪ੍ਰਕਾਸ਼॥ ੮॥
ਲਖ ਚੌਰਾਸੀ ਜੋਨਿ ਜੀਵ ਕੀ ਬੈਠਕ ਤਿਤੀ ਸੁ ਆਸਨ ਜਾਨਿ।
'ਸ੍ਵਸਤ' 'ਪਦਮ' 'ਗੋਮੁਖ' ਅਰੁ 'ਹੰਸੰ' ਆਸਨ ਚਾਰ ਬ੍ਰਹਮਾ ਕੇ ਸਯਾਨ।
'ਗਰੁੜ' 'ਨਾਗ' 'ਕੂਰਮ' 'ਨਰਸਿੰਘਹਿ' ਚਾਰਹੁੰ ਬਿਸ਼ਨ ਕੇਰ ਪਹਿਚਾਨ॥ ੯॥
'ਵੀਰ' 'ਮਯੂਰ' 'ਵੱਜ' 'ਸਿੱਧ' ਚਾਰਹੁੰ ਰੁਦ੍ਰਾਸਨ ਇਹ ਕਰੈ ਬਨਾਇ।
ਹੋਤਿ 'ਭਗਾਸਾਨ' ਕਹੈਂ ਸ਼ਕਤਿ ਕੋ ਸ਼ਿਵ ਕੋ 'ਪਸਚਮਤਾਨ' ਸੁਹਾਇ।
'ਧਨੁਖ' 'ਉਤਾਨ' ਦੋਇ ਇਹ ਸਭਿ ਕੇ ਸੋਲਹਿ ਆਸਨ ਦਏ ਬਤਾਇ।
ਪਖਯਾਂਤਰ ਖੋੜਸ ਮਹਿੰ ਚਾਰਹੁੰ ਹੈਂ ਸ੍ਰੇਸ਼ਟ ਸੋ ਦੇਉਂ ਸੁਨਾਇ:- ॥੧੦॥
'ਸਿੰਘ' 'ਪਦਮ' 'ਸਿੱਧ' 'ਭੱਦ੍ਰ' ਚਾਰ ਗਿਨ, ਇਨ ਮਹਿੰ ਦ੍ਵੈ ਸ਼੍ਰੇਸ਼ਟ ਲਖਿਯੰਤਿ।
ਸਿੱਧ ਪਦਮ ਇਨ ਦ੍ਵੈ ਮਹਿੰ 'ਸਿੱਧ' ਬਰ ਇਸ ਪ੍ਰਕਾਰ ਆਸਨ ਕਰਿਯੰਤ।
ਪ੍ਰਾਣਾਯਾਮ ਤ੍ਰਿਧਾਇਕ 'ਉਤਮ' 'ਮੱਧਯਮ' ਅਰੁ 'ਕਨਿਸ਼ਟ' ਜਨਿਯੰਤ।
ਦ੍ਵਾਦਸ਼ ਮਾਤ੍ਰ ਚੰਦ ਕਰਿ ਪੂਰੈ ਕੁੰਭਕ ਸ਼ਕਤਿ ਪ੍ਰਮਾਣ ਰਖੰਤਿ ॥ ੧੧॥
ਰੇਚੈ ਖੋੜਸ ਮਾਤ੍ਰ ਸੂਰਜ ਕਰਿ ਪ੍ਰਾਣਾਯਾਮ 'ਕਨਿਸ਼ਟ' ਪਛਾਨ।
ਇਸੈ ਕਰਹਿ ਦੁਗੁਨੀ ਕਹਿੰ 'ਮੱਧਯਮ' ਤ੍ਰਿਗੁਣੀ ਮਾਤ੍ਰ ਸੁ 'ਉਤਮ' ਜਾਨਿ।
ਉਠੈ ਬਿਰਤਿ ਇਕ ਗ੍ਰਹਣ ਕਰੈ ਤਿਹ 'ਪ੍ਰਤੱਯਾਹਾਰ' ਨਾਮ ਪਹਿਚਾਨ।

ਬਿਧਿ, ਹਰਿ, ਹਰ ਕੀ ਕੈ ਪੰਚ ਤਤ ਕੀ ਕਰਣ 'ਧਾਰਣਾ' ਇਸੈ ਬਖਾਨ॥ ੧੨॥
ਏਕ ਬਿਖੈ ਬ੍ਰਿਤ ਟਿਕਹਿ 'ਧਯਾਨ' ਸੋ ਲਖਹੁ 'ਸਮਾਧੀ' ਦੋਇ ਪ੍ਰਕਾਰ।
ਇਕ 'ਸਵਿਕਲਪ' ਦੂਤੀ 'ਨਿਰਵਿਕਲਪ' ਅੰਗ ਜੋਗ ਕੇ ਅਸ਼ਟ ਵਿਚਾਰ।
ਸ਼੍ਰੋਤ੍ਰ, ਤੁਚਾ, ਚਖੁ, ਜੀਹ, ਰੁ ਨਾਸਾ, ਗਯਾਨਿੰਦ੍ਰੀ ਏਹ ਪੰਚ ਉਚਾਰ।
ਵਾਕ, ਪਾਨ, ਪਦ, ਗੁਦਾ, ਉਪਸਥੰ, ਪੰਚ ਕਰਮ ਇੰਦ੍ਰੇ ਉਰਧਾਰ॥ ੧੩॥
ਸ਼ਬਦ, ਸ਼ਪਰਸ਼, ਰੂਪ, ਰਸ, ਗੰਧਯੰ, ਬਿਖਯ ਪੰਚ ਗਯਾਨਿੰਦ੍ਰੀ ਕੇਰ।
ਕਹਿਣ, ਗ੍ਰਹਣ, ਗਤਿ, ਅਨੰਦ, ਬਿਸਰਗੰ, ਕਰਮੇਂਦ੍ਰੀ ਕੇ ਬਿਖਯ ਬਡੇਰ।
ਮਨੁ, ਬੁਧ, ਚਿਤ, ਅਹੰਕਾਰ ਚਤੁਸ਼ਟੈ ਅੰਤਸ਼ਕਰਣ ਰੂਪ ਇਹ ਹੇਰਿ।
ਸੰਕਲਪ, ਨਿਸ਼ਚੈ, ਅਨੁਸੰਧਾਨੰ ਗਰਵ ਜਥਾ ਕ੍ਰਮ ਬਿਖਯ ਨਿਬੇਰ॥ ੧੪॥
ਦਿਸ਼ਾ, ਪੌਨ, ਰਵਿ, ਜਲ ਪਤਿ, ਛਿਤ, ਸੁਰ, ਅਗਨੀ, ਇੰਦ੍ਰ, ਉਪਿੰਦ੍ਰ ਬਖਾਨ।
ਪ੍ਰਜਾ ਪਤੀ, ਮ੍ਰਿੱਤਜੁ, ਸਸਿ, ਬ੍ਰਹਮਾ, ਖੇਤ੍ਰੱਗ ,ਰੁਦ੍ਰ, ਦੇਵਤਾ ਜਾਨ।
ਪ੍ਰਾਨ, ਅਪਾਨ, ਸਮਾਨ, ਉਦਾਨੰ, ਬਯਾਨ, ਨਾਗ, ਕੂਰਮ, ਪਹਿਚਾਨ।
ਕਿਰਕਲ, ਦੇਵੰਦੱਤ, ਧਨੰਜਯ, ਇਹ ਦਸ ਬਾਯਸ਼੍ਰ ਗਿਨੀਜੈ ਪ੍ਰਾਨ॥ ੧੫॥
ਕ੍ਰਿਯਾ ਸ਼ਕਤਿ ਨੇ ਪ੍ਰਾਨ ਸਮਸ਼ਟੇ, ਕਾਰਨ ਸੂਖਮ ਥੂਲ ਸਰੀਰ।
ਵੈਰਾਟ, ਸੂਤ੍ਰ, ਅਬਯਾਕ੍ਰਿਤ ਜੇਈ ਇਹੀ ਸਮਸ਼ਟਿ ਸਰੀਰ ਗੰਭੀਰ।
ਅਭਿਮਾਨੀ ਵਿਸ਼੍ਵ ਤੇਜਸ, ਪ੍ਰਾਗਹਿ ਇਹ ਬਯਸ਼ਟਿ ਕੇ ਤੀਨ ਸਧੀਰ।
ਈਸ਼੍ਵਰ ਹਿਰਣ ਗਰਭ ਬੈਸ਼੍ਵਾਨਰ ਇਹ ਸ਼ਮਸ਼ਟਿ ਅਭਿਮਾਨੀ ਬੀਰ॥ ੧੬॥
ਬਯਸ਼ਟਿ ਸਮਸ਼ਟ ਅਧਯਸ੍ਤ ਲਖਹੁ ਦ੍ਵੈ ਜਿਮ ਸਰਪਾਦਿ ਜੇਵਰੀ ਮਾਂਹ।
ਸੀਪ ਬਿਖੈ ਰੂਪੋ ਜਿਮ ਕਲਪਤਿ ਤਿਮ ਬ੍ਰਹਮਾਤਮ ਚੇਤਨ ਆਹਿ।
ਹੈ ਅੱਗਯਾਨ ਕਰਿ ਕਲਪਤਿ ਸਭਿ ਜਗ ਅਧਿਸ਼੍ਠਾਨਿ ਆਤਮ ਇਕ ਚਾਹਿ।
ਨਹੀਂ ਜੇਵਰੀ ਜਾਨਹਿ ਜੌ ਲਗ ਤੌ ਲਗ ਕਲਪ ਕਲਪ ਦੁਖ ਪਾਹਿ॥ ੧੭॥
ਪ੍ਰਲ਼ਯ:-ਤਪੰਚੀਕ੍ਰਿਤ ਪੰਚ ਅਪੰਚਿਕ੍ਰਿਤ ਜਬਿ ਸਗਰੇ ਲੈਤਾ ਕਹੁ ਪਾਇਂ।
ਭੂਤ ਅਪੰਚੀਕ੍ਰਿਤ ਪੁਨ ਸਾਰੇ ਅੱਬਯਾਕ੍ਰਿਤ ਮੈਂ ਲੈ ਹੁਇ ਜਾਹਿਂ।
ਭੂਤ ਸਥੂਲ ਹੋਇਂ ਲੈ ਜਬਹੂੰ ਯਾ ਕੋ 'ਪ੍ਰਲੈ ਰੈਨ ਦਿਨ' ਨਾਇ।
ਸੂਖਮ ਭੂਤ ਹੋਤਿ ਲਯ ਜਾਨਹੁ 'ਪ੍ਰਾਕ੍ਰਿਤ ਪ੍ਰਲੈ' ਸੁ ਨਾਮ ਕਹਾਇ॥ ੧੮॥
ਬ੍ਰਹਮ ਸੱਚਿਦਾਨੰਦ ਗਯਾਨ ਤੇ ਸਭਿ ਕੋ ਜਬਿ ਅਭਾਵ ਹੁਇ ਜਾਇ।
ਸੀਪ ਰੱਜੂ ਕੋ ਗਯਾਨ ਹੋਇ ਜਬਿ ਰੂਪਾ ਸਰਪ ਨਹੀਂ ਜਿਸ ਭਾਇ।



ਤਥਾ ਅਧਯਾਸ਼ਟ ਗਯਾਨ ਤੇ ਨਾਨਾ ਹੁਇ ਅਭਾਵ ਸਭਿ ਦ੍ਵੈਤ ਬਿਲਾਇ।
'ਗਯਾਨ ਪ੍ਰਲੈ' ਇਸ ਨਾਮ ਕਹਿਤ ਹੈਂ ਸਤਿਗੁਰ ਉਪਦੇਸ਼ਨਿ ਤੇ ਪਾਇ॥ ੧੯॥
ਉਤਪਤਿ:- ਭੂਤ ਅਪੰਚੀਕ੍ਰਿਤ ਜੁਤਿ ਕਾਰਜ ਪੰਚੀਕ੍ਰਿਤ ਸਕਾਰਜ ਹੋਇ।
ਇਨ ਕੋ ਉਪਜਨ ਆਦਿ ਪੁਰਖ ਤੇ 'ਉਤਪਤਿ' ਨਾਮ ਜਾਨੀਏ ਸੋਇ।
ਸਥਿਤੀ:- ਉਪਜਿ ਪ੍ਰਪੰਚ ਥਿਰੈ ਬਿਧਿ ਬਯ ਲਗ ਇਸ ਕੋ ਨਾਮ 'ਸਥਿਤ' ਤੂੰ ਜੋਇ।
'ਸਥਿਤ ਅਵਾਂਤਰ' ਭੇਦ ਜੁ ਬਿਧਿ ਨਿਸਦਿਨ 'ਬਿਧਿ ਪ੍ਰਲੈ' ਕਹੈਂ ਸਭਿ ਕੋਇ॥ ੨੦॥
ਪੂਰਣ ਆਯੂ ਬ੍ਰਹਮਾ ਲੈ ਹੁਇ ਦੂਤੀ ਪ੍ਰਲੈ ਸਭਿ ਕੋ ਛੈ ਜਾਨਿ।
ਜਿਸ ਮਹਿਂ ਉਤਪਤਿ ਸਥਿਤ ਨ ਪ੍ਰਲੈ, ਤ੍ਰਿਤੀ ਹੋਇ ਹੈ 'ਪ੍ਰਲੈ ਗਯਾਨ'।
ਮੁਕਤਿ ਕਾਲ ਅੱਦ੍ਵੈਤ ਅਖੰਡ ਇਕ ਐਸੋ ਰੂਪ ਤਾਂਹਿ ਪਹਿਚਾਨ।
ਜੌ ਲਗ ਵਿੱਦਯਾ ਗਯਾਨ ਨ ਉਪਜੈ ਕਾਲ ਅਖੰਡ ਅਵਿੱਦਯਾ ਮਾਨ॥ ੨੧॥
ਸੰਚਿਤ, ਪਰਾਰਬਧ, ਕ੍ਰਿਯਮਾਨ ਜੁ ਤਿਧਾ ਕਰਮ ਜਾਵਤ ਨਹਿਂ ਗਯਾਨ।
ਭੂਤ ਭਵਿੱਖਯਤਿ ਬਰਤਮਾਨ ਕੋ ਇਹ ਪ੍ਰਤਿਬੰਧ ਲਏ ਪਹਿਚਾਨ।
ਤ੍ਰਿਗੁਣੀ ਮਾਯਾ ਲਿਏ ਚੈਤੰਨ ਮਹਿਂ ਜੀਵ ਸ੍ਵਭਾਵ ਗਯਾਨ ਬਿਨ ਜਾਨ।
ਸਤ ਰਜ ਤਮ ਗੁਣ ਤੀਨਹੁ ਤਬਿ ਲੌਂ ਜਬਿ ਲੌਂ ਗਯਾਨ ਨ ਭਯੋ ਮਹਾਨ॥ ੨੨॥
ਗੁਣ ਕੀ ਪਰਿਵਰਤਨ ਤੇ ਰਹਿਤਨ, ਭਿੰਨ ਲਖਹਿ ਨਿਜ 'ਨਿਰਗੁਣ' ਸੋਇ।
ਜਬਹਿ ਤ੍ਰਿਗੁਣ ਮਹਿਂ ਚਿਤੰਨ ਅਪਨਿਪੌ ਲਖਿ ਅੱਗਯਾਨ ਤੇ 'ਸਰਗੁਣ' ਹੋਇ।
ਨਾਸ਼ਵੰਤ ਆਕਾਰ ਪਛਾਨਹੁ ਨਿਰਾਕਾਰ ਅਬਿਨਾਸ਼ੀ ਜੋਇ।
ਕਵੀ ਸੰਤੋਖ ਸਿੰਘ ਕਹਿਂ ਸਤਿਗੁਰ ਜੀ ਸਾਰ ਗ੍ਰਹਣ ਬਿਨ ਸਾਰ ਸਖੋਇ॥ ੨੩॥
ਚੌਪਈ- ਤਨ ਇੰਦ੍ਰੈ ਮਨ ਪ੍ਰਾਣ ਅਨਾਤਮ। ਲਖਹੁ ਅਕਾਰ ਅੱਗਯਾਨ ਸਹਿਤ ਤਮ।
ਨਿਰੰਕਾਰ ਸਾਖੀ ਬ੍ਰਹਮਾਤਮ। ਅਪਨਪੌ ਜਾਨਹਿ ਜੁ ਅਨਾਤਮ॥ ੨੪॥
ਸੋਰਠਾ॥ ਚਿਤ ਬ੍ਰਹਮ ਨਿਜ ਲਖਿ ਨਾਂਹਿ ਸੋ ਅਕਾਰ ਨਹਿਂ।
ਕਿਯੋ ਅਪਨਪੌ ਨਾਂਹਿ ਬਿਸਰ ਪਰਯੋ ਜੋ ਆਪ ਹੀ॥ ੨੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਵਿਚਾਰ ਨਿਰਨੈ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋ ਅੰਸ਼ੂ

# ਅਧਿਆਇ ਪੰਜਵਾਂ (ਅੰਸ਼ੂ ਪੰਜਤਾਲ਼ੀਵਾਂ)

## ਵੇਦਾਂਤ ਵੀਚਾਰ

**ਦੋਹਰਾ - ਗੁਰੂ- ਈਸ਼ਰ ਮੂਰਤ ਗਯਾਨ ਕੀ ਸਿਖ ਸੰਸਾਰ ਤੇ ਪਾਰ।**
**ਸੋ ਸਤਿਗੁਰ ਉੱਤਮ ਅਧਿਕ ਇਤਰ ਗੁਰੂ ਵਿਵਹਾਰ॥ ੧॥**

**ਅਰਥ** – ਸਿੱਖ ਨੂੰ ਸੰਸਾਰ ਤੋਂ ਪਾਰ ਕਰਨ ਵਾਲਾ ਉਹ ਸਤਿਗੁਰੂ ਅਧਿਕ ਉੱਤਮ ਹੈ, ਜਿਸ ਵਿੱਚ ਬ੍ਰਹਮ ਗਿਆਨ ਦੀ ਇਹ ਸਥਿਤੀ ਹੈ, ਉਹ ਈਸ਼ਵਰ ਮੂਰਤੀ ਹੈ। ਹੋਰ ਗੁਰੂ ਵਿਵਹਾਰ ਮਾਤਰ ਹਨ।

**ਭਾਵਾਰਥ** – ਇਸ ਅਧਿਆਇ ਵਿੱਚ ਕਵੀ ਜੀ ਨੇ ਵੇਦਾਂਤ ਦੇ ਨਜ਼ਰੀਏ ਤੋਂ ਜੀਵਨ ਜਿਉਂਣ ਦੀ ਵੀਚਾਰ ਦੁਆਰਾ ਮਨੁੱਖੀ ਜਿੰਦਗੀ ਦਾ ਵਿਵੇਚਨ ਕੀਤਾ ਹੈ। ਡਾ: ਭਾਈ ਵੀਰ ਸਿੰਘ ਜੀ ਨੇ ਅਧਿਆਵਾਂ ਦੇ ਸਿਰਲੇਖ ਲਿਖਦਿਆਂ ਇਸ ਅਧਿਆਇ ਦਾ ਸਿਰਲੇਖ ਵੀ ਵੇਂਦਾਤ ਵੀਚਾਰ ਹੀ ਅੰਕਿਤ ਕੀਤਾ ਹੈ। ਵੀਚਾਰ ਗਿਆਨ ਦਾ ਵਿਵਹਾਰ ਹੁੰਦਾ ਹੈ, ਗਿਆਨ ਗੁਰੂ ਤੋਂ ਸ਼ੁਰੂ ਹੁੰਦਾ ਹੈ। ਇਸ ਅਧਿਆਇ ਦੀ ਸ਼ੁਰੂਆਤ ਹੀ ਗੁਰੂ ਤੋਂ ਕੀਤੀ ਹੈ। ਭਾਈ ਵੀਰ ਸਿੰਘ ਜੀ ਨੇ ਵੇਦਾਂਤ- ਭਾਵਨਾਵਾਂ ਵਾਲਿਆਂ ਅੰਦਰ ਗੁਰੂ ਸ਼ਬਦ ਦੀ ਵਰਤੋਂ ਅਤੇ ਸਤਿਕਾਰ ਦਾ ਕਥਨ ਕਰਦਿਆਂ ਲਿਖਿਆ ਹੈ, 'ਸ਼ਾਸਤ੍ਰੀ ਲੋਕ 'ਗੁਰੂ' ਪਦ ਆਮ ਉਸਤਾਦ ਦੇ ਅਰਥਾਂ ਵਿੱਚ ਵਰਤਦੇ ਹਨ, ਚਾਹੋ ਕਿਸੇ ਵਿੱਦਯਾ ਦਾ ਉਸਤਾਦ ਹੋਵੇ' ਇੱਥੋਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਦਾ ਅਨੁਮਾਨ ਲਗਾ ਲੈਣਾ ਚਾਹੀਦਾ ਹੈ; ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਲਈ ਕਿੰਨੇ ਮਹਾਨ ਹਨ? ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਗੁਰੂ ਹਨ। ਸ਼ਬਦ ਸਿਖਾਉਣ ਵਾਲੇ ਨੂੰ ਉਸਤਾਦ ਆਖਿਆ ਜਾਂਦਾ ਹੈ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿੰਨਾ ਕੁ ਸਤਿਕਾਰ ਤੇ ਪਿਆਰ ਕਰਦੇ ਹਾਂ, ਸਾਨੂੰ ਆਪਣਾ-ਆਪ ਤੋਂ ਪੁੱਛਣਾ ਬਣਦਾ ਹੈ !

ਵਿੱਦਿਆ ਦੇਣ ਵਾਲਾ ਗੁਰੂ (ਉਸਤਾਦ) ਆਪਣੀ ਵਿੱਦਿਆ ਨਾਲ ਸਿੱਖਣ ਵਾਲੇ ਨੂੰ ਪ੍ਰਪੱਕ ਕਰੇ; ਇਹ ਉਸਤਾਦ ਦਾ ਨੈਤਿਕ ਫਰਜ਼ ਹੈ। ਵੈਸੇ ਤਾਂ ਹਰ ਅਧਿਆਪਕ ਦਾ ਫਰਜ਼ ਹੈ, ਕਿ ਆਪਣੇ ਸਿਖਿਆਰਥੀ ਨੂੰ ਨੈਤਿਕ ਗਿਆਨ ਨਾਲ



ਲਬਰੇਜ਼ ਕਰੇ। ਵਿਦਾਂਤਕ ਵਿੱਦਿਆ ਅਧਿਆਤਮਕਤਾ ਦੁਆਰਾ ਮਾਨਸਿਕ ਅਤੇ ਸਾਰੀਰਕ ਖੇਤਰ ਨਾਲ ਸੰਬੰਧ ਰੱਖਦੀ ਹੈ। ਵੇਦਾਂਤਾਚਾਰੀਆ ਲੋਕ ਵੇਦਾਂਤਕ ਗ੍ਰੰਥਾਂ ਦੁਆਰਾ ਅਧਿਆਤਮਕਤਾ ਨੂੰ ਮਾਨਸਿਕ ਚਿੰਤਨ ਵਿੱਚ ਲਿਆਉਂਦੇ ਹਨ, ਫਿਰ ਉਸ ਚਿੰਤਨ ਨੂੰ ਆਪਣੀ ਸਾਰੀਰਕ ਪ੍ਰਵਿਰਤੀ ਸ਼ੁੱਧ ਕਰਕੇ ਆਤਮਸਾਤ ਕਰਦੇ ਹਨ। ਤਾਂ ਹੀ ਵੇਦਾਂਤ ਚਿੰਤਨ ਕਰਨ ਵਾਲੇ ਉਸਤਾਦ (ਗੁਰੂ) ਸਾਰੀ-ਸਾਰੀ ਉਮਰ ਵੇਦਾਂ-ਪੁਰਾਣਾਂ ਆਦਿਕ ਗ੍ਰੰਥਾਂ ਦਾ ਅਧਿਐਨ ਕਰਦੇ ਰਹਿੰਦੇ ਹਨ। ਦਿਨ ਵਿੱਚੋਂ ਨਿਯਤ ਸਮੇਂ ਵਿੱਚ ਜੀਵਨ ਵਿਵਹਾਰ ਨੂੰ ਵੀਚਾਰ ਕੇ ਚਲਾਉਂਦੇ ਹਨ। ਸਦ-ਗ੍ਰੰਥਾਂ ਵਿੱਚੋਂ ਸਿਧਾਂਤਕ ਵੀਚਾਰਾਂ ਨਾਲ ਆਪਣੀ ਜ਼ਿੰਦਗੀ ਪ੍ਰਪੱਕ ਰਖਦੇ ਹਨ। ਪੂਰੀ ਜ਼ਿੰਦਗੀ ਆਪਣੇ ਆਪ ਨੂੰ ਵੀਚਾਰਾਂ ਤੋਂ ਪਾਸੇ ਨਹੀਂ ਜਾਣ ਦਿੰਦੇ। ਉਹਨਾਂ ਵੇਦਾਂਤਾਚਾਰੀਆਂ ਦਾ ਜੀਵਨ ਹੀ ਸਿਧਾਂਤ ਹੁੰਦਾ ਹੈ। ਜਿਵੇਂ ਈਸ਼ਰ ਸੰਸਾਰ ਦਾ ਕਰਤਾ ਹੈ, ਇਵੇਂ ਹੀ 'ਵੇਦਾਂਤੀ ਗੁਰੂ' ਚੰਗੀਆਂ ਵੀਚਾਰਾਂ ਦਾ ਜੀਵਨ ਬਣਾਉਣ ਵਿੱਚ ਕਰਤਾ ਹੈ। ਤਾਂ ਹੀ 'ਵੇਦਾਂਤ ਗਿਆਨ ਦਾ ਦਾਨ ਕਰਨ ਵਾਲਾ-ਗੁਰੂ' ਗਿਆਨ-ਪ੍ਰਮੁੱਖਤਾ ਨਾਲ ਹੀ ਜਗਿਆਸੂ ਦੀ ਸਾਂਝ ਪਵਾਉਂਦਾ ਹੈ। ਉਹ 'ਚੇਤਨ ਨਾਲ ਸਾਂਝ ਪਵਾਉਣ' ਵਾਲਾ ਗੁਰੂ ਸ੍ਰੇਸ਼ਟ ਹੈ; ਬਾਕੀ ਵਿਉਹਾਰੀ ਗੁਰੂ ਹਨ, ਭਾਵ ਕੇਵਲ ਆਪਣੀ ਰੋਜੀ-ਰੋਟੀ ਚਲਾਉਣ ਲਈ ਪੜ੍ਹਾਈ ਕਰਵਾਉਣ ਵਾਲੇ ਹਨ। ਨੈਤਿਕ ਫਰਜ਼ਾਂ ਤੋਂ ਬਿਨਾਂ ਜਿੰਦਗੀ ਮਨੁੱਖੀ ਅਸੂਲਾਂ ਵਾਲੀ ਨਹੀਂ ਹੁੰਦੀ।

**ਚੌਪਈ-ਸਿੱਖ-ਬਿਬੇਕ, ਵਿਰਾਗ, ਮਮੁਖਤਾ, ਤੀਨ। ਖਟਧਾ, ਚਤੁਰਥ, ਸਮ, ਦਮ, ਚੀਨ।**
**ਉਪਰਤਿ, ਤਤੱਖਿਯਾ, ਸ਼ਰਧਾ, ਕਰੈ। ਸਮਾਧਾਨ ਚਾਤੁਸ਼ਟੈ ਧਰੇ॥ ੨॥**

**ਅਰਥ** – ਬਿਬੇਕ ਵਿਰਾਗ ਮੁੱਮਕਸ਼ਤਾ ਅਤੇ ਖਟ-ਸੰਪਤੀ ਚਾਰ ਸਾਧਨ ਹਨ। ਜਿਸ ਵਿੱਚ ਖਟ ਸੰਪਤੀ ਵਿੱਚ ਸਮ, ਦਮ, ਸਰਧਾ, ਉਪਰਤਿ, ਤਤਖਿਯਾ ਅਤੇ ਸਵਾਧਾਨ ਹਨ।

**ਭਾਵਾਰਥ** – 'ਸਿੱਖ' ਸ਼ਬਦ ਦੇ ਅੱਖਰੀ ਅਰਥ ਹਨ-'ਜੋ ਸ਼ਾਸ਼ਨ ਯੋਗ ਹੋਵੇ' ਜਾਂ ਚੇਲਾ, ਸ਼ਾਗਿਰਦ ਆਦਿ। ਸਿੱਖ-ਪੰਥ ਵਿੱਚ ਇਸ ਦੇ ਅਰਥ ਆਪਣਾ ਵਿਆਪਕ ਸਰੂਪ ਧਾਰਨ ਕਰਦੇ ਹਨ, ਕਿਉਂਕਿ 'ਗੁਰੂ ਕਾ ਸਿੱਖ' ਸਾਰੀ ਉਮਰ ਚੰਗਿਆਈ ਦੀ ਵੀਚਾਰਧਾਰਾ ਨੂੰ ਸਿੱਖਦਾ ਰਹਿੰਦਾ ਹੈ। "*ਪੰਜਾਬੀ ਸੱਭਿਆਚਾਰ ਵਿੱਚ 'ਸਿੱਖ' ਉਸਨੂੰ ਕਿਹਾ ਜਾਂਦਾ ਹੈ, ਜੋ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀ ਸਿੱਖਿਆ ਅਥਵਾ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰੇ-* ***ਸਿੱਖੀ ਸਿੱਖਿਆ ਗੁਰ***

***ਵੀਚਾਰ ॥*** *ਇਸ ਤਰ੍ਹਾਂ ਹੁਣ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੇ ਵਿਅਕਤੀ ਲਈ ਰੂੜ ਹੋ ਗਿਆ ਹੈ-* ***ਜਿਸ ਦੇ ਚਿੱਤ ਵਿੱਚ ਗੁਰੂ ਉਪਦੇਸ਼ ਦਾ ਅਸਰ ਹੈ ਅਤੇ ਜਿਸਦੀ ਸੁਰਤਿ ਗੁਰੂ-ਸ਼ਬਦ ਵਿੱਚ ਲੀਨ ਹੈ, ਉਹੀ ਸਿੱਖ ਹੈ।"*** ਗਿਆਨ ਪ੍ਰਾਪਤੀ ਲਈ ਸ਼ਾਸ਼ਨ ਵਿੱਚ ਚੱਲਣ ਵਾਲੇ ਲਈ ਕੁਝ ਜਰੂਰੀ ਨਿਰਦੇਸ਼ ਹਨ। ਜਿਹੜੇ ਵਿਦਿਆਰਥੀ ਜਾਂ ਸਿਖਿਆਰਥੀ ਲਈ ਬਹੁਤ ਜ਼ਰੂਰੀ ਹਨ। ਕਾਸ਼!! ਅੱਜ ਦਾ ਵਿਦਿਆਰਥੀ ਇਹਨਾਂ ਬਜ਼ੁਰਗਾਂ ਦੀ ਦਿੱਤੀ ਸਿੱਖਿਆ ਨੂੰ ਆਪਣਾ ਪ੍ਰੇਰਣਾ ਸਰੋਤ ਸਮਝਣ ਲਈ ਤਿਆਰ ਹੋ ਜਾਵੇ। ਜੋ ਕਿ ਬਹੁਤ ਜ਼ਰੂਰੀ ਹੈ, ਨਿਊਟਨ ਵੀ ਅੱਜ ਦੇ ਨਜ਼ਰੀਏ ਤੋਂ ਸਾਡਾ ਬਜ਼ੁਰਗ ਹੈ; ਉਸ ਦੀ ਸਿੱਖਿਆ ਨੂੰ ਲੜੀਵਾਰ ਢੰਗ ਨਾਲ ਸਾਇੰਸ ਲਈ ਪੜ੍ਹਨਾ ਹੀ ਪੈਂਦਾ ਹੈ। ਇਵੇਂ ਹੀ ਸਾਡੇ ਬਜ਼ੁਰਗਾਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬੇ ਸਾਡੇ ਨਾਲ ਸਾਂਝੇ ਕੀਤੇ ਹਨ। ਨੈਤਿਕ ਫਰਜ਼ਾਂ ਲਈ ਸਾਨੂੰ ਪੜ੍ਹਨਾ ਹੀ ਪਵੇਗਾ; ਨਹੀਂ ਤਾਂ ਅਸੀਂ ਆਪਣੇ ਸਾਹਿਤ ਨੂੰ ਹੀ ਆਰ-ਐਸ-ਐਸ ਵਾਲਿਆਂ ਦਾ ਕਹਿ ਕੇ ਮਹਾਨ ਵਿਰਾਸਤਕ ਸਿੱਖੀ ਦੇ ਸਾਹਿਤਕ-ਭੰਡਾਰ ਨੂੰ ਖਾਲੀ ਕਰਨ ਵਿੱਚ ਆਪਣਾ ਯੋਗਦਾਨ ਪਾਈ ਜਾਵਾਂਗੇ। ਜਦੋਂ ਕਿ ਚਾਹੀਦਾ ਇਹ ਹੈ, ਕਿ ਗਿਆਨ ਦੀ ਧਾਰਾ ਲਈ ਬਜ਼ੁਰਗਾਂ ਦੀਆਂ ਸਿੱਖਿਆਵਾਂ ਨੂੰ ਵੀਚਾਰੀਏ। ਆਪਣੀਆਂ ਕੁੱਝ ਘਾਟਾਂ ਨੂੰ ਦੂਰ ਕਰਨ ਲਈ ਉਹਨਾਂ ਦਾ ਸਹਾਰਾ ਲਈਏ। ਅਸੀਂ ਸਿੱਖੀ ਦੇ ਵਰਤਮਾਨ ਵਿੱਚ ਜਿਉਂਦੇ ਹਾਂ, ਗੁਰੂ ਗ੍ਰੰਥ ਸਾਹਿਬ ਜੀ ਸਾਡੇ ਨਿਰਦੇਸ਼ਕ ਹਨ; ਉਹਨਾਂ ਤੋਂ ਸੇਧ ਲੈ ਕੇ ਬਾਣੀ-ਅਭਿਆਸੀ ਗੁਰਸਿੱਖ ਸਾਧਨ ਕਮਾਉਂਦੇ ਹਨ। ਗਿਆਨ ਸਿੱਖਣ ਲਈ ਮੂਲ ਪ੍ਰੇਮ ਹੈ। ਪ੍ਰੇਮਵਾਨ ਸਿੱਖ ਲਈ ਬਿਬੇਕ, ਵਿਰਾਗ, ਮਮੁਕਸ਼ਤਾ ਅਤੇ ਖਟ ਸੰਪਤੀ ਹੈ। ਜਿਹਨਾਂ ਦਾ ਵਿਵੇਚਨ ਕਵੀ ਸੰਤੋਖ ਸਿੰਘ ਜੀ ਨੇ ਭਾਈ ਦਯਾ ਸਿੰਘ ਜੀ ਵੱਲੋਂ ਗੁਰਸਿੱਖਾਂ ਦੇ ਨਾਲ ਸੰਵਾਦਿਤ ਰੂਪ ਵਿਚ ਅੰਕਿਤ ਕੀਤਾ ਹੈ।

**'ਸਿਖ' ਸੋਈ ਲਖ ਲਹਿ ਕੱਲਯਾਨ। ਅਪਰ ਦੇਹ ਪੋਖਨਿ ਕੇ ਜਾਨਿ ।**
**ਉਪਦੇਸ਼-ਹੋਇ ਬਿਚਾਰ ਆਤਮਾਨਾਤਮ। ਗਯਾਨ ਸਰੂਪ ਪਾਇ ਉਰ ਹਾਤਮ ॥ ੩ ॥**

**ਅਰਥ** - ਉਹ ਅਸਲ ਸਿੱਖ ਆਪਣੀ ਮੰਜ਼ਿਲ ਹਾਸਿਲ ਕਰਦਾ ਹੈ, ਜਾਣ ਲੈਣਾ ਕਰ; ਹੋਰ ਸਾਰੇ ਸਰੀਰ ਪਾਲਨ ਵਾਲੇ ਹੀ ਹਨ। ਉਪਦੇਸ਼:- ਉਪਦੇਸ਼ ਉਸਨੂੰ ਆਖਦੇ ਹਨ, ਜਿਸ ਵਿੱਚ ਆਤਮਾ ਅਨਾਤਮਾ ਦਾ ਵੀਚਾਰ ਹੋਵੇ ਅਤੇ ਆਤਮਾ ਦਾ ਗਿਆਨ ਪ੍ਰਾਪਤ ਕਰਕੇ ਅਗਿਆਨ ਨੂੰ ਨਸ਼ਟ ਕਰ ਲਵੇ।



**ਭਾਵਾਰਥ** - ਸਿੱਖ ਦੇ ਜੀਵਨ ਲਈ 'ਵੈਰਾਗ ਤੋਂ ਖਟ-ਸੰਪਤੀ' ਮੰਜ਼ਿਲ ਤੇ ਪਹੁੰਚਣ ਦਾ ਮਾਰਗ ਹੈ। ਵੇਦਾਂਤ ਅਤੇ 'ਸਿੱਖ-ਪੰਥ ਵੀਚਾਰਧਾਰਾ' ਇੱਕਸੁਰ ਹਨ। ਕਿਉਂਕਿ ਸਿੱਖ-ਪੰਥ ਵੀਚਾਰਧਾਰਾ ਭੀ ਸਿੱਖ ਨੂੰ ਸਰੀਰ ਤੋਂ ਉੱਚਾ ਉੱਠ ਕੇ ਸੁਰਤਿ ਦਾ ਪਾਂਧੀ ਕਹਿੰਦੀ ਹੈ। ਵੇਦਾਂਤ ਭੀ ਜਗਿਆਸੂ/ਸਿੱਖ ਨੂੰ ਆਪਣੇ ਜੀਵਨ ਅੰਦਰ ਤਰਮੀਮ ਕਰਨ ਲਈ ਸਾਧਨਾ ਵੱਲ ਪ੍ਰੇਰਿਤ ਕਰਦੇ ਹਨ। ਸਿੱਖ ਦੀ ਭਾਵਨਾ ਹਰ ਥਾਂ/ਕਰਮ/ਖੇਤਰ ਤੋਂ ਸਿੱਖਣਾ ਹੁੰਦਾ ਹੈ। ਤਾਂ ਹੀ ਉਸ ਦੀ ਜਿੰਦਗੀ ਤਜ਼ਰਬਾ ਬਣ ਜਾਂਦਾ ਹੈ। ਉਹ ਦੁੱਖ ਨੂੰ ਵੇਖ ਕੇ ਘਬਰਾਉਂਦਾ ਨਹੀਂ, ਸਗੋਂ ਦੁੱਖ ਵਿੱਚੋਂ ਨਿਕਲ ਕੇ ਨਵੇਂ ਤਜ਼ਰਬੇ ਸਾਹਮਣੇ ਲੈ ਕੇ ਆਉਂਦਾ ਹੈ। ਪ੍ਰਮਾਤਮਾ ਵੱਲੋਂ ਮਿਲੇ ਸੁਆਸ ਉਸਦੀ ਜਿੰਦਗੀ ਦੀ ਗਿਣਤੀ ਹੈ। ਉਹ ਅਖੀਰਲੇ ਸੁਆਸ ਤੱਕ ਵਿਸ਼ਵਾਸਤ ਰਹਿੰਦਾ ਹੈ, ਕਿ ਇਸ ਧਰਤੀ ਤੇ ਚੰਗੇ ਕਰਮਾਂ ਕਰਕੇ ਹੀ ਦੋਨੋਂ ਜਹਾਨ (ਲੋਕ-ਪ੍ਰਲੋਕ) ਸੁਧਾਰੇ ਜਾ ਸਕਦੇ ਹਨ। ਉੱਪਰ ਕਥਨ ਕੀਤੇ ਸਾਧਨਾ ਨਾਲ ਲੈਸ ਹੋ ਕੇ ਹੀ ਸਿੱਖ ਕਲਿਆਣ ਪ੍ਰਾਪਤ ਕਰ ਸਕਦਾ ਹੈ। ਬਾਕੀ ਤਾਂ ਕਹਿਣ ਮਾਤਰ ਸਿੱਖ ਹੋ ਸਕਦੇ ਹਨ, ਭਾਵ ਵਿਖਾਵਾਕਾਰੀ ਸਿੱਖ ਦੇ ਜੀਵਨ ਦਾ ਅੰਗ ਨਹੀਂ ਹੋ ਸਕਦੀ। ਸਿੱਖੀ ਦਾ ਲਿਬਾਸ ਭੀ ਸਿੱਖ ਨੂੰ ਤਿਆਰ-ਬਰ-ਤਿਆਰ ਰੱਖਦਾ ਹੈ, ਕਿ ਵੇਖੀਂ!! ਰਸਤਾ ਗਲਤ ਨਾ ਹੋ ਜਾਵੇ? ਇਸ ਲਈ ਜਿਹਨਾਂ ਦਾ ਜੀਵਨ ਸਾਧਨਾ ਨਾਲ ਤਾਲੁਕ ਨਾ ਰਹੇ ਓਹ ਤਾਂ ਪੇਟ ਭਰਨ ਵਾਲੇ ਵਿਖਾਵੇ ਦੇ ਸਿੱਖ ਹੋ ਸਕਦੇ ਹਨ। ਇਸ ਤੋਂ ਵੱਧ ਕੁਝ ਨਹੀਂ।

**ਉਪਦੇਸ਼** :- ਸਿੱਖ ਅਤੇ ਗੁਰੂ ਦੀ ਸਾਂਝ ਦਾ ਉਪਰਾਲਾ ਹੀ ਉਪਦੇਸ਼ ਹੁੰਦਾ ਹੈ। ਜਿਹਨਾਂ ਵੀਚਾਰਾਂ ਦੀ ਸਾਂਝ ਵਿਚ 'ਆਤਮ ਅਤੇ ਅਨਾਤਮ' ਦੀ ਵਿਵੇਚਨ ਪ੍ਰਧਾਨ-ਸੁਰ ਵਿਚ ਹੋਵੇ ; ਵਾਸਤਵਿਕ ਉਪਦੇਸ਼ ਹੁੰਦਾ ਹੈ। ਉਪਦੇਸ਼ ਹੀ ਗੁਰੂ ਤੇ ਸਿੱਖ ਵਿਚਲੀ ਚੇਤਨਾ ਦਾ ਜ਼ਾਮਨ ਹੁੰਦਾ ਹੈ। ਜਿਸਦੀ ਸ਼ੁਰੂਆਤ ਵਿਚ ਪ੍ਰਾਥਮਿਕਤਾ ਸੇਵਾ ਨੂੰ ਦਿੱਤੀ ਜਾਂਦੀ ਹੈ। ਸੇਵਾ ਦੁਆਰਾ ਮਲ-ਦੋਸ਼ ਨਿਵਰਤ ਹੁੰਦਾ ਹੈ। ਹੌਲੀ-ਹੌਲੀ ਅਭਿਆਸ (ਸਿਮਰਨ) ਕਰਦਿਆਂ ਸ਼ਾਬਦਿਕ ਗਿਆਨ ਪ੍ਰਪੱਕ ਹੋ ਜਾਂਦਾ ਹੈ। ਸ਼ਾਬਦਿਕ ਗਿਆਨ ਦੀ ਪ੍ਰਪੱਕਤਾ ਨਾਲ ਧਿਆਨ ਸਥਿਰ ਹੁੰਦਾ ਹੈ। ਧਿਆਨ ਦੀ ਸਥਿਰਤਾ ਨਾਲ ਅਗਿਆਨ ਨਸ਼ਟ ਹੋ ਜਾਂਦਾ ਹੈ।

**ਸਿਖ ਕੇ ਨਾਸ਼ਹਿ ਬੰਧ ਕਲੇਸ਼। ਤਿਸ ਕੋ ਨਾਮ ਭਨੈਂ 'ਉਪਦੇਸ਼'।**
**ਦੀਖਯਾ-ਬਿਮਲ ਗਯਾਨ ਦੇ ਗੁਰ ਭਾਵ ਹਾਨਾ। ਇਹ 'ਦੀਖਯਾ' ਸਭਿ ਕਸ਼ਟ ਮਿਟਾਨਾ॥ ੪ ॥**

**ਅਰਥ** - ਜਿਹੜਾ ਸਿੱਖ ਦੇ ਸਾਰੇ ਬੰਧਨ ਅਤੇ ਕਲੇਸ਼ ਖਤਮ ਕਰ ਦੇਵੇ, ਉਸਨੂੰ

ਉਪਦੇਸ਼ ਕਹਿੰਦੇ ਹਨ। ਜੋ ਨਿਰਮਲ ਗਿਆਨ ਗੁਰੂ ਦੇ ਕੇ ਜਨਮ-ਮਰਣ ਦੇ ਸਾਰੇ ਕਸ਼ਟ ਮਿਟਾ ਦੇਵੇ ਉਸਨੂੰ ਦੀਖਯਾ ਕਹਿੰਦੇ ਹਨ।

**ਭਾਵਾਰਥ** - ਉਪਰੋਕਤ ਉਪਦੇਸ਼ ਸਿੱਖ ਦੇ ਜੀਵਨ ਵਿੱਚੋਂ ਸਾਰੇ ਕਲੇਸ਼ ਖਤਮ ਕਰ ਦਿੰਦਾ ਹੈ। 'ਸਿੱਖ' ਆਪਣੇ ਆਪ ਨੂੰ ਸਰੀਰ ਤੋਂ ਵੱਖਰਾ ਕਰਕੇ ਸਮਝਣ ਦੇ ਯੋਗ ਹੋ ਜਾਂਦਾ ਹੈ। ਸਿੱਖ ਲਈ ਸਰੀਰ ਕੇਵਲ ਸਾਧਨ ਮਾਤਰ ਨਜ਼ਰ ਆਉਂਦਾ ਹੈ। ਸਿੱਖ ਦੀ ਮਾਨਸਿਕ-ਬ੍ਰਿਤੀ ਆਤਮਾਕਾਰ ਹੋ ਜਾਂਦੀ ਹੈ। ਆਤਮਾ ਹੀ ਬ੍ਰਹਮਾਤਮਾ ਦਾ ਰੂਪ ਹੈ।

**ਦੀਖਯਾ** :- ਉਪਦੇਸ਼ ਦਾ ਹੀ ਇਕ ਅੰਗ ਦੀਖਯਾ ਹੁੰਦਾ ਹੈ। ਉਪਦੇਸ਼ ਦੇ ਨਾਲ ਹੀ ਕਵੀ ਜੀ ਨੇ ਦੀਖਯਾ ਨੂੰ ਅੰਕਿਤ ਕੀਤਾ ਹੈ। ਅੱਜ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਉਪਦੇਸ਼ ਕਿਵੇਂ ਪ੍ਰਾਪਤ ਕਰਨਾ ਹੈ, ਕੋਈ ਪਤਾ ਨਹੀਂ ਹੈ। ਜਿਵੇਂ ਕੋਈ ਗੁਰਬਾਣੀ ਦੀ ਵੀਚਾਰ ਸੁਣਾਉਂਦਾ ਹੈ, ਜਿਹੜੀ ਵੀਚਾਰ ਸਾਨੂੰ ਚੰਗੀ ਲਗੇ, ਉਸ ਦੇ ਪਿੱਛੇ ਲੱਗ ਤੁਰਦੇ ਹਾਂ। ਗੁਰਬਾਣੀ ਗੁਰੂ ਦੇ ਵਾਸਤਵਿਕ ਉਪਦੇਸ਼ ਤੋਂ ਵਾਂਝੇ ਹੀ ਰਹਿ ਜਾਂਦੇ ਹਾਂ। ਬਹੁਤ-ਵਾਰ ਤਾਂ ਆਪਸ ਵਿੱਚ ਗੁਰਬਾਣੀ ਵੀਚਾਰ ਦੇ ਸੰਬੰਧ ਵਿੱਚ ਝਗੜਾ ਹੀ ਸ਼ੁਰੂ ਕਰ ਦਿੱਤਾ ਜਾਂਦਾ ਹੈ। ਜਿਹੜਾ ਸਭ ਤੋਂ ਨੁਕਸਾਨਦੇਹ ਹੈ। ਹਰ ਪ੍ਰਚਾਰਕ ਨੂੰ ਸਮਝਣਾ ਹੋਵੇਗਾ, ਕਿ ਉਹ ਆਪਣੀ ਬੌਧਿਕਤਾ ਦੇ ਰੰਗ ਵਿੱਚ ਗੁਰਬਾਣੀ ਨੂੰ ਬੋਲੇਗਾ, ਕਿਉਂਕਿ ਪਾਣੀ ਨੂੰ ਜੈਸੇ ਪਦਾਰਥ ਦੇ ਨਾਲ ਮਿਲਾਇਆ ਜਾਏਗਾ, ਉਸੇ ਤਰ੍ਹਾਂ ਦਾ ਰੰਗ, ਸੁਗੰਧ ਪਾਣੀ ਗ੍ਰਹਿਣ ਕਰ ਲਵੇਗਾ। ਇਵੇਂ ਹੀ ਪ੍ਰਚਾਰਕ ਦੀ ਬੁੱਧੀ ਜੈਸੇ ਵੀਚਾਰਾਂ ਦੇ ਰੰਗ, ਸੁਗੰਧ ਵਾਲੀ ਹੋਵੇਗੀ; ਵੈਸਾ ਹੀ ਰੰਗ, ਸੁਗੰਧ ਉਸਦੀ ਬੋਲੀ ਵਿੱਚੋਂ ਨਜ਼ਰ ਆਏਗਾ। ਵੀਚਾਰਾਂ ਦੀ ਰੰਗਤ ਅਤੇ ਸੁਗੰਧੀ; ਗੁਰੂ ਵਾਲੀ ਰਹੇ ਇਸ ਲਈ ਦੀਖਯਾ ਹੋਣੀ ਜਰੂਰੀ ਹੈ। ਵੇਦਾਂਤ ਵਿੱਚ ਉਪਦੇਸ਼ ਕਰਤਾ ਵੱਲੋਂ ਜੋ ਧਾਰਮਿਕ ਨਿਯਮ ਦੱਸੇ ਜਾਂਦੇ ਹਨ, ਧਾਰਮਿਕ ਨਿਯਮਾਂ ਦੁਆਰਾ ਉਪਦੇਸ਼ ਸੁਣਾਇਆ ਜਾਂਦਾ ਹੈ। ਸਿੱਖ/ਜਗਿਆਸੂ ਧਾਰਮਿਕ ਨਿਯਮਾਂ ਨੂੰ ਪੂਰੀ ਦ੍ਰਿੜਤਾ ਨਾਲ ਜਿੰਦਗੀ ਵਿੱਚ ਧਾਰਨ ਕਰਨ ਦਾ ਅਹਿਦ ਕਰਦਾ ਹੈ। ਇਹ ਦੀਖਯਾ ਹੀ ਜਗਿਆਸੂ ਦੇ ਸਾਰੇ ਕਸ਼ਟ ਨਸ਼ਟ ਕਰ ਦਿੰਦੀ ਹੈ। ਦੀਖਯਾ ਦੁਆਰਾ ਸਿੱਖ ਅੰਦਰ ਕਸ਼ਟ ਸਹਿਣ ਲਈ ਸਿਦਕ ਤਿਆਰ ਹੋਣਾ ਸ਼ੁਰੂ ਹੋ ਜਾਂਦਾ ਹੈ। ਸਿਦਕੀ ਜੀਵਨ ਦੁੱਖ ਨੂੰ ਆਪਣੇ ਲਈ ਕਸਵੱਟੀ ਸਮਝ ਕੇ ਆਪਣੀ ਧਾਰਮਿਕ ਨਿਯਮਾਵਲੀ ਨੂੰ ਪੱਕੀ ਤਰ੍ਹਾਂ ਨਾਲ ਧਾਰਨ ਕਰੀ ਰੱਖਦਾ ਹੈ। ਅੱਜ ਸਾਨੂੰ ਲੋੜ ਹੈ! ਗੁਰੂ ਅਤੇ ਪ੍ਰਚਾਰਕ ਵਿਚਲੇ ਫਰਕ ਸਮਝਣ



ਦੀ, ਜਿਹੜੀ ਇਸ ਵੀਚਾਰ ਵਿੱਚੋਂ ਸਹਿਜੇ ਹੀ ਪਤਾ ਲੱਗ ਜਾਏਗਾ। ਗੁਰੂ ਦੀਖਯਾ ਕਰਤਾ ਹੈ, ਪ੍ਰਚਾਰਕ ਦੀ ਜ਼ੁਬਾਨ ਦੀਖਯਾ ਦੇ ਸ਼ਬਦ ਉਚਾਰਨ ਲਈ ਸਹਾਇਕ ਹੈ। ਜਿਵੇਂ ਅਸੀਂ ਹਜ਼ਾਰਾਂ ਲੋਕਾਂ ਤੱਕ ਅਵਾਜ਼ ਪਹੁੰਚਾਣ ਲਈ ਸਪੀਕਰ ਸਿਸਟਮ ਦੀ ਸਹਾਇਤਾ ਲੈਂਦੇ ਹਾਂ, ਇਵੇਂ 'ਗੁਰੂ' ਪ੍ਰਚਾਰਕ ਦੀ ਜ਼ੁਬਾਨ ਦੁਆਰਾ ਆਪਣੇ ਪਿਆਰਿਆਂ ਤੱਕ ਸੁਨੇਹਾ ਭੇਜਦਾ ਹੈ। ਬਹੁਤਾਤ ਪ੍ਰਚਾਰਕ ਨੂੰ ਆਪਣੇ ਆਪ ਤੇ ਗੁਰੂ ਕਾ ਜੇਠਾ ਪੁੱਤਰ ਹੋਣ ਦਾ ਭਰਮ ਪੈਦਾ ਹੋ ਜਾਂਦਾ ਹੈ। ਜਦੋਂ ਕਿ ਗੁਰੂ ਸਾਰਿਆਂ ਲਈ ਇੱਕੋ ਜਿਹਾ ਪਿਆਰ ਰਖਦੇ ਹਨ। "ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਨੇਰੀ॥ ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ॥ ੩ ॥- ਗੁਃ ਗ੍ਰੰਃ ਸਾਃ ਅੰਗ ੧੧੯" ਜਿਤਨਾ ਕੋਈ ਸਿਮਰਨ ਕਰਦਾ ਹੈ। ਗੁਰੂ ਸਾਹਿਬ ਜੀ ਦੀ ਮਹਿਰਵਾਨਗੀ ਉਸਨੂੰ ਪ੍ਰਾਪਤ ਹੁੰਦੀ ਹੈ।

**ਮੰਤ੍ਰ - ਮੰਤ੍ਰ ਸ਼ਿਰੋਮਣਿ ਕਹਿੰ ਸਤਿਨਾਮ । ਜਿਸ ਕੇ ਸਿਮਰਣ ਲਹਿ ਸੁਖ ਧਾਮ।**
**ਅਥਵਾ - ਅੱਦ੍ਵੈਤ ਵਾਕ ਤੱਤ੍ਵੰਮਸਿ ਜੋਇ। ਤੂੰ ਹੈ ਬ੍ਰਹਮ ਸੁਨੈ ਸਿਖ ਸੋਇ॥ ੫॥**

**ਅਰਥ** - ਸ਼੍ਰੋਮਣੀ ਮੰਤ੍ਰ ਸਤਿਨਾਮ ਹੈ, ਜਿਸ ਦੇ ਸਿਮਰਨ ਦੁਆਰਾ ਸੁੱਖ-ਸਰੂਪ ਪ੍ਰਾਪਤ ਕਰ ਲਈਦਾ ਹੈ। ਜੋ ਅਦਵੈਤ ਵਾਕ 'ਤਤ ਤੰਵ ਅਸੀ' ਹੈ; ਇਸ ਵਾਕ ਨੂੰ ਸਿੱਖ 'ਤੂੰ ਹੈਂ ਬ੍ਰਹਮ' ਇਸ ਪ੍ਰਕਾਰ ਸੁਣਨਾ ਕਰੇ।

**ਭਾਵਾਰਥ** - 'ਸਤਿਨਾਮ' ਦਾ ਅਰਥ ਹੈ: ਇੱਕ ਰਸ ਰਹਿਣ ਵਾਲਾ ਪਾਰਬ੍ਰਹਮ। ਗੁਰੂ-ਘਰ ਵਿੱਚ ਕੇਵਲ ਪਾਰਬ੍ਰਹਮ (ਅਕਾਲ) ਦਾ ਚਿੰਤਨ ਹੀ ਕੀਤਾ ਜਾਂਦਾ ਹੈ। ਹਰ ਕਿਰਿਆ ਕਰਨ ਵਾਲਾ ਪ੍ਰਮੇਸ਼ਰ ਹੈ। ਉਸ ਤੋਂ ਬਿਨਾਂ ਕੁੱਝ ਭੀ ਕਿਰਿਆਵਾਨ ਨਹੀਂ ਹੁੰਦਾ ਹੈ। ਇਸ ਅਧਿਆਇ ਦਾ ਕਥਨ ਵੇਦਾਂਤ ਰੂਪ ਵਿੱਚ ਕਵੀ ਜੀ ਨੇ ਅੰਕਿਤ ਕੀਤਾ ਹੈ, ਅਤੇ ਨਾਲ ਹੀ ਜਿੱਥੇ ਯੋਗ ਵੀਚਾਰਧਾਰਾ ਦੀ ਗੱਲ ਆਉਂਦੀ ਹੈ ਕਵੀ ਜੀ ਉਸਨੂੰ ਨਾਲ ਹੀ ਵਰਨਣ ਕਰਦੇ ਹਨ। ਜਿਵੇਂ ਇੱਥੇ 'ਸਤਿਨਾਮ' ਸ਼ਬਦ ਜੋ ਖਾਲਸਾ ਵਾਹਿਗੁਰੂ ਦੇ ਅੱਗੇ ਵਿਸ਼ੇਸ਼ਣ ਰੂਪ ਵਿੱਚ ਲਗਾਉਂਦਾ ਹੈ। ਪੰਜ ਪਿਆਰੇ ਸਾਹਿਬਾਨ 'ਵਾਹਿਗੁਰੂ' ਸ਼ਬਦ ਦ੍ਰਿੜ ਕਰਵਾਉਂਦੇ ਹਨ। ਕੰਮ ਕਾਰ ਕਰਦਿਆਂ 'ਸਤਿਨਾਮ-ਵਾਹਿਗੁਰੂ' ਸ਼ਬਦ ਗੁਰੂ-ਸੇਵਕਾਂ ਦੀ ਰਸਨਾ ਦਾ ਸ਼ਿੰਗਾਰ ਬਣਿਆ ਹੁੰਦਾ ਹੈ। ਇਹ 'ਵਾਹਿਗੁਰੂ' ਸ਼ਬਦ ਦੀ ਵਿਆਪਕਤਾ ਦਾ ਲਖਾਇਕ ਅਤੇ ਵਾਹਿਗੁਰੂ ਸ਼ਬਦ ਨੂੰ ਲੈ-ਬੱਧ ਬਣਾ ਦਿੰਦਾ ਹੈ। ਸ਼ਾਇਦ ਸਾਡੇ ਬਜ਼ੁਰਗਾਂ ਨੇ ਇਸੇ ਲਈ ਹੀ ਬੱਚੇ, ਨੌਂਜੁਆਨ, ਬੁੱਢੇ ਸਾਰਿਆਂ ਨੂੰ ਸਤਿਨਾਮ-ਵਾਹਿਗੁਰੂ ਦੀ ਧੁਨਿ ਲਗਾਉਣ

ਲਈ ਗੁਰੂ ਘਰ ਦੀ ਸੇਵਾ ਵਿੱਚ ਸਹਿਜ ਬਣਾ ਦਿੱਤਾ। ਵੇਦਾਂਤ ਵਿੱਚ ਸਤਿਨਾਮ ਦੀ ਵਿਆਖਿਆ ਨੂੰ 'ਤੂੰ ਹੈਂ ਬ੍ਰਹਮ' ਰੂਪ ਵਿੱਚ ਕਥਨ ਕੀਤਾ ਹੈ। ਜੋ ਬ੍ਰਹਮ ਇੱਕ-ਰਸ ਹੈ, ਉਹ ਸਾਰਿਆਂ ਵਿੱਚ ਵਿਆਪਕ ਹੈ। ਸਿੱਖ ਵਿੱਚ ਭੀ ਉਹੀ ਬ੍ਰਹਮ ਵਿਆਪਕ ਹੈ। ਵੇਦਾਂਤ ਵਾਕ ਇਹੀ ਨਿਰਣਾ ਕਰਵਾਉਂਦੇ ਹਨ। ਸਿੱਖ/ ਜਗਿਆਸੂ ਆਪਣੇ ਅਚਾਰੀਆਂ/ ਉਸਤਾਦ ਕੋਲੋਂ ਹਮੇਸ਼ਾਂ ਚਿੰਤਨ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ 'ਤੂੰ ਹੈਂ ਬ੍ਰਹਮ' ਇਹ ਵਾਕ ਸੁਨਣਾ ਕਰੇ। ਸੁਨਣ ਤੋਂ ਉਪਰੰਤ ਬਾਰ-ਬਾਰ ਚਿੰਤਨ ਵਿੱਚ ਧਾਰਨ ਕਰਨ ਲਈ ਯਤਨ ਕਰਦਾ ਰਹੇ। ਇਸ ਚਿੰਤਨ ਵਿੱਚ ਜੀਵਨ ਦੀ ਚੇਤਨਾ ਦਾ 'ਇੱਕ-ਰਸ ਅਨਭਵ' ਗਿਆਨ ਤੋਂ ਧਿਆਨ ਰਾਂਹੀ ਪ੍ਰਪੱਕ ਹੁੰਦਾ ਹੈ।

**'ਅਹੰਬ੍ਰਮਾਸਮਿ' ਬਹੁਰ ਉਚਾਰੇ । ਮਹਾਵਾਕਯ ਏਹ ਮੰਤ੍ਰ ਸੁ ਧਾਰੇ।**
**ਵਰਣ-ਲਏ ਪ੍ਰਕਿਰਤਿ ਸਤਿਗੁਣ ਦ੍ਵਿਜ ਜਾਤਿ। ਸਤ ਰਜ ਮਿਸ੍ਰਤ ਛੱਤ੍ਰੀ ਭਾਂਤਿ॥ ੬॥**

**ਅਰਥ** – ਫਿਰ 'ਅਹੰ ਬ੍ਰਹਮ ਅਸਮੀ' ਭਾਵ 'ਮੈਂ ਬ੍ਰਹਮ ਹਾਂ' ਉਚਾਰਨ ਕਰੇ। ਇਸ ਮਹਾਂਵਾਕ ਨੂੰ ਮੰਤ੍ਰ ਰੂਪ ਨਿਰਨਾ ਕਰੇ। ਵਰਣ:- ਸਤੋਗੁਣ ਨੂੰ ਲੈ ਕੇ ਪ੍ਰਕ੍ਰਿਤੀ ਦਿਜ-ਜਾਤੀ ਉਤਪੰਨ ਕਰਦੀ ਹੈ। ਸਤੋ-ਰਜੋ ਮਿਸ੍ਰਤ ਤੋਂ ਛਤ੍ਰੀ ਉਤਪੰਨ ਕਰਦੀ ਹੈ।

**ਭਾਵਾਰਥ** – 'ਮੈਂ ਬ੍ਰਹਮ ਹਾਂ' ਅਤੇ 'ਬ੍ਰਹਮ ਤੂੰ ਹੈਂ' ਇਹਨਾਂ ਦੋਨਾਂ ਵਾਕਾਂ ਦੁਆਰਾ ਜੀਵ ਅਤੇ ਈਸ਼ਰ ਦੀ ਅਲਪਗਤਾ ਅਤੇ ਸਰਬੱਗਤਾ ਦੀ ਉਪਾਧੀ ਦੂਰ ਹੋ ਜਾਂਦੀ ਹੈ। ਜਿਵੇਂ ਸਮੁੰਦਰ ਅਤੇ ਕਤਰੇ ਦੀ ਉਪਾਧੀ ਪਾਣੀ ਦੇ ਨਜ਼ਰੀਏ ਤੋਂ ਦੂਰ ਹੋ ਜਾਂਦੀ ਹੈ, ਕਿਉਂਕਿ ਪਾਣੀ ਕਰਕੇ ਹੀ ਕਤਰਾ ਅਤੇ ਸਮੁੰਦਰ ਹੈ। ਸਮੁੰਦਰ ਵਿੱਚ ਪਾਣੀ ਬੇ-ਅਥਾਹ ਹੈ, ਕਤਰੇ ਵਿੱਚ ਇੱਕ ਬੂੰਦ ਪਾਣੀ ਹੈ। ਦੋਨਾਂ ਦੀ ਹੋਂਦ ਪਾਣੀ ਕਰਕੇ ਹੀ ਹੈ। ਇਵੇਂ ਹੀ ਈਸ਼ਰ ਅਤੇ ਜੀਵ ਦੀ ਹੋਂਦ 'ਅਸਮਿ' ਵਰਤਮਾਨਤਾ ਕਰਕੇ ਹੈ। ਬਹੁਤੀ ਵਿਆਖਿਆ ਲਈ ਵੀਚਾਰਸਾਗਰ ਜਾਂ ਵੇਦਾਂਤ ਦੇ ਬਹੁਤ ਗ੍ਰੰਥ ਹਨ, ਉਹ ਵੇਖੇ ਜਾ ਸਕਦੇ ਹਨ। ਵਰਣ:- ਕਰਮਾਂ ਦੀ ਫਲਾਸਫੀ ਲਈ ਮਨੁੱਖੀ ਜੀਵਨ ਨੂੰ ਵਰਨ-ਵੰਡ ਵਿੱਚ ਕਿਸੇ ਵੇਲੇ ਮਨੁੱਖ ਦੀ ਮਨੁੱਖ ਪ੍ਰਤੀ ਸਤਿਕਾਰਤ ਭਾਵਨਾ ਦੀ ਪ੍ਰਪੱਕਤਾ ਲਈ ਅਤੇ ਆਪਸੀ ਸਨਮਾਨ ਲਈ ਸੰਜੀਦ ਲੋਕਾਂ ਨੇ ਤਿਆਰ ਕੀਤਾ ਹੋਵੇਗਾ। ਪਰ ਸਵਾਰਥੀ ਲੋਕਾਂ ਨੇ ਕਿਸ ਤਰ੍ਹਾਂ ਦਾ ਮਹੌਲ ਸਿਰਜ ਦਿੱਤਾ ਹੈ??? ਸਮਾਜ ਸ਼੍ਰੇਣੀਆਂ ਵਿੱਚ ਵੰਡ ਦਿੱਤਾ ਹੈ। ਇੱਕ ਆਪਣੇ-ਆਪ ਨੂੰ ਵੱਡਾ ਦੱਸ ਕੇ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਬੇ-ਵਕੂਫਤਾ ਕਰਨ ਲੱਗ ਪਏ। ਬ੍ਰਹਮ ਨੂੰ ਜਾਨਣ ਵਾਲੇ ਨੂੰ ਬ੍ਰਾਹਮਣ



ਆਖਦੇ ਹਨ ਅਤੇ ਗਿਆਨ ਦੀ ਸਾਂਝ ਕਰਕੇ ਗ੍ਰੰਥਾਂ ਦੇ ਵੇਤਾ ਕਰਕੇ ਜਾਣੇ ਜਾਂਦੇ ਹਨ। ਐਸਾ ਸਮਾਂ ਆਇਆ ਕਿ ਕੰਮ ਕਰਨ ਵਾਲਿਆਂ ਦਾ ਭਲਾ ਕਰਨ ਨਾਲੋਂ ਨੀਵੇਂਪਣ ਦਾ ਸ਼ਿਕਾਰ ਬਣਾ ਕੇ ਪੀੜਤ ਕਰਨਾ ਸ਼ੁਰੂ ਕਰ ਦਿੱਤਾ। ਫਲਸਰੂਪ ਬ੍ਰਹਮ ਤੋਂ ਪੈਦਾ ਹੋਈ ਸ੍ਰਿਸ਼ਟੀ ਦੇ ਮਨੁੱਖ ਹੀ ਮਨੁੱਖ ਦੇ ਵੈਰੀ ਬਣ ਗਏ। ਗ੍ਰੰਥਾਂ ਅੰਦਰ ਕਥਨ ਆਉਂਦਾ ਹੈ, ਕਿ ਬ੍ਰਹਮਣ ਦਿਮਾਗ ਹੈ, ਛਤ੍ਰੀ ਛਾਤੀ ਹਨ, ਵੈਸ਼ ਪੇਟ ਹਨ ਅਤੇ ਸ਼ੂਦਰ ਪੈਰ ਹਨ। ਕਿੰਨੀ ਹੈਰਾਨੀ ਹੁੰਦੀ ਹੈ, ਕੁਦਰਤਿ ਨੇ ਤਾਂ ਸਰੀਰ ਦੇ ਸਾਰੇ ਅੰਗਾਂ ਦਾ ਇੱਕ ਦੂਜੇ ਨਾਲ ਜੋੜ ਇਤਨਾ ਸੁੰਦਰ ਜੋੜਿਆ ਹੈ, ਸੱਟ ਪੈਰ ਤੇ ਲੱਗੇ ਦਿਮਾਗ ਪੂਰੇ ਸਰੀਰ ਦਾ ਤਾਣਾ-ਬਾਣ ਪੈਰ ਵੱਲ ਕੇਂਦ੍ਰਿਤ ਕਰ ਦਿੰਦਾ ਹੈ; ਹੱਥ ਪੀੜ ਵਾਲੇ ਥਾਂ ਨੂੰ ਪਲੋਸਣ ਜਾਂ ਬੀਮਾਰੀ ਨੂੰ ਦੂਰ ਕਰਨ ਦੇ ਆਹਰ ਵਿੱਚ ਲੱਗ ਜਾਂਦੇ ਹਨ, ਜੁਬਾਨ ਰੌਲਾ ਪਾਉਣ ਲੱਗ ਜਾਂਦੀ ਹੈ, ਮਨ ਦੁਖੀ ਹੋਣ ਲੱਗ ਜਾਂਦਾ ਹੈ। ਕੀ ਸ਼ੂਦਰਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਕਦੇ ਗਿਆਨੀ/ਪੰਡਿਤ ਅਖਵਾਉਣ ਵਾਲਿਆਂ ਅੰਦਰ ਦਰਦ ਆਇਆ ਹੈ? ਸੰਜੀਦ ਪੁਰਖ ਲੋਕਾਂ ਨੂੰ ਇੱਕ ਦੂਜੇ ਪ੍ਰਤੀ ਲੋੜਾਂ ਦਾ ਧਿਆਨ ਕਰਵਾ ਕੇ ਚੰਗਿਆਈ ਲਈ ਜੋੜਦੇ ਹਨ। ਸੁਆਰਥੀ ਲੋਕਾਂ ਆਪਣੇ ਸੁਆਰਥ ਲਈ ਕਾਨੂੰਨ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਗਿਆਨੀ/ਪੰਡਤ ਦਾ ਫਰਜ਼ ਲੋਕਾਂ ਦਾ ਗਿਆਨ ਵੱਲ ਧਿਆਨ ਕਰਵਾਉਣਾ ਹੈ। ਹੈਰਾਨੀ ਹੁੰਦੀ ਹੈ!! ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਦਾਨਸ਼ਵਰ ਲੋਕਾਂ ਦੇ ਵਿਸ਼ਾਲ ਗਿਆਨ ਨੂੰ ਵੀ ਸੌੜੀ ਸੋਚ ਵਾਲੇ ਬਾਹਮਣਵਾਦ ਕਹਿਕੇ ਨਵੀਂ ਪੀੜ੍ਹੀ ਨੂੰ ਗਿਆਨ ਦੇ ਵਿਸ਼ਾਲ ਸਾਗਰ ਤੋਂ ਤੋੜਨ ਦਾ ਪਾਪ ਕਰਦੇ ਹਨ। ਕਵੀ ਜੀ ਨੇ ਕੁਦਰਤਿ ਦੇ ਨਿਜ਼ਾਮ ਨੂੰ ਜਿਵੇਂ ਗ੍ਰੰਥਾਂ ਵਿਚੋਂ ਵੀਚਾਰਿਆਂ ਸ਼ਬਦਾਵਲੀ ਨਾਲ ਸਿੰਗਾਰ ਕੇ ਪੇਸ਼ ਕੀਤਾ ਹੈ।

**ਰਜ ਤਮ ਲਏ ਪ੍ਰਕ੍ਰਿਤ ਤਨ ਬੈਸ। ਤਮ ਪ੍ਰਕ੍ਰਿਤ ਤੇ ਸ਼ੂਦ੍ਰਨ ਹੈਸ ।**
**ਤ੍ਰਿਗੁਣੀ ਪ੍ਰਕ੍ਰਿਤੀ ਚਾਰ ਵਰਣ ਗਣ। ਇਕ ਇਕ ਬਰਣ ਮਹਿਂ ਚਾਰਹੁਂ ਬਰਣ॥ ੭॥**

**ਅਰਥ** – ਰਜੋ-ਤਮੋ ਗੁਣ ਲੈ ਕੇ ਪ੍ਰਕ੍ਰਿਤੀ ਵੈਸ-ਸਰੀਰ ਪੈਦਾ ਕਰਦੀ ਹੈ। ਤਮੋ-ਗੁਣ ਲੈ ਕੇ ਪ੍ਰਕ੍ਰਿਤੀ ਸੂਦ੍ਰਾਂ ਨੂੰ ਰਚਿਆ ਹੈ। ਤ੍ਰਿਗੁਣਾਤਮਕ ਪ੍ਰਕ੍ਰਿਤੀ ਤੋਂ ਚਾਰ ਵਰਣ ਇਸ ਪ੍ਰਕਾਰ ਜਾਨਣਾ ਕਰ। (ਕਰਮਾਂ ਅਨੁਸਾਰ) ਇੱਕ-ਇੱਕ ਵਰਣ ਵਿੱਚ ਵੀ ਚਾਰੋਂ ਵਰਣ ਬਣ ਸਕਦੇ ਹਨ।

**ਭਾਵਾਰਥ** – ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੰਸਾਰ ਦੀ ਹੋਂਦ ਤਿੰਨ ਗੁਣਾਂ ਤੋਂ ਰੂਪਵਾਨ ਹੋਈ ਮੰਨੀ ਜਾਂਦੀ ਹੈ। "ਤ੍ਰੈ ਗੁਣ ਕੀਆ ਪਸਾਰਾ॥ -ਅੰਗ ੧੦੦੩"

"ਤ੍ਰੈਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਅਕਾਰੀ॥- ਅੰਗ ੧੨੬੦" ਤਿੰਨ ਗੁਣਾਂ ਦੇ ਆਪਸੀ ਮਿਲਾਨ ਤੋਂ ਚਾਰ ਵਰਣਾਂ ਦਾ ਕਥਨ ਸੰਸਾਰ ਦੀ ਕਾਲਪਨਿਕ ਸਿਧਤਾਈ ਲਈ ਹੈ। ਜਿਵੇਂ ਸਾਇੰਸ ਨੇ ਕੁੱਝ ਨੂੰ ਇੱਕ ਸੈਲ (Unicelluler) ਅਤੇ ਕੁੱਝ ਨੂੰ ਕਾਫੀ ਸੈਲਾਂ (Many Celluler) ਨਾਲ ਬਣਿਆ (ਹੋਂਦ ਵਿਚ ਆਉਣਾ) ਮੰਨਿਆ ਹੈ। ਕਿਸੇ ਵੀਚਾਰ ਦੀ ਸਿੱਧੀ ਲਈ ਕੁੱਝ ਸਹਾਰਾ ਤਿਆਰ ਕਰਨਾ ਹੀ ਪੈਂਦਾ ਹੈ। ਚਾਰ ਵਰਣਾਂ ਦੀ ਕੰਮ ਕਰਨ ਦੀ ਵਿਧੀ ਅਤੇ ਢੰਗ ਲਈ ਚਾਰਾਂ ਦੇ ਸੁਭਾਅ ਅਤੇ ਰਹਿਣ ਸਹਿਣ ਦੇ ਅਸਰ ਮੁਤਾਬਿਕ ਤਿੰਨ ਗੁਣਾਂ ਦੀ ਵਰਤੋਂ ਦਾ ਮਿਸ਼ਰਨ ਤਿਆਰ ਕੀਤਾ ਹੈ। 'ਸਤੋ ਗੁਣ ਪ੍ਰਕਾਸ਼ਮਈ ਹੈ- ਸਿੱਖ ਪੰਥ ਵਿਸ਼ਵਕੋਸ਼' 'ਰਜੋਗੁਣ ਵਿਸਥਾਰਤ' ਅਤੇ 'ਤਮੋਗੁਣ ਕ੍ਰੋਧਿਤ' ਪ੍ਰਵਿਰਤੀ ਹੈ। ਸਮੇਂ ਦੀ ਚਾਲ ਨਾਲ ਗਿਆਨ ਭੀ ਵੱਧਦਾ ਜਾਂਦਾ ਹੈ। ਮੌਖਿਕ ਤੋਂ ਲੇਖਣੀ ਦੁਆਰਾ ਗਿਆਨ ਦਾ ਵਾਧਾ ਵਰਤਮਾਨ ਤੱਕ ਲੰਮੀ ਦਾਸਤਾਨ ਹੈ। ਵੇਦਾਂ ਦੀ ਬਾਣੀ ਮੌਖਿਕ ਤੋਂ ਲੇਖਣੀ ਦੇ ਰੂਪ ਵਿੱਚ ਮਨੁੱਖਤਾ ਲਈ ਮਨੁੱਖ ਦੁਆਰਾ ਉਪਲੱਬਧ ਹੋਣੀ ਸ਼ੁਰੂ ਹੋਈ; ਹੌਲੀ-੨ ਮਨੁੱਖ ਦੇ ਵੀਚਾਰ ਇਸ (ਲੇਖਣੀ ਅੰਦਰ) ਨਾਲ ਰਲਦੇ ਗਏ। ਜਿਸ ਵਰਤਮਾਨ ਸਮੇਂ ਵਿੱਚ ਲਿਖਣ ਵਿੱਚ ਲੇਖਕ ਹੁੰਦਾ ਹੈ, ਲੇਖਕ ਤੇ ਵਰਤਮਾਨ ਦੇ ਵਾਤਾਵਰਣ ਦਾ ਸਭ ਤੋਂ ਵੱਧ ਹਿਸਾ ਹੁੰਦਾ ਹੈ। ਕੋਈ ਵੀ ਲੇਖਕ ਆਪਣੀ ਲਿਖਤ ਨੂੰ ਮੰਦੀ ਵੀਚਾਰਧਾਰਾ ਨਾਲ ਦੂਸ਼ਿਤ ਨਹੀਂ ਕਰਨਾ ਚਾਹੁੰਦਾ ਸਗੋਂ ਜੇ ਉਸ ਅੰਦਰ ਦੂਸ਼ਿਤਾਈ ਹੋਵੇ ਉਸਨੂੰ ਛੁਪਾਉਣ ਦਾ ਪੂਰਾ ਯਤਨ ਕਰੇਗਾ। ਜਿੱਥੋਂ ਤੱਕ ਗ੍ਰੰਥਾਂ ਦਾ ਸਵਾਲ ਹੈ, ਜੇ ਅਸੀਂ ਵਰਤਮਾਨ ਸਮੇਂ ਤੱਕ ਜਾਤ-ਪਾਤ ਦੇ ਖੰਡਨ-ਮੰਡਨ ਵਾਲੇ ਸਾਰੇ ਗ੍ਰੰਥਾਂ ਨੂੰ ਜਾਤ-ਪਾਤ ਦੀ ਵਿਵੇਚਨ ਬ੍ਰਿਤੀ ਨਾਲ ਵੀਚਾਰੀਏ। ਤਕਰੀਬਨ ਸਾਰੇ ਗ੍ਰੰਥਾਂ ਦੀ ਸ਼ੈਲੀ ਦਾ ਵਰਨਣ ਮਨੁੱਖ ਨੂੰ ਮਨੁੱਖ ਤੋਂ ਸੁਵਿਧਾ ਲਈ ਹੀ ਹੁੰਦਾ ਹੈ। ਸਮਾਜ ਵਿੱਚ ਅਸੁਵਿਧਾ ਫੈਲਾਉਣ ਵਾਲੇ ਲਈ ਕਾਨੂੰਨ ਸਜਾ ਦੱਸਦਾ ਹੈ, ਇਸ ਦਾ ਇਹ ਮਤਲਬ ਨਹੀਂ ਕਿ 'ਗਲਤੀ ਕਰੋ ਸਜਾ ਭੁਗਤੋ' ਸਗੋਂ ਮਕਸਦ ਹੈ 'ਜੇ ਗਲਤੀ ਕਰੋਗੇ ਤਾਂ ਸਜਾ ਪਾਓਗੇ' ਭਾਵ ਹੈ 'ਗਲਤੀ ਤੋਂ ਦੂਰ ਰਹਿਣਾ ਹੀ ਅਜਾਦੀ ਦਾ ਸੁੱਖ ਮਾਨਣਾ ਹੈ। ਜਦੋਂ ਪੰਜਾਂ ਤੱਤਾਂ ਦੇ ਤਿੰਨ ਗੁਣਾਂ ਤੋਂ ਸਾਰੇ ਸਰੀਰ ਹੋਂਦ ਵਿੱਚ ਆਏ ਹਨ, ਤਿੰਨ ਗੁਣਾਂ ਦੇ ਆਪਸੀ ਮਿਲਾਨ ਤੋਂ ਚਾਰ ਵਰਣ ਬਣੇ ਹਨ। ਫਿਰ ਇਹਨਾਂ ਵਿੱਚ ਕਿੱਥੇ ਵੀਚਾਰ ਨਜ਼ਰ ਆਉਂਦੀ ਹੈ, ਕਿ ਬ੍ਰਾਹਮਣ ਵੱਖਰੀ ਚੀਜ਼ ਹੈ ਅਤੇ ਸ਼ੂਦਰ ਵਖਰੀ। ਖੁਰਾਕੀ ਤੱਤ ਖੂੰਨ ਬਣ ਕੇ ਸਾਰੇ ਸਰੀਰ ਨੂੰ ਵੱਧਣ-ਫੁੱਲਣ ਵਿੱਚ ਇੱਕੋ ਜਿਹੀ



ਸਹਾਇਤਾ ਕਰਦੇ ਹਨ। ਇਨਸਾਨੀਅਤ ਦੇ ਤੱਤ ਮਨੁੱਖਤਾ ਅੰਦਰ ਵੀਚਾਰਧਾਰਕ ਖੂੰਨ ਬਣ ਕੇ ਸੁੰਦਰ ਸਮਾਜ ਦੀ ਇਕੋ-ਜਿਹੀ ਸਹਾਇਤਾ ਕਰਦੇ ਹਨ। ਸਰੀਰ ਅੰਦਰ ਕਿਸੇ ਅੰਗ ਵਿਚ ਹਾਰਮੋਨਜ਼ ਦਾ ਸੰਤੁਲਨ ਵਿਗੜਿਆ ਹੋਵੇ ਤਾਂ ਉਸ (ਅੰਗ) ਦਾ ਦੂਸਰੇ ਸਰੀਰ ਤੋਂ ਵੱਖਰਾਪਣ ਪ੍ਰਤੀਤ ਹੋਣਾ ਸੁਭਾਵਕ ਹੈ। ਸਵਾਰਥੀ/ਲਾਲਚੀ ਮਨੁੱਖ ਦਾ ਸਮਾਨਤਾ ਰੂਪ ਸੰਤੁਲਨ ਵਿਗੜਨ ਕਰਕੇ ਸਮਾਜਿਕ ਵੀਚਾਰਧਾਰਵਾਂ ਦਾ ਘਾਣ ਹੁੰਦਾ ਹੈ। ਕੁਦਰਤਿ ਵਿੱਚ ਵਾਤਾਵਰਣ ਦਾ ਸੰਤੁਲਨ ਵਿਗੜ ਜਾਏ, ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਵੇਂ ਸਮਾਜਿਕ ਸਿਧਾਂਤਾਂ ਦਾ ਸੰਤੁਲਨ ਵਿਗੜ ਜਾਏ ਮਨੁੱਖ ਨੂੰ ਮਨੁੱਖ ਤੋਂ ਬਚਾਅ ਕਰਨ ਲਈ ਸੁਰੱਖਿਆਤਮਕ ਦਾਅ ਅਪਨਾਉਣਾ ਪੈਂਦਾ ਹੈ। *'ਜਾਤ-ਪਾਤ ਨੇ ਮੁੱਢ ਵਿੱਚ ਉਸਾਰੂ ਭੂਮਿਕਾ ਨਿਭਾਈ ਸੀ ਕਿਉਂਕਿ ਇਸ ਦਾ ਆਧਾਰ ਵਿਅਕਤੀ ਦੀ ਯੋਗਤਾ ਅਨੁਸਾਰ ਕੰਮ ਦੀ ਵੰਡ ਸੀ, ਵਕਤ ਦੇ ਬੀਤਣ ਨਾਲ ਪਹਿਲਾਂ ਇਹ ਕਿੱਤੇ ਨਾਲ ਜੋੜੀ ਗਈ ਅਤੇ ਮਗਰੋਂ ਇਹ ਜਨਮ-ਅਧਾਰਿਤ ਹੋ ਗਈ- ਨਰਿੰਦਰ ਸਿੰਘ ਕਪੂਰ, ਬੁਨਿਆਦ'*

**ਅਥਵਾ ਵਰਣ ਦੋਇ ਇਸ ਢਾਲ । ਬ੍ਰਹਮਨ ਆਦਿ ਅੰਤ ਚੰਡਾਲ ।**
**ਬ੍ਰਹਮ ਅਭਿਮਾਨੀ ਬ੍ਰਹਮਣ ਕਹੀਏ। ਤਨ ਅਭਿਮਾਨਿ ਚੰਡਾਲ ਸੁ ਲਹੀਏ॥ ੮॥**

**ਅਰਥ** - ਜਾਂ ਦੋ ਵਰਣ ਇਸ ਪ੍ਰਕਾਰ ਹਨ, ਆਦਿ ਵਿੱਚ ਬ੍ਰਹਮਣ ਅਤੇ ਅੰਤ ਵਿੱਚ ਚੰਡਾਲ; ਜਿਹਨਾਂ ਨੇ ਬ੍ਰਹਮ ਨੂੰ ਆਪਣਾ ਆਪ ਨਿਸ਼ਚਤ ਕੀਤਾ ਹੈ, ਭਾਵ "ਮੈਂ ਬ੍ਰਹਮ ਹਾਂ" ਉਹ ਬ੍ਰਹਮਣ ਹਨ। ਜਿਹਨਾਂ ਨੇ ਤਨ-ਹੰਤਾ ਨੂੰ ਆਪਣਾ ਆਪ ਜਾਣਿਆ ਹੈ, ਉਹ ਚੰਡਾਲ ਹਨ।

**ਭਾਵਾਰਥ** - ਕਵੀ ਜੀ ਜਿੱਥੇ ਸਾਰੇ ਸਾਸਤ੍ਰਾਂ ਦੇ ਗਿਆਤਾਵਾਨ ਹਨ, ਉੱਥੇ ਸਾਰੇ ਸਾਸਤ੍ਰਾਂ ਦੀ ਅਸਲੀਅਤ ਨੂੰ ਵੀ ਸਮਝਣ ਵਾਲੇ ਹਨ। ਸਭ ਤੋਂ ਵੱਡੀ ਗੱਲ ਗੁਰੂ ਸਾਹਿਬਾਨ ਜੀ ਪ੍ਰਤੀ ਅਟੁੱਟ ਸ਼ਰਧਾ ਅਤੇ ਪ੍ਰੇਮ ਰੱਖਣ ਵਾਲੇ ਹਨ। ਹਰ ਵੀਚਾਰ ਦੀ ਸੂਝ ਗੁਰਮਤਿ ਦੇ ਸਿਧਾਂਤ ਤੋਂ ਪਰਖਦੇ ਹਨ ਅਤੇ ਦਰਸ਼ਨ ਸ਼ਾਸਤ੍ਰ ਦੀ ਰੂਪ ਰੇਖਾ ਨੂੰ ਖੰਡਨ ਨਹੀਂ ਕਰਦੇ ਹਨ। ਸਗੋਂ ਤਰੁੱਟੀਆਂ ਨੂੰ ਇਸ ਤਰਾਂ ਨਾਲ ਪੇਸ਼ ਕਰਦੇ ਹਨ, ਕਿ ਉਸ ਸ਼ਾਸਤ੍ਰ ਤੇ ਵਿਸ਼ਵਾਸ਼ ਰੱਖਣ ਵਾਲੇ ਨੂੰ ਆਪਣੇ ਵੀਚਾਰਾਂ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ। ਸਰੀਰ ਕਰਕੇ ਸਾਰੇ ਮਨੁੱਖ ਇੱਕੋ ਜਿਹੇ ਹੀ ਹਨ। ਕਿਉਂਕਿ ਸਰੀਰ ਪੰਜ ਤੱਤਾਂ ਦੇ ਹੀ ਬਣੇ ਹੋਏ ਹਨ। ਪਰ ਮਨੁੱਖ ਨੂੰ ਦੋ ਤਰ੍ਹਾਂ ਦੀ ਬ੍ਰਿਤੀ ਅਨੁਸਾਰ ਦੇਖਿਆ ਜਾਂਦਾ ਹੈ। ਦੈਵ-ਬ੍ਰਿਤੀ ਅਤੇ ਆਸੁਰੀ-ਬ੍ਰਿਤੀ ਭਾਵ ਚੰਗਿਆਈ ਵਾਲੀ

ਬ੍ਰਿਤੀ ਅਤੇ ਬੁਰਿਆਈ ਵਾਲੀ ਬ੍ਰਿਤੀ। ਸ਼ੁੱਧ-ਬ੍ਰਿਤੀ ਬ੍ਰਹਮ ਦਾ ਅਨਭਵ ਕਰਨ ਵਾਲੀ ਹੁੰਦੀ ਹੈ। ਬ੍ਰਹਮ ਤੋਂ ਭਾਵ 'ਸਭ ਦਾ ਭਲਾ ਚਾਹੁਣ ਵਾਲੀ ਸੋਚ', ਸ਼ੁੱਧ-ਬ੍ਰਿਤੀ ਵਾਲਾ ਸਭ ਦਾ ਭਲਾ ਚਾਹੁੰਦਾ ਹੈ। ਗੁਰਬਾਣੀ ਅਨੁਸਾਰ ਉਹੋ ਹੀ ਅਸਲ ਬ੍ਰਹਮਣ ਹੈ। "ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣ ਕਹੀਅਤ ਹੈ ਹਮਾਰੈ॥ ੪॥੭॥ ਗੁ: ਗ੍ਰੰ: ਸਾ: ਅੰਗ ੩੨੪" ਦੂਜੇ ਪਾਸੇ ਅਸ਼ੁਧ-ਬ੍ਰਿਤੀ ਵਾਲਾ ਮਨੁੱਖ ਹੈਵਾਨ ਹੋ ਜਾਂਦਾ ਹੈ, ਉਸ ਲਈ ਕੇਵਲ ਆਪਣਾ ਸੁਆਰਥ ਹੀ ਦਿਖਾਈ ਦਿੰਦਾ ਹੈ। "ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥ ਗੁ:ਗ੍ਰੰ:ਸਾ:ਅੰਗ ੬੪੩" ਕਾਨ੍ਹ ਸਿੰਘ ਨੇ 'ਚੰਡਾਲ' ਦੇ ਅਰਥ 'ਤਾਮਸੀ ਸੁਭਾਅ ਵਾਲਾ' ਕੀਤੇ ਹਨ। ਤਾਮਸੀ ਜਾਂ ਤਮੋਗੁਣ ਦਾ ਕਾਰਯ ਕ੍ਰੋਧ ਹੁੰਦਾ ਹੈ। ਕੁੱਲ ਦੁਨੀਆਂ ਦੇ ਲੋਕਾਂ ਦਾ ਸੁਭਾਅ ਸ਼ੁੱਧ-ਬ੍ਰਿਤੀ ਅਤੇ ਅਸ਼ੁੱਧ ਬ੍ਰਿਤੀ ਦੇ ਵਿੱਚ ਆ ਜਾਂਦਾ ਹੈ। ਜਿਹੜੇ ਬ੍ਰਹਮ ਨੂੰ ਸਾਰੇ ਵਿਆਪਕ ਦੇਖਦੇ ਹਨ, ਉਹ ਬ੍ਰਹਮਣ ਹਨ ਅਤੇ ਜਿਹੜੇ ਆਪਣੀਆਂ ਸਾਰੀਰਕ ਸੁਵਿਧਾਵਾਂ ਲਈ ਦੂਜਿਆਂ ਦੇ ਸੁੱਖਾਂ ਦੀ ਬਲੀ(ਖਤਮ ਕਰ) ਦੇ ਦਿੰਦੇ ਹਨ, ਉਹ ਚੰਡਾਲ ਹਨ।

**ਬ੍ਰਹਮਣ ਸੋ ਜੋ ਬ੍ਰਹਮ ਜਾਨਾਤਿ। ਬੇਦ ਗ੍ਰੰਥ ਭਾਖਤਿ ਬੱਖਜਾਤਿ।**
**ਆਸ਼੍ਰਮ - ਆਸ਼੍ਰਮ ਬ੍ਰਹਮਚਾਰੀ ਚੱਤ੍ਰਾਸ। ਗ੍ਰਹਸਥ ਬਾਨ ਪ੍ਰਸਥੰ ਸੰਨਜਾਸ॥ ੯॥**

**ਅਰਥ** - ਬ੍ਰਹਮਣ ਉਹ ਹੈ, ਜੋ ਬ੍ਰਹਮ ਨੂੰ ਜਾਣਦਾ ਹੈ। ਬੇਦ ਅਤੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਗਟ ਹੀ ਇਹ ਗੱਲ ਆਖਦੇ ਹਨ। ਚਾਰ ਆਸ਼੍ਰਮ ਹਨ; ਬ੍ਰਹਮਚਾਰੀ, ਗ੍ਰਹਿਸਤ, ਬਾਨਪ੍ਰਸ਼ਤ ਅਤੇ ਸੰਨਿਆਸ।

**ਭਾਵਾਰਥ** - ਹਰ ਮਨੁੱਖੀ ਸਰੀਰ ਮਾਂ ਦੇ ਪੇਟ ਤੋਂ ਸ਼ੁਰੂ ਹੋ ਕੇ ਮੌਤ ਦੇ ਮੂੰਹ ਵਿੱਚ ਜਾਣ ਤੱਕ ਸੰਸਾਰਿਕ ਦ੍ਰਿਸ਼ਟੀ ਵਿੱਚ ਲੰਮਾ ਸਮਾਂ ਜਿਉਂਦਾ ਹੈ; ਜਿਸਨੂੰ ਅਸੀਂ ਉਮਰ ਆਖਦੇ ਹਾਂ, ਸਰੀਰਾਂ ਦੀ ਉਮਰ ਦਾ ਸਫਰ ਸੱਠ, ਸੱਤਰ ਜਾਂ ਅੱਸੀਂ ਆਦਿ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਅਤੇ ਪ੍ਰਪੱਕਤਾ ਲਈ ਮਨੁੱਖੀ ਜਿੰਦਗੀ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਥਨ ਆਉਂਦਾ ਹੈ, '੩੩ ਚਾਰਿ ਵਰਣ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ॥-ਅੰਗ ੮੬੧' ਚਾਰਿ ਆਸ਼੍ਰਮਾਂ ਦਾ ਵਿਵਧਾਨ ਸਾਨੂੰ ਦੇਖਣਾ ਹੀ ਪਵੇਗਾ। ਵਾਕਾਂ ਵਿੱਚ ਸ਼ਬਦਾਂ ਦੀ ਵਰਤੋਂ ਨੂੰ ਹਰ ਪ੍ਰਕਾਰ ਨਾਲ ਸਮਝਣਾ ਬਹੁਤ ਜਰੂਰੀ ਹੁੰਦਾ ਹੈ। "ਬ੍ਰਹਮਚਰਯ ਅਰਥਾਤ ਜਨੇਊ ਧਾਰਕੇ ਵੇਦ ਪੜ੍ਹਨ ਵਾਸਤੇ ਗੁਰੂ ਦੇ ਪਾਸ ੨੫ ਵਰ੍ਹੇ ਦੀ ਉਮਰ ਤੱਕ ਵਿਕਾਰ ਤਿਆਗ ਕੇ ਰਹਿਣਾ, ਗ੍ਰਹਿਸਤ-ਜੀਵਨ ੫੦ ਵਰ੍ਹੇ ਦੀ



ਉਮਰ ਤੱਕ, ਬਾਨਪ੍ਰਸਤ ੭੫ ਵਰ੍ਹੇ ਦੀ ਉਮਰ ਤੱਕ ਇਕੱਲੇ ਜਾਂ ਪਤਨੀ ਸਮੇਤ ਜੰਗਲ ਵਿੱਚ ਰਹਿ ਕੇ ਅਗਨ ਹੋਤ੍ਰ ਕਰਨਾ, ਬਾਕੀ ਉਮਰ ਸਾਰੇ ਕਰਮਾਂ ਦਾ ਤਿਆਗ ਕਰਕੇ ਭਿਖਯਾ ਨਾਲ ਨਿਰਬਾਹ ਕਰਨਾ-ਕਾਨ੍ਹ ਸਿੰਘ ਨਾਭਾ" ਗਿਆਨਵਾਨ ਸਮਾਜ ਦੀਆਂ ਬੁਰਾਈਆਂ ਨਾਲ ਜੂਝਦਿਆਂ ਗਿਆਨ ਨੂੰ ਹਾਸਲ ਕਰਦਾ ਹੈ। ਉਸ ਗਿਆਨ ਨੂੰ ਆਪਣੀ ਭਾਸ਼ਾ ਵਿੱਚ ਲਿਖਤੀ ਰੂਪ ਦਿੰਦਾ ਹੈ। ਵੱਖੋ-ਵੱਖਰੇ ਲੋਕ ਆਪੋ-ਆਪਣੇ ਸਮਾਜ ਨੂੰ ਸੁਧਾਰਨ ਲਈ ਆਪਣੀ ਲੋੜੀਂਦੀ ਭਾਸ਼ਾ ਵਿੱਚ ਲਿਖਣ ਲੈਂਦੇ ਹਨ। ਰਿਸ਼ੀ ਲੋਕਾਂ ਨੇ ਸਨਾਤਨੀ ਸੋਚ ਮੁਤਾਬਿਕ ਜੀਵਨ ਨੂੰ ਚਾਰ ਹਿੱਸਿਆ ਵਿੱਚ ਵੰਡਿਆ ਹੈ। ਅੱਜ ਸਾਨੂੰ ਵਰਤਮਾਨ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਅੱਜ ਅਸੀਂ ਅਧਿਆਪਕਾਂ ਕੋਲ ਜਾ ਕੇ ਵਿੱਦਿਆ ਜਰੂਰ ਪੜ੍ਹਦੇ ਹਾਂ, ਪਰ ਤਿਆਗ ਸਾਡੇ ਕੋਲੋਂ ਗਾਇਬ ਹੋਣ ਕਰਕੇ ਨਾ ਮਾਂ-ਬਾਪ ਦਾ ਸਤਿਕਾਰ ਅਤੇ ਨਾ ਹੀ ਅਧਿਆਪਕਾਂ ਦਾ ਸਤਿਕਾਰ ਰਿਹਾ ਹੈ। 'ਬੁਰਿਆਈਆਂ ਦਾ ਤਿਆਗੀ' ਆਪਣੇ-ਆਪ ਨੂੰ ਸੰਜਮ ਵਿੱਚ ਰੱਖਦਿਆਂ ਜਿੰਮੇਵਾਰ ਹੋਵੇਗਾ। ਵਿੱਦਿਆ ਕਲਾ ਦੀ ਪ੍ਰਦਰਸ਼ਤਾ ਕਰਦੀ ਹੈ, ਵਿਦਿਆਰਥੀ ਆਪਣੀ ਕਲਾ (ਡਿਗਰੀ) ਨੂੰ ਨਿਖਾਰਨ ਲਈ ਸਕੂਲ ਤੋਂ ਸਮਾਜ ਤੱਕ ਜੋੜ ਕੇ ਵੇਖੇਗਾ। ਉਸਦੀ ਪੜ੍ਹਾਈ ਦੁਆਰਾ "ਪੜ੍ਹਨ ਲਈ ਆਉ ਅਤੇ ਸੇਵਾ ਲਈ ਜਾਉ" ਦੇ ਅਰਥ ਸਾਰਥਕ ਹੋਣਗੇ। ਬਚਪਨੇ ਤੋਂ ਜੁਆਨੀ ਦੀ ਦਹਿਲੀਜ਼ ਵਿੱਚ ਪ੍ਰਪੱਕਤਾ ਨਾਲ ਪ੍ਰਵੇਸ਼ ਕਰਦਿਆਂ ਆਪਣੇ ਪਰਿਵਾਰ ਅਤੇ ਸੰਸਥਾ ਦਾ ਮਾਣ ਬਣ ਜਾਂਦਾ ਹੈ। ਜੁਆਨੀ ਦੀ ਪ੍ਰਪੱਕ ਅਵਸਥਾ ੨੫ ਤੋਂ ੫੦ ਵਰੇ ਤੱਕ ਉਹ ਆਪਣਾ ਪਰਿਵਾਰਕ ਜੀਵਨ ਮਾਂ-ਬਾਪ ਦੇ ਤਜ਼ਰਬੇ ਵਿੱਚੋਂ ਸ਼ੁਰੂ ਕਰਕੇ ਸਫਲ ਗ੍ਰਹਿਸਤੀ ਬਣ ਜਾਂਦਾ ਹੈ। ਮਾਂ-ਬਾਪ ਦਾ ਸਤਿਕਾਰ ਅਤੇ ਆਪਣੇ ਜੀਵਨ ਸਾਥੀ ਦਾ ਪਿਆਰ ਨਵੇਂ ਜੀਵਨ ਨੂੰ ਜਨਮ ਦਿੰਦਾ ਹੈ। ਨਵੇਂ ਜੀਵਨ ਪੁੱਤਰ/ਪੁੱਤਰੀ ਦੇ ਰੂਪ ਵਿੱਚ ਆਉਂਦੇ ਹਨ, ਦੋਨਾਂ ਨੂੰ ਮਾਂ-ਬਾਪ ਦਾ ਰੁਤਬਾ ਪ੍ਰਦਾਨ ਕਰਦੇ ਹਨ। ਪਿਆਰ ਦੀ ਦੁਨੀਆਂ ਵਿੱਚੋਂ ਮਿਲਿਆ ਹੋਇਆ ਮਾਂ-ਬਾਪ ਦਾ ਰੁਤਬਾ ਅਗਲੀ ਪੀੜ੍ਹੀ ਦੀ ਨੀਂਹ ਚੰਗਿਆਈ ਦੇ ਸਿਧਾਂਤਕ ਸ਼ਬਦਾਂ ਨਾਲ ਰਖਦਾ ਹੈ। '*ਬੱਚਿਆਂ ਨੂੰ ਭਾਸ਼ਣ ਅਤੇ ਉਪਦੇਸ਼ ਜਿਤਨੇ ਮਰਜ਼ੀ ਦਿਓ ਪਰ ਉਹ ਕਰਨਗੇ ਓਵੇਂ ਜਿਵੇਂ ਉਹਨਾਂ ਦੇ ਮਾਪੇ ਕਰਦੇ ਹਨ।- ਨਰਿੰਦਰ ਸਿੰਘ ਕਪੂਰ*' ਜਿਸ ਨੇ ਗ੍ਰਹਿਸਤ ਨੂੰ ਸ਼ੰਤੁਸ਼ਟਤਾ ਨਾਲ ਜੀਵਿਆ ਹੋਵੇ ਉਸ ਨੂੰ ਆਪਣੇ ਕੀਤੇ ਕੰਮਾਂ ਤੇ ਮਾਣ ਹੁੰਦਾ ਹੈ। '*ਮਾਪੇ ਆਪਣੇ ਵਿਹਾਰ ਨਾਲ ਸੰਤਾਨ ਨੂੰ ਜਿੰਮੇਵਾਰ ਬਣਾਉਂਦੇ ਹਨ ਕਿਉਂਕਿ ਜਿੰਮੇਵਾਰੀ ਦੀ ਮੁੱਢਲੀ ਜਾਣਕਾਰੀ ਅਤੇ*

*ਸਿਖਲਾਈ ਪਰਿਵਾਰ ਵਿੱਚੋਂ ਮਿਲਦੀ ਹੈ।'* ਬੱਚਿਆਂ ਦੇ ਵਿਵਾਹ ਤੋਂ ਮਗਰੋਂ ਪਰਿਵਾਰ ਦੀ ਜਿੰਮੇਵਾਰੀ ਤੋਂ ਮਨੁੱਖ ਮੁਕਤ ਹੋ ਜਾਂਦਾ ਹੈ। ਬੱਚੇ ਮਾਂ-ਬਾਪ ਦੇ ਰੁਤਬੇ ਦਾ ਲਾਇਕ ਹੋ ਜਾਂਦੇ ਹਨ, ਉਹਨਾਂ ਨੂੰ ਜਿੰਮੇਵਾਰੀ ਸੌਂਪਣੀ ਸੁਘੜ ਇਨਸਾਨ ਦੀ ਪਹਿਚਾਣ ਹੁੰਦੀ ਹੈ। ਜਦੋਂ ਕਿ ਸੰਸਾਰ ਵਿੱਚ ਐਸੇ ਮਾਂ-ਬਾਪ ਵੇਖਣ ਨੂੰ ਬਹੁਤ ਘੱਟ ਮਿਲਦੇ ਹਨ। ਜਾਂ ਤਾਂ ਸਾਰੀ ਉਮਰ ਮਾਂ-ਬਾਪ ਬੱਚਿਆਂ ਨੂੰ ਬੱਚੇ ਸਮਝਣ ਦੀ ਗਲਤੀ ਕਰਦੇ ਹਨ, ਜਾਂ ਉਹਨਾਂ ਨੂੰ ਕਦੇ ਮਾਂ-ਬਾਪ ਵਾਲੀ ਜਿੰਮੇਵਾਰੀ ਦਾ ਅਹਿਸਾਸ ਹੀ ਨਹੀਂ ਕਰਵਾਇਆ ਹੁੰਦਾ। ਐਸੇ ਮਾਂ-ਬਾਪ ਨੂੰ ਆਪਣੇ ਬੱਚਿਆਂ ਕੋਲੋਂ ਸਿਰਫ ਨਮੋਸ਼ੀ ਹੀ ਵੇਖਣੀ ਪੈਂਦੀ ਹੈ। ਸੁਘੜ-ਸਿਆਣੇ ਮਾਂ-ਬਾਪ ਆਪਣੇ ਬੱਚਿਆਂ ਤੋਂ ਸੰਤੁਸ਼ਟ ਹੋ ਕੇ ਆਪ ਬਾਨਪ੍ਰਸਤ (ਜੋ ਪਹਿਲੇ ਸਮਿਆਂ ਵਿੱਚ ਜੰਗਲ ਵਿੱਚ ਰਹਿ ਕੇ ਧਰਮ ਦੇ ਕਰਮ ਕਰਨਾ) ਵਾਂਗ ਆਪਣਾ ਜੀਵਨ ਧਾਰਮਿਕ ਕਾਰਜਾਂ ਵਿੱਚ ਲਗਾਉਣਾ ਸ਼ੁਰੂ ਕਰ ਦਿੰਦੇ ਹਨ। ਪੜ੍ਹਿਆ-ਲਿਖਿਆ ਲੋੜਵੰਦਾਂ ਨੂੰ ਵਿੱਦਿਆ ਪੜ੍ਹਾ ਸਕਦਾ ਹੈ। ਹਰ ਕੰਮ ਦਾ ਗਿਆਨ ਸਮਾਜ ਲਈ ਸੇਵਾ ਵਿੱਚ ਵੰਡਿਆ ਜਾ ਸਕਦਾ ਹੈ। ਸਮਾਜ-ਸੇਵੀ ਸੰਸਥਾਵਾਂ ਨੂੰ ਸ਼ੁਰੂ ਕਰਨ ਵਾਲੇ ਐਸੇ ਲੋਕ ਹੀ ਹੁੰਦੇ ਹਨ। ਪਰ ਬਹੁਤਵਾਰ ਵੇਖਣ ਨੂੰ ਕੁੱਝ ਇਸ ਤੋਂ ਉਲਟ ਨਜ਼ਰ ਆਉਂਦਾ ਹੈ। ਸਮਾਜ ਸੇਵੀ ਸੰਸਥਾਵਾਂ ਲਈ ਨੁਮਾਇੰਦਿਆਂ ਦੀ ਚੋਣ ਪ੍ਰਕ੍ਰਿਆ ਇਤਨੀ ਗੁਝੰਲਦਾਰ ਹੁੰਦੀ ਹੈ, ਸੇਵਾ ਦੀ ਥਾਂ ਲੜਾਈ ਆ ਜਾਂਦੀ ਹੈ। ਕਿਉਂਕਿ ਅਸੰਤੁਸ਼ਟੀ ਹਰ ਥਾਂ ਤੇ ਸੁਖੀ-ਜੀਵਨ ਲਈ ਘਾਤਕ ਹੋਵੇਗੀ। ਚੌਥਾ ਆਸ਼੍ਰਮ ਬਾਨਪ੍ਰਸਤ ਹੈ, ਜਿੱਥੇ ਸਾਰੇ ਕੁੱਝ ਦੇ ਤਿਆਗ ਦਾ ਕਥਨ ਹੈ। ਪਰ ਕੌਣ ਹੈ, ਜਿਹੜਾ ਤਿਆਗ ਕਰਨ ਲਈ ਤਿਆਰ ਹੋਵੇ, ਜੇ ਕੋਈ ਤਿਆਗ ਕਰਦਾ ਹੈ, ਤਾਂ ਉਸ ਦਾ ਹਸ਼ਰ ਐਸਾ ਹੁੰਦਾ ਹੈ, ਦੂਜੇ ਕਿਸੇ ਦਾ ਮਨ ਤਿਆਰ ਹੀ ਨਹੀਂ ਹੁੰਦਾ। ਸਭ ਨੂੰ ਇਉਂ ਹੀ ਮਹਿਸੂਸ ਹੁੰਦਾ ਹੈ, ਕਿ ਮੌਤ ਦੂਜਿਆਂ ਲਈ ਹੀ ਬਣੀ ਹੈ। ਪਰ ਗੁਰਮੁਖ/ ਧਰਮੀ ਲਈ ਮੌਤ ਅਟੱਲ ਸਚਾਈ ਹੈ। ਉਹ ਆਪਣੀ ਜਿੰਦਗੀ ਦੇ ਚਾਰੇ ਪੜ੍ਹਾਵਾਂ ਉੱਪਰ ਮੌਤ ਦਾ ਸਤਿਕਾਰ ਬਹਾਲ ਰੱਖਦਾ ਹੈ। ਖਾਲਸੇ ਦੇ ਸ਼ਹੀਦ ਬਚਪਨੇ ਤੋਂ ਬੁਢਾਪੇ ਤੱਕ ਨਜ਼ਰ ਆਉਂਦੇ ਹਨ।

**ਅਤਿ ਵਰਣਾਸ਼੍ਰਮ - ਉਲੰਘਹਿੰ ਵਰਣਾਸ਼੍ਰਮ ਅਭਿਮਾਨਿ।**
**ਅਤਿ ਵਰਣਾਸ਼੍ਰਮਵਾਨ ਸੁ ਜਾਨ।**
**ਅਤਿ ਵਰਣਾਸ਼੍ਰਮੀਯ ਬਿਭਚਾਰ ਨ ।**
**ਧਰਮ - ਬ੍ਰਹਮਨਿਸ਼ਠ ਆਤਮ ਧ੍ਰਮ ਧਾਰਨ ॥੧੦॥**



**ਅਰਥ** - ਜਿਹੜਾ ਅਭਿਆਸੀ ਵਰਣ ਤੇ ਆਸ਼੍ਰਮ ਦੇ ਅਭਿਮਾਨ ਨੂੰ ਉਲੰਘ ਜਾਏ ਉਹ ਅਤਿ-ਵਰਣਾਸ਼੍ਰਮੀ ਹੈ। ਭਾਵ ਬ੍ਰਹਮਭਾਵ ਛੱਡ ਕੇ ਹੋਰ ਕਿਸੇ ਪਾਸੇ ਨਹੀਂ ਜਾਂਦਾ। ਆਤਮਾ ਵਿੱਚ ਬ੍ਰਹਮ ਨਿਸ਼ਠਾ ਦਾ ਧਾਰਨਾ ਧਰਮ ਹੈ।

**ਭਾਵਰਥ** - ਕਿਤਨਾ ਸੁੰਦਰ ਨਿਚੋੜ ਭਾਈ ਸਾਹਿਬ ਜੀ ਦੇ ਗ੍ਰੰਥਾਂ ਦਾ ਅੰਕਿਤ ਕੀਤਾ ਹੈ। ਚਾਰੇ ਵਰਣ ਅਤੇ ਆਸ਼੍ਰਮਾਂ ਵਿਚ ਮਨੁੱਖ ਦਾ ਜੀਵਨ ਇੱਕ ਦੂਜੇ ਨਾਲ ਜੋੜਿਆ ਹੋਇਆ ਹੈ। ਮਨੁੱਖ ਦਾ ਮਨੁੱਖ ਨਾਲ ਜੋੜਨਾ ਕਿੱਥੋਂ ਦਾ ਪਾਪ ਹੈ। ਪਰ ਸੁਆਰਥੀ ਮਨੁੱਖ ਆਪਣੀ ਪਾਪੀ ਸੋਚ ਕਰਕੇ ਪਦਵੀ ਨੂੰ ਵੀ ਕਲੰਕਿਤ ਕਰ ਦਿੰਦਾ ਹੈ। ਜਿਵੇਂ ਡਿਪਟੀ ਕਮਿਸ਼ਨਰ ਦੀ ਸਨਮਾਨਯੋਗ ਪਦਵੀ ਨੂੰ ਭੀ ਭ੍ਰਿਸ਼ਟ ਬੰਦਾ ਦੂਸ਼ਿਤ ਕਰ ਦਿੰਦਾ ਹੈ। ਅਸੀਂ ਆਖਦੇ ਹਾਂ, 'ਡਿਪਟੀ ਕਮਿਸ਼ਨਰ ਬਹੁਤ ਭ੍ਰਿਸ਼ਟ ਹੈ' ਪਰ ਅਸਲੀਅਤ ਇਹ ਹੈ, ਡਿਪਟੀ ਕਮਿਸ਼ਨਰ ਇਕ ਅਹੁਦਾ ਹੈ। ਅਹੁਦਾ ਵਾਲਾ ਭ੍ਰਿਸ਼ਟ ਹੋ ਸਕਦਾ ਹੈ, ਅਹੁਦਾ ਭ੍ਰਿਸ਼ਟ ਨਹੀਂ ਹੁੰਦਾ। ਵਰਣ ਅਤੇ ਆਸ੍ਰਮ ਦੇਹ-ਅਧਿਆਸ ਤੋਂ ਉੱਚਾ ਚੁੱਕਣ ਲਈ ਪੌੜੀ/ਮਾਰਗ ਵਾਂਗ ਹੁੰਦਾ ਹੈ। ਮਾਰਗ/ਪੌੜੀ ਬੰਦੇ ਲਈ ਮੰਜ਼ਿਲ ਤੇ ਪਹੁੰਚਣ ਵਿੱਚ ਸਹਾਈ ਹੁੰਦੀ ਹੈ। ਜੇ ਕੋਈ ਪੌੜੀ/ਮਾਰਗ ਤੇ ਮੱਲ-ਮਾਰ ਕੇ ਬੈਠ ਜਾਏ ਤਾਂ ਹਰ ਆਉਣ ਵਾਲੇ ਤੋਂ ਨਿਰਾਦਰ ਕਰਵਾਉਣ ਦਾ ਭਾਗੀਦਾਰ ਹੀ ਹੋਵੇਗਾ। ਸੁਘੜ-ਸਿਆਣੇ ਪੁਰਖ ਵਰਣਾਸ਼੍ਰਮ ਅਭਿਮਾਨ ਤੋਂ ਅਗਾਂਹ ਲੰਘ ਜਾਂਦੇ ਹਨ। ਉਹਨਾਂ ਨੂੰ ਬ੍ਰਹਮਣ ਜਾਂ ਸੰਨਿਆਸੀ ਆਦਿ ਹੋਣ ਦਾ ਅਭਿਮਾਨ ਨਹੀਂ ਹੁੰਦਾ ਸਗੋਂ ਆਪਣੀ ਪਦਵੀ ਦੀ ਮਹਾਨਤਾ ਨੂੰ ਸਮਝਦਿਆਂ ਸਭ ਦਾ ਸਤਿਕਾਰ ਕਰਦੇ ਹਨ। ਜਿਵੇਂ ਸਰੀਰ ਵਿੱਚ ਖੁਰਾਕੀ ਤੱਤਾਂ ਤੋਂ ਖ਼ੂੰਨ ਅਤੇ ਹਾਰਮੋਨਜ਼ ਬਣਦੇ ਹਨ, ਦਿਮਾਗ ਹਾਰਮੋਨਜ਼ ਦਾ ਘਰ ਹੁੰਦਾ ਹੈ। ਸਰੀਰ ਦੀ ਮਨ ਨਾਲ ਹਰ ਸੁੱਖ-ਦੁੱਖ ਦੀ ਭਾਗੀਦਾਰੀ ਦਿਮਾਗ ਹੀ ਕਰਵਾਉਂਦਾ ਹੈ। ਇਵੇਂ ਵਿੱਦਿਅਕ ਲੋਕ ਹੀ ਸਮਾਜ ਦੇ ਸੁਧਾਰ ਲਈ ਸਾਧਨ ਬੁਣ ਸਕਦੇ ਹਨ। ਗੁਰੂ ਸਾਹਿਬ ਜੀ ਨੇ ਵਿੱਦਿਆ ਨੂੰ ਪਰਉਪਕਾਰ ਦਾ ਸਾਧਨ ਵਰਨਣ ਕੀਤਾ ਹੈ। ਜਦੋਂ ਵੀ ਸੁਧਾਰ ਹੋਵੇਗਾ ਤਾਂ ਵਿੱਦਿਆ ਦੀ ਵਾਸਤਵਿਕਤਾ ਨਾਲ ਹੀ ਹੋਵੇਗਾ। ਜਿਸ ਵਿੱਚ ਧੋਖਾਧੜੀ ਨੂੰ ਕੋਈ ਥਾਂ ਨਹੀਂ ਹੁੰਦੀ। ਧਰਮ-ਆਤਮਾ ਵਿੱਚ ਬ੍ਰਹਮ ਦੀ ਨਿਸ਼ਠਾ ਦਾ ਧਾਰਨ ਕਰਨਾ 'ਧਰਮ ਧਾਰਨਾ' ਹੈ। ਮਨੁੱਖ ਨੂੰ ਬ੍ਰਹਮ-ਅਨਭਵ ਲਈ ਧਰਮ ਦੀ ਜਰੂਰਤ ਹੁੰਦੀ ਹੈ। ਧਰਮ ਦੋ ਤਰਾਂ ਦਾ ਹੁੰਦਾ ਹੈ, ਸਾਧਾਰਨ ਧਰਮ ਅਤੇ ਅਸਾਧਾਰਨ ਧਰਮ। ਸਾਧਾਰਨ ਧਰਮ ਤੋਂ ਭਾਵ ਹੁੰਦਾ ਹੈ,ਜਿਸਦੇ ਆਸਰੇ ਸਾਰੇ ਧਰਮਾਂ ਦੀ ਵਿਆਖਿਆ ਸ਼ੁਰੂ ਹੁੰਦੀ ਹੈ। ਸਾਰੇ ਧਰਮਾਂ ਦੀ

ਆਰੰਭਤਾ ਦਯਾਦਿ ਤੋਂ ਹੁੰਦੀ ਹੈ। ਗੁਰੂ ਸਾਹਿਬ ਜੀ ਨੇ "ਧੌਲੁ ਧਰਮੁ ਦਇਆ ਕਾ ਪੂਤੁ॥" ਧਰਮ ਦੀ ਪੈਦਾਇਸ਼ ਹੀ ਦਯਾ ਤੋਂ ਉਚਾਰਨ ਕੀਤੀ ਹੈ। ਆਸਾਧਰਨ ਧਰਮ:- ਲੋਕਾਂ ਅੰਦਰ ਸਾਧਰਨ ਧਰਮ ਦੀ ਸਥਿਤੀ ਲਈ ਜਿਸ ਭੇਖ, ਦੇਸ, ਸਮਾਂ ਅਤੇ ਸਾਧਨਾ ਆਦਿ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ, ਉਸਨੂੰ ਅਸਾਧਰਨ ਧਰਮ ਆਖਦੇ ਹਨ। ਕਲਗੀਧਰ ਜੀ ਦੇ ਬਚਨ ਹਨ, 'ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥' ਹਿੰਦੂ, ਮੁਸਲਿਮ, ਇਸਾਈ, ਬੋਧੀ ਆਦਿ ਵੱਖੋ-ਵੱਖਰੇ ਧਰਮਾਂ ਲਈ ਵਾਸਤਵਿਕ ਧਰਮ ਦੀ ਪੇਸ਼ਕਾਰੀ ਹੈ। ਇਹੀ ਕਾਰਨ ਹੈ ਭੇਖ ਅਤੇ ਬੋਲਚਾਲ ਤੋਂ ਧਰਮ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਵਿਆਖਿਆ ਅੰਦਰੂਨੀ ਕਰਮਾਂ (ਦਯਾਦਿ) ਤੋਂ ਸ਼ੁਰੂ ਹੁੰਦੀ ਹੈ। ਬਾਹਰੀ ਪਛਾਣ ਚਿੰਨ੍ਹ ਸਾਰੇ ਧਰਮਾਂ ਦੀ ਆਪਣੀ-੨ ਗੌਰਵਤਾ ਹਨ, ਅਤੇ ਅੰਦਰੂਨੀ ਸ਼ੁੱਭ-ਗੁਣ ਸ਼ਾਨਾਮੱਤਾ ਆਤਮਿਕ ਮੰਡਲ ਹੈ। ਜਿਹਨਾਂ ਕੋਲ ਆਤਮਿਕ-ਮੰਡਲ ਦੀਆਂ ਉਡਾਰੀਆਂ ਹੁੰਦੀਆਂ ਹਨ, ਉਹ ਧਰਮੀ ਪੁਰਸ਼ ਸਰਬੱਤ ਦੇ ਭਲੇ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੰਦੇ ਹਨ। (ਇੱਕ) ਧਰਮ ਦੇ ਨਾਂ ਹੇਠ ਹੀ ਨਿਮਾਣੇ-ਨਿਤਾਣਿਆਂ ਉੱਪਰ ਜ਼ੁਲਮ ਢਾਹੁੰਦੇ ਹਨ। ਆਤਮਿਕ ਮੰਡਲ ਵਿਚ ਸਾਰੀ ਮਾਨਵ ਜਾਤੀ ਦੀਆਂ ਆਤਮਾਵਾਂ ਦੇ ਨਾਲ-ਨਾਲ ਪੂਰਨ ਬ੍ਰਹਮੰਡ ਹੀ ਨਹੀਂ ਕਰੋੜਾਂ ਬ੍ਰਹਮੰਡਾਂ ਦਾ ਪਸਾਰਾ ਵੀ ਸਮਾ ਜਾਂਦਾ ਹੈ। ਇਹੀ ਕਾਰਨ ਹੈ, ਖਾਲਸਾ ਹਮੇਸ਼ਾਂ ਹੀ ਦੀਨ-ਦੁਖੀ ਨੂੰ ਵੇਖ ਕੇ ਤਰਸ ਵਿਚ ਆ ਜਾਂਦਾ ਹੈ ਅਤੇ ਸਹਾਇਤਾ ਲਈ ਪੂਰਾ ਤਾਣ ਲਾ ਦਿੰਦਾ ਹੈ।

**ਅਧਰਮ - ਧਰਮ ਆਤਮਾ ਤੇ ਜਬਿ ਹੀਨ । ਰਹੈ ਅਨਾਤਮ ਧਰਮੰ ਲੀਨ।**
**ਇਹ ਅਧਰਮ ਕਰੀਜੈ ਬਰਣ।**
**ਮਰਣ - ਸੱਤਿਨਾਮੁ ਸਿਮਰਣ ਨਹਿੰ ਮਰਣ ॥੧੧॥**

**ਅਰਥ** - ਆਤਮਾ ਨਿਸ਼ਠਾ ਰੂਪ ਧਰਮ ਤੋਂ ਜਦੋਂ ਹੀਨ ਹੈ ਅਤੇ ਅਨਾਤਮ ਧਰਮ ਵਿੱਚ ਲੀਨ ਰਹਿੰਦਾ ਹੈ। ਇਸਨੂੰ ਅਧਰਮ ਕਹੀਦਾ ਹੈ। ਸੱਤਨਾਮ ਦਾ ਸਿਮਰਨ ਨਹੀਂ ਹੈ, ਇਹ ਮੌਤ ਹੈ।

**ਭਾਵਾਰਥ - ਅਧਰਮ** - ਧਰਮ ਸ਼ਬਦ ਬਹੁਤ ਮਹਾਨ ਹੈ। ਹਰ ਵਸਤੂ ਦਾ ਆਪੋ-ਆਪਣਾ ਧਰਮ ਹੁੰਦਾ ਹੈ। ਪਦਾਰਥਵਾਦਤਾ ਕਰਕੇ ਮਨੁੱਖ ਪਦਾਰਥ-ਧਰਮ ਵਿੱਚ ਖਚਤ ਹੋ ਜਾਂਦਾ ਹੈ। ਧਰਮ ਦਾ ਇੱਕ ਅਰਥ ਪ੍ਰਕ੍ਰਿਤੀ ਜਾਂ ਸੁਭਾਅ ਭੀ ਹੁੰਦਾ ਹੈ। ਪਦਾਰਥ-ਧਰਮ (ਅਨਾਤਮ-ਧਰਮ) ਰਾਹੀਂ ਮਨੁੱਖ ਨੂੰ ਭਰਮ ਹੋ ਜਾਂਦਾ ਹੈ ਕਿ ਸ਼ਾਇਦ



ਇਹ ਭੀ ਧਰਮ ਹੀ ਹੈ। ਵਾਸਤਵ ਵਿੱਚ ਇਹ ਧਰਮ ਦੀ ਛਾਇਆ ਹੁੰਦੀ ਹੈ। ਜਿਵੇਂ ਸਾਡੇ ਸਰੀਰ ਦੀ ਛਾਂ ਸਾਡੇ ਸਰੀਰ ਦੇ ਅਕਾਰ ਤੇ ਪੈਣ ਵਾਲੇ ਪ੍ਰਕਾਸ਼ ਦੇ ਕੋਣ ਅਨੁਸਾਰ ਹੁੰਦੀ ਹੈ। ਜਿੰਨਾਂ ਕੋਣ ਛੋਟਾ ਹੋਵੇਗਾ, ਛਾਂ ਦਾ ਅਕਾਰ ਵੱਡਾ ਹੋਵੇਗਾ। ਜੇ ਪ੍ਰਕਾਸ਼ ਸਰੀਰ ਦੇ ਸਿਰ ਤੋਂ ਨੱਬੇ ਡਿਗਰੀ ਤੇ ਪਵੇ ਤਾਂ ਛਾਂ ਸਰੀਰ ਦਾ ਹੀ ਰੂਪ ਬਣਕੇ 'ਅਧਾਰ ਪੈਰਾਂ' ਤੱਕ ਹੀ ਸਿਮਟ ਜਾਵੇਗੀ । ਇਵੇਂ 'ਧਰਮ ਦਾ ਪ੍ਰਕਾਸ਼' ਪਦਾਰਥਾਂ ਰੂਪ ਅਕਾਰ ਤੇ ਜਿੰਨੇ ਕੋਣ ਨਾਲ ਪੈਂਦਾ ਹੈ, ਸਾਨੂੰ ਪਦਾਰਥ ਉਤਨਾ ਹੀ ਪਿਆਰਾ ਲੱਗਦਾ ਹੈ। ਜੇ ਧਰਮ ਭਾਵਨਾ ਨੱਬੇ ਡਿਗਰੀ ਦੇ ਕੋਣ ਵਾਂਗ ਹੋਵੇ ਤਾਂ ਪਦਾਰਥ ਸਰੀਰ ਲਈ ਕੇਵਲ ਸਹਾਇਕ ਵਾਂਗ ਕਰਮ ਕਰਦੇ ਹਨ। ਉਸ ਲਈ 'ਕੰਮ ਹੀ ਭਗਤੀ ਹੈ' ਅਸਲੀਅਤ ਦੇ ਅਰਥ ਭਰਪੂਰ ਹੁੰਦਾ ਹੈ। ਪਰ ਜਿਵੇਂ- ਜਿਵੇਂ ਧਰਮ-ਭਾਵਨਾ ਦਾ ਕੋਣ ਘੱਟਦਾ ਜਾਏ ਤਾਂ ਪਦਾਰਥ ਦੀ ਲਾਲਸਾ ਰੂਪ ਛਾਂ ਲੰਮੇਰੀ ਹੁੰਦੀ ਜਾਂਦੀ ਹੈ। ਜਿਹੜੀ ਬਹੁਤ ਵਾਰ ਧਰਮ ਦਾ ਵਿਖਾਵਾ ਰੂਪ ਹੋਣ ਕਰਕੇ ਧਰਮ ਦੀ ਅਸਲੀਅਤ ਨੂੰ ਭੀ ਧੱਬਿਤ (ਦੂਸ਼ਿਤ) ਕਰ ਦਿੰਦੀ ਹੈ। ਧਰਮ ਦੀ ਵਿਆਖਿਆ ਨੂੰ ਕਲੰਕਿਤ ਕਰਨ ਵਾਲੇ ਪਖੰਡੀ ਲੋਕ ਹੀ ਅਨਾਤਮ ਨੂੰ ਆਤਮ ਵਾਂਗ ਪੇਸ਼ ਕਰਦੇ ਹਨ। ਇਹੀ ਲੋਕ ਨੱਕ ਵੱਢਿਆਂ ਦੇ ਪੰਥ ਵਾਂਗ ਵੱਧਦੇ ਫੁੱਲਦੇ ਹਨ। ਉਹਨਾਂ ਲਈ 'ਆਤਮ' ਸ਼ਬਦ ਦਾ ਗੂੜ੍ਹ ਰਹੱਸ ਕੋਈ ਅਰਥ ਨਹੀਂ ਰੱਖਦਾ। ਉਹ ਅਨਾਤਮ ਪਦਾਰਥਾਂ ਨੂੰ ਆਤਮ ਰੂਪ ਕਰਕੇ ਹੀ ਭਰਮਦੇ ਰਹਿੰਦੇ ਹਨ। ਜਿੱਥੇ ਪ੍ਰਕਾਸ਼ ਦੀ ਅਣਹੋਂਦ ਹੋਵੇਗੀ ਉੱਥੇ ਅੰਧੇਰਾ ਹੀ ਰਹੇਗਾ। ਜਿੱਥੋਂ ਧਰਮ ਆਪਣੀ ਅਸਲੀਅਤ ਤੋਂ ਰਹਿਤ ਹੋ ਜਾਵੇ , ਉੱਥੇ ਅਧਰਮ ਨੇ ਪੈਰ ਹੀ ਪਸਾਰਨੇ ਹਨ।

**ਮੌਤ**:- ਸਾਡੀ ਮਾਨਸਿਕ ਸੋਚ ਵਰਤਮਾਨ ਨੂੰ ਵੇਖ ਕੇ, ਗ੍ਰੰਥਾਂ/ਕਿਤਾਬਾਂ ਨੂੰ ਪੜ੍ਹ ਕੇ, ਲੌਕਿਕ ਅਤੇ ਵਿਵਹਾਰਕ ਸਾਂਝ ਤੋਂ ਤਿਆਰ ਹੁੰਦੀ ਹੈ। ਇਸ ਸਾਰੇ ਵਰਤਾਰੇ ਵਿੱਚੋਂ ਮੌਤ ਦੇ ਸਾਨੂੰ ਕਈ ਰੂਪ ਨਜ਼ਰ ਆਉਂਦੇ ਹਨ। ਮੌਤ ਸ਼ਬਦ ਤੋਂ ਆਰੰਭਿਕ ਭਾਵ ਹੁੰਦਾ ਹੈ, ਸਰੀਰ ਵਿੱਚੋਂ ਸੁਆਸਾਂ ਦਾ ਨਿਕਲ ਜਾਣਾ ਅਤੇ ਸਰੀਰ ਦਾ ਖਤਮ ਹੋ ਜਾਣਾ। ਦਾਰਸ਼ਨਿਕ ਦੁਨੀਆਂ ਵਿੱਚ ਮੌਤ ਦੇ ਅਰਥ ਖਾਲਸਾਈ ਰੂਹ-ਏ-ਰਵਾਂ ਸੰਤ ਜਰਨੈਲ ਸਿੰਘ ਜੀ ਆਖਦੇ ਸਨ, 'ਮੈਂ ਸਰੀਰ ਦੀ ਮੌਤ ਨੂੰ ਮੌਤ ਨਹੀਂ ਮੰਨਦਾ, ਪਰ ਗੈਰਤ ਦਾ ਮਰ ਜਾਣਾ ਸਭ ਤੋਂ ਵੱਡੀ ਮੌਤ ਹੈ।' ਧਰਮ ਦੀ ਦੁਨੀਆਂ ਵਿੱਚ ਮੌਤ ਇਕ ਤੋਂ ਦੂਜੇ ਸਥਾਨ ਤਬਦੀਲੀ ਦਾ ਨਾਮ ਹੈ, ਭਾਵ ਇੱਕ ਸਰੀਰ ਵਿੱਚੋਂ ਜੀਵਾਤਮਾ ਨਿਕਲ ਕੇ ਦੂਜੇ ਸਰੀਰ ਵਿੱਚ ਕੀਤੇ ਕਰਮਾਂ ਦੇ ਫਲ ਭੁਗਤਣ ਲਈ ਪ੍ਰਵੇਸ਼ ਕਰ

ਜਾਂਦੀ ਹੈ। ਪਰ ਗੁਰੂ ਸਾਹਿਬ ਜੀ ਮੌਤ ਦਾ ਅਸਲ ਰਹੱਸ ਸਮਝਾਉਂਦੇ ਹਨ, 'ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧॥- ਅੰਗ ੨੫੩' ਕਿਉਂਕਿ ਜਿਸ ਕੰਮ ਲਈ ਜੋ ਵਸਤੂ ਬਣੀ ਹੋਵੇ ਉਸੇ ਕੰਮ ਨੂੰ ਕਰਦੀ ਚੰਗੀ ਲੱਗਦੀ ਹੈ। ਜਿਵੇਂ ਲਗਜ਼ਰੀ ਕਾਰ (ਔਡੀ ਆਦਿ) ਵਿੱਚ ਕੋਈ ਤੂੜੀ ਭਰ ਕੇ ਬਜ਼ਾਰ ਜਾਏ ਤਾਂ ਲੋਕੀਂ ਮਖੌਲ ਹੀ ਉਡਾਉਣਗੇ। ਇਵੇਂ ਹੀ ਮਨੁੱਖੀ ਸਰੀਰ ਪ੍ਰਭੂ ਵਾਲੇ ਗੁਣਾਂ ਨੂੰ ਪੇਸ਼ ਕਰਨ ਵਾਸਤੇ ਮਿਲਿਆ ਹੈ। ਜਿਹੜਾ ਪ੍ਰਭੂ ਦੇ ਦਯਾ-ਖਿਮਾ ਆਦਿ ਗੁਣਾਂ ਦੀ ਵਰਤੋਂ ਕਰਕੇ ਜੀਵਨ ਬਸਰ ਕਰਦਾ ਹੈ। ਉਹ ਰੱਬ ਦਾ ਸ਼ੁਕਰਗੁਜਾਰ ਰਹਿੰਦਾ ਹੈ, ਰੱਬ ਦਾ ਸ਼ੁਕਰ ਕਰਨ ਵਾਲਾ ਸੱਤਨਾਮ ਸਿਮਰਦਾ ਹੈ। ਪਰ ਬਹੁਤਾਤ ਮਨੁੱਖ ਦੀ ਪਦਾਰਥਾਂ ਵੱਲ ਰੁਚਿਤ ਹੋਣ ਵਾਲੀ ਫਿਤਰਤ ਹੈ। ਪਦਾਰਥ (ਸਰੀਰਾਦਿ) ਨਾਸ਼ਮਾਨ ਹਨ, ਇਹਨਾਂ ਨੂੰ ਆਸਰਾ ਦੇਣ ਵਾਲਾ ਚੇਤਨ ਸਤ-ਚਿਤ-ਅਨੰਦ ਸਰੂਪ ਹੈ। ਜੋ ਸਤ-ਚਿਤ-ਅਨੰਦ ਸਰੂਪ ਦਾ ਸਿਮਰਨ ਨਹੀਂ ਕਰਦੇ, ਉਹ ਭੈੜੀ ਮੌਤ ਮਰੇ ਵਾਂਗ ਸੁਆਸਾਂ ਨਾਲ ਤੁਰੇ ਫਿਰਦੇ ਹਨ। ਸੁਆਸ ਖਤਮ ਹੋ ਜਾਣ ਤੇ ਸਰੀਰ ਦਾ ਖਤਮ ਹੋ ਜਾਣਾਂ ਕੁਦਰਤਿ ਹੈ। ਪਰ ਜੀਵਨ ਵਿੱਚੋਂ ਰੱਬ ਦਾ ਨਾਮ ਭੁੱਲ ਜਾਣਾ ਮੰਦੀ ਮੌਤ ਹੈ। ਜਿਸ ਕਰਕੇ ਸਾਰੀ ਸ੍ਰਿਸ਼ਟੀ ਦਾ ਰਾਜਾ ਹੋ ਕੇ ਭੀ ਦੁਖੀ ਹੀ ਰਹਿੰਦਾ ਹੈ।

**ਅਥਵਾ ਸਚੁਦਾਨੰਦ ਸਰੂਪ। ਨਿਹ ਸਿਮਰਣ ਸੋ ਮਰਣ ਕੁਰੂਪ।**
**ਜਨਮ - ਸੱਤਿਨਾਮ ਲਿਵ ਅਹੰ ਬ੍ਰਹਮਾਸਮਿ।**
**ਇਸ ਵਿੱਦਯਾ ਕੀ ਉਤਪਤਿ ਜਨਮ॥ ੧੨॥**

**ਅਰਥ** - ਸਚਦਾਨੰਦ ਸਰੂਪ ਦਾ ਜੋ ਆਤਮ ਚਿੰਤਨ ਕਰਕੇ ਜੋ ਚਿੰਤਨ ਨਹੀਂ ਹੈ; ਉਹ ਬੁਰੀ ਮੌਤ ਹੈ। ਸਤਿਨਾਮ ਵਿੱਚ ਜੁੜੀ ਹੋਈ ਲਿਵ ਅਹੰਬ੍ਰਹਮਾਸਮਿ ਸਰੂਪ ਧਾਰਨ ਕਰ ਲਵੇ; ਇਸ ਤਰ੍ਹਾਂ ਵਿੱਦਿਆ ਦੀ ਉਤਪਤੀ ਨੂੰ ਜਨਮ ਕਿਹਾ ਜਾਂਦਾ ਹੈ।

**ਭਾਵਾਰਥ** - ਇਹ ਸ਼ਾਬਦਿਕ ਵਿਆਖਿਆਵਾਂ ਆਂਤਰਿਕ ਦੁਨੀਆਂ ਵਿੱਚ ਵਿਚਰਨ ਵਾਲਿਆਂ ਲਈ ਜਾਂ ਅਰਥਾਕਾਰ ਬ੍ਰਿਤੀ ਦੁਆਰਾ ਵਿਵੇਚਨ ਕਰਨ ਵਾਲਿਆਂ ਲਈ ਹਨ। ਕਿਉਂਕਿ ਕੁਦਰਤਿ ਦੇ ਜੀਵ ਮਰਦੇ-ਜੰਮਦੇ ਰਹਿੰਦੇ ਹਨ, ਇਸ ਨੂੰ ਕੁਦਰਤੀ-ਚੱਕਰ ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਤੋਂ ਲੈ ਕੇ ਸਾਰੇ ਜੀਵਾਂ ਦੇ ਸਰੀਰ ਖਤਮ ਹੋ ਕੇ ਮਿੱਟੀ ਵਿੱਚ ਮਿਲ ਜਾਂਦੇ ਹਨ। ਸਰੀਰ ਦੀ ਤੰਦਰੁਸਤੀ ਲਈ ਵਰਤੇ ਗਏ ਤੱਤ ਫਿਰ ਮਿੱਟੀ ਵਿੱਚ ਮਿਲ ਜਾਂਦੇ ਹਨ। ਮਿੱਟੀ ਤੋਂ ਬਨਸਪਤੀ ਵਿੱਚ



ਜਾ ਕੇ ਸਮਾ ਜਾਂਦੇ ਹਨ। ਬਨਸਪਤੀ ਤੋਂ ਫਿਰ ਜੀਵਾਂ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਪਦਾਰਥਾਂ ਦੇ ਰੂਪਾਂ ਅਤੇ ਅਰਥਾਂ ਦੇ ਅਹਿਸਾਸ ਨੂੰ ਸਮਝਣ ਲਈ ਮਨੁੱਖ ਕੁਦਰਤਿ ਵਿੱਚੋਂ ਆਪਣੀ ਅਕਲ ਨਾਲ ਸ਼ਾਬਦਿਕ ਸ਼ਕਤੀ ਨੂੰ ਵੀਚਾਰਦਾ ਹੈ। ਛੇ ਪ੍ਰਮਾਣ 'ਪ੍ਰਮਾ ਗਿਆਨ' ਵਿੱਚ ਸਹਾਈ ਹੁੰਦੇ ਹਨ। ਪ੍ਰਮਾ-ਗਿਆਨ ਬ੍ਰਿਤੀ ਦਾ ਵਿਸ਼ਾ ਹੈ। 'ਮੈਂ ਬ੍ਰਹਮ ਹਾਂ' ਵਾਲੀ ਲਿਵ (ਬ੍ਰਿਤੀ) ਸਤਿਨਾਮ ਰੂਪ ਬਣ ਜਾਏ; ਸੰਕਲਪ ਤੋਂ ਦੂਜਾ ਵਿਕਲਪ ਬਣਨ ਨਾ ਦੇਣਾ, ਆਤਮਾ ਦੇ ਸਜਾਤਾਕਾਰ ਰੂਪ ਵਿੱਚ ਬ੍ਰਿਤੀ ਨੂੰ ਸਥਿਰ ਰੱਖਣਾ। ਸਤਿਨਾਮ ਦਾ ਭਾਵ ਹੈ ਜਿਸ ਦਾ ਨਾਮ ਸੱਤ ਹੈ; ਜੋ ਕਦੇ ਨਾਸ਼ ਨਾ ਹੋਵੇ। ਇਸ ਬ੍ਰਿਤੀ ਵਿੱਚ 'ਸਰੀਰ, ਇੰਦ੍ਰੇ, ਮਨ ਅਤੇ ਬੁਧਿ' ਬ੍ਰਹਮ ਰੂਪ ਇਕਸੁਰ ਹੋ ਜਾਂਦੇ ਹਨ। ਇਸੇ ਜਨਮ ਨੂੰ ਗੁਰੂ ਸਾਹਿਬ ਜੀ ਨੇ ਖਾਲਸੇ ਲਈ ਕਥਨ ਕੀਤਾ ਹੈ। 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ ਅੰਗ ੯੪੦' ਗੁਰਸਿਖ, ਗੁਰੂ ਘਰ ਵਿੱਚ ਆਪਣੇ ਜਨਮ ਨੂੰ ਮਹਿਸੂਸ ਕਰਦਾ ਹੈ ਅਤੇ ਕਦੇ ਭੀ ਕਿਸੇ ਦਾ ਬੁਰਾ ਕਰਮ ਕਰਨ ਵੱਲ ਸਰੀਰ ਨੂੰ ਤੁਰਨ ਹੀ ਨਹੀਂ ਦਿੰਦਾ। ਉਸਦੇ ਗਿਆਨ-ਇੰਦ੍ਰੇ ਅਤੇ ਕਰਮ-ਇੰਦ੍ਰੇ ਬੁਰਾਈ ਵੱਲ ਰੁਚਿਤ ਨਹੀਂ ਹੁੰਦੇ। ਉਹ ਦੋ ਵਕਤ ਆਪਣੇ ਆਪ ਦੀ ਵੀਚਾਰ ਕਰਦਾ ਹੈ, 'ਮੈਂ ਕੀ ਚੰਗਾ ਕੀਤਾ ਹੈ ਅਤੇ ਕੀ ਮੰਦਾ ਕੀਤਾ ਹੈ' ਆਪਣੇ ਔਗੁਣ ਅਤੇ ਗੁਣ ਦਾ ਵਿਵੇਚਨ ਕਰਨਾ ਅਤੇ 'ਔਗੁਣ ਤਿਆਗਣਾ, ਗੁਣ ਪ੍ਰਾਪਤ ਕਰਨਾ' ਹੀ ਵਿੱਦਿਆ ਕਹਿਵਾਉਂਦੀ ਹੈ। ਇਸ ਵਿੱਦਿਆ ਦੀ ਪ੍ਰਾਪਤੀ ਹੀ ਅਸਲ ਜਨਮ ਹੈ।

**ਬਿਖ, ਅੰਮ੍ਰਿਤ - ਹ੍ਵੈ ਸੰਸਾਰ ਕੀ ਪ੍ਰਾਪਤਿ ਜੋਇ। ਨਿਜ ਸਰੂਪ ਬਿਸਰਹਿ ਬਿਖ ਸੋਇ।**
**ਹੁਇ ਜੁ ਗਯਾਨ ਤੇ ਸਫੁਰਣ ਸ੍ਵਰੂਪ। ਸੋਈ ਅੰਮ੍ਰਿਤ ਮੋਖ ਅਨੂਪ ॥ ੧੩ ॥**

ਅਰਥ - ਆਪਣੇ ਸਰੂਪ ਦਾ ਭੁੱਲ ਜਾਣਾ ਬਿਖ ਹੈ, ਇਸ ਤੋਂ ਸੰਸਾਰ ਦੀ ਪ੍ਰਾਪਤੀ ਜਨਮ ਮਰਣ ਪ੍ਰਾਪਤ ਹੁੰਦਾ ਹੈ। ਗਿਆਨ ਦੁਆਰਾ ਜੋ ਨਿੱਜ ਸਰੂਪ ਦੀ ਸਫੁਰਣਤਾ ਹੁੰਦੀ ਹੈ ਉਹ ਅੰਮ੍ਰਿਤ ਹੈ ਜਿਸ ਤੋਂ ਮੁਕਤੀ ਮਿਲਦੀ ਹੈ।

ਭਾਵਾਰਥ - ਜਨਮ ਤੋਂ ਲੈ ਕੇ ਮਰਣ ਤੱਕ ਜੀਵਨ ਦੋ ਤਰਾਂ ਦੇ ਵੀਚਾਰਾਂ ਵਿੱਚ ਘੁਲਦਾ ਰਹਿੰਦਾ ਹੈ। '***ਗਿਆਨ ਆਪਣੀ ਥਾਂ ਮਹੱਤਵਪੂਰਨ ਹੈ, ਪਰ ਗਿਆਨਵਾਨ ਕਹਿਲਾਉਣ ਵਾਲੇ ਵਿਅਕਤੀ ਨਾਲੋਂ ਮਜ਼ਬੂਤ ਅਤੇ ਨੇਕ ਇਰਾਦਿਆਂ ਵਾਲਾ ਮਨੁੱਖ ਵਧੇਰੇ ਉਪਯੋਗੀ ਅਤੇ ਸ਼ਕਤੀਸ਼ਾਲੀ ਹੁੰਦਾ ਹੈ।***-*ਜ਼ਿੰਦਗੀ ਦਾ ਤੀਜਾ ਨੇਤਰ*'ਮਨੁੱਖ (ਜੀਵਨ) ਨੈਤਿਕ ਤੇ ਅਨੈਤਿਕ ਕਦਰਾਂ ਕੀਮਤਾਂ ਲਈ ਸੋਚਣਾਂ ਆਰੰਭ ਕਰ ਦਿੰਦਾ ਹੈ। ਅਨੈਤਿਕ ਕਦਰਾਂ ਕੀਮਤਾਂ ਵਿੱਚ ਡੁੱਬਿਆ ਮਨੁੱਖ ਕੇਵਲ ਸੰਸਾਰ ਦੇ

ਪਦਾਰਥਾਂ ਲਈ ਹੀ ਯਤਨ ਕਰਦਾ ਰਹਿੰਦਾ ਹੈ। ਉਸ ਲਈ ਸੰਸਾਰ ਦੀ ਪ੍ਰਾਪਤੀ ਹੀ ਸਭ ਕੁੱਝ ਹੁੰਦਾ ਹੈ। ਧਨ ਮਾਲ ਅਸਬਾਬ ਲਈ ਰਾਤ ਦਿਨ ਜੰਜ਼ਾਲਾਂ ਵਿੱਚ ਫਸਿਆ ਰਹਿੰਦਾ ਹੈ। ਜਿਵੇਂ ਸ਼ਹਿਦ ਦੀ ਮੱਖੀ ਛੱਤੇ ਵਿੱਚ ਰਸ ਭਰਦੀ ਰਹਿੰਦੀ ਹੈ, ਸ਼ਹਿਦ ਕੋਈ ਹੋਰ ਕੱਢ ਕੇ ਲੈ ਜਾਂਦਾ ਹੈ। ਧਨ ਦੌਲਤ ਕਮਾਉਂਦਾ ਮਰ ਜਾਂਦਾ ਹੈ, ਧਨ ਦੌਲਤ ਦੇ ਮਾਲਕ ਅਗਾਂਹ ਕੋਈ ਹੋਰ ਬਣ ਜਾਂਦੇ ਹਨ। ਇਵੇਂ ਮੰਦੀ ਸੋਚ ਰਾਂਹੀ ਆਪਣੇ ਨਿੱਜ-ਰੂਪ (ਆਤਮਾ) ਨੂੰ ਭੁੱਲਿਆ ਰਹਿੰਦਾ ਹੈ। ਇਹ ਅਸਲ ਬਿਖ (ਜ਼ਹਿਰ) ਹੈ ਜਿਹੜੀ ਜੀਵਨ ਨੂੰ ਪੂਰਨ ਤੌਰ ਤੇ ਨਸ਼ਟ ਕਰ ਦਿੰਦੀ ਹੈ। ਅੰਮ੍ਰਿਤ:- ਜਦੋਂ ਸਾਡੇ ਸਰੀਰ ਵਿੱਚ ਜ਼ਹਿਰ ਫੈਲਦੀ ਹੈ, ਸਾਡੇ ਸਰੀਰ ਦੀ ਮਸ਼ੀਨਰੀ ਕੰਮ ਕਰਨ ਵਿੱਚ ਗੜਬੜ ਕਰਨ ਲਗ ਜਾਂਦੀ ਹੈ। ਸਾਨੂੰ ਦੁੱਖ ਦੁਆਰਾ ਬੀਮਾਰੀ ਦੇ ਰੂਪ ਵਿੱਚ ਅਹਿਸਾਸ ਹੁੰਦਾ ਹੈ। ਅਸੀਂ ਇਲਾਜ਼ ਲਈ ਕਿਸੇ ਡਾਕਟਰ/ਵੈਦ ਦਾ ਸਹਾਰਾ ਲੈਂਦੇ ਹਾਂ। ਵੈਦ ਸਾਨੂੰ ਸਭ ਤੋਂ ਪਹਿਲਾਂ ਪਰਹੇਜ਼ ਦੱਸਦਾ ਹੈ ਅਤੇ ਦਵਾਈ ਦਿੰਦਾ ਹੈ। ਤੰਦਰੁਸਤੀ ਫਿਰ ਬਹਾਲ ਹੋ ਜਾਂਦੀ ਹੈ। ਜੀਵ ਦਾ ਨਿੱਜ-ਰੂਪ (ਆਤਮਾ) ਉਸਦੇ ਸਾਹਮਣੇ ਆ ਜਾਂਦਾ ਹੈ। ਆਤਮਾ ਦਾ ਅਹਿਸਾਸ ਹੀ ਅੰਮ੍ਰਿਤ ਹੈ। ਗੁਰੂ ਸਾਹਿਬ ਜੀ ਨੇ ਅੰਮ੍ਰਿਤ ਛਕਾ ਕੇ ਅੰਦਰਲੇ ਅੰਮ੍ਰਿਤ ਨਾਲ ਸਾਂਝ ਪੈਦਾ ਕੀਤੀ ਹੈ। ਕਿਉਂਕਿ ਤੰਦਰੁਸਤੀ ਲਈ ਭੋਜਨ ਖਾਣਾ ਪੈਂਦਾ ਹੈ। ਇਵੇਂ ਹੀ ਨਿੱਜ-ਰੂਪ ਦੀ ਤੰਦਰੁਸਤੀ ਲਈ ਨਾਮ ਦਾ ਜਾਪ ਜਪਣਾ ਪੈਂਦਾ ਹੈ। ਜਾਪ ਕਰਦਿਆਂ ਜੋ ਮਾਨਸਿਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ, ਉਹ ਅੰਮ੍ਰਿਤ ਹੈ।

**ਗੁਣ ਦੋਖ – ਬਿਨ ਬਿਵਹਾਰ ਆਤਮਾ ਦੇਖ। ਇਹੀ ਬਡੋ ਗੁਣ ਸੁਮਤਿ ਪਰੇਖ।**
**ਤ੍ਰਿਗੁਣ ਸਮੇਤ ਆਤਮਾ ਪਿਖੇ। ਬਡੋ ਦੋਖ ਗਯਾਨੀ ਇਹ ਲਿਖੇ॥ ੧੪॥**

**ਅਰਥ** – ਆਤਮਾ ਦਾ ਵਿਵਹਾਰ ਤੋਂ ਬਿਨਾਂ ਦੇਖਣਾ, ਭਾਵ ਤ੍ਰਿਗੁਣਾਤੀਤ ਰੂਪ ਸਮਝਣਾ; ਸਭ ਤੋਂ ਮਹਾਨ ਗੁਣ ਹੈ। ਆਤਮਾ ਨੂੰ ਤਿੰਨ ਗੁਣਾਂ ਦੇ ਸਮੇਤ ਵੇਖਣ ਨੂੰ ਗਿਆਨਵਾਨ ਸਭ ਤੋਂ ਵੱਡਾ ਦੋਸ਼ ਜਾਣਦੇ ਹਨ।

**ਭਾਵਾਰਥ** – ਸਰੀਰ ਆਦਿ ਦੇ ਕਰਮ ਕਰਨ ਦੀ ਗਤੀ ਦਾ ਅਧਾਰ ਆਤਮਾ ਹੈ। ਜੇ ਆਤਮਾ ਦੀ ਚੇਤਨਾ ਹੈ, ਤਾਂ ਸਰੀਰ ਗਤੀਸ਼ੀਲ ਹੈ। ਜਿਵੇਂ ਕਾਰ/ਗੱਡੀ ਤੇਲ ਕਰਕੇ ਚਲਦੀ ਹੈ, ਇਹ ਤਾਂ ਹੀ ਸੰਭਵ ਹੈ ਜੇ ਕਿਸੇ ਇੰਜੀਨੀਅਰ ਦਾ ਦਿਮਾਗ ਲੋਹੇ ਦੇ ਅਕਾਰ ਨਾਲ ਜੁੜ ਕੇ ਸਿਸਟਮ ਤਿਆਰ ਹੋਇਆ ਹੋਵੇ। ਥੋੜੀ-ਜਿੰਨੀ ਗੜਬੜ ਵੀ ਗੱਡੀ/ਕਾਰ ਨੂੰ ਤੁਰਨ ਨਹੀਂ ਦਿੰਦੀ। ਵਿਗਿਆਨੀ ਦਾ ਦਿਮਾਗ ਕੰਮ



ਕਰਨ ਦੀ ਸਮਰੱਥਾ ਦਿੰਦਿਆਂ ਹੋਇਆ ਭੀ ਗੱਡੀ ਤੋਂ ਵੱਖ ਕਰਕੇ ਜਾਣਿਆ ਜਾਂਦਾ ਹੈ ਅਤੇ ਵਿਗਿਆਨੀ ਨੂੰ ਆਪਣੀ ਬਣਾਈ ਹੋਈ ਵਸਤੂ ਤੇ ਸਭ ਤੋਂ ਵੱਧ ਖੁਸ਼ੀ ਹੁੰਦੀ ਹੈ। ਇਵੇਂ ਹੀ ਆਤਮਾ ਕਰਕੇ ਸਾਰੇ ਜੀਵਨ ਕਰਮਸ਼ੀਲ ਹੁੰਦੇ ਹਨ ਪਰ ਆਤਮਾ ਸਾਰਿਆਂ ਤੋਂ ਨਿਰਲੇਪ ਹੈ। ਇਹੀ ਅਸਲ ਗੁਣ ਹੈ। ਅਸੀਂ ਸਾਰੇ ਹੀ ਗੁਣ ਸਿੱਖਦੇ ਹਾਂ, ਪਰ ਸਾਨੂੰ ਨਾ ਤਾਂ ਗੁਣਾਂ ਦਾ ਗਿਆਨ ਹੁੰਦਾ ਹੈ ਅਤੇ ਨਾ ਹੀ ਅਸੀਂ ਗਿਆਨ ਦੇਣ ਵਾਲੇ ਦਾ ਸਤਿਕਾਰ ਕਰਦੇ ਹਾਂ। ਗਿਆਨ ਦਾਤਾ ਗਿਆਨ ਪ੍ਰਾਪਤੀ ਵਾਲਾ ਹੀ ਹੋ ਸਕਦਾ ਹੈ। ਗਿਆਨ ਪ੍ਰਾਪਤੀ ਵਾਲਾ ਗੁਣ ਨਾਲ ਇਕਸੁਰ ਹੁੰਦਾ ਹੈ। ਅਸਲ ਗੁਣ ਹੈ, ਤਿੰਨ ਗੁਣਾਂ ਤੋਂ ਅਤੀਤ ਹੋ ਜਾਣਾ; ਨਿਮਰਤਾ ਵਿੱਚ ਟਿਕੇ ਰਹਿਣਾ। ਦੋਖ:- ਗੁਣ ਤੋਂ ਭਾਵ ਚੰਗਿਆਈ/ਸਿਫਤ ਹੁੰਦਾ ਹੈ। ਸਾਰਿਆਂ ਵਿਚ ਆਤਮਾ ਨੂੰ ਵਿਆਪਕ ਜਾਣਦਿਆਂ ਹੋਇਆਂ ਨਿਰਲੇਪ ਸਮਝਣਾ ਆਤਮਾ ਦੀ ਸਿਫਤ ਹੈ। ਦੂਜੇ ਪਾਸੇ ਆਤਮਾ ਨੂੰ ਤਿੰਨਾਂ ਗੁਣਾਂ ਦੇ ਸਮੇਤ ਵੇਖਣਾ ਸਭ ਤੋਂ ਵੱਡਾ ਦੋਖ (ਦੋਸ਼) ਹੈ। ਜਿਤਨਾ ਚਿਰ ਸਾਨੂੰ ਮੌਖਿਕ ਅਤੇ ਦਿਮਾਗੀ ਤੌਰ ਉੱਪਰ ਵੀਚਾਰਾਂ ਦਾ ਸੰਤੁਲਨ ਕਰਨਾ ਨਹੀਂ ਆਉਂਦਾ, ਉਤਨਾ ਚਿਰ ਗੁਣ-ਦੋਸ਼ ਦੀ ਮਹੀਨਗੀ ਦਾ ਪਤਾ ਹੀ ਨਹੀਂ ਲਗਦਾ। ਸਾਡੀ ਸੋਚ ਮੁਤਾਬਿਕ ਗੁਣ-ਦੋਸ਼ ਬਾਹਰੀ ਪ੍ਰਵਿਰਤੀ ਤੱਕ ਹੀ ਸੀਮਤ ਰਹਿੰਦੇ ਹਨ। ਪਰ ਗਿਆਨਵਾਨ ਲੋਕ ਤਿੰਨਾਂ-ਗੁਣਾਂ ਅਤੇ ਆਤਮਾ ਨੂੰ ਦੋ ਤਰਾਂ ਨਾਲ ਵੇਖਦੇ ਹਨ। ਵੀਚਾਰ ਤੋਂ ਸੱਖਣੇ ਲੋਕ ਆਤਮਾ ਨੂੰ ਤਿੰਨ-ਗੁਣਾਂ ਸਮੇਤ ਵੇਖਦੇ ਹਨ; ਕਿਉਂਕਿ ਤਿੰਨ ਗੁਣ ਭੀ ਆਂਤਰਿਕ ਦੁਨੀਆਂ ਵਿੱਚ ਮਹਿਸੂਸ ਹੀ ਕੀਤੇ ਜਾਂਦੇ ਹਨ। ਪਰ ਆਤਮਾ ਅਤੇ ਤਿੰਨ ਗੁਣਾਂ ਵਿੱਚ ਬੁਨਿਆਦੀ ਫਰਕ ਇਹ ਹੈ, ਕਿ ਤਿੰਨ-ਗੁਣ ਆਪਣਾ ਪ੍ਰਭਾਵ ਕ੍ਰੋਧ, ਲੋਭ ਆਦਿ ਦੇ ਰੂਪ ਰਾਹੀਂ ਮਾਨਸਿਕ ਸੰਕੀਰਨਤਾ ਪੈਦਾ ਕਰਦੇ ਹਨ। ਜਦੋਂ ਕਿ ਆਤਮਾ ਮਾਨਸਿਕ ਵਿਕਾਸ ਵਿੱਚ ਖੁਸ਼ੀਆਂ ਲੈ ਕੇ ਆਉਂਦੀ ਹੈ। ਅਧਿਆਤਮਕ ਮੰਡਲ ਵਿੱਚ ਸਭ ਤੋਂ ਵੱਡਾ ਦੋਸ਼ ਆਤਮਾ ਨੂੰ ਤਿੰਨ-ਗੁਣ ਦੇ ਸੰਯੁਕਤ ਵੇਖਣਾ ਹੈ। ਇਸ ਨੂੰ ਹੀ ਅੰਤਹਕਰਣ ਵਿਸ਼ਿਸਟ ਚੇਤਨ ਅਵਸਥਾ ਭੀ ਕਹਿੰਦੇ ਹਨ।

**ਜਸ ਅਪਜਸ – ਗਯਾਨ ਭਏ ਤੇ ਜੀਵਨ ਮੁਕਤਿ। ਸੁਜਸ ਬਿਸਾਲ ਇਹੀ ਹੁਇ ਜੁਗਤਿ।**
**ਜੀਵਨ ਮੁਕਤਿ ਨ ਆਤਮ ਗਯਾਨ। ਸੋਈ ਅਪਜਸ ਮਹਿਦ ਮਹਾਨ ॥ ੧੫॥**

**ਅਰਥ** – ਗਿਆਨਵਾਨ ਹੋ ਕੇ ਜੀਵਨ ਮੁਕਤਿ ਅਵਸਥਾ ਵਿੱਚ ਵਿਚਰਦਾ ਹੋਵੇ, ਇਹ ਸਭ ਤੋਂ ਵੱਡਾ ਜੱਸ ਹੈ। ਜਿਸਨੂੰ ਮਨੁੱਖਾ ਜਨਮ ਮਿਲਣ ਉਪਰੰਤ ਵੀ

ਗਿਆਨ ਹਾਸਿਲ ਨਾ ਹੋਇਆ ਹੋਵੇ ਅਤੇ ਨਾ ਹੀ ਜੀਵਨ ਮੁਕਤਿ ਅਵਸਥਾ ਨੂੰ ਪ੍ਰਾਪਤ ਕਰਨ ਲਈ ਕੋਈ ਯਤਨ ਕੀਤਾ; ਇਹੀ ਸਭ ਤੋਂ ਵੱਡਾ ਅਪਜਸ ਹੈ।

**ਭਾਵਾਰਥ** - ਜਸ-ਜਸ ਤੋਂ ਭਾਵ ਹੁੰਦਾ ਹੈ, ਕੀਰਤ ਵਡਿਆਈ ਜਾਂ ਗੁਣਾਨਵਾਦ; ਸਭ ਤੋਂ ਵੱਡੀ ਵਡਿਆਈ ਇਹੀ ਹੈ, ਕਿ ਗਿਆਨਵਾਨ ਹੋ ਕੇ ਜੀਵਨ ਮੁਕਤਿ ਅਵਸਥਾ ਵਿੱਚ ਵਿਚਰਨਾ। ਸਾਡੀਆਂ ਅੱਖਾਂ ਵਿੱਚ ਵੇਖਣ ਦੀ ਸਮਰੱਥਾ ਪ੍ਰਕਾਸ਼ ਦੀ ਸਹਾਇਤਾ ਕਰਕੇ ਹੁੰਦੀ ਹੈ। ਗਿਆਨ (ਗੁਣਾਨਵਾਦ) ਦੀ ਸਹਾਇਤਾ ਨਾਲ ਮਨ-ਬੁਧਿ ਅੱਖਾਂ ਪ੍ਰਭੂ ਜਸ ਨੂੰ ਮਾਨਣ ਦੇ ਸਮਰੱਥ ਹੋ ਜਾਂਦੀਆਂ ਹਨ। ਅੱਖਾਂ ਵਿੱਚ ਪ੍ਰਕਾਸ਼ ਦਾ ਗੁਣ ਹਾਸਿਲ ਕਰਨ ਦੀ ਸਮਰੱਥਾ ਹੈ। ਅੱਖਾਂ ਨੂੰ ਸਰੀਰ ਦੇ ਦੀਵੇ ਕਿਹਾ ਜਾਂਦਾ ਹੈ। ਇਵੇਂ ਮਨ-ਬੁਧਿ ਅੰਤਹਕਰਣ ਦੇ ਕਿਰਿਆ- ਭੇਦ ਨਾਲ ਦੋ ਨਾਮ ਹਨ । ਪਰ ਆਤਮਾ ਦੇ ਪ੍ਰਕਾਸ਼ ਗੁਣ ਕਰਕੇ ਮਨ ਨੂੰ ਜੋਤਿ ਸਰੂਪ ਕਿਹਾ ਜਾਂਦਾ ਹੈ। ਜਿਵੇਂ 'ਬਲਬ ਪ੍ਰਕਾਸ਼ ਕਰਦਾ ਹੈ' ਦੀ ਥਾਂ ਅਸੀਂ ਕਹਿੰਦੇ ਹਾਂ 'ਬਲਬ ਜਗਦਾ ਹੈ'। ਮਨ ਆਤਮਾ ਦੇ ਗੁਣਾਨਵਾਦ ਵਿਚ ਸਮੋਇਆ ਹੋਇਆ ਆਤਮਾ ਦਾ ਰੂਪ ਹੀ ਹੋ ਜਾਂਦਾ ਹੈ। ਇਹੀ ਸਭ ਤੋਂ ਵੱਡਾ ਜਸ ਹੈ। ਅਪਜਸਃ- ਜਸ ਦੇ ਉਲਟ ਅਪਜਸ ਹੈ।

**ਦੋਹਰਾ - ਪੰਡਤ ਸੰਤ-ਬੁੱਧਿ ਰਹਿਹ ਬ੍ਰਹਮਭਾਵ ਮਹਿਂ ਬ੍ਰਹਮਾਦਿ ਸ਼ੇਖ ਪਰਯੰਤ।**
**ਇਕਤਾ ਮਹਿ ਨਿਸ਼ਚਾ ਲਹੈ ਸੋਈ ਪੰਡਿਤ ਸੰਤ॥ ੧੬॥**

**ਅਰਥ** – ਬ੍ਰਹਮਾ ਆਦਿਕਾਂ ਤੋਂ ਲੈ ਕੇ ਸ਼ੇਸ਼ਨਾਗ ਤੱਕ (ਭਾਵ ਅਕਾਸ਼ਚਾਰੀਆਂ ਤੋਂ ਲੈ ਕੇ ਪਤਾਲਚਾਰੀਆਂ) ਤੱਕ ਬੁੱਧੀ ਬ੍ਰਹਮਭਾਵ ਵਿੱਚ ਸਥਿੱਤ ਰਹੇ; ਸਾਰਿਆਂ ਵਿੱਚ ਇੱਕੋ ਹੀ ਆਤਮਾ ਰੂਪ ਨਿਸ਼ਚਾ ਧਾਰਨ ਰੱਖੇ ਉਹੀ ਪੰਡਿਤ ਹੈ, ਉਹੀ ਸੰਤ ਹੈ।

**ਭਾਵਾਰਥ** – ਵਿੱਦਿਆ ਵਿੱਚ ਨਿਪੁੰਨ ਪੁਰਖ ਨੂੰ ਪੰਡਿਤ ਕਿਹਾ ਜਾਂਦਾ ਹੈ। ਮਨ ਨੂੰ ਸਾਂਤ ਰੱਖਣ ਵਾਲੇ ਨੂੰ ਸੰਤ ਕਿਹਾ ਜਾਂਦਾ ਹੈ। ਪੰਡਤ ਤੇ ਸੰਤ ਦੀਆਂ ਸਾਰੀਆਂ ਕਿਰਿਆਵਾਂ ਮਨ ਨੂੰ ਸਥਿਰ ਕਰਕੇ ਵਿਚਰਨ ਵਿੱਚ ਜੁੜੀਆਂ ਹੋਈਆ ਹੁੰਦੀਆਂ ਹਨ। ਅਕਾਸ਼ ਤੋਂ ਪਾਤਾਲ ਤੱਕ ਸ਼ਕਤੀਵਾਦਕ ਹੋਂਦ ਨੂੰ ਮੰਨਿਆ ਜਾਂਦਾ ਹੈ। ਕੋਈ ਅਕਾਸ਼ ਲੋਕ ਦੇ ਦੇਵਤਿਆਂ ਵਿੱਚ ਸ਼ਕਤੀਮਾਨਤਾ ਨੂੰ ਪ੍ਰਮੁੱਖਤਾ ਦਿੰਦਾ ਹੈ ਅਤੇ ਪਤਾਲ ਲੋਕ ਦੇ ਬਾਸ਼ਿੰਦਿਆਂ ਨੂੰ ਅਧਮਤਾ ਵਿੱਚ ਰੱਖ ਕੇ ਵੇਖਦਾ ਹੈ। ਬ੍ਰਹਮਾ ਨੂੰ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਮੰਨਿਆ ਹੈ, ਸ਼ੇਸ਼ਨਾਗ ਨੂੰ ਸੰਸਾਰ ਦੀ ਰੱਖਿਆ ਕਰਨ ਵਾਲੇ ਦੀ ਸੇਜਾ ਕਰਕੇ ਜਾਣਿਆ ਜਾਂਦਾ ਹੈ। ਵਿਦਵਾਨ ਲੋਕ, 'ਪੈਦਾ ਕਰਨ



ਵਾਲੇ' ਅਤੇ 'ਰੱਖਿਆ ਕਰਨ ਵਾਲੇ' ਨੂੰ ਇੱਕ ਰੂਪ ਕਰਕੇ ਜਾਣਦੇ ਹਨ; ਕਿਉਂਕਿ ਜੀਵਨ ਸੰਭਵ ਹੀ ਪੈਦਾ ਅਤੇ ਰੱਖਿਆ ਦੀ ਏਕਤਾ ਕਰਕੇ ਹੁੰਦਾ ਹੈ। ਜਿੱਥੇ ਪੈਦਾ ਹੋਣ ਵਾਲੇ ਬੱਚਿਆਂ ਦੀ ਸੰਭਾਲ ਅਤੇ ਤੰਦਰੁਸਤੀ ਲਈ ਯੋਗ ਰੱਖਿਆ ਕੀਤੀ ਜਾਂਦੀ ਹੈ; ਉੱਥੋਂ ਦਾ ਭਵਿੱਖ ਬਹੁਤ ਹੀ ਅਗਾਂਹਵਧੂ ਹੁੰਦਾ ਹੈ। ਐਸੀ ਸੋਚ ਪੰਡਿਤ ਸੰਤ ਦੀ ਹੀ ਹੁੰਦੀ ਹੈ, ਕਿ ਉਹ ਆਪਣੇ ਚੌਗਿਰਦੇ ਪ੍ਰਤੀ ਸਦਾ ਲਈ ਯਤਨਸ਼ੀਲ ਰਹਿੰਦੇ ਹਨ।

**ਚੌਪਈ – ਰੋਗੀ ਅਰੋਗੀ – ਹੰ ਮਮਤਾ ਅਭਿਮਾਨੀ ਥੀਵ। ਰੋਗੀ ਸੋ ਸੰਸਾਰੀ ਜੀਵ।**
**ਅਹੰ ਮਮਤਾ ਭਿਮਾਨ ਤੈ ਹੀਨ । ਗਯਾਨ ਸਰੂਪ ਅਰੋਗੀ ਚੀਨਵ ॥ ੧੭॥**

**ਅਰਥ** – ਜੋ ਸੰਸਾਰੀ ਜੀਵ ਹੰਗਤਾ ਮਮਤਾ ਕਰਕੇ ਅਭਿਮਾਨੀ ਹੈ, ਉਹ ਰੋਗੀ ਹੈ। ਜੋ ਹੰਗਤਾ ਮਮਤਾ ਅਭਿਮਾਨ ਆਦਿ ਤੋਂ ਰਹਿਤ ਗਿਆਨ ਸਰੂਪ ਵਿੱਚ ਸਥਿਤ ਰਹਿੰਦਾ ਹੈ, ਉਹ ਅਰੋਗੀ ਜਾਨਣਾ ਕਰ।

**ਭਾਵਾਰਥ** – ਸੰਸਾਰ ਵਿੱਚ ਮਨੁੱਖ ਸਰੀਰ ਦੀ ਤੰਦਰੁਸਤੀ ਲਈ ਖੁਰਾਕ ਖਾਂਦਾ ਹੈ। ਥੋੜੀ ਜਿੰਨੀ ਲਾਪ੍ਰਵਾਹੀ ਜਾਂ ਵਾਤਾਵਰਣ ਦਾ ਅਸਰ ਆਦਿ ਸਰੀਰ ਵਿੱਚ ਵਿਗਾੜ ਪੈਦਾ ਕਰ ਦਿੰਦਾ ਹੈ। ਜਦੋਂ ਸਰੀਰ ਵਿੱਚ ਵਿਗਾੜ ਪੈਦਾ ਹੋ ਜਾਏ ਤਾਂ ਖੁਰਾਕ ਹੀ ਸਰੀਰ ਵਿੱਚ ਰੋਗ ਦੀ ਮਾਤਰਾ ਨੂੰ ਵਧਾ ਦਿੰਦੀ ਹੈ। ਇਸ ਲਈ ਹੀ ਵੈਦ ਲੋਕ ਦਵਾਈ ਨਾਲ ਪਰਹੇਜ਼ ਆਖਦੇ ਹਨ। ਇਹ ਰੋਗ ਤਿੰਨ ਤਰ੍ਹਾਂ ਦੇ ਮੰਨੇ ਜਾਂਦੇ ਹਨ 'ਆਧਿ, ਵਿਆਧਿ ਅਤੇ ਉਪਾਧਿ' ਸਾਰਿਆਂ ਦਾ ਮੂਲ ਕਾਰਨ ਹੰਗਤਾ ਮਮਤਾ ਹੁੰਦੀ ਹੈ। ਹੰਗਤਾ ਮਮਤਾ ਵਿੱਚ ਫਸਿਆ ਮਨੁੱਖ ਤਨ ਨੂੰ ਸਦਾ ਸਥਿਰ ਰਹਿਣ ਵਾਲਾ ਜਾਣਨ ਦਾ ਯਤਨ ਕਰਦਾ ਹੈ। ਇਹੀ ਉਸ ਦੀ ਭੁੱਲ ਹੈ। ਹੰਗਤਾ ਮਮਤਾ ਕਰਕੇ ਤਨ-ਅਭਿਮਾਨ ਭਾਰੂ ਰਹਿੰਦਾ ਹੈ। ਦੇਹ-ਅਭਿਮਾਨ 'ਜੀਵ' ਦੀ ਪਹਿਚਾਣ ਹੁੰਦੀ ਹੈ। ਗੁਰੂ ਸਾਹਿਬਾਨ ਜੀ ਨੇ ਹਉਮੈਂ ਸਭ ਤੋਂ ਵੱਡਾ ਰੋਗ ਗਿਣਿਆ ਹੈ। ਜਿਸਨੂੰ ਹਉਮੈਂ ਦਾ ਰੋਗ ਚੰਬੜਿਆ ਹੋਵੇ ਉਹ ਬਾਕੀ ਰੋਗਾਂ ਦਾ ਸਮੁੰਦਰ ਬਣ ਜਾਂਦਾ ਹੈ। ਹਉ ਦੇ ਸਹਾਰੇ ਸਾਰਾ ਸੰਸਾਰ ਬਣਿਆ ਹੋਇਆ ਹੈ। ਹਉ ਵਾਲੀ ਬੁੱਧੀ ਅਨਾਤਮ ਬੁੱਧੀ ਹੈ; ਉਹੋ ਹੀ ਸਭ ਤੋਂ ਵੱਡੀ ਰੋਗ ਦੀ ਜੜ੍ਹ ਹੈ।

ਅਰੋਗੀਃ- ਹੰਗਤਾ ਮਮਤਾ ਅਤੇ ਅਭਿਮਾਨ ਤੋਂ ਰਹਿਤ ਅਰੋਗੀ ਹੁੰਦਾ ਹੈ। ਸਰੀਰਕ ਰੋਗ ਸਮੇਂ ਨਾਲ ਆਉਂਦੇ ਹਨ ਅਤੇ ਸਮੇਂ ਨਾਲ ਹੀ ਚਲੇ ਜਾਂਦੇ ਹਨ। ਜਿਵੇਂ ਬੈਕਟੀਰੀਆ ਇੱਕ ਖਾਸ ਸਮੇਂ ਤੱਕ ਬੀਮਾਰੀ ਦਾ ਕਾਰਣ ਬਣਦੇ ਹਨ; ਫਿਰ ਇੱਕ

ਸਟੇਜ ਤੇ ਆ ਕੇ ਇਹਨਾਂ ਵਿੱਚੋਂ ਹੀ ਇਲਾਜ ਦਾ ਰਸਤਾ ਨਿਕਲਦਾ ਹੈ। ਐਜਗਜ਼ੈਂਡਰ ਫਲੇਮਿੰਗ ਨੇ ਬੈਕਟੀਰੀਆਂ ਤੇ ਖੋਜ ਕਰਦਿਆਂ ਹੀ ਪੈਨਸਲੀਨ ਦੀ ਖੋਜ ਕੀਤੀ ਸੀ। ਰੋਗੀ ਸਰੀਰ ਦੇ ਨਜ਼ਰੀਏ ਤੋਂ ਹੀ ਅਰੋਗਤਾ ਦੀ ਕੀਮਤ ਦਾ ਪਤਾ ਚਲਦਾ ਹੈ। ਹਨੇਰੇ ਵਿੱਚ ਸੱਟਾਂ ਖਾਣ ਵਾਲਾ ਹੀ ਪ੍ਰਕਾਸ਼ ਦੀ ਕਦਰ ਕਰਦਾ ਹੈ। ਅਗਿਆਨ ਦੇ ਹਲਾਤ ਤੋਂ ਜਾਣੂ ਗਿਆਨ ਨੂੰ ਹਮੇਸ਼ਾ ਲਈ ਵਰਤਦਾ ਹੈ। ਜੀਵਨ ਨੂੰ ਸਦਾ ਸੁੱਖ ਦੀ ਹਾਲਾਤ ਵਿੱਚ ਰੱਖਣ ਲਈ ਗਿਆਨ ਨੂੰ ਵਰਤਿਆ ਜਾਂਦਾ ਹੈ। ਗਿਆਨ ਦੁਆਰਾ ਬੁੱਧੀ ਬ੍ਰਹਮ ਰੂਪ ਵਿਚ ਟਿਕੀ ਰਹਿੰਦੀ ਹੈ। ਬ੍ਰਹਮ ਬੁੱਧੀ ਵਾਲਾ ਸਦਾ ਅਰੋਗੀ ਹੁੰਦਾ ਹੈ।

**ਬੁੱਧਿ ਅਨਾਤਮ ਮਹਿਂ ਸੋ ਰੋਗੀ। ਬ੍ਰਹਮਬੁੱਧਿ ਤਿਹ ਜਾਨ ਅਰੋਗੀ।**
**ਧਨੀ ਨਿਰਧਨੀ-ਆਤਮਧਨ ਪ੍ਰਾਪਤ ਸੋ ਧਨੀ। ਬਿਨ ਆਤਮ ਪਾਏ ਨਿਰਧਨੀ॥ ੧੮ ॥**

**ਅਰਥ** – ਅਨਾਤਮ ਪਦਾਰਥਾਂ ਵਿੱਚ ਜਿਸਦੀ ਬੁੱਧੀ ਰਹਿੰਦੀ ਹੈ, ਉਹ ਰੋਗੀ ਹੈ। ਜਿਸਦੀ ਬੁੱਧੀ ਬ੍ਰਹਮ ਵਿੱਚ ਸਥਿਰਤਾ ਪ੍ਰਾਪਤ ਕਰਦੀ ਹੈ, ਉਹ ਅਰੋਗੀ ਹੈ। ਜਿਸਨੂੰ ਆਤਮ ਧਨ ਪ੍ਰਾਪਤ ਹੋਵੇ, ਉਹ ਧਨਵਾਨ ਹੈ। ਆਤਮ ਧਨ ਤੋਂ ਰਹਿਤ ਨਿਰਧਨ ਹੁੰਦਾ ਹੈ।

**ਭਾਵਾਰਥ** – ਆਤਮ ਧਨ ਸਭ ਤੋਂ ਵੱਡਾ ਧਨ ਹੈ, ਜਿਹੜਾ ਮਨੁੱਖ ਦੀ ਹਰ ਥਾਂ ਤੇ ਕਦਰ ਕਰਵਾਉਂਦਾ ਹੈ। ਪੈਸਾ (ਧਨ) ਮਨੁੱਖ ਲਈ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਬਦਲ ਕੇ ਹੀ ਵਰਤਣਾ ਪੈਂਦਾ ਹੈ। ਪਰ ਆਤਮ ਧਨ ਨੈਤਿਕ-ਗੁਣਾਂ ਦੇ ਰੂਪ ਵਿੱਚ ਹਰ ਥਾਂ ਸਤਿਕਾਰ ਕਰਵਾਉਂਦਾ ਹੈ। ਖਾਲਸੇ ਦੇ ਨੈਤਿਕ ਗੁਣ, ਸੇਵਾ ਦੀ ਤੱਤਪਰਤਾ ਦੇ ਰੂਪ ਵਿੱਚ ਹਰ ਦੁਖੀ ਨੂੰ ਵੇਖ ਕੇ ਦਰਦ ਵੰਡਾਉਣ ਲਈ ਉਤਸ਼ਾਹਿਤ ਕਰਦੇ ਹਨ। ਸੰਸਾਰ ਭਰ ਵਿੱਚ ਦੁਖੀਆਂ ਲਈ ਕੀਤੀ ਸਹਾਇਤਾ ਖਾਲਸੇ ਨੂੰ ਸਨਮਾਨਯੋਗ ਪਦਵੀ ਤੇ ਸ਼ਸੋਭਿਤ ਕਰਦੀ ਹੈ। ਐਸੇ ਜੀਵਨ ਵਾਲਾ ਸਿੱਖ ਆਪਣੀ ਕਮਾਈ (ਕ੍ਰਿਤ) ਦੁਆਰਾ ਖਿਆਲ ਰੱਖਦਾ ਹੈ, ਕਿ ਮੇਰੇ ਕੋਲ ਕਿੰਨਾ ਧਨ ਹੈ; ਇਸ ਵਿੱਚੋਂ ਕਿੰਨਾਂ ਧਨ ਲੋੜਵੰਦਾਂ ਨੂੰ ਦੇ ਕੇ ਮੈਂ ਆਪਣੇ ਪਰਿਵਾਰ ਦਾ ਖਰਚਾ ਤੋਰ ਸਕਦਾ ਹਾਂ। ਉਸਨੂੰ ਧਨ ਦੀ ਅਸਲੀਅਤ ਦਾ ਪਤਾ ਹੁੰਦਾ ਹੈ। ਪੈਸਾ ਉਸਦਾ ਹੀ ਹੈ, ਜਿਹੜਾ ਖਰਚਦਾ ਹੈ ਅਤੇ ਜ਼ਰੂਰਤਮੰਦਾਂ ਨੂੰ ਖਵਾਉਂਦਾ ਹੈ। ਬਾਕੀ ਪੈਸਾ ਜਾਂ ਤਾਂ ਕੰਜੂਸ ਬਣਾ ਦੇਵੇਗਾ ਜਾਂ ਚਿੰਤਾਵਾਂ ਦਾ ਕਾਰਨ ਬਣ ਜਾਏਗਾ। ਉਹ ਅਸਲ ਧਨੀ ਹੈ।

ਨਿਰਧਨ:- ਮਨੁੱਖ ਨੂੰ ਜੋ ਕੁੱਝ ਵੀ ਮਿਲਦਾ ਹੈ, ਉਸਦੇ ਕੀਤੇ ਹੋਏ ਮਾਨਵਤਾ



ਦੇ ਲਈ ਚੰਗੇ ਕਰਮਾਂ ਦਾ ਨਤੀਜਾ ਹੀ ਹੁੰਦਾ ਹੈ। ਜਿਹੜਾ ਮਾਨਵਤਾ ਵਿੱਚ ਆਤਮਾ ਦੇ ਸਾਂਝੇ ਰੂਪ ਨੂੰ ਵੇਖਣ ਦੇ ਸਮਰਥ ਨਹੀਂ ਰਹਿੰਦਾ, ਉਹ ਅਸਲੀ ਨਿਰਧਨ ਹੁੰਦਾ ਹੈ। ਉਸ ਵੱਲੋਂ ਧਨ ਪ੍ਰਾਪਤੀ ਲਈ ਕੀਤੇ ਹੋਏ ਕੰਮ ਵੀ ਧਨ ਵਿਚ ਬਰਕਤ ਦਾ ਢਾਲ ਨਹੀਂ ਬਣਦੇ। ਉਸ ਦਾ ਧਨ ਜਾਂ ਤਾਂ ਚੋਰ ਚੋਰੀ ਕਰ ਲੈਂਦੇ ਹਨ, ਜਾਂ ਕੋਈ ਹੋਰ ਨੁਕਸਾਨ ਖੜਾ ਹੋ ਜਾਂਦਾ ਹੈ। "ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ॥ ਕੋਪੈਂ ਤਾਂ ਪੈ ਭ੍ਰਾਤ ਤ੍ਰੈ ਕਰੈ ਜੁ ਜੇਸਟੈ ਤਯਾਗਿ।- ਸਾਰਕੁਤਾਵਲੀ" ਵਾਸਤਵ ਵਿੱਚ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਇੱਕ-ਦੂਜੇ ਦੀ ਸਹਾਇਤਾ ਦਾ ਨਾਮ ਧਨ ਹੈ। ਇੱਕ ਦਾ ਖਰਚਾ ਦੂਜੇ ਦਾ ਲਾਭ ਹੁੰਦਾ ਹੈ। ਇਸ ਪ੍ਰਕਾਰ ਦੀ ਸੰਤੁਸ਼ਟੀ ਆਤਮ-ਵਿਸ਼ਵਾਸੀ ਲੋਕਾਂ ਦੀ ਹੁੰਦੀ ਹੈ। ਸਵਾਰਥੀ ਲੋਕ ਤਾਂ ਬੈਂਕ ਤੋਂ ਕਰਜਾ ਲੈ ਕੇ ਮੁਨਾਫਾ ਹਾਸਿਲ ਕਰਦੇ ਹਨ, ਪੈਸੇ ਮੋੜਨ ਦੀ ਥਾਂ ਬਨਾਵਟੀ ਢੰਗ ਬਣਾ ਕੇ ਸਾਰਾ ਕੁੱਝ ਖਤਮ ਕਰ ਕੇ ਵਿਖਾ ਦਿੰਦੇ ਹਨ। ਉਹਨਾਂ ਦੇ ਨਜ਼ਰੀਏ ਵਿੱਚ ਧਨ ਦੀ ਬਹੁਤਾਤ ਅਮੀਰ ਬਣਾ ਦੇਵੇਗੀ; ਪਰ ਜਿਹੜਾ ਆਤਮਾ ਕਰਕੇ ਕੰਗਾਲ ਹੈ, ਉਸਨੂੰ ਤ੍ਰਿਪਤ ਕਰਨ ਵਾਲਾ ਕੋਈ ਨਹੀਂ। 'ਵਧੇਰੇ ਪੈਸੇ ਵਧੇਰੇ ਪ੍ਰਸੰਨਤਾ ਨਹੀਂ ਦਿੰਦੇ। ਪ੍ਰਸੰਨ ਕਰਨ ਵਾਲੀਆਂ ਚੀਜਾਂ ਦਾ ਪੈਸੇ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਇਹ ਸਮਝ ਹੀ ਮਨੁੱਖ ਨੂੰ ਸਿਆਣਾ ਬਣਾਉਣ ਵਿੱਚ ਕਾਫੀ ਹੈ। ਜੀਵਨ ਲਈ ਪੈਸਾ ਜਰੂਰੀ ਹੈ ਪਰ ਪੈਸਾ ਹੀ ਸਭ ਕੁੱਝ ਨਹੀਂ ਹੁੰਦਾ।-ਖਿੜਕੀਆਂ, ਨਰਿੰਦਰ ਸਿੰਘ ਕਪੂਰ'

**ਨਿਸ਼ਕਾਮਤਾ – ਜਗਯਾਸੀ ਨਰ ਚਹੈ ਜੁ ਸ਼ੇਯ। ਉਤਮ ਕਰਮ ਕਰੈ ਹਿਤ ਦੇਯ।**
**ਨਹਿਂ ਅਭਿਲਾਖਾ ਫਲ ਕੀ ਕਰੈ। ਹੁਇ ਨਿਸ਼ਕਾਮ ਬ੍ਰਿਤ ਦਿਢ ਧਰੈ ॥ ੧੯ ॥**

**ਅਰਥ** – ਜਿਹੜਾ ਜਗਿਆਸੂ ਕਲਿਆਣ ਚਾਹੁੰਦਾ ਹੈ, ਆਪਣੀ ਕਲਿਆਣ ਦੀ ਇੱਛਾ ਲਈ ਚੰਗੇ ਕਰਮ ਕਰਦਾ ਹੈ। ਕਰਮ ਕਰਦਾ ਹੋਇਆ ਫਲ ਦੀ ਇੱਛਾ ਨਾ ਰਖਦਾ ਹੋਵੇ; ਨਿਸ਼ਕਾਮਤਾ ਕਰਮਾਂ ਵਾਲੀ ਬ੍ਰਿਤੀ ਨੂੰ ਪ੍ਰਪੱਕ ਕਰਕੇ ਰਖੇ, ਨਿਸ਼ਕਾਮੀ ਕਹਾਉਂਦਾ ਹੈ।

**ਭਾਵਾਰਥ** – ਗੁਰੂ ਸਾਹਿਬਾਨ ਜੀ ਦੇ ਮਨੁੱਖਤਾ ਲਈ ਪਰਉਪਕਾਰੀ ਸਰੂਪ ਵਿੱਚ ਨਿਸ਼ਕਾਮਤਾ ਦਾ ਸੁੰਦਰ ਸਰੂਪ ਸ਼ੋਭਦਾ ਹੈ। ਕਿਉਂਕਿ ਗੁਰੂ ਸਾਹਿਬ ਜੀ ਉੱਤਮ-ਪੁਰਖ ਬਣਕੇ ਇੱਛਾਵਾਨ ਮਨੁੱਖ ਨੂੰ ਕਲਿਆਣਕਾਰੀ ਰਸਤਾ ਰੁਸ਼ਨਾਉਂਦੇ ਹਨ। ਜਿਸ ਨੇ ਰੱਬ ਨੂੰ ਪ੍ਰਾਪਤ ਕੀਤਾ ਹੈ, ਉਸ ਨੂੰ ਆਪਣਾ-ਆਪ ਚੰਗੇ ਕਰਮਾਂ ਵਿੱਚ ਜੋੜਨਾ ਹੋਵੇਗਾ। ਸਮੁੱਚੀ ਮਾਨਵਤਾ ਕਲਿਆਣਕਾਰੀ ਮਾਰਗ ਦੀ ਧਾਰਨੀ ਹੋਵੇ ਇਸ ਲਈ

ਗੁਰਮਤਿ ਮਾਰਗ ਦੀ ਸ਼ੁਰੂਆਤ ਕੀਤੀ। ਗੁਰਮਤਿ ਧਾਰਨ ਕਰਨ ਵਾਲਾ ਆਪਣੇ-ਆਪ ਨੂੰ ਗੁਰ-ਚਰਨਾਂ ਵਿੱਚ ਸਮਰਪਿਤ ਕਰ ਦਿੰਦਾ ਹੈ। ਉਸ ਦਾ ਹਰ ਕਰਮ ਗੁਰੂ-ਟੇਕ ਵਿੱਚ ਹੀ ਰਹਿੰਦਾ ਹੈ। ਮੰਦੇ ਕਰਮ ਵਿੱਚ ਉਸ ਦੀ ਪ੍ਰਵੇਸ਼ਕਾ ਹੁੰਦੀ ਹੀ ਨਹੀਂ। ਚੰਗੇ ਕਰਮਾਂ ਨੂੰ ਗੁਰੂ-ਕਿਰਪਾ ਦਾ ਪ੍ਰਸਾਦ ਜਾਣਦਾ ਹੈ। ਹਮੇਸ਼ਾ ਲਈ ਆਪਣੀ ਭਲਾਈ ਲਈ ਚੰਗੇਰੇ ਕਰਮਾਂ ਨੂੰ ਕਰਦਾ ਹੈ। ਫਲ ਲਈ ਉਸ ਨੂੰ ਕੋਈ ਤਾਂਘ ਨਹੀਂ ਹੁੰਦੀ, ਉਹ ਜਾਣਦਾ ਹੈ ਪ੍ਰਮਾਤਮਾ ਸਭ ਦਾ ਨਿਆਂ ਕਰਦਾ ਹੈ। ਜਿਵੇਂ ਦਿਹਾੜੀ ਕਰਨ ਵਾਲੇ ਨੂੰ ਤਨਖਾਹ ਮਿਲੇਗੀ; ਇਵੇਂ ਚੰਗੇ ਕਰਮਾਂ ਦੇ ਇਵਜ਼ ਵਿੱਚ ਨਿਰੰਕਾਰ ਦੀ ਰਹਿਮਤ ਹਾਸਿਲ ਹੋਵੇਗੀ।

**ਪੰਚਕਰਮ - ਕਰਿਬੇ ਕਰਮ ਪੰਚ ਪਰਕਾਰ। ਇਕਤੌਂ 'ਨਿੱਤ ਕਰਮ' ਹਿਤ ਧਾਰ।**
**ਮੱਜਨ ਗੁਰਬਾਣੀ ਕੋ ਪਠਨਾ। ਸੰਧਯਾਦਿਕ ਸੱਤਿਨਾਮ ਮੁ ਰਟਨਾ॥ ੨੦॥**

**ਅਰਥ** - ਪੰਜ ਤਰ੍ਹਾਂ ਦੇ ਕਰਮ ਜੋ ਵਿਧਾਨਕ ਹਨ, ਪਹਿਲਾ 'ਨਿੱਤ-ਕਰਮ' ਹੈ ਪ੍ਰੇਮ ਨਾਲ ਧਾਰਨ ਕਰਨਾ ਕਰ। ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਆਪਣੇ ਗੁਰੂ ਦੇ ਮੁੱਖੋਂ ਸੁਣੇ ਹੋਏ ਬੋਲਾਂ ਨੂੰ ਬਾਰ-ਬਾਰ ਪੜ੍ਹਨਾ। ਸੰਧਯਾ ਸਮੇਂ ਸੱਤਮਾਨ ਦਾ ਰਟਨ ਕਰਨਾ।

**ਭਾਵਾਰਥ** - ਪੰਚ-ਕਰਮ :- ਜੀਵਨ ਨੂੰ ਚੱਲਦਾ ਰੱਖਣ ਲਈ ਸਵਾਸ ਜ਼ਰੂਰੀ ਹਨ, ਇਵੇਂ ਨੈਤਿਕ ਜੀਵਨ ਲਈ ਸ਼ੁੱਭ ਕਰਮ ਜਰੂਰੀ ਹਨ, ਨੀਤੀਵਾਨਾਂ ਨੇ ਇਹਨਾਂ ਨੂੰ ਪੰਜ-ਕਰਮਾਂ ਕਰਕੇ ਅੰਕਿਤ ਕੀਤਾ ਹੈ। ਇਸ ਲਈ ਕਵੀ ਜੀ ਨੇ ਪੰਚ-ਕਰਮ ਨਾਮ ਦੁਆਰਾ ਕਾਵਿਕ ਰੂਪ ਵਿੱਚ ਗੁੰਥਨ ਕੀਤਾ ਹੈ। ੧) ਨਿੱਤ-ਕਰਮ-ਇਸ਼ਨਾਨ ਕਰਕੇ ਨਿਤਨੇਮ ਕਰਨਾ, ਸਵੇਰ-ਸ਼ਾਮ ਵਾਹਿਗੁਰੂ ਨਾਮ ਬਾਰ-ਬਾਰ ਉਚਾਰਨ ਕਰਨਾ, ਗੁਰਬਾਣੀ ਪੜ੍ਹਨੀ ਆਦਿਕ ਨਿੱਤ ਕਰਮ ਵਿੱਚ ਆਉਂਦੇ ਹਨ। ਜਿਵੇਂ ਸਰੀਰ ਲਈ ਜਰੂਰੀ ਹੁੰਦਾ ਹੈ, ਸਵਾਸ ਚੱਲਣ ਦੇ ਨਾਲ-ਨਾਲ ਸਰੀਰਕ ਗਤੀਵਿਧੀਆਂ ਦਾ ਚੱਲਣਾ; ਅਣਇੱਛਤ ਮਾਸਪੇਸ਼ੀਆਂ ਅਤੇ ਇੱਛਤ ਮਾਸਪੇਸ਼ੀਆਂ ਸਰੀਰਕ ਗਤੀਵਿਧੀਆਂ ਦਾ ਸੰਚਾਲਨ ਕਰਦੀਆਂ ਹਨ। ਲਗਾਤਾਰ ਇਹ ਚਾਲ ਚੱਲਦੀ ਰਹਿੰਦੀ ਹੈ। ਉੱਠਣਾ, ਬੈਠਣਾ, ਚੱਲਣਾ, ਦੌੜਨਾ ਆਦਿ ਅਤੇ ਸੁੱਤੇ ਹੋਏ ਦਿਲ, ਫੇਫੜੇ, ਨਰਵਸ ਆਦਿ ਇਸੇ ਗਤੀਵਿਧੀ ਦਾ ਅੰਗ ਹਨ । ਨੈਤਿਕ ਜੀਵਨ ਲਈ ਨਿਯਮ ਪੂਰਬਕ 'ਇਸ਼ਨਾਨ ਕਰਨਾ', 'ਨਾਮ ਦਾ ਸਿਮਰਨ', ਗੁਰਬਾਣੀ ਪੜਨਾ ਆਦਿ ਨਿੱਤ-ਕਰਮ ਹਨ; ਜਿਹੜੇ ਹਰ ਇਨਸਾਨ ਲਈ ਬਹੁਤ ਜ਼ਰੂਰੀ ਹਨ। ਸ਼ਾਮ ਨੂੰ



ਰਹਿਰਾਸ ਸਾਹਿਬ ਦਾ ਪਾਠ, ਰਾਤ ਨੂੰ ਕੀਰਤਨ ਸੋਹਿਲਾ ਜੀ ਦਾ ਪਾਠ ਦਿਨ ਭਰ ਵਿੱਚ ਕੀਤੇ ਕਰਮਾਂ ਦਾ ਅਹਿਸਾਸ ਕਰਵਾਉਂਦੇ ਹਨ, ਕਿੰਨੇ-ਕੁ ਚੰਗੇ ਕਰਮ ਕੀਤੇ ਹਨ ਅਤੇ ਕਿਤਨੇ ਕੁ ਮੰਦੇ। ਨਿੱਤ ਕਰਮਾਂ ਦੇ ਫਲ-ਸਰੂਪ ਮੰਦੇ ਕਰਮਾਂ ਵੱਲੋਂ ਤੌਬਾ ਲਈ ਅਤੇ ਚੰਗੇ ਕਰਮਾਂ ਦੀ ਸਲਾਮਤੀ ਲਈ ਅਰਦਾਸ ਵਿੱਚ ਹੱਥ ਜੁੜ ਜਾਂਦੇ ਹਨ। ਚੰਗੇ ਕਰਮਾਂ ਦੇ ਫਲ-ਸਰੂਪ ਜੀਵਨ ਚਾਲ ਪ੍ਰਸੰਨਤਾ ਪੂਰਬਕ ਚਲਦੀ ਹੈ।

**ਸ਼੍ਰਾਧ ਆਦਿ 'ਨੈਮਿੱਤਕ' ਅਹੈਂ। ਕਿਹ ਨਮਿੱਤ ਤੇ ਕਰਨ ਜੁ ਲਹੈ।**
**'ਪ੍ਰਾਸ਼ਚਿਤਾਦਿਕ' ਤ੍ਰਿਤੀਓ ਧਰੈਂ। ਬਰਤ ਚੰਦ੍ਰਾਇਣਾਦਿ ਜੇ ਕਰੈਂ॥ ੨੧॥**

**ਅਰਥ** - ਦੂਜਾ ਕਰਮ 'ਨੈਮਿੱਤਕ ਕਰਮ' ਹੈ; ਕਿਸੇ ਨਮਿੱਤ ਕਰਕੇ ਸ੍ਰਾਧ ਆਦਿਕ ਕੀਤੇ ਜਾਣ ਵਾਲੇ ਕਰਮ ਨਮਿੱਤ ਕਰਮ ਹੁੰਦੇ ਹਨ। ਤੀਜੇ ਪ੍ਰਾਸ਼ਚਿਤ ਕਰਮ ਹਨ, ਜਿਸ ਵਿੱਚ ਚੰਦ੍ਰਾਇਣ ਆਦਿਕ ਬ੍ਰਤ ਦਾ ਵਿਧਾਨ ਆਉਂਦਾ ਹੈ।

**ਭਾਵਾਰਥ** - ਨੈਮਿੱਤਕ ਕਰਮ - ਕਵੀ ਜੀ ਇਸ ਅਧਿਆਇ ਵਿੱਚ ਵੇਦਾਂਤ ਪ੍ਰਕਰਣ ਦੇ ਨਜ਼ਰੀਏ ਤੋਂ ਵੀਚਾਰ ਧਿਆਨ ਵਿੱਚ ਰੱਖਕੇ ਖਾਲਸੇ ਦੇ ਜੀਵਨ ਆਚਰਣ ਲਈ ਵਿਵਹਾਰਕ ਵਿਧਾ ਦਾ ਕਥਨ ਕਰਦੇ ਹਨ। ਇਸੇ ਲਈ ਬਹੁਤ ਥਾਵਾਂ ਤੇ ਵੀਚਾਰ ਗੁਰਮਤਿ ਵੱਲ ਸੇਧਿਤ ਹੋ ਜਾਂਦੀ ਹੈ। ਗੁਰੂ ਸਾਹਿਬਾਨ ਜੀ ਦਾ ਨਜ਼ਰੀਆ ਵੀ ਐਸਾ ਹੀ ਸੀ। ਗੁਰੂ ਸਾਹਿਬ ਜੀ ਮਨੁੱਖ ਨੂੰ ਅਹਿਸਾਸ ਕਰਵਾਉਂਦੇ ਸਨ, ਉਸ ਦੇ ਸਰੀਰ ਜਾਂ ਧਰਮ ਦੇ ਖੇਤਰ ਵੱਲ ਕੇਂਦ੍ਰਿਤ ਨਹੀਂ ਹੁੰਦੇ ਸਨ। ਸਗੋਂ ਧਰਮ ਦੇ ਖੇਤਰ ਵਿੱਚੋਂ ਉਸ ਨੂੰ ਅਹਿਸਾਸ ਕਰਵਾਉਣ ਲਈ ਯੋਗ ਸ਼ਬਦਾਂ/ਵੀਚਾਰਾਂ ਦੀ ਵਰਤੋਂ ਕਰਦੇ ਸਨ। ਮੁਸਲਮਾਨ ਨੂੰ ਸੱਚਾ ਮੁਸਲਮਾਨ ਬਨਣ ਲਈ ਅਤੇ ਹਿੰਦੂ ਨੂੰ ਸੱਚਾ ਹਿੰਦੂ ਬਣਨ ਲਈ ਪ੍ਰੇਰਨਾ ਦਿੰਦੇ ਸਨ। ਇਹੀ ਕਾਰਣ ਸੀ, ਗੁਰੂ ਸਾਹਿਬ ਜੀ ਦੀਆਂ ਸਿਖਿਆਵਾਂ ਸਭ ਲਈ ਸਾਝੀਆਂ ਹਨ। ਨਮਿੱਤਕ ਕਰਮਾਂ ਵਿੱਚ ਸ਼ਰਾਧ ਆਦਿਕ ਦੀ ਲੰਮੀ ਪ੍ਰੰਪਰਾ ਆਉਂਦੀ ਹੈ। ਜਿਸਦਾ ਬਾਕੀ ਕੀ ਮਕਸਦ ਹੈ? ਵੱਖਰਾ ਵਿਸ਼ਾ ਹੋਵੇਗਾ; ਪਰ ਮੂਲ-ਰੂਪ ਵਿੱਚ ਖਾਸ-ਢੰਗ ਦੇ ਮੰਤਰਾਂ ਅਤੇ ਵਸਤੂਆਂ ਦੁਆਰਾ ਖੁਆਏ ਜਾਣ ਵਾਲੇ ਭੋਜਨ ਨੂੰ ਸ਼ਰਾਧ ਕਹਿੰਦੇ ਹਨ। ਜਿਹੜੇ ਕਿਸੇ ਖਾਸ ਕਾਰਨ ਕਰਕੇ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਬ੍ਰਤ ਰੱਖੇ ਜਾਂਦੇ ਹਨ। ਸ਼ਰਾਧ, ਲੋੜਵੰਦਾਂ ਦੀ ਸਹਾਇਤਾ ਲਈ ਉੱਤਮ ਢੰਗ ਹੈ; ਜੇ ਇਮਾਨਦਾਰੀ ਦੁਆਰਾ ਹਾਸਲ ਕੀਤੇ ਧਨ ਦੁਆਰਾ ਕੀਤਾ ਜਾਏ। ੩) ਪ੍ਰਾਸ਼ਚਿਤ ਕਰਮ:- ਪ੍ਰਾਸ਼ਚਿਤ ਪਛਤਾਵਾ ਕਰਨ ਨੂੰ ਕਹਿੰਦੇ ਹਨ। ਇਸ ਵਿੱਚ ਬ੍ਰਤਾਂ ਦਾ ਕਥਨ ਆਉਂਦਾ ਹੈ। ਇਹ ਭੀ ਕਾਫੀ ਲੰਮੇਰੀ

ਵਾਰਤਾ ਹੈ। ਬ੍ਰਤ, ਸਰੀਰ ਦੀ ਤੰਦਰੁਸਤੀ ਲਈ ਸ੍ਰੇਸ਼ਟ ਸਾਧਨ ਹੈ, ਜਿਹੜਾ ਸਰੀਰ ਦੀ ਅੰਦਰਲੀ ਮਸ਼ੀਨਰੀ ਨੂੰ ਕੁੱਝ ਸਮਾਂ ਖੁਰਾਕ ਹਜ਼ਮ ਕਰਨ ਵੱਲੋਂ ਰਾਹਤ ਦਿਵਾਉਂਦਾ ਹੈ। ਪੇਟ ਕੁੱਝ ਸਮਾਂ ਖਾਲੀ ਰਹਿੰਦਾ ਹੈ ਅਤੇ ਸੁਆਸ ਕਿਰਿਆ ਦੁਆਰਾ ਸਾਰੀਆਂ ਨਾੜੀਆਂ ਰਾਹਤ ਮਹਿਸੂਸ ਕਰਦੀਆਂ ਹਨ।

**ਚਤੁਰਥ ਹੈ 'ਉਪਾਸਨਾ' ਰੂਪ। ਪੂਜਨ ਅਪਨੋ ਇਸ਼ਟ ਅਨੂਪ।**
**ਇਹ ਚਾਰਹੁਂ ਸ਼ੁਭ ਕਰੈ ਸਦੀਵ। ਹੁਇ ਨਿਸ਼ਕਾਮ ਭਲੇ ਨਿਰ ਨੀਵ॥ ੨੨॥**

**ਅਰਥ** – ਚੌਥਾ ਕਰਮ 'ਉਪਾਸਨਾ ਰੂਪ' ਹੈ, ਆਪਣੇ ਅਨੂਪ ਇਸ਼ਟ ਦੇਵ ਦੀ ਪੂਜਾ ਕਰਨੀ; ਸ਼ਸਤ੍ਰਾਂ ਵਿੱਚ ਇਸ ਨੂੰ ਕਾਮਯ ਕਰਮ ਕਹਿੰਦੇ ਹਨ। ਕਿਸੇ ਖਾਸ ਫਲ ਪ੍ਰਾਪਤੀ ਲਈ ਕੀਤਾ ਗਿਆ ਕਰਮ ਕਾਮਯ ਕਰਮ ਅਖਵਾਉਂਦਾ ਹੈ। ਇਸ ਚਾਰੋਂ ਹੀ ਸ਼ੁੱਭ ਕਰਮ ਸਦਾ ਲਈ ਕਰਨਾ ਕਰੇ। ਨਿਸ਼ਕਾਮ ਭਾਵਨਾ ਨਾਲ ਚੰਗੀ ਤਰ੍ਹਾਂ ਨੀਵਾਂ ਹੋਵੇ।

**ਭਾਵਾਰਥ** - ਉਪਾਸਨਾ – ਆਪਣੇ ਇਸ਼ਟ ਦੀ ਸ਼ਰਧਾ ਨਾਲ ਪੂਜਾ ਕਰਨੀ ਉਪਾਸਨਾ ਹੁੰਦੀ ਹੈ। ਜਿਵੇਂ ਅਧਿਆਪਕ ਨਾਲ ਸਾਂਝ ਦਾ ਸੌਖਾ ਤਰੀਕਾ ਅਧਿਆਪਕ ਦਾ ਸਤਿਕਾਰ ਹੁੰਦਾ ਹੈ। ਸਤਿਕਾਰ ਕਰਨ ਵਾਲਾ ਵਿਦਿਆਰਥੀ ਆਪਣੇ ਅਧਿਆਪਕ ਤੋਂ ਸਿੱਖਣ ਲਈ ਵੱਧ ਤੋਂ ਵੱਧ ਮੌਕੇ ਹਾਸਿਲ ਕਰ ਸਕਦਾ ਹੈ। ਸਫਲਤਾ ਸਲੇਬਸ ਨੂੰ ਸਿੱਖਣ ਤੋਂ ਮਿਲਣੀ ਹੈ; ਪਰ ਅਧਿਆਪਕ ਦੇ ਰੋਲ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਇਵੇਂ ਵੇਂਦਾਤ ਦੀ ਗ੍ਰੰਥਾਵਲੀ ਅਨੁਸਾਰ ਗਿਆਨ ਹਾਸਿਲ ਕਰਨ ਵਾਲਿਆਂ ਲਈ ਆਪਣੇ ਇਸ਼ਟ ਦੇਵ ਦੀ ਪੂਜਾ ਕਰਨੀ ਬਹੁਤ ਜਰੂਰੀ ਹੁੰਦੀ ਹੈ; ਜੀਵਨ ਸਫਲਤਾ ਅਹੰ-ਬ੍ਰਹਮ ਦੁਆਰਾ ਹੀ ਹੁੰਦੀ ਹੈ। ਕਵੀ ਜੀ ਦਾ ਕਟਾਕਸ਼ ਸਿੱਖਣ ਵਾਲੇ ਵਿਦਿਆਰਥੀ ਲਈ ਕੇਂਦਰ-ਬਿੰਦੂ ਹੈ, ਕਿਉਂਕਿ ਅੱਜ ਆਪਣੇ ਅਧਿਆਪਕਾਂ ਪ੍ਰਤੀ ਵਿਦਿਆਰਥੀ ਕਿਤਨੇ-ਕੁ ਸੁਚੇਤ ਹਨ, ਸੋਚਣ ਦਾ ਵਿਸ਼ਾ ਹੈ ? ਕਵਿਤਾ ਸਦਾ ਸੁਚੇਤ ਹੁੰਦੀ ਹੈ, ਜਿਹੜੀ ਮਨੁੱਖ ਨੂੰ ਸਦਾ ਲਈ ਪ੍ਰੇਰਣਾ ਦਿੰਦੀ ਰਹਿੰਦੀ ਹੈ।

**ਪਰਮੇਸ਼ੁਰ ਕੈ ਸਤਿਗੁਰ ਪਾਸ। ਅਰਪਹਿ ਸਕਲ ਕਰਮ ਨਿਰਜਾਸ।**
**ਕਰਮ ਪੰਚਮੋ 'ਨਖਿਧ' ਪਛਾਨ। ਆਦਿਕ ਪਰ ਇਸਤ੍ਰੀ ਰਤਿ ਠਾਨਿ॥ ੨੩॥**

**ਅਰਥ** – ਪਰਮੇਸ਼ਰ ਜਾਂ ਸਤਿਗੁਰੂ ਜੀ ਦੇ ਕੋਲ ਸਾਰੇ ਕਰਮਾਂ ਨੂੰ ਨਿਰਣਾ ਕਰਕੇ ਅਰਪਨ ਕਰ ਦੇਵੇ। ਪੰਜਵੇਂ ਕਰਮ ਨਖਿੱਧ ਕਰਮ ਜਾਣ ਲੈਣਾ ਕਰ; ਪਰ ਇਸਤ੍ਰੀ ਸੰਗ ਆਦਿਕ ਤੋਂ ਲੈ ਕੇ ਨਖਿੱਧ ਕਰਮ ਜਾਣਨਾ ਕਰੋ। ਪਰ-ਤਨ, ਪਰ-



ਧਨ ਦੀ ਵਿਆਖਿਆ ਸਾਡੇ ਸਿਧਾਂਤਕ ਮਨਾਂ ਵਿੱਚ ਪੱਕੀ ਤਰਾਂ ਸਥਿੱਤ ਹਨ।

**ਇਨ ਕੋ ਅੰਗੀਕਾਰ ਨ ਕਰੈ। ਜੌ ਨਰ ਸ਼੍ਰੇਯ ਚਾਹ ਕੋ ਧਰੈ ।**
**ਭਗਤਿ ਜੋਗ ਕਰਿ ਜਬਿ ਨਿਸ਼ਕਾਮ। ਸ਼ੁਧ ਅੰਤਹਕਰਣ ਹੁਇ ਅਭਿਰਾਮ॥ ੨੪॥**

**ਅਰਥ** – ਇਹਨਾਂ ਨਖਿੱਧ ਕਰਮਾਂ ਨੂੰ ਕਦੇ ਵੀ ਗ੍ਰਹਿਣ ਨ ਕਰੇ, ਜਿਹੜਾ ਮਨੁੱਖ ਆਪਣੀ ਕਲਿਆਣ ਚਾਹੁੰਦਾ ਹੈ। ਜਦੋਂ ਨਿਸ਼ਕਾਮ ਭਗਤੀ-ਜੋਗ ਕਰਕੇ ਅੰਤਹਕਰਣ ਸ਼ੁੱਧ ਹੋ ਜਾਂਦਾ ਹੈ।

**ਭਾਵਾਰਥ** – ਪੰਜ-ਕਰਮ ਦੀ ਧਾਰਨਾ ਭਗਤ-ਜੋਗ ਲਈ ਹੈ। ਭਗਤ-ਜੋਗ ਵਿੱਚ 'ਸਰੀਰ ਦੁਆਰਾ ਕਰਨ ਯੋਗ ਕਰਮ' ਮਨ ਦੀ ਸਾਧਨਾ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਹਨ। ਮਨ ਅੰਤਹਕਰਨ ਦੀ ਇੱਕ ਅਵਸਥਾ ਦਾ ਨਾਮ ਹੈ। ਅੰਤਹਕਰਨ; ਮਨ, ਬੁਧਿ, ਚਿੱਤ ਅਤੇ ਅਹੰਕਾਰ' ਚਾਰ ਅਵਸਥਾ ਵਿੱਚ ਕਰਮ ਕਰਨ ਲਈ ਰੂਪਾਂਤ੍ਰਿਤ ਹੁੰਦਾ ਹੈ। ਸੰਕਲਪ-ਵਿਕਲਪ ਵੇਲੇ 'ਮਨ', ਨਿਸ਼ਚਾ ਕਰਨ ਵੇਲੇ 'ਬੁੱਧੀ', ਚਿੰਤਨ ਕਰਨ ਵੇਲੇ 'ਚਿੱਤ' ਅਤੇ ਗ੍ਰਹਿਣ ਕਰਨ ਵੇਲੇ 'ਅਹੰ' ਦਾ ਰੂਪ ਅੰਤਹਕਰਣ ਬਣ ਜਾਂਦਾ ਹੈ। ਸਭ ਤੋਂ ਸ਼ਕਤੀਸ਼ਾਲੀ ਮਨ ਹੁੰਦਾ ਹੈ। ਜਿਸਨੇ ਹਰ ਕਿਰਿਆ ਦਾ ਤਾਣਾ-ਬਾਣਾ ਤਿਆਰ ਕਰਨਾ ਹੁੰਦਾ ਹੈ। ਮਨ ਹੀ ਬ੍ਰਹਮਾਕਾਰ-ਬ੍ਰਿਤੀ ਬਣ ਕੇ ਆਤਮਾ ਸਰੂਪ ਧਾਰਨ ਕਰਦਾ ਹੈ। ਬ੍ਰਹਮਾਕਾਰ ਰੂਪ ਲਈ ਨਿਸ਼ਕਾਮ ਕਰਮਾਂ ਤੋਂ ਆਰੰਭਤਾ ਹੁੰਦੀ ਹੈ। ਭਗਤੀ-ਜੋਗ ਦੀ ਸਭ ਤੋਂ ਮੁੱਢਲੀ ਪਉੜੀ ਹੈ। ਭਗਤੀ-ਜੋਗ ਵਾਲਾ ਸਾਧਕ ਹਰ ਕਰਮ ਨਿਸ਼ਕਾਮਤਾ ਨੂੰ ਮੁੱਖ ਰੱਖ ਕੇ ਕਰਦਾ ਹੈ। ਉਸਦਾ ਮਿਸ਼ਨ ਆਤਮਾ ਨੂੰ ਸਾਖਿਆਤਕਾਰ ਕਰਨਾ ਹੁੰਦਾ ਹੈ। ਪੰਜ ਕਰਮਾਂ ਦਾ ਮੁੱਖ ਵਿਸ਼ਾ ਭੀ ਨਿਸ਼ਕਾਮ ਕਰਮਾ ਵਿੱਚ ਸਥਿਰਤਾ ਹਾਸਿਲ ਕਰਵਾਉਣਾ ਹੀ ਹੁੰਦਾ ਹੈ। ਭਗਤੀ-ਜੋਗ ਦੀ ਸਾਧਨਾ ਅੰਤਰੀਵ ਹੁੰਦੀ ਹੈ। ਜਿਸ ਵਿੱਚ ਮਨ ਦੀ ਸ਼ੁੱਧੀ ਕਰਨ ਲਈ ਜੋਰ ਦਿੱਤਾ ਜਾਂਦਾ ਹੈ।

**ਜਥਾ ਮਲੀਨ ਬਸਤ੍ਰ ਬਹੁ ਕਾਰੇ। ਉਜੱਲ ਸਾਬਣ ਸਾਥ ਪਖਾਰੇ।**
**ਇਮ ਉਪਾਇ ਤੇ ਮਨ ਸ਼ੁਧਿ ਜਬੈ। ਈਸ਼ ਪ੍ਰਸੰਨ ਹੋਇ ਹੈ ਤਬੈ॥ ੨੫॥**

**ਅਰਥ** – ਜਿਵੇਂ ਮੈਲੇ ਕੱਪੜੇ ਬਹੁਤ ਹੀ ਕਾਲੇ ਹੋ ਜਾਂਦੇ ਹਨ, ਸਾਬਣ ਨਾਲ ਧੋਣ ਕਰਕੇ ਸਾਫ ਹੋ ਜਾਂਦੇ ਹਨ। ਇਸ ਪ੍ਰਕਾਰ ਯਤਨ ਕਰਨ ਨਾਲ ਜਦੋਂ ਮਨ ਸ਼ੁੱਧ ਹੋ ਜਾਂਦਾ ਹੈ, ਤਦੋਂ ਜਗਤਨਾਥ ਪ੍ਰਸੰਨ ਹੋ ਜਾਂਦਾ ਹੈ।

**ਭਾਵਾਰਥ** – ਮਨ (ਅੰਤਹਕਰਣ) ਦੀ ਸ਼ੁੱਧੀ ਲਈ ਇੱਕ ਦ੍ਰਿਸ਼ਟਾਂਤ ਅੰਕਿਤ

ਕੀਤਾ ਹੈ, ਜਿਵੇਂ ਕੱਪੜੇ ਨੂੰ ਮੈਲ ਲਗਣੀ ਸਹਿਜ ਪ੍ਰਕ੍ਰਿਆ ਹੈ, ਇਵੇਂ ਅੰਤਹਕਰਨ ਨੂੰ ਵਿਕਾਰਾਂ ਦੀ ਮੈਲ ਲੱਗਣੀ ਸਹਿਜ ਹੈ। ਕਿਉਂਕਿ ਅੰਤਹਕਰਨ ਪੰਜ-ਤੱਤਾਂ ਦੀ ਸਤੋ ਅੰਸ਼ ਤੋਂ ਬਣਿਆ ਹੋਇਆ ਹੈ। 'ਰਜ ਗੁਣ, ਤਮ ਗੁਣ, ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥' ਮਾਇਆ ਦੇ ਪ੍ਰਭਾਵ ਨੂੰ ਵਿਕਾਰਾਂ ਦੀ ਮੈਲ ਦੀ ਜਨਮ ਦਾਤਾ ਆਖਿਆ ਜਾਂਦਾ ਹੈ। ਕੱਪੜੇ ਨੂੰ ਮੈਲ ਲਗਦੀ ਹੈ, ਪਾਣੀ ਮੈਲ ਉਤਾਰ ਦਿੰਦਾ ਹੈ। ਅੰਤਹਕਰਨ ਨੂੰ ਵਿਕਾਰਾਂ ਦੀ ਮੈਲ ਲਗਦੀ ਹੈ, ਭਗਤੀ-ਜੋਗ ਵਿਕਾਰਾਤਾਮਕ-ਮੈਲ ਨੂੰ ਦੂਰ ਕਰ ਦਿੰਦਾ ਹੈ। ਭਗਤੀ ਜੋਗ ਵਿੱਚ ਇਸ਼ਟ ਪ੍ਰਤੀ ਸ਼ਰਧਾ, ਵਿਸ਼ਵਾਸ਼, ਯਤਨ ਅਤੇ ਲਗਨ ਦੀ ਜ਼ਰੂਰਤ ਹੁੰਦੀ ਹੈ। ਸਾਧਕ ਆਪਣੇ ਇਸ਼ਟ (ਈਸ਼) ਪ੍ਰਤੀ ਸੰਜੀਦ ਅਤੇ ਸਮਰਪਿਤ ਰਹਿੰਦਾ ਹੈ। ਈਸ਼ ਸ਼ਬਦ ਦੁਆਰਾ ਕਵੀ ਜੀ ਨੇ ਵੇਦਾਂਤ ਦੀ ਵੀਚਾਰਧਾਰਕ ਵਿਧਾ ਨੂੰ ਅੰਕਿਤ ਕੀਤਾ ਹੈ। ਵੇਦਾਂਤ, ਪੂਰਬ ਮੀਮਾਸਾਂ ਹੈ। ਵੈਸ਼ਨਵ, ਉੱਤਰ-ਮੀਮਾਸ਼ਾਂ ਨੂੰ ਮੰਨਣ ਵਾਲੇ ਹਨ, ਵੈਸ਼ਨਵਾਂ ਵਿੱਚ ਕਰਮ ਫਿਲਾਸਫੀ ਉੱਪਰ ਜੋਰ ਦਿੱਤਾ ਹੈ। ਸਾਰੇ ਜੀਵਾਂ ਦੇ ਕਰਮ ਸੂਖਮ ਰੂਪ ਵਿੱਚ ਈਸ਼ ਵਿੱਚ ਟਿਕੇ ਰਹਿੰਦੇ ਹਨ। ਈਸ਼ ਨੂੰ 'ਮਾਇਆ ਵਸ਼ਿਸਟ ਚੇਤਨ' ਕਿਹਾ ਜਾਂਦਾ ਹੈ। ਇਸ ਨੂੰ ਹੀ ਕੋਈ ਵਿਸ਼ਨੂੰ, ਕੋਈ ਸ਼ਿਵ ਜਾਂ ਕੋਈ ਬ੍ਰਹਮਾ ਆਖਦੇ ਹਨ।

**ਚਾਰ ਸਾਧਨ – ਚਾਰਹੁੰ ਸਾਧਨ ਉਰ ਉਪਜਾਵੈ। ਸੁਧਰੇ ਖੇਤ ਅੰਨ ਜਿਮ ਪਾਵੈ।**
**ਇਕ 'ਬੈਰਾਗ' ਫੁਰੈ ਮਨ ਐਸੇ । ਵਿਸ਼ਟਾ ਕਾਗ ਸੁਰਗ ਸੁਖ ਤੈਸੇ॥ ੨੬॥**

**ਅਰਥ** – ਚਾਰੇ ਸਾਧਨ ਹਿਰਦੇ ਵਿੱਚ ਪੈਦਾ ਕਰਨਾ ਕਰੇ। ਜਿਵੇਂ ਸੁਧਰੇ ਹੋਏ ਖੇਤ ਵਿੱਚ ਬੀਜ ਪਾਈਦਾ ਹੈ। ਇਕ 'ਬੈਰਾਗ' ਮਨ ਵਿੱਚ ਇਉਂ ਸਫੁਰਨ ਹੋਵੇ; ਜਿਵੇਂ ਕਾਂ ਦੀ ਵਿਸ਼ਟਾ ਨੂੰ ਮਨੁੱਖ ਤਿਆਗ ਦਿੰਦਾ ਹੈ, ਵਿਸ਼ਟਾ ਸਮ ਜਾਣ ਕੇ ਸੁਰਗ ਦੇ ਸੁੱਖ ਤਿਆਗ ਦੇਵੇ।

**ਭਾਵਾਰਥ** – ਵੇਦਾਂਤ ਦੀ ਪ੍ਰਕ੍ਰਿਆ ਵਿੱਚ ਗਿਆਨ ਲਈ ਕਰਮਾਂ ਦੀ ਸਹਾਇਤਾ ਜ਼ਰੂਰੀ ਹੈ; ਪਰ ਗਿਆਨ ਪ੍ਰਾਪਤ ਹੋ ਜਾਣ ਉਪਰੰਤ ਕਰਮਾਂ ਦੀ ਜ਼ਰੂਰਤ ਨਹੀਂ। ਸਾਹਿਬਾਨ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ, 'ਗਿਆਨੈ ਕਾਰਨ ਕਰਮ ਅਭਿਆਸ॥ ਗਿਆਨ ਭਇਆ ਤਉ ਕਰਮਹਿ ਨਾਸ॥' ਗਿਆਨ ਲਈ ਕਰਮਾਂ ਕਰਨੇ ਹੋਣਗੇ। ਕਰਮ ਕਰਨ ਲਈ 'ਤਨ ਅਤੇ ਮਨ' ਦੋਨਾਂ ਦੀ ਹੈਸੀਅਤ ਯਤਨਸ਼ੀਲ ਰਹਿੰਦੀ ਹੈ। ਚਾਰ ਸਾਧਨਾਂ ਦੀ ਜ਼ਰੂਰਤ ਲਈ ਕਵੀ ਜੀ ਖੇਤ 'ਵਾਹੀਯੋਗ ਧਰਤੀ' ਦੀ ਉਦਾਹਰਣ ਦਿੰਦੇ ਹਨ। ਜਿਵੇਂ ਖੇਤ ਦਾ 'ਨਦੀਂਨ ਰਹਿਤ ਹੋਣਾ', 'ਖੇਤ ਦਾ



ਵਾਹ ਸਵਾਰ ਕੇ ਤਿਆਰ ਹੋਣਾ', ਫਸਲ ਦੇ ਬੀਜ ਅਨੁਸਾਰ ਲੋੜੀਂਦੀ ਵੱਤਰ ਦਾ ਹੋਣਾ ਆਦਿ ਖੇਤ ਦੇ ਸੁਧਰੇ ਹੋਣ ਦੀ ਨਿਸ਼ਾਨੀ ਹੈ। ਇਸ ਤਰ੍ਹਾਂ ਦੇ ਖੇਤ ਵਿੱਚ ਬੀਜੇ ਹੋਏ ਬੀਜ ਸਹੀ ਢੰਗ ਨਾਲ ਉੱਗਦੇ ਹਨ। ਇਵੇਂ ਹੀ ਚਾਰ ਸਾਧਨ ਮਨੁੱਖੀ ਸਰੀਰ ਖੇਤ ਦਾ ਸੁਧਾਰ ਕਰਨ ਲਈ ਹਨ। ਮਨੁੱਖੀ ਸਰੀਰ ਦੀ ਸਫਲਤਾ ਲਈ 'ਗੁਰੂ ਚਰਨਾਂ ਤੇ ਵਿਸ਼ਵਾਸ਼ ਰੂਪ ਮ੍ਰਯਾਦਾ ਦੁਆਰਾ ਨਦੀਨ ਰਹਿਤ ਹੋਣਾ', ਗੁਰੂ ਬਚਨਾਂ ਤੇ ਪਹਿਰਾ ਦੇਣ ਲਈ ਤੱਤਪਰ ਰਹਿੰਦਿਆਂ ਭਗਤੀ ਕਰਨ ਰੂਪ ਸਰੀਰ-ਜ਼ਮੀਨ ਦਾ ਸੰਵਾਰਨਾ, ਪ੍ਰਭੂ ਵਿੱਚ ਵਿਸ਼ਵਾਸ ਪ੍ਰਪੱਕ ਕਰਨ ਲਈ ਸ਼ਰਧਾ ਦੀ ਬ੍ਰਿਧੀ ਵਾਸਤੇ ਅਭਿਆਸ ਕਰਨ ਰੂਪ ਵੱਤਰ ਤਿਆਰ ਕਰਨਾ ਆਦਿ ਨਿਯਮ ਹਨ। "ਵਿਵੇਕ ਆਦਿ ਚਾਰ ਸਾਧਨਾਂ ਦਾ ਸ੍ਰਵਣਾਦਿ ਵਿੱਚ ਉਪਯੋਗ ਹੈ। ਸ੍ਰਵਣਾਦਿ ਚਾਰ ਦਾ ਗਿਆਨ ਵਿੱਚ ਉਪਯੋਗ ਹੈ। ਵੀਚਾਰਸਾਗਰ" ਕਵੀ ਜੀ ਨੇ ਇੱਥੇ ਵਿਵੇਕਾਦਿ ਚਾਰ ਸਾਧਨਾ ਦੀ ਵੀਚਾਰ ਨੂੰ ਅੰਕਿਤ ਕੀਤਾ ਹੈ। ਇਹਨਾਂ ਸਾਧਨਾਂ ਦੀ ਧਾਰਨਾ ਮਾਨਸਿਕ ਹੈ, ਪੇਸ਼ਕਾਰੀ ਸਰੀਰਕ ਵਿਵਸਥਾ ਹੈ। ਦੁੱਖ ਨੂੰ ਮਨ ਕਬੂਲਦਾ ਹੈ, ਰੋਣ ਦੀ ਕਿਰਿਆ ਅੱਖਾਂ ਕਰਦੀਆਂ ਹਨ। ਮਨ ਦੀ ਇੱਕ ਦਸ਼ਾ ਦਾ ਨਾਮ ਬੈਰਾਗ ਹੈ, ਇਸ ਦਸ਼ਾ ਵਿੱਚ ਪਦਾਰਥਿਕ ਸੁੱਖ ਛਿਨ-ਭੰਗਰ ਨਜ਼ਰ ਆਉਂਦੇ ਹਨ। ਕਿਸੇ ਵੀ ਵਸਤੂ ਦਾ ਗ੍ਰਹਿਣ ਨਾ ਕਰਨਾ ਸਰੀਰਕ ਕਿਰਿਆ ਹੈ। ਬੈਰਾਗਵਾਨ ਦਾ 'ਹਰ ਕਰਮ' ਨਿਰੰਕਾਰ ਦੀ ਅਹਿਸਾਸਤਾ ਵਿੱਚ ਹੁੰਦਾ ਹੈ। ਉਹਨਾਂ ਦੇ ਕਰਮ ਵਿੱਚ ਯੋਜਨਾ ਹੁੰਦੀ ਹੈ। "ਮੂਰਖ ਘੁੰਮਦੇ ਫਿਰਦੇ ਹਨ, ਸਿਆਣੇ ਸੈਰ ਕਰਦੇ ਹਨ। ਨਿਰੰਦਰ ਸਿੰਘ ਕਪੂਰ"

**ਲੋਕ ਪ੍ਰਲੋਕ ਵਿਸ਼ਯ ਸੁਖ ਜੇਤੇ। ਬਮਨ ਸਮਾਨ ਨ ਭਾਵੈਂ ਤੇਤੇ।**
**ਤੱਤ ਮਿਥਿਆ ਕੋ ਫੁਰੈ ਬਿਚਾਰ। ਸਾਧਨ ਦੁਤੀਯ ਬਿਬੇਕ ਉਚਾਰ॥ ੨੭॥**

**ਅਰਥ** – ਲੋਕ-ਪ੍ਰਲੋਕ ਦੇ ਵਿਸ਼ੇ ਸੁੱਖ ਜਿੰਨੇ ਵੀ ਹਨ, ਉਲਟੀ (ਕੈ) ਬਰਾਬਰ ਜਾਣ ਕੇ ਚੰਗੇ ਹੀ ਨਾ ਲੱਗਣ। ਪਦਾਰਥਾਂ ਵਿੱਚ ਤੱਤ ਤੇ ਮਿਥਿਆ ਦਾ ਵਿਵੇਚਨ ਸਮਝ ਆਉਂਦਾ ਹੋਵੇ। ਇਹ ਦੂਜਾ ਸਾਧਨ ਵਿਵੇਕ ਆਖੀਦਾ ਹੈ।

**ਭਾਵਾਰਥ** – ਆਤਮਿਕ ਸੁੱਖ ਅਤੇ ਵਿਸ਼ੇ-ਸੁੱਖ ਦੋ ਤਰ੍ਹਾਂ ਦੇ ਸੁੱਖ ਹੁੰਦੇ ਹਨ। ਪਦਾਰਥਿਕ ਸੁੱਖ ਵਿੱਚ ਦੋ ਵੀਚਾਰਾਂ ਪ੍ਰਭਾਵ ਰੱਖਦੀਆਂ ਹਨ; ਸੰਸਾਰਕ ਅਤੇ ਪਰਮਾਰਥਕ। "ਹਰ ਸੁੱਖ ਵਿੱਚ ਸੰਸਾਰ ਰੂਪ ਭ੍ਰਮ ਦਾ ਸ੍ਰਵਣ-ਮੰਨਨ-ਨਿਧਆਸਨਾਦਿ ਦੁਆਰਾ ਆਤਮ ਸਾਖਿਆਤਕਾਰ ਦੇ ਬਾਅਦ ਬਾਧ (ਬ੍ਰਿਤੀ ਵਿੱਚੋਂ ਗਾਇਬ ਹੋਣਾ) ਹੁੰਦਾ ਹੈ। ਇਸ ਲਈ ਸੰਸਾਰ ਦਸ਼ਾ ਵਿੱਚ ਪ੍ਰਪੰਚ ਦੀ ਸੱਤਾ ਮੰਨੀ ਜਾਂਦੀ ਹੈ। ਇਹ

ਸੱਤਾ ਤਿੰਨ ਤਰ੍ਹਾਂ ਦੀ ਹੈ; ਵਿਵਹਾਰਕ, ਪ੍ਰਾਤੀਭਾਸਕ ਅਤੇ ਪਰਮਾਰਥਕ। ਅੱਖਾਂ ਦੁਆਰਾ ਨਜ਼ਰ ਆਉਣ ਵਾਲੇ ਪਦਾਰਥਾਂ ਦੀ ਸੱਤਾ ਵਿਵਹਾਰਕ ਹੈ। ਸਿੱਪੀ ਵਿੱਚ ਚਾਂਦੀ ਦੀ ਸੱਤਾ ਪ੍ਰਾਤੀਭਾਸਕ ਹੈ। ਇੱਕ ਅਦਵੈਤ ਪਰਮਾਨੰਦ ਪਾਰਬ੍ਰਹਮ ਦੀ ਸੱਤਾ ਪਰਮਾਰਥਿਕ ਹੈ।-ਪ੍ਰਸਤਾਵਨਾ, ਖੰਡਨਖੰਡਖਾਦਯ" ਖਾਧੀ ਹੋਈ ਵਸਤੂ ਦੇ ਮੂੰਹ ਰਾਹੀਂ ਵਾਪਸ ਆਉਣ ਨੂੰ (ਉਲਟੀ) ਆਖਦੇ ਹਨ। ਸੰਸਾਰ ਦੇ ਸੁੱਖ ਪ੍ਰਾਪਤ ਕਰਨ ਲਈ ਮਨੁੱਖ ਸਰੀਰ ਰੂਪ ਮੂੰਹ ਨਾਲ ਯਤਨ ਕਰਦੇ ਹਨ ਅਤੇ ਸਰੀਰ ਰਾਹੀਂ ਹੀ ਭੋਗ ਦੇ ਵਿਕਾਰ ਦੁੱਖ ਨੂੰ ਭੋਗਦੇ ਹਨ। ਖਾਧੀ ਹੋਈ ਵਸਤੂ ਖਾਣ ਤੋਂ ਪਹਿਲਾਂ ਅੰਮ੍ਰਿਤ ਸਮਾਨ ਸੁਆਦਿਸ਼ਟ ਹੁੰਦੀ ਹੈ, ਪਰ ਮੁੱਖ ਤੋਂ ਅੰਦਰ ਪ੍ਰਵੇਸ਼ ਕਰਕੇ ਜ਼ਹਿਰ ਵੱਤ ਬੇਸੁਆਦੀ ਹੋ ਜਾਂਦੀ ਹੈ। ਜਿਹੜੀ ਉਲਟੀ ਦੇ ਰੂਪ ਵਿੱਚ ਬਾਹਰ ਆ ਜਾਏ ਤਾਂ ਦੁਆਰਾ ਮਨੁੱਖ ਲਈ ਗ੍ਰਹਿਣ ਕਰਨ ਦੇ ਯੋਗ ਨਹੀਂ ਰਹਿੰਦੀ। ਇਵੇਂ ਹੀ ਵਿਸ਼ੇ-ਸੁੱਖ ਭੋਗਣ ਉਪਰੰਤ ਦੁੱਖ ਉਪ ਜਾਂਦੇ ਹਨ, ਜਿਹਨਾਂ ਨੂੰ ਮਨੁੱਖ ਕਦੇ ਵੀ ਪ੍ਰਾਪਤ ਕਰਨਾ ਨਹੀਂ ਚਾਹੁੰਦਾ। ਵਿਵੇਕਸ਼ੀਲ ਮਨੁੱਖ ਹਰ ਕਰਮ ਵਿਵੇਕ ਦਾ ਸਹਾਰਾ ਲੈ ਕੇ ਕਰਦਾ ਹੈ। ਕਰਮ ਕਰਨ ਤੋਂ ਪਹਿਲਾਂ ਚੰਗਾ/ਬੁਰਾ ਵਿਚਾਰ ਕੇ ਚੰਗਿਆਈ ਲਈ ਹੀ ਯਤਨਸ਼ੀਲ ਰਹਿੰਦਾ ਹੈ। 'ਵਿਵੇਕਸ਼ੀਲ ਵਿਅਕਤੀ ਚਿੱਕੜ ਵਿੱਚ ਪਏ ਰਤਨ ਨੂੰ ਵੀ ਗ੍ਰਹਿਣ ਕਰਦੇ ਹਨ-ਹਰੀ ਔਸ' 'ਆਤਮਾ ਲਈ ਵਿਵੇਕ ਓਨਾਂ ਹੀ ਮਹੱਤਵਪੂਰਨ ਹੈ, ਜਿੰਨਾਂ ਸਰੀਰ ਲਈ ਤੰਦਰੁਸਤੀ-ਰੋਚੀ'

**ਰੂਪ ਜਥਾਰਥ ਆਤਮ ਜਾਨੇ। ਸਦਾ ਸੱਤ ਹੈ ਤੱਤ ਪਛਾਨੈ।**
**ਸਾਚ ਝੂਠ ਹੈ ਇਕ ਹੀ ਬਿਖੈ। ਮਿਥਿਆ ਨਾਮ ਇਸੀ ਕੋ ਲਖੈ॥ ੨੮॥**

**ਅਰਥ** - ਆਤਮਾ ਦਾ ਯਥਾਰਥ ਰੂਪ ਜਾਨਣਾ ਕਰੇ। ਆਤਮਾ ਸਦਾ ਸੱਤ ਹੈ ਇਸ ਤੱਤ ਨੂੰ ਸਮਝਣਾ ਕਰੇ। ਸਚ ਤੇ ਝੂਠ ਇੱਕ ਹੀ ਪਦਾਰਥ ਵਿੱਚ ਹੁੰਦਾ ਹੈ, ਇਸ ਦਾ ਨਾਮ ਮਿਥਿਆ ਜਾਨਣਾ ਕਰ।

**ਭਾਵਾਰਥ** - ਮਿਥਿਆ ਜਾਂ ਅਨਰ-ਬਚਨੀ ਦੀ ਵਿਆਖਿਆ ਬਹੁਤ ਜਟਿਲ ਪ੍ਰਕਰਣ ਹੈ, ਜਿਸਨੂੰ ਸਮਝਣ ਲਈ 'ਖੰਡਨਖੰਡਖਾਦਯ' ਵੀਚਾਰਨਾ ਜ਼ਰੂਰੀ ਹੈ। ਮੋਟੇ ਤੌਰ ਉੱਪਰ ਅਨਰਬਚਨੀ ਜਾਂ ਮਿਥਿਆ ਦਾ ਅਰਥ ਹੈ; ਜੋ ਦੇਖਣ ਵਿੱਚ ਪ੍ਰਤੀਤ ਹੋਵੇ ਪਰ ਵਾਸਤਵ ਵਿੱਚ ਨਾ ਹੋਵੇ। ਜੋ ਕੁੱਝ ਵੀ ਨਜ਼ਰ ਆ ਰਿਹਾ ਹੈ, ਚੇਤਨ ਕਰਕੇ ਹੀ ਰੂਪਵਾਨ ਹੈ। ਚੇਤਨ ਤੋਂ ਬਗੈਰ ਕੁੱਝ ਵੀ ਹੋਂਦਵਾਨ ਨਹੀਂ ਹੋ ਸਕਦਾ, ਇਹ ਵੇਦਾਂਤ ਦਾ ਸਿਧਾਂਤ ਹੈ। ਹਰ ਪਦਾਰਥ ਚੇਤਨ ਕਰਕੇ ਪ੍ਰਕਾਸ਼ਵਾਨ ਹੁੰਦਾ ਹੈ;



ਉਸਨੂੰ ਵਿਸ਼ੇ ਚੇਤਨ ਕਹਿੰਦੇ ਹਨ। ਇੱਥੇ ਕਵੀ ਜੀ ਨੇ ਮਨੁੱਖ ਨੂੰ ਆਤਮਾ ਦੇ ਪ੍ਰਕਾਸ਼ ਵਿੱਚ ਲੈ ਕੇ ਆਉਣਾ ਹੈ, ਇਸ ਲਈ ਚੇਤਨ ਦੀ ਥਾਂ ਆਤਮਾ ਸ਼ਬਦ ਦਾ ਪ੍ਰਯੋਗ ਕੀਤਾ ਹੈ। ਹਰ ਥਾਂ ਚੇਤਨ ਨੂੰ ਆਤਮਾ ਰੂਪ ਕਰਕੇ ਪਛਾਨਣਾ ਕਰੇ। ਚੇਤਨ ਹੀ ਤੱਤ ਸਾਰ ਹੈ। ਸੱਚ ਤੇ ਝੂਠ ਇੱਕ ਚੇਤਨ ਵਿੱਚ ਹੀ ਰਹਿੰਦਾ ਹੈ। ਕਿਉਂਕਿ ਝੂਠ ਦੇ ਨਜ਼ਰੀਏ ਤੋਂ ਸੱਚ ਦੀ ਕੀਮਤ ਦਾ ਪਤਾ ਚਲਦਾ ਹੈ। ਸੱਚ ਕਰਕੇ ਹੀ ਝੂਠ ਦੀ ਹੈਸੀਅਤ ਨਜ਼ਰ ਆਉਂਦੀ ਹੈ। ਜਿਵੇਂ ਹਨੇਰ ਦਾ ਪਸਰਣਾ ਪ੍ਰਕਾਸ਼ ਦੇ ਗਾਇਬ ਹੋਣ ਕਰਕੇ ਹੁੰਦਾ ਹੈ। ਹਨੇਰੇ ਦੀ ਕੀਮਤ ਪ੍ਰਕਾਸ਼ ਤੋਂ ਹੀ ਹੁੰਦੀ ਹੈ। ਕੋਈ ਸਮਾਂ ਹੁੰਦਾ ਸੀ, ਸਾਡੇ ਬਜ਼ੁਰਗ ਦੀਵੇ ਦੀ ਲੋਅ ਵਿਚ ਹੀ ਪੜ੍ਹਾਈ ਕਰਦੇ ਸਨ। ਪਰ ਅੱਜ ਸਾਡੀਆਂ ਅੱਖਾਂ ਨੂੰ ਬਿਜਲੀ ਦੇ ਪ੍ਰਕਾਸ਼ ਨੇ ਦੀਵੇ ਦੀ ਲੋਅ ਵਿਚ ਪੜ੍ਹਨ ਤੋਂ ਅਸਮਰਥ ਬਣਾ ਦਿੱਤਾ ਹੈ। ਹਨੇਰੇ ਦੀ ਕੀਮਤ ਪਹਿਲਾਂ ਨਾਲੋਂ ਵੱਧ ਗਈ ਹੈ। ਓਦੋਂ ਤੇਲ ਘਰ ਦਾ ਹੁੰਦਾ ਸੀ, ਅੱਜ ਬਿਜਲੀ ਦੀ ਕੀਮਤ ਉਤਾਰਨੀ ਪੈਂਦੀ ਹੈ। ਸੱਚ ਤੇ ਝੂਠ ਦਾ ਆਸਰਾ ਆਤਮਾ (ਚੇਤਨ) ਹੈ; ਪ੍ਰਮਾਤਾ (ਅੰਤਹਕਰਣ ਵਿਸ਼ਿਸਟ ਚੇਤਨ) ਕਰਕੇ ਹੀ ਸੱਚ ਝੂਠ ਦਾ ਵਿਵੇਚਨ ਕੀਤਾ ਜਾਂਦਾ ਹੈ। ਮਨੁੱਖੀ ਸਰੀਰ ਇੱਕ ਪਾਸੇ ਆਤਮਾ ਦੇ ਅਸਾਰੇ ਹੈ; ਜਿੰਨਾਂ ਚਿਰ ਸੁਆਸ ਹਨ, ਆਤਮਾ ਗਿਆਨ ਪ੍ਰਦਾਨ ਕਰਦੀ ਹੈ। ਸੁਆਸ ਖਤਮ ਹੋ ਜਾਣ ਤੇ ਆਤਮਾ ਸਰੀਰ ਦਾ ਸਾਥ ਛੱਡ ਦਿੰਦੀ ਹੈ। ਆਤਮਾ ਕਰਕੇ ਮਨੁੱਖ ਦੀ ਹੈਸੀਅਤ ਨਜ਼ਰ ਆਉਂਦੀ ਹੈ; ਪਰ ਸਰੀਰ ਦੀ ਉਮਰ ਦੇ ਅਨੁਸਾਰ ਦਸ਼ਾ ਬਦਲਦੀ ਰਹਿੰਦੀ ਹੈ। ਕਦੇ ਬਚਪਨਾ, ਕਦੇ ਜੁਆਨੀ, ਕਦੇ ਬੁਢੇਪਾ ਅਖੀਰ ਮੌਤ ਦੇ ਮੂੰਹ ਵਿਚ ਜਾ ਡਿੱਗਦਾ ਹੈ। ਇੱਕੋ ਸਮੇਂ ਸਰੀਰ ਆਤਮਾ ਕਰਕੇ ਪਰਮਾਤਮਾ ਵਾਂਗ ਸਥਿਰ ਨਜ਼ਰ ਆਉਂਦਾ ਹੈ; ਸੰਸਾਰ ਦੇ ਨਜ਼ਰੀਏ ਤੋਂ ਬਦਲਦਾ ਨਜ਼ਰ ਆਉਂਦਾ ਹੈ। ਅਨਰ-ਬਚਨੀ ਦਾ ਲਕਸ਼ਣ ਤਾਂ ਹੀ ਸਿਆਣਿਆ ਨੇ ਕੀਤਾ ਹੈ, 'ਨਾ ਸੱਤ ਹੈ, ਨਾ ਅਸੱਤ ਹੈ; ਨਾ ਸੱਤ ਅਸੱਤ ਉਭੇ ਹੈ' ਜਿਵੇਂ ਸਾਡੇ ਉਂਗਲਾਂ ਦੇ ਨਹੁੰ ਜਿਉਂਦੇ ਅਤੇ ਮਰੇ ਦੋਨੋਂ ਰੂਪਾਂ ਨਾਲ ਨਜ਼ਰ ਆਉਂਦੇ ਹਨ। ਇਹ ਜਿਉਂਦੇ ਹਨ, ਕਿਉਂਕਿ ਵੱਧਦੇ ਫੁੱਲਦੇ ਹਨ; ਇਹ ਮਰੇ ਹੋਏ ਹਨ, ਕਿਉਂਕਿ ਕੱਟਣ ਤੋਂ ਸਾਨੂੰ ਦਰਦ ਨਹੀਂ ਹੁੰਦਾ। ਇਉਂ ਚੇਤਨ ਅਤੇ ਨਾਸ਼ਵੰਤ ਵਿੱਚ ਆਪਸੀ ਸਾਂਝ ਅਤੇ ਦੂਰੀਆਂ ਦਾ ਗਿਆਨ ਹੋ ਜਾਂਦਾ ਹੈ।

**ਜਬਿ ਅਧਿਸ਼ਠਾਨ ਸਾਚ ਕਰਿ ਜਾਨਾ। ਤਿਸ ਮਹਿਂ ਕਲਪਤਿ ਝੂਠ ਪਛਾਨਾ।**
**ਰਜ ਮਹਿਂ ਸਰਪ ਸੀਪ ਮਹਿਂ ਰੂਪਾ। ਭੂਖਨ ਹੇਮ ਬਿਖੈ ਅਨਰੂਪਾ॥ ੨੯॥**

**ਅਰਥ** - ਜਦੋਂ ਅਧਿਸ਼ਠਾਨ ਨੂੰ ਵਾਸਤਵ ਰੂਪ ਵਿੱਚ ਜਾਣ ਲਿਆ, ਤਾਂ ਉਸ

ਵਿੱਚ ਕਲਪਿਆ ਹੋਇਆ ਅਕਾਰ ਝੂਠਾ ਸਿੱਧ ਹੋ ਜਾਂਦਾ ਹੈ। ਰੱਸੀ ਵਿੱਚ ਸੱਪ, ਸਿੱਪੀ ਵਿੱਚ ਚਾਂਦੀ ਅਤੇ ਗਹਿਣਿਆਂ ਵਿੱਚ ਸੋਨਾ ਸੁੰਦਰ ਸਥਾਪਿਤ ਰਹਿੰਦਾ ਹੈ।

**ਭਾਵਾਰਥ** – ਚੇਤਨ ਅਧਿਸ਼ਠਾਨ ਅਤੇ ਕਲਪਤ ਵਸਤੂ ਵਿਚਲੀ ਸਾਂਝ ਦੇ ਗਿਆਨ ਲਈ 'ਵੀਚਾਰ ਸਾਗਰ ਦੇ ਚੌਥੇ ਸਤਰੰਗ', 'ਬ੍ਰਿਤੀਪ੍ਰਭਾਕਰ ਦੇ ਸੱਤਵੇਂ ਪ੍ਰਕਾਸ਼' ਅਤੇ 'ਬ੍ਰਿਤੀ ਰਤਨਾਵਲੀ ਦੇ ਦਸਮੇਂ ਰਤਨ' ਵਿੱਚ ਬਹੁਤ ਵਿਆਖਿਆ ਸਹਿਤ ਅੰਕਿਤ ਹੈ। ਜਿਸਨੂੰ ਵੀਚਾਰਸਾਗਰ ਵਿੱਚ ਖਯਾਤੀ ਭਾਨ (ਦਿਸਣਾ) ਅਤੇ ਪ੍ਰਤੀਤ ਹੋਣਾ' ਦੇ ਪ੍ਰਕਰਣ ਵਿੱਚ ਬਹੁਤ ਵਿਸਤਾਰ ਵਿੱਚ ਅੰਕਿਤ ਕੀਤਾ ਹੈ। ਜਿਸ ਦੇ ਵੀਚਾਰਧਾਰਕ ਪੱਖਾਂ ਨੂੰ ਸਮਝਣ ਦੇ ਲਈ ਸੂੰਨਵਾਦੀ 'ਅਸੱਤਖਯਾਤੀ', ਕਸ਼ਿਣਕਵਗਿਆਨਵਾਦੀ ਆਤਮਖਯਾਤੀ, 'ਨਯਾਇਕ ਤੇ ਵੈਸ਼ੇਸ਼ਕ ਅਨਥਾਖਯਾਤੀ' ਅਤੇ ਸਾਂਖ ਅਖਯਾਤੀ ਦਾ ਕਥਨ ਕਰਦੇ ਹਨ। ਪ੍ਰਕਰਣ ਬਹੁਤ ਜਟਿਲ ਹੈ। ਕਵੀ ਜੀ ਨੇ ਏਥੇ ਬਹੁਤ ਹੀ ਸਰਲ ਢੰਗ ਨਾਲ ਕਥਨ ਕੀਤਾ ਹੈ। ਜਿਵੇਂ ਸਿੱਪੀ ਵਿੱਚ ਚਾਂਦੀ ਅਤੇ ਗਹਿਣਿਆਂ ਵਿੱਚ ਸੋਨਾ; ਸਮਝਣ ਦੀ ਅਕਲ ਨਾਲ 'ਗਹਿਣਾਕਾਰ (ਹਾਰ, ਕੜਾ ਆਦਿ) ਅਤੇ ਚਾਂਦੀ' ਦੀ ਥਾਂ ਤੇ 'ਸੋਨੇ ਤੇ ਸਿੱਪੀ' ਦੀ ਵਾਕਫੀ ਹੋ ਜਾਂਦੀ ਹੈ। ਇਸੇ ਪ੍ਰਕਾਰ ਅਧਿਸ਼ਠਾਨ ਦੀ ਵਾਕਫੀਅਤ ਕਲਪਤ ਦੇ ਭਰਮ ਤੋਂ ਖਹਿੜਾ ਛੁਡਵਾ ਦਿੰਦੀ ਹੈ। ਮਸ਼ੀਨਰੀ ਇੱਕ ਸਿਸਟਮ ਹੈ; ਕਾਰ/ਟਰੱਕ 'ਉਰਜਾ ਤੇ ਜਰੂਰਤ' ਮੁਤਾਬਿਕ ਕੰਮ ਕਰਨ ਵਾਲੇ ਅਕਾਰ ਦੇ ਨਾਮ ਹਨ। ਮਸ਼ੀਨੀ ਸਿਸਟਮ ਦੇ ਅਧਾਰ ਤੇ ਹੀ ਅਕਾਰ ਬਣਦੇ ਹਨ, ਕੀਮਤ ਨਿਸ਼ਚਤ ਹੁੰਦੀ ਹੈ। ਕੀਮਤ ਸਿਸਟਮ ਦੀ ਹੁੰਦੀ ਹੈ। ਬੇ-ਅਥਾਹ ਲੋਹਾ ਤਾਂ ਖਾਣਾਂ ਵਿੱਚ ਮਿੱਟੀ ਵਾਂਗ ਹੀ ਹੁੰਦਾ ਹੈ।

**ਤਿਮ ਆਤਮ ਸਭਿ ਰੂਪ ਮਝਾਰਾ। ਦੇਹਾਦਿਕ ਪਰਪੰਚ ਪਸਾਰਾ।**
**ਇਮ ਤਤ ਮਿਥਿਆ ਕਰਨ ਵਿਚਾਰ। ਸਾਧਨ ਦੁਤੀਯ 'ਬਿਬੇਕ' ਬਿਚਾਰ ॥ ੩੦ ॥**

**ਅਰਥ** – ਉੱਪਰਲੀਆਂ ਉਦਾਹਰਣਾਂ ਮੁਤਾਬਿਕ ਆਤਮਾ ਸਾਰਿਆਂ ਰੂਪਾਂ ਵਿੱਚ ਹੈ, ਸਰੀਰ ਆਦਿਕ ਪ੍ਰਪੰਚ ਕੇਵਲ ਪਸਾਰਾ ਹੈ। ਇਸ ਪ੍ਰਕਾਰ ਤੱਤ ਤੇ ਮਿਥਿਆ ਦਾ ਵਿਚਾਰ ਕਰਨਾ ਬਿਬੇਕ ਹੈ; ਦੂਜਾ ਸਾਧਨ ਜਾਨਣਾ ਕਰੋ।

**ਭਾਵਾਰਥ** – ਬੈਰਾਗ ਤੋਂ ਬਿਬੇਕ ਪੈਦਾ ਹੁੰਦਾ ਹੈ। ਬੈਰਾਗਵਾਨ ਸਿਸਟਮ ਅਤੇ ਅਕਾਰ ਵਿਚਲੇ ਫਰਕ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ; ਇਸਦਾ ਨਾਮ ਹੀ ਵਿਵੇਕ ਹੈ। ਪੰਜ-ਤੱਤਾਂ ਤੋਂ ਸਰੀਰ ਦੀ ਹੋਂਦ ਨਾਸ਼ਮਾਨ ਹੈ, ਸੱਤਾ ਦਾ ਸਿਸਟਮ ਸਦਾ ਸਥਿਰ ਰਹਿਣ ਵਾਲਾ ਹੈ। ਕੁਦਰਤਿ ਨੂੰ ਵੇਖਣ ਦਾ ਇਹੀ ਅਟੱਲ ਨਿਯਮ ਹੈ, ਜਿਸ ਰਾਂਹੀ ਕੁਦਰਤਿ ਦੇ ਸਿਰਜਣਹਾਰ ਨਾਲ ਸਾਂਝ ਪਾਈ ਜਾਂਦੀ ਹੈ। ਕੁਦਰਤਿ ਵਿੱਚੋਂ ਕਿਸੇ ਇੱਕ ਨਜ਼ਾਰੇ ਨੂੰ ਤੱਕਣ ਵਾਲਾ ਸਾਇੰਟਿਸਟ ਬਣ ਜਾਂਦਾ ਹੈ। ਪੰਛੀ ਨੂੰ ਉੱਡਦਾ ਵੇਖ ਕੇ ਜਹਾਜ਼ ਦੀ ਖੋਜ ਕੁਦਰਤ ਦਾ ਵਰਤਾਰਾ ਹੀ ਹੈ, ਜਿਸਨੂੰ ਰਾਬਰਟ ਭਰਾਵਾਂ ਨੇ ਪੂਰਨਤਾ ਵੱਲ ਤੋਰਿਆ। ਕੁਦਰਤ ਦੀ ਹਰ ਖੇਡ ਨੂੰ ਵੇਖਣ ਵਾਲਾ ਕਾਦਰ ਪ੍ਰੇਮੀ ਹੋ ਜਾਂਦਾ ਹੈ। ਵੈਰਾਗ ਅਤੇ ਬਿਬੇਕ ਵਿੱਚੋਂ ਪ੍ਰੇਮ ਦਾ ਜਨਮ ਹੁੰਦਾ ਹੈ, ਵਾਸਤਵਿਕ ਪ੍ਰੇਮ। ਸਰੀਰ ਦੀ ਹੋਂਦ ਲਈ ਪ੍ਰੇਮ ਇੱਕ ਸਹਾਰਾ ਹੈ, ਪਰ ਆਤਮਾ ਲਈ ਪ੍ਰੇਮ ਖੁਰਾਕ ਹੈ। ਪ੍ਰਭੂ-ਪ੍ਰੇਮੀ ਸਰੀਰਾਦਿ ਨੂੰ ਨਾਸ਼ਮਾਨ ਜਾਣਦਾ ਹੋਇਆ, ਸਾਰਿਆਂ ਦੇ ਸਹਾਰੇ ਪ੍ਰਭੂ ਨਾਲ ਆਤਮਿਕ ਸਾਂਝ ਪਾ ਲੈਂਦਾ ਹੈ। ਸਰੀਰ ਦੀ ਸਾਧਨਾ ਲਈ ਪ੍ਰੇਮ ਜੀਵ ਨੂੰ ਕਰਮਸ਼ੀਲ ਕਰਦਾ ਹੈ। ਜੀਵ ਵੱਲੋਂ ਮਨ-ਤਨ ਦੀ ਸਾਧਨਾ ਲਈ ਜੋ ਕਰਮ ਕੀਤੇ ਜਾਂਦੇ ਹਨ; ਉਸਨੂੰ ਖਟਸੰਪਤੀ ਕਹਿੰਦੇ ਹਨ। 'ਸਮ ਦਮ ਸਰਧਾ ਤੀਸਰੀ ਸਮਾਧਾਨ ਉਪਰਾਮ॥ ਛਟੀ ਤਤਛਿਯਾ ਜਾਨੀਐ ਭਿੰਨ ਭਿੰਨ ਯਹ ਨਾਮ। ਅਧਿਆਤਮ ਪ੍ਰਕਾਸ਼'

**ਜਿਤਿਕ ਬਾਸਨਾ ਮਨ ਮਹਿਂ ਜੋਇ। ਤਯਾਗਣ ਤਿਨਹੁ ਨਾਮ 'ਸਮ' ਹੋਇ।**
**ਬਿਸ਼ਿਯਨ ਸਭਿ ਤੇ ਰੁਕੈ ਰਿਖੀਕ। ਇਹ 'ਦਮ' ਨਾਮ ਕਹੈਂ ਮਤਿ ਨੀਕ ॥ ੩੧ ॥**

**ਅਰਥ** – ਜਿੰਨੀਆਂ ਵਾਸ਼ਨਾ ਮਨ ਵਿਚ ਨਜ਼ਰ ਆਉਂਦੀਆਂ ਹਨ, ਉਹਨਾਂ ਦੇ ਤਿਆਗਣ ਦਾ ਨਾਮ 'ਸਮ' ਆਖਿਆ ਜਾਂਦਾ ਹੈ। ਸਾਰੇ ਵਿਸ਼ਿਆਂ ਤੋਂ ਇੰਦ੍ਰਿਆਂ ਨੂੰ ਰੋਕ ਲੈਣਾ, ਚੰਗੀ ਮੱਤ ਵਾਲੇ 'ਦਮ' ਆਖਦੇ ਹਨ।

**ਭਾਵਾਰਥ** – ਵਾਸ਼ਨਾਵਾਂ ਦੀ ਨਿਵਾਸ ਕਰਨ ਵਾਲੀ ਥਾਂ ਮਨ ਹੈ। ਸੰਕਲਪ ਦਾ ਵਿਗੜਿਆ ਹੋਇਆ ਰੂਪ ਹੀ ਵਾਸ਼ਨਾ ਜਾਂ ਲਾਲਸਾ ਹੁੰਦਾ ਹੈ। ਸੰਕਲਪ ਤੋਂ ਬਿਨਾਂ ਕੋਈ ਵੀ ਕੰਮ ਕਰਨਾ ਸੰਭਵ ਹੀ ਨਹੀਂ ਹੁੰਦਾ। ਸਰੀਰਕ ਲੋੜਾਂ ਅਤੇ ਦੂਸਰਿਆਂ ਦੀ ਸਹਾਇਤਾ ਲਈ ਸੰਕਲਪ ਕਰਕੇ ਹੀ ਨਿਯਮ ਪੂਰਬਕ ਕੰਮ ਕਰਨਾ ਪਵੇਗਾ। ਜਿਹੜੀ ਸੰਕਲਪ-ਬ੍ਰਿਤੀ ਸਵਾਰਥ-ਮਈ ਹੋ ਕੇ ਦੂਸਰਿਆਂ ਦੀ ਸੁੱਖ ਸੁਵਿਧਾ ਲਈ ਖਤਰਨਾਕ ਹੋਵੇ ਜਾਂ ਆਤਮਿਕ ਅਨੰਦ ਲਈ ਬੰਧਨ ਦਾ ਕਾਰਨ ਬਣੇ; ਉਹ ਵਾਸ਼ਨਾ ਦਾ ਅਕਾਰ ਬਣ ਜਾਂਦੀ ਹੈ। ਐਸੇ ਵਾਸ਼ਨਾ ਰੂਪ ਸੰਕਲਪਾਂ ਦੇ ਤਿਆਗ ਕਰਨ ਲਈ ਯਤਨ ਕਰਨਾ ਪੈਂਦਾ ਹੈ, ਇਸਦਾ ਨਾਮ 'ਸਮ' ਹੁੰਦਾ ਹੈ। ਸੰਕਲਪ ਤੇ ਵਿਕਲਪ ਦਾ ਅਕਾਰ ਹੀ ਮਨ ਹੁੰਦਾ ਹੈ। ਚੰਗੇ ਸੰਕਲਪ ਧਾਰਨ ਕਰਨ ਲਈ ਮੰਦੇ ਸੰਕਲਪ ਤਿਆਗ ਕਰਨਾ ਬਹੁਤ ਜਰੂਰੀ ਹੈ। ਸਾਡੇ ਜੀਵਨ ਦਾ ਵਿਵਹਾਰ ਸੰਕਲਪਾਂ ਦੀ ਪ੍ਰਪੱਕਤਾ ਹੁੰਦਾ ਹੈ। ਪਾਪ ਬੁਰਾ ਹੋਣ ਦੇ ਬਾਵਜੂਦ ਪਾਪੀ ਨੂੰ ਪਿਆਰਾ ਲੱਗਦਾ ਹੈ। ਬੁਰਾਈਆਂ ਤੇ ਕਾਬੂ

ਪਾਉਣ ਲਈ ਸਰੀਰਕ ਕਿਰਿਆਵਾਂ ਨੂੰ ਵਰਤਮਾਨ ਸੰਦਰਭ ਵਿੱਚ ਨਿਯੰਤਰਣ ਕੀਤਾ ਜਾਂਦਾ ਹੈ। ਨੈਤਿਕ ਕਦਰਾਂ ਨੂੰ ਧਿਆਨ ਵਿੱਚ ਰੱਖਕੇ ਇੰਦ੍ਰਿਆਂ ਨੂੰ ਕਾਬੂ ਕਰਨਾ 'ਦਮ' ਅਖਵਾਉਂਦਾ ਹੈ। ਗੌਰ-ਤਲਬ ਹੋਵੇ, ਸੰਸਾਰਿਕ ਦ੍ਰਿਸ਼ਟੀ ਤੋਂ ਮਨੁੱਖ ਦੇ ਸੁਧਾਰਨ ਲਈ ਨਿਯਮ ਬਣਦੇ ਹਨ, ਜਿਹੜੇ ਨਿਯਮ ਕੇਵਲ ਵਿਆਖਿਆਵਾਂ ਲਈ ਕਿਤਾਬਾਂ ਦਾ ਸ਼ਿੰਗਾਰ ਬਣ ਜਾਂਦੇ ਹਨ, ਉਹਨਾਂ ਨੂੰ ਮੁੜ ਸੰਵਾਰਿਆ ਜਾਂਦਾ ਹੈ। ਇਸ ਦਾ ਨਾਮ ਹੀ ਇਨਕਲਾਬ ਹੁੰਦਾ ਹੈ। ਇਨਕਲਾਬੀ ਰੂਹਾਂ ਸਮ-ਦਮ ਦਾ ਸੁੰਦਰ ਸੁਮੇਲ ਹੀ ਹੁੰਦੀਆਂ ਹਨ। "ਸਾਡਾ ਅੰਦਰਲਾ ਅਸਲੀ ਮਨੁੱਖ ਜਨਮ ਤੋਂ ਲੈ ਕੇ ਅੰਤ ਕਾਲ ਤੱਕ ਲਗਭਗ ਸੁੱਤਿਆਂ ਹੀ ਸਮਾਂ ਲੰਘਾ ਦਿੰਦਾ ਹੈ। ਉਸ ਦੀ ਥਾਂ ਨਿਯਮਾਂ ਵਿੱਚ ਬੱਧੀ ਇੱਕ ਮਸ਼ੀਨ ਕੰਮ ਕਰਦੀ ਹੈ। ਜਿਨ੍ਹਾਂ ਅੰਦਰ ਮਨੁੱਖਤਾ ਦਾ ਅੰਸ਼ ਵੱਧ ਹੋਵੇ, ਉਨ੍ਹਾਂ ਦੀ ਉਸ ਪ੍ਰਬਲ ਸ਼ਕਤੀ ਨੂੰ ਪਰੰਪਰਾ ਅਤੇ ਆਦਤ ਦੀ ਜੜ੍ਹ ਚਾਦਰ ਹੇਠ ਦਬਾਈ ਰੱਖਣਾ ਸੰਭਵ ਨਹੀਂ ਹੁੰਦਾ। ਇਹੀ ਲੋਕ ਆਪਣੀ ਚਰਿੱਤਰ-ਨਗਰੀ ਅੰਦਰ ਸਵੈ ਅਧਿਕਾਰ ਦਾ ਅਧਿਕਾਰ ਪ੍ਰਾਪਤ ਕਰਦੇ ਹਨ। ਨਬਿੰਧ-ਮਾਲਾ, ਰਵਿੰਦਰ ਨਾਥ ਟੈਗੋਰ"

**ਪ੍ਰਾਪਤਿ ਭਏ ਆਨ ਕਰਿ ਬਿਸੈ। ਫੁਰੈ ਨ ਤ੍ਰਿਸ਼ਨਾ ਮਨ ਮਹਿੰ ਜਿਸੈ।**
**ਅੰਗੀਕਾਰ ਨ ਕਰਿਬੇ ਭਾਵੈਂ। ਨਾਮ 'ਉਪਰਤਿ' ਇਸੀ ਕੋ ਗਾਵੈਂ॥ ੩੨॥**

**ਅਰਥ** - ਵਿਸ਼ੇ (ਮਨ ਭਾਉਂਦੇ ਪਦਾਰਥ) ਆ ਕੇ ਪ੍ਰਾਪਤ ਹੋ ਜਾਣ; ਜਿਸਨੂੰ ਮਨ ਵਿੱਚ ਉਹਨਾਂ ਵਿਸ਼ਿਆਂ ਦੀ ਤ੍ਰਿਸ਼ਨਾ ਨਾ ਉਪਜੇ ਅਤੇ ਅੰਗੀਕਾਰ ਕਰਨੇ ਚੰਗੇ ਨਾ ਲੱਗਣ, ਇਸਨੂੰ 'ਉਪਰਤਿ' ਆਖਦੇ ਹਨ।

**ਭਾਵਾਰਥ** - ਸਮ-ਦਮ ਨੂੰ ਧਾਰਨ ਕਰਨ ਵਾਲੇ ਦੀ ਜਿੰਦਗੀ ਵਿੱਚ ਨਵੀਂਆਂ ਤਬਦੀਲੀਆਂ ਆ ਜਾਂਦੀਆਂ ਹਨ। ਉਸ ਲਈ ਪਦਾਰਥਾਂ ਅਤੇ ਪਦਾਰਥਾਂ ਤੋਂ ਪ੍ਰਾਪਤ ਹੋਣ ਵਾਲੇ ਅਨੰਦ ਦੇ ਅਰਥ 'ਕੇਵਲ ਸਰੀਰ ਦੀ ਸੁੱਖ-ਸੁਵਿਧ ਲਈ' ਸਮਝ ਵਿੱਚ ਆ ਜਾਂਦੇ ਹਨ। ਕੇਵਲ ਚੰਗੇ ਗੁਣਾਂ ਦੀ ਪ੍ਰਪੱਕਤਾ ਲਈ ਸਰੀਰ ਦੀ ਹੈਸੀਅਤ ਲੋੜੀਂਦੀ ਹੈ। ਸਰੀਰ ਦੀ ਹੈਸੀਅਤ ਲਈ ਤੰਦਰੁਸਤੀ ਬਹੁਤ ਜਰੂਰੀ ਹੈ। 'ਜਿਉਂਣ ਅਤੇ ਸੰਸਾਰ ਦੀ ਹੋਂਦ ਲਈ ਖਾਣਾ (ਪਦਾਰਥਾਂ ਦਾ ਗ੍ਰਹਿਣ ਕਰਨਾ) ਚੰਗੇ ਇਨਸਾਨਾਂ ਦੀ ਪਛਾਣ ਹੁੰਦੀ ਹੈ।' ਐਸੇ ਇਨਸਾਨ ਕੋਲ ਜੇ ਸੰਸਾਰ ਦੇ ਪਦਾਰਥਾਂ ਦਾ ਭੰਡਾਰਨ (ਕਾਮਾਦਿ ਵਿਸ਼ੇ-ਅਨੰਦ) ਦੀ ਪੂਰੀ ਅਜ਼ਾਦੀ ਹੋਵੇ, ਤਾਂ ਭੀ ਉਹ ਪਦਾਰਥਾਂ ਨੂੰ ਕਾਨੂੰਨ ਤੋਂ ਬਾਹਰ ਜਾ ਕੇ ਕਦੇ ਵੀ ਅੰਗੀਕਾਰ ਨਹੀਂ ਕਰਦੇ। ਐਸੀ ਅਵਸਥਾ ਦਾ ਨਾਮ ਉਪਰਤ ਹੈ।



**ਸੀਤ ਉਸ਼ਨ ਆਦਿਕ ਦੁਖ ਸਾਰੇ। ਸਹੈ 'ਤਤਿੱਖਜਾ' ਨਾਮ ਉਚਾਰੇ।**
**ਇਸ਼ਟ ਦੇਵ ਮਹਿੰ ਰਿਦੈ ਲਗਾਇ। 'ਸਮਾਧਾਨ' ਇਸ ਨਾਮ ਕਹਾਇ॥ ੩੩॥**

**ਅਰਥ** - ਗਰਮੀ ਸਰਦੀ ਆਦਿਕ ਸਾਰੇ ਹੀ ਦੁੱਖ ਸਹਾਰਨ ਨੂੰ ਤਤਖਿਯਾ ਕਹਿੰਦੇ ਹਨ। ਆਪਣੇ ਇਸ਼ਟ-ਦੇਵ ਵਿੱਚ ਹਿਰਦੇ ਨੂੰ ਜੋੜ ਕੇ ਰੱਖਣ ਨੂੰ 'ਸਮਾਧਾਨ' ਕਹਿੰਦੇ ਹਨ।

**ਭਾਵਾਰਥ** - ਮਨੁੱਖੀ ਸਰੀਰ ਅਤੇ ਕਿਰਿਆਵਾਂ ਦੇ ਆਪਸੀ ਸੁਮੇਲ ਨਾ ਬੈਠਣ ਕਰਕੇ ਉਲਝਣ ਬਣ ਜਾਂਦੀ ਹੈ। ਇਹ ਉਲਝਣ ਬਹੁਤ ਵਾਰੀ ਤਨ ਤੇ ਮਨ ਵਿਚ ਸੰਤੁਲਨ ਬੈਠਣ ਹੀ ਨਹੀਂ ਦਿੰਦੀ। ਤਨ ਤੇ ਮਨ ਦੇ ਆਪਸੀ ਦਵੰਦ ਕਰਕੇ ਮਨੁੱਖ ਮਨ ਦੁਆਰਾ ਦੁੱਖ ਨੂੰ ਮਹਿਸੂਸ ਕਰਦਾ ਹੈ। ਇਹ ਦੁੱਖ, ਠੰਡ ਤੋਂ ਗਰਮੀ ਤੱਕ ਤਾਪਮਾਨ ਦੇ ਫਰਕ ਮੁਤਾਬਿਕ ਸਤਾਉਂਦੇ ਹਨ। ਜਦੋਂ ਬਾਹਰੀ ਤਾਪਮਾਨ ਦਾ ਫਰਕ ਹੋਵੇ ਤਾਂ ਸਰੀਰਕ ਰੋਗ ਜਿਵੇਂ ਬਾਇ, ਪਿਤ, ਕਫ ਆਦਿ ਬਣ ਜਾਂਦੇ ਹਨ। ਜਦੋਂ ਇਹ ਤਪਸ਼ ਆਂਤਰਿਕ ਹੋ ਜਾਏ ਤਾਂ ਈਰਖਾ ਆਦਿ ਤੋਂ ਮਨ ਦੀ ਤਪਸ਼ ਬਣ ਜਾਂਦੀ ਹੈ, ਮਾਨਸਿਕ ਰੋਗ ਚਿੰਤਾ ਆਦਿ ਬਣ ਜਾਂਦੇ ਹਨ। ਜਦੋਂ ਤਾਪਮਾਨ ਤਨ ਤੇ ਮਨ ਨੂੰ ਆਪਣੀ ਗ੍ਰਿਫਤ ਵਿੱਚ ਪਕੜ ਲਵੇ, ਤਾਂ ਲੜਾਈ ਝਗੜੇ ਬਣ ਜਾਂਦੇ ਹਨ। ਇਹਨਾਂ ਦੁੱਖਾਂ ਨੂੰ ਸਹਾਰਨ ਦੀ ਸਮਰੱਥਾ ਦਾ ਨਾਮ ਹੀ ਤਤਖਿਯਾ ਹੈ। ਖਾਲਸੇ ਦੇ ਜੀਵਨ ਵਿੱਚ ਤਤਖਿਯਾ ਸਹਿਜ ਨਾਲ ਵੇਖੀ ਜਾ ਸਕਦੀ ਹੈ। ਸਮਾਧਾਨਃ- ਧਿਆਨ ਕੇਂਦ੍ਰਿਤ ਹੋਇਆ ਹੋਵੇ, ਤਾਂ ਦੁੱਖ ਸਹਿਣਾ ਸੌਖਾ ਹੋ ਜਾਂਦਾ ਹੈ। ਉਬਲਦੇ ਪਾਣੀ ਅੰਦਰ ਭਾਈ ਦਿਆਲਾ ਜੀ ਗੁਰੂ ਤੇਗ ਬਹਾਦਰ ਜੀ ਦੇ ਧਿਆਨ ਵਿੱਚ ਟਿਕ ਕੇ ਇਉਂ ਬੈਠ ਗਏ ਸਨ ਮਾਨੋਂ ਠੰਡੇ ਪਾਣੀ ਵਿੱਚ ਬੈਠ ਕੇ ਇਸਨਾਨ ਕਰ ਰਹੇ ਹੋਣ। ਤੱਤਖਿਯਾ ਦਾ ਫਲ ਹੀ ਸਮਾਧਾਨ ਹੁੰਦਾ ਹੈ। ਦੁੱਖਾਂ ਨੂੰ ਸਹਿਣ ਕਰਨ ਵਾਲ਼ੀ ਤਾਕਤ ਦਾ ਨਾਮ ਭਾਣਾ ਹੁੰਦਾ ਹੈ। ਜੀਵਨ ਦੀ ਦੁੱਖਮਈ, ਕਰੁਣਾਮਈ ਅਵਸਥਾ ਨੂੰ ਸਹਿਜ ਕਰਨ ਲਈ ਸਮਾਧਾਨ ਦਾ ਰੂਪ 'ਭਾਣਾ' ਹੁੰਦਾ ਹੈ।

**ਗੁਰੂ ਬਚਨ ਪਰ ਸਾਚ ਪ੍ਰਤੀਤ। 'ਸ਼ਰਧਾ' ਨਾਮ ਕਹੈਂ ਸੁਧ ਚੀਤ।**
**ਖਸ਼ਟ ਸੰਪਦਾ ਭਨੀ ਸੁਨਾਇ। ਸਾਧਨ ਤ੍ਰਿਤੀ ਰਿਦੇ ਹੁਇ ਆਇ॥ ੩੪॥**

**ਅਰਥ** - ਗੁਰੂ ਦੇ ਬਚਨਾਂ ਉੱਪਰ ਸੱਚਾ ਭਰੋਸਾ ਕਾਇਮ ਰੱਖਣ ਨੂੰ ਪਵਿੱਤਰ ਮਨ ਵਾਲੇ ਲੋਕ 'ਸ਼ਰਧਾ' ਕਹਿੰਦੇ ਹਨ। ਇਹ ਖਟ-ਸੰਪਦਾ ਸੁਨਾ ਕੇ ਆਖੀ ਹੈ; ਇਹ ਤੀਜਾ ਸਾਧਨ ਸਾਧਕ ਦੇ ਹਿਰਦੇ ਵਿੱਚ ਹੋ ਆਉਂਦਾ ਹੈ।

**ਭਾਵਾਰਥ** – ਜੀਵਨ 'ਸਰੀਰਕ ਦੁੱਖ-ਸੁੱਖ' ਦਾ ਸੁਮੇਲ ਹੁੰਦਾ ਹੈ। ਕਦੇ ਮਨੁੱਖ ਦੁਖੀ ਕਦੇ ਸੁਖੀ ਹੁੰਦਾ ਹੈ। ਇੱਕ ਵੇਲੇ ਇੱਕ ਅਵਸਥਾ ਸਥਿੱਤ ਨਹੀਂ ਰਹਿੰਦੀ; ਜੀਵਨ ਨੂੰ ਇੱਕਸੁਰ ਕਰਨ ਲਈ ਗੁਰੂ ਦੇ ਬਚਨਾਂ ਦਾ ਸਹਾਰਾ 'ਸਮੁੰਦਰ ਵਿੱਚ ਟੁੱਟੀ ਹੋਈ ਬੇੜੀ ਦੇ ਸਵਾਰ ਨੂੰ ਕਿਸੇ ਮੋਟੀ ਲੱਕੜ ਵਾਂਗ' ਹੁੰਦਾ ਹੈ। ਜਿਹੜੀ ਸਵਾਰ ਦੀ ਪੱਕੇਰੀ ਪਕੜ ਕਰਕੇ ਉਸਨੂੰ ਕਿਸੇ ਮੰਜ਼ਿਲ ਤੇ ਪਹੁੰਚਣ ਦੇ ਯੋਗ ਕਰ ਦਿੰਦੀ ਹੈ। ਗੁਰੂ ਦੇ ਬਚਨ 'ਦੁੱਖ ਵੇਲੇ' ਜਿਸ ਭਾਵਨਾ ਤਹਿਤ ਸਹਾਰਾ ਦਿੰਦੇ ਹਨ, ਉਸਨੂੰ ਸ਼ਰਧਾ ਕਹਿੰਦੇ ਹਨ। ਦੁੱਖ-ਸੁੱਖ ਵਿੱਚ ਗੁਰੂ ਦਾ ਭਰੋਸਾ ਰੱਖ ਕੇ ਹਰ ਕਰਮ ਗੁਰੂ ਨੂੰ ਸਮਰਪਿਤ ਹੋ ਕੇ ਕਰਨਾ ਸਚੇ ਮਨੁੱਖ ਦਾ ਫਰਜ਼ ਹੈ। ਇਸ ਨੂੰ ਖਟ ਸੰਪਦਾ ਕਹਿੰਦੇ ਹਨ। ਜਿਵੇਂ ਸਾਡੇ ਹੱਥ ਵਿੱਚ ਕੰਮ ਕਰਨ ਦੀ ਸਮਰੱਥਾ ਲਈ ਹੱਥ ਦੀਆਂ ਹੱਡੀਆਂ ਦਾ ਢਾਂਚਾ ਇਸ ਤਰ੍ਹਾਂ ਹੈ, ਕਿ ਪੂਰਾ ਹੱਥ ਹਰ ਔਖੀ ਤੋਂ ਔਖੀ ਚੀਜ਼ ਨੂੰ ਸ਼ਕਤੀ ਨਾਲ ਪਕੜ ਸਕੇ। ਹੱਥ ਸ਼ਬਦ ਨਾਲ ਉਂਗਲਾਂ, ਅਗੂੰਠਾ, ਹਥੇਲੀ ਆਦਿ ਬਹੁਤ ਸਾਰੇ ਪ੍ਰਤੰਗ ਆ ਜਾਂਦੇ ਹਨ। ਹੱਥ ਵਸਤੂ ਨੂੰ ਪਕੜਨ ਦਾ ਕੰਮ ਕਰਦਾ ਹੈ, ਕੰਮ ਕਰਨ ਦਾ ਉਤਸ਼ਾਹ ਮਨ ਤੋਂ ਅਤੇ ਪ੍ਰੇਰਣਾ ਦਿਮਾਗ ਤੋਂ ਲੈਂਦਾ ਹੈ। ਇਵੇਂ ਬੈਰਾਗ ਤੋਂ ਉਤਸ਼ਾਹ ਅਤੇ ਵਿਵੇਕ ਤੋਂ ਪ੍ਰੇਰਣਾ ਲੈ ਕੇ ਖਟ-ਸੰਪਤੀ ਸਾਧਨ ਜੀਵਨ ਨੂੰ ਅੰਤਿਮ ਮੰਜ਼ਿਲ ਵੱਲ ਸੇਧਿਤ ਕਰ ਦਿੰਦਾ ਹੈ।

**ਛੁਧਿਤਿ ਤ੍ਰਿਖਤਿ ਕੋ ਅੰਨ ਰੁ ਪਾਨੀ। ਇਨ ਬਿਨ ਨਹਿਂ ਭਾਵੈ ਕੁਛ ਪ੍ਰਾਨੀ।**
**ਤਥਾ ਆਤਮਾ ਪ੍ਰਾਪਤਿ ਕਾਂਖਾ। ਨਾਮ 'ਮੁਮੁਖਤਾ' ਇਸ ਕੋ ਭਾਖਾ॥ ੩੫॥**

**ਅਰਥ** – ਜਿਵੇਂ ਭੁੱਖੇ-ਪਿਆਸੇ ਨੂੰ ਭੋਜਨ ਤੇ ਪਾਣੀ ਦੀ ਤੀਬਰ ਇੱਛਾ ਹੁੰਦੀ ਹੈ, ਭੋਜਨ ਤੇ ਪਾਣੀ ਤੋਂ ਬਿਨਾਂ ਕੁੱਝ ਵੀ ਪ੍ਰਾਣੀ ਨੂੰ ਚੰਗਾ ਨਹੀਂ ਲੱਗਦਾ। ਇਸੇ ਪ੍ਰਕਾਰ ਆਤਮਾ ਪ੍ਰਾਪਤੀ ਦੀ ਇੱਛਾ ਤੀਬਰ ਇੱਛਾ ਹੋਣੀ; ਉਸਦਾ ਨਾਮ ਮੁੱਮਖਤਾ ਆਖਿਆ ਜਾਂਦਾ ਹੈ।

**ਭਾਵਾਰਥ** – ਮੁਕਤੀ ਦੀ ਇੱਛਾ ਵਾਲਾ ਆਤਮ-ਗਿਆਨੀ ਬਣ ਕੇ ਸਦਾ ਅਨੰਦਿਤ ਹੋਣ ਦਾ ਯਤਨ ਕਰਦਾ ਰਹਿੰਦਾ ਹੈ। ਜਿੰਨ੍ਹਾਂ-ਜਿੰਨ੍ਹਾਂ ਗਿਆਨ ਬੈਰਾਗ-ਤੋਂ-ਵਿਵੇਕ-ਤੋਂ ਖਟ ਸੰਪਤੀ- ਵਿੱਚ ਵਿਚਰਦਿਆਂ ਸੁਰਤਿ ਵਿੱਚ ਟਿਕਦਾ ਹੈ; ਉਤਨਾ ਹੀ ਸਿਧਾਂਤ ਪਰਪੱਕ ਹੁੰਦਾ ਜਾਂਦਾ ਹੈ। ਜਿਵੇਂ -ਜਿਵੇਂ ਵੀਚਾਰਧਾਰਾ ਦ੍ਰਿੜ ਹੁੰਦੀ ਹੈ, ਉਤਨੀ ਹੀ ਅਨੰਦਤਿ ਰਹਿਣ ਦੀ ਇੱਛਾ ਉਚੇਰੀ ਰਹਿੰਦੀ ਹੈ। ਆਤਮਾ ਦੀ ਪ੍ਰਾਪਤੀ ਦਾ ਮਤਲਬ ਆਤਮਦਰਸ਼ੀ ਹੋਣਾ ਹੁੰਦਾ ਹੈ। ਆਤਮਾ ਤੋਂ ਬਿਨਾਂ ਕੁੱਝ ਭੀ ਨਹੀਂ ਹੈ।



ਧਿਆਨ ਦੀ ਸਾਧਨਾ ਵਾਲਾ ਸਾਧਕ ਇਸ ਰਸਤੇ (ਵਿਵੇਕਾਦਿ) ਆਤਮਾ ਨੂੰ ਹਰ ਥਾਂ ਤੇ ਵਿਆਪਕ ਵੇਖਣ ਦਾ ਯਤਨ ਕਰਦਾ ਹੈ। ਮੁਮਖਸ਼ੂ (ਮੁਕਤੀ ਦੀ ਇੱਛਾ ਵਾਲਾ) ਦਾ ਜੀਵਨ ਹੀ ਗੁਰ-ਸਿਧਾਂਤਕ ਹੋ ਜਾਂਦਾ ਹੈ।

**ਜਬਿ ਏ ਚਾਰੋਂ ਸਾਧਨ ਪਾਏ। ਸਤਿਗੁਰ ਸ਼ਰਣਿ ਰਹਿਹ ਅਧਿਕਾਏ।**
***ਬ੍ਰਹਮ ਨੇਸ਼੍ਰੀ ਤੇ ਬ੍ਰਹਮ ਸ਼੍ਰੋਤ੍ਰੀ ਗੁਰੂ*** **- ਸ਼੍ਰੋਤੀ ਬ੍ਰਹਮ ਨਿਸ਼ਠੀ ਗੁਰ ਪੂਰਾ।**
**ਤਿਸ ਤੇ ਲਹੈ ਪਰਮ ਪਦ ਸੂਰਾ॥ ੩੬ ॥**

**ਅਰਥ** – ਜਦੋਂ ਏ ਚਾਰੋਂ ਸਾਧਨ ਪ੍ਰਾਪਤ ਕਰ ਲਵੇ ਅਤੇ ਸਤਿਗੁਰੂ ਦੀ ਸਰਣਿ ਵਿੱਚ ਹੀ ਟਿਕਿਆ ਰਹੇ। ਬ੍ਰਹਮ-ਸ੍ਰੋਤ੍ਰੀ ਤੇ ਬ੍ਰਹਮ-ਨਿਸ਼ਠ ਪੂਰੇ ਗੁਰੂ ਤੋਂ ਪਰਮ ਪਦਵੀ ਸੂਰਮਾ ਪ੍ਰਾਪਤ ਕਰ ਸਕਦਾ ਹੈ।

**ਭਾਵਾਰਥ** – ਚਾਰ ਸਾਧਨਾਂ ਵਾਲੇ ਜਗਿਆਸੂ ਨੂੰ ਗੁਰੂ ਦੀ ਸ਼ਰਣ ਪਸੰਦ ਲੱਗਣ ਲੱਗ ਜਾਂਦੀ ਹੈ। ਉਸ ਦਾ ਬਹੁਤਾ ਸਮਾਂ ਗੁਰੂ ਪਾਸ ਬਤੀਤ ਹੁੰਦਾ ਹੈ। ਇੱਥੇ ਗੌਰਤਲਬ ਹੈ, ਵੇਦਾਂਤਵਾਦੀ ਅਧਿਆਤਮਕ ਗਿਆਨ ਦੇਣ ਵਾਲੇ ਸਾਧੂ ਨੂੰ ਗੁਰੂ ਸ਼ਬਦ ਨਾਲ ਸੰਬੋਧਨ ਕਰਦੇ ਹਨ। ਸਾਧੂ ਸਰੀਰ ਦੀ ਹੋਂਦ ਨਾਲ ਅਧਿਆਤਮਕ ਜੀਵਨ ਵਾਲਾ ਚਾਹੀਦਾ ਹੈ। ਅਧਿਆਤਮਕ ਜੀਵਨ ਵਿੱਚ ਗਿਆਨ ਤੇ ਧਿਆਨ ਦੀ ਜਰੂਰਤ ਹੈ। ਗਿਆਨ ਭਾਸ਼ਾਈ ਸ਼ਬਦਾਂ ਦੇ ਸਮੂਹ ਦੁਆਰਾ ਪ੍ਰਾਪਤ ਹੁੰਦਾ ਹੈ। ਬੈਖਰੀ (ਬੋਲੇ ਹੋਏ) ਸ਼ਬਦ ਧਿਆਨ ਵਿੱਚ ਸਹਾਈ ਹੁੰਦੇ ਹਨ। ਲਿਖਣ ਅਤੇ ਪੜ੍ਹਨ ਦੁਆਰਾ ਬ੍ਰਹਮ ਰੂਪ ਪ੍ਰਾਪਤ ਹੋਇਆ ਗਿਆਨ ਬ੍ਰਹਮਸ੍ਰੋਤ੍ਰ ਅਖਵਾਉਂਦਾ ਹੈ। ਧਿਆਨ ਦੁਆਰਾ ਬ੍ਰਹਮ ਦਾ ਅਨਭਵ ਕਰਨ ਵਾਲਾ ਬ੍ਰਹਮ-ਨਿਸ਼ਠ ਹੁੰਦਾ ਹੈ। ਵੇਦਾਂਤ-ਵਾਕਯ ਦੁਆਰਾ ਗਿਆਨ ਦੇਣ ਵਾਲਾ ਗੁਰੂ ਬ੍ਰਹਮਸ੍ਰੋਤ੍ਰੀ ਤੇ ਬ੍ਰਹਮਨਿਸ਼ਠ ਹੋਣਾ ਜਰੂਰੀ ਹੈ। ਐਸੇ ਗੁਰੂ ਕੋਲੋਂ ਸੂਰਮਾ ਹੀ ਗਿਆਨ ਹਾਸਿਲ ਕਰ ਸਕਦਾ ਹੈ। ਸੂਰਮਾ ਸ਼ਬਦ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ, 'ਜਾ ਕਉ ਹਰਿ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।' ਪ੍ਰੇਮ ਰੰਗ ਵਿੱਚ ਰੰਗਿਆ ਹੋਇਆ ਚਾਰ ਸਾਧਨਾ ਸਮੇਤ ਜਗਿਆਸੂ ਹੀ ਅਧਿਕਾਰੀ ਹੁੰਦਾ ਹੈ। ਜਿਹੜਾ ਕਾਮਾਦਿ ਵਿਕਾਰਾਂ ਨੂੰ ਜਿਤਣ ਲਈ ਸਿਰਤੋੜ ਯਤਨ ਕਰਦਾ ਰਹਿੰਦਾ ਹੈ।

**ਕੇਵਲ ਸ਼੍ਰੋਤ੍ਰੀ ਤੇ ਕੱਲਯਾਨ। ਪਾਇ ਗਯਾਨ ਨਹਿਂ ਹ੍ਵੈ ਦੁਖ ਹਾਨ।**
**ਕੇਵਲ ਬ੍ਰਹਮ ਨਿਸ਼ਠ ਥੇ ਨਾਂਹੀ। ਇਸ ਪਰ ਜੁਗਤਿ ਸੁਨਹੁ ਸ਼੍ਰੁਤਿ ਮਾਂਹੀ॥ ੩੭ ॥**

**ਅਰਥ** – ਜਿਹੜੇ ਕੇਵਲ ਬ੍ਰਹਮ-ਸ੍ਰੋਤ੍ਰੀ ਗੁਰੂ ਸਨ, ਪਰ ਬ੍ਰਹਮ-ਨਿਸ਼ਠ ਨਹੀਂ

ਸਨ। ਉਹਨਾਂ ਕੋਲੋਂ ਜਿਹਨਾਂ ਨੇ ਗਿਆਨ ਹਾਸਿਲ ਕੀਤਾ ਹੈ, ਉਹਨਾਂ ਦਾ ਸੰਸਾਰ-ਦੁੱਖ ਨਿਵਰਤ ਨਹੀਂ ਹੁੰਦਾ। ਇਸ ਉੱਪਰ ਸ੍ਰੁਤੀਆਂ ਦੀ ਜੁਗਤਿ ਸੁਨਣਾ ਕਰੋ।

**ਭਾਵਾਰਥ** - ਇੱਥੇ ਗੁਰੂ ਦੀ ਵਿਆਖਿਆ ਕਰਦੇ ਹਨ, ਤਾਂ ਕਿ ਵੇਦਾਂਤ ਦੀ ਆੜ (ਸਹਾਰਾ) ਲੈ ਕੇ ਕੋਈ ਸਰੀਰਧਾਰੀ ਪਾਖੰਡੀ ਜਨ-ਮਾਨਸ ਦਾ ਸ਼ੋਸਣ ਨਾ ਕਰੇ। ਜਿਸ ਮਨੁੱਖ ਕੋਲ ਅੱਖਰਾਂ ਦਾ ਗਿਆਨ ਹੈ, ਉਹ ਸਵਾਰਥ ਲਈ ਹੇਰਾ-ਫੇਰੀ ਕਰ ਸਕਦਾ ਹੈ। ਅਗਿਆਨੀ ਮਨੁੱਖ ਨੂੰ ਕਿਸੇ ਤਰ੍ਹਾਂ ਭੀ ਭ੍ਰਮਾਇਆ ਜਾ ਸਕਦਾ ਹੈ। ਜਿਸਨੇ ਘੋੜਾ ਕਦੇ ਵੇਖਿਆ ਹੀ ਨਹੀਂ ਜਾਂ ਕਿਸੇ ਕੋਲੋਂ ਸੁਣਿਆ ਨਹੀਂ ਕਿ ਘੋੜੇ ਤੇ ਗਧੇ ਵਿੱਚ ਕੀ ਫਰਕ ਹੁੰਦਾ ਹੈ। ਉਸਨੂੰ ਗਧਾ ਦਿਖਾ ਕੇ ਘੋੜਾ ਸਮਝਾਇਆ ਜਾ ਸਕਦਾ ਹੈ। ਵੇਖਣ ਵਾਲੇ ਦੇ ਮਨ ਵਿੱਚ ਬੈਠਾ ਗਲਤ ਗਿਆਨ; ਉਸਨੂੰ ਮਿਲਣ ਵਾਲੇ ਸਾਰੇ ਲੋਕਾਂ ਦੇ ਅੰਦਰ ਗਲਤ ਧਾਰਨਾ ਖੜੀ ਕਰ ਦੇਵੇਗਾ। ਮਾਇਆਧਾਰੀ ਪਖੰਡੀ ਗੁਰੂਆਂ ਦੀ ਲੜੀ ਇਸੇ ਗਲਤ ਫਹਿਮੀ ਵਿੱਚੋਂ ਨਿਕਲਦੀ ਹੈ। ਵੇਦਾਂਤ ਅੰਦਰ ਬ੍ਰਹਮ ਸਾਖਿਆਤਕਾਰਤਾ ਤੋਂ ਪਹਿਲਾਂ ਅੱਖਰਾਂ ਤੋਂ ਮਿਲਣ ਵਾਲੇ ਗਿਆਨ ਨੂੰ ਸਹੀ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਪੜਿਆ-ਸੁਣਿਆ ਜਾਂਦਾ ਹੈ। ਬ੍ਰਹਮ-ਸ਼੍ਰੋਤ੍ਰੀ ਨੂੰ ਹਰ ਪ੍ਰਕਾਰ ਦਾ ਗਿਆਨ (ਪਰੋਖ ਗਿਆਨ) ਹੁੰਦਾ ਹੈ; ਪਰ ਅਨਭਵ ਦੀ ਦੁਨੀਆਂ ਵਿੱਚ ਪ੍ਰਪੱਕਤਾ ਨਹੀਂ ਹੁੰਦੀ। ਜਿਵੇਂ ਅਨੈਟਮੀ ਨੂੰ ਪੜ੍ਹਨ ਵਾਲਾ ਸਰੀਰ ਦੇ ਸਾਰੇ ਅੰਗਾਂ ਦੀ ਬਣਤਰ, ਰੋਗਾਂ ਅਤੇ ਰੋਗ-ਨਿਵਰਤੀ ਬਾਰੇ ਗਿਆਨ ਤਾਂ ਹੁੰਦਾ ਹੈ; ਪਰ ਵਿਸ਼ੇਸ ਗਿਆਨ ਲਈ ਵੱਖੋ-ਵੱਖਰੇ ਵਿਸ਼ੇ ਦੇ ਮਾਹਰਾਂ ਤੋਂ ਪ੍ਰਪੱਕਤਾ ਹਾਸਿਲ ਕਰਨੀ ਪੈਂਦੀ ਹੈ। ਇਸੇ ਪ੍ਰਕਾਰ ਸ਼ਾਸ਼ਤ੍ਰਕ ਗਿਆਨ ਵਾਲੇ ਨੂੰ ਪ੍ਰਮਾਤਮਾ (ਬ੍ਰਹਮ) ਦੇ ਬਾਰੇ ਗਿਆਨ ਤਾਂ ਹੁੰਦਾ ਹੈ, ਪਰ ਆਤਮ ਗਿਆਨ (ਅਪਰੋਕਸ਼ ਗਿਆਨ) ਨਹੀਂ ਹੁੰਦਾ। ਭਲੇ! ਉਹ ਬ੍ਰਹਮ-ਨਿਸ਼ਠ ਨਹੀਂ, ਪਰ ਬ੍ਰਹਮ-ਸ੍ਰੋਤ੍ਰੀ ਹੋਣ ਕਰਕੇ ਦੁਨੀਆਂ ਨੂੰ ਕਦੇ ਵੀ ਭੰਭਲਭੂਸੇ ਵਿੱਚ ਨਹੀਂ ਪਾਉਂਦਾ; ਸਗੋਂ ਦੁਨੀਆਂ ਦੀਆਂ ਮੁਸ਼ਿਕਲਾਂ ਨੂੰ ਹੱਲ ਕਰਨ ਲਈ ਆਪਣੇ ਪ੍ਰਾਪਤ ਕੀਤੇ ਗਿਆਨ ਦੁਆਰਾ ਸੇਧ ਦਿੰਦਾ ਹੈ। ਸ਼ੰਕੇ ਨੂੰ ਦੂਰ ਕਰਨ ਲਈ ਵਿੱਦਿਆ ਦਾ ਸਹਾਰਾ ਲੈਂਦਾ ਹੈ।

**ਬੇਦ ਸ਼ਾਸਤ੍ਰ ਸਭਿ ਹੀ ਪਢਿ ਲਹਯੋ। ਬ੍ਰਹਮ ਸਾਖਯਾਤਕਾਰ ਨਹਿੰ ਭਯੋ।**
**ਸੋ ਸ਼੍ਰੋਤ੍ਰੀ ਸੰਸੇ ਕਰਿ ਦੂਰ। ਹੋਇ ਨ ਅਨਭਵ ਆਤਮ ਪੂਰ॥ ੩੮॥**

**ਅਰਥ** - ਬੇਦ ਸ਼ਾਸਤ੍ਰ ਸਾਰੇ ਹੀ ਪੜ੍ਹ ਲਏ ਹਨ, ਪਰ ਬ੍ਰਹਮ ਸਾਖਯਾਤਕਾਰ ਨਹੀਂ ਹੋਇਆ। ਉਹ ਬ੍ਰਹਮ-ਸ੍ਰੋਤ੍ਰੀ ਸੰਸ਼ੇ ਤਾਂ ਦੂਰ ਕਰ ਸਕਦਾ ਹੈ, ਪਰ ਪਰੀ-ਪੂਰਣ



ਆਤਮਾ ਦਾ ਅਨਭਵ ਨਹੀ ਕਰਵਾ ਸਕਦਾ।

**ਭਾਵਾਰਥ** - ਪਾਖੰਡੀ ਗੁਰੂ ਤੇ ਵੇਦਾਂਤੀ-ਗੁਰੂ ਦਾ ਬੁਨਿਆਦੀ ਫਰਕ ਕਵੀ ਜੀ ਅੰਕਿਤ ਕਰਦੇ ਹਨ। ਪਾਖੰਡੀ ਗੁਰੂ ਕੇਵਲ ਆਪਣੀ ਪੂਜਾ-ਪ੍ਰਤਿਸ਼ਠਤਾ ਤੱਕ ਹੀ ਸੀਮਤ ਰਹਿੰਦਾ ਹੈ। ਵਰ-ਸਰਾਪ ਉਸ ਦੇ ਹਥਿਆਰ ਹੁੰਦੇ ਹਨ। ਪਰ ਵੇਦਾਂਤੀ ਗੁਰੂ ਦਾ ਪਹਿਲਾ-ਗੁਣ ਬ੍ਰਹਮ ਸ੍ਰੋਤ੍ਰੀ ਹੁੰਦਾ ਹੈ। ਉਸਨੇ ਸਾਰੇ ਸ਼ਾਸਤ੍ਰ ਪੜ੍ਹੇ ਹੁੰਦੇ ਹਨ, ਸਿਧਾਂਤਕ ਗਿਆਨ ਵਿੱਚ ਪੂਰਨ ਤੌਰ 'ਤੇ ਮਾਹਿਰ ਹੁੰਦਾ ਹੈ। ਆਤਮਾ ਦੀ ਬ੍ਰਹਮਰੂਪਤਾ ਦਾ (ਪ੍ਰਗਟ ਰੂਪ ਵਿੱਚ) ਅਨਭਵ ਉਸ ਕੋਲ ਨਹੀਂ ਹੁੰਦਾ। ਆਤਮਾ ਦੇ ਗਿਆਨ ਸੰਬੰਧੀ ਹਰ ਜਗਿਆਸੂ ਦੇ ਸੰਸੇ ਤਾਂ ਦੂਰ ਕਰ ਸਕਦਾ ਹੈ, ਪਰ ਆਤਮਾ ਦਾ ਸਾਖਿਆਤਕਾਰ ਨਹੀਂ ਕਰਵਾ ਸਕਦਾ। ਕਿਉਂਕਿ ਉਸ ਕੋਲ ਖੁਦ ਇਹ ਆਤਮਾਨਭੁਵ ਨਹੀਂ ਹੁੰਦਾ।

**ਸਰਿਤਾ ਪਾਰ ਉਤਰਨੇ ਹਾਰ। ਆਇ ਪਿਖਯੋ ਅੰਧਾ ਕਰਨਧਾਰ।**
**ਪਾਰ ਕਰਾਰ ਦ੍ਰਿਸ਼ਟਿ ਨਹਿੰ ਆਵੈ। ਆਪ ਤਰੈ ਨਹਿੰ ਅਪਰ ਤਰਾਵੈ॥ ੩੯॥**

**ਅਰਥ** - ਜਿਵੇਂ ਨਦੀ ਪਾਰ ਕਰਨ ਵਾਲੇ ਨੇ ਕੋਈ ਅੰਧਾ ਮਲਾਹ ਵੇਖ ਲਿਆ; ਉਸਨੂੰ ਨਾ ਤਾਂ ਪਾਰਲਾ ਕਿਨਾਰਾ ਨਜ਼ਰ ਆਉਂਦਾ ਹੈ। ਉਹ ਨਾ ਆਪ ਤਰ ਸਕਦਾ ਹੈ ਅਤੇ ਨਾ ਹੀ ਦੂਜਿਆਂ ਨੂੰ ਤਾਰ ਸਕਦਾ ਹੈ।

**ਭਾਵਾਰਥ** - ਕਵੀ ਜੀ ਨੇ ਉੱਪਰਲੇ ਅਰਥਾਂ ਨੂੰ ਸਪੱਸ਼ਟ ਕਰਨ ਲਈ ਉਦਾਹਰਣਾਂ ਦੀ ਵਰਤੋਂ ਕੀਤੀ ਹੈ। ਜਿਸਨੂੰ ਤੈਰਨਾ ਨਹੀਂ ਆਉਂਦਾ, ਉਸ ਲਈ ਨਦੀ ਪਾਰ ਕਰਨ ਵਾਸਤੇ ਬੇੜੀ ਦੀ ਜ਼ਰੂਰਤ ਹੁੰਦੀ ਹੈ। ਬੇੜੀ ਨੂੰ ਚਲਾਉਣਾ ਮਲਾਹ ਦਾ ਕੰਮ ਹੁੰਦਾ ਹੈ। ਆਪਣੇ ਆਪ ਨੂੰ ਸੁਖੀ ਰੱਖਣ ਰੂਪ ਯਤਨਾਂ ਦੀ ਬੇੜੀ ਤਾਂ ਹਰ ਕਿਸੇ ਕੋਲ ਹੁੰਦੀ ਹੈ। ਪਰ ਜੀਵਨ ਹਰ ਸਥਿਤੀ ਵਿੱਚ ਸਦਾ ਸੁਖੀ ਰਹੇ, ਇਹ ਗਿਆਨ ਬੇੜੀ ਦੇ ਮਲਾਹ ਕੋਲ ਹੀ ਹੁੰਦਾ ਹੈ। ਮਲਾਹ ਤੋਂ ਬਿਨਾਂ ਬੇੜੀ ਅਤੇ ਸਵਾਰ ਦੋਨਾਂ ਦਾ ਹੀ ਨੁਕਸਾਨ ਹੋ ਜਾਂਦਾ ਹੈ। ਅੰਧੇ-ਮਲਾਹ ਵਾਂਗ ਬ੍ਰਹਮ-ਸ੍ਰੋਤ੍ਰੀ 'ਮਨ-ਬੁਧਿ' ਨੇਤਰਾਂ ਨਾਲ ਵੇਖਣ ਤੋਂ ਅਸਮਰੱਥ ਹੁੰਦਾ ਹੈ। 'ਅੱਖਾਂ ਦੁਆਰਾ ਵੇਖ ਕੇ', 'ਕੰਨਾਂ ਦੁਆਰਾ ਸੁਣ ਕੇ' ਅਤੇ 'ਦਿਮਾਗ ਦੁਆਰਾ ਵੀਚਾਰ ਕੇ' ਸਾਡੇ ਮਾਨਸਿਕ ਅਧਾਰ ਰਾਂਹੀ ਬੌਧਿਕਤਾ ਦਾ ਵਿਕਾਸ ਹੁੰਦਾ ਹੈ। (*ਨੋਟ:- ਬੱਚੇ ਦੇ ਅੰਦਰ ਅੱਖਾਂ ਰਾਹੀਂ ਫੋਟੋਆਂ ਦਾ ਪ੍ਰਵੇਸ਼ ਹੁੰਦਾ ਹੈ। ਕੰਨਾਂ ਦੁਆਰਾ ਫੋਟੋ ਦੇ ਨਾਮ ਦੀ ਅਵਾਜ਼ ਸਥਿਤ ਹੁੰਦੀ ਹੈ। ਦੋਨਾਂ ਦੁਆਰਾ ਦਿਮਾਗ ਵਿੱਚ ਗਿਆਨ ਦੀ ਸਥਿਤੀ ਹੁੰਦੀ ਹੈ। ਇਹੀ ਗਿਆਨ ਬੱਚੇ ਦੇ ਬੋਲਣ ਵਿੱਚ ਸਹਾਈ*

*ਹੁੰਦਾ ਹੈ )* 'ਮਨ-ਬੁਧਿ' ਨੇਤਰਾਂ ਵਿੱਚ ਵੇਖਣ ਦੀ ਸਮਰੱਥਾ ਨਹੀਂ, ਪਰ ਕੰਨਾਂ ਦੁਆਰਾ ਸੁਨਣ ਵਾਂਗ ਗ੍ਰੰਥਾਂ ਦਾ ਗਿਆਨ ਕੋਲ ਹੈ। ਦੋਨਾਂ ('ਮਨ-ਬੁਧਿ' ਅੱਖਾਂ) ਦੀ ਸਹਾਇਤਾ ਲਈ ਦਿਮਾਗ ਦਾ ਵੀਚਾਰਸ਼ੀਲ ਹੋਣਾਂ ਸੰਭਵ ਨਹੀਂ ਹੁੰਦਾ। ਕਿਉਂਕਿ ਇੱਥੇ ਦਿਮਾਗ ਦਾ ਅਕਾਰ 'ਸੰਸਾਰਿਕ ਵੀਚਾਰਾਂ ਤੋਂ ਬਹੁਤ-ਬਹੁਤ ਦੂਰ' ਆਤਮਾਕਾਰ ਬ੍ਰਿਤੀ 'ਸਰੂਪ ਵੇਖਣ (ਪ੍ਰਤੱਖ ਗਿਆਨ)' ਲਈ ਬਣਨਾ ਚਾਹੀਦਾ ਹੈ। ਜਿਹੜਾ ਬਹੁਤ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਹੀ ਲੱਗਦਾ ਹੈ। ਕਿਉਂਕਿ ਇਤਨੀ ਬੇਤਹਾਸ਼ਾ ਬਾਰੀਕਗੀ ਪ੍ਰਾਪਤ ਕਰਨ ਤੋਂ ਸਾਧਕ ਜਗਿਆਸੂ ਕੰਨੀ ਕਤਰਾਉਣ ਲੱਗ ਜਾਂਦਾ ਹੈ। ਗ੍ਰੰਥਾਂ ਦੇ ਗਿਆਨ ਦਾ ਕੋਈ ਅੰਤ ਨਹੀਂ ਪਰ ਵੇਖਣ ਵਾਲੀ ਬ੍ਰਿਤੀ ਆਤਮਾਕਾਰ ਨਾ ਹੋਣ ਕਰਕੇ ਅੰਧਾ ਹੈ। ਐਸੇ ਗੁਰੂ ਨੂੰ ਆਪਣੇ ਸਰੀਰ ਅਤੇ ਜੀਵਨ ਦੋਨਾਂ ਦੀ ਇੱਕਸੁਰਤਾ ਅਤੇ ਨਿਰਲੇਪਤਾ ਬਾਰੇ ਕੋਈ ਗਿਆਨ ਨਹੀਂ ਹੁੰਦਾ; ਭਲੇ ਹੀ! ਉਸਨੇ ਕਿਤਨੇ ਹੀ ਗ੍ਰੰਥ ਕਿਉਂ ਨਾ ਪੜ੍ਹੇ ਹੋਣ ?

**ਪਿੰਗ ਗੁੰਗ ਹੈ ਕੇਵਟ ਦੂਜਾ। ਸੋ ਭੀ ਮਿਲੇ ਨ ਕਾਰਜ ਪੂਜਾ।**
**ਬ੍ਰਹਮ ਨਿਸ਼ਟ ਤੌ ਕਿਮ ਹੁਇ ਗਯੋ। ਬੇਦ ਸ਼ਾਸਤ੍ਰ ਕੋ ਲਖਤਿ ਨ ਭਯੋ ॥ ੪੦ ॥**

**ਅਰਥ** - ਦੂਜਾ ਮਲਾਹ ਪਿੰਗਲਾ ਤੇ ਗੂੰਗਾ ਹੈ, ਉਸ ਦੇ ਮਿਲੇ ਤੋਂ ਭੀ ਕਾਰਜ ਸਫਲ (*ਨੋਟ:- ਪੂਜਾ ਦਾ ਅਰਥ ਹੈ ਪੁੱਜਣਾ ਜਾਂ ਸਫਲ ਹੋਣਾ; ਇੱਥੇ ਪੂਜਾ ਦਾ ਅਰਥ ਉਪਾਸਨਾ ਦੇ ਰੂਪ ਵਿੱਚ ਨਹੀਂ ਹੈ )* ਨਹੀਂ ਹੁੰਦਾ; ਉਹ ਕਿਸੇ ਨਾ ਕਿਸੇ ਤਰੀਕੇ ਨਾ ਬ੍ਰਹਮ-ਨਿਸ਼ਠ ਤਾਂ ਹੋ ਗਿਆ ਪਰ ਬੇਦ-ਸ਼ਾਸਤ੍ਰ ਦੀ ਵੀਚਾਰਧਾਰਾ ਨੂੰ ਨਹੀਂ ਜਾਣ ਸਕਿਆ।

**ਭਾਵਾਰਥ** - ਪਿੰਗਲਾ ਤੇ ਗੂੰਗਾ ਵੇਖ ਸਕਦਾ ਹੈ, ਪਰ ਬੋਲ ਨਹੀਂ ਸਕਦਾ ਅਤੇ ਨਾ ਹੀ ਬੇੜੀ ਨੂੰ ਚਲਾ ਸਕਦਾ ਹੈ। ਜਿਸ ਕੋਲ ਬੋਲਣ ਦੀ ਸਮਰੱਥਾ ਨਹੀਂ ਅਤੇ ਚਲਾਉਣ ਦੀ ਸਮਰੱਥਾ ਨਹੀਂ ; ਉਸ ਦਾ ਬੇੜੀ ਦਾ ਮਲਾਹ ਅਖਵਾਉਣਾ ਹੀ ਨਾ-ਸਮਝੀ ਹੈ। ਬਸ!! ਇਤਨਾ ਹੀ ਹੈ ਕਿ ਬੇੜੀ ਵਾਲਾ ਬਣ ਗਿਆ। ਜਿਵੇਂ ਪਿੰਗਲੇ ਮਨੁੱਖ ਅੰਦਰ ਤੁਰਨ ਜਾਂ ਲੱਤਾਂ ਨਾਲ ਕੁੱਝ ਕਰਨ ਦਾ ਜੋਸ਼ ਤਾਂ ਹੁੰਦਾ ਹੈ; ਪਰ ਕਰ ਕੁੱਝ ਵੀ ਨਹੀਂ ਸਕਦਾ। ਇਵੇਂ ਹੀ ਕਈ ਕਿਸੇ ਕਾਰਣ-ਵਸ ਬ੍ਰਹਮ-ਨਿਸ਼ਠ ਤਾਂ ਬਣ ਜਾਂਦੇ ਹਨ; ਪਰ ਆਪਣੇ ਤਜ਼ਰਬੇ ਨੂੰ ਦੂਜੇ ਨਾਲ ਸਾਂਝੇ ਕਰਨ ਤੋਂ ਅਸਮਰੱਥ ਹੁੰਦੇ ਹਨ । ਉਹਨਾਂ ਤੋਂ ਬ੍ਰਹਮ ਵੀਚਾਰ ਦਾ ਲਾੜ ਉਠਾਉਣਾ ਵਸ ਦੀ ਗੱਲ ਨਹੀਂ। ਜਿਵੇਂ ਗੂੰਗੇ ਮਨੁੱਖ ਨਾ ਤਾਂ ਕਿਸੇ ਨਾਲ ਗੱਲ ਕਰ ਸਕਦਾ ਹੈ, ਅਤੇ ਨਾ ਹੀ ਕਿਸੇ



ਦੀ ਗੱਲ ਸੁਣ ਸਕਦਾ ਹੈ; ਗੂੰਗਾ ਮਨੁੱਖ ਆਮ ਤੌਰ ਤੇ ਬੋਲਾ (ਕੰਨਾਂ ਨਾਲ ਸੁਣਨ ਤੋਂ ਅਸਮਰਥ) ਭੀ ਹੁੰਦਾ ਹੈ। ਸਾਡੇ ਬੋਲਣ ਦੀ ਸਮਰੱਥਾ ਮੁਤਾਬਕ ਹੀ ਸਾਨੂੰ ਸੁਨਣ ਦੀ ਆਦਤ ਹੁੰਦੀ ਹੈ। ਉੱਚੀ ਬੋਲਣ ਵਾਲਾ ਦੂਜੀ ਦੇ ਬੋਲ ਭੀ ਉੱਚੇ ਸੁਰ ਵਿਚ ਸੁਨਣਾ ਹੀ ਪਸੰਦ ਕਰਦਾ ਹੈ। ਇਵੇਂ ਹੀ ਬ੍ਰਹਮ-ਨਿਸ਼ਠ ਕੋਲ ਆਪਣੀ ਆਤਮਾ ਦਾ ਅਨੁਭਵ ਹੀ ਸਭ ਕੁੱਝ ਦਿਖਾਈ ਦਿੰਦਾ ਹੈ; ਦੂਜਿਆਂ ਦਾ ਗਿਆਨ ਕਿਸੇ ਕੰਮ ਦਾ ਨਜ਼ਰ ਨਹੀਂ ਆਉਂਦਾ। ਆਪਣੇ ਅਨਭਵ ਤੋਂ ਬਿਨਾਂ ਦੂਜਿਆਂ ਦੇ ਬੋਲ ਨਾ ਸੁਨਣ ਵਾਂਗ ਉਹ ਬੋਲੇ ਹੋ ਜਾਂਦੇ ਹਨ। ਬਹੁਤਾਤ ਵਿੱਚ ਉਹਨਾਂ ਦੇ ਬੋਲ ਦੂਜਿਆਂ ਨੂੰ ਖਰਵੇ (ਕੌੜੇ) ਲੱਗਦੇ ਹਨ, ਇਸ ਲਈ ਕੋਈ ਉਹਨਾਂ ਦੇ ਬੋਲ ਸੁਨਣੇ ਪਸੰਦ ਨਹੀਂ ਕਰਦਾ; ਇਉਂ ਉਹ ਗੂੰਗੇ ਹੁੰਦੇ ਹਨ। ਰਿਸ਼ੀ ਮੁਨੀ ਲੋਕਾਂ ਦੇ ਅਨੁਭਵ ਹੀ ਵੇਦ ਸ਼ਾਸਤ੍ਰ ਬਣੇ ਹਨ; ਜਿਹਨਾਂ ਦੁਆਰਾ ਅਨੰਤ ਗਿਆਨ ਬ੍ਰਹਮ ਦੇ ਅਨਭਵ ਦਾ ਕਥਨ ਸਰੂਪ ਹਨ। ਉਹਨਾਂ ਅਨੰਤ ਅਨਭਵਾਂ ਵਿੱਚ ਅਨੰਤ ਆਤਮਾਵਾਂ ਸਮਾਈਆਂ ਹੋਈਆਂ ਹਨ। ਵਰਤਮਾਨ ਵਿੱਚ ਭੀ ਅਨੰਤ ਆਤਮਾਵਾਂ ਦਾ ਵਿਚਰਨ ਹੈ। ਕੋਈ ਕਿਸੇ ਅਨਭਵ ਤੋਂ ਲਾਹਾ ਹਾਸਿਲ ਕਰਦਾ ਹੈ, ਕੋਈ ਕਿਸੇ ਅਨਭਵ ਤੋਂ। ਇਸ ਲਈ ਹੀ ਇੱਕ ਗਿਆਨਵਾਨ ਲਈ ਬ੍ਰਹਮ ਦਾ ਅਨਭਵ ਹਾਸਿਲ ਕਰਨ ਲਈ ਬ੍ਰਹਮ ਦੇ ਕਥਨ ਵਾਲੇ ਅਨੰਤ ਗ੍ਰੰਥ ਅਧਿਐਨ ਕਰਨੇ ਹੀ ਪੈਂਣੇ ਹਨ। ਕਿਉਂਕਿ ਕੇਵਲ ਬ੍ਰਹਮ-ਨਿਸ਼ਠ ਦੀ ਹਾਲਤ ਭੀ ਅਧੂਰੀ ਹੀ ਹੁੰਦੀ ਹੈ।

**ਸੋ ਭੀ ਦੇਯ ਨ ਸਕਹੀ ਸ਼੍ਰੇਯ। ਕਹਿਬੇ ਕੀ ਸਮਰਥ ਨ ਜੇਯ।**
**ਆਪ ਤਰਨਿ ਕੋ ਸਮਰਥ ਦੋਊ। ਅਪਰ ਤਰਾਇ ਸਕਹਿਂ ਨਹਿਂ ਕੋਊ ॥ ੪੧ ॥**

**ਅਰਥ** - ਉਹ ਭੀ ਕਲਿਆਣ ਨਹੀਂ ਕਰ ਸਕਦਾ, ਜਿਸ ਕੋਲ ਕਹਿਣ ਦੀ ਸਮਰੱਥਾ ਹੀ ਨਹੀਂ ਹੈ। ਇਹ ਦੋਨੋਂ ਆਪ ਤਾਂ ਤਰਨ ਨੂੰ ਸਮਰੱਥ ਹਨ, ਕਿਸੇ ਦੂਜੇ ਨੂੰ ਤਾਰਨ ਦੇ ਸਮਰੱਥ ਨਹੀਂ ਹਨ।

**ਭਾਵਾਰਥ** - ਦੋਨਾਂ ਦੇ ਅਧੂਰੇਪਣ ਦੇ ਕਥਨ ਤੋਂ ਭਾਵ ਹੈ ਕਿ ਮਨੁੱਖ ਦਾ ਜੀਵਨ ਦੂਜਿਆਂ ਲਈ ਹੁੰਦਾ ਹੈ। ਜੇ ਕੋਈ ਜੀਵਨ ਦੂਜਿਆਂ ਦੇ ਕੰਮ ਨਹੀਂ ਆਉਂਦਾ, ਤਾਂ ਉਹ ਮਨੁੱਖੀ ਜੀਵਨ ਕਿਸੇ ਕੰਮ ਦਾ ਨਹੀਂ। ਵੈਸੇ ਤਾਂ ਮਾਂ-ਬਾਪ ਹਰ ਜਾਤੀ ਵਿਚ ਆਪਣੇ ਬੱਚਿਆਂ ਲਈ ਹੁੰਦੇ ਹਨ। ਪਰ ਮਨੁੱਖ ਜਾਤੀ ਵਿਸ਼ੇਸ ਕਰਕੇ ਪਰਉਪਕਾਰ ਲਈ ਹੈ। "ਹੇ ਜੀਵ! ਮਨੁੱਖ ਜਨਮ ਮਿਲਣ ਤੋਂ ਪਹਿਲਾਂ ਤੇਰੇ) ਕਈ ਜਨਮ ਰੀਂਗਣ ਵਾਲੇ ਕੀੜਿਆਂ... ਇਹ (ਜੋ ਤੇਰੀ ਮਨੁੱਖਾ) ਦੇਹ ਹੈ (ਇਹ) ਚਿਰਕਾਲ ਵਿੱਚ (ਅਨੇਕਾਂ

ਤਜਰਬਿਆਂ ਨਾਲ) ਕੱਠੀ ਹੋ ਕੇ ਬਣੀ ਹੈ। (ਇਹ ਰਚਨਹਾਰ) ਜਗਤ ਦੇ ਮਾਲਕ ਨੂੰ ਮਿਲਣ ਦੀ ਵਾਰੀ ਹੋਈ ਮਿਲ ਪਊ- ਗੁਰੂ ਗ੍ਰੰਥ ਸਾਹਿਬ ਅੰਗ ੧੭੬- ਪੋਥੀ ਤੀਜੀ ਵੀਰ ਸਿੰਘ" ਗੁਰੂ ਗਿਆਨ ਦਾਤਾ ਹੈ, ਜੇ ਗੁਰੂ ਹੀ ਅਧੂਰਾ ਹੋਇਆ ਤਾਂ ਸਿੱਖ ਆਪਣੇ ਸਰੀਰ ਦੀ ਸਫਲਤਾ ਦੇ ਰਾਸਤੇ ਉੱਪਰ ਨਹੀਂ ਚਲ ਸਕਦਾ। ਇਸ ਲਈ ਵੇਦਾਂਤ ਦੀ ਵੀਚਾਰਧਾਰਾ ਆਖਦੀ ਹੈ ਕਿ ਗੁਰੂ 'ਬ੍ਰਹਮ-ਸ਼੍ਰੋਤ੍ਰੀ ਅਤੇ ਬ੍ਰਹਮ-ਨਿਸ਼ਠ' ਹੋਣਾ ਚਾਹੀਦਾ ਹੈ। ਜੇ ਕਥਨ ਕਰਕੇ ਸਮਝਾਉਣ ਦੀ ਸਮਰੱਥਾ ਨਹੀਂ ਤਾਂ ਉਹ ਗੁਰੂ ਭੀ ਤਾਰ ਨਹੀਂ ਸਕਦਾ।

**ਯਾਂ ਤੇ ਸੁਨਹੁ ਖਾਲਸਾ ਸ਼੍ਰੋਨ ! ਹਮਰੇ ਗੁਰੂ ਸਕਲ ਗੁਨ ਭੌਨ।**

**ਸ਼੍ਰੋਤ੍ਰੀ, ਬ੍ਰਹਮਨਿਸ਼ਠੀ, ਹਿਤਕਾਰੀ। ਕਰਹਿਂ ਕ੍ਰਿਪਾ ਤੇ ਸ਼੍ਰੇਯ ਹਮਾਰੀ॥ ੪੨॥**

**ਅਰਥ** – ਇਸ ਲਈ ਹੇ ਖਾਲਸਾ ਜੀ! ਧਿਆਨ ਨਾਲ ਸੁਣੋ, ਸਾਡੇ ਗੁਰੂ ਸਾਹਿਬ ਜੀ ਸਾਰੇ ਗੁਣਾਂ ਦੇ ਘਰ ਹਨ; ਸ੍ਰੋਤ੍ਰੀ, ਬ੍ਰਹਮ-ਨਿਸ਼ਠ ਤੇ ਸਾਰਿਆਂ ਦਾ ਭਲਾ ਕਰਨ ਵਾਲੇ। ਜਦੋਂ ਕਿਰਪਾ ਦ੍ਰਿਸ਼ਟੀ ਕਰ ਦਿੰਦੇ ਹਨ ਤਾਂ ਸਾਡੀ ਕਲਿਆਣ ਹੋ ਜਾਂਦੀ ਹੈ।

**ਭਾਵਾਰਥ** – ਇਥੇ ਕਵੀ ਜੀ ਮਹਾਂਪੁਰਖਾਂ ਕੋਲੋਂ ਪ੍ਰਾਪਤ ਕੀਤੀ ਵਿੱਦਿਆ ਰਾਹੀਂ ਆਪਣੇ ਇਸ਼ਟਦੇਵ ਦਸ ਗੁਰੂ ਸਾਹਿਬਾਨ ਜੀ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਆਖਦੇ ਹਨ, ਕਿ ਸਾਡੇ ਗੁਰੂ ਸਾਹਿਬ ਜੀ ਸਾਰੇ ਗੁਣਾਂ ਦੇ ਘਰ ਹਨ। ਵੇਦਾਂਤੀ-ਗੁਰੂ ਨਾਲੋਂ ਆਪਣੇ ਗੁਰੂ ਦੀ ਮਹਾਨਤਾ ਨੂੰ ਅੰਕਿਤ ਕਰਦਿਆਂ ਆਖਦੇ ਹਨ, 'ਸਾਡੇ ਗੁਰੂ 'ਬ੍ਰਹਮ-ਸ੍ਰੋਤ੍ਰੀ, ਬ੍ਰਹਮ-ਨੇਸ਼ਠੀ ਅਤੇ ਸਾਰਿਆਂ ਦੇ ਹਿਤਕਾਰੀ ਹਨ।' ਗੌਰਤਲਬ! ਗੁਰੂ ਗਿਆਨਦਾਤਾ ਹੁੰਦਾ ਹੈ, ਗਿਆਨ ਹਮੇਸ਼ਾ ਤਰਕ-ਦ੍ਰਿਸ਼ਟੀ ਤੋਂ ਹੀ ਭਲਾ ਕਰਦਾ ਹੈ। ਪਰ ਗੁਰੂ ਸਾਹਿਬ ਜੀ ਗਿਆਨ ਦੇ ਨਾਲ-ਨਾਲ 'ਸਰਬ ਹਿਤਕਾਰੀ' ਹਨ। "ਹਿਤ' ਪ੍ਰੇਮ ਕਰਨ ਵਾਲਾ- ਕੋਸ਼ ਗੁਰੂ ਗ੍ਰੰਥ ਸਾਹਿਬ ਜੀ, ਡਾ: ਗੁਰਚਰਨ ਸਿੰਘ" ਭਗਤੀ ਦਾ ਸੂਚਕ ਹੁੰਦਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਜਿੱਥੇ ਸਾਨੂੰ ਗਿਆਨ ਦੀ ਤਰਕ ਰੂਪ ਤਲਵਾਰ ਦਿੰਦੇ ਹਨ, ਉੱਥੇ ਤਲਵਾਰ ਨੂੰ ਚਲਾਉਣ ਲਈ ਮਿਲਵਰਤਣ ਰੂਪ ਅਕਲ ਦਾ ਸਬਕ ਭੀ ਦਿੰਦੇ ਹਨ। ਸਭ ਤੋਂ ਵੱਡੀ ਗੱਲ ਸਾਰਿਆਂ ਨੂੰ ਇੱਕ ਪਿਤਾ ਪਰਮਾਤਮਾ ਦੇ ਪੁੱਤਰ ਹੋਣ ਦਾ ਅਹਿਸਾਸ ਕਰਵਾਉਂਦੇ ਹਨ। ਪਰਿਵਾਰਕ ਹਿੱਤ ਸਾਨੂੰ ਭਲੀ ਭਾਂਤ ਪਤਾ ਹੈ। ਗੁਰੂ ਸਾਹਿਬ ਜੀ ਸੰਸਾਰ ਨੂੰ ਆਪਣਾ ਪਰਿਵਾਰ ਜਾਣਦੇ ਹਨ। ਤਾਂ ਹੀ ਕੁੱਲ ਦੁਨੀਆਂ ਦੇ ਸੁੱਖ ਲਈ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ



ਜਾਂਦੀ ਹੈ।

**ਇਸ਼ਟ ਦੇਵ ਭੀ ਇਹੀ ਹਮਾਰੇ। ਸਤਿਗੁਰ ਰੂਪ ਪ੍ਰਤਾਪੀ ਭਾਰੇ।**

**ਅਹੈ ਜਗਤਪਤਿ ਕੇ ਅਵਤਾਰ। ਚਾਰ ਪਦਾਰਥ ਦੇਤਿ ਉਦਾਰ॥ ੪੩॥**

**ਅਰਥ** – ਸਾਡੇ ਇਸ਼ਟ ਦੇਵ ਵੀ ਇਹੀ ਹਨ, ਮਹਾਨ ਪ੍ਰਤਾਪ ਵਾਲੇ ਸਤਿਗੁਰੂ ਹਨ। ਜਗਤਪਤੀ ਪ੍ਰਮਾਤਮਾ ਦੇ ਅਵਤਾਰ ਹਨ, ਜਿਹੜੇ ਚਾਰ ਪਦਾਰਥ ਦਿੰਦਿਆਂ ਦੇਰੀ ਨਹੀਂ ਕਰਦੇ।

**ਭਾਵਾਰਥ** – ਕਵੀ ਜੀ ਆਪਣੀ ਨਿਸ਼ਠਾ ਦਾ ਨਮੂਨਾ ਪੇਸ਼ ਕਰਦੇ ਹਨ। ਜਿਹੜੇ ਲੋਕ ਕਵਿਤਾ ਦੀਆਂ ਵੰਨਗੀਆਂ ਤੋਂ ਭਰਮ ਕੇ ਕਵੀ ਜੀ ਤੇ ਸ਼ੰਕੇ ਕਰਦੇ ਹਨ? ਉਹਨਾਂ ਨੂੰ ਇੱਥੋਂ ਭੀ ਸੋਚਣਾ ਚਾਹੀਦਾ ਹੈ, ਕਿ ਕਵੀ ਜੀ ਵੱਲੋਂ ਇਸ ਤਰ੍ਹਾਂ ਦੀਆਂ ਅਨੰਤ ਵੰਨਗੀਆਂ ਮਿਲ ਜਾਣਗੀਆਂ। ਕਵੀ ਜੀ ਆਪਣੇ-ਆਪ ਨੂੰ ਪੰਥ ਦੇ ਨਾਲ ਗਿਣਦੇ ਹਨ, ਕਿ ਸਾਡੇ ਇਹੀ ਇਸ਼ਟ ਦੇਵ ਹਨ। ਉਹਨਾਂ ਦਾ ਮਹਾਨ ਪ੍ਰਤਾਪ ਹੀ ਹੈ, ਜਿਸ ਕਰਕੇ ਰਾਜੇ ਲੋਕ ਹੋਂਦ ਵਿੱਚ ਆਏ (*ਨੋਟ:- ਗੁਰੂ ਸਾਹਿਬ ਜੀ ਦੀਆਂ ਬਖਸ਼ਿਸਾਂ ਕਰਕੇ ਫੂਲ਼ ਆਦਿ ਦੇ ਵੰਸ਼ਜ ਜੋ ਰਾਜੇ ਬਣੇ, ਉਹਨਾਂ ਵੱਲ ਧਿਆਨ ਕੇਂਦ੍ਰਿਤ ਕਰਵਾ ਰਹੇ* ਹਨ) ਗੁਰੂ ਸਾਹਿਬ ਜੀ ਦਾ ਪ੍ਰਤਾਪ ਹੀ ਹੈ, ਜਿਹਨਾਂ ਨੇ ਭੁੱਖੇ ਪੇਟ ਵਾਲਿਆਂ ਨੂੰ ਦੁਨੀਆਂ ਦੇ ਪੇਟ ਭਰਨ ਵਾਲੇ ਬਣਾ ਦਿੱਤਾ। ਕਵੀ ਜੀ ਨੇ ਸਾਰਾ ਗੁਰ-ਪ੍ਰਤਾਪ ਮਹਾਰਾਜਾ ਕੈਂਥਲ ਦੇ ਪਾਸ ਰਹਿ ਕੇ ਲਿਖਿਆ ਸੀ। ਗੁਰੂ ਸਾਹਿਬ ਜੀ ਨੂੰ ਜਗਤ ਪਿਤਾ ਪ੍ਰਮਾਤਮਾ ਦੇ ਅਵਤਾਰ ਕਥਨ ਕਰਦਿਆਂ ਦੁਨੀਆਂ ਦੇ ਦਾਤੇ ਕਥਨ ਕੀਤਾ ਹੈ। ਜਿਵੇਂ ਪ੍ਰਮਾਤਮਾ ਸਭ ਨੂੰ ਦਾਤਾਂ ਦੇਣ ਵਾਲਾ ਜਗਤ ਪਿਤਾ ਹੈ; ਇਵੇਂ ਹੀ ਗੁਰੂ ਸਾਹਿਬ ਸਾਰਿਆਂ ਨੂੰ ਰੱਬ ਕੋਲੋਂ ਚਾਰ ਪਦਾਰਥਾਂ ਦੀ ਬਖਸ਼ਿਸ ਕਰਵਾਉਣ ਵਾਲੇ ਹਨ। ਆਮ ਮਨੁੱਖ ਨੂੰ ਪ੍ਰਭੂ ਬਾਰੇ ਕੋਈ ਗਿਆਨ ਨਹੀਂ ਹੁੰਦਾ, ਜਿਵੇਂ-ਜਿਵੇਂ ਉਹ ਗੁਰੂ ਦੀ ਸੰਗਤ ਵਿੱਚ ਪ੍ਰਵੇਸ਼ ਕਰਦਾ ਹੈ। ਉਸ ਦਾ ਗਿਆਨ ਸਫਲਤਾ ਵੱਲ ਸੇਧਿਤ ਹੋ ਜਾਂਦਾ ਹੈ।

**ਇਨ ਕੀ ਸ਼ਰਨ ਨ ਤਯਾਗਨ ਜੋਗ। ਗ੍ਰਿਹਸਤਿ ਭੋਗ ਮਹਿਂ ਦੇਤੇ ਜੋਗ।**

**ਨਿਜ ਕਰੁਨਾ ਬਲ ਤੇ ਕਲਿਆਨ। ਦੇਤਿ ਸਿੱਖ ਉਰ ਬ੍ਰਹਮ ਗਿਆਨ॥ ੪੪॥**

**ਅਰਥ** – ਇਹਨਾਂ ( ਗੁਰੂ ਸਾਹਿਬਾਨ) ਦੀ ਸਰਣ ਤਿਅਗਨ ਯੋਗ ਨਹੀਂ ਹੈ। ਗੁਰੂ ਸਾਹਿਬ ਜੀ ਗ੍ਰਹਿਸਤ ਦੇ ਭੋਗ ਸੁੱਖ ਦੇ ਨਾਲੋਂ-ਨਾਲ ਰੱਬ ਨਾਲ ਜੁੜਨਾ ਵੀ ਬਖਸ਼ਿਸ ਦਿੰਦੇ ਹਨ। ਆਪਣੀ ਕਿਰਪਾ ਦੇ ਬਲ ਕਰਕੇ ਸਿੱਖ ਦਾ ਕਲਿਆਣ ਕਰਦੇ

ਹਨ। ਸਿੱਖ ਦੇ ਹਿਰਦੇ ਵਿੱਚ ਪੂਰਨ ਬ੍ਰਹਮ ਗਿਆਨ ਸਥਾਪਿਤ ਕਰ ਦਿੰਦੇ ਹਨ।

**ਦਸ ਪਤਿਸ਼ਾਹੀ ਇਸੀ ਬਿਧਿ ਭਏ। ਕੋਟਨ ਸਿੱਖ ਉਧਾਰਨਿ ਕਏ।**
**ਗੁਰੂ ਰੂਪ ਹ੍ਵੈ ਹਰਿ ਅਵਤਾਰ। ਤੁਮ ਕੋ ਪ੍ਰਾਪਤ ਭਏ ਉਦਾਰ॥ ੪੫॥**

**ਅਰਥ** – ਦਸ ਗੁਰੂ ਸਾਹਿਬਾਨ ਜੀ ਇੱਕ-ਜੋਤ ਸਨ। ਸਿੱਖੀ ਧਾਰਨ ਕਰਨ ਵਾਲੇ ਅਤੇ ਇਨਸਾਨੀਅਤ ਦੀ ਕਦਰ ਪਹਿਚਾਨਣ ਵਾਲਿਆਂ ਨੂੰ ਸ਼ਬਦ ਦਾ ਸ਼ੰਦੇਸ਼ ਦੇ ਕੇ ਨਿਹਾਲ ਕੀਤਾ। ਜਿਹਨਾਂ ਨੇ ਵੀ ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣਿਆ, ਉਹਨਾਂ ਨੇ ਆਪਣੇ-ਆਪ ਨੂੰ ਗੁਰੂ ਸਾਹਿਬ ਜੀ ਦੇ ਸਿੱਖ ਸਦਵਾਉਣ ਵਿੱਚ ਮਾਣ ਮਹਿਸੂਸ ਕੀਤਾ। ਕਵੀ ਜੀ ਇੱਥੇ ਭਾਈ ਦਇਆ ਸਿੰਘ ਜੀ ਦੇ ਮੁੱਖੋਂ ਵੀਚਾਰ ਪੇਸ਼ ਕਰਵਾ ਰਹੇ ਹਨ। ਭਾਈ ਦਇਆ ਸਿੰਘ ਜੀ ਸ੍ਰੋਤੇ ਸਿੰਘਾਂ ਨੂੰ ਕਹਿ ਰਹੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਪ੍ਰਮਾਤਮਾ ਦਾ ਸਰੂਪ ਗੁਰੂ ਹਨ। ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਤੁਹਾਨੂੰ ਪ੍ਰਾਪਤ ਹੈ। ਜਿਹਨਾਂ ਕੋਲੋਂ ਸ਼ਾਸਤ੍ਰ ਤੇ ਸ਼ਾਸਤ੍ਰ ਵਿੱਦਿਆ, ਅਧਿਆਤਮਕ ਵਿੱਦਿਆ, ਸਮਾਜਿਕ ਵਿੱਦਿਆ, ਲੋਕਤੰਤਰਕ ਢੰਗ, ਨੈਤਿਕ ਗਿਆਨ, ਮਾਨਸਿਕ ਤਰੱਕੀ ਦਾ ਮਾਰਗ ਤੇ ਜਨ-ਕਲਿਆਣ ਆਦਿ ਦਾ ਸਾਰੇ ਗਿਆਨਮਈ ਰਾਜ਼ ਮਿਲ ਰਹੇ ਹਨ। ਜਿਹਨਾਂ ਦੁਆਰਾ ਖਾਲਸ-ਰਾਜ ਸਥਾਪਿਤ ਹੁੰਦਾ ਹੈ।

**ਭਲੇ ਭਾਗ ਅਪਨੇ ਮਨ ਜਾਨੋਂ। ਇਨ ਕੋ ਸੰਗ ਸਦਾ ਤੁਮ ਠਾਨੋ।**
**ਤਨ ਮਨ ਅਰਪਹੁ ਬਨਿ ਕਰਿ ਦਾਸ। ਜਗ ਸਾਗਰ ਉਬਰਹੁ ਅਨਯਾਸ॥ ੪੬॥**

**ਅਰਥ** – ਇਸ ਲਈ ਆਪਣੇ ਚੰਗੇ ਭਾਗ ਜਾਣੋ। ਗੁਰੂ ਸਾਹਿਬ ਜੀ ਦੇ ਸੰਗ ਵਿੱਚ ਸਦਾ ਰਹਿਣ ਲਈ ਪੱਕੀ ਧਾਰਨਾ ਬਣਾ ਲਓ। ਸ਼ਾਇਦ ਪੰਜਵੀਂ ਰੁੱਤ ਦਾ ਬ੍ਰਹਮ-ਗਿਆਨ ਕਵੀ ਜੀ ਨੇ ਇਸ ਕਰਕੇ ਇੱਥੇ ਲਿਖਣਾ ਜ਼ਰੂਰੀ ਜਾਣਿਆ ਕਿ ਗੁਰੂ ਸਾਹਿਬ ਜੀ ਨੇ ਖਾਲਸੇ ਦੇ ਲਈ ਇਮਤਿਹਾਨ ਦੀ ਭੂਮੀ ਚਮਕੌਰ ਸਾਹਿਬ ਨੂੰ ਚੁਣਿਆ। ਸੰਸਾਰ ਦੀਆਂ ਜੰਗਾਂ ਵਿੱਚੋਂ ਇਹ ਲਾਸਾਨੀ ਜੰਗ ਸੀ। ਜਿਸ ਵਿੱਚ ਖਾਲਸੇ ਨੇ ਆਪਣੀ ਨਿਸ਼ਠਿਤ ਅਵਸਥਾ ਦਾ ਪੇਪਰ ਪੂਰੇ ਨੰਬਰਾਂ ਨਾਲ ਪਾਸ ਕੀਤਾ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਵਿਚਾਰ' ਬਰਨੰਨ ਨਾਮ ਪੈਤੀਲਸਮੋ ਅੰਸੂ ॥ ੪੫ ॥**



# ਅਧਿਆਇ ਛੇਵਾਂ (ਅੰਸ਼ੂ ਛਤਾਲੀਵਾਂ)

## ਗੁਰਮਤਿ ਦੇ ਸਾਧਨਾਂ ਦਾ ਵਰਨਣ

**ਦੋਹਰਾ – ਗੁਰੂ:- ਐਸੇ ਸਤਿਗੁਰ ਪਾਸ ਤੇ ਲਹਿਤ ਜੀਵ ਕੱਲਯਾਨ।**
**ਜਸ ਦੇਖਤਿ ਅਧਿਕਾਰਿ ਜਨ ਤਸ ਉਪਦੇਸ਼ ਬਖਾਨ॥ ੧॥**

**ਅਰਥ** – ਪਿਛਲੇ ਅਧਿਆਇ ਵਿੱਚ ਗੁਰੂ ਸਾਹਿਬ ਜੀ ਪ੍ਰਭੂ ਅਵਤਾਰ ਕਥਨ ਕੀਤੇ ਹਨ। ਇੱਥੇ ਐਸੇ ਸ਼ਬਦ ਦੁਆਰਾ ਆਖਦੇ ਹਨ, ਕਿ ਰੱਬ ਰੂਪ ਗੁਰੂ ਸਾਹਿਬ ਜੀ ਪਾਸੋਂ ਹਰ ਜੀਵ ਕਲਿਆਣ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬ ਜੀ ਜੈਸਾ ਅਧਿਕਾਰੀ ਵੇਖਦੇ ਹਨ, ਉਸੇ ਤਰ੍ਹਾਂ ਦਾ ਉਪਦੇਸ਼ ਦੇ ਕੇ ਪ੍ਰਮਾਤਮਾ ਨਾਲ ਜੋੜ ਦਿੰਦੇ ਹਨ।

**ਭਾਵਾਰਥ** – ਸੰਸਾਰ ਦੀ ਹੋਂਦ ਮਨੁੱਖ ਦੀ ਸੁੱਖ ਸੁਵਿਧਾ ਲਈ ਹੈ, ਪਰ ਮਨੁੱਖ ਨੇ ਇਸ ਨੂੰ ਸੁੱਖ-ਸੁਵਿਧਾ ਦੀ ਥਾਂ ਤੇ ਕਿਸ ਪ੍ਰਕਾਰ ਦੀ ਬਣਾ ਲਿਆ ਹੈ; ਬਹੁਤ ਹੀ ਦੁਖਦਾਈ ਪਹਿਲੂ ਹੈ। ਐਸੀ ਤਾਕਤ ਜਿਸ ਦੁਆਰਾ ਇਹ ਸੰਸਾਰ ਸੰਚਾਲਿਤ ਹੁੰਦਾ ਹੈ, ਜਿਸ ਦਾ ਮਨੁੱਖ ਨੇ ਅਨੇਕਾਂ ਨਾਮਾਂ ਨਾਲ ਚਿੰਤਨ ਕੀਤਾ ਹੈ। ਜਦੋਂ ਅਸੀਮ ਤਾਕਤ ਮਨੁੱਖਤਾ ਦੀ ਭਲਾਈ ਲਈ ਕੋਈ ਨਵਾਂ ਰੂਪ ਅਖਤਿਆਰ ਕਰਦੀ ਹੈ। ਚੰਗਿਆਈ ਦੇ ਕਰਮਾਂ ਦੀ ਨਵੀਂ ਵਿਆਖਿਆ ਤਹਿਤ ਉਸ ਲਈ ਨਵੇਂ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਬਹੁਤ ਲੰਮੀ ਵਿਆਖਿਆ ਅੰਕਿਤ ਕੀਤੀ ਹੈ। ਦਸ ਗੁਰੂ ਸਾਹਿਬਾਨ ਜੀ ਅਸੀਮ-ਤਾਕਤ ਦਾ ਬਹੁਤ ਹੀ ਸੁੰਦਰ ਸਰੂਪ ਹਨ; ਜਿਹਨਾਂ ਨੇ ਮਨੁੱਖ ਨੂੰ ਬੁਰਾਈਆਂ ਤੋਂ ਦੂਰ ਭੱਜਣ ਦੀ ਥਾਂ ਤੇ ਡੱਟ ਕੇ ਟਾਕਰਾ ਕਰਨ ਲਈ ਤਿਆਰ ਕੀਤਾ। ਤਾਂ ਕਿ ਬੁਰਾਈ ਜੜ੍ਹ ਤੋਂ ਹੀ ਨਾਸ਼ ਹੋ ਜਾਏ। ਜਦੋਂ ਬੁਰਾਈ ਫੈਲੇਗੀ ਤਾਂ ਮਨੁੱਖ ਵਿੱਚ ਫੈਲੇਗੀ ਅਤੇ ਮਨੁੱਖਤਾ ਦਾ ਨੁਕਸਾਨ ਕਰੇਗੀ। ਇਸ ਲਈ ਹੀ ਮਨੁੱਖ ਨੂੰ 'ਵਾਹਿਗੁਰੂ ਜੀ ਦਾ ਖਾਲਸਾ' ਬਣਾਇਆ, ਵਾਹਿਗੁਰੂ ਜੀ ਦੀ ਸ਼ਰਣਿ ਵਾਲੇ ਦੀ ਹਰ ਮੈਦਾਨ ਫਤਹਿ ਸਮਝਾਈ। ਅਸੀਮ ਤਾਕਤ ਦੇ ਸਾਰੇ ਦਾਰਸ਼ਨਿਕ ਪਹਿਲੂਆਂ ਤੇ ਸਿੱਖ (ਖਾਲਸੇ ) ਦੀ

ਨਜ਼ਰਸਾਨੀ ਕਰਵਾ ਕੇ ਕਵੀ ਜੀ ਗੁਰਮਤਿ ਵੱਲ ਕੇਂਦ੍ਰਿਤ ਕਰਨ ਲੱਗੇ ਹਨ। ਜਿਵੇਂ ਸਰੀਰ ਦੀ ਤੁੰਦਰੁਸਤੀ ਦਾ ਮਤਲਬ ਖੁਰਾਕ ਤੋਂ ਤਾਕਤ ਦਾ ਪੈਦਾ ਹੋਣਾ ਹੁੰਦਾ ਹੈ। ਇਵੇਂ ਆਤਮਾ ਦਾ ਬ੍ਰਿਤੀਆਤਮਕ ਅਨਭਵ ਹੋ ਕੇ 'ਸਰਬੱਤ ਦਾ ਭਲਾ' ਰੂਪ ਤੰਦਰੁਸਤੀ ; ਨਾਮ ਅਭਿਆਸ ਦੀ ਖੁਰਾਕ ਤੋਂ ਪੈਦਾ ਹੋਣ ਵਾਲੀ ਸਮਰੱਥਾ ਦਾ ਨਾਮ ਹੈ। ਜਦੋਂ ਕੋਈ ਬਿਮਾਰੀ ਆ ਜਾਏ, ਉਸਨੂੰ ਦੂਰ ਕਰਨ ਲਈ ਦਵਾਈ ਦੀ ਜਰੂਰਤ ਹੁੰਦੀ ਹੈ; ਦਵਾਈ ਲਈ ਜੋ ਸਿਸਟਮ (ਸਿਧਾਂਤ) ਚਲਾਏ ਜਾਂਦੇ ਹਨ। ਉਹਨਾਂ ਵਿੱਚ ਆਯੁਰਵੈਦਕ, ਐਲੋਪੈਥੀ, ਹੋਮਿਉਪੈਥੀ, ਨੇਚੁਰਪੈਥੀ, ਅਕੂਪ੍ਰੈਸ਼ੈਰ ਤੇ ਅਕੂਪੈਂਚਰ ਆਦਿ ਹਨ; ਸਭ ਦਾ ਮਕਸਦ ਹੁੰਦਾ ਹੈ, ਰੋਗੀ ਨੂੰ ਤੰਦਰੁਸਤ ਕਰਨਾ। "***ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥ ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥ ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ॥ ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥ ੧੬ ॥ ੮੬ ॥***" ਲੋਕਾਂ ਦੀ ਸਮਾਜਿਕਤਾ ਮੁਤਾਬਿਕ ਮਨੁੱਖਤਾ ਦੀ ਭਲਾਈ ਲਈ ਵੱਖੋ-ਵੱਖਰੇ ਧਰਮਾਂ ਦੇ ਲਿਬਾਸ ਹਨ, ਜਿਵੇਂ ਮੁਸਲਮਾਨ, ਈਸਾਈ, ਹਿੰਦੂ ਤੇ ਪਾਰਸੀ ਆਦਿ; ਵਖਤ ਦੇ ਲੋਕਾਂ ਦੀ ਸਮਾਜਿਕ ਧਾਰਨਾ ਵਿੱਚ ਮਨੁੱਖਤਾ ਦੀ ਤਰਜ਼ਮਾਨੀ ਕਰਦਿਆਂ ਮਨੁੱਖੀ ਬੀਮਾਰੀ 'ਕਾਮਾਦਿ' ਦਾ ਅਹਿਸਾਸ ਕਰਵਾ ਕੇ ਦੂਰ ਕਰਨ ਲਈ ਪ੍ਰੇਰਨਾ ਰੂਪ ਦਵਾ ਦੇਣੀ 'ਧਰਮ ਦੇ ਵਿਧਾਨ' ਰੂਪ ਤੰਦਰੁਸਤ ਕਰਨਾ ਹੁੰਦਾ ਹੈ । ਗੁਰੂ ਸਾਹਿਬਾਨ ਜੀ ਨੇ ਰੱਬ ਦੇ ਪੈਗਾਮ ਨਾਲ ਜੋੜਨ ਵਾਲੀ ਰੱਬੀ-ਬਾਣੀ ਦੀ ਖੁਰਾਕ ਦਿੱਤੀ, ਜਿਹੜੀ ਤੰਦਰੁਸਤੀ ਰੂਪ ਆਤਮਾ ਨਾਲ ਸਾਂਝ ਪਵਾਉਂਦੀ ਹੈ। ਰੱਬ ਦੀ ਪਾਵਨ ਬਾਣੀ ਸਭ ਦੇ ਧਰਮ ਗ੍ਰੰਥਾਂ ਵਿੱਚ ਅੰਕਿਤ ਹੈ। ਖਾਲਸੇ ਲਈ ਸਰਬ ਰੋਗ ਦਾ ਅਉਖਧ (ਦਵਾਈ) ਵਾਹਿਗੁਰੂ ਨਾਮ ਦਿੱਤਾ; ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਰੂਪ ਗੁਰਬਾਣੀ ਬਖਸ਼ਿਸ ਕੀਤੀ । ਤੰਦਰੁਸਤੀ ਮਨੁੱਖ ਦੇ ਅੰਦਰ ਰੋਗਾਂ ਨਾਲ ਲੜਨ ਦੀ ਸਮਰੱਥਾ ਦਾ ਨਾਮ ਹੈ; ਜਿਸ ਦੁਆਰਾ ਖੁਰਾਕ ਤੋਂ ਤਾਕਤ ਬਣਦੀ ਹੈ। ਇਉਂ ਹੀ ਰੱਬੀ-ਪੁਰਖ/ਗੁਰੂ ਸਾਹਿਬ ਮਨੁੱਖ ਦੀ ਮਨੁੱਖਤਾਈ ਰੂਪ ਤੰਦਰੁਸਤੀ ਦੀ ਬਹਾਲੀ ਲਈ ਸੰਸਾਰ ਤੇ ਆਉਂਦੇ ਹਨ। ਰੱਬੀ ਰੂਹਾਂ ਦੇ ਸੰਸਾਰ ਤੇ ਆਉਣ ਨੂੰ ਅਵਤਾਰ ਧਾਰਨਾ ਕਹਿੰਦੇ ਹਨ। "ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ ਮਾਨਸ ਅਉਤਾਰ ਧਾਰ ਦਰਸ ਦਿਖਾਏ ਹੈ-ਕਬਿੱਤ ੩੫ ਭਾਈ ਗੁਰਦਾਸ"। ਉਹ ਜਨ-ਕਲਿਆਣ



ਲਈ ਉਪਦੇਸ਼ ਦੀ ਬਖਸ਼ਿਸ ਕਰਦੇ ਹਨ; ਜਿਸ ਰਾਂਹੀ ਮਨੁੱਖ ਅੰਦਰ ਬੁਰਾਈਆਂ ਨਾਲ ਲੜਨ ਦੀ ਸਮਰੱਥਾ ਪੈਦਾ ਹੁੰਦੀ ਹੈ। ਇਹੀ ਸਮਰੱਥਾ ਹਰ ਮਨੁੱਖ ਅੰਦਰ ਪੈਦਾ ਹੋ ਕੇ 'ਚੰਗਿਆਈਆਂ ਦੇ ਅਧਾਰ' ਸੰਸਾਰ ਨੂੰ ਸਥਿਰ (ਸੱਚੇ ਕੀ ਕੋਠੜੀ) ਕਰਦੀ ਹੈ। ਅਕਾਲ ਦੇ ਸਕਾਰ ਸਰੂਪ ਗੁਰੂ-ਸਾਹਿਬ ਕਾਲ ਅੰਦਰ ਸਾਡੇ ਜੀਵਨ ਨੂੰ ਅਕਾਲ ਸਰੂਪ ਬਣਾਉਂਦੇ ਹਨ।

**ਚੌਪਈ - ਖਟ ਗੁਣ ਸਹਤਿ ਗੁਰੂ ਭਗਵਾਨ। ਜਥਾ ਬਿਸ਼ਨ ਕੇ ਮਹਦ ਮਹਾਨ।**
**ਯਾਂਤੇ ਨਿਜ ਸ਼ਕਤੀ ਤੇ ਲਖੈ। ਗੁਨ ਅਵਗੁਨ ਜੱਗਜਾਸੀ ਬਿਖੈ॥ ੨॥**

**ਅਰਥ** - ਛੇ ਗੁਣਾਂ ਸਹਿਤ ਗੁਰੂ ਸਾਹਿਬ ਜੀ ਭਗਵਾਨ ਸਰੂਪ ਹਨ। ਭਗਵਾਨ ਦੇ ਅਰਥ ਭਾਈ ਵੀਰ ਸਿੰਘ ਜੀ ਨੇ 'ਸਰਬ-ਗੁਣ ਸੰਪੰਨ' ਕੀਤੇ ਹਨ। ਕਾਨ੍ਹ ਸਿੰਘ ਜੀ ਨਾਭਾ ਨੇ ਕਾਫੀ ਅਰਥ ਕੀਤੇ ਹਨ, ਪਰ ਪ੍ਰਕਰਣ ਮੁਤਾਬਕ ਕਵੀ ਜੀ ਦੇ ਕਥਨ ਨੂੰ ਹੀ ਅੰਕਿਤ ਕੀਤਾ ਹੈ। 'ਭਗ (ਛੀ ਗੁਣ) ਧਾਰਨ ਵਾਲਾ; **ਈਸਰ ਕੇ ਖਟ ਗੁਨ ਕੋ ਜਾਨ। ਜਾਂ ਤੇ ਕਹਿਯਤ ਹੈ ਭਗਵਾਨ। ਜਸ ਐਸਵਰਜ ਵਿਰਾਗ ਉਦਾਰ। ਲਛਮੀ ਗਯਾਨ ਸੁ ਪੂਰਨ ਧਾਰ।**' ਜਿਵੇਂ ਵਿਸ਼ਨੂੰ ਦੇ ਛੇ ਗੁਣ ਜੀਵ ਤੋਂ ਵੱਡਾ ਪੇਸ਼ ਕਰਨ ਵਾਲੇ ਹਨ। ਇਸ ਕਰਕੇ ਆਪਣੀ ਸ਼ਕਤੀ ਨਾਲ ਜਾਣ ਲੈਂਦੇ ਹਨ। ਜਗਿਆਸੂ ਜਾਂ ਸਿੱਖ ਦੇ ਜੀਵਨ ਵਿਚਲੇ ਗੁਣ ਔਗਣ ਜਾਣ ਲੈਂਦੇ ਹਨ।

**ਭਾਵਾਰਥ** - ਵਿਸ਼ਨੂੰ ਸ਼ਬਦ ਆਉਂਦਿਆਂ ਹੀ ਸੰਦਿਗਧ ਲੋਕਾਂ ਦਾ ਧਿਆਨ ਬਾਹਮਣਵਾਦ ਦੇ ਭਿਆਨਕ ਭੂਤ ਦੀ ਗ੍ਰਿਫਤ ਵਿੱਚ ਫਸ ਜਾਂਦਾ ਹੈ। ਜਦੋਂ ਕਿ ਭਾਸ਼ਾ ਅੰਦਰ ਵਰਤੇ ਜਾਣ ਵਾਲੇ ਸ਼ਬਦਾਂ ਦੇ ਭੰਡਾਰ ਤੋਂ ਹੀ ਭਾਸ਼ਾ ਦੀ ਅਮੀਰੀ ਸਮਝੀ ਜਾਂਦੀ ਹੈ। ਭਾਸ਼ਾ ਵਿੱਚ ਸ਼ਬਦਾਂ ਦਾ ਭੰਡਾਰ ਵਿਦਵਾਨ ਲੋਕ ਹੀ ਵਰਤ ਕੇ ਲਿਆਉਂਦੇ ਹਨ; ਆਪਣੀ ਜ਼ਿੰਦਗੀ ਦੀ ਕੁਰਬਾਨੀ ਨਾਲ ਇਹਨਾਂ ਸ਼ਬਦਾਂ ਵਿੱਚ ਰੂਹ ਭਰਦੇ ਹਨ। ਇਸੇ ਲਈ ਵਿਦਵਾਨ ਦੀ ਕੀਮਤ ਵਿਦਵਾਨ ਹੀ ਜਾਣ ਸਕਦੇ ਹਨ; ਹਲਦੀ ਦੀ ਗੱਠੀ ਵਾਲੇ ਪੰਸਾਰੀ ਵਰਗੇ ਨਹੀਂ। ਸੋਨੇ ਦੀ ਕੀਮਤ ਸੁਘੜ ਸੁਨਿਆਰ ਹੀ ਤੈਅ ਕਰ ਸਕਦਾ ਹੈ। ਕੁਦਰਤਿ ਦੇ ਸਿਰਣਹਾਰ ਦੀ ਅਸੀਮ ਤਾਕਤ ਦਾ ਨਾਮ ਗੁਰੂ ਗ੍ਰੰਥ ਸਾਹਿਬ ਜੀ ਅੰਦਰ 'ਬਿਸਨ' ਸ਼ਬਦ ਰਾਂਹੀ ਭੀ ਆਇਆ ਹੈ, "ਮਨੁ ਤਨੁ ਅਰਪੈ ਬਿਸਨ ਪਰੀਤਿ॥ -ਅੰਗ ੨੭੫ 'ਬਿਸਨ' ਸ਼ਬਦ ਵਿਸ਼ਨੂੰ ਦੇਵਤੇ ਲਈ ਵੀ ਆਇਆ ਹੈ, ਜਿਹੜਾ ਤਿੰਨ ਦੇਵਤਿਆ (ਸ਼ਿਵ, ਬ੍ਰਹਮਾ, ਵਿਸ਼ਨੂੰ) ਵਿੱਚੋਂ ਹੈ "ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥- ਅੰਗ ੧੦੮੦" ਜੇ ਕਿਸੇ ਨੂੰ ਵਿਸ਼ਨੂੰ ਸ਼ਬਦ

ਰਾਂਹੀ ਬਾਮਣਵਾਦ ਦੀ ਅਲਰਜੀ ਹੋ ਜਾਏ, ਉਸਦੀ ਅਕਲ ਤੇ ਤਰਸ ਹੀ ਆਉਣਾ ਚਾਹੀਦਾ ਹੈ। ਜੀਵ ਤੇ ਈਸ਼ਰ ਵਿਚ ਛੇ-ਗੁਣਾਂ ਦਾ ਫਰਕ ਹੁੰਦਾ ਹੈ; ਜਿਸ ਰਾਂਹੀ ਜੀਵ ਦੀ ਅਲਪਗਤਾ ਅਤੇ ਈਸ਼ਰ ਦੀ ਸਰਬੱਗਤਾ ਸਿੱਧ ਹੁੰਦੀ ਹੈ। ਆਤਮਾ ਪਰਮਾਤਮਾ ਇੱਕੋ ਸਰੂਪ ਹਨ; ਜਿਵੇਂ ਬੂੰਦ ਤੇ ਸਮੁੰਦਰ ਵਿੱਚ ਪਾਣੀ ਹੁੰਦਾ ਹੈ। ਕਵੀ ਜੀ ਦਾ ਉਦਾਹਰਣ ਰੂਪ ਮੁਲਾਂਕਣ ਸੰਸਾਰ ਦੀ ਧਨ-ਦੌਲਤ ਦੇ ਨਜ਼ਰੀਏ ਤੋਂ ਨਹੀਂ ਹੈ। ਸਗੋਂ ਸਿੱਖ ਦੇ ਗੁਣ-ਔਗਣ ਦੇ ਤਵਾਜ਼ਨ ਤੋਂ ਗੁਣ ਨਿਧਾਨ ਗੁਰੂ ਸਾਹਿਬ ਜੀ ਦੇ ਪਰਉਪਕਾਰ ਲਈ ਹੈ। ਗੁਰੂ ਸਾਹਿਬ ਜੀ ਸਾਰੇ ਗੁਣਾਂ ਦੇ ਸਰੋਤ ਹਨ; ਸਿੱਖ ਦੇ ਜੀਵਨ ਵਿਚ ਸਰੀਰਕ ਅਵਸਥਾ ਦੇ ਅਸਰ ਤਹਿਤ ਗੁਣ-ਔਗਣ ਸੁਰਤਿ ਤੇ ਪ੍ਰਭਾਵ ਰੱਖਦੇ ਹਨ। ਗੁਰੂ ਸਾਹਿਬ ਜੀ ਸਿੱਖ ਦੇ ਜੀਵਨ ਦੀ ਦਸ਼ਾ ਦੇਖ ਕੇ ਔਗੁਣ ਤਿਆਗਣ ਤੇ ਗੁਣ ਧਾਰਨ ਲਈ ਉਪਦੇਸ਼ ਰੂਪ ਪ੍ਰਹੇਜ਼ ਅਤੇ ਨਾਮ ਰੂਪ ਦੁਆਈ ਦਿੰਦੇ ਹਨ। ਸਿੱਖ ਨੂੰ ਸੁਰਤਿ ਦਾ ਪਾਂਧੀ ਬਣਾ ਕੇ ਸ਼ਬਦ ਗੁਰੂ ਦੀ ਚੇਤਨਾ ਦਾ ਅਗਾਜ਼ ਕਰ ਦਿੰਦੇ ਹਨ।

**ਜਥਾ ਜਰਾਹ ਹੋਤਿ ਮਤਿਵੰਤਾ। ਘਾਵ ਮਝਾਰ ਬਿਕਾਰ ਲਹੰਤਾ।**
**ਤੌ ਮੇਲਨ ਅਉਖਧ ਨਹਿਂ ਲਾਵੈ। ਮੇਲੇ ਤੇ ਨਸੂਰ ਰਹਿ ਜਾਵੈ॥ ੩॥**

**ਅਰਥ** – ਜਿਵੇਂ ਅਕਲ ਵਾਲਾ ਜਰਾਹ (ਜਖਮਾਂ ਦਾ ਇਲਾਜ ਕਰਨ ਵਾਲੇ ਨੂੰ ਜਰਾਹ ਕਹਿੰਦੇ ਹਨ) ਜਦੋਂ ਮਾਸ ਦੇ ਜਖਮ ਵਿੱਚ ਬਿਕਾਰ ਜਾਣਦਾ ਹੈ, ਤਾਂ ਮਾਸ ਦੇ ਜਖਮ ਨੂੰ ਮੇਲਨ ਲਈ ਦਵਾਈ ਨਹੀਂ ਲਗਾਉਂਦੇ; ਕਿਉਂਕਿ ਜਖਮ ਦੇ ਮੇਲਨ ਕਰਕੇ ਜਖਮ ਠੀਕ ਹੋਣ ਦੀ ਥਾਂ ਤੇ ਅੰਦਰੋਂ ਫਿਰ ਜਖਮ ਹੋਰ ਖਰਾਬ ਹੋ ਜਾਵੇਗਾ। ਜਖਮ ਦੇ ਠੀਕ ਨਾ ਹੋਣ ਕਰਕੇ ਜਖਮ ਵਿੱਚੋਂ ਖੂਨ ਰਿਸਣ ਨੂੰ ਨਾਸੂਰ ਕਹਿੰਦੇ ਹਨ।

**ਭਾਵਾਰਥ** – ਮਨੁੱਖੀ ਸਰੀਰ 'ਹੱਡੀਆਂ ਦੇ ਢਾਂਚੇ' (skeleton) ਤੇ ਨਾੜੀਆਂ (veins) ਕਰਕੇ ਬਣਿਆ ਹੋਇਆ ਹੈ। ਅਸਥ-ਨਾੜੀ ਦੇ ਬੰਧਨ (ligament) ਪੂਰੇ ਸਰੀਰ ਦੀ ਦਿਮਾਗ ਨੂੰ ਜਾਣਕਾਰੀ (information) ਦੇ ਕੇ ਇਕਸੁਰ ਰੱਖਣ ਲਈ ਦੁੱਖ-ਸੁੱਖ ਦਾ ਸੁਨੇਹਾ ਪਹੁੰਚਾਉਂਦੇ ਹਨ। ਜਦੋਂ ਸਰੀਰ ਤੇ ਜਖਮ ਹੋ ਜਾਏ ਜਾਂ ਐਕਸੀਡੈਂਟ ਦੁਆਰਾ ਕੋਈ ਹੱਡੀ ਤੇ ਨਾੜੀਆਂ ਤੇ ਡੂੰਘੇ ਜਖਮ ਹੋ ਜਾਣ; ਉਦੋਂ ਸਰੀਰ ਦੀ ਤੰਦਰੁਸਤੀ ਲਈ ਬਹੁਤ ਸਾਵਧਾਨੀ ਦੀ ਜਰੂਰਤ ਹੁੰਦੀ ਹੈ। ਵੈਦਿਕ ਸਾਧਨਾਂ ਦੇ ਨਾਲ-ਨਾਲ ਟੁੱਟੀਆਂ ਹੱਡੀਆਂ ਦੇ ਜੋੜਨ ਲਈ ਮਾਹਿਰ (specialist) ਨੂੰ ਜਰਾਹ ਕਹਿੰਦੇ ਹਨ। 'ਸੁਖਦਾਇਕ-ਦੁਨੀਆਂ' ਲਈ ਅਧਿਆਤਮਕ-ਕਰਮਾਂ ਦੇ



ਸਰੀਰ ਲਈ ਹੱਡੀਆਂ ਦੇ ਢਾਂਚੇ ਵਾਂਗ 'ਵਿਸ਼ਵਾਸ਼' ਤੇ ਨਾੜੀਆਂ ਵਾਂਗ ਭਗਤੀ ਦੀ ਜਰੂਰਤ ਹੁੰਦੀ ਹੈ। ਜੇ ਵਿਸ਼ਵਾਸ ਨਾ ਹੋਵੇ ਭਗਤੀ ਨਹੀਂ ਕੀਤੀ ਜਾ ਸਕਦੀ। ਜਿਵੇਂ ਮਨੁੱਖੀ ਸਰੀਰ ਅੰਦਰ ਹੱਡੀਆਂ ਦਾ ਢਾਂਚਾ ਨਾ ਹੋਵੇ ਤਾਂ ਸਰੀਰ ਸਿੱਧਾ ਖੜਾ ਹੀ ਨਹੀਂ ਹੋ ਸਕਦਾ। ਵਿਸ਼ਵਾਸ ਤੇ ਭਗਤੀ ਦੇ ਸੁਨੇਹੇ ਨੂੰ ਆਤਮਾ ਰੂਪ ਦਿਮਾਗ ਤੱਕ ਪਹੁੰਚਾਉਣ ਲਈ ਬ੍ਰਿਤੀ ਰੂਪ 'ਅਸਥ-ਨਾੜੀ ਬੰਧਨ' ਹਨ। ਜੇ ਵਿਸ਼ਵਾਸ ਤੇ ਭਗਤੀ ਵਿੱਚ ਕਿਸੇ ਦੁਸ਼ਟ-ਮਨੁੱਖ ਦੇ ਮੰਦੇ ਬੋਲ ਜਖਮ ਕਰ ਦੇਣ ਜਾਂ 'ਮਨੁੱਖੀ ਸਰੀਰ ਦੇ ਵਿਕਾਰ' ਰੂਪ ਐਕਸੀਡੈਂਟ ਹੋ ਜਾਏ; ਤਦੋਂ ਸਤਿਗੁਰੂ 'ਜਰਾਹ' ਇਸ ਗੱਲ ਨੂੰ ਜਾਣ ਲੈਂਦਾ ਹੈ। ਸਪੈਸ਼ਲਿਸਟ ਜਰਾਹ ਜਖਮੀ ਲੋਕਾਂ ਦੇ ਇਲਾਜ ਕਰਦਾ ਹੋਇਆ ਹੀ ਮਾਹਿਰ ਹੁੰਦਾ ਹੈ। ਸਤਿਗੁਰੂ ਸੰਸਾਰ ਦੇ ਸਿਰਜਣਹਾਰ ਹਨ, ਉਹ ਸੰਸਾਰੀ ਲੋਕਾਂ ਦੇ ਦੁੱਖਾਂ ਨੂੰ ਆਪਣੀ ਸਰੀਰਕ ਪ੍ਰਵਿਰਤੀ ਦੁਆਰਾ ਅਨਭਵ ਕਰਦੇ ਹਨ। ਤਾਂ ਹੀ ਸੰਸਾਰ ਦੇ ਦੁੱਖਾਂ ਨੂੰ ਦੂਰ ਕਰਨ ਹਿੱਤ ਇਨਸਾਨੀ-ਆਤਮਾ ਨੂੰ ਟੁੰਬਣ ਲਈ 'ਸਰਬੱਤ ਦੇ ਭਲੇ' ਦੀ ਗੁਹਾਰ ਲਾਈ ਹੈ। ਕਵੀ ਜੀ ਨੇ ਇਸੇ ਲਈ 'ਵਿਸਨ' ਸ਼ਬਦ ਵਰਤਿਆ ਹੈ। ਰੱਬ ਸਭ ਅੰਦਰ ਬੈਠਾ ਹੈ, ਸਭ ਦੇ ਭਲੇ ਰੂਪ ਵਿੱਚ ਸਭ ਦੇ ਅੰਦਰ ਸੁਖਾਤਮਿਕ ਬ੍ਰਿਤੀ ਨੂੰ ਤਿਆਰ ਕਰਦਾ ਹੈ; ਹਰ ਕੋਈ ਆਪਣੇ ਲਈ ਸੁੱਖ ਚਾਹੁੰਦਾ ਹੈ। ਸਭ ਦੇ ਅੰਦਰ ਦੀ ਅਵਾਜ਼ ਨੂੰ ਜਾਨਣ ਵਾਲੇ ਨੂੰ ਅੰਤਰਜਾਮੀ ਕਹਿੰਦੇ ਹਨ। ਜਿਵੇਂ ਜਰਾਹ ਕਦੇ ਵੀ ਹੱਡੀ ਦੇ ਇਲਾਜ ਕਰਨ ਤੋਂ ਪਹਿਲਾਂ ਜਖਮ ਨੂੰ ਨਹੀਂ ਮੇਲਦਾ; ਇਵੇਂ ਵਿਸ਼ਵਾਸ ਤੋਂ ਪਹਿਲਾਂ ਗੁਰੂ ਸਾਹਿਬ ਸਿੱਖ ਲਈ ਭਗਤੀ ਦਾ ਸੁਨੇਹਾ ਨਹੀਂ ਦਿੰਦੇ। ਸਗੋਂ ਦੋਨਾਂ ਨੂੰ ਬਹੁਤ ਸੁੰਦਰ ਢੰਗ ਨਾਲ ਇੱਕਸੁਰ ਕਰਦੇ ਹਨ। ਵਿਸ਼ਵਾਸ ਤੇ ਭਗਤੀ ਦੇ ਮਿਲਾਪ ਲਈ ਪ੍ਰੇਮਾ-ਭਗਤੀ ਨੂੰ ਪ੍ਰਧਾਨਤਾ ਦਿੰਦੇ ਹਨ। ਜਿਸ ਨਾਲ ਵਿਸ਼ਵਾਸ ਭੀ ਬਣਿਆ ਰਹਿੰਦਾ ਹੈ, ਅਤੇ ਭਗਤੀ ਦੀ ਤਪਸ਼ ਭੀ ਅਹੰਕਾਰੀ ਨਹੀਂ ਬਣਾਉਂਦੀ।

**ਟੂਟਯੋ ਅਸਥੀ ਆਦਿ ਬਿਕਾਰ। ਤਿਸ ਕੋ ਪੂਰਬ ਲੇਤਿ ਨਿਕਾਰ।**
**ਪੁਨਹ ਘਾਵ ਮੇਲਤਿ ਸੁਖ ਦੇਤਿ। ਕਾਚ ਜਰਾਹ ਹੋਤਿ ਦੁਖ ਹੇਤ॥ ੪॥**

**ਅਰਥ** – ਜਖਮਾਂ ਦੇ ਇਲਾਜ ਕਰਨ ਵਾਲਾ ਪਹਿਲਾਂ ਹੱਡੀਆਂ ਦੇ ਜਖਮ (ਹੱਡੀ ਦਾ ਟੁੱਟਣਾ ਆਦਿ) ਸਮਝ ਕੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਉਪਰੰਤ ਮਾਸ ਦੇ ਜਖਮ ਨੂੰ ਮੇਲਣ ਲਈ ਟਾਂਕੇ ਆਦਿ ਲਗਾ ਕੇ ਸੁੱਖ ਦਿੰਦਾ ਹੈ। ਪਰ ਅਧੂਰੇ ਜਾਣਕਾਰ ਜਰਾਹ ਜਖਮ ਨੂੰ ਠੀਕ ਕਰਨ ਦੀ ਥਾਂ ਵਿਗਾੜ ਦਿੰਦੇ ਹਨ।

**ਭਾਵਾਰਥ** – ਜਿਵੇਂ ਜਰਾਹ ਪਹਿਲੇ ਜਖਮ ਅੰਦਰਲੇ ਹੱਡੀ ਦੇ ਨੁਕਸਾਨ ਨੂੰ

ਖਤਮ ਕਰਦਾ ਹੈ। ਇਵੇਂ ਗੁਰੂ ਸਾਹਿਬ ਸਿੱਖ ਦੇ ਵਿਸ਼ਵਾਸ ਨੂੰ ਪ੍ਰਪੱਕ ਕਰਦੇ ਹਨ; ਇਹੀ ਕਾਰਣ ਹੈ! ਜਦੋਂ ਵੀ ਅਸੀਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਆ ਕੇ ਅਰਦਾਸ ਕਰਦੇ ਹਾਂ, ਗੁਰੂ ਸਾਹਿਬ ਸਾਡੀ ਇੱਛਾ ਪੂਰੀ ਕਰਦੇ ਹਨ। ਸਾਡਾ ਵਿਸ਼ਵਾਸ ਪੱਕਾ ਹੁੰਦਾ ਹੈ। ਫਿਰ ਭਗਤੀ ਕਰਨ ਲਈ ਗੁਰੂ ਦੇ ਸ਼ਬਦ ਦੀਆਂ ਟਕੋਰਾਂ ਸਾਨੂੰ ਉਤਸ਼ਾਹਿਤ ਕਰਦੀਆਂ ਹਨ। "ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥ ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ ਨਾਨਕ ਸੱਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥-ਅੰਗ ੭੯੧" ਇਉਂ ਹੌਲੀ-ਹੌਲੀ ਸਿੱਖ ਦੇ ਮਨ ਅੰਦਰ ਭਗਤੀ ਕਰਨ ਲਈ ਭਾਵਨਾ ਪੱਕੀ ਹੁੰਦੀ ਜਾਂਦੀ ਹੈ। ਪ੍ਰੇਮਾ-ਭਗਤੀ ਦਾ ਪਾਂਧੀ ਬਣ ਕੇ ਨਿਮਰਤਾ ਦਾ ਖਜਾਨਾ ਬਣ ਜਾਂਦਾ ਹੈ। ਜੇ ਕੋਈ ਅਧੂਰੇ ਗਿਆਨ ਵਾਲੇ ਜਰਾਹ ਕੋਲ ਚਲੇ ਜਾਏ ਤਾਂ ਦੁੱਖ ਹੋਰ ਭੀ ਵੱਧ ਜਾਂਦਾ ਹੈ। ਇਉਂ ਹੀ ਕੱਚਾ ਗੁਰੂ ਸਿੱਖ ਦੇ ਜੀਵਨ ਨੂੰ ਬਰਬਾਦ ਕਰ ਦਿੰਦਾ ਹੈ; ਅੱਜ ਦੀ ਤ੍ਰਾਸਦੀ ਹੈ! ਇਕ ਪਾਸੇ ਕੱਚੇ ਗੁਰੂ 'ਗੁਰੂ ਗ੍ਰੰਥ ਸਾਹਿਬ ਜੀ' ਨੂੰ ਪ੍ਰਗਟ ਗੁਰਾਂ ਕੀ ਦੇਹ (ਸਰੀਰ) ਸਮਝਣ ਤੋਂ ਅਸਮਰੱਥ ਹੋਣ ਕਰਕੇ ਆਖਦੇ ਹਨ; ਦਸ ਗੁਰੂ ਸਰੀਰਧਾਰੀ ਹੋਏ ਹਨ, ਇਸ ਕਰਕੇ ਸਰੀਰ ਵਾਲਾ ਹੀ ਗੁਰੂ ਹੁੰਦਾ ਹੈ। ਦੂਜੇ ਪਾਸੇ ਸ਼ਬਦ ਗੁਰੂ ਦੇ ਅਧੂਰੇ ਗਿਆਨ ਵਾਲੇ, ਗੁਰਸਿੱਖਾਂ ਅੰਦਰ ਦੁਵਿਧਾ ਖੜੀ ਕਰ ਦਿੰਦੇ ਹਨ। ਵਰਤਮਾਨ ਹਾਲਾਤ ਸਾਡੇ ਸਾਹਮਣੇ ਹਨ, ਕਿਵੇਂ ਪੰਜਾਬੀਅਤ ਦੀ ਰੂਹ ਤੜਫ-ਤੜਫ ਚੀਕ-ਚਿਹਾੜਾ ਪਾ ਰਹੀ ਹੈ।

**ਇਮ ਹਮਰੇ ਸਤਿਗੁਰ ਗੁਨਵੰਤੇ। ਸਿਖ ਕੋ ਨੀਕੀ ਬਿਧਿ ਪਰਖੰਤੇ।**
**ਜਿਸ ਕਰਿ ਪਾਵਹਿਂ ਕਲਿਆਨ। ਇਮ ਉਪਦੇਸ਼ਤਿ ਹੈਂ ਹਿਤ ਠਾਨਿ॥ ੫॥**

**ਅਰਥ** - ਪਰਪੱਕ ਜਾਨਕਾਰ ਜਰਾਹ ਵਾਂਗ ਸਾਡੇ ਸਤਿਗੁਰੂ ਜੀ ਸਾਰੇ ਗੁਣਾਂ ਵਾਲੇ ਹਨ; ਜਿਹੜੇ ਸਿੱਖਾਂ ਨੂੰ ਪਹਿਲਾਂ ਚੰਗੇ ਢੰਗ ਨਾਲ ਪਰਖਦੇ ਹਨ। ਜਿਸ ਕਰਕੇ ਸਿੱਖ ਕਲਿਆਣ ਨੂੰ ਪ੍ਰਾਪਤ ਹੋਵੇ, ਇਸ ਤਰ੍ਹਾਂ ਨਾਲ ਉਪਦੇਸ਼ ਕਰਦੇ ਹਨ।

**ਭਾਵਾਰਥ** - ਸਿੱਖ ਦੇ ਜੀਵਨ ਦੀ ਵਿਆਖਿਆ ਲਈ ਸਾਨੂੰ ਇੱਕ ਵਿਦਿਆਰਥੀ ਦਾ ਜੀਵਨ ਬਹੁਤ ਸੌਖੇ ਸਮਝਾ ਦੇਵੇਗਾ। ਅਧਿਆਪਕ ਤੇ ਵਿਦਿਆਰਥੀ ਦੇ ਵਿਵਹਾਰ ਦੀ ਅਧਾਰਸ਼ਿਲਾ ਵਿਦਆਰਥੀ ਦੀ ਬੌਧਿਕਤਾ ਤੇ 'ਦਿਮਾਗੀ-ਸ਼ਕਤੀ' ਹੁੰਦੀ ਹੈ; ਜਿਸ ਦੁਆਰਾ ਵਿਦਿਆਰਥੀ ਆਪਣੇ ਅਧਿਆਪਕ ਵੱਲੋਂ ਦਿੱਤੇ ਹੋਏ ਵਿਸ਼ੇ ਨੂੰ ਚੰਗੀ ਤਰ੍ਹਾਂ ਯਾਦ ਕਰਦਾ ਤੇ ਸਮਝਦਾ ਹੈ। ਇੱਕ ਵਿਦਿਅਰਥੀ ਜਿਸ ਕੋਲ ਦਿਮਾਗੀ-



ਸਕਤੀ ਨਹੀਂ ਹੁੰਦੀ ਅਤੇ ਬੌਧਿਕਤਾ ਦਾ ਵੀ ਕੋਈ ਖਾਸ ਅਧਿਕਾਰ ਨਹੀਂ ਹੁੰਦਾ। ਉਸ ਵਿਦਿਆਰਥੀ ਨੂੰ ਪੜਾਉਣ ਲਈ ਅਤੇ ਦਿਮਾਗੀ-ਸ਼ਕਤੀ ਵਾਲੇ ਨੂੰ ਪੜਾਉਣ ਲਈ ਵੱਖੋ-ਵੱਖਰੇ ਰਸਤੇ ਨੂੰ ਅਪਣਾਉਣਾ ਪਵੇਗਾ। ਇੱਕ ਨੂੰ ਇੱਕ ਬਾਰ ਦੱਸਿਆ ਸਮਝ ਆ ਜਾਂਦੀ ਹੈ। ਇੱਕ ਨੂੰ ਡੰਡੇ ਨਾਲ ਡਰਾ ਕੇ ਸਮਝਾਉਣਾ ਪੈਂਦਾ ਹੈ। ਦੋਨਾਂ ਦੇ ਵਿਚਕਾਰ ਅਨੰਤ ਵਿਦਿਆਰਥੀਆਂ ਦੀ ਜਿੰਦਗੀ ਦੇ ਤਜ਼ਰਬੇ ਆਉਂਦੇ ਹਨ। ਤਾਂ ਹੀ ਰਾਬਿੰਦਰ ਨਾਥ ਟੈਗੋਰ ਨੇ ਕਿਹਾ ਹੈ, "ਅਧਿਆਪਕ ਉਹ ਮੋਮਬੱਤੀ ਹੈ, ਜੋ ਆਪ ਸੜਦੀ ਹੈ ਅਨੰਤ ਮੋਮਬੱਤੀਆਂ ਜਗਾ ਦਿੰਦੀ ਹੈ।" ਇਉਂ ਹੀ ਗੁਰੂ ਤੇ ਸਿੱਖ ਦਾ ਪਾਕ ਪਵਿੱਤਰ ਰਿਸ਼ਤਾ ਹੈ; ਜਿਹੜਾ ਲੋਕ-ਪਰਲੋਕ ਵਿਚ ਪੂਰਾ ਨਿੱਭਦਾ ਹੈ। ਸਿੱਖ ਦੇ ਜੀਵਨ ਵਿੱਚ 'ਗੁਰੂ' ਲੋੜਾਂ ਦੀ ਪੂਰਤੀ ਕਰਦਾ ਹੈ, ਦੁੱਖ ਦੁਆਰਾ ਸਿੱਖ ਨੂੰ ਜਰੂਰਤ ਮੁਤਾਬਿਕ ਉਸ ਦੀ ਘਾਟ ਮਹਿਸੂਸ ਕਰਵਾਉਂਦਾ ਹੈ। ਜਿਸ ਵਿਦਿਆਰਥੀ ਨੂੰ ਵਿੱਦਿਆ ਦੀ ਘਾਟ ਮਹਿਸੂਸ ਹੋਵੇ , ਉਹ ਪੜ੍ਹਾਈ ਤੇ ਪੂਰਾ ਜੋਰ ਲਾ ਦਿੰਦਾ ਹੈ। ਇਵੇਂ ਸਿੱਖ ਅੰਦਰ ਆਪਣੇ ਜੀਵਨ ਅੰਦਰ ਚੰਗਿਆਈ ਦੀ ਘਾਟ ਮਹਿਸੂਸ ਹੋ ਜਾਏ, ਉਸ ਨੂੰ ਦੂਰ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾ ਜਾਂਦਾ ਹੈ। ਸਿਆਣੇ ਅਧਿਆਪਕ ਤੇ ਸਵਾਰਥੀ ਅਧਿਆਪਕ ਵਿੱਚ ਇੱਕੋ ਹੀ ਫਰਕ ਹੁੰਦਾ ਹੈ ; 'ਵਿੱਦਿਆ ਦੀ ਮਹਾਨਤਾ'। ਸਿਆਣਾ ਅਧਿਆਪਕ ਵਿੱਦਿਆ ਦੀ ਮਹਾਨਤਾ ਨੂੰ ਸਮਝਕੇ ਪੜ੍ਹਾਉਂਦਾ ਹੈ, ਕਿਉਂਕਿ ਵਿੱਦਿਆ ਦੀ ਮਹਾਨਤਾ ਵਿਦਿਆਰਥੀ ਨਾਲ ਹੀ ਹੁੰਦੀ ਹੈ। ਵਿਦਿਆਰਥੀ ਜਿੰਨਾਂ ਘੱਟ ਦਿਮਾਗ ਵਾਲਾ ਹੋਵੇਗਾ, ਉਸ ਦੇ ਜੀਵਨ ਵਿੱਚ ਵਿੱਦਿਆ ਨੂੰ ਚਮਕਾਉਣ ਲਈ ਦਿਮਾਗ ਨੂੰ ਉਤਨਾ ਹੀ ਘਸਾਉਣਾ ਪਵੇਗਾ। ਅਧਿਆਪਕ ਦੀ ਕੁਰਬਾਨੀ ਉਤਨੀ ਹੀ ਚਮਕੇਗੀ। ਗੁਰੂ ਸਾਹਿਬ ਜੀ ਨੇ ਚੋਰਾਂ, ਧਾੜਵੀਆਂ, ਠੱਗਾਂ, ਕਾਮੀਆਂ ਤੇ ਅਕ੍ਰਿਤਘਣਾਂ ਨੂੰ ਸਿੱਧੇ ਰਾਹ ਪਾਇਆ; ਤਾਂ ਹੀ ਧੰਨ ਗੁਰੂ ਨਾਨਕ ਦੇਵ ਜੀ ਨੂੰ ਸਭ ਨੇ ਆਪਣੇ ਅਕੀਦੇ ਮੁਤਾਬਕ, 'ਨਾਨਕ ਪੀਰ, ਵਲੀ ਹਿੰਦ, ਨਾਨਕ ਲਾਮਾ, ਨਾਨਕਾਚਾਰੀਆ, ਨਾਨਕ ਤਪਾ ਤੇ ਧੰਨ ਗੁਰੂ ਨਾਨਕ' ਆਖਿਆ। ਗੁਰੂ ਸਾਹਿਬ ਜੀ ਸਭ ਦਾ ਹਿੱਤ ਕਰਦੇ ਹਨ, ਸਮਝਾਉਣ ਲਈ ਕੋਈ ਰਸਤਾ ਅਪਣਾਇਆ ਹੋਵੇ, ਪਰ ਕੀਤਾ ਸਭ ਦਾ ਭਲਾ ਹੀ ਹੈ।

**ਅਧਿਕਾਰੀ:- ਜਿਨ ਕੀ ਬ੍ਰਿਤਿ ਸੁਖ ਦੁਖ ਮਹਿਂ ਭਾਰੀ। ਰਾਗ ਦ੍ਵੈਖ ਕੇ ਨਿਤ ਅਨੁਸਾਰੀ।**
**ਸੁਤ ਬਿਤ ਆਦਿ ਪਦਾਰਥ ਸਾਰੇ। ਇਨ ਹਿਤ ਬੈਸ ਬਿਤਾਇਂ ਬਿਚਾਰੇ॥ ੬॥**

**ਅਰਥ** - ਜਿਹਨਾਂ ਸ਼ਰਣ ਆਉਣ ਵਾਲਿਆਂ ਦੀ ਬ੍ਰਿਤੀ ਸੁੱਖ-ਦੁੱਖ ਵਿੱਚ

ਬਹੁਤ ਜਿਆਦਾ ਡੁੱਬੀ ਰਹਿੰਦੀ ਹੈ। ਦੁੱਖ-ਸੁੱਖ ਅਨੁਸਾਰ ਮੋਹ-ਈਰਖਾ ਅਨੁਸਾਰ ਵਰਤਦੇ ਹਨ। ਪੁੱਤਰ ਧਨ ਆਦਿ ਸਾਰੇ ਪਦਾਰਥਾਂ ਲਈ ਉਮਰ ਬਤੀਤ ਕਰਦੇ ਹਨ, ਵਿਚਾਰੇ!।

**ਭਾਵਾਰਥ** - ਅਧਿਕਾਰੀ :- ਜਦੋਂ ਸਿੱਖਣ ਵਾਲੇ ਨੂੰ ਅਹਿਸਾਸ ਹੋ ਜਾਏ, ਕਿ ਮੈਂ ਸਿੱਖਣ ਕਰਕੇ ਹੀ ਕੁੱਝ ਹਾਸਿਲ ਕਰ ਸਕਦਾ ਹਾਂ; ਉਸਨੂੰ ਅਧਿਕਾਰੀ ਕਹਿੰਦੇ ਹਨ। ਵੀਚਾਰਸਾਗਰ ਵਿਚ ਅਧਿਕਾਰੀ ਦੀ ਵਿਆਖਿਆ ਅੰਕਿਤ ਹੈ, ਜਿਸਨੇ ਵੇਦਾਂਤ ਪ੍ਰਕਰਣ ਰੂਪ ਵਿਚ ਅਧਿਕਾਰੀ ਦੀ ਵਿਆਖਿਆ ਵੇਖਣੀ ਹੋਵੇ, ਉਹ ਪਹਿਲੇ ਤਰੰਗ ਨੂੰ ਵੇਖ ਸਕਦੇ ਹਨ। ਕਵੀ ਜੀ ਨੇ ਭਾਈ ਸਾਹਿਬ ਜੀ ਦੀ ਰਸਨਾ ਤੋਂ ਸਿੱਖੀ ਸਿਧਾਂਤ ਦੀ ਵਿਆਖਿਆ ਲਈ ਆਤਮਾ ਦੇ ਸਰੂਪ ਦੀ ਜਾਣਕਾਰੀ ਲਈ ਪੂਰਾ ਗਿਆਨ ਗੁਰ-ਸਿਧਾਂਤ ਦੀ ਰੌਸ਼ਨੀ ਵਿੱਚੋਂ ਪ੍ਰਗਟ ਕੀਤਾ ਹੈ। ਜਿਸ (ਸਿੱਖ) ਦੀ ਬ੍ਰਿਤੀ (ਮਨ ਦੀ ਕਿਰਿਆਸ਼ੀਲਤਾ) ਦੁੱਖ-ਸੁੱਖ ਵਿੱਚ ਹੀ ਫਸੀ ਰਹਿੰਦੀ ਹੈ, ਉਹ ਪਦਾਰਥ ਪ੍ਰਾਪਤੀ ਤੇ ਬਹੁਤ ਖੁਸ਼ ਹੁੰਦਾ ਹੈ, ਪਦਾਰਥ ਦੇ ਚਲੇ ਜਾਣ ਤੇ ਦੁਖੀ ਹੁੰਦਾ ਹੈ। ਪਦਾਰਥਾਂ ਦੇ 'ਸੁੱਖ-ਦੁੱਖ' ਨਿਯਤ ਸਮੇਂ ਤੱਕ ਹੀ ਰਹਿ ਸਕਦੇ ਹਨ; ਉਪਰੰਤ ਆਪਣੇ-ਆਪ ਹੀ ਖਤਮ ਹੋ ਜਾਂਦੇ ਹਨ। '**ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥-ਅੰਗ ੧੪੯**' ਪਰ 'ਦੁੱਖ-ਸੁੱਖ' ਜਿਸ ਮਨੁੱਖ ਨੂੰ ਆਪਣੇ ਪ੍ਰਭਾਵ ਹੇਠਾਂ ਰੱਖਦੇ ਹਨ; ਉਹ ਮੋਹ-ਈਰਖਾ ਦੇ ਅਨੁਸਾਰ ਚਲਦਾ ਹੈ। ਐਸੇ ਮਨੁੱਖ ਨੂੰ ਜਿਸ ਤੋਂ ਸੁੱਖ ਮਹਿਸੂਸ ਹੁੰਦਾ ਹੈ, ਉਸ ਨਾਲ ਰਾਗ (ਮੋਹ) ਪੈਦਾ ਹੁੰਦਾ ਹੈ। ਜਿਸ ਕੋਲੋਂ ਸੁੱਖ ਮਹਿਸੂਸ ਨਾ ਹੋਵੇ, ਉਸ ਤੋਂ ਆਪਣੇ-ਆਪ ਹੀ ਦੁੱਖ ਨਜ਼ਰ ਆਉਣ ਲੱਗ ਜਾਂਦਾ ਹੈ; ਜਿਸ ਤੋਂ ਦੁੱਖ ਮਹਿਸੂਸ ਹੋਵੇ ਉਸ ਨਾਲ ਈਰਖਾ ਪੈਦਾ ਹੋ ਜਾਂਦੀ ਹੈ। ਤਾਂ ਹੀ ਵਰਤਮਾਨ ਵਿੱਚ ਕਿਹਾ ਜਾਂਦਾ ਹੈ, "ਅੱਜ ਮਨੁੱਖ ਦੁੱਖ ਤੋਂ ਘੱਟ ਦੁਖੀ ਹੈ, ਪਰ ਦੂਜਿਆਂ ਦੇ ਸੁੱਖ ਤੋਂ ਜ਼ਿਆਦਾ ਦੁਖੀ ਹੈ।" ਪਦਾਰਥਾਂ ਦੀ ਗਿਣਤੀ ਕਰਦਿਆਂ ਪੁੱਤਰ, ਧਨ ਤੋਂ ਲੈ ਕੇ ਸਾਰੀਆਂ ਵਸਤੂਆਂ ਪਦਾਰਥ ਹਨ; ਇਹਨਾਂ ਲਈ ਸਾਰੀ ਉਮਰ ਬਤੀਤ ਕਰ ਦਿੰਦੇ ਹਨ। ਸਾਰੀਆਂ ਵਸਤੂਆਂ ਕੇਵਲ ਸਰੀਰਕ ਸੁੱਖ-ਸੁਵਿਧਾ ਲਈ ਸਹਾਇਕ ਹਨ। ਪਰ ਮਨੁੱਖ ਇਹਨਾਂ ਨੂੰ ਆਪਣੇ ਜੀਵਨ ਦਾ ਹਿੱਸਾ ਸਮਝਣ ਲੱਗ ਜਾਂਦਾ ਹੈ। ਐਸੇ ਲੋਕ ਜਿਹਨਾਂ ਦੀ ਬ੍ਰਿਤੀ ਕੇਵਲ ਧਨ-ਮਾਲ ਜਾਂ ਪਦਾਰਥਾਂ ਵਿੱਚ ਡੁੱਬੀ ਰਹਿੰਦੀ ਹੈ। ਜੇ ਕੋਈ ਉਹਨਾਂ ਨੂੰ ਗਿਆਨ ਨਾਲ ਸਮਝਾਏ, ਉਹ ਸਮਝਣ ਦੀ ਥਾਂ ਤੇ ਗਿਆਨਵਾਨ ਨੂੰ ਹੀ ਮੰਦਾ-ਚੰਗਾ ਬੋਲਣ ਲੱਗ ਜਾਏਗਾ।



**ਸੇਵਾਃ- ਤਿਸ ਕੋ ਕਹੈਂ ਕਰਹੁਂ ਧ੍ਰਮਕਾਰ। ਸੇਵਹੁ ਸਿੱਖਨਿ ਦੇਹੁ ਅਹਾਰ।**
**ਜਥਾ ਸ਼ਕਤਿ ਦਿਹੁ ਛਾਦਨ ਆਛੇ। ਚਾਂਪਹੁ ਪਗ ਕਰੀਐ ਸਿਖ ਬਾਂਛੇ॥ ੭॥**

**ਅਰਥ** - ਸਤਿਗੁਰੂ ਜੀ ਉਸਨੂੰ ਆਖਦੇ ਹਨ, ਹੇ ਭਾਈ! ਧਰਮ ਦੇ ਅਨੁਸਾਰ ਕਰਮ ਕਰ। ਧਰਮ ਦੇ ਅਨੁਸਾਰ ਕਰਮ ਕਰਨ ਦੀ ਤਾਕੀਦ ਨੂੰ ਉਚਾਰਦੇ ਹਨ, ਸਿੱਖਾਂ ਦੀ ਸੇਵਾ ਕਰਦਿਆਂ ਉਹਨਾਂ ਨੂੰ ਭੋਜਨ ਖਵਾਉਣਾ ਕਰੋ। ਜਥਾ ਯੋਗ ਤਨ ਢੱਕਣ ਲਈ ਚੰਗੇ ਕੱਪੜੇ ਦੇਵੋ। ਸਿੱਖ ਦੀ ਸਰੀਰਕ ਵਿਵਸਥਾ ਨੂੰ ਵੇਖ ਕੇ ਮੁਠੀ-ਚਾਪੀ ਕਰੋ।

**ਭਾਵਾਰਥ** - ਗੁਰੂ ਸਾਹਿਬ ਜੀ, ਐਸੇ ਲੋਕਾਂ ਨੂੰ ਧਰਮ ਅਨੁਸਾਰ ਕਰਮ ਕਰਨ ਲਈ ਪ੍ਰੇਰਤਿ ਕਰਦੇ ਹਨ। ਜੈਸੇ ਢੰਗ ਨਾਲ ਪੈਸਾ ਕਮਾਇਆ ਹੋਵੇਗਾ, ਉਸ ਪੈਸੇ ਤੋਂ ਮਿਲਣ ਵਾਲੀਆਂ ਸੁੱਖ ਸੁਵਿਧਾਵਾਂ ਗ੍ਰਹਿਣ ਕਰਨ ਵਾਲੇ ਦੇ ਮਨ ਉੱਪਰ ਉਹੋ-ਜਿਹਾ ਹੀ ਅਸਰ ਪਾਉਂਦੀਆਂ ਹਨ। ਇਸ ਲਈ ਭਾਈ ਸਾਹਿਬ ਜੀ ਨੇ ਇੱਥੇ ਗੁਰੂ ਸਾਹਿਬ ਜੀ ਵੱਲੋਂ ਸਿੱਖਾਂ ਲਈ ਜੋ ਹੁਕਮ ਹੁੰਦਾ ਹੈ, ਉਸਨੂੰ ਅੰਕਿਤ ਕੀਤਾ ਹੈ, ਗੁਰੂ ਸਾਹਿਬ ਜੀ ਉਸਨੂੰ ਸੇਵਾ ਕਰਨ ਲਈ ਕਹਿੰਦੇ ਹਨ। ਅੱਗੇ ਸ਼ਬਦ ਅੰਕਿਤ ਕੀਤਾ ਹੈ, 'ਜਥਾ-ਸ਼ਕਤਿ' । ਇਸ ਦਾ ਮਤਲਬ ਹੈ, ਦਾਨ ਕਰਨ ਵਾਲਾ ਖੁਸ਼ੀ ਨਾਲ ਦਾਨ ਕਰੇ, ਕਿ ਇਸ ਦਾਨ ਦੁਆਰਾ ਮੇਰੇ ਮਨ ਦੀ ਮੈਲ ਦੂਰ ਹੋਵੇਗੀ। ਜਿਸ ਢੰਗ ਨਾਲ ਮਨੁੱਖ ਕਮਾਈ ਕਰਦਾ ਹੈ, ਵੈਸਾ ਹੀ ਪੈਸੇ ਦੇ ਵਰਤ-ਵਰਤਾਵ ਵਿੱਚ ਪ੍ਰਭਾਵ ਰਹਿੰਦਾ ਹੈ। ਜਦੋਂ ਦਾਨ ਕਰਨ ਵੇਲੇ ਮਨ ਵਿਚ ਖੁਸ਼ੀ ਦਾ ਪ੍ਰਭਾਵ ਰਹੇਗਾ, ਤਾਂ ਦਾਨ ਰਾਹੀਂ ਜਾ ਰਹੇ ਮਨੋਭਾਵ ਆਪਣਾ ਕੁੱਝ ਅਸਰ ਬਦਲ ਲੈਂਦੇ ਹਨ। ਕੁਦਰਤ ਦਾ ਸੁਭਾਅ ਹੈ, ਬਦਲਾਵ; ਤਾਪਮਾਨ ਦੇ ਬਦਲਾਵ ਨਾਲ ਤਪਸ਼ ਤੇ ਠੰਡਕ ਦੋ ਕਿਨਾਰੇ ਬਣੇ ਰਹਿੰਦੇ ਹਨ। ਮਨੁੱਖ ਆਪਣੇ ਸਰੀਰ ਦੇ ਅਨਕੂਲਣ ਤਾਪਮਾਨ ਬਣਾ ਕੇ ਜੀਵਨ ਸੌਖਾ ਬਤੀਤ ਕਰਦਾ ਹੈ। ਇਵੇਂ ਦਾਨ ਕਰਨ ਵਾਲੇ ਦੀ ਕਮਾਈ ਕਿੰਨੇ ਚੰਗੇ ਜਾਂ ਮੰਦੇ ਸਾਧਨ ਤੋਂ ਆਈ ਹੈ; ਇਸ ਅਸਰ ਨੂੰ ਪਾਪ ਤੇ ਪੁੰਨ ਦੇ ਦੋ ਕਿਨਾਰਿਆਂ ਵਿਚਕਾਰ ਹੀ ਵੇਖਿਆ ਜਾਏਗਾ। ਨੈਤਿਕ ਜੀਵਨ ਦੀ ਸੁਵਿਧਾ ਲਈ ਖੁਸ਼ੀ ਨਾਲ ਕੀਤਾ ਦਾਨ ਕੁੱਝ ਚੰਗਿਆਈ ਦਾ ਅਸਰ ਪੈਦਾ ਕਰੇਗਾ। ਕਿਉਂਕਿ ਖੁਸ਼ੀ ਵਿੱਚ ਮਨ ਦੀਆਂ ਤਰੰਗਾਂ ਪ੍ਰਸੰਨਤਾ ਵਾਲੀਆਂ ਹੁੰਦੀਆਂ ਹਨ। ਮਨ ਖੁਸ਼ ਹੋਵੇ ਤਾਂ ਅਸੀਂ ਦੁਸ਼ਮਣ ਦੇ ਬਹੁਤ ਦਿਲ ਦੁਖਾਉਣ ਵਾਲੇ ਬੋਲਾਂ ਨੂੰ ਵੀ ਭੁਲਾ ਦਿੰਦੇ ਹਾਂ। ਦੂਜੇ ਪਾਸੇ ਜਿਸ ਨੇ ਇਹ ਦਾਨ ਲੈਣਾ ਹੈ, ਉਸ ਲਈ ਭੀ 'ਯਥਾ ਸ਼ਕਤਿ' ਵਿਸ਼ੇਸ ਅਰਥ ਰਖਦਾ ਹੈ। ਦਾਨ

ਲੈਣ ਵਾਲਾ ਇਹ ਖਿਆਲ ਰੱਖੇ ਕਿ ਸਰੀਰ ਦੀ ਸੁਵਿਧਾ ਲਈ ਲਇਆ ਹੋਇਆ ਦਾਨ ਪ੍ਰਮਾਤਮਾ ਵੱਲੋਂ ਮੇਰੀ ਜਰੂਰਤ ਭੇਜੀ ਗਈ ਹੈ। ਲੋੜ ਮੁਤਾਬਿਕ ਰੱਬ ਵੱਲੋਂ ਭੇਜਿਆ ਪਦਾਰਥ 'ਰੱਬ ਦੀ ਦਾਤ' ਬਣ ਜਾਂਦੀ ਹੈ। ਕਿਉਂਕਿ ਆਂਤਰਿਕ ਜੀਵਨ ਸੁਰਤਿ 'ਸੋਚ' ਤੇ ਨਿਰਧਾਰਤ ਹੁੰਦਾ ਹੈ। ਜਿਵੇਂ ਬਿਜਲੀ ਇੱਕ ਹੀ ਹੁੰਦੀ ਹੈ, ਇਲੈਕਟ੍ਰਾਨ ਦਾ ਵਹਾਅ; ਪਰ ਰੋਮ ਹੀਟਰ ਵਿੱਚ ਗਰਮੀ, ਤੇ ਏ. ਸੀ. ਵਿੱਚੋਂ ਠੰਡ ਪੈਦਾ ਕਰਦੀ ਹੈ। ਇਉਂ ਹੀ ਗੁਰੂ ਸਾਹਿਬ ਜੀ ਸਿੱਖ ਨੂੰ 'ਸੇਵਾ ਦੀ ਦਾਤ' ਸਮਝਾਉਂਦਿਆਂ 'ਯਥਾ ਸ਼ਕਤਿ' ਸ਼ਬਦ ਦੁਆਰਾ ਨੈਤਿਕ-ਜੀਵਨ ਵੱਲ ਮੋੜਾ (ਮਨ ਦਾ ਚੰਗਿਆਈ ਵੱਲ ਵਾਪਸ ਪਰਤਣਾ) ਪਾਉਂਦੇ ਹਨ। ਗੁਰੂ ਨਾਨਕ ਦੇਵ ਜੀ ਜਦੋਂ ਭੂਮੀਏ ਚੋਰ ਨੂੰ ਨੈਤਿਕ ਜੀਵਨ ਸਮਝਾਉਂਦੇ ਹਨ, ਉਹ ਆਪਣੀ ਅਸਮਰੱਥਤਾ ਬੇਨਤੀ ਕਰਦਾ ਹੈ, ਕਿ 'ਮੇਰੇ ਕੋਲੋਂ ਚੋਰੀ ਨਹੀਂ ਛੁੱਟ ਸਕਦੀ' ; ਗੁਰੂ ਸਾਹਿਬ ਜੀ ਬਚਨ ਕਰਦੇ ਹਨ, 'ਲੂਣ ਖਾ ਕੇ ਹਰਾਮ ਨਾ ਕਰੀ' ਇੰਨੇ ਸ਼ਬਦ ਵਿੱਚ ਸੇਵਾ ਦਾ ਸਰੋਕਾਰ ਟਿਕਾ ਦਿੰਦੇ ਹਨ। ਭੂਮੀਏ ਨੂੰ ਚੋਰ ਤੋਂ ਸਾਧ ਬਣਾ ਦਿੰਦੇ ਹਨ। ਤਾਂ ਹੀ ਕਿਹਾ ਹੈ, "ਚੰਗਿਆਂ ਨਾਲ ਚੰਗਿਆਈ, ਕਰਦੇ ਕਈ ਸਿਆਣੇ। ਪਰ ਬੁਰਿਆਈ ਨਾਲ ਚੰਗਿਆਈ ਕਰਨੀ ਇਹ ਗੁਰੂ ਨਾਨਕ ਜਾਣੇ।" ਗੁਰੂ ਸਾਹਿਬ ਜੀ ਕਿਸੇ ਦੇ ਬੁਰਿਆਈ ਵਾਲੇ ਕਰਮ ਵੱਲ ਘੱਟ, ਪਰ ਬੁਰਿਆਈ ਵੱਲ ਵੱਧ ਧਿਆਨ ਦਿੰਦੇ ਹਨ। ਬੁਰਿਆਈ ਮਹਿਸੂਸ ਕਰਵਾ ਕੇ ਚੰਗਿਆਈ ਵੱਲ ਪ੍ਰੇਰਤਿ ਕਰ ਦਿੰਦੇ ਹਨ। ਗੁਰੂ ਸਾਹਿਬ ਜੀ ਦੀ ਚੇਤਨਾ ਉਹਨਾਂ ਨੂੰ ਗੁਰਮਤਿ ਸਿਧਾਂਤ ਵੱਲ ਸੇਧਿਤ ਕਰ ਦਿੰਦੀ ਹੈ। ਉਹ ਮਨ ਅੰਦਰ ਆਪਣੇ ਆਪ ਨੂੰ ਬਹੁਤ ਦੀਨ ਸਮਝਣ ਲੱਗ ਜਾਂਦੇ ਹਨ, ਕਿ ਮੈਂ ਕਿਹੋ ਜਿਹੇ ਕਰਮ ਕਰਕੇ ਮਾਇਆ ਕਮਾਈ; ਪਰ ਗੁਰੂ ਘਰ ਵੱਲੋਂ ਮੈਨੂੰ ਕੀ ਬਖਸ਼ਿਸ ਮਿਲੀ ਹੈ। ਇਹੀ ਧਿਆਨ ਉਹਨਾਂ ਦੇ ਮਨ ਅੰਦਰ ਸੇਵਾ ਦੇ ਮਨੋਭਾਵ ਪੈਦਾ ਕਰ ਦਿੰਦਾ ਹੈ। ਜੇ ਗੁਰੂ ਕੀ ਬਖਸ਼ਿਸ ਨਾ ਹੋਵੇ, ਤਾਂ ਫਿਰ ਕਹਿਣ ਦੀ ਲੋੜ ਨਹੀਂ ਹੰਕਾਰ ਦੇ ਉਬਾਲੇ ਉਸਦੇ ਜੀਵਨ ਨੂੰ ਕਿਵੇਂ ਬਰਬਾਦ ਕਰਦੇ ਹਨ।

**ਮਰਦਨ ਕਰਿ ਇਸ਼ਨਾਨ ਕਰਾਵਹੁ। ਬਸਤ੍ਰ ਪਖਾਰਹੁ ਸੁੱਧ ਬਨਾਵਹੁ।**
**ਹਾਂਕਹੁ ਪੌਨ ਸ੍ਵੇਦ ਜਬਿ ਹੋਇ। ਝਾਰਹੁ ਪਨਹੀ ਪਗ ਕੋ ਧੋਇ॥ ੮॥**

**ਅਰਥ** – ਸਰੀਰ ਨੂੰ ਮਲ-ਮਲ ਕੇ ਇਸਨਾਨ ਕਰਵਾਉਣਾ ਕਰੋ। ਉਹਨਾਂ ਦੇ ਕੱਪੜੇ ਧੋ ਕੇ ਸਾਫ ਕਰੋ। ਜਦੋਂ ਸਰੀਰ ਨੂੰ ਪਸੀਨਾ ਆਵੇ ਤਾਂ ਪੱਖਾ ਝੱਲੋ। ਸਿੱਖ ਦੇ ਚਰਨ ਧੋ ਕੇ ਜੋੜਾ ਝਾੜੋ।



**ਜੂਠੇ ਭਾਂਜਨਿ ਮਾਂਜਨ ਕਰਹੁ । ਸੀਤਲ ਨੀਰ ਕੂਪ ਤੇ ਭਰਹੁ ।**
**ਰਦਧਾਵਨ ਕੋ ਅਰਪਹੁ ਆਨਿ। ਕਰਹੁ ਰਸੋਈ ਸੁੱਧ ਮਹਾਨ॥ ੯॥**
**ਇੱਤਯਾਦਿਕ ਸੇਵਾ ਬਹੁ ਭਾਂਤਿ। ਸਿੱਖਨ ਕੀ ਕੀਜਹਿ ਦਿਨ ਰਾਤ।**

**ਅਰਥ** – ਜੂਠੇ ਭਾਂਡੇ ਮਾਂਜਣਾ ਕਰੋ ਤੇ ਖੂਹ ਤੋ ਠੰਡਾ ਪਾਣੀ ਭਰ ਕੇ ਲਿਆਵੋ। ਦੰਦਾਂ ਨੂੰ ਸਾਫ ਕਰਨ ਲਈ ਦਾਤਣਾਂ ਲਿਆ ਕੇ ਦੇਣਾ ਕਰੋ। ਬਹੁਤ ਹੀ ਪਵਿੱਤਰਤਾ ਰੱਖ ਕੇ ਰਸੋਈ ਤਿਆਰ ਕਰੋ। ਇਸ ਪ੍ਰਕਾਰ ਕਈ ਤਰ੍ਹਾਂ ਨਾਲ ਸਿੱਖਾਂ ਦੀ ਦਿਨ ਰਾਤ ਸੇਵਾ ਕਰੋ।

**ਭਾਵਾਰਥ** – ਦੋਨਾਂ ਚਰਣਾਂ ਵਿੱਚ ਸੇਵਾ ਦੇ ਅਨੇਕਾਂ ਸਾਧਨਾਂ ਦਾ ਵਰਨਣ ਕੀਤਾ ਹੈ, 'ਸਰੀਰਕ-ਅਵਸਥਾ ਵੇਖ ਕੇ ਮੁੱਠੀ-ਚਾਪੀ ਕਰਨੀ, ਮਲ ਕੇ ਇਸ਼ਨਾਨ ਕਰਵਾਉਣਾ, ਪਵਿੱਤਰਤਾ ਲਈ ਬਸਤ੍ਰ ਧੋਣੇ, ਗਰਮੀ ਵੇਲੇ ਪੱਖਾ ਝੱਲਣਾ, ਪੈਰ ਧਵਾਉਣੇ, ਜੋੜੇ ਝਾੜਨੇ, ਜੂਠੇ ਭਾਂਡੇ ਮਾਂਜਣੇ, ਦਾਤਣਾਂ ਲਿਆ ਕੇ ਦੇਣੀਆਂ ਅਤੇ ਲੰਗਰ ਤਿਆਰ ਕਰਨ ਵਿੱਚ ਮਦਦ ਕਰਨੀ ਆਦਿ'। ਤਕਰੀਬਨ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਦਾ ਵਰਨਣ ਕੀਤਾ ਹੈ। ਸਰੀਰਕ ਫਿਤਰਤ ਹੈ, ਕੰਮ ਕਰਦੇ ਰਹਿਣਾ; ਪਸ਼ੂ-ਪੰਛੀ ਭੀ ਸਰੀਰ ਕਰਕੇ ਕੰਮ ਕਰਦੇ ਰਹਿੰਦੇ ਹਨ, ਜਦੋਂ ਰਾਤ ਹੋ ਜਾਏ ਤਾਂ ਦਰੱਖਤਾਂ ਦੇ ਸਹਾਰੇ ਸੌਂ ਕੇ ਬਤੀਤ ਕਰਦੇ ਹਨ। ਥੱਕ ਕੇ ਜੀਵ ਸੌਂ ਜਾਂਦੇ ਹਨ, ਜਿਤਨਾ ਚਿਰ ਜਾਗਦੇ ਹਨ-ਕੋਈ ਨਾ ਕੋਈ ਕੰਮ ਵਿੱਚ ਵਿਅੱਸਥ ਰਹਿੰਦੇ ਹਨ। ਕਰਮ ਕਰਨ ਦੀ ਸ਼ਕਤੀ ਦੇ ਸੂਖਮ ਅਸਰ ਮਨੁੱਖ ਮਨ ਉੱਪਰ ਹੁੰਦੇ ਹਨ। ਚੋਰੀ ਕਰਨ ਵਾਲੇ ਦਾ ਮਨ ਹਮੇਸ਼ਾ ਡਰਿਆ ਰਹਿੰਦਾ ਹੈ, ਤਾਂ ਹੀ ਸਿਆਣਿਆ ਨੇ ਪਰਖ ਲਈ ਆਖਿਆ ਹੈ, 'ਚੋਰ ਦੀ ਦਾੜ੍ਹੀ ਵਿਚ ਤਿਣਕਾ'। ਬੱਸ!! ਚੋਰੀ ਕਰਨ ਵਾਲੇ ਦੇ ਸਰੀਰਕ ਅੰਗ ਮੱਲੋ-ਮੱਲੀ ਹਰਕਤ ਵਿੱਚ ਆ ਜਾਂਦੇ ਹਨ, ਪਕੜਿਆ ਜਾਂਦਾ ਹੈ। ਕਰਮ-ਸ਼ਕਤੀ ਦੇ ਚੰਗੇ ਅਸਰ ਤਿਆਰ ਕਰਨ ਲਈ ਨਿਮਰਤਾ ਦੁਆਰਾ ਸੇਵਾ ਦਾ ਵਿਧਾਨ ਦਿੱਤਾ ਹੈ। ਨਿਮਰਤਾ ਨਾਲ ਸੇਵਾ ਕਰਨ ਵਾਲੇ ਦੇ ਮਨ ਉੱਪਰ ਸੂਖਸ਼ਮ ਪ੍ਰਭਾਵ ਕਰਕੇ ਹਰ ਇੱਕ ਵਿੱਚ ਆਪਣੇ ਗੁਰੂ ਦੀ ਛਵੀ ਨਜ਼ਰ ਆਉਂਦੀ ਹੈ। ਗੁਰੂ-ਘਰ ਦੀਆਂ ਸਾਰੀਆਂ ਸੇਵਾਵਾਂ ਦੇ ਪ੍ਰਤਾਪ ਨਾਲ ਮਨ ਉੱਪਰ ਲੱਗੀ ਪਾਪਾਂ ਦੀ ਮੈਲ਼ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਵੇਂ ਸਰੀਰ ਤੇ ਲੱਗੀ ਮੈਲ਼ ਨੂੰ ਪਾਣੀ ਨਾਲ ਧੋਤਾ ਜਾਂਦਾ ਹੈ, ਇਵੇਂ ਮਨ ਨੂੰ ਲੱਗੀ ਪਾਪਾਂ ਦੀ ਮੈਲ਼ ਸੇਵਾ ਦੇ ਸੂਖਮ ਪ੍ਰਤਾਪ ਨਾਲ ਲੱਥਦੀ ਹੈ; ਇਹੀ ਸੇਵਾ, ਸਿਮਰਨ ਦਾ ਅੰਗ ਬਣ ਜਾਂਦੀ ਹੈ। ਸੇਵਾ ਕਰਦਿਆਂ ਇਹ

ਭੀ ਖਿਆਲ ਰੱਖਣਾ ਚਾਹੀਦਾ ਹੈ, ਕਿ ਮੈਂ ਗੁਰੂ-ਘਰ ਵਿਚ ਗੁਰਸਿੱਖਾਂ ਦੀ ਸੇਵਾ ਕਰ ਰਿਹਾ ਹਾਂ; ਨਾ ਕਿ ਕਿਸੇ ਮਨੁੱਖੀ ਸਰੀਰਾਂ ਦੀ। ਸਰੀਰ ਤਾਂ ਕੇਵਲ ਸਾਧਨ ਹਨ, ਜਿਹਨਾਂ ਰਾਹੀਂ ਸਾਨੂੰ ਮਾਨਸਿਕ ਤਰੱਕੀ ਦਾ ਰਾਹ ਪ੍ਰਾਪਤ ਹੁੰਦਾ ਹੈ। ਸੇਵਾ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ, 'ਸਰੀਰ, ਬਾਣੀ ਤੇ ਮਨ ਦੀ ਸੇਵਾ' ਤਨ ਦੀ ਸੇਵਾ ਦਾ ਕਥਨ ਉੱਪਰ ਆਇਆ ਹੈ। ਤਨ ਦੁਆਰਾ ਸਾਰੀਆਂ ਸੇਵਾਵਾਂ ਬਾਣੀ ਦੇ ਸੰਜਮ ਲਈ ਸਹਾਈ ਹੁੰਦੀਆਂ ਹਨ। ਤਨ ਸਰੀਰਕ-ਇੰਦ੍ਰਿਆਂ ਦਾ ਸਮੂਹ ਹੈ। ਹੱਥ, ਪੈਰ, ਜ਼ੁਬਾਨ, ਕੰਨ ਆਦਿ ਤੋਂ ਲੈ ਕੇ ਸਰੀਰ ਦੇ ਅੰਗ ਬਾਣੀ ਨਾਲ ਸਾਂਝ ਪਾਉਣ ਵਾਲੇ ਟੂਲਜ਼ ਹਨ। ਜਦੋਂ ਕੋਈ ਬਹੁਤ ਗੁੱਸੇ ਵਿੱਚ ਅਬਾ-ਤਬਾ ਬੋਲਦਾ ਹੋਵੇ, ਤਾਂ ਅਸੀਂ ਆਖਦੇ ਹਾਂ, 'ਸ਼ਾਂਤੀ ਰੱਖ, ਬੈਠ ਜਾਹ! ਠੰਡਾ ਹੋ!' ਸਾਡਾ ਮਕਸਦ ਹੁੰਦਾ ਹੈ, ਕਿ ਆਪਣੇ ਆਪ ਤੇ ਕੰਟਰੋਲ ਕਰਕੇ ਹੀ ਕੁਝ ਬੋਲਣਾ ਚਾਹੀਦਾ ਹੈ। ਬੋਲਾਂ ਤੇ ਕੰਟਰੌਲ ਕਰਨਾ ਗੁਰਬਾਣੀ ਤੋਂ ਸੁੰਦਰ ਹੋਰ ਕਿਸੇ ਥਾਂ ਤੋਂ ਨਹੀਂ ਮਿਲ ਸਕਦਾ।

**ਗੁਰਬਾਣੀ :- ਸਤਿਗੁਰ ਗਿਰਾ ਸੀਖਿ ਨਿਤਿ ਪਠੋ। ਸੱਤਿਨਾਮ ਕਹੁ ਮੁਖ ਤੇ ਰਟੋ ॥ ੧੦ ॥**

**ਨਿਜ ਨਿਜ ਧਰਮ ਰਹਹੁ ਸਵਧਾਨ।**

**ਅਰਥ** - ਸਤਿਗੁਰੂ ਜੀ ਦੁਆਰਾ ਉਚਾਰਨ ਕੀਤੀ ਬਾਣੀ ਦੀ ਸਿੱਖਿਆ ਪ੍ਰਾਪਤ ਕਰਨ ਲਈ ਨਿੱਤ ਪੜ੍ਹਨਾ ਕਰੋ। ਸਤਿਨਾਮ ਨੂੰ ਹਮੇਸ਼ਾ ਮੁੱਖ ਤੋਂ ਉਚਾਰਨ ਕਰੋ। ਆਪੋ ਆਪਣੇ ਧਰਮ ਵਿਚ ਸਾਵਧਾਨ ਰਹੋ।

**ਭਾਵਾਰਥ** - ਇੱਥੇ ਸਤਿਗੁਰੂ ਸਾਹਿਬਾਨ ਜੀ ਦੀ ਸਿੱਖਿਆ ਰੂਪ ਬਾਣੀ, ਅਕਾਲ ਪੁਰਖ ਦੇ ਨਾਮ ਦਾ ਉਚਾਰਨ ਅਤੇ ਆਪਣੇ ਆਪਣੇ ਧਰਮ ਵਿੱਚ ਸਾਵਧਾਨ ਰਹਿਣਾ; ਗੁਰਬਾਣੀ ਦੀ ਚੇਤਨਾ ਦਾ ਖਾਸ ਪ੍ਰਤੀਕ ਹੈ। ਸਮੁੱਚੀ ਮਾਨਵਤਾ ਦੀ ਭਲਾਈ ਲਈ ਅਕਾਲ ਪੁਰਖ ਵੱਲੋਂ ਗੁਰੂ ਸਾਹਿਬਾਨ ਜੀ ਦੀ ਰਸਨਾ ਦੁਆਰਾ ਆਏ ਹੋਏ ਸ਼ਬਦ ਧੰਨ ਗੁਰੂ ਗ੍ਰੰਥ ਸਾਹਿਬ ਜੀ ਹਨ। ਅਕਾਲ ਪੁਰਖ ਸਭ ਦਾ ਸਾਂਝਾ ਹੈ, ਗੁਰਬਾਣੀ ਦਾ ਉਪਦੇਸ਼ ਸਭ ਲਈ ਸਾਂਝਾ ਹੈ। ਪਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਪ੍ਰਗਟ ਗੁਰਾਂ ਦਾ ਸਰੂਪ ਹੈ, ਇਸ ਲਈ ਸਤਿਗੁਰੂ ਸਾਹਿਬ ਜੀ ਦਾ ਪਾਠ ਕਰਨ ਲਈ ਬਹੁਤ ਅਦਬ-ਸਤਿਕਾਰ ਸਹਿਤ ਪ੍ਰਕਾਸ਼ ਕਰਨਾ ਅਤੇ ਦੂਸਰੇ ਵੀਰਾਂ/ਭੈਣਾਂ ਨੂੰ ਅਦਬ ਸਹਿਤ ਪ੍ਰਕਾਸ਼ ਕਰਨਾ ਸਿਖਾਉਣਾ ਚਾਹੀਦਾ ਹੈ। ਪੜ੍ਹਨ ਸਮੇਂ ਭੀ ਸਤਿਕਾਰ ਦਾ ਖਾਸ ਖਿਆਲ ਰੱਖਦਿਆਂ ਪਵਿੱਤਰਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਇਹ ਮ੍ਰਯਾਦਾ ਗੁਰਮੁਖਾਂ ਪਾਸੋਂ ਹੀ ਪ੍ਰਾਪਤ ਹੋ ਸਕਦੀ ਹੈ। ਗੁਰਮੁਖ ਤੋਂ ਭਾਵ ਹੈ, ਜਿਹੜਾ ਰਹਿਣੀ ਤੇ ਕਹਿਣੀ



ਦਾ ਪੂਰਾ ਹੋਵੇ, ਗੁਰੂ ਸਾਹਿਬ ਜੀ ਉੱਪਰ ਪੂਰੀ ਨਿਸ਼ਠਾ ਰੱਖਦਾ ਹੋਵੇ, ਦੂਜੇ ਦੇ ਔਗੁਣ ਵੇਖ ਕੇ ਉਸ ਨੂੰ ਅਹਿਸਾਸ ਕਰਵਾ ਕੇ ਗੁਰੂ ਸਾਹਿਬ ਜੀ ਦੇ ਲੜ ਲਾਉਣ ਦੀ ਸਮਰੱਥਾ ਰੱਖਦਾ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਾਨਵਤਾ ਦੇ ਰਹਿਬਰ ਹਨ, ਗੁਰਬਾਣੀ ਨਾਲ ਜੁੜਨ ਦਾ ਹਰ ਇੱਕ ਨੂੰ ਅਧਿਕਾਰ ਹੈ। ਗੁਰਬਾਣੀ ਅਤੇ ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ (ਜੋ ਇਤਿਹਾਸ ਤੋਂ ਸਾਨੂੰ ਪ੍ਰਾਪਤ ਹੁੰਦੀਆਂ ਹਨ), ਸਾਡੇ ਬੋਲਾਂ ਨੂੰ ਸੁੰਦਰ ਬਣਾਉਣ ਵਿੱਚ ਸਹਾਈ ਹਨ। 'ਸਾਹਿਤ ਦੇ ਨਿਰੋਏ ਗਿਆਨ ਦੀ ਹਰ-ਮਾਨਵ ਅੰਦਰ ਸਥਾਪਤੀ ਹੋਵੇ, ਇਸ ਲਈ ਗੁਰਬਾਣੀ ਦੇ ਗਿਆਨ ਦੀ ਬਹੁਤ ਜਰੂਰਤ ਹੈ। ਗੁਰਬਾਣੀ ਮਨੁੱਖ ਦੀ ਅੰਦਰਲੀ ਜਿੰਦਗੀ ਨੂੰ ਟੁੰਬਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਖਤ ਦੀ ਲੋਕਾਈ ਵਿੱਚੋਂ ਪੰਜਾਬੀਆਂ ਦੀ ਜੀਵਨ ਧਾਰਾ ਦਾ ਮੰਥਨ ਕੀਤਾ। ਪ੍ਰੇਮ ਗਾਥਾਵਾਂ ਅਤੇ ਲੜਾਈ ਦੀਆਂ ਗਾਥਾਵਾਂ ਦੀ ਮੌਖਿਕ ਪ੍ਰਸਿੱਧੀ ਨੂੰ ਧਿਆਨ ਵਿਚ ਰੱਖਦਿਆਂ ਵੀਚਾਰਧਾਰਕ ਵਿਕਾਸ ਦੀ ਨੀਂਹ ਰੱਖੀ।-ਪੰਜਾਬੀ ਬੋਲੀ ਗੌਰਵਤਾ ਦਾ ਪ੍ਰਤੀਕ, ਅਕਾਲ ਆਰਸੀ' ਗੁਰਬਾਣੀ ਨਿਤਨੇਮ ਅਨੁਸਾਰ ਪੜਨੀ ਚਾਹੀਦੀ ਹੈ। ਗੁਰਬਾਣੀ ਦੇ ਪੜ੍ਹਨ ਨਾਲ ਸਾਡੇ ਵਿੱਚ ਕੀ ਤਬਦੀਲੀ ਆਈ ਜਾਂ ਵਿਕਾਸ ਹੋਇਆ; ਇਸ ਦੀ ਪਛਾਣ ਹੈ, ਸਾਡੀ ਬ੍ਰਿਤੀ ਪ੍ਰਭੂ ਨਾਮ ਦਾ ਅਕਾਰ ਧਾਰਨ ਕਰਨ ਲਗ ਜਾਏ । ਮਨ ਵਾਹਿਗੁਰੂ ਨਾਮ ਵਿੱਚ ਲੀਨ ਹੋਣਾ ਸ਼ੁਰੂ ਹੋ ਜਾਏਗਾ। ਅੰਮ੍ਰਿਤ ਵੇਲੇ ਗੁਰਸਿੱਖ ਨਾਮ ਨਾਲ ਮਨ ਨੂੰ ਜੋੜਦਾ ਹੈ, ਜਦੋਂ ਮਨ ਖਿੰਡਣਾ ਸ਼ੁਰੂ ਹੋ ਜਾਏ, ਤਾਂ ਗੁਰਬਾਣੀ ਪੜ੍ਹਨੀ ਆਰੰਭ ਕਰ ਦਿੰਦਾ ਹੈ। ਇਉਂ ਹੀ ਨਿਰੰਤਰ ਅਭਿਆਸ ਚੱਲਦਾ ਰਹਿੰਦਾ ਹੈ। ਹੌਲੀ ਹੌਲੀ ਸਾਹਿਤ ਦੇ ਨਰੋਏ ਖਜਾਨੇ ਆ ਅਹਿਸਾਸ ਹੋ ਜਾਂਦਾ ਹੈ। ਸਾਹਿਤਕ ਗਿਆਨ ਅਧਿਆਤਮਕ ਗਿਆਨ ਦੀ ਅਧਾਰਸ਼ਿਲਾ ਹੁੰਦੇ ਹਨ, ਨਿਰੰਤਰ ਅਭਿਆਸ ਅਧਿਆਤਮਕ ਮੰਡਲ ਵਿੱਚ ਉਡਾਰੀਆਂ ਮਾਰਨ ਦੇ ਯੋਗ ਬਣਾਉਂਦਾ ਹੈ। ਸਾਰੇ ਧਰਮਾਂ ਦੇ ਵਿਧਾਨ ਪ੍ਰਮਾਤਮਾ ਦੇ ਨਾਮ ਚਿੰਤਨ ਲਈ ਹੀ ਪ੍ਰੇਰਦੇ ਹਨ। ਹਰ ਕੋਈ ਉਸਨੂੰ ਆਪਣੀ- ੨ ਭਾਵਨਾ ਦੇ ਤਹਿਤ ਧਰਮ ਦੇ ਨਾਮਾਂ ਦੁਆਰਾ ਪੁਕਾਰਦਾ ਹੈ। ਉਹ ਅਸੀਮ ਸਭ ਦੀ ਭਾਵਨਾ ਨੂੰ ਨਾਮ-ਅਭਿਆਸ ਤਹਿਤ ਫਲ ਨਾਲ ਨਿਵਾਜ਼ਦਾ ਹੈ। ਖਾਲਸਾ ਸਭ ਦਾ ਸਤਿਕਾਰ ਕਰਦਾ ਹੈ, ਪਰ ਆਪਣੇ ਆਪ ਨੂੰ ਖਾਲਸਾਈ ਸ਼ਾਨੋ-ਸ਼ੌਕਤ ਵਿੱਚ ਸਥਿਤ ਕਰਕੇ ਫਖਰ ਮਹਿਸੂਸ ਕਰਦਾ ਹੈ।

**ਇਸ਼ਨਾਨ:-ਬਡੀ ਰਾਤਿ ਤੇ ਕਰਿ ਅਸ਼ਨਾਨ।**

**ਅਰਥ** - (ਵੱਡੀ ਰਾਤ) ਤੋਂ ਭਾਵ ਹੈ, ਅੱਧੀ ਰਾਤ ਤੋਂ ਮਗਰੋਂ ਜਦੋਂ ਵੀ ਮਨ ਤੇ

ਤਨ ਸਾਵਧਾਨ ਹੋਣ ਲਈ ਤਿਆਰ ਹੋ ਜਾਵੇ ਤਾਂ ਉੱਠ ਕੇ ਇਸਨਾਨ ਕਰੋ।

**ਭਾਵਾਰਥ** - ਇਸ਼ਨਾਨ ਦਾ ਜੀਵਨ ਨਾਲ ਬਹੁਤ ਗੂੜਾ ਮਿੱਤਰਚਾਰਾ ਹੈ। ਜਿੱਥੇ ਸਰੀਰ ਦੀ ਪਵਿੱਤਰਤਾ ਇਸ਼ਨਾਨ ਨਾਲ ਹੁੰਦੀ ਹੈ, ਉੱਥੇ ਭਾਰਤ ਦੀ ਸੰਸਕ੍ਰਿਤੀ ਇਸ਼ਨਾਨ ਦੇ ਵਿਧਾਨ ਨਾਲ ਜੁੜੀ ਹੋਈ ਸੀ। ਮਾਂ-ਬਾਪ ਬੱਚੇ ਨੂੰ ਪੜ੍ਹਨ ਲਈ ਟੋਫੀਆਂ ਜਾਂ ਚਾਕਲੇਟ ਦਾ ਲਾਲਚ ਦਿੰਦੇ ਹਨ; ਮੁੱਖ ਮਕਸਦ ਹੁੰਦਾ ਹੈ, ਪੜ੍ਹਾਈ। ਇਵੇਂ ਆਦਿ ਕਾਲ ਤੋਂ ਲੋਕਾਂ ਨੂੰ ਗਿਆਨ ਵੰਡਣ ਲਈ ਇਕੱਠ ਦੇ ਸਾਧਨ ਜੁਟਾਉਣ ਲਈ ਪਾਨੀ ਦੀ ਬਹੁਤ ਜਰੂਰਤ ਹੁੰਦੀ ਸੀ। ਸ਼ਾਇਦ ਇਸੇ ਕਰਕੇ ਪਾਨੀ ਦੇ ਕਿਨਾਰੇ ਇਕੱਠ ਹੋਣੇ ਸ਼ੁਰੂ ਹੋਏ, ਜਿਹਨਾਂ ਨੂੰ ਕੁੰਭ ਮੇਲਿਆਂ ਦੇ ਨਾਮਾਂ ਨਾਲ ਜਾਨਿਆ ਜਾਣ ਲੱਗਿਆ। ਜਿਹੜੇ ਲੋਕਾਂ ਤੋਂ ਉਹਨਾਂ ਸਥਾਨਾਂ ਤੇ ਨਹੀਂ ਪਹੁੰਚਿਆ ਜਾਂਦਾ ਸੀ, ਉਹਨਾਂ ਨੇ ਆਪਣੇ ਨੇੜੇ ਪਾਣੀ ਦੇ ਸਰੋਤਾਂ 'ਨਦੀਆਂ ਵਗੈਰਾਂ' ਤੇ ਇਕੱਠ ਕਰਨਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਇਹੀ ਤੀਰਥ ਸਥਾਨ ਕਹਾਉਣ ਲੱਗ ਪਏ। ਮੁੱਖ ਮਕਸਦ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਸਾਹਿਬ ਜੀ ਨੇ ਬਚਨ ਕੀਤੇ 'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਮੈਂ (ਭੀ) ਤੀਰਥ ਉੱਤੇ ਇਸ਼ਨਾਨ ਕਰਨ ਜਾਂਦਾ ਹਾਂ (ਪਰ ਮੇਰੇ ਵਾਸਤੇ ਪਰਮਾਤਮਾ ਦਾ) ਨਾਮ ਹੀ ਤੀਰਥ ਹੈ।-ਪ੍ਰੋ: ਸਾਹਿਬ ਸਿੰਘ ਜੀ'-ਅੰਗ ੬੮੭ ਤੀਰਥਾਂ ਦੇ ਇਸ਼ਨਾਨ ਦਾ ਮਤਲਬ ਹੁੰਦਾ ਹੈ, ਪ੍ਰਭੂ ਨਾਮ ਦਾ ਜਪਣਾ; ਪਹਿਲੇ ਸਮਿਆਂ ਤੋਂ ਹੀ ਸਾਧੂਆਂ ਨੂੰ ਜੰਗਮ ਤੀਰਥ ਕਹਿੰਦੇ ਸਨ। "ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥ (ਹੇ ਭਾਈ!) ਜਿੱਥੇ ਗੁਰਮੁਖ ਮਨੁੱਖ (ਆਪਣੇ) ਪੈਰ ਧਰਦੇ ਹਨ, ਉਹ ਥਾਂ ਅਠਾਹਠ ਤੀਰਥ ਸਮਝੋ। (ਕਿਉਂਕਿ) ਜਿੱਥੇ ਸੰਤ ਜਨ ਪਰਮਾਤਮਾ ਦਾ ਨਾਮ ਉਚਾਰਦੇ ਹਨ, ਉਹ ਥਾਂ ਸੱਚਖੰਡ ਬਣ ਜਾਂਦਾ ਹੈ।-ਪ੍ਰੋ: ਸਾਹਿਬ ਸਿੰਘ ਜੀ'-ਅੰਗ ੮੯੦" ਗੁਰੂ ਸਾਹਿਬ ਜੀ ਨੇ ਕਿਸੇ ਭੀ ਥਾਂ ਤੇ ਮਨੁੱਖ ਦੇ ਗਿਆਨ ਨੂੰ ਖੰਡਨ ਕਰਨ ਦੀ ਥਾਂ ਤੇ ਉਸ ਵਿੱਚ ਸੁਧਾਰ ਲਿਆਉਣ ਦਾ ਪਰਉਪਕਾਰ ਕੀਤਾ ਹੈ। ਜਿਸ ਕਰਕੇ ਗੁਰੂ ਸਾਹਿਬ ਜੀ ਹਰ ਇੱਕ ਪਿਆਰੇ ਲੱਗਦੇ ਸਨ। ਕਾਸ਼ !!! ਅੱਜ ਸਾਨੂੰ ਗੁਰੂ ਸਾਹਿਬ ਜੀ ਦੇ ਪਿਆਰ ਦੀ ਭਾਸ਼ਾ ਤੇ 'ਗੌਰਵਤਾ ਦੇ ਪ੍ਰਤੀਕ' ਗਿਆਨ ਦੀ ਮਹਾਨਤਾ ਦਾ ਪਤਾ ਲੱਗ ਸਕੇ; ਜਿਸਨੂੰ ਅਸੀਂ ਬਿਬੇਕ (ਤਰਕ) ਭੀ ਕਹਿੰਦੇ ਹਾਂ। ਕਵੀ ਜੀ ਨੇ ਗੁਰਸਿੱਖਾਂ ਅੰਦਰ ਇਸ਼ਨਾਨ ਨੂੰ ਅਰਥਵਾਦ ਦੇ ਰੂਪ ਵਿੱਚ ਨਾਨਕ ਪ੍ਰਕਾਸ਼ ਦੇ ਪੂਰਬਾਰਧ ਅੰਦਰ ੪੪ਵੇਂ ਅਧਿਆਇ ਵਿੱਚ ੨੪ਵੇਂ ਚਰਣ ਤੋਂ ਕਥਨ ਕੀਤਾ ਹੈ, ਉੱਥੇ ਪਾਠਕ ਜਨ ਉੱਥੇ ਪੜ੍ਹ



ਕੇ ਲਾਹਾ ਪ੍ਰਾਪਤ ਕਰ ਸਕਦੇ ਹਨ। ਇਕ ਪੰਗਤੀ ਵਿੱਚ ਇਸ਼ਨਾਨ ਦਾ ਮਹੱਤਵ ਸੰਖਿਪਤ ਕਰਦਿਆਂ ਭਾਈ ਸਾਹਿਬ ਜੀ ਨੇ ਵਿਵੇਕ ਦਾ ਪਰਚਾ ਭੀ ਦਿੱਤਾ ਹੈ। ਇਸ਼ਨਾਨ ਮਨੁੱਖ ਦੇ ਤਨ-ਮਨ ਦੀ ਇਕਾਗਰਤਾ ਦਾ ਮੁੱਢਲਾ ਪੜਾਅ ਹੈ। ਸਾਡੇ ਬਜ਼ੁਰਗ ਇਸ ਨੂੰ ਮਿਥਕ ਕਹਾਣੀ ਦੇ ਰੂਪ ਵਿੱਚ ਭੀ ਕਹਿੰਦੇ ਸਨ; ਕਿ ਸਰੀਰ ਤੇ ਪਾਣੀ ਪਾਉਣ ਨਾਲ ਰੱਬ ਯਾਦ ਆ ਜਾਂਦਾ ਹੈ। ਇਸਨਾਨ ਦੀ ਮਹਾਨਤਾ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਬਾਣੀ, ਭਾਈ ਗੁਰਦਾਸ ਜੀ ਤੇ ਇਤਿਹਾਸ ਦੀਆਂ ਬੇਅੰਤ ਗਵਾਹੀਆਂ ਹਨ। ਇੱਕ ਘਰ ਵਿੱਚ ਰਹਿੰਦਾ ਮਨੁੱਖ ਜਦੋਂ ਘਰ ਵਿੱਚ ਰਹਿਣ ਵਾਲੇ ਸਾਥੀਆਂ ਦੇ ਬੋਲਾਂ ਤੋਂ ਤੰਗ ਆ ਜਾਏ, ਤਾਂ ਕਹਿੰਦਾ ਹੈ, 'ਮੈਨੂੰ ਇਸ ਘਰ ਵਿੱਚ ਘੁੱਟਣ ਮਹਿਸੂਸ ਹੁੰਦੀ ਹੈ' ਆਕਸੀਜਨ ਤਾਂ ਘਰ ਵਿੱਚ ਮੌਜੂਦ ਹੀ ਰਹਿੰਦੀ ਹੈ। ਪਰ ਆਬੋ-ਹਵਾ ਵਿੱਚ ਘਰਦਿਆਂ ਦੇ ਬੋਲ ਘਰ ਤੋਂ ਭੱਜਣ ਲਈ ਮਜਬੂਰ ਕਰ ਦਿੰਦੇ ਹਨ। ਇਵੇਂ ਜਿੱਥੇ ਭੀ ਗੁਰੂ-ਬਾਣੀ, ਪ੍ਰਭੂ ਨਾਮ ਦਾ ਸਿਮਰਨ ਜਾਰੀ ਰਹਿੰਦਾ ਹੈ, ਉੱਥੇ ਨਾਮ ਦਾ ਪ੍ਰਤਾਪ ਆਬੋ-ਹਵਾ ਤੇ ਪਦਾਰਥਾਂ ਵਿੱਚ ਪਵਿੱਤਰਤਾ ਭਰ ਦਿੰਦਾ ਹੈ। ਇਹੋ ਕਾਰਣ ਹੈ, ਜਿੱਥੇ ਭੀ ਬਾਣੀ ਦਾ ਪਰਤਾਪ ਜਾਰੀ ਰਹਿੰਦਾ ਹੈ, ਉੱਥੇ ਇਕੱਤਰ ਕੀਤਾ ਪਾਣੀ ਜਲ ਬਣ ਜਾਂਦਾ ਹੈ; ਉਸ ਪਾਣੀ ਦੇ ਸਰੋਤ ਨੂੰ ਅਸੀਂ ਸਰੋਵਰ ਦੇ ਨਾਮ ਨਾਲ ਸਤਿਕਾਰ ਦਿੰਦੇ ਹਾਂ। ਅੰਮ੍ਰਿਤ ਸਰੋਵਰ ਦੀਆਂ ਪ੍ਰਤੱਖ ਗਵਾਹੀਆਂ ਵਰਤਮਾਨ ਸਮੇਂ ਵਿੱਚ ਭੀ ਮੌਜੂਦ ਹਨ। ਬਹੁਤ ਵਾਰ ਅਸੀਂ ਤਰਕ ਦੀ ਹਨੇਰੀ ਆਪਣੀ ਅਗਿਆਨਤਾ ਨਾਲ ਖੜੀ ਕਰਕੇ ਆਪ ਭੀ ਦੁਖੀ ਹੁੰਦੇ ਹਾਂ, ਦੂਜਿਆਂ ਨੂੰ ਭੀ ਦੁਖੀ ਕਰਦੇ ਹਾਂ। ਜਿਵੇਂ ਕਈ ਵਾਰ ਬਹੁਤ ਵੀਰ ਸੁਆਲ ਕਰਦੇ ਹਨ, ਕਿ ਜੇ ਐਸੀ ਤਾਕਤ ਹੈ, ਤਾਂ ਹਰ ਇੱਕ ਲਈ ਰਹਿਮਤ ਕਿਉਂ ਨਹੀਂ ਮਿਲਦੀ। ਜੇ ਹਵਾ ਵਿਚ ਆ ਰਹੀਆਂ ਤਰੰਗਾਂ ਮੋਬਾਇਲ ਦੁਆਰਾ ਹੀ ਗ੍ਰਹਿਣ ਕੀਤੀਆਂ ਜਾਂਦੀਆ ਹਨ, ਪਰ ਐਪਲ ਫੋਨ ਵਾਲੇ ਸਿਸਟਮ ਸਾਦੇ ਮੁਬਾਇਲ ਦੁਆਰਾ ਨਹੀਂ ਪਕੜੇ ਜਾਂਦੇ; ਇਸ ਵਿੱਚ ਸਾਦੇ-ਮੁਬਾਇਲ ਦਾ ਕੀ ਕਸੂਰ ਹੈ। ਕਸੂਰ ਤਾਂ ਸਮਝ ਰੱਖਣ ਵਾਲੇ ਦਾ ਹੈ, ਜਿਹੜਾ ਇਸ ਗੱਲ ਦਾ ਝਗੜਾ ਖੜਾ ਕਰਦਾ ਹੈ।

**ਦਇਆ-ਛੁਧਿਤ ਕਿ ਨਗਨ ਬਿਨਾ ਧਨ ਕੋਇ। ਦਿਹੁ ਭੋਜਨ ਛਾਦਨ ਤਿਸ ਜੋਇ॥ ੧੧॥**
**ਦੇਖਿ ਦੁਖੀ ਕੇ ਦਇਆ ਉਪਵਾਹੁ। ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ ।**
**ਕਰਨ ਦਇਆ ਕੋ ਪੁੰਨ ਘਨੇਰਾ। ਦਇਆ ਕਰਤਿ ਹੁਇ ਬਡਿਹੁਂ ਬਡੇਰਾ॥ ੧੨॥**

**ਅਰਥ** - ਕੋਈ ਭੁੱਖਾ ਜਾਂ ਨੰਗਾਂ ਜਾਂ ਬਿਨਾਂ ਧਨ ਦੇ ਹੋਵੇ; ਉਸਨੂੰ ਭੋਜਨ ਜਾਂ

ਕੱਪੜੇ ਆਦਿ ਦੇਣਾ ਕਰੋ। ਕੋਈ ਕਿਸੇ ਤਰ੍ਹਾਂ ਕਰਕੇ ਦੁਖੀ ਨਜ਼ਰ ਆਉਂਦਾ ਹੈ, ਤਾਂ ਮਨ ਵਿੱਚ ਦਇਆ ਲਿਆਉਣਾ ਕਰੋ। ਜਥਾ ਯੋਗ ਉਸਦੇ ਦੁੱਖ ਨੂੰ ਵੰਡਣਾ ਕਰੋ। ਕਿਉਂਕਿ ਦਯਾ ਕਰਨ ਦਾ ਬਹੁਤ ਵੱਡਾ ਪੁੰਨ ਹੈ। ਦਇਆ ਕਰਦਿਆਂ ਵੱਡਿਆਂ ਤੋਂ ਵੱਡਾ ਹੋ ਜਾਈਦਾ ਹੈ।

**ਭਾਵਾਰਥ** – ਗੁਰੂ ਨਾਨਕ ਸਾਹਿਬ ਜੀ ਦੇ ਬਚਨ ਹਨ, 'ਧੌਲ ਧਰਮੁ ਦਇਆ ਕਾ ਪੂਤੁ" ਹਰ ਧਰਮ ਦੀ ਸ਼ੁਰੂਆਤ ਦਇਆ ਤੋਂ ਹੁੰਦੀ ਹੈ; ਜੇ ਧਰਮ ਵਿੱਚੋਂ ਦਯਾ ਖਤਮ ਹੋ ਜਾਏ ਤਾਂ ਧਰਮ ਜ਼ੁਲਮ ਬਣ ਜਾਂਦਾ ਹੈ। ਲੋਕਾਂ ਦੇ ਦਿਲਾਂ ਵਿੱਚ ਧਰਮ ਦੀ ਥਾਂ ਜ਼ੁਲਮ ਦੁਆਰਾ ਦਿੱਤੇ ਗਏ ਤਸੀਹੇ ਮੱਲ ਲੈਂਦੇ ਹਨ। ਤਸੀਹਿਆਂ ਤੋਂ ਤੰਗ ਆਈ ਲੋਕਾਈ ਲਈ ਦਯਾਨਿਧਿ ਦਇਆ ਦੁਆਰਾ ਧਰਮ ਦਾ ਨਵਾਂ ਸਰੂਪ ਪੇਸ਼ ਕਰ ਦਿੰਦਾ ਹੈ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਬਣਾਇਆ ਹੀ ਇਸ ਪ੍ਰਕਾਰ ਹੈ, ਕਿ ਖਾਲਸਾ ਦਇਆ ਤੋਂ ਦੂਰ ਨਾ ਜਾ ਸਕੇ। ਖਾਲਸੇ ਦੇ ਜੀਵਨ ਦਾ ਕਰਮ ੧ੴ ਤੋਂ ਸ਼ੁਰੂ ਕੀਤਾ ਜਾਂਦਾ ਹੈ, 'ਤੇਰੇ ਭਾਣੇ ਸਰਬੱਤ ਦੇ ਭਲੇ' ਉੱਪਰ ਪੂਰਾ ਕੀਤਾ ਜਾਂਦਾ ਹੈ। ਇਹੀ ਕਾਰਣ ਹੈ, ਸੰਸਾਰ ਭਰ ਵਿੱਚ ਖਾਲਸੇ ਦੇ ਦੁਖ-ਵੰਡਾਉਣ ਵਾਲਾ ਸੁਭਾਅ ਜ਼ਾਹਿਰ ਹੈ; ਕਿਤੇ ਹੜ੍ਹ ਆਉਣ, ਭੁਚਾਲ ਨਾਲ ਨੁਕਸਾਨ ਹੋਵੇ, ਸੁਨਾਮੀ ਦੁਆਰਾ ਮਾਨਵਤਾ ਕੁਰਲਾਉਂਦੀ ਹੋਵੇ ਖਾਲਸਾ ਦੁੱਖ-ਵੰਡਾਉਣ ਲਈ ਸਭ ਤੋਂ ਅੱਗੇ ਹੁੰਦਾ ਹੈ। ਵਰਤਮਾਨ ਅੰਦਰ!! ਇਸ ਦਇਆ ਦੇ ਕਾਰਜ ਨੂੰ ਘਰ-ਘਰ ਤੋਂ ਲਹਿਰ ਦੇ ਪੱਧਰ ਉੱਪਰ ਖੜਾ ਕਰਨ ਦੀ ਜਰੂਰਤ ਹੈ, ਜਿਸ ਲਈ ਭਾਈ ਸਾਹਿਬ ਜੀ ਦਾ ਕਥਨ 'ਦੁਖੀ ਨੂੰ ਵੇਖ ਕੇ ਯਥਾ ਯੋਗ ਦੁੱਖ ਦੂਰ ਕਰਨ ਦਾ ਯਤਨ ਕਰੋ' ਧਿਆਨ ਦੀ ਮੰਗ ਕਰਦਾ ਹੈ। ਅੱਜ ਅਸੀਂ ਦੂਜਿਆਂ ਦੇ ਦੁਖ-ਵੰਡਾਉਣ ਲਈ ਸੰਸਥਾਵਾਂ ਹੋਂਦ ਵਿੱਚ ਲਿਆਉਂਦੇ ਹਾਂ; ਤ੍ਰਾਸਦੀ ਸਾਡੇ ਸਾਹਮਣੇ ਮੂੰਹ ਅੱਡੀ ਡਰਾਉਂਦੀ ਹੈ। ਕੋਈ ਪਖੰਡੀ ਜਿਹਾ ਆਉਂਦਾ ਹੈ, ਗੌਰਵਸ਼ਾਲੀ ਪੰਜਾਬੀ ਇਤਿਹਾਸ ਦੇ ਵਾਰਸਾਂ ਨੂੰ ਆਪਣੇ ਪਿੱਛੇ ਲਾ ਕੇ ਸਾਡੇ ਘਰ ਵਿੱਚ ਹੀ ਧਮਕਾਉਣ ਲੱਗ ਜਾਂਦਾ ਹੈ। ਅਸੀਂ ਉਸ ਦਾ ਮੁਕਾਬਲਾ ਕਰਨ ਦੀ ਥਾਂ 'ਤੇ ਆਪਣੇ ਹੀ ਵੀਰਾਂ ਤੇ ਭੈਣਾਂ ਨਾਲ ਲੜਨ ਲੱਗ ਜਾਂਦੇ ਹਾਂ। ਜਦੋਂ ਕਿ ਸਾਡਾ ਫਰਜ਼ ਬਣਦਾ ਹੈ, ਕਿ ਦੁਸਟ ਲੋਕਾਂ ਦੀ ਚਾਲ ਸਮਝ ਕੇ ਉਸ ਪ੍ਰਤੀ ਜਾਗਰੂਕ ਕਰਨਾ ਤੇ ਉਹ ਕਾਰਨ ਲੱਭਣੇ ਜਿਹਨਾਂ ਕਰਕੇ ਸਾਡੇ ਵੀਰ/ਭੈਣਾਂ ਪਖੰਡੀਆਂ ਦੇ ਪਿੱਛੇ ਲੱਗ ਕੇ ਆਪਣੇ ਹੀ ਘਰਾਂ ਵਿੱਚ ਕਲੇਸ਼ ਖੜਾ ਕਰ ਲੈਂਦੇ/ਲੈਂਦੀਆਂ ਹਨ। ਗਰੀਬੀ ਦੀ ਦਸਤਕ ਨੇ ਹਰ ਘਰ ਵਿੱਚ ਮੌਤ ਦਾ ਤਾਂਡਵ ਨਾਚ ਸ਼ੁਰੂ ਕਰ ਲਿਆ



ਹੈ, ਲੋੜ ਹੈ! ਆਪਣੇ ਗਵਾਂਢੀਆਂ ਦੀ ਦੁੱਖਾਂ ਤੋਂ ਨਿਜਾਤ ਦਿਵਾਉਣ ਲਈ ਦਯਾ ਵਾਲੇ ਸਰੂਪ ਧਾਰਨ ਕਰਨ ਦੀ। ਕਿਸੇ ਦੁਖੀ ਨੂੰ ਹੱਲਾਸ਼ੇਰੀ ਦੇ ਕੇ ਦੁੱਖ ਨਾਲ ਲੜਨ ਦੀ ਸਮਰੱਥਾ ਪੈਦਾ ਕਰ ਦੇਣੀ ਭੀ ਬਹੁਤ ਵੱਡੀ ਸਹਾਇਤਾ ਹੈ। ਆਪਸੀ ਮਿਲਵਰਤਣ ਦੀ ਕੂੰਜੀ ਦਯਾ ਹੀ ਹੈ।

**ਜੇ ਜੇ ਬਡੇ ਦਯਾ ਉਰ ਧਾਰੈਂ। ਮਨ ਕੋਮਲ ਤੇ ਕਸ਼ਟ ਨਿਵਾਰੈਂ।**
**ਕਰਹਿਂ ਦੀਨ ਕੋ ਸੁਖੀ ਬਿਸਾਲਾ। ਆਦਿ ਪ੍ਰਮੇਸ਼ੁਰ ਬਡੇ ਕ੍ਰਿਪਾਲਾ॥ ੧੩॥**

**ਅਰਥ** – ਜਿਹੜੇ ਵੀ ਵੱਡੇ-ਵੱਡੇ ਹੋਏ ਹਨ, ਉਹਨਾਂ ਨੇ ਦਯਾ ਹੀ ਧਾਰਨ ਕੀਤੀ ਹੈ। ਉਹਨਾਂ ਦੇ ਮਨ ਕੋਮਲ ਹੋਣ ਕਰਕੇ ਸਭ ਦੇ ਕਸ਼ਟ ਨਿਵਰਤ ਕਰਦੇ ਹਨ। ਇਸ ਲਈ ਦੁਖੀਆਂ ਨੂੰ ਹਮੇਸ਼ਾ ਸੁਖੀ ਕਰਨ ਦਾ ਯਤਨ ਕਰਦੇ ਰਹੋ। ਇਸ ਤਰ੍ਹਾਂ ਪ੍ਰਮੇਸ਼ਰ ਤੋਂ ਲੈ ਕੇ ਸਾਰੇ ਵੱਡੇ ਬਹੁਤ ਕ੍ਰਿਪਾਲੂ ਹੋ ਜਾਂਦੇ ਹਨ।

**ਭਾਵਾਰਥ** – ਦਯਾਵਾਨ ਹਮੇਸ਼ਾ ਸਭ ਨੂੰ ਇੱਕੋ ਤਰ੍ਹਾਂ ਨਾਲ ਦੇਖਦੇ ਹਨ; ਪਰ ਆਪਣੇ ਧਰਮ ਦੁਆਰਾ ਮਿਲੀ ਹੋਈ ਸਿੱਖਿਆ ਤੇ ਮਾਣ ਮਹਿਸੂਸ ਕਰਦੇ ਹਨ। ਖਾਲਸਾ ਆਪਣੀ ਨਿਆਰੀ ਹੋਂਦ ਉੱਪਰ ਮਾਣ ਮਹਿਸੂਸ ਕਰਦਾ ਹੈ, ਇਸ ਵੱਲ ਗੈਰ-ਅੱਖ ਨਾਲ ਵੇਖਣ ਵਾਲੇ ਲਈ ਗਿਆਨ ਦੀ ਖੜਗ ਨਾਲ ਜੁਆਬ ਭੀ ਦਿੰਦਾ ਹੈ। ਦਯਾ ਦਾ ਕਦੇ ਵੀ ਪੱਲਾ ਨਹੀਂ ਛੱਡਦਾ। ਜਿਸ ਕਿਸੇ ਨੇ ਵੀ ਹਕੂਮਤ ਵਿੱਚ ਆ ਕੇ ਖਾਲਸੇ ਨਾਲ ਟੱਕਰ ਲਈ, ਉਸਦਾ ਮੂੰਹ ਤੋੜ ਜੁਆਬ ਦਿੱਤਾ ਅਤੇ ਜਦੋਂ ਹਕੂਮਤ ਵਾਲਿਆ ਦੀ ਕੌਮੀਅਤ ਨੂੰ ਦਯਾ ਦੇ ਸਹਾਰੇ ਦੀ ਲੋੜ ਪਈ ਖਾਲਸਾ ਸਭ ਤੋਂ ਅਗਲੀ ਕਤਾਰ ਵਿੱਚ ਖੜਾ ਨਜ਼ਰ ਆਇਆ। ਕਿਉਂਕਿ ਖਾਲਸੇ ਦਾ ਗੁਰੂ ਸਾਹਿਬ ਜੀ ਨੇ ਮਨ ਬਹੁਤ ਕੋਮਲ ਬਣਾਇਆ ਹੈ। ਕਿਸੇ ਦੁਸ਼ਮਣ ਦੇ ਮੰਦੇ ਮਨਸੂਬਿਆਂ ਨੂੰ ਖਤਮ ਕਰਨ ਲਈ ਭੀ ਜਾਂਦਿਆ ਖਾਲਸਾ ਵਾਹਿਗੁਰੂ ਜੀ ਤੇ ਵਿਸ਼ਵਾਸ ਰਖਦਾ ਹੈ, ਕਿ ਮੇਰੇ ਵਾਹਿਗੁਰੂ ਜੀ ਨੇ ਮੈਨੂੰ ਇਸ ਕਾਰਜ ਲਈ ਚੁਣਿਆ ਹੈ। ਵਡਿਆਈ ਤਾਂ ਮੇਰੇ ਪ੍ਰਮਾਤਮਾ ਦੀ ਹੈ। ਉਹ ਕਦੇ ਵੀ ਕਰਮ ਕਰਕੇ ਹੰਕਾਰ ਨਹੀਂ ਕਰਦਾ। ਜਿੰਨੇ ਭੀ ਸੰਸਾਰ ਤੇ ਵਡਿਆਈ ਵਾਲੇ ਹੋਏ ਹਨ, ਸਭ ਨੇ ਦਯਾ ਤੋਂ ਹੀ ਵਡਿਆਈ ਪ੍ਰਾਪਤ ਕੀਤੀ ਹੈ। ਕਿਉਂਕਿ ਪ੍ਰਮੇਸ਼ਰ ਸਭ ਤੋਂ ਵੱਡਾ ਦਿਆਲੂ ਹੈ। ਖਾਲਸਾ ਧਰਤੀ ਤੇ ਪ੍ਰਮੇਸ਼ਰ ਦਾ ਸਰੀਰਧਾਰੀ ਰੂਪ ਹੈ। "ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ" ਇਸ ਲਈ ਹੀ ਖਾਲਸਾ ਜਿੱਥੇ ਗੌਰਵਸ਼ਾਲੀ ਗਿਆਨ ਦਾ ਮਾਲਕ ਹੈ, ਉੱਥੇ ਦਯਾ ਦਾ ਸਰੂਪ ਹੈ। ਵੰਡ ਛੱਕਣਾ ਇਸ ਦੀ ਅਮੀਰ ਵਿਰਾਸਤ ਹੈ। ਵਰਤਮਾਨ ਤ੍ਰਸਾਦੀ ਵਿੱਚ

ਹਰ ਪਹਿਲੂ ਤੇ ਨਿਗ੍ਹਾ ਮਾਰਨੀ ਹੋਵੇਗੀ ਤਾਂ ਹੀ ਦਯਾ ਕਰਨ ਲਈ ਆਪਣੀ ਹੈਸੀਅਤ ਨੂੰ ਸੰਭਾਲ ਸਕਾਗੇ; ਨਹੀਂ ਤਾਂ ਦੁਸ਼ਮਣ ਸਾਡੇ ਚੰਗੇ ਗੁਣਾਂ ਨੂੰ ਹੀ ਸਾਡੇ ਲਈ ਹਥਿਆਰ ਬਣਾ ਕੇ ਵਰਤਦਿਆਂ ਸਾਨੂੰ ਖਤਮ ਕਰਨਗੇ। ਮਨਮੋਹਣ ਸਿੰਘ ਜੰਮੂ ਦੇ ਬੋਲ ਧਿਆਨ ਮੰਗਦੇ ਹਨ, "ਸਿੱਖਾਂ ਨੂੰ ਸ਼ੇਰ ਦੀ ਬਾਦਸ਼ਾਹਤ ਵਾਲੀ ਅਜ਼ਾਦ ਬ੍ਰਿਤੀ ਦੇ ਨਾਲ ਬਾਜ਼ ਜਿਹੀ ਦੂਰਅੰਦੇਸ਼ ਸੋਚ ਤੇ ਪਰਵਾਜ਼ ਨੂੰ ਵੀ ਜੀਵਨ ਦਾ ਹਿੱਸਾ ਬਣਾਉਣਾ ਪਵੇਗਾ। ਇਸ ਦੇ ਨਾਲ ਨਾਲ ਲੋੜ ਪੈਣ ਤੇ ਲਹੂ ਪੀਣੀਆ ਜੋਕਾਂ ਨੂੰ ਝਾੜਨ ਲਈ ਤੇਗ ਦੀ ਧਾਰ ਨੂੰ ਵਰਤਣਾ ਪੈ ਸਕਦਾ ਹੈ। ਪਰ ਗੁਰੂ ਨਾਨਕ ਸਾਹਿਬ ਵਾਂਗ ਦਲੀਲ/ਗੁਰਮਤਿ ਦੀ ਕਸੌਟੀ ਅਤੇ ਹਰ ਇੱਕ ਬਿਪਰਵਾਦੀ ਹਮਲੇ ਨੂੰ ਨਕਾਰਨ ਲਈ ਕੌਮ ਨੂੰ ਲੋਕ ਲਹਿਰ ਦੇ ਰਾਹ ਤੋਰਨਾ ਪਵੇਗਾ, ਫਿਰ ਜਾ ਕੇ ਅਜਿਹੇ ਹਮਲੇ ਤੇ ਹਮਲਾਵਰਾਂ ਤੋਂ ਕੌਮ ਦੀ ਜਵਾਨੀ ਨੂੰ ਬਚਾਇਆ ਅਤੇ ਪੰਥ ਦੀ ਚੜਦੀ ਕਲਾ ਦਾ ਝੰਡਾ ਗੱਡਿਆ ਜਾ ਸਕਦਾ ਹੈ।" ਸਾਡਾ ਕੇਸਰੀ ਨਿਸ਼ਾਨ (ਝੰਡਾ) ਹੀ ਦਯਾ ਦਾ ਸੁਨੇਹਾ ਹੈ, ਜਿਹੜਾ ਸਭ ਨੂੰ ਅਵਾਜਾਂ ਮਾਰਦਾ ਹੈ, ਕਿ ਆਓ!! ਜਿਸਨੂੰ ਭੋਜਨ, ਕੱਪੜੇ ਆਦਿ ਜੋ ਭੀ ਲੋੜ ਹੈ; ਆਓ! ਗੁਰੂ ਸਾਹਿਬ ਸਭ ਬਖਸ਼ਿਸਾਂ ਨਾਲ ਨਿਵਾਜਣ ਵਾਲੇ ਹਨ।

**ਸਚੁ:- ਸਚੁ ਬੋਲਹੁ ਸੁਖਿ ਦੇਤਿ ਬਡੇਰਾ। ਤਜਹੁ ਕੂਰ ਦੁਖ ਦਾਯ ਘਨੇਰਾ।**

**ਅਰਥ** – ਹਮੇਸ਼ਾ ਸੱਚ ਬੋਲਣ ਵਾਲੇ ਨੂੰ ਸੱਚ ਬਹੁਤ ਵੱਡਾ ਸੁੱਖ ਦਿੰਦਾ ਹੈ। ਝੂਠ ਬਹੁਤ ਦੁਖਦਾਈ ਹੈ, ਇਸਨੂੰ ਛੱਡ ਦੇਣਾ ਕਰੋ।

**ਭਾਵਾਰਥ** – ਸੇਵਾ ਦੁਆਰਾ ਗੁਰਬਾਣੀ ਪੜ੍ਹਨ ਵਾਲੇ ਦੇ ਜੀਵਨ ਵਿੱਚ ਜਦੋਂ ਦਯਾ ਪ੍ਰਧਾਨ ਹੋਵੇ; ਤਦੋਂ ਉਸਨੂੰ ਸੱਚ ਦੀ ਅਸਲੀ ਪਹਿਚਾਣ ਹੁੰਦੀ ਹੈ। ਅਸੀਂ ਸੱਚ ਨੂੰ ਕੇਵਲ ਝੂਠ ਦੇ ਨਜ਼ਰੀਏ ਤੋਂ ਵੇਖਣ ਪਰਖਣ ਦੀ ਜਾਂਚ ਰੱਖਦੇ ਹਾਂ। ਪਰ ਭਾਈ ਸਾਹਿਬ ਜੀ ਨੇ ਇੱਥੇ ਸ਼ਬਦ 'ਕੂਰ' ਵਰਤਿਆ ਹੈ। ਕਾਨ੍ਹ ਸਿੰਘ ਨਾਭਾ ਨੇ ਜਿਸ ਦੇ ਅਰਥ 'ਅਸੱਤ, ਕੂੜ ਤੇ ਝੂਠ' ਕੀਤੇ ਹਨ। ਝੂਠ ਬੋਲ ਕੇ ਕਿਸੇ ਦਾ ਜੀਵਨ ਬਰਬਾਦ ਕਰਨਾ ਸਭ ਤੋਂ ਵੱਡਾ ਪਾਪ ਹੈ। ਸੱਚ ਬੋਲ ਕੇ ਕਿਸੇ ਦੇ ਜੀਵਨ ਨੂੰ ਜਨ-ਇਕੱਠ ਵਿੱਚ ਛੱਲਣੀ ਕਰਨਾ ਭੀ ਦੁਖਦਾਈ ਹੀ ਹੁੰਦਾ ਹੈ। ਇਸ ਲਈ ਹੀ ਕਿਹਾ ਹੈ, "***ਸਤ ਬਚਨ ਅਰ ਪਯਾਰੋ ਜੋਈ। ਬੁੱਧਿਮਾਨ ਜਨ ਭਾਖੇ ਸੋਈ॥ ਪ੍ਰਿਯ ਨ ਹੁਵੈ ਪੁਨਿ ਵਾਕ ਸੱਤ ਹੈ। ਕਹੈ ਨਾਹਿ ਸੋ ਸ਼ਬਦ ਮੱਤਿ ਹੈ॥ ਲਾਗੇ ਮਧੁਰ ਝੂਠ ਹੈ ਵਾਕੋ। ਨਾਹਿ ਕਹੂੰ ਪ੍ਰਤਿ ਭਾਖੇ ਤਾਂਕੋ॥-ਸਾਰਕੁਤਾਵਲੀ***" ਇਹਨਾਂ ਪੰਗਤੀਆਂ ਵਿੱਚ 'ਸੱਚ ਤੇ ਝੂਠ' ਬੋਲਣ



ਦੀ ਕੀਮਤ ਅਤੇ ਵਰਤੋਂ ਦੱਸੀ ਗਈ ਹੈ। ਆਪਣਾ ਜੀਵਨ ਅਤੇ ਦੂਜਿਆਂ ਦਾ ਜੀਵਨ ਕਿਸੇ ਸੰਕਟ ਵਿੱਚ ਨਾ ਪਵੇ, ਉਹਨਾਂ ਬੋਲਾਂ ਦੀ ਸੱਚਾਈ ਸਭ ਤੋਂ ਮਹਾਨ ਹੈ; ਅਤੇ ਕੂਰ ਦੀਆਂ ਤਿੰਨੇ ਪਰਤਾਂ ਤੋਂ ਬੇਲਾਗ ਰਹਿੰਦੀ ਹੈ। ਉਹਨਾਂ ਦੇ ਸੱਚੇ ਬੋਲ ਲੋਕਾਂ ਨੂੰ ਖਰਵੇਪਣ ਦੀ ਦੁਖਦਾਈ ਪੀੜਾ ਤੋਂ ਰਹਿਤ ਲੱਗਦੇ ਹਨ। ਬੋਲਾਂ ਨਾਲ ਹੀ ਦੁਨੀਆਂ ਨਾਲ ਸਾਂਝ ਪੈਂਦੀ ਹੈ। ਪ੍ਰਾਣੀ ਮਾਤਰ ਦੇ ਜੀਵਨ ਵਿੱਚ ਸੱਚ ਦੀ ਅਸਲੀਅਤ ਜਣਾਉਣ ਲਈ ਹੀ 'ਸੱਚੀ ਗੁਰਬਾਣੀ' ਨਾਲ ਜੁੜਨ ਦਾ ਸ਼ੰਦੇਸ਼ ਦਿੱਤਾ ਹੈ। ਗੁਰਸਿੱਖ ਆਪਣੀ ਜ਼ਿੰਦਗੀ ਨੂੰ ਗੁਰਬਾਣੀ ਨਾਲ ਜੋੜ ਕੇ ਸੱਚ ਅਧਾਰਿਤ ਜੀਵਨ ਜਿਉਂਦਾ ਹੈ; ਹਰ ਇੱਕ ਨੂੰ ਗੁਰਬਾਣੀ ਪ੍ਰਤੀ ਸੁਚੇਤ ਕਰ ਦਿੰਦਾ ਹੈ। ਸੰਸਾਰਿਕ ਕਾਰਗੁਜ਼ਾਰ ਦਾ ਅਧਾਰ ਪੈਸਾ ਹੈ, ਕਿਸੇ ਨੇ ਕਦੇ ਤਿਆਗਿਆ ਨਹੀਂ। ਇਸੇ ਪ੍ਰਕਾਰ ਜੀਵਨ ਲਈ ਸੁਖਦਾਇਕ ਨਿਰੰਕਾਰ ਦਾ ਨਾਮ ਹੈ, ਇਹ ਭੀ ਕਿਸੇ ਨੂੰ ਬੁਰਾ ਨਹੀਂ ਲੱਗਣਾ ਚਾਹੀਦਾ। ਮਨੁੱਖ ਨੂੰ ਪੈਸੇ ਪ੍ਰਤੀ ਸੁਚੇਤਤਾ ਮਾਂ-ਬਾਪ ਤੋਂ ਲੈ ਕੇ ਹਰ ਮਿਲਣ ਵਾਲੇ ਰਾਂਹੀ ਬਚਪਨੇ ਤੋਂ ਹੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਇਵੇਂ ਸਾਡੇ ਘਰਾਂ ਤੋਂ ਪ੍ਰਚਾਰਕਾਂ ਰਾਂਹੀ ਜੇ ਇਹ ਸਿੱਖਿਆ ਮਿਲਣੀ ਸ਼ੁਰੂ ਹੋ ਜਾਏ, ਤਾਂ ਅਸਰ ਸਾਫ ਨਜ਼ਰ ਆਏਗਾ। ਪਰ ਬਹੁਤ ਸਾਰੇ ਗੁਰਮੁਖ ਪਿਆਰੇ ਗੁਰ-ਸ਼ਬਦ ਦਾ ਪ੍ਰਚਾਰ ਕਰਦੇ ਹਨ, ਉਹਨਾਂ ਦੇ ਮੁੱਖ ਵਿੱਚੋਂ ਨਿਕਲੇ ਸ਼ਬਦ ਬਹੁਤ ਲੋਕਾਂ ਨੂੰ ਸਿੱਧੇ ਰਾਹ ਤੋਰ ਦਿੰਦੇ ਹਨ। ਲੋਕ ਉਹਨਾਂ ਦਾ ਸਤਿਕਾਰ ਕਰਦੇ ਹਨ, ਕਈ ਉਹਨਾਂ ਨੂੰ ਗੁਰੂ ਸਾਹਿਬਾਨ ਜੀ ਤੁਲ ਸਮਝਣ ਲਗ ਜਾਂਦੇ ਹਨ। ਜਿਹਨਾਂ ਵਿੱਚ ਦੂਰ-ਅੰਦੇਸ਼ਤਾ ਦੀ ਘਾਟ ਹੁੰਦੀ ਹੈ ਉਹਨਾਂ (ਪ੍ਰਚਾਰਕਾਂ) ਨੂੰ ਸਮਝ ਨਹੀਂ ਹੁੰਦੀ, ਉਹ ਭਰਮ ਪਾਲ ਲੈਂਦੇ ਹਨ, ਉਹ ਆਪਣਾ ਤਾਂ ਨੁਕਸਾਨ ਕਰਦੇ ਹੀ ਹਨ; ਸਗੋਂ ਪ੍ਰਚਾਰ ਪ੍ਰਤੀ ਸਤਿਕਾਰ ਰੱਖਣ ਵਾਲਿਆਂ ਵਿੱਚ ਦਰਾੜ ਖੜੀ ਕਰ ਦਿੰਦੇ ਹਨ। ਦੂਜੇ ਪਾਸੇ ਇੱਕ ਹੋਰ ਵਰਗ ਉੱਠਦਾ ਹੈ, ਜਿਹੜਾ ਇਸ ਦੀ ਭੰਡੀ ਕਰਨੀ ਪਰਮ ਧਰਮ ਸਮਝਦਾ ਹੈ। ਲੋੜ ਤਾਂ ਚਾਹੀਦੀ ਹੈ, ਕਿ ਰੋਗੀ ਦੇ ਰੋਗ ਦਾ ਇਲਾਜ ਕੀਤਾ ਜਾਏ, ਪਰ ਲੜਾਈ ਦਾ ਭਿਆਨਕ ਰੋਗ ਬਣਾ ਦਿੱਤਾ ਜਾਂਦਾ ਹੈ, ਜਿਸ ਨਾਲ ਇੱਕ ਭਰਾਵਾਂ ਵਰਗੀ ਕੌਮ ਆਪਿਸ ਵਿੱਚ ਹੀ ਉਲਝ ਕੇ ਰਹਿ ਜਾਂਦੀ ਹੈ। ਪ੍ਰਚਾਰ ਹੀ ਲੜਾਈ ਦਾ ਕਾਰਨ ਬਣ ਜਾਂਦਾ ਹੈ। ਲੋੜ ਹੈ ਸਾਜੀਦ ਹੋ ਕੇ ਸੱਚ ਨੂੰ ਸਮਝਣ ਤੇ ਪ੍ਰਚਾਰਨ ਦੀ

**ਮੈਤ੍ਰੀ ਭਾਵ-ਪਰ ਸੁਖਿ ਪਿਖਿ ਤਪਤਉ ਉਰ ਨਾਂਹੀ। ਪਾਪ ਬਿਅਰਥ ਹੋਤਿ ਸਿਰ ਤਾਹੀ॥੧੪॥**

**ਇਕ ਤੌ ਰਿਦਾ ਤਪਹਿ ਦੁਖ ਪਾਵੈ । ਪਿਖਹੁ ਭਲੇ ਕਛੁ ਹਾਥ ਨ ਆਵੈ।**

**ਪੁਨ ਪਰਮੇਸ਼ਰ ਕੋਪ ਕਰੰਤਾ। -ਮੋਹਿ ਦਿਯੋ ਪਿਖਿ ਏਹ ਜਰੰਤਾ- ॥ ੧੫ ॥**
**ਤਯਾਗਣੇ ਜੋਗ ਕਰਮ – ਇੱਤਯਾਦਿਕ ਇਸ ਮਹਿਂ ਬਹੁ ਦੋਖ।**

**ਅਰਥ** - ਪਰਾਏ ਦਾ ਸੁੱਖ ਵੇਖ ਕੇ ਮਨ ਵਿੱਚ ਸਾੜਾ (ਸੜਨ) ਨਾ ਪੈਦਾ ਹੋਵੇ। ਕਿਉਂਕਿ ਇਸ ਨਾਲ ਵਾਧੂ ਦਾ ਸਿਰ ਤੇ ਭਾਰ ਚੜ ਜਾਂਦਾ ਹੈ। ਪਹਿਲੀ ਗੱਲ ਹਿਰਦਾ ਤਪਦਾ ਹੈ, ਮਨ ਦੁਖੀ ਹੁੰਦਾ ਹੈ। ਚੰਗੀ ਤਰ੍ਹਾਂ ਨਿਰਨਾ ਕਰਕੇ ਵੇਖ ਲਉ ਇਸ ਤਰਾਂ ਪੱਲੇ ਕੁੱਝ ਨਹੀਂ ਪੈਂਦਾ। ਵੱਡੀ ਗੱਲ ਪ੍ਰਮਾਤਮਾ ਬਹੁਤ ਕਰੋਪ ਹੋ ਜਾਂਦਾ ਹੈ। ਕਿ (ਰੱਬ ਵੱਲੋਂ) – ਮੇਰੇ ਦਿੱਤੇ ਹੋਏ ਉੱਪਰ ਇਹ ਬਿਨਾਂ ਮਤਲਬ ਤੋਂ ਸੜਦਾ ਹੈ। ਇਸ ਤੋਂ ਆਦਿਕ ਇਸ ਵਿੱਚ ਬਹੁਤ ਦੋਸ਼ ਹਨ।

**ਭਾਵਾਰਥ** - ਮੈਤ੍ਰੀਭਾਵ ਮਨ ਦੀ ਉਸ ਅਵਸਥਾ ਦਾ ਨਾਮ ਹੈ, ਜਿੱਥੇ ਦੂਜੇ ਲਈ ਪਿਆਰ ਤੇ ਭਲੇ ਦੀ ਭਾਵਨਾ ਬਲਵਾਨ ਹੋਵੇ। "ਸੁਖੀਯਨ ਮੈ ਜਨ ਮੇਂ ਉਰ ਧਰੇਂ॥" "ਮੈਤ੍ਰੀ ਕਰੁਣਾ ਮੁਦਿਤਾ ਔਰ ਉਪੇਖਯਾ ਜਾਨ॥ ਚਾਰ ਬਹਿਨ ਹਮ ਜੀਵ ਕੀ ਕਰੇਂ ਸਗਲ ਮਲ ਹਾਨ॥-ਪ੍ਰਬੋਧ ਚੰਦਰ ਨਾਟਕ"। ਬਾਹਰੀ ਤੌਰ 'ਤੇ ਬਹੁਤ ਵਾਰ ਮਨੋਭਾਵ ਸਾਂਝੇ ਕਰਨ ਲਈ ਸਾਡੇ ਕੋਲ ਸ਼ਬਦਾਂ ਦਾ ਭੰਡਾਰ ਨਹੀਂ ਹੁੰਦਾ। ਕਿਉਂਕਿ ਮਨੁੱਖੀ ਮਾਨਸਿਕ ਅਵਸਥਾ ਬਾਹਰੀ ਉਦਾਹਰਣਾਂ ਨੂੰ ਵੇਖ ਜਾਂ ਸਰੀਰਕ ਸੁਭਾਅ ਅਨੁਸਾਰ ਹੀ ਸਮਝਦੀ ਹੈ। ਜੀਵਨ ਦਾ ਅਸਲੀ ਸੁੱਖ ਤਾਂ ਕੋਈ ਰੱਬ ਦਾ ਪਿਆਰਾ ਹੀ ਪਾਪ ਤ ਕਰਦਾ ਹੈ; ਨਹੀਂ ਤਾਂ ਸਾਰੀ ਸ੍ਰਿਸ਼ਟੀ ਦਾ ਰਾਜ ਪਾ ਕੇ ਵੀ ਦੁਖੀ ਹੀ ਰਹਿੰਦਾ ਹੈ। ਬਹੁਤਾਤ ਦੇ ਜੀਵਨ ਕਰਮਾਂ ਨੂੰ ਧਿਆਨ ਵਿੱਚ ਰੱਖਦਿਆਂ ਭਾਈ ਸਾਹਿਬ ਨੇ ਲਿਖਿਆ ਹੈ 'ਪਰਾਏ ਦਾ ਸੁੱਖ ਵੇਖ ਕੇ ਦੁਖੀ ਨਾ ਹੋਵੇ'। ਜਿਹੜਾ ਆਪ ਸੁੱਖ ਚਾਹੁੰਦਾ ਹੋਵੇ, ਦੂਜੇ ਦੇ ਸੁੱਖ ਨੂੰ ਵੇਖ ਕੇ ਦੁਖੀ ਹੋ ਰਿਹਾ ਹੋਵੇ, ਤਾਂ ਅੰਦਰਲਾ 'ਆਤਮਾ' ਹੀ ਨਰਾਜ਼ ਹੋ ਜਾਂਦਾ ਹੈ। ਆਤਮਾ ਸਾਨੂੰ ਖੁਸ਼ੀ ਪ੍ਰਦਾਨ ਕਰਦੀ ਹੈ। ਜਿਸ ਨਾਲ ਕੰਮ ਕਰਨ ਲਈ ਉਤਸ਼ਾਹ ਮਿਲਦਾ ਹੈ। ਮਨੁੱਖ ਨੂੰ ਸੁੱਖਾਂ ਦੇ ਬਨਸਿਬਤ ਦੁੱਖਾਂ ਦੇ ਅਨਭਵ ਬਹੁਤ ਤਦਾਦ ਵਿੱਚ ਹੁੰਦੇ ਹਨ। ਤਾਂ ਹੀ ਮਨੁੱਖ ਆਪਣੇ ਦੁੱਖ ਤੇ ਪਰਾਏ ਦੇ ਸੁੱਖ ਨੂੰ ਆਪਣੇ ਨਜ਼ਰੀਏ ਤੋਂ ਵੇਖਦਾ ਅਤੇ ਸਮਝਦਾ ਹੈ। ਫਲਸਰੂਪ ਮਨੁੱਖ ਦੇ ਅੰਦਰ ਦੂਜੇ ਦੇ ਸੁੱਖਾਂ ਨੂੰ ਵੇਖ ਕੇ ਈਰਖਾ ਪੈਦਾ ਹੋ ਜਾਂਦੀ ਹੈ। ਚੰਚਲ ਬਾਂਦਰ ਤੇ ਕਰਮਸ਼ੀਲ ਬਿਜੜੇ ਦੇ ਸੰਵਾਦ ਰਾਹੀਂ ਵੀਚਾਰ ਹੋਰ ਸ਼ਪਸ਼ਟ ਹੋ ਜਾਂਦੀ ਹੈ। "ਸੂਚੀ ਮੁਖ ਵਿਭਚਾਰਨੀ ਰੰਡੇ ਪੰਡਿਤ ਰਾਰ॥ ਨਾਹਿ ਬਲ ਨਿਜ ਰਚਨ ਮੈ ਸਮਰਥ ਹਤ ਤਵ ਅਗਾਰ॥- ਸਾਰਕੁਤਾਵਲੀ"



**ਸੰਤੋਖ - ਲਾਲਚ ਤਜੈ ਧਰੈ ਸੰਤੋਖਪਰ ਤ੍ਰਿਯ ਪਰਧਨ ਪਰ ਕੀ ਅੰਸ਼।**
**ਨਹਿ ਲਿਹੁ ਲੇਹਿ ਜੁ ਕਰਹਿ ਬਿੰਧ੍ਰਸ ॥ ੧੬ ॥**

**ਅਰਥ** – ਲਾਲਚ ਨੂੰ ਤਿਆਗਣ ਦਾ ਨਾਮ ਸੰਤੋਖ ਧਾਰਨ ਕਰਨਾ ਹੈ। ਪਰਾਈ ਇਸਤ੍ਰੀ, ਪਰਾਇਆ ਧਨ ਤੇ ਪਰਾਈ ਅੰਸ਼ ਜਿੱਥੇ ਵੀ ਨਜ਼ਰ ਆਏ; ਇਸਨੂੰ ਕਦੇ ਭੀ ਗ੍ਰਹਿਣ ਨਾ ਕਰੇ ਕਿਉਂਕਿ ਇਹ ਜੀਵਨ ਨਸ਼ਟ ਕਰ ਦਿੰਦੀ ਹੈ।

**ਭਾਵਾਰਥ - ਸੰਤੋਖ** :- ਸੰਤੋਖ ਅਤੇ ਲਾਲਚ ਆਪਸ ਵਿੱਚ ਵਿਰੋਧੀ ਅਵਸਥਾਵਾਂ ਦਾ ਨਾਮ ਹੈ। ਲਾਲਚ, ਮਨੁੱਖ ਨੂੰ ਆਪਣਿਆਂ ਨਾਲ ਹੀ ਧੋਖਾ ਕਰਨ ਲਈ ਤਿਆਰ ਕਰ ਦਿੰਦਾ ਹੈ। ਸੰਤੋਖ, ਦੂਜਿਆਂ ਦੇ ਭਲੇ ਲਈ ਕਮਾਈ ਵਿੱਚੋਂ ਵੰਡਣ ਲਈ ਉਤਸ਼ਾਹ ਦਿੰਦਾ ਹੈ। ਸੰਤੋਖ, ਮਨੁੱਖ ਦੇ ਸਰੀਰ ਤੋਂ ਅਸੀਮ ਪਦਾਰਥਾਂ ਤੱਕ ਵੰਡ-ਛੱਕਣ ਨਾਲ ਪਰਉਪਕਾਰੀ ਬਣਾ ਦਿੰਦਾ ਹੈ। ਲਾਲਚ ਮਨੁੱਖ ਨੂੰ ਦੋ-ਵਕਤੀ ਰੋਟੀ ਰਾਹੀਂ ਵੀ ਸਮਾਜ ਦੀ ਘ੍ਰਿਣਾ ਦਾ ਪਾਤਰ ਬਣਾ ਦਿੰਦਾ ਹੈ। ਧਾਰਮਿਕ ਦੁਨੀਆਂ ਦੇ ਰਹਿਬਰ ਸੰਤੋਖ ਨੂੰ ਜੀਵਨ ਦਾ ਅੰਗ ਬਣਾਉਣ ਲਈ ਬਾਰ-ਬਾਰ ਪ੍ਰੇਰਦੇ ਹਨ; ਸੰਤੋਖ ਨਾਲ ਪ੍ਰਭੂ ਦੀ ਸਹਿਜ ਪ੍ਰਾਪਤੀ ਹੁੰਦੀ ਹੈ। "ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ॥- ਗੁ: ਗ੍ਰੰ: ਸਾ: ਅੰਗ-੭੧੦" ਲਾਲਚ ਨੂੰ ਤਿਆਗਣ ਲਈ ਉਪਦੇਸ਼ ਦਿੰਦੇ ਹਨ। "ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥- ਗੁ: ਗ੍ਰੰ: ਸਾ: ਅੰਗ ੪੧੯" ***ਤਿਆਗਣ ਯੋਗ ਕਰਮ*** :- ਸੰਤੋਖ ਦੀ ਵੈਤੀਰੇਕ ਵਿਆਖਿਆ ਤਿਆਗਣ ਯੋਗ ਕਰਮ ਵਿੱਚ ਹੈ। ਗੁਰੂ ਸਾਹਿਬਾਨ ਜੀ ਨੇ ਸਿੱਖ ਨੂੰ ਰਹਿਤਾਂ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ, ਕੁਰਹਿਤਾਂ ਨੂੰ ਤਿਆਗਣ ਦਾ ਹੁਕਮ ਕੀਤਾ ਹੈ। ਹੁਕਮ ਤੇ ਉਪਦੇਸ਼ ਵਿਚਲੇ ਸੂਖਮ ਫਰਕ ਨੂੰ ਸਮਝਕੇ ਸਾਨੂੰ ਸੰਤੋਖ ਤੇ ਤਿਆਗਣੇ-ਯੋਗ ਕਰਮਾਂ ਦੇ ਫਲਸਫੇ ਦਾ ਪਤਾ ਲੱਗ ਜਾਵੇਗਾ। ਉਪਦੇਸ਼ ਪਿਆਰ ਦੁਆਰਾ ਸਮਝਾਉਣ ਲਈ ਵਰਤਿਆ ਗਿਆ ਤਰੀਕਾ ਹੁੰਦਾ ਹੈ; ਕਿਉਂਕਿ ਨਾ ਧਾਰਨ ਕਰਨ ਦੀ ਸੂਰਤ ਵਿੱਚ ਕੋਈ ਬਹੁਤਾ ਨੁਕਸਾਨ ਹੋਣ ਦਾ ਡਰ ਨਹੀਂ ਹੁੰਦਾ। ਪਰ ਨੁਕਸਾਨਦਾਇਕ ਕਰਮ ਨੂੰ ਕਰਨ ਤੋਂ ਰੋਕਣਾ ਹੁਕਮ ਹੁੰਦਾ ਹੈ। ਜੇ ਮਨੁੱਖ ਐਸੇ ਕਰਮ ਕਰੇ ਤਾਂ ਫਲਸਰੂਪ ਜ਼ਿੰਦਗੀ ਖਤਰੇ ਵਿਚ ਪੈ ਜਾਂਦੀ ਹੈ। ਨਸ਼ੇ ਨਾ ਵਰਤਣ, ਪਰਾਏ ਤਨ ਦੀ ਕਾਮੁਕਤਾ ਆਦਿ ਤੋਂ ਦੂਰ ਰਹਿਣ ਦਾ ਗੁਰੂ ਸਾਹਿਬ ਨੇ ਹੁਕਮ ਕੀਤਾ ਹੈ। ਜਿਹਨਾਂ ਨੇ ਗੁਰੂ ਸਾਹਿਬ ਜੀ ਦੇ ਹੁਕਮ ਦੀ ਅਵਹੇਲਣਾ ਕੀਤੀ ਹੈ, 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ' ਵਿਚ ਜਨਮ ਵਾਲਿਆਂ ਵੱਲ ਨਸ਼ੇੜੀਪਣੇ ਦੀਆਂ ਉਂਗਲਾਂ ਹੋ ਰਹੀਆਂ ਹਨ। ਜਿਹੜੇ ਕਿਸੇ

ਵੇਲੇ ਦੂਜਿਆਂ ਦੀਆਂ ਧੀਆਂ ਦੇ ਰਾਖੇ ਸਨ; ਵਰਤਮਾਨ ਤ੍ਰਸਾਦੀ ਨੂੰ ਲਿੱਖਣ ਤੋਂ ਕਲਮ ਕੰਬਦੀ ਹੈ। ਸਾਰੇ ਪੁਆੜਿਆਂ ਦੀ ਜੜ੍ਹ ਸਾਡੀ, ਮਾਨਸਿਕਤਾ ਦਾ ਗੁਰੂ ਸਾਹਿਬ ਜੀ ਦੇ ਪਰਉਪਕਾਰਾਂ ਤੋਂ ਦੂਰ ਜਾਣਾ ਹੈ।

**ਖਿਮਾ – ਅਪਨੇ ਤੇ ਨਿਰਬਲ ਕੋ ਜਾਨਿ। ਤਿਸ ਪੁਰ ਕੋਪ ਨ ਕਰਹੁ ਸੁਜਾਨ।**

**ਅਰਥ** – ਆਪਣੇ ਆਪ ਤੋਂ ਕਮਜ਼ੋਰ ਜਾਣਦਿਆਂ ਹੋਇਆ, ਉਸ ਉੱਤੇ ਕਦੇ ਭੀ ਗੁੱਸਾ ਨਾ ਕਰੇ, ਸਿਆਣਾ ਪੁਰਖ!।

**ਭਾਵਾਰਥ** – ਮਨੁੱਖ ਤੋਂ ਲੈ ਕੇ ਜੀਵ-ਜੰਤੂਆਂ ਤੱਕ ਹਰ ਕੋਈ ਕਿਸੇ ਤੋਂ ਬਲਵਾਨ ਅਤੇ ਕਿਸੇ ਤੋਂ ਕਮਜ਼ੋਰ ਹੈ। ਭਾਵਨਾਤਮਕ ਖੇਤਰ ਵਿੱਚ ਬਲ-ਨਿਰਬਲ ਦੀ ਕੀਮਤ ਹੋਰ ਵਡੇਰੀ ਹੋ ਜਾਂਦੀ ਹੈ। ਮਸਲਨ ਸਰੀਰਕ ਕਾਰਜ ਖੇਤਰ ਵਿੱਚ ਬਲ ਵਾਲਾ ਮਨੁੱਖ ਤਕੜਾ ਮੰਨਿਆ ਜਾਂਦਾ ਹੈ; ਪਰ ਅਧਿਆਤਮਕ ਖੇਤਰ ਵਿੱਚ ਨਿਰਬਲ (ਨਿਮਰਤਾ ਵਾਲਾ) ਮਹਾਨ ਮੰਨਿਆ ਜਾਂਦਾ ਹੈ। 'ਨਿਵੈ ਸੁ ਗਉਰਾ ਹੋਇ' ਤੱਕੜੀ ਦੇ ਜਿਸ ਪੱਲੜੇ ਵਿੱਚ ਭਾਰ ਵੱਧ ਹੋਵੇ, ਉਸ ਨੀਵਾਂ ਹੁੰਦਾ ਹੈ। ਬਲਵਾਨਤਾ ਦੀ ਪਰਖ ਕੰਮ ਤੇ ਨਿਰਭਰ ਕਰਦੀ ਹੈ। ਬਾਹਰੀ ਕੰਮ ਲਈ ਬਾਹਰੀ-ਬਲ ਦੀ ਜ਼ਰੂਰਤ ਹੁੰਦੀ ਹੈ; ਅੰਤਰੀਵ ਕੰਮ ਲਈ ਅੰਥਰੀਵ ਬਲ ਦੀ ਜ਼ਰੂਰਤ ਹੁੰਦੀ ਹੈ। ਖਿਆਲ ਇਹ ਰੱਖਣਾ ਹੁੰਦਾ ਹੈ, ਕਿ ਬਲ ਦੀ ਜ਼ਰੂਰਤ ਕਿਸੇ ਦੂਸਰੇ ਦੇ ਜੀਵਨ ਲਈ ਕੀ ਕੀਮਤ ਰੱਖਦੀ ਹੈ। ਅਧਿਆਪਕ ਹੋਣ ਦੇ ਨਾਤੇ ਸਰੀਰਕ ਬਲ ਵਿਦਿਆਰਥੀ ਲਈ ਭੈ ਦਾ ਕਾਰਨ ਬਣਕੇ ਉਸਦੀ ਜ਼ਿੰਦਗੀ ਵਿੱਚ ਵਿੱਦਿਆ ਲਈ ਅਕਲ ਵਰਤਣ ਵਾਸਤੇ ਮਜਬੂਰ ਕਰ ਦਿੰਦਾ ਹੈ। ਅਚਨਚੇਤ ਜਾਂ ਚੇਤ ਕਿਸੇ ਨਿਰਬਲ ਕੋਲੋਂ ਬਲਵਾਨ ਦੀ ਹੋਈ ਤੌਹੀਨ ਕਾਰਨ ਜੇ ਬਲਵਾਨ ਉਸਨੂੰ ਮੁਆਫ ਕਰ ਦਿੰਦਾ ਹੈ, ਤਾਂ ਉਸਨੂੰ ਮਹਾਨ ਆਖਿਆ ਜਾਂਦਾ ਹੈ। ਕਿਸੇ ਵੱਲੋਂ ਕੀਤੀ ਵਧੀਕੀ ਨੂੰ ਸਹਾਰ ਕੇ ਉਸਨੂੰ ਤੇ ਦੂਸਰਿਆਂ ਨੂੰ ਸੋਚਣ ਲਈ ਮਜਬੂਰ ਕਰ ਦੇਣ ਦਾ ਨਾਮ ਖਿਮਾ ਹੈ। 'ਜਹਾ ਖਿਮਾ ਤਹ ਆਪ' ਬਾਬਾ ਕਬੀਰ ਸਾਹਿਬ ਦੇ ਬੋਲ ਹਨ; ਇੰਨਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ, ਕਿ ਖਿਮਾ ਦਾ ਲਿਬਾਸ ਦੂਸਰੇ ਨੂੰ ਢੀਠ ਬਣਨ ਵਿੱਚ ਸਹਾਇਤਾ ਨਾ ਕਰੇ। ਵਿਦਿਆਰਥੀ/ਸ਼ਾਗਿਰਦ ਲਈ ਖਿਮਾ ਦੇ ਅਰਥ ਉਸ ਲਈ ਪ੍ਰਾਪਤ ਵਿੱਦਿਆ ਨਾਲ ਜੋੜ ਕੇ ਵੇਖੇ ਜਾਣਗੇ।

**ਨਿਰ ਅਭਿਮਾਨਤਾ-ਬਿੱਦਿਆ ਕੈ ਸਰੂਪ ਹੈ ਤਨ ਕੋ। ਬੁਧਿ ਬਿਸਾਲ ਕੈ ਦੀਰਘ ਧਨ ਕੋ॥ ੧੭॥**

**ਇੱਤਜਾਦਿਕ ਤੇ ਗਰਬ ਨ ਧਰੀਯਹਿ। ਦਾਤਾ ਈਸ਼ਰ ਏਕ ਬਿਚਰੀਅਹਿ।**



**ਤੀਰਥ ਬਰਤ ਆਦਿ ਕਰਿ ਕਰਮ। ਨਹਿੰ ਅਭਿਮਾਨ ਧਰਹੁ ਜੁਤਿ ਸ਼ਰਮ॥ ੧੮॥**

**ਅਰਥ** – ਬਹੁਤ ਪੜੀ ਵਿੱਦਿਆ ਦਾ, ਸੁੰਦਰ ਰੂਪ ਦਾ ਤੇ ਸਡੌਲ ਸਰੀਰ ਦਾ। ਬਹੁਤ ਬੁੱਧੀਮਾਨ ਹੋਣ ਦਾ, ਬੇਸ਼ੁਮਾਰ ਧਨ ਦਾ; ਇਸ ਤੋਂ ਆਦਿ ਲੈ ਕੇ ਗੱਲਾਂ ਦਾ ਹੰਕਾਰ ਨਹੀਂ ਧਾਰਨਾ ਚਾਹੀਦਾ। ਸਾਰਿਆਂ ਦਾ ਦਾਤਾ ਇੱਕ ਪ੍ਰਮਾਤਮਾ ਹੀ ਵੀਚਾਰਨਾ ਕਰੋ। ਯਤਨਾਂ ਨਾਲ ਕੀਤੇ ਗਏ ਕਰਮਾਂ (ਤੀਰਥ-ਯਾਤਰਾ ਜਾਂ ਲੋਕ ਸੇਵਾ ਦੇ ਢੰਗ ਆਦਿ) ਦਾ ਭੀ ਅਭਿਮਾਨ ਨਾ ਕਰੋ।

**ਭਾਵਾਰਥ** – ਅਭਿਮਾਨ ਰਹਿਤ ਜੀਵਨ, ਪੂਰਨਤਾ ਦਾ ਦੂਜਾ ਨਾਮ ਹੈ। ਜਿਸ ਜੀਵਨ ਵਿੱਚ ਹੰਕਾਰ ਨਹੀਂ, ਉਹ ਪੂਰਨ ਜੀਵਨ ਹੈ। ਹੰਕਾਰ ਮਨੁੱਖ ਨੂੰ ਉਸਦੇ ਪੂਰਬਲੇ ਜਾਂ ਵਰਤਮਾਨ ਕਰਮਾਂ ਕਰਕੇ ਹੁੰਦਾ ਹੈ। ਹਰ ਮਨੁੱਖ ਕਰਮ ਕਰਨ ਲਈ ਸੁਤੰਤਰ ਹੁੰਦਾ ਹੈ; ਪਰ ਭੋਗਣ ਲਈ ਪਰਤੰਤਰ ਹੁੰਦਾ ਹੈ। ਵਿੱਦਿਆ, ਬੁੱਧੀ, ਧਨ ਤੇ ਤੰਦਰੁਸਤੀ; ਕਰਮ ਦੇ ਹੀ ਫਲਸਰੂਪ ਹੁੰਦੇ ਹਨ। ਭਾਈ ਸਾਹਿਬ ਜੀ ਕਥਨ ਕਰਦੇ ਹਨ, ਸਿੱਖ ਹਮੇਸ਼ਾਂ ਸਾਵਧਾਨ ਰਹਿੰਦਾ ਹੈ, ਕਿ ਮੇਰੇ ਚੰਗੇ ਕਰਮਾਂ ਦੀ ਮਿਹਨਤ ਅਜ਼ਾਈ ਨਾ ਜਾਏ। ਜਿਵੇਂ ਡੇਅਰੀ ਫਾਰਮ ਵਾਲਾ ਦੁੱਧ ਦੇ ਨੇੜੇ ਕੋਈ ਵੀ ਐਸੀ ਵਸਤੂ ਨਹੀਂ ਆਉਣ ਦਿੰਦਾ ਜਿਸ ਨਾਲ ਦੁੱਧ ਬਰਬਾਦ ਹੋ ਜਾਏ। ਆਤਮ-ਸਾਧਕ ਸੁੰਦਰਤਾ ਤੋਂ ਲੈ ਕੇ ਸੰਸਾਰਿਕ ਸਮ੍ਰਿੱਧੀ ਪ੍ਰਾਪਤ ਕਰਕੇ ਭੀ ਅਹੰਕਾਰ ਨੂੰ ਨੇੜੇ ਨਹੀਂ ਆਉਣ ਦਿੰਦਾ। ਤਾਂ ਕਿ ਧਰਮ ਅਨੁਸਾਰ ਸਾਰੇ ਕੀਤੇ ਹੋਏ ਕਰਮ ਮੇਰੇ ਜੀਵਨ ਲਈ ਸਹਾਈ ਹੋ ਸਕਣ। ਜਿਵੇਂ ਦੁੱਧ ਤੋਂ ਘਿਉ ਪ੍ਰਾਪਤ ਕਰਨ ਵਾਲਾ ਪੂਰੇ ਧਿਆਨ ਨਾਲ ਦੁੱਧ ਤੋਂ ਦਹੀਂ ਤੋਂ ਮੱਖਣ ਫਿਰ ਘਿਉ ਨੂੰ ਪ੍ਰਾਪਤ ਕਰਦਾ ਹੈ। ਅ-ਸਾਵਧਾਨੀ ਸਾਰਾ ਕੁੱਝ ਝੋਪਟ ਕਰ ਦਿੰਦੀ ਹੈ।

**ਕਰਹਿ ਸੁ ਕਰਮ ਧਰਹਿੰ ਅਭਿਮਾਨ। ਨਿਫਲ ਜਾਤਿ ਜਿਉਂ ਗਜ ਇਸ਼ਨਾਨ।**

**ਅਪਨੋ ਜਸ, ਪਰਨਿੰਦ ਨ ਕਹੈ। ਕਹੈ ਤ ਇਸ ਤੇ ਭੀ ਅਘ ਲਹੈ॥ ੧੯॥**

**ਦਾਨ ਕਰਯੋ ਮੁਖਤੇ ਨਹਿੰ ਭਾਖੈ। ਸਦਾ ਛਪਾਵਨ ਕੋ ਅਭਿਲਾਖੈ।**

**ਅਰਥ** – ਜਿਹੜਾ ਕਰਮ ਕਰਕੇ ਅਹੰਕਾਰ ਧਾਰਦਾ ਹੈ। ਉਸਦੇ ਸਾਰੇ ਕਰਮ ਇਉਂ ਵਿਅਰਥ ਹੋ ਜਾਂਦੇ ਹਨ, ਜਿਵੇਂ ਹਾਥੀ ਦਾ ਨਹਾਉਣਾ। ਕਦੇ ਵੀ ਆਪਣਾ ਜਸ ਅਤੇ ਦੂਜਿਆਂ ਦੀ ਨਿੰਦਾ ਨਾ ਕਰੇ; ਜੇ ਇਉਂ ਕਰਦਾ ਹੈ ਤਾਂ ਪਾਪ ਹੀ ਲੱਗਦੇ ਹਨ। ਕਿਸੇ ਲੋੜਵੰਦ ਨੂੰ ਦਾਨ ਕਰਕੇ ਕਦੇ ਭੀ ਮੁੱਖ ਤੋਂ ਨਾ ਆਖੇ, ਹਮੇਸ਼ਾ ਲਈ ਦਾਨ ਕਰਕੇ ਚੁੱਪ ਰਹਿਣਾ ਹੀ ਠੀਕ ਹੈ।

**ਭਾਵਾਰਥ** – ਮਾਨਸਿਕ ਵਿਕਾਸ ਲਈ ਵਿਚਾਰਧਾਰਕ ਮਸੌਦਾ ਬਹੁਤ ਜ਼ਰੂਰੀ ਹੁੰਦਾ ਹੈ। ਸਰੀਰ ਕਰਕੇ ਕੀਤਾ ਕਰਮ ਫਲਸਰੂਪ ਮਾਨਸਿਕ ਤਰੱਕੀ ਲਈ ਸਹਾਰਾ ਬਣੇ, ਵੀਚਾਰ ਹੀ ਕਾਰਗਰ ਹਥਿਆਰ ਹੈ। ਭਾਈ ਸਾਹਿਬ ਨੇ ਹੰਕਾਰ ਕਰਨ ਵਾਲੇ ਲਈ ਹਾਥੀ ਦੇ ਇਸਨਾਨ ਕਰਨ ਦੀ ਉਦਾਹਰਨ ਦਿੱਤੀ ਹੈ। ਹਾਥੀ ਦੀ ਚਮੜੀ ਬਹੁਤ ਮੋਟੀ ਹੁੰਦੀ ਹੈ ਤੇ ਸਰੀਰ ਵਿਚ ੮੦% ਪਾਣੀ ਹੁੰਦਾ ਹੈ। ਇਹੀ ਕਾਰਨ ਹੈ ਕਿ ਹਾਥੀ ਨੂੰ ਪਾਣੀ ਦੀ ਬਹੁਤ ਜ਼ਰੂਰਤ ਹੁੰਦੀ ਹੈ, ਤਾਂ ਹੀ ਹਾਥੀ ਪਾਣੀ ਦੇ ਕਿਨਾਰੇ ਰਹਿਣਾ ਹੀ ਪਸੰਦ ਕਰਦਾ ਹੈ। ਇੱਕ ਦਿਨ ਵਿੱਚ ੪੦-੫੦ ਲੀਟਰ ਪਾਣੀ ਪੀਣ ਲਈ ਵਰਤਦਾ ਹੈ। ਜੁਆਨੀ ਦੇ ਪ੍ਰਭਾਵ ਨਾਲ ਬਹੁਤ ਖੁਸ਼ ਹੋ ਕੇ ਆਪਣੀ ਸੁੰਢ ਨਾਲ ਪਾਣੀ ਆਪਣੇ ਉੱਪਰ ਉਛਾਲਦਾ ਹੈ; ਅਠਖੇਲੀਆਂ ਕਰਦਾ ਹੈ। ਪਾਣੀ ਤੋਂ ਬਾਹਰ ਨਿਕਲ ਕੇ ਮਿੱਟੀ ਵਿਚ ਲੇਟਦਾ ਹੈ ਤੇ ਮਿੱਟੀ ਸੁੰਢ ਨਾਲ ਆਪਣੇ ਉੱਪਰ ਵੀ ਸੁੱਟਦਾ ਹੈ। ਸ਼ਾਇਦ! ਕਾਰਣ ਇਹ ਹੋਵੇ, ਕਿ ਗਰਮੀ ਨਾਲ ਮੁਸਾਮਾਂ ਵਿੱਚੋਂ ਪਾਣੀ ਵਾਸ਼ਪੀਕ੍ਰਿਤ ਨਾ ਹੋਵੇ; ਦੂਜਾ ਮੂਲ ਕਾਰਣ ਜੁਆਨੀ ਦੀ ਮਦਮਸਤੀ ਹੈ, ਕਿਉਂਕਿ ਬਹੁਤਾਤ ਵਿੱਚ ਨੌਜੁਆਨ ਹਾਥੀ ਮਾਦਾ ਨੂੰ ਖੁਸ਼ ਕਰਨ ਲਈ ਭੀ ਇਹੀ ਕਿਰਿਆ ਕਰਦਾ ਹੈ – ਵਿਕੀਪੀਡੀਆ। ਜਿਤਨਾ ਚਿਰ ਸਾਡੀ ਸਰੀਰਕ ਕਿਰਿਆ ਚਲਦੀ ਹੈ, ਮੈਂ ਅਧਾਰਤਿ ਹੁੰਦੀ ਹੈ। ਮੈਂ-ਪਣ ਦਾ ਪਾਣੀ ਮਨੁੱਖ ਦੀ ਜਿੰਦਗੀ ਦਾ ਮੂਲ-ਸਰੋਤ ਹੁੰਦਾ ਹੈ। ਸਾਰੇ ਸਮਾਜਿਕ ਦਾਰੋ-ਮਦਾਰ ਦਾ ਮਹੱਲ 'ਮੈਂ' ਉੱਪਰ ਹੀ ਉਸਾਰਦਾ ਹੈ। 'ਮੈਂ' ਜ਼ਿੰਦਗੀ ਦੀ ਪਹਿਚਾਣ ਭੀ ਹੈ, 'ਮੈਂ' ਦਾ ਤਿਆਗ 'ਸਰੀਰ ਤੋਂ ਜੀਵ ਤੱਕ' ਨੂੰ ਚੇਤਨ ਪਾਣੀ ਦੀ ਜਰੂਰਤ ਭੀ ਮਹਿਸੂਸ ਕਰਵਾਉਂਦਾ ਹੈ। ਇਸ ਲਈ ਹੀ ਜਦੋਂ ਜਦੋਂ ਸਮਾਜ ਵਿਚ ਅਧਰਮ ਫੈਲ਼ਦਾ ਹੈ, ਤਾਂ ਧਰਮ ਦੀ ਵਿਆਖਿਆ ਆਪਣੇ ਮੂਲ਼ ਅਰਥਾਂ ਵੱਲ ਆਕਰਸ਼ਿਤ ਕਰਦੀ ਹੈ। ਧਰਮ ਦੇ ਮੂਲ ਅਰਥ ਦਯਾਦਿ ਵਿੱਚ ਹੀ ਹੁੰਦੇ ਹਨ। ਦਯਾ ਆਦਿ ਨੂੰ ਮਨੁੱਖ ਕਰਮ ਦੁਆਰਾ ਹੀ ਪ੍ਰਸਾਰਿਤ ਕਰਦਾ ਹੈ। ਜਿਸਨੂੰ ਕਰਮ ਦੀ ਵਾਸਤਵਿਕਤਾ ਰੂਪ ਜੁਆਨੀ ਦਾ ਪਤਾ ਲੱਗ ਜਾਂਦਾ ਹੈ, ਉਹ ਕਰਮ ਕਰਦਾ ਹੋਇਆ 'ਜੁਆਨੀ ਦੇ ਵਿਕਾਰਾਤਮਕ ਪੱਖ' ਨੂੰ ਛੱਡਕੇ ਆਪਣੇ ਆਪ ਨੂੰ ਕੇਵਲ ਸਾਧਨ ਵਾਂਗ ਵੇਖਦਾ ਹੈ। ਜਿਵੇਂ ਈਂਧਣ ਬਲਦਾ ਹੈ, ਗੱਡੀ ਦੌੜਦੀ ਹੈ; ਪੂਰਾ ਇੱਕ ਸਿਸਟਮ ਲਾਗੂ ਹੁੰਦਾ ਹੈ। 'ਮੈਂ' ਦਾ ਤਿਆਗ ਕੀਤੀਆਂ ਹੀ ਚੰਗੇ ਕਰਮਾਂ ਦੀ ਸਾਧਨਾ ਪ੍ਰਫੁੱਲਤ ਹੁੰਦੀ ਹੈ। ਜਿਵੇਂ ਸਮਾਂ ਆਉਣ ਤੇ ਫੁੱਲ ਦੀ ਸੁਗੰਧੀ ਦੂਰ-ਦੂਰ ਤੱਕ ਆਪਣੇ ਫੁੱਲ ਦੀ ਹੈਸੀਅਤ ਤੋਂ ਜਾਣੂ ਕਰਵਾ ਦਿੰਦੀ ਹੈ। ਇਵੇਂ ਹੀ



ਗੁਰਸਿੱਖ 'ਦਾਨ ਕਰਨ ਨੂੰ ਛੁਪਾ ਕੇ ਰੱਖਣ, 'ਆਪਣੇ ਜਸ ਤੋਂ ਦੂਰ ਰਹਿਣ' ਤੇ 'ਦੂਜਿਆਂ ਦੀ ਨਿੰਦਿਆਂ ਤੋਂ ਬਚ ਕੇ ਚੱਲਣ' ਵਿੱਚ ਵਿਸ਼ਵਾਸ ਰੱਖਦਾ ਹੈ। ਇਹੀ ਗੁਰਸਿੱਖ ਨੂੰ ਨਿਮਰਤਾ ਦਾ ਖਜਾਨਾ ਬਣਾਉਂਦਾ ਹੈ।

**ਮਿੱਠਾ ਬੋਲਨਾ-ਮਧੁਰ ਕਹੈ ਸਭਿ ਕੋ ਤ੍ਰਿਪਤਾਵੈ।**
**ਫੀਕਾ ਬੋਲ ਨ ਕਿਸੀ ਦੁਖਾਵੈ ॥ ੨੦ ॥**

**ਅਰਥ** – ਮਿੱਠਾ ਬੋਲ ਕੇ ਸਾਰਿਆਂ ਨੂੰ ਸੰਤੁਸ਼ਟ ਰੱਖੇ; ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਵੇ।

**ਭਾਵਾਰਥ** – "ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥-ਅੰਗ ੧੫" ਗੁਰੂ ਸਾਹਿਬ ਜੀ ਦੀਆਂ ਪੰਗਤੀਆਂ ਨੂੰ ਹੀ ਭਾਈ ਸਾਹਿਬ ਜੀ ਨੇ ਆਪਣੀ ਭਾਵਨਾ ਦੇ ਸ਼ਬਦਾਂ ਨੂੰ ਕਵਿਤਾ ਦਾ ਜ਼ਾਮਾ ਪਹਿਨਾਇਆ ਹੈ। ਵਿਆਖਿਆ ਸੰਭਾਵੀ ਰੂਪ ਕਰਕੇ ਸਥਾਪਿਤ ਹੈ।

**ਧਰਮ ਕਿਰਤ – ਧਰਮ ਕ੍ਰਿੱਤ ਕਰ ਦਰਬ ਕਮਾਵੈ ।**

**ਅਰਥ** – ਧਰਮ ਦੀ ਕ੍ਰਿਤ ਕਰਕੇ ਧਨ ਦੀ ਕਮਾਈ ਕਰੇ।

**ਭਾਵਾਰਥ** – 'ਕੰਮ ਹੀ ਭਗਤੀ ਹੈ।' ਵਾਕ ਵਿੱਚ ਸੱਚਾਈ ਛੁਪੀ ਹੈ, ਜਿਸਨੂੰ ਅਸੀਂ ਆਪਣੇ ਆਪਣੇ ਢੰਗ ਨਾਲ ਸਮਝਦੇ ਅਤੇ ਸਮਝਾਉਂਦੇ ਹਾਂ। ਕੰਮ ਨੂੰ ਇਮਾਨਦਾਰੀ ਨਾਲ ਕਰਨਾ ਸਭ ਤੋਂ ਵੱਡੀ ਭਗਤੀ ਹੈ। ਇੱਥੇ 'ਭਗਤੀ' ਸ਼ਬਦ ਧਿਆਨ ਦਿਵਾਉਂਦਾ ਹੈ, ਕਿ 'ਭਗਤੀ' ਕੇਵਲ ਸ਼ਬਦ-ਜਾਪ ਦਾ ਅਰਥ ਨਹੀਂ ਸਗੋਂ ਕਰਮ ਭੀ ਹੈ। ਕਿਰਿਆ ਦੀ ਪੂਰਤੀ ਹੋਣ ਤੇ ਕੰਮ ਅਖਵਾਉਂਦਾ ਹੈ। ਜਿੱਥੇ ਅਸੀਂ ਆਪਣੀ ਰੋਜ਼ੀ-ਰੋਟੀ ਲਈ ਕ੍ਰਿਤ ਕਰਨ ਲਈ ਯਤਨ ਕਰਦੇ ਹਾਂ, ਖਿਆਲ ਰਖਣਾ ਹੋਵੇਗਾ ਕਿ ਕ੍ਰਿਤ ਦਾ ਕਿਰਿਆਤਮਕ ਅਸਰ ਕੰਮ ਦੁਆਰਾ ਸਾਡੇ ਅੰਤਹਕਰਣ (ਮਨ) ਉੱਪਰ ਭੀ ਹੁੰਦਾ ਹੈ। ਤਾਂ ਹੀ ਸਾਡੇ ਸਿਆਣਿਆ ਨੇ ਕਿਹਾ ਹੈ 'ਜੈਸਾ ਅੰਨ ਤੈਸਾ ਮਨ'। ਧਰਮ ਦੀ ਕ੍ਰਿਤ ਤੋਂ ਮਤਲਬ ਹੁੰਦਾ ਹੈ, ਜਿਸ ਕ੍ਰਿਤ ਵਿੱਚੋਂ ਕਿਸੇ ਦਾ ਮਨ ਨਾ ਦੁਖੇ ਅਤੇ ਆਪਣੀਆਂ ਸਰੀਰਕ ਲੋੜਾਂ ਭੀ ਪੂਰੀਆਂ ਹੁੰਦੀਆ ਹੋਣ। ਅਸਲ ਵਿੱਚ ਜੇ ਪੂਰਾ ਸੰਸਾਰ ਇਸ ਸਿਧਾਂਤ ਨੂੰ ਅਪਣਾ ਲਵੇ ਤਾਂ ਕੋਈ ਵੀ ਇਨਸਾਨ ਇੱਕ ਦੂਜੇ ਤੋਂ ਦੁਖੀ ਨਹੀਂ ਹੋਵੇਗਾ। ਕਿਉਂਕਿ ਇੱਕ ਦਾ ਖਰਚਾ ਦੂਜੇ ਦਾ ਮੁਨਾਫਾ ਹੀ ਇਕਾਨਮੀ ਅਖਵਾਉਂਦਾ ਹੈ। ਮਾਇਆ ਦਾ ਵਰਤਣ ਇਸੇ ਤਰ੍ਹਾਂ ਹੁੰਦਾ ਹੈ। ਸੋਨਾ ਚਾਂਦੀ ਜਾਂ ਧਾਤਾਂ ਖਾਣਾਂ ਵਿੱਚ ਪਈਆਂ ਮਿੱਟੀ ਸਮਾਨ ਹਨ, ਦੇਸ਼ ਦੀ ਕਰੰਸੀ

ਦੁਆਰਾ ਹੀ ਮੁਲਾਂਕਣ ਹੁੰਦਾ ਹੈ।

**ਵੰਡ ਛਕਣਾ - ਬੰਟ ਅਤਿੱਥਨਿ ਕੋ ਪੁਨ ਖਾਵੈ।**

**ਅਰਥ** - ਜਿਹੜਾ ਲੋੜਵੰਦ ਦਰਵਾਜੇ ਤੇ ਆ ਜਾਏ, ਉਸ ਨੂੰ ਤ੍ਰਿਪਤ ਕਰਕੇ ਫਿਰ ਆਪ ਛਕੇ ।

**ਭਾਵਾਰਥ** - ਗੁਰੂ ਸਾਹਿਬਾਨ ਜੀ ਦਾ ਮੁੱਢਲਾ ਸੁਨੇਹਾ 'ਨਾਮ ਜਪਣਾ, ਕ੍ਰਿਤ ਕਰਣਾ ਤੇ ਵੰਡ ਛਕਣਾ' ਹੈ। ਇਸੇ ਉੱਪਰ ਇਨਸਾਨੀਅਤ ਦਾ ਮਹਿਲ ਸਿੱਖੀ ਅਸੂਲਾਂ ਦੁਆਰਾ ਖੜਾ ਕੀਤਾ। ਨਾਮ ਦਾ ਜਪਣਾ ਤੇ ਕ੍ਰਿਤ ਕਰਣਾ ਹਰ ਮਨੁੱਖ ਦੇ ਨਿੱਜੀ ਕਰਮਾਂ ਵਿੱਚ ਆਉਂਦੇ ਹਨ, ਪਰ ਵੰਡ ਛਕਣ ਦਾ ਅਸੂਲ ਹੀ ਹੈ ਜਿਹੜਾ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਕੇ ਆਉਂਦਾ ਹੈ। ਆਦਿ ਕਾਲ ਤੋਂ ਕੋਈ ਭੋਜਨ ਦਾ ਲੋੜਵੰਦ ਦਰਵਾਜੇ ਉੱਪਰ ਆ ਜਾਏ, ਉਸਨੂੰ ਭੋਜਨ ਛਕਾਉਣਾ ਅਤਿਥੀ ਸੇਵਾ ਕਹਿਵਾਉਂਦਾ ਹੈ।

**ਸੁੱਛਤਾ - ਊਪਰ ਬਸਤ੍ਰ ਨ ਰਖੈ ਮਲੀਨ ।**
**ਤਿਮ ਕਾਯਾ ਕੋ ਨਿਤ ਮਲਹੀਨ ॥ ੨੧ ॥**

**ਅਰਥ** - ਸਰੀਰ ਤੇ ਮੈਲੇ-ਕੁਚੈਲੇ ਕੱਪੜੇ ਨਾ ਰਖੇ; ਇਉਂ ਹੀ ਸਰੀਰ ਨੂੰ ਨਿੱਤ ਚੰਗੀ ਤਰ੍ਹਾਂ ਮਲ ਕੇ ਨਹਾਵੇ ਤੇ ਸਾਫ ਰੱਖੇ।

**ਭਾਵਾਰਥ** - ਸਰੀਰ ਉੱਪਰ ਸਾਫ ਬਸਤ੍ਰ ਪਹਿਨ ਕੇ ਸਾਨੂੰ ਤਰੋਤਾਜਗੀ ਮਹਿਸੂਸ ਹੁੰਦੀ ਹੈ। ਤਰੱਕੀ ਦੇ ਰਾਹ ਤੇ ਤੁਰਨ ਵਾਲੇ ਲੋਕ ਆਪਣੀ ਸਫਾਈ ਦਾ ਖਾਸ ਖਿਆਲ ਰੱਖਦੇ ਹਨ; ਕਿਉਂਕਿ ਸਿਆਣੇ ਅਤੇ ਦਾਨਸ਼ਵਰ ਮਨੁੱਖ ਦੀ ਪਛਾਣ ਤੰਦਰੁਸਤੀ ਤੋਂ ਹੁੰਦੀ ਹੈ। ਤੰਦਰੁਸਤ ਮਨੁੱਖ ਅਗਾਂਹਵਧੂ ਵੀਚਾਰਾਂ ਵੱਲ ਸੇਧਿਤ ਰਹਿੰਦਾ ਹੈ। ਉਹ ਆਪਣੀ ਤੇ ਆਪਣਿਆਂ ਦੀ ਸਫਲਤਾ ਲਈ ਯੋਗ ਢੰਗ ਤਿਆਰ ਕਰਦਾ ਹੈ। ਸਵੱਛਤਾ ਮਨ ਦੀ ਪਵਿੱਤਰਤਾ ਵਿੱਚ ਬਹੁਤ ਸਹਾਈ ਹੁੰਦੀ ਹੈ। ਇਸ ਲਈ ਤਨ ਤੇ ਕੱਪੜਿਆਂ ਦੀ ਸਫਾਈ ਬਹੁਤ ਜਰੂਰੀ ਹੈ। 'ਸਫਾਈ ਵਿਚ ਖੁਦਾਈ ਛੁਪੀ ਹੈ।

**ਕੁਸੰਗ - ਚੋਰ ਜਾਰ ਬਟਪਾਰ ਜੁਆਰੀ। ਕ੍ਰਿਤਘਨ ਬੰਚਕ ਛਲੀ ਕੁਚਾਰੀ।**
**ਸੁਪਨੇ ਮਹਿਂ ਭੀ ਇਨ ਕੀ ਸੰਗਤਿ। ਕਰੇ ਨ ਕਬਿਹੂੰ, ਥਿਰੇ ਨ ਪੰਗਤਿ॥ ੨੨॥**
**ਬਿਸ਼ਿਯਨਿ ਤੇ ਬਿਸ਼ਈ ਨਰ ਬੁਰੋ। ਲਖਿ ਦੁਰਜਨ ਤਤਛਿਨ ਪਰਹਰੋ।**
**ਜਥਾ ਅਗਨਿ ਤੇ ਲੋਹ ਤਪਾਯੋ। ਦਿਪਤਿ ਜਾਤਿ ਨਹਿਂ ਹਾਥ ਛੁਵਾਯੋ ॥ ੨੩॥**

ਅਰਥ - ਚੋਰੀ ਕਰਨ ਵਾਲਾ, ਪਰਾਏ ਤਨ-ਭੋਗਣ ਵਾਲਾ, ਰਾਹ ਵਿੱਚ ਡਾਕੇ ਮਾਰਨ ਵਾਲਾ, ਜੂਆ ਖੇਡਣ ਵਾਲਾ, ਕਿਸੇ ਦੇ ਪਰਉਪਕਾਰ ਨੂੰ ਭੁਲਾਉਣ ਵਾਲਾ,



ਠੱਗ, ਛਲ ਨਾਲ ਭੋਲੇ-ਭਾਲੇ ਲੋਕਾਂ ਨੂੰ ਨੁਕਸਾਨ ਪਹੁੰਚਾਣ ਵਾਲਾ ਤੇ ਖੋਟੇ ਆਚਰਣ ਵਾਲਾ ਆਦਿ; ਇਹਨਾਂ ਦੀ ਸੁਪਨੇ ਵਿੱਚ ਵੀ ਸੰਗਤ ਨਾ ਕਰੇ ਅਤੇ ਨਾ ਹੀ ਇਹੋ-ਜਿਹੇ ਲੋਕਾਂ ਵਿੱਚ ਖੜ੍ਹਨ ਦਾ ਯਤਨ ਕਰੇ। ਵਿਸ਼ੇ (ਕਾਮਾਦਿ) ਤੋਂ ਵਿਸ਼ੇ-ਭੋਗਣ ਵਾਲਾ ਬਹੁਤਾ ਬੁਰਾ ਹੈ। ਖੋਟੇ ਪੁਰਖ ਜਾਣ ਕੇ ਛੇਤੀ ਨਾਲ ਉਹਨਾਂ ਦਾ ਸਾਥ ਛੱਡ ਦੇਵੋ। ਜਿਵੇਂ ਅੱਗ ਨਾਲ ਲੋਹਾ ਗਰਮ ਹੋ ਕੇ ਦੀਵੇ ਵਾਂਗ ਲਾਟ ਕਰਦਾ ਹੈ; ਉਸਨੂੰ ਹੱਥ ਨਹੀਂ ਲਾਇਆ ਜਾ ਸਕਦਾ।

**ਭਾਵਾਰਥ** - ਮਨੁੱਖੀ ਮਨ ਦੀ ਫਿਤਰਤ ਹੁੰਦੀ ਹੈ, ਸਰੀਰਕ ਕ੍ਰਿਆ ਦੇ ਵਹਿਣ ਅੰਦਰ ਰੁੜੇ ਰਹਿਣਾ। ਜਿਹੜੇ ਵਹਿਣ ਮਨੁੱਖੀ ਕ੍ਰਿਆ ਰਾਂਹੀ ਬੁਰਾਈ ਵੱਲ ਸੇਧਿਤ ਹੁੰਦੇ ਹਨ, ਉਹ ਮਨੁੱਖ ਨੂੰ ਇਨਸਾਨੀਅਤ ਦੇ ਸਿਧਾਂਤ ਵੱਲ ਵੱਧਣ ਤੋਂ ਰੋਕਦੇ ਹਨ। ਜਦੋਂ ਮਨੁੱਖੀ-ਮਨ ਆਪਣੇ ਆਪ ਵਿੱਚ ਸਥਿਰ ਨਹੀਂ, ਤਦੋਂ ਕੁਸੰਗਤ ਵਿੱਚ ਜਾਣ ਕਰਕੇ ਉਸਦੀ ਹਾਲਤ ਕੈਸੀ ਹੋਵੇਗੀ; ਵਰਤਮਾਨ ਦੀ ਮਜ਼ਬੂਰੀ ਹੈ। ਮਨੁੱਖ ਦੇ ਅੰਦਰੋਂ ਬੁਰਿਆਈ ਤੋਂ ਪੈਦਾ ਹੋਣ ਵਾਲੇ ਬੁਰੇ ਪ੍ਰਭਾਵ; ਚੰਗਿਆਈ ਦੀ ਅਣਹੋਂਦ ਦਾ ਅਹਿਸਾਸ ਕਰਵਾਉਂਦੇ ਹਨ। ਇਹੀ ਕਾਰਣ ਹੈ, ਕੁਸੰਗਤ ਵਿੱਚ ਜਾਂਦਾ ਮਨੁੱਖ ਆਮ ਲੋਕਾਂ ਤੋਂ ਸ਼ਰਮ ਮਹਿਸੂਸ ਕਰਦਾ ਹੈ। ਜਦੋਂ ਬੁਰਿਆਈ ਦੇ ਹੜ੍ਹ ਵਿੱਚ ਜੀਵਨ ਜਕੜਿਆ ਜਾਏ, ਤਾਂ ਉਸ ਨੂੰ ਬੁਰਿਆਈ ਜਾਂ ਪਾਪ ਚੰਗਾ ਲੱਗਣ ਲੱਗ ਜਾਂਦਾ ਹੈ। ਇਸ ਤੋਂ ਬਚਣ ਲਈ ਸਾਵਧਾਨੀ ਬਹੁਤ ਜ਼ਰੂਰੀ ਹੈ।

**ਸਤਿਸੰਗ - ਜਨ ਸੁਸ਼ੀਲ ਕੀ ਸੰਗਤਿ ਕਰੀਏ। ਜਿਨ ਮਿਲਿਤੇ ਅਵਗੁਨ ਪਰਹਰੀਏ।**

**ਅਰਥ** - ਚੰਗੇ ਪੁਰਖਾਂ ਦੀ ਹਮੇਸ਼ਾ ਸੰਗਤ ਕਰਨੀ ਚਾਹੀਦੀ ਹੈ। ਜਿਹਨਾਂ ਨਾਲ ਮਿਲਣ ਕਰਕੇ ਔਗੁਣ ਦੂਰ ਹੋ ਜਾਂਦੇ ਹਨ।

**ਭਾਵਾਰਥ** - ਚੰਗੇ ਗੁਣਾਂ ਦਾ ਅਹਿਸਾਸ ਸੁਸ਼ੀਲਤਾ ਹੁੰਦਾ ਹੈ। ਜਿਸ ਮਨੁੱਖ ਦਾ ਵਿਵਹਾਰ ਚੰਗਾ ਹੋਵੇ, ਉਸਤਤ ਤੇ ਨਿੰਦਿਆ ਨੂੰ ਸੁਣ ਕੇ ਸਮਾਨ-ਬ੍ਰਿਤੀ ਰਹਿੰਦਾ ਹੈ। ਸ਼ਹਿਣਸ਼ੀਲ ਸੁਭਾਅ ਦੀ ਇਹੀ ਪਹਿਚਾਣ ਹੁੰਦੀ ਹੈ। ਸਹਿਣਸ਼ੀਲ ਸੁਭਾਅ ਵਾਲੇ ਕੋਲੋਂ ਸਾਨੂੰ ਸਹਿਣ ਦੀ ਸਮਰਥਾ ਸਮਝ ਆਉਂਦੀ ਹੈ। ਸ਼ਹਿਣਸ਼ੀਲ ਸੁਭਾ ਸਰੀਰ ਦੁਆਰਾ ਮਾਨਸਿਕ ਪ੍ਰਕ੍ਰਿਤੀ ਹੈ। ਸ਼ਹਿਣਸ਼ੀਲਤਾ ਵਾਲਿਆਂ ਦੀ ਸੰਗਤ ਵਿੱਚ ਆਇਆਂ ਔਗੁਣ ਸੁੱਤੇ ਹੀ ਦੂਰ ਹੋ ਜਾਂਦੇ ਹਨ।

**ਕਥਾ ਸ਼੍ਰਵਣ -ਸੁਨੀਅਹਿ ਅਵਤਾਰਨ ਇਤਿਹਾਸ।**
**ਸਤਿਗੁਰ ਦਸ ਜਿਮ ਕਰੇ ਬਿਲਾਸ॥ ੨੪॥**

**ਬਹੁਰ ਬ੍ਰਹਮ ਕੋ ਨਿਰਨੈ ਜਹਾਂ। ਸੂਖਮ ਬੁਧਿ ਕਰਿ ਸੁਨੀਅਹਿ ਤਹਾਂ।**

**ਅਰਥ** - ਜਿਵੇਂ ਦਸ ਗੁਰੂ ਸਾਹਿਬਾਨ ਜੀ ਨੇ ਅਵਤਾਰ ਧਾਰ ਕੇ ਕੌਤਕ ਕੀਤੇ ਹਨ, ਉਹਨਾਂ ਦਾ ਇਤਿਹਾਸ ਸੁਨਣਾ ਕਰੋ। ਵਿਸ਼ੇਸ ਤੌਰ ਤੇ ਬ੍ਰਹਮ ਦਾ ਨਿਰਨਾ ਕਰਨ ਵਾਲੀ ਵੀਚਾਰ ਜਿੱਥੇ ਵੀ ਆਉਂਦੀ ਹੈ; ਉੱਥੇ ਬੁੱਧੀ ਦੀ ਗਹਿਨਾਈ ਨਾਲ ਵੀਚਾਰ-ਵੀਚਾਰ ਕੇ ਸੁਨਣੀ ਕਰੋ।

**ਭਾਵਾਰਥ** - ਸਹਿਨਸ਼ੀਲਤਾ ਅਤੇ ਕਾਇਰਤਾ ਵਿਚਕਾਰ ਫਰਕ ਸਮਝਣ ਤੇ ਸਮਝਾਉਣ ਦੀ ਮੌਖਿਕ ਸ਼ਬਦੀ ਸਮਰਥਾ ਦਾ ਨਾਮ ਕਥਾ ਸੁਨਣਾ ਹੈ। ਦਾਰਸ਼ਿਨਕ ਅਰਥਾਂ ਨੂੰ ਰੌਚਿਕਤਾ ਪ੍ਰਦਾਨ ਕਰਨ ਵਾਲਾ ਇਤਿਹਾਸ ਅਤੇ ਮਿਥਿਹਾਸ ਹੁੰਦਾ ਹੈ। ਸਿਧਾਂਤ ਨੂੰ ਸਿੱਧ ਕਰਨ ਲਈ ਮਿਥ (ਕਲਪਨਾ) ਕੇ ਬਣਾਈ ਕਹਾਣੀ ਮਿਥਿਹਾਸਕ ਹੁੰਦੀ ਹੈ। ਕਿਸੇ ਸਰੀਰ ਦੁਆਰਾ ਸਿੱਧ ਕੀਤਾ ਸਿਧਾਂਤ ਇਤਿਹਾਸ ਹੁੰਦਾ ਹੈ। ਦਸ ਗੁਰੂ ਸਾਹਿਬਾਨ ਜੀ ਨੇ ਸਹਿਜ ਵਿੱਚ ਸਿਧਾਂਤ ਨੂੰ ਮਨੁੱਖ ਲਈ ਪੇਸ਼ ਕੀਤਾ ਹੈ; ਤਾਂ ਹੀ ਗੁਰੂ ਸਾਹਿਬ ਜੀ ਦੇ ਇਤਿਹਾਸ ਵਿੱਚ ਕੌਤਕ ਪ੍ਰਧਾਨ ਹੈ। ਮਨੁੱਖੀ ਮਨ ਸੋਚਦਾ ਹੈ, ਇਹ ਕਿਵੇਂ ਹੋ ਸਕਦਾ ਹੈ ? ਗੁਰੂ ਸਾਹਿਬ ਜੀ ਕਰਕੇ ਵਿਖਾਉਂਦੇ ਹਨ, ਇਹ ਇਸ ਤਰ੍ਹਾਂ ਹੋ ਜਾਂਦਾ ਹੈ। ਕੁਦਰਤ ਦੀਆਂ ਸੂਖਮ ਪਰਤਾਂ ਦੇ ਰਹੱਸ ਸਮਝਣ ਲਈ ਗੁਰੂ ਸਾਹਿਬ ਜੀ ਦੇ ਪਰਉਪਕਾਰਾਂ ਨੂੰ ਧਿਆਨ ਪੂਰਵਕ ਤਵੱਜੋ ਦੇਣੀ ਪਵੇਗੀ। ਇਤਿਹਾਸ ਨੂੰ ਕੇਵਲ ਰੌਚਿਕ ਕਹਾਣੀ ਸਮਝਣ ਦੀ ਗਲਤੀ ਕਰਨ ਵਾਲੇ ਗੁਰੂ ਸਾਹਿਬ ਜੀ ਨੂੰ ਕੇਵਲ ਸਰੀਰ ਮਾਤਰ ਹੀ ਸਮਝਦੇ ਹਨ, ਤਾਂ ਹੀ ਉਹਨਾਂ ਨੂੰ ਗੁਰੂ ਸਾਹਿਬ ਜੀ ਦੇ ਕੌਤਕ ਕਰਾਮਾਤ ਰੂਪੀ ਕਹਿਰ ਨਜ਼ਰ ਆਉਂਦੇ ਹਨ। ਗੁਰੂ- ਪਿਆਰ ਵਿੱਚ ਗੜੂੰਦ ਹੋ ਕੇ ਇਤਿਹਾਸ ਲਿਖਣ ਵਾਲਿਆਂ ਤੇ ਸ਼ੱਕ ਕਰਨ ਦੀ ਥਾਂ ਆਪਣੇ ਮਨ ਅੰਦਰ ਗੁਰੂ- ਪ੍ਰੇਮ ਨੂੰ ਬਲਵਾਨ ਕਰਨ ਦਾ ਯਤਨ ਕਰੀਏ।

**ਸ਼੍ਰੀ ਅੰਮ੍ਰਿਤਸਰ** ਯਾਤ੍ਰਾ-**ਸ਼੍ਰੀ ਅੰਮ੍ਰਿਤਸਰ ਮੱਜਨ ਕਰੀਏ।**
**ਜਨਮ ਮਰਨ ਕੇ ਅਘ ਪਰਹਰੀਏ॥ ੨੫॥**

**ਅਰਥ** - ਯਾਤਰਾਵਾਂ ਵਿੱਚੋਂ ਸਰਵ ਸ੍ਰੇਸ਼ਟ ਯਾਤਰਾ ਅੰਮ੍ਰਿਤਸਰ ਸਰੋਵਰ ਵਿੱਚ ਇਸਨਾਨ ਕਰਨ ਲਈ ਕੀਤੀ ਗਈ ਯਾਤਰਾ ਹੈ; ਜਨਮਾਂ-ਜਨਮਾਤ੍ਰਾਂ ਦੇ ਪਾਪ ਨਸ਼ਟ ਹੋ ਜਾਂਦੇ ਹਨ।

**ਭਾਵਾਰਥ** - ਮਨੁੱਖੀ ਸਰੀਰ ਦੀ ਪ੍ਰਵਿਰਤੀ ਪਾਰਥਿਵ ਹੈ, ਗੁਰੂ ਸਾਹਿਬ ਜੀ ਨੇ ਪਾਰਥਿਵ ਧਰਤੀ ਉੱਪਰ ਨਿਰੰਕਾਰ ਦੇ ਨਿਵਾਸ ਦੀ ਥਾਂ ਸ੍ਰੀ ਅੰਮ੍ਰਿਤਸਰ ਸਾਹਿਬ



ਨਿਯੁਕਤ ਕੀਤੀ ਹੈ। ਅੰਮ੍ਰਿਤ ਸਰੋਵਰ/ਅੰਮ੍ਰਿਤਸਰ ਦੀ ਵਡਿਆਈ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ਼ ਹੈ। ਸ੍ਰੀ ਦਰਬਾਰ ਸਾਹਿਬ ਜੀ ਅੰਦਰ ਹਰ-ਵਖਤ ਕੀਰਤਨ/ ਵਾਹਿਗੁਰੂ ਸ਼ਬਦ ਦਾ ਜਾਪ ਚਲਦਾ ਰਹਿੰਦਾ ਹੈ। ਜਿਵੇਂ ਠੰਡਾ ਪਾਣੀ ਭੋਜਨ ਨਾਲੀ ਵਿਚ ਪ੍ਰਵੇਸ਼ ਕਰਕੇ ਗਿਆਨ ਇੰਦ੍ਰਿਆਂ ਨੂੰ ਠੰਡਕ ਪ੍ਰਦਾਨ ਕਰਦੇ ਹਨ। ਤਿਵੇਂ ਨਾਮ ਅਭਿਆਸ ਦੇ ਪ੍ਰਤਾਪ ਕਰਕੇ ਜਲ ਦੀ ਪਵਿੱਤਰਤਾ, ਸਰੀਰ ਦੁਆਰਾ ਜੀਵਨ ਨੂੰ ਪਵਿੱਤਰ ਕਰ ਦਿੰਦੀ ਹੈ। ਜੀਵਨ ਦੀ ਪਵਿੱਤਰਤਾ ਚੰਗੇ ਕਰਮਾਂ ਰਾਹੀਂ ਪਹਿਚਾਣੀ ਜਾਂਦੀ ਹੈ। ਚੰਗੇ ਕਰਮ ਮਨੁੱਖ ਨੂੰ ਖੁਸ਼ੀ ਰੂਪ ਠੰਡਕ ਦਿੰਦੇ ਹਨ। ਇਹੀ ਪਾਪਾਂ ਨੂੰ ਨਸ਼ਟ ਕਰਨ ਵਿੱਚ ਸਹਾਈ ਹੁੰਦੇ ਹਨ।

**ਹਰਿ ਮੰਦਿਰ ਦਰਸਹੁ ਦਰਬਾਰ। ਹੋਤਿ ਸਦਾ ਗੁਰ ਗਿਰਾ ਉਚਾਰ।**
**ਸਹਿਤ ਅਦਬ ਕੇ ਬੈਠਹਿ ਮਾਂਹਿ। ਗੁਰ ਬਿਨ ਮਨ ਨ ਡੁਲਾਵੈ ਕਾਂਹਿ॥ ੨੬॥**

**ਅਰਥ** - ਸ੍ਰੀ ਹਰਿਮੰਦਰ ਸਾਹਿਬ ਦਰਬਾਰ ਦੇ ਦਰਸ਼ਨ ਕਰੋ; ਜਿੱਥੇ ਸਤਿਗੁਰੂ ਸਾਹਿਬ ਜੀ ਦੀ ਬਾਣੀ ਦਾ ਹਮੇਸ਼ਾ ਉਚਾਰਨ ਚੱਲਦਾ ਰਹਿੰਦਾ ਹੈ। ਬਹੁਤ ਹੀ ਸਤਿਕਾਰ ਸਹਿਤ ਸੰਗਤ ਵਿੱਚ ਬੈਠਣਾ ਕਰੋ। ਗੁਰੂ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰਨ ਤੋਂ ਬਿਨਾਂ ਮਨ ਨੂੰ ਕਦੇ ਵੀ ਨਾ ਡੁਲਾਵੋ ।

**ਭਾਵਾਰਥ** - ਪਵਿੱਤਰ ਜੀਵਨ ਦਾ ਰਹੱਸ ਸਰੀਰਕ ਕਿਰਿਆਵਾਂ ਦੇ ਸੰਯੋਜਕ ਢੰਗ ਵਿੱਚ ਹੈ। ਹਰਿਮੰਦਰ ਸਾਹਿਬ ਜੀ ਦੇ ਪਰਿਸਰ ਵਿੱਚ ਬੈਠ ਕੇ ਕੀਰਤਨ ਸੁਣਦਿਆਂ ਗੁਰਬਾਣੀ ਪ੍ਰਤੀ 'ਅਦਬ ਅਤੇ ਸਤਿਕਾਰ' ਮਨ ਵਿੱਚ ਟਿੱਕਦਾ ਹੈ। ਕਿਉਂਕਿ ਗੁਰੂ ਸਾਹਿਬਾਨ ਜੀ ਨੇ ਸਰੀਰਕ ਕਾਲ ਦਾ ਲੰਮਾ ਸਮਾਂ ਅੰਮ੍ਰਿਤਸਰ ਸਾਹਿਬ ਵਿੱਚ ਗੁਜਾਰਿਆ ਹੈ। ਪੁਰਾਰਤਤਵ ਦੀ ਖੋਜ ਕਰਨ ਵਾਲੇ ਖੋਜੀ ਭੀ ਮੰਨਦੇ ਹਨ, ਜਿੱਥੇ ਕੋਈ ਲੰਮਾ ਸਮਾਂ ਗੁਜ਼ਾਰਦਾ ਹੈ; ਉਸ ਦੇ ਰਹਿਣ ਸਹਿਣ ਦਾ ਅਸਰ ਉਸ ਥਾਂ ਉੱਪਰ ਆਪਣਾ ਖਾਸ ਪ੍ਰਭਾਵ ਰੱਖਦਾ ਹੈ। ਗੁਰੂ ਸਾਹਿਬਾਨ ਜੀ ਦਾ ਲੋਕਾਈ ਦੇ ਭਲੇ ਲਈ ਕੀਤਾ ਪਰਉਪਕਾਰ ਅੱਜ ਵੀ ਮਨੁੱਖਤਾ ਅੰਦਰ ਰੱਬ ਨਾਲ ਜੋੜਨ ਦਾ ਸਬੱਬ ਹੈ। ਪਰ ਸ਼ੰਕਾਵਾਦੀ ਆਪਣੀ ਸ਼ੰਕਾ ਲਈ ਬੇਹੁਦਾ ਉਟੰਕਣ ਘੜੇਗਾ। ਸ਼ਰਧਾਵਾਨ ਜੀਵਨ ਸਫਲਾਉਣ ਲਈ ਮਨ ਨੂੰ ਗੁਰ-ਚਰਨਾਂ ਵਿੱਚ ਟਿਕਾ ਕੇ ਰੱਖੇਗਾ, ਕਦੇ ਵੀ ਮਨ ਨੂੰ ਡੋਲਣ ਨਹੀਂ ਦੇਵੇਗਾ। ਇਸ ਲਈ ਹੀ ਸ਼ਰਧਾਵਾਨ ਸਿਦਕ ਸਹਿਤ ਬੈਠਣ ਦਾ ਯਤਨ ਕਰਦਾ ਹੈ। ਗੁਰਬਾਣੀ ਦਾ ਪ੍ਰਤਾਪ ਬੈਠਣ ਵਾਲੇ ਦੇ ਮਨ ਵਿੱਚ ਉਤਸ਼ਾਹ ਪੈਦਾ ਕਰਦਾ ਹੈ।

**ਸਤਿਗੁਰ ਜੋਤਿ ਜਾਗਤੀ ਜਹਾਂ। ਨਿਤਪ੍ਰਤਿ ਸਾਦਰ ਦਰਸਹੁ ਤਹਾਂ।**

**ਕਿਧੌਂ ਪਰਬ ਕੇ ਦਿਨ ਚਲਿ ਜਾਵਹੁ। ਕਿਧੌਂ ਖਸ਼ਟਮੇ ਮਾਸ ਸਿਧਾਵਹੁ॥ ੨੭॥**

**ਅਰਥ** - ਜਿੱਥੇ ਹਰਿਮੰਦਰ ਸਾਹਿਬ ਜੀ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਜੋਤ ਜਾਗਦੀ ਹੈ; ਜੇ ਅੰਮ੍ਰਿਤਸਰ ਸਾਹਿਬ ਵਿੱਚ ਰਹਿਣ ਲਈ ਸਮਾਂ ਮਿਲਿਆ ਹੈ, ਤਾਂ ਨਿਤਪ੍ਰਤੀ ਦਿਨ ਸਤਿਕਾਰ ਸਹਿਤ ਦਰਸ਼ਨ ਕਰਨਾ ਕਰੋ। ਜੇ ਐਸਾ ਸਮਾਂ ਨਹੀਂ ਪ੍ਰਾਪਤ ਹੋਇਆ ਤਾਂ ਗੁਰਪੁਰਬ ਆਦਿਕ ਤੇ ਦਰਸ਼ਨ ਕਰਨ ਆਓ। ਜਾਂ ਛੇ ਮਹੀਨੇ ਉਪਰੰਤ ਜਾਓ।

**ਭਾਵਾਰਥ** – ਕਵੀ ਜੀ ਸਿੱਖ ਦੇ ਜੀਵਨ ਅੰਦਰ ਗੁਰੂ ਜੀ ਦੇ ਪ੍ਰਤੱਖ ਦਰਸ਼ਨਾਂ ਦਾ ਅਹਿਸਾਸ ਭਰ ਰਹੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਗੁਰੂ ਸਾਹਿਬ ਜੀ ਹਾਜ਼ਰ –ਨਾਜ਼ਰ ਹਨ। ਜਦੋਂ ਕਿਸੇ ਪਿਆਰੇ ਦੀ ਯਾਦ ਆ ਜਾਏ ਤਾਂ ਅਸੀਂ ਭਾਵੁਕ ਹੋ ਜਾਂਦੇ ਹਾਂ, ਜਿਸਦਾ ਕਾਰਣ ਪਿਆਰੇ ਦਾ ਸੰਕਲਪਿਕ ਚਿੱਤਰ ਮਨ ਉੱਪਰ ਆਪਣਾ ਪ੍ਰਭਾਵ ਪਾ ਲੈਂਦਾ ਹੈ। ਇਵੇਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਸਿੱਖ ਦੇ ਮਨ ਵਿਚ ਸ੍ਰੀ ਗੁਰੂ ਸਾਹਿਬਾਨ ਜੀ, ਗੁਰਸਿੱਖਾਂ ਅਤੇ ਸ਼ਹੀਦਾਂ ਦੇ ਇਤਿਹਾਸ ਦੀ ਕੜੀ ਫਿਲਮ ਵਾਂਗ ਘੁੰਮਣ ਲਗ ਜਾਂਦੀ ਹੈ। ਸ਼ਰਧਾ ਦਾ ਮਹਿਲ ਆਪਣੇ-ਆਪ ਹੀ ਅੰਦਰੋਂ ਉਤਸ਼ਾਹ ਦੇ ਝਰਨੇ ਵਗਾਉਣ ਲੱਗ ਜਾਂਦਾ ਹੈ। ਕਵੀ ਜੀ ਹਰ ਸਿੱਖ ਅੰਦਰ ਭਾਵਨਾ ਲਈ ਬੇਨਤੀ ਕਰਦੇ ਹਨ, ਕਿ ਜਿਹੜੇ ਅੰਮ੍ਰਿਤਸਰ ਸਾਹਿਬ ਜੀ ਦੇ ਨੇੜੇ-ਤੇੜੇ ਰਹਿੰਦੇ ਹਨ। ਉਹ ਹਰ ਰੋਜ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਆਉਣ। ਜੇ ਐਸਾ ਨਹੀਂ ਹੋ ਆਉਂਦਾ ਤਾਂ ਗੁਰਪੁਰਬਾਂ ਵਾਲੇ ਦਿਨ ਜਾਂ ਛੇ ਮਹੀਨੇ ਬਾਅਦ ਜਰੂਰ ਚਲ ਕੇ ਆਉਣ।

**ਅਧਿਕ ਦੂਰ ਹੁਇ ਸੰਮਤ ਮਾਂਹਿ। ਸਤਿਗੁਰ ਘਰ ਕੋ ਦਰਸਹਿ ਜਾਹਿ।**

**ਅਰਥ** – ਜੇ ਬਹੁਤ ਦੂਰ ਰਹਿੰਦੇ ਹੋਵੋ ਤਾਂ ਸਾਲ ਵਿੱਚ ਇੱਕ ਬਾਰ ਜਰੂਰ ਸਤਿਗੁਰੂ ਸਾਹਿਬ ਜੀ ਦੇ ਦਰ-ਘਰ ਦੇ ਦਰਸ਼ਨ ਕਰਕੇ ਜਾਓ।

**ਭਾਵਰਥ** – ਹਰ ਸਿੱਖ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਬਹੁਤ ਜਰੂਰੀ ਹਨ, ਇਸ ਦਾ ਮੁੱਖ ਕਾਰਣ ਮੀਰੀ-ਪੀਰੀ ਦਾ ਮੁੱਖ ਕੇਂਦਰ, ਹਰ ਵਕਤ ਦਰਬਾਰ ਸਾਹਿਬ ਨਿਰੰਕਾਰ ਦਾ ਜਸ, ਗੁਰਸਿੱਖਾਂ ਦੀ ਗੁਰ-ਚਰਣਾਂ ਵਿੱਚ ਲੰਮਾ ਸਮਾਂ ਘਾਲ ਕਮਾਈ ਅਤੇ ਗੁਰੂ ਸਾਹਿਬਾਨ ਜੀ ਨੇ ਕਾਫੀ ਲੰਮਾ ਸਮਾਂ ਗੁਜ਼ਾਰਿਆ ਹੈ।

**ਤਨ ਮਨ ਤੇ ਗੁਰ ਸਿਖ ਹੁਇ ਕਰਿ ਕੇ। ਗਯੋ ਨ ਦਰਸ਼ਨ ਅੰਮ੍ਰਿਤਸਰ ਕੇ॥ ੨੮॥**



**ਕਿਉਂ ਤਿਨ ਜਨਮ ਧਰਯੋ ਜਗ ਆਇ। ਨਿਸ਼ਫਲ ਭਯੋ ਗਯੋ ਪਛੁਤਾਇ॥**

**ਅਰਥ** – ਜੇ ਕੋਈ ਤਨ-ਮਨ ਦੀ ਭਾਵਨਾ ਨਾਲ ਗੁਰੂ ਸਾਹਿਬ ਜੀ ਦਾ ਸਿੱਖ ਬਣ ਕੇ ਦਰਸ਼ਨ ਕਰਨ ਲਈ ਨਹੀਂ ਆਇਆ। ਉਸਨੇ ਸੰਸਾਰ ਵਿੱਚ ਕਿਉਂ ਆ ਕੇ ਜਨਮ ਧਾਰਨ ਕੀਤਾ ਹੈ। ਉਸਦਾ ਜਨਮ ਨਿਸ਼ਫਲ ਹੋ ਗਿਆ ਹੈ; ਅਖੀਰ ਇਸ ਸੰਸਾਰ ਤੋਂ ਪਛਤਾਵੇ ਨਾਲ ਹੀ ਜਾਂਦਾ ਹੈ। ਪਰ ਦੂਜੇ ਪਾਸੇ ਜੇ ਕੋਈ ਸਰੋਵਰ ਵਿੱਚ ਇਸ਼ਨਾਨ ਕਰਦਾ ਹੈ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਦਾ ਹੈ; ਉਸਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਸਾਰੇ ਮਨ ਬਾਂਛਤ ਫਲ ਮਿਲ ਜਾਂਦੇ ਹਨ।

**ਭਾਵਾਰਥ** – ਕਵੀ ਜੀ ਦਾ ਗੁਰੂ ਚਰਣਾਂ ਵਿੱਚ ਨਿਸ਼ਚਾ ਕਿਤਨਾ ਪ੍ਰਪੱਕ ਹੈ, ਇਹਨਾਂ ਪੰਗਤੀਆਂ ਤੋਂ ਪ੍ਰਗਟ ਹੁੰਦਾ ਹੈ। ਜਿਹੜਾ ਸਿੱਖ/ਜਗਿਆਸੂ/ਪੰਜਾਬੀ ਤਨ-ਮਨ ਕਰਕੇ ਗੁਰੂ ਸਾਹਿਬ ਜੀ ਦੀ ਸਿੱਖੀ ਦਾ ਅਹਿਸਾਸ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਕਰਨ ਨਹੀਂ ਗਿਆ, ਉਸ ਦੇ ਜਨਮ ਨੂੰ ਕਵੀ ਜੀ ਨਿਸ਼ਫਲ ਦਸਦੇ ਹਨ। ਇਸ ਦਾ ਮੂਲ ਕਾਰਣ ਹੈ, ਜਿਸ ਭਾਸ਼ਾ ਨਾਲ ਜ਼ਿੰਦਗੀ ਦੇ ਦੁੱਖ-ਦਰਦ ਸਾਂਝੇ ਕੀਤੇ ਜਾਂਦੇ ਹਨ; ਉਸ ਭਾਸ਼ਾ ਰਾਹੀਂ ਗੁਰੂ ਸਾਹਿਬ ਜੀ ਨੇ ਕੁੱਲ ਮਾਨਵਤਾ ਲਈ ਗਿਆਨ ਦਾ ਪ੍ਰਚਾਰ-ਪ੍ਰਸਾਰ ਕੀਤਾ ਹੈ। ਪੰਜਾਬੀ ਭਾਸ਼ਾ ਦੀ ਵਰਣਮਾਲਾ ਨੂੰ ਪੱਟੀ-ਬਾਣੀ ਤਹਿਤ ਅੰਕਿਤ ਕਰਕੇ ਧੁਰ ਕੀ ਬਾਣੀ ਵਿੱਚ ਗੌਰਵਸ਼ਾਲੀ ਥਾਂ ਦਿੱਤੀ ਹੈ। ਧਰਤੀ ਉੱਪਰ ਮਹਾਨ ਸਥਾਨ ਸ੍ਰੀ ਅੰਮ੍ਰਿਤਸਰ ਸਰੋਵਰ ਵਿਚਕਾਰ ਹਰਿਮੰਦਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਕੀਤੇ ਹਨ। ਇੰਨੇ ਮਹਾਨ ਸਥਾਨ ਤੇ ਜੇ ਕੋਈ ਪੰਜਾਬੀ ਹੋ ਕੇ ਦਰਸ਼ਨ ਕਰਨ ਲਈ ਨਾ ਜਾਵੇ, ਤਾਂ ਉਸਨੂੰ ਇਸ ਬਾਰੇ ਜਰੂਰ ਸੋਚਣਾ ਚਾਹੀਦਾ ਹੈ? ਸਾਡੇ ਪਰਉਪਕਾਰ ਨੂੰ ਕੋਈ ਭੁਲਾ ਦੇਵੇ ਅਸੀਂ ਉਸਨੂੰ ਅਕ੍ਰਿਤਘਣ ਕਹਿੰਦੇ ਹਾਂ। ਜਿਨ੍ਹਾਂ ਨੇ ਕਦੇ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਨਹੀਂ ਕੀਤੇ, ਉਹਨਾਂ ਬਾਰੇ ਕੀ ਸੋਚਣਾ ਚਾਹੀਦਾ ਹੈ ?

**ਜੇ ਦਰਸ਼ਹਿ ਅਰੁ ਸਰੁਵਰੁ ਮੱਜੈਂ। ਪਾਇੰ ਪਦਾਰਥ ਸਭਿ ਅਘ ਭੱਜੈਂ॥ ੨੯॥**

**ਅਸ ਉਪਦੇਸ਼ ਪ੍ਰਥਮ ਗੁਰ ਕਰੈਂ। ਅੰਤਹਕਰਣ ਸੁੱਧਤਾ ਧਰੈ।**

**ਸੱਤਿਨਾਮ ਸਿਮਰਤਿ ਜਨ ਜੋਇ। ਹਰਿ ਗੁਰ ਸੰਗ ਪ੍ਰੇਮ ਜਿਸ ਹੋਇ॥ ੩੦॥**

ਅਰਥ= ਐਸਾ ਉਪਦੇਸ਼ ਧੰਨ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਗੁਰੂ ਸਾਹਿਬ ਜੀ ਨੇ ਕੀਤਾ ਹੈ। ਇਸ ਤਰ੍ਹਾਂ ਨਾਲ ਅੰਤਹਕਰਨ ਦੀ ਸ਼ੁੱਧਤਾ ਹੁੰਦੀ ਹੈ। ਜਿਹੜਾ ਪੁਰਸ਼ ਸ਼ੁੱਧ ਅੰਤਹਕਰਨ ਨਾਲ ਸੱਚਾ ਨਾਮ ਸਿਮਰਦਾ ਹੈ; ਉਸਦਾ ਹਰੀ ਸਰੂਪ ਗੁਰੂ

ਸਾਹਿਬ ਜੀ ਪ੍ਰਤੀ ਪ੍ਰੇਮ ਪੈਦਾ ਹੋ ਜਾਂਦਾ ਹੈ।

ਭਾਵਾਰਥ= ਇਹ ਉਪਦੇਸ਼ ਗੁਰੂ ਸਾਹਿਬਾਨ ਜੀ ਨੇ ਕੀਤਾ ਹੈ, ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦੀ ਸੇਵਾ ਆਪ ਬਾਬਾ ਬੁੱਢਾ ਸਾਹਿਬ ਜੀ ਵਰਗੇ ਮਹਾਨ ਗੁਰਸਿੱਖਾਂ ਤੋਂ ਕਰਵਾਈ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹਰ-ਵਖਤ ਨਾਮ ਸਿਮਰਨ ਚੱਲਦਾ ਰਹਿੰਦਾ ਹੈ। ਨਾਮ ਦੀ ਕਰਮ -ਸ਼ਕਤੀ ਨਾਲ ਸਾਡੀ ਮਨੋ-ਬ੍ਰਿਤੀ ਸ਼ੁੱਧ ਹੁੰਦੀ ਹੈ। ਮਨ ਭੀ ਅੰਤਹਕਰਣ ਦਾ ਹਿੱਸਾ ਹੁੰਦਾ ਹੈ। ਸ਼ੁੱਧ ਮਨ ਦਾ ਸੰਸਕਰਣ ਹੀ ਨਿਸ਼ਚੇ (ਬੁੱਧੀ) ਦਾ ਰੂਪ ਧਾਰਨ ਕਰਦਾ ਹੈ। ਸ੍ਰੀ ਦਰਬਾਰ ਸਾਹਿਬ ਵਿੱਚ ਸਰੋਵਰ ਦੀਆਂ ਪਰਿਕਰਮਾਂ ਵਿੱਚ ਬੈਠ ਕੇ ਕੀਰਤਨ/ਨਾਮ ਸੁਣਦਿਆਂ ਮਨ ਟਿਕਦਾ ਹੈ, ਦਿਮਾਗ ਸਾਵਧਾਨ ਹੁੰਦਾ ਹੈ, ਅੱਖਾਂ ਦੁਆਰਾ ਨਾਮ ਜਪਣ ਵਾਲੇ ਗੁਰਮੁਖਾਂ ਦੇ ਬੈਠਣ/ਬੋਲਣ/ਚੱਲਣ ਨੂੰ ਵੇਖ ਕੇ ਮਨ ਉਪਰ ਚੰਗਾ ਅਸਰ ਹੁੰਦਾ ਹੈ। ਹੌਲੀ-ਹੌਲੀ ਗੁਰੂ ਚਰਣਾਂ ਦਾ ਪ੍ਰੇਮ ਮਨ ਵਿੱਚ ਪ੍ਰਪੱਕ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿੰਨਾ ਪ੍ਰੇਮ ਵਧਾਉਂਦਾ ਹੈ, ਉਤਨਾ ਹੀ ਅੰਤਰਕਰਣ ਸ਼ੁੱਧ ਹੋ ਕੇ ਨਾਮ ਦੀ ਰੰਗਣ ਚੜ ਜਾਂਦੀ ਹੈ।

ਭਗਤੀ- **ਤਿਸੈ ਨਿਤਾਪ੍ਰਤਿ ਭਗਤ ਦ੍ਰਿੜਾਵੈਂ । ਭਾਣਾ ਮੰਨਣ ਕੋ ਸਿਖਰਾਵੈਂ ।**

**ਕਸ਼ਟ ਆਪਦਾ ਪਰੈ ਜਿ ਕੋਈ। ਕਿਧੌਂ ਸਰੀਰ ਬਿਖੈ ਰੁਜ ਹੋਈ॥ ੩੧॥**

**ਬਿੱਪਰੈ ਸੁਤ ਬਿਤ ਆਦਿਕ ਮਾਂਹੀ। ਪਰਾਰਬਧ ਕਰਿ ਹੁਇ ਕਛੁ ਜਾਹੀ।**

**ਪ੍ਰਭੁ ਮਹਿਂ ਦੋਸ਼ ਅਰੋਪੇ ਕੋਇ ਨ। ਨੀਕੋ ਲਖੈ ਦੀਨ ਮਨ ਹੋਇ ਨ॥ ੩੨॥**

**ਭਲਾ ਕਰਹਿ ਪਰਮੇਸ਼ਰ ਮੇਰਾ। ਅਘ ਫਲ ਨਿਬਰਹਿ ਮੈਂ ਨਿਤ ਚੇਰਾ।**

**ਇੱਤਯਾਦਿਕ ਬਹੁ ਰਿਦੈ ਮਝਾਰ। ਹਰਖੈ ਈਸ਼ਰੁ ਕ੍ਰਿਤਿ ਬਿਚਾਰ॥ ੩੩॥**

**ਅਰਥ** - ਉਸਨੂੰ ਗੁਰੂ ਸਾਹਿਬ ਜੀ ਹਰੀ ਸਰੂਪ ਬਣ ਕੇ ਨਿੱਤਪ੍ਰਤੀ ਭਗਤੀ ਦ੍ਰਿੜ ਕਰਵਾਉਂਦੇ ਹਨ। ਭਾਣਾ ਮੰਨਣਾ ਸਿਖਾਉਂਦੇ ਹਨ, ਜੇ ਕੋਈ ਕਸ਼ਟ ਜਾਂ ਬਿਪਤਾ ਆ ਪਵੇ ਜਾਂ ਸਰੀਰ ਵਿੱਚ ਕੋਈ ਰੋਗ ਪੈਦਾ ਹੋ ਜਾਏ। ਪੁੱਤਰ ਧਨ ਸਾਜ਼ੋ-ਸਮਾਨ ਵਿੱਚ ਫਰਕ ਪੈ ਜਾਏ, ਜਾਂ ਪਰਾਲਬਧ ਕਰਕੇ ਕੁੱਝ ਭੀ ਪ੍ਰਾਪਤ ਨਾ ਹੋਵੇ। ਪ੍ਰਮਾਤਮਾ ਵਿੱਚ ਕੋਈ ਵੀ ਦੋਸ਼ ਨਾ ਅਰੋਪੇ; ਉਸਨੂੰ ਚੰਗਾ ਕਰਕੇ ਜਾਣੇ ਮਨ ਵਿੱਚ ਦੁਖੀ ਨਾ ਹੋਵੇ। ਮੇਰਾ ਪ੍ਰਭੂ ਮੇਰੇ ਪਾਪ ਨਸ਼ਟ ਕਰਕੇ ਮੇਰਾ ਭਲਾ ਕਰਦਾ ਹੈ। ਪਾਪਾਂ ਦਾ ਫਲ ਦੁੱਖ ਨਿਬੜਦੇ ਜਾ ਰਹੇ ਹਨ, ਕਿਉਂਕਿ ਮੈਂ ਗੁਰੂ ਸਾਹਿਬ ਜੀ ਦਾ ਸੇਵਕ ਹਾਂ। ਇਸ ਤੋਂ ਲੈ ਕੇ ਹਿਰਦੇ ਵਿੱਚ ਧਾਰਨ ਕਰਕੇ ਪ੍ਰਮਾਤਮਾ ਦੀ ਖੇਡ ਜਾਣਦਾ ਹੋਇਆ ਖੁਸ਼ ਹੁੰਦਾ ਹੈ।

**ਭਾਵਾਰਥ** - ਕਵਿਤਾ ਦੇ ਤਿੰਨਾਂ ਪਦਾਂ ਵਿੱਚ ਕਵੀ ਜੀ ਨੇ ਮਨੁੱਖ ਨੂੰ ਆਉਣ



ਵਾਲੇ ਅਨੇਕਾਂ ਬਿਘਨਾਂ ਦਾ ਕਥਨ ਕੀਤਾ ਹੈ। ਭਗਤੀ ਕਰਨ ਵਾਲਾ ਆਪਣੇ ਗੁਰੂ ਦੇ ਸਿਧਾਂਤ ਵਿੱਚ ਇੱਕਸੁਰ ਹੋ ਜਾਂਦਾ ਹੈ। ਉਸ ਲਈ ਸਰੀਰ ਤੋਂ ਪੈਦਾ ਹੋਣ ਵਾਲੇ ਸਾਰੇ ਕਾਰਣ ਹੀ ਨਾਸ਼ਮਾਨ ਨਜ਼ਰ ਆਉਂਦੇ ਹਨ। ਸਰੀਰ ਦੁਆਰਾ 'ਜੀਵ' ਸਰੀਰ ਦੀ ਤੰਦਰੁਸਤੀ ਲਈ ਖੁਰਾਕ ਖਾਂਦਾ ਹੈ, ਪਰ ਸਰੀਰ ਦੇ ਸੰਗ ਕਰਕੇ ਮੈਲ ਉਤਪੰਨ ਹੋ ਜਾਂਦੀ ਹੈ। ਇਵੇਂ ਹੀ ਸਰੀਰ ਦੁਆਰਾ ਹੋਣ ਵਾਲੇ ਕਰਮਾਂ ਵਿੱਚ ਵਿਕਾਰਾਂ ਦੀ ਮੈਲ ਪੈਦਾ ਹੋ ਜਾਂਦੀ ਹੈ। ਵਿਕਾਰਾਂ ਦੀ ਮੈਲ 'ਪਾਪ' ਦਾ ਕਾਰਣ ਬਣ ਜਾਂਦੀ ਹੈ। ਦੁੱਖ ਦੀ ਪੈਦਾਇਸ਼ ਦਾ ਕਾਰਣ ਪਾਪ ਹੈ। ਭਗਤ 'ਜੀਵ ਦੀ ਹੈਸੀਅਤ' ਵਿੱਚ ਆਤਮਾ ਦੀ ਇੱਕਰੂਪਤਾ' ਅਤੇ 'ਜੀਵ ਵਿੱਚ ਆਤਮਾ ਦੀ ਨਿਰਲੇਪਤਾ' ਨੂੰ ਮੰਨ ਕੇ ਚਲਦਾ ਹੈ। ਜਿਵੇਂ ਸੰਗਤਰੇ ਦੀ ਛਿੱਲ ਅਤੇ ਰਸ , ਦੋਨਾਂ ਨੂੰ ਇੱਕਰੂਪਤਾ ਤੇ ਨਿਰਲੇਪਤਾ ਵਿਚ ਹੀ ਸੰਗਤਰੇ ਦੀ ਅਸਲੀਅਤ ਸਮਝ ਆ ਸਕਦੀ ਹੈ। ਦਰੱਖਤ ਖੁਰਾਕ ਜੜ੍ਹਾਂ ਤੋਂ ਪ੍ਰਾਪਤ ਕਰਦਾ ਹੈ, ਹਜ਼ਮ ਪੱਤਿਆਂ ਵਿੱਚ ਕਰਦਾ ਹੈ; ਸਾਰਾ ਕੁੱਝ ਜੋੜ ਕੇ ਹੀ ਦਰੱਖਤ ਦਾ ਰੂਪ ਪੂਰਾ ਹੁੰਦਾ ਹੈ। ਇਵੇਂ ਸਰੀਰ ਦੇ ਕਰਮ ਇੰਦ੍ਰਿਆਂ ਕਰਕੇ ਮਨੁੱਖ ਕਰਮ ਕਰਦਾ ਹੈ, ਗਿਆਨ ਇੰਦ੍ਰਿਆਂ ਕਰਕੇ ਫਲ ਦਾ ਸੁੱਖ-ਦੁੱਖ ਅਨਭਵ ਕਰਦਾ ਹੈ। ਬਹੁਤਾਤ ਵਿੱਚ ਅਸਲੀਅਤ ਤੋਂ ਭੁੱਲਿਆ ਹੋਇਆ ਦੋਸ਼ ਰੱਬ ਵਿੱਚ ਅਰੋਪਣ ਲੱਗ ਜਾਂਦਾ ਹੈ। ਜਿਹੜਾ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਵਾਲਾ ਹੋਵੇਗਾ, ਉਸ ਦੀ ਭਗਤੀ-ਭਾਵ ਬ੍ਰਿਤੀ ਪ੍ਰਪੱਕ ਹੁੰਦੀ ਹੈ। ਉਸ ਲਈ ਪੱਕਿਆ ਫਲ ਸਮਾਂ ਪਾ ਕੇ ਧਰਤੀ ਤੇ ਡਿੱਗ ਪੈਣਾ ਹੈ। ਇਵੇਂ ਹੀ ਬੁਰਾ ਕਰਮ ਭੀ ਫਲ ਦੇਕੇ ਖਤਮ ਹੋ ਜਾਣਾ ਹੈ। ਪਰ ਉਹ ਆਪਣੀ ਸੁਰਤਿ ਨੂੰ ਡੋਲਣ ਨਹੀਂ ਦਿੰਦਾ, ਸਗੋਂ ਇਹੀ ਸਮਝਦਾ ਹੈ, ਕਿ ਇਹ ਸਾਰਾ ਕੁਝ ਮੇਰਾ ਵਾਹਿਗੁਰੂ ਜੀ ਕਰਣ ਵਾਲਾ ਹੈ।

**ਕਰਨੈਹਾਰ ਨ ਦੂਜਾ ਕੋਈ। ਜੇ ਹਰਿ ਕਰੈ ਤ ਬੁਰੀ ਨ ਹੋਈ।**

**ਇਹ ਨਿਸ਼ਚਾ ਗੁਰ ਭਲੇ ਟਿਕਾਵੈ। ਈਸ਼ਰੁ ਕੀ ਕ੍ਰਿਤ ਪਰ ਹਰਖਾਵੈਂ॥ ੩੪॥**

**ਅਰਥ** - ਦੂਜਾ ਕੋਈ ਕਰਨੇਵਾਲਾ ਨਹੀਂ ਹੈ; ਜੋ ਕੁੱਝ ਪ੍ਰਮਾਤਮਾ ਕਰੇ, ਉਸਨੂੰ ਬੁਰਾ ਸਮਝਕੇ ਦੁਖੀ ਨਾ ਹੋਵੇ। ਇਸ ਨਿਸ਼ਚੇ ਨੂੰ ਗੁਰੂ ਵਿੱਚ ਭਲੀ ਪ੍ਰਕਾਰ ਨਿਸ਼ਚੇ ਕਰੇ। ਈਸ਼ਰ ਦੇ ਕੰਮ ਉੱਪਰ ਪੂਰੀ ਤਰਾਂ ਖੁਸ਼ ਹੋਵੇ।

**ਭਾਵਾਰਥ** - ਜੋ ਕੁੱਝ ਗੁਰੂ ਆਪ ਕਰਦਾ ਹੈ, ਉਹ ਭਲਾ ਕਰਦਾ ਹੈ। ਕਿਉਂਕਿ ਗੁਰੂ ਤੋਂ ਕਦੇ ਵੀ ਬੁਰਾ ਨਹੀਂ ਹੁੰਦਾ ਹੈ। ਅਸੀਂ ਪਦਾਰਥ ਖਾ ਕੇ ਮੈਲ਼ ਵਿੱਚ ਤਬਦੀਲ ਕਰ ਦਿੰਦੇ ਹਾਂ, ਪਰ ਕਰਨੇਹਾਰ ਉਸ ਵਿੱਚੋਂ ਭੀ ਨਵੇਂ ਜੀਵ ਪੈਦਾ ਕਰ ਦਿੰਦਾ ਹੈ।

ਇਸਨੂੰ ਕੁਦਰਤੀ ਚੱਕਰ ਕਹਿੰਦੇ ਹਾਂ। ਉਸਨੇ ਆਪਣਾ ਨਿਸ਼ਚਾ ਕੇਵਲ ਤੋਂ ਕੇਵਲ ਗੁਰੂ ਉੱਪਰ ਹੀ ਰਖਿਆ ਹੁੰਦਾ ਹੈ। ਕੁਦਰਤਿ ਵਿੱਚ ਜੋ ਕੁੱਝ ਵਾਪਰ ਰਿਹਾ ਹੁੰਦਾ ਹੈ, ਉਸਨੂੰ ਰੱਬ ਦੀ ਖੇਡ ਸਮਝਕੇ ਜੀਵਨ ਜਿਉਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ।

**ਨਿਸ ਦਿਨ ਲਿਵਲਾਵਨ ਸਤਿਨਾਮ। ਪੁਨ ਉਪਦੇਸ਼ੈ ਇਹ ਅਭਿਰਾਮ।**
**ਊਠਤਿ ਬੈਠਤਿ ਸੋਵਤਿ ਚਾਲਹੁ। ਕ੍ਰਿਤਿ ਕਰਿਬੇ ਮਹਿਂ ਨਾਮ ਸੰਭਾਲਹੁ ॥ ੩੫ ॥**
**ਹਾਥ ਪਾਂਵ ਤੇ ਕਾਰ ਸੁਧਾਰਹੁ। ਮਨ ਤੇ ਮੁਖ ਤੇ ਨਾਮ ਉਚਾਰਹੁ।**
**ਸਨੇ ਸਨੇ ਤਨ ਹੰਤਾ ਤਯਾਗਨ ਪੁਨ ਉਪਦੇਸ਼ ਕਰਤਿ ਇਮ ਲਾਗਨ ॥ ੩੬ ॥**

**ਅਰਥ** – ਰਾਤ-ਦਿਨ ਸੱਚੇ ਨਾਮ ਵਿੱਚ ਸੁਰਤ ਨੂੰ ਲਾ ਕੇ ਰੱਖਣਾ, ਇਹ ਉਪਦੇਸ਼ ਸੁੰਦਰ ਢੰਗ ਨਾਲ ਧਾਰਨ ਕਰੇ; ਉੱਠਦਿਆਂ, ਬਹਿੰਦਿਆਂ, ਸੁੱਤਿਆਂ ਤੇ ਚੱਲਦਿਆਂ-ਕੰਮ ਕਰਦਿਆਂ ਭੀ ਨਾਮ ਨੂੰ ਯਾਦ ਰੱਖੋ। ਹੱਥਾਂ ਪੈਰਾਂ ਨਾਲ ਕੰਮ ਕਰਨਾ ਕਰੋ। ਮਨ ਤੇ ਮੂੰਹ ਨਾਲ ਨਾਮ ਦਾ ਉਚਾਰਨ ਕਰੋ। ਹੌਲੀ ਹੌਲੀ ਦੇਹ ਅਧਿਆਸ ਨੂੰ ਤਿਆਗਣਾ ਕਰੋ। ਫਿਰ ਇਸ ਤਰ੍ਹਾਂ ਨਾਲ ਸਿੱਖ ਨੂੰ ਉਪਦੇਸ਼ ਕਰਨ ਲੱਗਦੇ ਹਨ।

**ਭਾਵਾਰਥ** – ਗੁਰਮਤਿ ਦੇ ਸਾਧਨਾਂ ਦਾ ਮੁੱਖ ਪ੍ਰਯੋਜਨ ਭਗਤੀ (ਸੇਵਾ-ਸਿਮਰਨ) ਦੁਆਰਾ ਗੁਰ-ਸਿੱਖਿਆ ਰਾਹੀਂ ਆਪਣੇ ਆਪ ਨੂੰ ਸੁਧਾਰ ਕੇ ਚੱਲਣਾ ਤੇ ਚਲਾਉਣਾ ਹੁੰਦਾ ਹੈ। ਜ਼ਿੰਦਗੀ ਦੇ ਸੁਧਾਰਨ ਲਈ ਸਰੀਰਕ ਕਿਰਿਆਵਾਂ ਨੂੰ ਸੁਧਾਰਨ ਦੀ ਬਹੁਤ ਜਰੂਰਤ ਹੁੰਦੀ ਹੈ। ਜਿਸਨੇ ਆਪਣੀ ਜਿੰਦਗੀ ਨੂੰ ਸੁਧਾਰ ਲਿਆ ਹੈ,ਉਸ ਕੋਲ ਦੂਜੇ ਨੂੰ ਸੁਧਾਰਨ ਲਈ ਤਜ਼ਰਬੇ ਹੋ ਜਾਂਦੇ ਹਨ। ਗੁਰੂ- ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਪੰਥ ਇਵੇਂ ਹੀ ਚੜਦੀ ਕਲਾ ਵਿੱਚ ਰਹਿੰਦਾ ਹੈ। ਦਾਦੇ ਅਤੇ ਪਿਤਾ ਦੇ ਤਜ਼ਰਬੇ ਪੁੱਤਰ ਅਤੇ ਪੋਤਰੇ ਦੇ ਰੂਪ ਵਿੱਚ ਚੱਲਦੇ ਰਹਿੰਦੇ ਹਨ। ਨਵੀਂ ਤਰੱਕੀਆਂ ਰਾਹ ਤਿਆਰ ਕਰਦੀਆਂ ਰਹਿੰਦੀਆਂ ਹਨ। ਪਰ ਉਹ ਆਪਣੇ ਅਮੀਰ ਵਿਰਸੇ ਨੂੰ ਭੁੱਲਦੇ ਭੀ ਨਹੀਂ ਹਨ। ਸਗੋਂ ਦੂਜਿਆਂ ਨੂੰ ਪ੍ਰੇਰਨਾ ਆਪਣਾ ਨੈਤਿਕ ਅਤੇ ਅਧਿਆਤਮਿਕ ਫਰਜ਼ ਸਮਝਦੇ ਹਨ। ਜਿਹਨਾਂ ਨੇ ਹੰਕਾਰ ਨੂੰ ਤਿਆਗਿਆ ਹੁੰਦਾ ਹੈ, ਉਹਨਾਂ ਦੀ ਵੀਚਾਰ ਨੂੰ ਹਰ ਕੋਈ ਪਿਆਰ-ਭਾਵਨਾ ਨਾਲ ਸੁਣਦਾ ਹੈ।

**ਸਭਿ ਮਹਿਂ ਰਮਯੋ ਏਕ ਪ੍ਰਭੁ ਮੇਰਾ। ਸ਼ਤ੍ਰ ਮਿਤ੍ਰ ਅਰ ਠਾਕੁਰ ਚੇਰਾ।**
**ਯਾਂਤੇ ਰਾਗ ਦ੍ਵੈਖ ਕੋ ਤਯਾਗਹੁ। ਨੀਂਦ ਅਵਿੱਦਯਾ ਤਜਿ ਕਰਿ ਜਾਗਹੁ ॥ ੩੭ ॥**

**ਅਰਥ** – ਸਾਰਿਆਂ ਵਿੱਚ ਮੇਰਾ ਇੱਕ ਪ੍ਰਭੂ ਸੁਭਾਇਮਾਨ ਹੈ। ਜਿਹੜਾ ਦੁਸ਼ਮਨ-ਮਿਤ੍ਰ, ਮਾਲਕ ਤੇ ਨੌਕਰ ਸਭ ਵਿੱਚ ਇੱਕ ਸਮਾਨ ਹੈ। ਇਸ ਲਈ ਮੋਹ ਤੇ ਈਰਖਾ



ਨੂੰ ਤਿਆਗ ਦੇਵੋ। ਅਵਿੱਦਿਆ ਦੀ ਨੀਂਦ ਨੂੰ ਤਿਆਗ ਕੇ ਜਾਗ ਪਵੋ।

**ਭਾਵਾਰਥ** – ਇੱਥੇ ਆ ਕੇ ਕਵੀ ਜੀ ਸਾਰੇ ਅਧਿਆਤਮਕ ਸਿਧਾਂਤਾਂ ਦੀ ਵਿਆਖਿਆ ਨੂੰ ਗੁਰ-ਪ੍ਰੇਮ ਵਾਲੇ ਗੁਰਸਿੱਖਾਂ ਦੀ ਸਾਧਨਾ ਨਾਲ ਸਮਾਨ ਕਰ ਦਿੰਦੇ ਹਨ। ਕਾਮ, ਕ੍ਰੋਧ ਤੇ ਨਿੰਦਾ ਆਦਿ ਦਾ ਮੁੱਖ ਕਾਰਣ ਮੋਹ ਤੇ ਈਰਖਾ ਹੈ। ਅਵਿੱਦਿਆ ਤੋਂ ਮੋਹ ਤੇ ਈਰਖਾ ਜਨਮ ਲੈਂਦੀਆਂ ਹਨ। ਭਗਤੀ ਕਰਨ ਵਾਲਾ ਗੁਰਸਿੱਖ ਸਾਰਿਆਂ ਵਿੱਚ ਇੱਕ ਰਾਮ (ਵਿਆਪਕ) ਹੀ ਵੇਖਦਾ ਹੈ। ਦੁਸ਼ਮਣ ਤੇ ਮਿੱਤਰ, ਮਾਲਕ ਤੇ ਨੌਕਰ ਦੋਨਾਂ ਵਿੱਚ ਇੱਕੋ ਵਾਹਿਗੁਰੂ ਜੀ ਦਾ ਰੂਪ ਹੀ ਨਜ਼ਰ ਆਉਂਦਾ ਹੈ। ਅਵਿੱਦਿਆ ਜਾਂ ਗਫਲਤ ਨੂੰ ਤਿਆਗ ਕੇ ਸਾਵਧਾਨ ਹੋ ਕੇ ਚੱਲਣ ਨਾਲ ਹੀ ਸਿੱਖੀ ਦੀ ਸਾਧਨਾ ਕੰਮ ਕਰਦੀ ਹੈ। ਧਾਰਮਿਕ ਵਿਆਖਿਆ ਵਿੱਚ 'ਐਸੇ ਸਿਧਾਂਤ ਦੀ' ਬਹੁਤ ਹੀ ਜਰੂਰਤ ਹੁੰਦੀ ਹੈ। ਕਿਉਂਕਿ 'ਧਰਮ' ਸਮਾਨਤਾ ਦੇ ਰੂਪ ਵਿੱਚ ਚਲਦਾ ਹੈ; ਦਯਾ, ਖਿਮਾਦਿ ਸਮਾਨ-ਧਰਮ ਦੇ ਗੁਣ ਹਨ। ਕਾਮ, ਕ੍ਰੋਧਾਦਿ ਆਸੁਰੀ ਸੰਪਦਾ ਦਾ ਨਾਸ਼ਕ ਦਯਾਦਿ ਦੈਵੀ ਸੰਪਦਾ ਹੈ। ਅਵਿੱਦਿਆ ਦੇ ਪਰਿਵਾਰ ਦਾ ਨਾਮ ਆਸੁਰੀ ਸੰਪਦਾ ਹੈ। ਅਵਿੱਦਿਆ ਦਾ ਨਾਸ਼ ਵਿੱਦਿਆ ਕਰਦੀ ਹੈ। ਆਪ ਵਿੱਦਿਆ ਪੜ੍ਹਨੀ ਤੇ ਦੂਜਿਆਂ ਨੂੰ ਪੜ੍ਹਾਉਣੀ ਗੁਰਸਿੱਖਾਂ ਦਾ ਮੁੱਢਲਾ ਫਰਜ਼ ਹੈ।

**ਗੁਰ ਕੀ ਗਿਰਾ ਬਿਚਾਰਹੁ ਨੀਕੇ। ਜਿਸਤੇ ਭਲੇ ਹੋਤਿ ਇਸ ਜੀ ਤੇ।**
**ਕੀਰਤਨ ਕਰਹੁ ਪ੍ਰੇਮ ਕੋ ਸੀਂਚਿ। ਲਖਹੁ ਸਕਲ ਗੁਨ ਪ੍ਰਭੁ ਕੇ ਬੀਚ ॥ ੩੮ ॥**

**ਅਰਥ** – ਗੁਰੂ ਸਾਹਿਬ ਜੀ ਦੀ ਬਾਣੀ ਨੂੰ ਚੰਗੀ ਤਰ੍ਹਾਂ ਨਾਲ ਵੀਚਾਰੋ। ਪ੍ਰੇਮ ਵਿੱਚ ਭਿੱਜ ਕੇ ਕੀਰਤਨ ਕਰੋ। ਪ੍ਰਮਾਤਮਾ ਵਿੱਚ ਸਾਰੇ ਗੁਣ ਜਾਨਣਾ ਕਰੋ।

**ਭਾਵਾਰਥ** – ਪੰਜਾਬੀ ਭਾਸ਼ਾ ਦੀ ਵਿੱਦਿਆ ਮੁੱਢ ਗੁਰਬਾਣੀ ਵਿੱਚ ਟਿਕਿਆ ਹੋਇਆ ਹੈ। ਗੁਰਬਾਣੀ ਮਨੁੱਖ ਨੂੰ ਨੈਤਿਕਤਾ ਦਾ ਹੀ ਗਿਆਨ ਦਿੰਦੀ ਹੈ। ਗੁਰੂ ਸਾਹਿਬ ਜੀ ਦੀ ਬਾਣੀ ਨੂੰ ਚੰਗੀ ਤਰ੍ਹਾਂ ਨਾਲ ਵੀਚਾਰਨ ਦਾ ਭਾਵ ਹੈ, ਮਾਨਸਿਕ ਤੱਲ ਦੇ ਸੁਧਾਰ ਨੂੰ ਮੁੱਖ ਰੱਖਦਿਆਂ ਆਪਣੇ ਆਪੇ ਦੀ ਵੀਚਾਰ ਕਰਨਾ ਹੁੰਦਾ ਹੈ। ਇਸ ਤਰ੍ਹਾਂ ਦੀ ਵੀਚਾਰ ਦੁਆਰਾ ਹੱਡ-ਮਾਸ-ਨਾੜੀਆਂ ਦੇ ਪਿੰਜਰ ਵਿੱਚ ਸਮਰੱਥਾ ਪਾਉਣ ਵਾਲੇ ਦੀ ਕੰਨਸੋ ਮਿਲ ਜਾਂਦੀ ਹੈ। ਪਿੰਜਰੇ ਕੋਲ ਆਪਣਾ ਕੁੱਝ ਨਹੀਂ ਹੁੰਦਾ, ਸਗੋਂ ਸਾਰਾ ਕੁੱਝ ਬਣਾਉਣ ਜਾਂ ਖਰੀਦਣ ਵਾਲੇ ਦੇ ਅਧੀਨ ਹੁੰਦਾ ਹੈ। 'ਅਮੀਰ ਵਿਰਸੇ ਦੇ ਵਾਰਸ' ਇਉਂ ਸੋਚਕੇ ਸਾਰੇ ਗੁਣਾਂ ਦੀ ਪ੍ਰਾਪਤੀ ਆਪਣੇ ਵੱਡਿਆਂ ਤੋਂ ਹੀ ਸਮਝਦੇ ਹਨ। ਗੁਰਬਾਣੀ ਦਾ ਕੀਰਤਨ ਪ੍ਰੇਮ ਵਿੱਚ ਮਨ ਨੂੰ ਭਿਉਂ ਕੇ ਕਰੇ; ਕਿਉਂਕਿ

ਪ੍ਰਮਾਤਮਾ ਹੀ ਵੱਡਿਆਂ ਦੀ ਵੱਡੀ ਵਡਿਆਈ ਵਿੱਚ ਟਿਕਿਆ ਹੋਇਆ ਹੈ।

**ਆਦਿ ਸ਼ਰੀਰ ਪਦਾਰਥ ਸਾਰੇ। ਜਿਸ ਪ੍ਰਭੁ ਦੀਨੇ ਹਮੈ ਬਿਚਾਰੇ।**
**ਅਸ ਈਸ਼ਰ ਕਿਉਂ ਰਿਦੇ ਬਿਸਾਰਹੁ। ਨਿਸ ਬਾਸੁਰ ਮਨ ਜੀਹ ਸੰਭਾਰਹੁ ॥ ੩੯ ॥**

**ਅਰਥ** – ਸਰੀਰ ਤੋਂ ਲੈ ਕੇ ਸਾਰੇ ਪਦਾਰਥ ਜਿਸ ਪਰਮਾਤਮਾ ਨੇ ਸਾਨੂੰ ਦਿੱਤੇ ਹਨ। ਐਸੇ ਈਸ਼ਰ ਨੂੰ ਕਿਉਂ ਮਨ ਤੋਂ ਬਿਸਾਰਦੇ ਹੋ। ਰਾਤ ਦਿਨ ਮਨ ਵਿੱਚ ਜੁਬਾਨ ਦੁਆਰਾ ਯਾਦ ਕਰਨਾ ਕਰੋ।

**ਭਾਵਾਰਥ** – ਨਾਮ ਅਭਿਆਸ ਕਰਨ ਵਾਲਾ ਸਰੀਰ ਆਦਿਕ ਪਦਾਰਥਾਂ ਨੂੰ ਪ੍ਰਮਾਤਮਾ ਵੱਲੋਂ ਮਿਲੀ ਹੋਈ ਦਾਤ ਜਾਣਦਾ ਹੈ। ਅਭਿਆਸੀ ਗੁਰਮੁੱਖ ਸਰੀਰ ਤੇ ਜੀਵ ਦਾ 'ਮੇਲ ਅਤੇ ਵਖਰੇਵਾਂ' ਦੋਨਾਂ ਨੂੰ ਬਾਖੂਬ ਜਾਣਦਾ ਹੈ। ਦੋਨਾਂ ਦੇ ਮੇਲ ਕਰਾਉਣ ਵਾਲੇ ਪਰਮਾਤਮਾ ਨੂੰ ਹਮੇਸ਼ਾ ਹਿਰਦੇ ਵਿੱਚ ਟਿਕਾਕੇ ਰੱਖਦਾ ਹੈ। ਅਭਿਆਸ ਦੀ ਇੱਛਾ ਰੱਖਣ ਵਾਲਿਆਂ ਨੂੰ ਹਰ ਤਰ੍ਹਾਂ ਨਾਲ ਅਨੁਭਵ ਕਰਾਉਣ ਲਈ ਯਤਨਸ਼ੀਲ ਰਹਿੰਦਾ ਹੈ, ਕਿ ਰੱਬ ਦੇ ਨਾਮ ਨੂੰ ਕਿਉਂ ਭੁਲਾ ਰਹੇ ਹੋ? ਰਾਤ-ਦਿਨ ਮਨ ਕਰਕੇ ਸਾਵਧਾਨ ਹੋ ਕੇ ਜੁਬਾਨ ਨਾਲ ਸਿਮਰਨ ਕਰੋ।

**ਸ਼੍ਰੀ ਗੁਰ ਗ੍ਰੰਥ ਸਾਹਿਬ ਕੇ ਮਾਹਿ। ਭਗਤਿ ਉਪਦੇਸ਼ ਅਧਿਕ ਅਧਿਕਾਹਿ।**
**ਇਕ ਤੌ ਸੱਤਿਨਾਮੁ ਕੋ ਸਿਮਰਨ। ਲਿਵ ਲਗਾਇ ਨਹਿਂ ਤਜਾਗਹਿ ਨਿਸ ਦਿਨ ॥ ੪੦ ॥**
**ਦੁਤੀਏ ਭਾਣਾ ਪ੍ਰਭੁ ਕੋ ਮਾਨੇ। ਪ੍ਰਭੁ ਕ੍ਰਿਤ ਤੇ ਉਰ ਹਰਖ ਸੁ ਠਾਨੇ।**
**ਤ੍ਰਿਤੀਏ ਤਨਹੰਤਾ ਕੋ ਤਜਾਗੇ। ਤਜਿ ਕੂਰੇ ਸਚ ਪਰ ਅਨੁਰਾਗੇ ॥ ੪੧ ॥**
**ਇਨ ਤੀਨਹੁ ਮੈਂ ਪਰਪਕ ਹੋਇ। ਬ੍ਰਹਮ ਗਜਾਨ ਅਧਿਕਾਰੀ ਸੋਇ-।**

ਅਰਥ ਸ਼ਪੱਸਟ ਹਨ, **ਭਾਵਾਰਥ** – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤਾਤ ਵਿੱਚ ਭਗਤੀ ਭਾਵ ਦਾ ਉਪਦੇਸ਼ ਦਿੱਤਾ ਹੋਇਆ ਹੈ। ਗਿਆਨ ਦੀ ਸਾਧਨਾ ਲਈ ਭਗਤੀ ਦੀ ਬਹੁਤ ਜਰੂਰਤ ਹੁੰਦੀ ਹੈ। ਇਸ ਵਿੱਚ ਤਿੰਨ ਕਾਰਨਾਂ ਨੂੰ ਖਾਸ ਕਰਕੇ ਧਿਆਨ ਵਿੱਚ ਰੱਖਿਆ ਜਾਂਦਾ ਹੈ। ਪਹਿਲਾ, ਵਾਹਿਗੁਰੂ ਨਾਮ ਨੂੰ ਸਦਾ ਸਥਿਰ ਰਹਿਣ ਵਾਲੇ ਪ੍ਰਮਾਤਮਾ ਵਾਂਗ ਸਮਝ ਕੇ ਸਿਮਰਨ ਕਰਨਾ। ਸੁਰਤਿ ਜੋੜ ਕੇ ਕਦੇ ਵੀ ਟੁੱਟਣ ਨਾ ਦੇਣਾ। ਦੂਜਾ, ਪ੍ਰਮਾਤਮਾ ਦੀ ਖੇਡ ਵਿੱਚ ਖੁਸ਼ ਰਹਿਣ ਦਾ ਯਤਨ ਕਰਦੇ ਰਹਿਣਾ ਅਤੇ ਭਾਣਾ ਮੰਨਣ ਵਾਲਾ ਬਣਨਾ। ਤੀਜਾ, ਦੇਹ ਅਧਿਆਸ ਨੂੰ ਕੂੜ ਜਾਣ ਕੇ ਛੱਡ ਦੇਣਾ ਅਤੇ ਸੱਚ ਤੇ ਪਹਿਰਾ ਦੇਣ ਵਾਲੀ ਭਾਵਨਾ ਬਣਾ ਲੈਂਣਾ। ਭਗਤ ਆਪਣੀ ਜ਼ਿੰਦਗੀ ਵਿੱਚ ਤਿੰਨਾਂ ਨੂੰ ਪੂਰਨ ਤੌਰ 'ਤੇ ਪ੍ਰਪੱਕ ਰਖਦਾ



ਹੈ। ਜਿਵੇਂ ਕਿਸਾਨ ਖੇਤੀ ਤੋਂ ਪ੍ਰਾਪਤ ਹੋਣ ਵਾਲਾ ਧਨ, ਖੇਤੀ ਦੀ ਸਾਂਭ-ਸੰਭਾਲ ਅਤੇ ਖੇਤੀ ਵਿਚਲੇ ਕੂੜਾ-ਕਰਕਟ ਦਾ ਤਿਆਗ ਅਤੇ ਖੇਤੀ ਕਰਕੇ ਕਿਸਾਨੀ ਦਾ ਕਿੱਤਾ; ਤਿੰਨਾਂ ਕਾਰਨਾਂ ਦਾ ਖਾਸ ਖਿਆਲ ਰੱਖਣ ਵਾਲਾ ਖੇਤੀ ਵਿੱਚੋਂ ਚੰਗਾ ਮੁਨਾਫਾ ਪ੍ਰਾਪਤ ਕਰ ਲੈਂਦਾ ਹੈ।

**ਫੁਰਹਿਂ ਚਤੁਸ਼ਟੈ ਸਾਧਨ ਰਿਦੈ। ਲਖੈਂ ਉਚਿਤ ਉਪਦੇਸ਼ਨਿ ਤਦੈ ॥ ੪੨ ॥**
**ਸ਼ਰਣ ਪਰਜੋ ਸਿਖ ਕੋ ਪਹਿਚਾਨ। ਪਰੇ ਕੁਬੰਧਨ ਕਰੈ ਪ੍ਰਹਾਨ।**
**ਅਸ ਦਸ ਗੁਰ ਸਾਚੇ ਪਤਿਸਾਹ। ਸਿਮਰਹੁ ਵਾਹਿਗੁਰੂ ਗੁਰ ਵਾਹਿ ॥ ੪੩ ॥**

**ਅਰਥ** – ਚਾਰੇ ਸਾਧਨ 'ਵਿਰਾਗ, ਵਿਵੇਕ, ਖਟਸੰਪਤੀ ਅਤੇ ਮੋਖਇੱਛਾ' ਭਗਤ ਦੇ ਜੀਵਨ ਵਿੱਚ ਸੁੱਤੇ ਸਿੱਧ ਹੀ ਸਥਾਪਿਤ ਹੋ ਜਾਂਦੇ ਹਨ। ਗੁਰੂ ਸਾਹਿਬ ਜੀ ਭਗਤ ਨੂੰ 'ਅਧਿਕਾਰੀ' ਜਾਣ ਲੈਂਦੇ ਹਨ, ਉਸਨੂੰ ਉਪਦੇਸ਼ ਬਖਸ਼ ਕੇ ਆਪਣੇ ਚਰਣਾਂ ਵਿੱਚ ਮੇਲ ਲੈਂਦੇ ਹਨ। ਸ਼ਰਣ ਵਿੱਚ ਆਏ ਹੋਏ ਸਿੱਖ ਨੂੰ ਪਹਿਚਾਣ ਕੇ ਸਾਰੇ ਬੰਧਨ ਕੱਟ ਦਿੰਦੇ ਹਨ। ਐਸੇ ਦੱਸੇ ਗੁਰੂ ਸਾਹਿਬਾਨ ਜੀ ਸਨ। ਕਵੀ ਜੀ ਆਖਦੇ ਹਨ, ਹੇ ਭਾਈ! ਅਸਚਰਜ ਸਰੂਪ ਜਾਣ ਕੇ ਵਾਹਿਗੁਰੂ ਵਾਹਿਗੁਰੂ ਸਿਮਰਨ ਕਰਦਾ ਰਹਿ; ਇੱਕ ਪਲ ਵੀ ਸਿਮਰਨ ਤੋਂ ਬਿਨਾਂ ਨਾ ਬਤੀਤ ਕਰ।

**ਭਾਵਾਰਥ** – ਮਨੁੱਖ ਦੇ ਤਜ਼ਰਬੇ ਹੀ ਗਿਆਨ ਵਿੱਚ ਤਬਦੀਲ ਹੁੰਦੇ ਹਨ। ਗੁਰੂ ਦਾ ਸਿਰਫ ਇਹੀ ਮਿਸ਼ਨ ਹੁੰਦਾ ਹੈ, ਕਿ ਇਨਸਾਨ ਨੂੰ ਤਜ਼ਰਬੇ ਲਈ ਮਿਹਨਤ ਕਰਨ ਵੱਲ ਪ੍ਰੇਰਿਤ ਕਰਨਾ। ਇਹ ਪ੍ਰੇਰਨਾ ਬਾਹਰੀ ਦੁਨੀਆਂ ਤੋਂ ਸ਼ੁਰੂ ਹੋ ਕੇ ਆਂਤਰਿਕ ਦੁਨੀਆਂ ਵੱਲ ਨੂੰ ਸਫਰ ਤੈਅ ਕਰਦੀ ਹੈ। ਅਕਾਲ ਪੁਰਖ ਨੇ ਦਸ ਗੁਰੂ ਸਾਹਿਬਾਨ ਜੀ ਰੂਪ ਵਿੱਚ ਇਨਸਾਨ ਨੂੰ ਸਿੱਖੀ ਦਾ ਉਪਦੇਸ਼ ਬਖਸ਼ ਕੇ ਭਗਤੀਭਾਵ ਵਿੱਚ ਗੜੂੰਦ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਬਾਣੀ ਦੁਆਰਾ ਸਿੱਖ ਦੇ ਜੀਵਨ ਵਿੱਚ ਸੰਸਾਰ ਦੇ ਪਦਾਰਥਾਂ ਤੋਂ ਵੈਰਾਗ ਦਿੰਦੇ ਹਨ, ਉਪਰੰਤ ਵਿਵੇਕੀ ਬਣਾ ਦਿੰਦੇ ਹਨ। ਵਿਵੇਕੀ ਸਿੱਖ ਹਰ ਕਰਮ ਬਾਣੀ ਸਿਧਾਂਤ ਅਨੁਸਾਰ ਕਰਦਾ ਹੈ। ਵਿਵੇਕੀ ਕੋਲ ਖਟਸੰਪਤੀ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ। ਸਿੱਖ ਨੂੰ ਗੁਰੂ ਚਰਣਾਂ ਵਿੱਚ ਜੁੜਨਾ ਹੀ ਮੁਕਤੀ ਦੀ ਇੱਛਾ ਸਰੂਪ ਹੈ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਉਪਦੇਸ਼' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋ ਅੰਸੂ ॥ ੪੬ ॥**

# ਅਧਿਆਇ ਸੱਤਵਾਂ (ਅੰਸ਼ੂ ਸੰਤਾਲੀਵਾਂ)

## ਬ੍ਰਹਮ ਗਯਾਨ ਉਪਦੇਸ਼

**ਦੋਹਰਾ – ਚਾਰਹੁਂ ਸਾਧਨ ਪਾਇ ਕੈ ਸਤਿਗੁਰ ਸ਼ਰਨਿ ਸਿਧਾਇ।**
**ਪਰਖੈਂ ਮਹਾਂ ਸੁਜਾਨ ਤਬਿ ਬ੍ਰਹਮ ਬਿਦਿਆ ਸਿਖਰਾਇਂ॥ ੧॥**

**ਅਰਥ** – ਸਿੱਖ ਭਗਤੀ ਕਰਨ ਵਾਲਾ ਹੋ ਕੇ ਸਤਿਗੁਰੂ ਜੀ ਦੀ ਸ਼ਰਨ ਵਿੱਚ ਜਾਂਦਾ ਹੈ। ਤਦੋਂ ਗੁਰੂ ਸਾਹਿਬ ਜੀ ਸਿੱਖ ਦੀ ਬ੍ਰਿਤੀ ਨੂੰ ਪਰਖਦੇ ਹਨ, ਕਿ ਇਹ ਚੰਗਾ ਸੱਜਣ ਸੁਭਾ ਵਾਲਾ ਹੋ ਗਿਆ ਹੈ ਜਾਂ ਨਹੀਂ। ਜਦੋਂ ਸਿੱਖ ਪਰਖ ਵਿੱਚੋਂ ਪਾਸ ਹੋ ਜਾਏ, ਗੁਰੂ ਸਾਹਿਬ ਜੀ ਉਸਨੂੰ ਬ੍ਰਹਮ ਵਿੱਦਿਆ ਸਿਖਾਉਂਦੇ ਹਨ।

**ਭਾਵਾਰਥ** – ਭਗਤੀ ਦੁਆਰਾ ਚਾਰੇ ਸਾਧਨਾਂ ਦੇ ਸੰਯੁਕਤ ਹੋ ਕੇ ਸਿੱਖ, ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਜਾਂਦਾ ਹੈ। ਗੁਰੂ ਜੀ ਸਿੱਖ ਦੀ ਪਰਖ ਕਰਦੇ ਹਨ; ਸਿੱਖ ਨੂੰ ਅਨੇਕ ਤਰ੍ਹਾਂ ਦੀਆਂ ਬਿਪਤਾਵਾਂ ਰਾਹੀਂ ਲੰਘਾਉਂਦੇ ਹਨ। ਜੋ ਬਿਪਤਾਵਾਂ ਦੇ ਅਸਲੀ ਸਰੂਪ ਨੂੰ ਜਾਣ ਲੈਂਦਾ ਹੈ; ਬਿਪਤਾ ਉਸਨੂੰ ਨਵੇਂ ਰਾਹ ਵਖਾਉਂਦੀ ਹੈ। 'ਹਰ ਮੁਸ਼ਕਿਲ ਅਪਣਾ ਹੱਲ ਲੈ ਕੇ ਆਉਂਦੀ ਹੈ, ਬਸ਼ਰਤੇ ਕਿ ਮਨੁੱਖ ਕੋਲ ਉਸਨੂੰ ਸਮਝਣ ਦੀ ਅਕਲ ਹੋਵੇ' ਸਿੱਖ ਨੂੰ ਅਕਲ ਦਾ ਦਾਨ ਗੁਰੂ ਦਿੰਦਾ ਹੈ; ਜਿਸ ਲਈ ਬ੍ਰਹਮ ਦਾ ਹੋਣਾ ਬਹੁਤ ਜ਼ਰੂਰੀ ਹੈ। ਬ੍ਰਹਮ ਦਾ ਅਭਿਆਸ ਭਗਤ ਦੀ ਸ਼ਰਧਾ ਤੋਂ ਸ਼ੁਰੂ ਹੁੰਦਾ ਹੈ। ਗੁਰੂ, ਸਿੱਖ ਦੀਆਂ ਸਰੀਰਕ ਕਿਰਿਆਵਾਂ, ਬੋਲੀ ਅਤੇ ਮਾਨਸਿਕ ਅਵਸਥਾ ਦਾ ਸੁਧਾਰ ਕਰਦਾ ਹੈ। ਜਿਵੇਂ ਜਿਵੇਂ ਸਿੱਖ ਗੁਰੂ ਹੁਕਮ ਨੂੰ ਮੰਨਦਾ ਹੈ, 'ਗੁਰੂ', ਸਿੱਖ ਦੀ ਪਰਖ ਕਰਕੇ ਅਧਿਆਤਮਕ ਤਰੱਕੀ ਦੇ ਰਸਤੇ ਉੱਪਰ ਚਲਾਉਂਦਾ ਹੈ। ਹੌਲੀ-ਹੌਲੀ ਸਿੱਖ ਨੂੰ ਨਿਮਰਵਾਨ ਬਣਾ ਕੇ ਰੱਬੀ ਗੁਣਾਂ ਦਾ ਖਜ਼ਾਨਾ ਬਣਾ ਦਿੰਦਾ ਹੈ।

**ਚੌਪਈ – ਚਾਰ ਪ੍ਰਕਾਰ ਅਹੈ ਬ੍ਰਹਮ ਗਯਾਨ। ਸ਼੍ਰਵਣ, ਮਨ, ਨਿੱਧਯਾਸਨ ਜਾਨ।**
**ਚੌਥੇ ਸਾਖਯਾਤ ਗੁਰ ਕਹੈਂ। ਜਿਸ ਕੋ ਪਾਇ ਨ ਜਗ ਮਹਿਂ ਬਹੈ॥ ੨॥**

**ਅਰਥ** – ਬ੍ਰਹਮ ਗਿਆਨ ਚਾਰ ਤਰ੍ਹਾਂ ਦਾ ਹੈ, ਸ੍ਰਵਣ, ਮਨਨ, ਨਿਧਿਆਸਨ ਅਤੇ ਚੌਥਾ ਸਾਖਯਾਤਕਾਰ ਹੈ। ਜਿਸ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਕੇ ਮਨੁੱਖ ਸੰਸਾਰ



ਵਿੱਚ ਰੁੜਦਾ ਨਹੀਂ।

**ਭਾਵਾਰਥ** – ਜਦੋਂ ਤੋਂ ਬੱਚਾ ਸਕੂਲ ਜਾਣਾ ਸ਼ੁਰੂ ਕਰ ਦੇਵੇ ਤਾਂ ਉਸਦਾ ਵਿਦਿਆਰਥੀ ਕਾਲ ਸ਼ੁਰੂ ਹੋ ਜਾਂਦਾ ਹੈ। ਵਿਦਿਆਰਥੀ ਦੀ ਸਭ ਤੋਂ ਪਹਿਲੀ ਤਰੱਕੀ ਦੀ ਪਹਿਚਾਣ ਹੁੰਦੀ ਹੈ, ਅਧਿਆਪਕ/ਉਸਤਾਦ ਮੁੱਖ ਤੋਂ ਵੀਚਾਰ ਨੂੰ ਸ਼ਰਧਾਪੂਰਵਕ ਸੁਣਨਾ। ਇਸੇ ਪ੍ਰਕਾਰ ਸਿੱਖ ਭੀ ਗੁਰੂ -ਮੁੱਖ ਤੋਂ ਸ਼ਰਧਾ ਪੂਰਬਕ ਸੁਣਕੇ ਪ੍ਰੇਮ ਪੈਦਾ ਕਰ ਲੈਂਦਾ ਹੈ। ਕਵੀ ਜੀ ਨੇ ਸੁਣਨ, ਮਨਨ, ਨਿਧਿਆਸਨ ਅਤੇ ਸਾਖਯਾਤਕਾਰ ਕਰਨ ਨੂੰ ਬ੍ਰਹਮ-ਗਿਆਨ ਦਾ ਹੀ ਸਰੂਪ ਵਰਨਣ ਕੀਤਾ ਹੈ। ਕਿਉਂਕਿ ਇਕਾਗਰਤਾ ਸੁਨਣ ਦੀ ਪਹਿਲੀ ਅਵਸਥਾ ਹੈ; ਇਕਾਗਰਤਾ ਨਹੀਂ ਤਾਂ ਸੁਣਿਆ ਕਿਸੇ ਥਾਂਇ ਨਹੀਂ ਪੈਂਦਾ। ਅਵਸਥਾ ਦੀ ਮਹਾਨਤਾ ਭੀ ਹੁੰਦੀ ਹੈ, ਗੁਰੂ ਸਾਹਿਬ ਜੀ ਕੋਲੋਂ ਸੁਣਕੇ ਸਿੱਖ ਸੰਸਾਰ ਦੀਆਂ ਬੁਰਾਈਆਂ ਵਿੱਚ ਨਹੀਂ ਰੁੜਦਾ; ਸਗੋਂ ਗੁਰੂ ਨੂੰ ਆਪਣੇ ਸੰਗ ਸਮਝ ਕੇ ਅਨੰਦਤ ਹੁੰਦਾ ਹੈ। ਬ੍ਰਹਮ ਗਿਆਨ ਰੂਪ ਸਤਿਗੁਰੂ ਦੇ ਸ਼ਬਦ ਸੁਣਨ ਤੋਂ ਬਾਅਦ ਮੰਨਨ ਅਤੇ ਨਿਧਿਆਸਨ ਭੀ ਬ੍ਰਹਮ ਗਿਆਨ ਦੇ ਸਰੂਪ ਰੂਪ ਹਨ।

**ਸ਼੍ਰਵਨ- ਪ੍ਰਥਮ ਸ੍ਰਵਣ ਖਟ ਲਿੰਗ ਪ੍ਰਕਾਰ। ਜਿਸ ਤੇ ਚੇਤਨ ਅਦੁਤਿ ਮਝਾਰ।**
**ਤਾਤਪਰਯ ਕੋ ਨਿਸ਼ਚੈ ਹੋਇ। ਸ਼੍ਰੀ ਸਤਿਗੁਰੂ 'ਸ਼੍ਰਵਣ' ਕਹਿਂ ਸੋਇ॥ ੩॥**

**ਅਰਥ** – ਬ੍ਰਹਮ ਗਿਆਨ ਦਾ ਪਹਿਲਾ ਅੰਗ 'ਸ੍ਰਵਣ' ਹੈ, ਜਿਸਦੇ ਛੇ ਚਿੰਨ੍ਹ ਹਨ। ਜਿਨ੍ਹਾਂ ਛੇ ਲਿੰਗਾਂ (ਚਿੰਨ੍ਹਾਂ) ਕਰਕੇ ਅਦੁੱਤੀ ਚੇਤਨ ਦੇ ਵਿਚ ਤਾਤਪਰਯ ਦਾ ਨਿਸ਼ਚਾ ਹੋ ਜਾਏ ਉਸਨੂੰ ਸਤਿਗੁਰੂ ਜੀ ਸ੍ਰਵਣ ਕਹਿੰਦੇ ਹਨ। ਭਾਵ;-ਬ੍ਰਹਮ ਪ੍ਰਤਿਪਾਦਨ ਕਰਨ ਵਾਲੇ ਗ੍ਰੰਥ ਦਾ ਜਿਸਨੂੰ ਸੁਨਣਾ ਹੈ ਉਸਦੇ ਛੇ ਚਿੰਨ੍ਹ ਹਨ।

**ਭਾਵਾਰਥ** – ਯੁਕਤੀ ਨਾਲ ਏਕਤਾ-ਵਾਕਾਂ ਦੇ ਸਿਧਾਂਤ ਨਿਸ਼ਚੇ ਦਾ ਨਾਮ ਸ੍ਰਵਣ ਹੈ। (ਹੋਰ ਡੂੰਘਾਈ ਵਿੱਚ ਵੇਖਣ ਲਈ ਵੀਚਾਰਸਾਗਰ ਪੜ੍ਹੋ) ਭਗਤ ਲਈ ਆਪਣੇ ਸਤਿਗੁਰੂ ਜੀ ਦੇ ਬਚਨ ਹੀ ਸ਼ਬਦ ਹਨ। ਸ਼ਬਦ ਦੇ ਦੋ ਰੂਪ ਪ੍ਰਵਾਨਨੀਕ ਹਨ; ਮੌਖਿਕ ਤੇ ਗ੍ਰੰਥਿਕ (ਅੱਖਰਾਂ ਦੀ ਲਿੱਪੀ ਦੁਆਰਾ ਲਿਖੇ ਹੋਏ)। ਪ੍ਰਕਰਣ ਮੁਤਾਬਿਕ ਸਤਿਗੁਰੂ ਸਿੱਖ ਨੂੰ ਮੌਖਿਕ ਰੂਪ ਵਿੱਚ ਸ਼ਬਦਾਂ ਦਾ ਉਚਾਰਨ ਕਰਕੇ ਸਿਖਾਉਂਦੇ ਹਨ। ਉਸਤਾਦ/ਅਧਿਆਪਕ ਕੋਲੋਂ ਸ਼ਬਦ ਨੂੰ ਸੁਣ ਕੇ ਬੋਲਣਾ ਸਿੱਖਿਆ ਜਾਂਦਾ ਹੈ। ਸੁਨਣ ਦੀ ਮਹਾਨਤਾ ਜਪੁਜੀ ਸਾਹਿਬ ਅੰਦਰ ਅੰਕਿਤ ਹੈ। ਜੋ ਬੋਲੇ ਜਾਣ ਵਾਲੇ ਸ਼ਬਦ ਬ੍ਰਹਮ ਦਾ ਕਥਨ ਕਰਦੇ ਹਨ, ਉਹਨਾਂ ਦੇ ਸੁਨਣ ਦੁਆਰਾ ਬ੍ਰਹਮ ਗਿਆਨ ਦਾ ਸਿਧਾਂਤ ਮਨੁੱਖ ਦੇ ਮਾਨਸਿਕ ਤਲ ਵਿੱਚ ਵਸ ਜਾਂਦਾ ਹੈ। ਯੁਕਤੀ ਨਾਲ ਸਤਿਗੁਰੂ

ਜੀ ਦੇ ਵਾਕਾਂ ਨੂੰ ਸੁਣਕੇ ਤਾਤਪਰਜ ਦਾ ਨਿਸ਼ਚੈ ਪ੍ਰਾਪਤ ਕਰ ਲੈਂਣਾ ਸ੍ਵਣ ਹੈ। ਇੱਥੇ 'ਯੁਕਤੀ' ਸ਼ਬਦ ਨਾਲ 'ਧੂਏਂ ਨੂੰ ਵੇਖ ਕੇ ਅੱਗ ਦੇ ਨਿਸ਼ਚੈ ਕਰਨ ਵਾਂਗ' ਨਿਰਾਕਾਰ ਸਰੂਪ ਤਾਤਪ੍ਰਯ-ਅਰਥ ਹੈ; ਉਸਦਾ ਗ੍ਰਹਿਣ ਕਰਨਾ ਜਰੂਰੀ ਹੈ। ਜਿਵੇਂ 'ਸੁਣਿਐ ਦੂਖ ਪਾਪ ਕਾ ਨਾਸੁ'॥ ਵਿਚ ਸਰੀਰ ਦੇ ਤਿੰਨ ਦੁਖਾਂ ਦੀ ਗੱਲ ਨਹੀਂ ਸਗੋਂ ਇਹਨਾਂ ਦੁੱਖਾਂ ਨੂੰ ਉਪਜਾਉਣ ਵਾਲੀ ਹਉਮੈਂ ਦੇ ਨਾਸ਼ ਕਰਨ ਵਾਲੀ ਵੀਚਾਰਧਾਰਾ ਹੈ।

**ਇਕ 'ਉਪਕਰਮ' ਅਰੁ ਉਪਸੰਹਾਰ। ਦੂਜੇ ਕੋ 'ਅੱਭਯਾਸ' ਉਚਾਰ।**
**'ਸ਼੍ਵਣ ਅਪੂਰਬਤਾ' ਲਖਿ ਤੀਨ। 'ਫਲ' ਪੁਨ 'ਅਰਥਵਾਦ' ਕੋ ਚੀਨ॥ ੪॥**
**'ਉਪਪਤਿ' ਖਸ਼ਟਮ ਕਰਹਿਂ ਉਚਾਰਨ ।**

ਅਰਥ -੧) ਉਪਕਰਮ ਤੇ ਉਪਸੰਹਾਰ, ੨) ਅਭਿਆਸ, ੩) ਅਪੂਰਬਤਾ, ੪) ਫਲ, ੫) ਅਰਥਵਾਦ ਤੇ ੬) ਓਪਪਤਿ ਆਖੀਦੇ ਹਨ

**ਉਪਪਤਿਵ ਖਸ਼ਟਮ ਕਰਹਿਂ ਉਚਾਰਨ। ਅਬਿ ਇਨ ਕੇ ਕਰਿ ਅਰਥ ਬਿਚਾਰਨ।**
**ਅਰਥ ਜੁ ਆਦਿ ਗ੍ਰੰਥ ਮਹਿਂ ਧਰਨਾ। ਤਿਸ ਕੋ ਪ੍ਰਤਿਪਾਦਨ ਬਹੁ ਕਰਨਾ॥ ੫॥**
**ਤਿਸੀ ਅਰਥ ਮਹਿਂ ਹੋਹਿ ਸਮਾਪਤਿ। ਉਪਕ੍ਰਮ ਉਪਸੰਹਾਰ ਜਾਨ ਚਿਤ।**
**ਸ਼੍ਰੀ ਨਾਨਕ ਜੀ ਕੀਨ ਬਨਾਇ। ਉਦਾਹਰਣ ਸੁਨਿ ਲਿਹੁ ਸੁਖ ਪਾਇ॥ ੬॥**
***ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥***
ਚੌਪਈ- **ਆਦਿ ਜਗਤ ਕੇ ਸੱਚ ਦਿਖਾਯੋ । ਅੰਤ ਸਕਲ ਕੇ ਸਚ ਬਤਾਯੋ ।**
**ਆਦਿ ਅੰਥ ਮਹਿਂ ਬਰਨਯੋ ਏਕ। 'ਉਪਕ੍ਰਮ ਉਪਸੰਹਾਰ' ਬਿਬੇਕ॥ ੭॥**

**ਅਰਥ** - ਹੁਣ ਇਹਨਾਂ ਦੇ ਅਰਥ ਵੀਚਾਰਨਾ ਕਰ, ਜਿਸ ਭਾਵ ਨੂੰ ਲੈ ਕੇ ਗ੍ਰੰਥ ਦੇ ਆਦਿ ਵਿੱਚ ਰੱਖਣਾ ਹੋਵੇ, ਉਸ-ਭਾਵ ਦਾ ਪ੍ਰਤਿਪਾਦਨ ਕਰਦੇ ਹੋਏ ਅੰਤ ਉਸੇ ਅਰਥ ਵਿੱਚ ਸਮਾਪਿਤ ਕਰਨਾ, ਇਸਦਾ ਨਾਉਂ 'ਉਪਕਰਮ ਉਪਸੰਹਾਰ' ਚਿਤ ਵਿੱਚ ਜਾਣ ਲਵੋ। ਗੁਰੂ ਨਾਨਕ ਦੇਵ ਜੀ ਨੇ ਗ੍ਰੰਥ ਸਾਹਿਬ ਵਿੱਚ ਇਸੇ ਤਰ੍ਹਾਂ ਅੰਕਿਤ ਕੀਤਾ ਹੈ, ਉਸ ਦੀ ਉਦਾਹਰਣ ਸੁਣ ਲੈਣਾ ਕਰੋ। ਜਪੁਜੀ ਸਾਹਿਬ ਦੇ ਆਦਿ ਵਿੱਚ 'ਅਰਥ ਲਿਖਣੇ ਹਨ' ਜਗਤ ਦੇ ਆਦਿ ਵਿੱਚ ਸੱਚ ਦਿਖਾਇਆ ਹੈ। ਸਾਰਿਆਂ ਦੇ ਅੰਤ ਵਿੱਚ ਵੀ ਸੱਚ ਦਿਖਾਇਆ ਹੈ। ਆਦਿ ਤੇ ਅੰਤ ਵਿੱਚ ਇੱਕ ਦਾ ਹੀ ਵਰਨਣ ਕੀਤਾ ਹੈ; ਇਹ ਉਪਕਰਮ ਤੇ ਉਪਸੰਹਾਰ ਦੀ ਵਿਵੇਚਨਾ ਹੈ।

**ਭਾਵਾਰਥ** - ਉਪਕਰਮ ਦਾ ਭਾਵ ਗ੍ਰੰਥ ਦੇ ਆਰੰਭ ਅਤੇ ਉਪਸੰਹਾਰ ਭਾਵ



ਗ੍ਰੰਥ ਦੇ ਅੰਤ ਵਿੱਚ ਇਕਰੂਪਤਾ ਦੇ ਕਥਨ ਨੂੰ ਪਹਿਲਾ ਚਿੰਨ੍ਹ ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਕਥਨ ਨੂੰ ਭਾਈ ਸਾਹਿਬ ਜੀ ਅੰਕਿਤ ਕਰਦੇ ਹਨ। ਜਦੋਂ ਸੰਸਾਰ ਹੋਂਦ ਵਿੱਚ ਆਇਆ ਤਾਂ ਸੱਚ ਸੀ, ਵਰਤਮਾਨ ਵਿੱਚ ਸੱਚ ਸਰੂਪ ਹੈ। ਭਵਿੱਖ ਵਿੱਚ ਵੀ ਸੱਚ ਸਰੂਪ ਹੀ ਹੋਵੇਗਾ। ਗੁਰੂ ਸਾਹਿਬ ਜੀ ਨੇ ਇਸ ਲਈ ਹੀ ਮੂਲ- ਮੰਤ੍ਰ ਦੇ ਅਭਿਆਸ ਲਈ ਗੁਰਸਿੱਖਾਂ ਨੂੰ ਆਦੇਸ਼ ਦਿੱਤਾ ਹੈ। ਗੁਰਮੁਖ, ਪੰਜ ਪਿਆਰਿਆਂ ਤੋਂ ਸ੍ਵਣ ਕਰਕੇ ਦਿਨ ਰਾਤ ਅਭਿਆਸ ਕਰਨ ਦਾ ਯਤਨ ਕਰਦੇ ਹਨ। ਜਿੱਥੋਂ ਭੀ ਚੰਗਿਆਈ ਦੇ ਸਿਧਾਂਤਕ ਸ਼ਬਦ ਸੁਨਣ ਨੂੰ ਮਿਲਦੇ ਹਨ। ਉੱਥੋਂ ਹੀ ਉਹਨਾਂ ਬੋਲਾਂ ਵਿੱਚੋਂ ਨਾਮ ਦੀ ਭਾਵਨਾ ਸ੍ਵਣ ਕਰਦਿਆਂ ਗੁਰਮੁੱਖ ਪਿਆਰਿਆਂ ਦੇ ਜਪ ਤਪ ਪ੍ਰਤਾਪ ਦਾ ਲਾਹਾ ਪ੍ਰਾਪਤ ਕਰਦੇ ਹਨ। ਕਵੀ ਜੀ ਨੇ ਪ੍ਰਤੱਖ ਸਤਿਗੁਰੂ ਜੀ ਦੇ ਸਿੱਖ ਉੱਪਰ ਪਰਉਪਕਾਰ ਨੂੰ ਵੇਂਦਾਤ ਪ੍ਰਕਰਣ ਦਾ ਰੂਪਾਂਤਰਣ ਕਰਕੇ ਅੰਕਿਤ ਕੀਤਾ ਹੈ। ਤਾਂ ਜੋ ਸਿੱਖ ਦਾ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਸਾਖਯਾਤਕਾਰਤਾ ਵਾਲਾ ਸੰਬੰਧ ਸਥਾਪਿਤ ਹੋ ਸਕੇ। ਸਿੱਖ ਨੂੰ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਮਹਿਸੂਸ ਹੋਵੇ, ਕਿ ਮੈਂ ਆਪਣੇ ਗੁਰੂ ਸਾਹਿਬ ਜੀ ਦੇ ਬੋਲ ਆਪਣੀ/ ਗ੍ਰੰਥੀ/ਰਾਗੀ ਦੀ ਜੁਬਾਨ ਰਾਂਹੀ ਸੁਣ ਕੇ ਲਾਹਾ ਪ੍ਰਾਪਤ ਕਰ ਰਿਹਾ ਹਾਂ।

**ਅੱਭਯਾਸ - ਜੋਗ ਨਿਰੂਪਣ ਕੇ ਜੋ ਅਹੈ। ਵਸਤੁ ਅਦੁਤੀ ਜੁ ਚੇਤਨ ਲਹੈ।**
**ਬਾਰ ਬਾਰ ਤਿਸ ਕਰਹਿ ਪ੍ਰਕਾਸ਼। ਗ੍ਰੰਥ ਬਿਖੈ, ਸੋ ਲਖਿ ਅੱਭਯਾਸਾ॥ ੮॥**

**ਅਰਥ** - ਜਿਹੜੀ ਅਦੁੱਤੀ ਚੇਤਨ ਵਸਤੂ ਵੀਚਾਰ ਨਿਰੂਪਣ ਕਰਨ ਯੋਗ ਹੈ, ਉਸਨੂੰ ਜਣਾਉਣ ਲਈ ਵਾਰ ਵਾਰ ਗ੍ਰੰਥ ਵਿੱਚ ਉਸਦਾ ਪ੍ਰਕਾਸ਼ ਕਰੇ; ਉਸਨੂੰ ਅਭਿਆਸ ਕਹਿੰਦੇ ਹਨ।

**ਭਾਵਾਰਥ** - ਜੀਵਨ ਦੀ ਤਰੱਕੀ ਦਾ ਰਾਜ ਗੁਣ ਹੁੰਦਾ ਹੈ। ਗੁਣ ਨੂੰ ਬਾਰ-ਬਾਰ ਦੁਹਰਾਉਣਾ ਬਹੁਤ ਜਰੂਰੀ ਹੁੰਦਾ ਹੈ। ਦੁਹਰਾਉ ਹੀ ਅਭਿਆਸ ਹੁੰਦਾ ਹੈ। ਬ੍ਰਹਮ ਕੁਦਰਤ ਦਾ ਸੱਚ ਹੈ; ਇਸ ਲਈ ਬ੍ਰਹਮ ਵਿੱਚ ਸੱਚ ਦਾ ਹੀ ਕਥਨ ਹੁੰਦਾ ਹੈ। ਸੱਚ ਨੂੰ ਹੀ ਸਮਝਾਉਣ ਲਈ ਗੁਰੂ ਸਾਹਿਬਾਨ ਜੀ ਨੇ ਦਸ ਸਰੂਪ ਧਾਰਨ ਕੀਤੇ; ਸਿੱਖ ਨੂੰ ਅਭਿਆਸ ਕਰਕੇ ਸੱਚ ਮਹਿਸੂਸ ਕਰਨ ਦੇ ਯੋਗ ਬਣਾਇਆ। ਗੁਰਸਿੱਖ ਗੁਰੂ ਰਾਂਹੀ ਸੱਚ ਨੂੰ ਸਮਝ ਕੇ ਬਾਰ-ਬਾਰ ਅਭਿਆਸ ਕਰਦੇ ਹਨ।

**ਜਪੁਜੀ ਬਿਖੈ ਨਿਰੂਪਣ ਕਰਿਓ। ਬਾਰਹਿ ਬਾਰ ਅਰਥ ਸੋ ਧਰਿਓ।**
***ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਾਉ ਅਪਾਰੁ॥***

*ਪੁਨਾ ਥਾਪਿਆ ਨ ਜਾਇ ਕੀਤਾ ਨ ਹੋਇ॥*

**ਇੱਤਯਾਦਿਕ ਪਉੜੀ ਬਹੁ ਮਾਂਹਿ। ਬਰਨਨ ਕਰਯੋ ਸੱਚੁ ਸੁਖ ਪਾਹਿ॥ ੯॥**

**ਅਰਥ** – ਜਪੁਜੀ ਸਾਹਿਬ ਵਿਖੇ ਅਭਿਆਸ ਦਾ ਕਥਨ ਕੀਤਾ ਹੈ, ਮੁੜ ਮੁੜ ਕੇ ਅਰਥ ਨੂੰ ਕਥਨ ਕੀਤਾ ਹੈ। ਅਦੁਤੀ ਬ੍ਰਹਮ ਦਾ ਬਹੁਤ ਪੌੜੀਆਂ ਵਿੱਚ ਵਰਨਣ ਕੀਤਾ ਹੈ ਜਿਸ ਤੋਂ ਸੁੱਖ ਪ੍ਰਾਪਤ ਹੋਵੇਗਾ।

**ਭਾਵਾਰਥ** – 'ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੀ ਹੈ, ਉਸਦਾ ਨਿਯਮ ਭੀ ਅਟੱਲ ਹੈ, ਉਸਦੀ ਬੋਲੀ ਪ੍ਰੇਮ ਹੈ ਅਤੇ ਉਹ ਅਕਾਲ ਪੁਰਖ ਬੇਅੰਤ ਹੈ' ' ਨਾ ਉਹ ਪੈਦਾ ਕੀਤਾ ਜਾ ਸਦਾ ਹੈ ਅਤੇ ਨਾ ਹੀ ਸਾਡਾ ਬਣਾਇਆ ਬਣਦਾ ਹੈ।' 'ਕਵੀ ਸੰਤੋਖ ਸਿੰਘ ਜੀ ਅਨੁਸਾਰ ਪਹਿਲੀ ਪੰਗਤੀ ਵਿੱਚ ਅਲੰਕਾਰ ਦਾ ਕਥਨ ਕੀਤਾ ਹੈ, 'ਜਹ ਬਿਸੇਖ ਪਦਕਹ ਸਮਾਨਯ। ਕੈਸਾ ਮਾਨਯ ਬਿਸੇਖਹਿਆਨਯ॥ ਪ੍ਰਥਮੁ ਪਦਹਿ ਕੋ ਜਹ ਦ੍ਰਿਢ ਕਰੀਏ ॥ ਤਹ ਅਰਥਾਂਤਰਨਯਾਸ਼ ਬਿਚਰੀਏ ॥ ਈਹਾਂ ਸੱਚੇ ਸਾਹਿਬ ਕੋ ਨਾਮ ਸਚੁਹੀ ਹੈ॥ ਇਹ ਬਿਸੇਖ ਬਾਤ ਕਹੀ॥'– ਕਵੀ ਜੀ ਨੇ ਗਰਬਗੰਜਨੀ ਟੀਕੇ ਵਿੱਚ ਹਰ ਪੰਗਤੀ ਦੇ ਅਲੰਕਾਰਾਂ ਦਾ ਕਥਨ ਵਿਸਥਾਰ ਪੂਰਬਕ ਕੀਤਾ ਹੈ। ਸੱਚ ਦੀ ਦ੍ਰਿੜਤਾ ਲਈ ਬਾਰ ਬਾਰ ਸੱਚ ਦਾ ਅਭਿਆਸ ਬਹੁਤ ਜ਼ਰੂਰੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੱਚ ਦੀ ਪ੍ਰਾਪਤੀ ਲਈ ਜੋਰ ਦਿੱਤਾ ਹੈ। ਤਾਂ ਕਿ ਜਿੰਦਗੀ ਦੇ ਸੱਚ ਦੀ ਸੂਝ ਆ ਸਕੇ।

ਅਪੂਰਬਤਾ– **ਜੋ ਪ੍ਰਤਿ ਪਾਦਯ ਅਦੁਤੀ ਵਸਤੁ ਹੁਇ। ਪ੍ਰਮਾਣਾਂਤਰ ਕਹਿੰ ਅਬਿਸ਼ੈ ਸੁਇ।**

**ਸ਼੍ਰਵਣ ਅਪੂਰਬਤਾ ਲਖਿ ਤੀਜਾ। ਸੱਚ ਏਕ ਹੈ ਅਵਰ ਨ ਬੀਜਾ॥੧੦॥**

**ਅਰਥ** – ਪ੍ਰਤਿਪਾਦਨ ਕਰਨੇ ਯੋਗ ਜੋ ਅਦੁਤੀ ਵਸਤੂ ਹੈ, ਪ੍ਰਮਾਣਾ ਕਰਕੇ ਉਸਨੂੰ ਅਵਿਸ਼ੇ ਕਹਿੰਦੇ ਹਨ। ਸ੍ਰਵਣ ਦਾ ਤੀਜਾ ਅੰਗ ਅਪੂਰਬਤਾ ਹੈ ਕਿ ਸਚ ਏਕ ਹੈ ਹੋਰ ਕੋਈ ਦੂਜਾ ਨਹੀਂ।

**ਭਾਵਾਰਥ** – ਉਸ ਉਪਰ ਪ੍ਰਤੱਖ ਪ੍ਰਮਾਣ ਆਦਿ ਨਹੀਂ ਚਲਦੇ; ਭਾਵ ਇਹ ਹੈ ਜਿਵੇਂ ਸੰਸਾਰੀ ਦਿਮਾਗ ਆਪਣੀ ਤੁੱਛ ਬੁੱਧੀ ਨਾਲ ਵਿਦਿਆ ਦੇ ਪ੍ਰਕਰਣ ਬੰਨ ਕੇ ਵਿਖਾਵਾ ਕਰਦੇ ਹਨ, ਪਰ ਇਲਹਾਮੀ ਮਹਾਂਪੁਰਖਾਂ ਨੂੰ ਇਹ ਲੋੜ ਨਹੀਂ ਕਿ ਵੇਰਵੇ ਲਿਖੀ ਜਾਣ। ਸਗੋਂ ਉਹ ਸ੍ਰਵਣ ਕੀਤੇ ਸਿਧਾਂਤ ਨੂੰ ਇਤਨੀ ਭਾਵਨਾ ਨਾਲ ਧਾਰਨ ਕਰਨ ਦਾ ਯਤਨ ਕਰਦੇ ਹਨ ਕਿ ਸੁਣੀ ਹੋਈ ਸ਼ਾਬਦਿਕ ਧੁਨੀ ਅਰਥਾਂ ਦੀ ਪ੍ਰਪਕਤਾ ਸਮਝਾ ਜਾਂਦੀ ਹੈ। ਜਿਵੇਂ ਕਿਸੇ ਚੋਰ ਨੇ ਸਤਸੰਗ ਵਿਚੋਂ ਸੁਣਿਆ ਸੀ ਕਿ 'ਭੂਤਾਂ ਦੀ



ਛਾਂ ਨਹੀਂ ਹੁੰਦੀ' ਜਦੋਂ ਕੋਤਵਾਲ ਨੇ ਪਕੜ ਲਿਆ ਅਤੇ ਚੋਰੀ ਮਨਵਾਉਂਣ ਲਈ ਦੇਵੀ ਦਾ ਛਲ ਵਾਲਾ ਰੂਪ ਪਾਸ ਭੇਜਿਆ, ਜਿਸ ਨੇ ਚੋਰ ਕੋਲ ਜਾ ਕੇ ਕਿਹਾ ਕਿ ਤੂੰ ਸਚ ਦੱਸ ਚੋਰੀ ਕੀਤੀ ਹੈ ਜਾਂ ਨਹੀਂ। ਤਾਂ ਚੋਰ ਨੇ ਛਾਂ ਵੱਲ ਵੇਖਿਆਂ ਅਤੇ ਜਾਣ ਗਿਆ ਕਿ ਇਹ ਦੇਵੀ ਨਹੀਂ ਕੋਈ ਛਲ ਹੈ। ਤਾਂ ਬਚ ਗਿਆ। ਇਸ ਨੂੰ ਅਪੂਰਬਤਾ ਕਹਿੰਦੇ ਹਨ। ਅਪੂਰਬਤਾ ਦਾ ਅਰਥ ਹੈ ਅਚਰਜ।

***ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥"***

**'ਕਹਣਾ ਕਥਨ ਨ ਜਾਈ' ਉਦਾਰ। 'ਵਾਰਿਆ ਨ ਜਾਵਾ ਏਕ ਵਾਰ'।**

**ਪ੍ਰੱਤਛ ਪ੍ਰਮਾਣ ਆਦਿ ਸਭਿਹਿਨਿ ਤੇ। ਬਿਸ਼ੈ ਨ ਹੋਇ ਸਕਹਿ ਜਿਨ ਕਿਨਤੇ ॥੧੧॥**

**ਅਰਥ** – 'ਪਰਮਾਤਮਾ ਦੇ ਹੁਕਮ ਨੂੰ ਕਥਨ ਕਰਨ ਦੀ ਤੋਟ ਨਹੀਂ ਆ ਸਕੀ (ਭਾਵ, ਵਰਨਣ ਕਰਕੇ ਹੁਕਮ ਦਾ ਅੰਤ ਨਹੀਂ ਪੈ ਸਕਿਆ, ਹੁਕਮ ਦਾ ਸਹੀ ਸਰੂਪ ਨਹੀਂ ਲੱਭ ਸਕਿਆ)। ਕਰੋੜਾਂ ਜੀਵਾਂ ਨੇ ਕਰੋੜਾਂ ਕ੍ਰੋੜਾਂ ਵਾਰ ਪ੍ਰਭੂ ਦੇ ਹੁਕਮ ਨੂੰ ਕਥ ਕਥ ਕੇ ਬੇਅੰਤ ਵਰਨਣ ਕੀਤਾ ਹੈ। ਉਸ ਸਖੀ (ਉਦਾਰ) ਪ੍ਰਭੂ ਨੂੰ ਕਹਿਆ ਨਹੀਂ ਜਾ ਸਕਦਾ। '(ਵਾਰਿਆ) ਵਰਨਣ ਨਹੀਂ ਕੀਤਾ ਜਾਂਦਾ ਪ੍ਰਮੇਸ਼ਰ ਦਾ ਇਕ ਰੋਮ ਭਾਵ ਪ੍ਰਮੇਸ਼ਰ ਦੇ ਇਕ ਰੋਮ ਵਿਚ ਕਰੋੜਾਂ ਬ੍ਰਹਮੰਡ ਹਨ, ਤਾਂ ਤੇ ਐਸੀ ਪ੍ਰਾਰਥਨਾ ਕਰਨਯੋਗ ਹੈ। ਪ੍ਰਤੱਖ ਪ੍ਰਮਾਣ ਆਦਿ ਸਾਰਿਆਂ ਤੋਂ ਕਿਸੇ ਤਰਾਂ ਭੀ ਵਿਸ਼ਯ ਨਹੀਂ ਹੋ ਸਕਦਾ।

**ਭਾਵਾਰਥ** – ਗੁਰਬਾਣੀ ਦੀਆਂ ਕਥਨ ਕੀਤੀਆਂ ਪੰਗਤੀਆਂ ਦੇ ਅਰਥਾਂ ਨੂੰ ਪ੍ਰਤੱਖ ਪ੍ਰਮਾਣ ਦੁਆਰਾ ਸਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਮਾਂ ਸ਼ਬਦ ਦੇ ਅਰਥ ਅੱਖਰਾਂ ਵਿਚ ਨਾ ਹੋ ਕੇ ਕਰਮ ਵਿਚ ਸਥਾਪਤ ਰਹਿੰਦੇ ਹਨ। ਪੁੱਤ ਬਿਪਤਾ ਵਿਚ ਹੋਵੇ ਤਾਂ ਮਾਂ ਸ਼ਬਦ ਦੇ ਅਰਥਾਂ ਵਿਚ ਤੜਪ ਨਜ਼ਰ ਆਏਗੀ। ਪੁੱਤ ਦਾ ਵਿਵਾਹ ਹੋਵੇ ਤਾਂ ਮਾਂ ਦੀ ਭੁੱਖ ਹੀ ਮਿਟ ਜਾਏਗੀ। ਸ਼ਬਦ ਦੀ ਮਹਾਨਤਾ ਉਸਦੇ ਅਰਥਾਂ ਵਿਚ ਟਿਕੀ ਹੁੰਦੀ ਹੈ। ਕਵੀ ਜੀ ਨੇ ਇਸ ਕਵਿਤਾ ਦੇ ਬੰਦਾਂ ਵਿਚ ਗੁਰੂ ਚਰਨਾਂ ਨਾਲ ਅਪਣੀ ਪਕੇਰੀ ਸਾਂਝ ਸ਼ਬਦਾਂ ਵਿਚ ਭੀ ਇਕ ਸੁਰ ਕੀਤੀ ਹੈ। ਗੁਰਬਾਣੀ ਦੀਆਂ ਪੰਗਤੀਆਂ ਸਥਾਪਤ ਕਰਕੇ ਆਪਣੀ ਕਵਿਤਾ ਦੇ ਬੰਦ ਭੀ ਛੰਦਾਵਲੀ ਕਰਕੇ ਪੂਰੇ ਕਰ ਦਿੱਤੇ। ਗੁਰੂ ਸਾਹਿਬ ਜੀ ਦੀ ਅੰਮ੍ਰਿਤ ਰੂਪ ਬਾਣੀ ਦੀਆਂ ਪੰਗਤੀਆਂ ਦੇ ਅਰਥ ਫਰੀਦਕੋਟ ਵਾਲੇ ਟੀਕੇ ਅੰਦਰ ਵਿਦਵਾਨ ਪੁਰਖਾਂ ਨੇ ਅੰਕਿਤ ਕੀਤੇ ਹਨ, 'ਜਿੰਨੇ ਵੀ ਸੰਮ੍ਰਿਤੀ ਆਦਿਕ ਧਾਰਮਿਕ ਗ੍ਰੰਥਾਂ ਦੇ ਵੇਤਾ ਹਨ, ਉਹਨਾਂ ਨੇ ਪ੍ਰਮੇਸਰ ਦੇ ਸਤਯ ਸੰਕਲਪ ਆਦਿ ਬਲ ਦੀ ਕਥਾ ਨੂੰ ਕਥਨ ਕੀਤਾ ਹੈ। ਪ੍ਰੰਤੂ ਅੰਤ ਕਿਸੇ ਨੂੰ

ਨਹੀਂ ਆਇਆ' 'ਹੇ ਸਿਧੋ! ਐਸੇ ਸਤਿਗੁਰਾਂ ਦੀ ਮਹਿਮਾ ਜੇਕਰ ਮੈਂ ਇਦੰਤਾ ਕਰ ਜਾਨਣਾ ਚਾਹਾਂ ਤਾਂ ਕੀ ਨਾ ਕਹੂੰ, ਭਾਵ ਬੇਅੰਤ ਹੈ। ਜੇਕਰ ਮੈਂ ਕਹਿਣਾ ਭੀ ਚਾਹੂੰ ਤਾਂ ਮਨ ਬਾਣੀ ਕਾ ਅਵਿਸੇ ਹੋਨੇ ਕਰ ਕੇ ਕਥਨ ਨਹੀਂ ਕਰੀ ਜਾਤੀ।' 'ਵਰਨਣ ਨਹੀਂ ਕੀਤਾ ਜਾਤਾ ਪ੍ਰਮੇਸ਼ਰ ਕਾ ਏਕ ਰੋਮ, ਭਾਵ ਪ੍ਰਮੇਸਰ ਕੇ ਏਕ ਏਕ ਰੋਮ ਮੇਂ ਕੋਟਾਨ ਕੋਟ ਬ੍ਰਹਮਾਂਡ ਹੈਂ। ਤਾਂ ਤੇ ਐਸੀ ਪ੍ਰਾਰਥਨਾ ਕਰਨੀ ਯੋਗ ਹੈ।'ਇਹਨਾਂ ਪੰਗਤੀਆਂ ਵਿਚ ਗੁਰੂ ਸਾਹਿਬ ਜੀ ਦੇ ਅਨਭਵਤਾ ਵਾਲੇ ਸਿਧਾਂਤ ਦੀ ਪ੍ਰਪੱਕਤਾ ਕੀਤੀ ਹੈ। ਪ੍ਰਮੇਸ਼ਰ ਇਕੋ ਹੀ ਹੈ; ਕੋਈ ਉਸਨੂੰ ਕਿਸੇ ਤਰਾਂ ਅਰਾਧਤਾ ਹੈ, ਕੋਈ ਕਿਸੇ ਤਰਾਂ ਦਾ। ਅਰਾਧਕ (ਅਰਾਧਨ ਕਰਨ ਵਾਲੇ) ਆਪਣੇ ਅਨਭਵਾਂ ਨੂੰ ਆਪਣੀ ਭਾਸ਼ਾ ਵਿਚ ਅੰਕਿਤ ਕਰਦਾ ਹੈ। ਬੇਅੰਤ ਤਰ੍ਹਾਂ ਦੇ ਅਨਭਵ ਬੇਅੰਤ ਤਰਾਂ ਦੇ ਗ੍ਰੰਥਾਂ ਦਾ ਅਕਾਰ ਬਣ ਗਏ। ਬੇਅੰਤ ਤਰ੍ਹਾਂ ਦੇ ਗ੍ਰੰਥਾਂ ਨੂੰ ਕਥਨ ਕਰਨ ਵਾਲੇ ਬਣ ਗਏ। ਕਿਉਂਕਿ ਆਤਮਾ/ਪਰਮਾਤਮਾ ਬੇਅੰਤ ਹੈ; ਉਸਦੇ ਅਨਭਵ ਭੀ ਅਨੰਤ ਹੀ ਹੋਣੇ ਹਨ। ਬਜ਼ੁਰਗਾਂ ਦੇ ਅਨਭਵ ਸ਼ਬਦਾਂ ਵਿਚ ਸਥਿਤ ਹਨ; ਉਹਨਾਂ ਅਨਭਵਾਂ ਨੂੰ ਸਮਝਣ ਲਈ ਵਰਤਮਾਨ ਭਾਸ਼ਾ ਦੇ ਸ਼ਬਦਾਂ ਦੀ ਜਰੂਰਤ ਹੁੰਦੀ ਹੈ। ਸਜੀਵ ਭਾਸ਼ਾਵਾਂ ਦੇ ਸ਼ਬਦ-ਭੰਡਾਰ ਚਲਦੇ ਰਹਿੰਦੇ ਹਨ। ਸ਼ਬਦਾਂ ਵਿਚ ਕਥਨ ਕੀਤਾ ਗਿਆ ਅਨਭਵ ਹਾਸਲ ਕਰਨ ਲਈ ਉਦਾਹਰਣ ਚਾਹੀਦੀ ਹੈ।ਅੱਖਾਂ ਆਦਿ ਗਿਆਨ ਇੰਦ੍ਰਿਆਂ ਦੁਆਰਾ ਪ੍ਰਮਾਤਾ ਰੂਪ ਅੰਤਹਕਰਣ ਨੂੰ ਪ੍ਰਮਾਣ ਰੂਪ ਵਿਚ ਪਹੁੰਚਣ ਵਾਲੀ ਬ੍ਰਿਤੀ ਉਦਾਹਰਣ ਹੀ ਹੈ ; ਦਾਰਸ਼ਨਿਕ ਦੁਨੀਆਂ ਵਿਚ ਇਸਨੂੰ ਪ੍ਰਮਾ ਕਹਿੰਦੇ ਹਨ। ਪ੍ਰਤੱਖ ਪ੍ਰਮਾ ਲਈ ਪ੍ਰਤੱਖ ਪ੍ਰਮਾਣ ਦੀ ਜਰੂਰਤ ਹੁੰਦੀ ਹੈ। ਇਵੇਂ ਹੀ ਅਨੁਮਿਤੀ ਪ੍ਰਮਾ, ਸ਼ਾਬਦੀ ਪ੍ਰਮਾ, ਅਨਉਪਲਬਧੀ ਪ੍ਰਮਾ, ਅਰਥਾਪਤੀ ਪ੍ਰਮਾ, ਉਪਮਾਨ ਪ੍ਰਮਾ ਛੇ ਤਰ੍ਹਾਂ ਨਾਲ ਪਦਾਰਥਿਕ ਗਿਆਨ (ਪ੍ਰਮਾ) ਪ੍ਰਾਪਤ ਹੁੰਦੇ ਹਨ। ਗੌਰ-ਤੱਲਬ ਹਰ ਮਨੁੱਖ ਦੀ ਸੁਖੀ ਹੋਣ ਦੀ ਪ੍ਰਬਲ ਇੱਛਾ ਰਹਿੰਦੀ ਹੈ। ਭਾਈ ਸਾਹਿਬ ਜੀ ਇਥੇ ਸੁਖ ਦੇ ਅਸਲੀਅਤ ਦਸਦੇ ਹਨ, ਕਿ ਵਾਸਤਵਿਕ ਸੁਖ 'ਆਤਮ-ਸੁਖ' ਹੈ। ਇਹ ਅਪੂਰਬ (ਅਸਚਰਜ) ਹੈ। ਜਿਸ ਕਿਸੇ ਨੇ ਭੀ ਸੁਖੀ ਹੋਣਾ ਹੈ; ਉਹ ਗਿਆਨ ਦੁਆਰਾ ਹੀ ਸੁਖੀ ਹੋ ਸਕਦਾ ਹੈ। ਗਿਆਨ ਹਾਸਲ ਕਰਨ ਲਈ ਜਿਹੜੀ ਯੁਕਤੀ ਕਾਰਗਰ ਹੈ; ਉਹੀ ਕਲਿਆਣਕਾਰੀ ਹੈ। ਗਿਆਨ ਦੀ ਅਨੰਤਤਾ ਪਿਛੇ ਦੌੜਨ ਦੀ ਲੋੜ ਨਹੀਂ ਹੈ; ਕੇਵਲ ਨਾਮ ਜਪਣ ਵਿਚ ਆਉਂਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਜਰੂਰਤ ਹੈ। ਸਾਧਨ ਕੇਵਲ ਇਕ ਹੱਦ ਤੱਕ ਕੰਮ ਕਰਦਾ ਹੈ। ਅਸੀਂ ਕਿਸੇ ਦਫਤਰ ਜਾਂ ਸ਼ਹਿਰ



ਜਾਂਦੇ ਹਾਂ; ਆਪਣੇ ਸਾਧਨ ਕਾਰ ਆਦਿਕ ਦਫਤਰ ਦੇ ਬਾਹਰ ਖੜਾ ਕਰਕੇ ਅੰਦਰ ਜਾਂਦੇ ਹਾਂ। ਸਮਾਨ ਦਫਤਰ ਦੇ ਬਾਹਰ ਟਿਕਾ ਦਿੰਦੇ ਹਾਂ। ਹਰ ਵਸਤੂ ਜਾਂ ਗਿਆਨ ਦੀ ਇਹ ਹੱਦਬੰਦੀ ਹੈ; ਜਿਥੇ ਜਾ ਕੇ ਉਸ ਨੇ ਕੰਮ ਕਰਨ ਤੋਂ ਅਸਮਰਥ ਹੋ ਜਾਂਦੇ ਹੈ।

**ਫਲ ਚਲਿਆ-ਪ੍ਰਤਿਪਾਦਨ ਕਰਿਬੇ ਕੋ ਜੋਗ। ਆਤਮ ਗਯਾਨ ਕਹੈਂ ਪ੍ਰਭ ਲੋਗ॥**
**ਤਿਸੀ ਗਯਾਨ ਕੋ ਜੋ ਅਨੁਸ਼ਠਾਨ। ਸੇਵਨ ਕਰਨੋ ਮਹਿਦ ਮਹਾਨ॥ ੧੨॥**
**ਚੌਥੇ ਸ਼੍ਰਵਣ ਪ੍ਰਯੋਜਨ ਸੋਇ। ਫਲ ਭੀ ਨਾਮ, ਸੁਨਹੁਂ ਜਿਮ ਹੋਇ।**

**ਅਰਥ** – ਪ੍ਰਮਾਤਮਾ ਦੇ ਪਿਆਰ ਵਾਲੇ ਲੋਕ (ਸੰਤ) ਕਹਿੰਦੇ ਹਨ, ਕਿ ਪ੍ਰਕਰਣ ਕਰਕੇ ਪ੍ਰਤਿਪਾਦਨ ਕਰਨ ਦੇ ਯੋਗ ਜੋ ਆਤਮਾ ਗਿਆਨ ਹੈ, ਅਤੇ ਤਿਸ ਆਤਮ ਗਿਆਨ ਦਾ ਜੋ ਅਨੁਸ਼ਠਾਨ (ਸੇਵਨ) ਕਰਨਾ ਹੈ ਬਹੁਤ ਸ੍ਰੇਸ਼ਟ ਹੈ ਇਹ ਫਲ ਹੈ; ਇਸੇ ਦਾ ਨਾਮ ਪ੍ਰਯੋਜਨ ਹੈ ਜੋ ਸ੍ਰਵਣ ਦਾ ਚੌਥਾ ਅੰਗ ਹੈ ।

**ਭਾਵਾਰਥ** - ਵਿੱਦਿਆ (ਧਰਮ ਦਾ ਵਿਸਥਾਰਤ ਰੂਪ) ਦੀ ਦੁਨੀਆਂ ਅੰਦਰ ਆਤਮ ਗਿਆਨ ਹੀ ਸੁਖੀ ਜੀਵਨ ਦਾ ਇੱਕ-ਮਾਤਰ ਸਾਧਨ ਹੈ। ਦੁੱਖ ਨੂੰ ਭਾਣਾ ਮੰਨਣ ਦੁਆਰਾ ਆਤਮ-ਗਿਆਨੀ ਸੁੱਖ ਦਾ ਸਾਧਨ ਬਣਾ ਲੈਂਦਾ ਹੈ। ਸੁੱਖ ਨੂੰ ਵਾਹਿਗੁਰੂ ਜੀ ਵੱਲੋਂ ਇਨਾਮ ਰੂਪ ਵਿੱਚ ਮਿਲਿਆ ਹੋਇਆ ਜਾਣਦਾ ਹੈ। ਆਤਮ ਗਿਆਨੀ ਦਾ 'ਪੂਜਨ ਅਤੇ ਧਾਰਨ ਕਰਨ' ਦੋਨੋਂ ਹੀ ਆਤਮ-ਗਿਆਨ ਹੁੰਦਾ ਹੈ। ਜਿਵੇਂ ਘਰ ਵਿੱਚ ਭੋਜਨ ਦਾ ਤਿਆਰ ਹੋਣਾ, ਭੋਜਨ ਛੱਕ ਲੈਣ ਦੇ ਫਲ ਸਰੂਪ ਲਈ ਹੁੰਦਾ ਹੈ। ਜੇ ਨਾ ਛਕਿਆ ਤਾਂ ਭੋਜਨ ਨੇ ਛਕਣ ਦੇ ਯੋਗ ਹੀ ਨਹੀਂ ਰਹਿਣਾ। ਆਤਮ ਗਿਆਨ ਲਈ ਸ੍ਰਵਣ ਦੇ ਸਾਧਨ ਦੇ ਤਿੰਨ ਅੰਗਾਂ ਨੂੰ ਧਿਆਨ ਅਤੇ ਸੰਜਮ ਪੂਰਵਕ ਕੀਤਾ ਹੈ, ਤਾਂ ਫਲ ਸਰੂਪ ਵਿੱਚ ਆਤਮ-ਗਿਆਨ ਹੀ ਪ੍ਰਮੁੱਖ ਹੈ।

**'ਗੁਰਮੁਖਿ ਨਾਦੰ ਗੁਰਮੁਖਿ ਵੇਦੰ' । 'ਗੁਰਾ ਇਕ ਦੇਹਿ ਬੁਝਾਇਵ ਭੇਦੰ' ॥ ੧੩ ॥**

**ਅਰਥ** – 'ਗੁਰੂ ਜੋ ਮੁੱਖ ਹੈਂ ਤਿਨਾ ਦਾ ਜੋ (ਨਾਦੰ) ਸਬਦ ਹੈ, ਜਬ ਗੁਰਮੁਖਿ ਜਗਯਾਸੂ ਨੇ ਸੁਣ ਕੇ ਤਿਸ ਕੇ ਸਿਧਾਂਤ ਕੋ (ਵੇਦੰ) ਜਾਨਿਆਂ,' 'ਗੁਰਾਂ ਨੇ ਮੈਨੂੰ ਇੱਕ ਬੁਝ ਦਿੱਤੀ ਹੈ'।

**ਨਿਤ ਸਤਿਗੁਰ ਕੀ ਸੇਵਾ ਕਰਨੀ। ਗੁਰ ਤੇ ਗਯਾਨ ਪ੍ਰਾਪਤੀ ਬਰਨੀ।**
**ਮੁਕਤਿ ਦੇਤਿ ਹੈ ਆਤਮ ਗਯਾਨ। ਇੱਤਯਾਦਿਕ ਜਹਿਂ ਕੀਨ ਬਖਾਨ॥ ੧੪॥**

**ਅਰਥ** – ਹਮੇਸ਼ਾ ਸਤਿਗੁਰੂ ਜੀ ਦੀ ਸੇਵਾ ਕਰਕੇ ਗਿਆਨ ਦੀ ਪ੍ਰਾਪਤੀ ਕਥਨ ਕੀਤੀ ਹੈ। ਆਤਮਾ ਦਾ ਗਿਆਨ ਮੁਕਤੀ ਦਿੰਦਾ ਹੈ ਇਸ ਤੋਂ ਆਦਿ ਲੈ ਕੇ ਜਿੱਥੇ

ਕਥਨ ਕੀਤਾ ਹੈ, ਫਲ ਦੀ ਵਿਆਖਿਆ ਲਈ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਹੈ।

**ਭਾਵਾਰਥ** – ਗੁਰੂ ਘਰ ਵਿੱਚ ਸਿੱਖ ਸੇਵਾ ਦੀ ਸ਼ੁਰੂਆਤ ਕਰਦਾ ਹੈ। ਨਿੱਤ ਸੇਵਾ ਕਰਦਾ ਹੋਇਆ ਆਪ ਤੋਂ ਵੱਡਿਆਂ ਦੀ ਸੰਗਤ ਵਿੱਚ ਕੰਮ ਕਰਨ ਦੀਆਂ ਯੁਕਤੀਆਂ ਨੂੰ ਸਿੱਖਦਾ ਹੈ। ਗੁਰੂ-ਘਰ ਵਿੱਚ ਕੰਮ ਕਰਨ ਨੂੰ ਸੇਵਾ ਕਿਹਾ ਜਾਂਦਾ ਹੈ, ਕਿਉਂਕਿ ਇੱਥੇ ਕੰਮ ਕਰਦਿਆਂ ਹੋਇਆਂ ਗੁਰੂ ਚਰਨਾਂ ਦਾ ਵਿਸ਼ਵਾਸ 'ਸ਼ਰਧਾ ਦੁਆਰਾ ਯੁਕਤੀਆਂ ਸਿੱਖਣ ਵਿੱਚ ਸਹਾਈ ਹੁੰਦਾ ਹੈ। ਇਹੋ ਹੀ ਵਿੱਦਿਆ ਦਾ ਮੁੱਖ ਅੰਗ ਗਿਆਨ ਹੈ। ਜਿਸਦੀ ਸਿੱਖ ਲਈ ਗੁਰੂ ਕੋਲੋਂ ਹੀ ਪ੍ਰਾਪਤੀ ਕਥਨ ਕੀਤੀ ਜਾਂਦੀ ਹੈ। ਇਹੀ ਆਤਮ ਗਿਆਨ ਮੁਕਤੀ ਦਿੰਦਾ ਹੈ।

**ਪੰਚਮ 'ਅਰਥਵਾਦ' ਸੁਨਿ ਲੱਛਨ। ਜੋ ਭਾਖਤਿ ਹੈਂ ਗਯਾਨ ਬਿੱਚਛਨ।**
**ਬਰਨਨ ਜੋਗ ਵਸਤੁ ਹੈ ਜੋਇ। ਤਿਸ ਮਹਿਂ ਤਿਸ ਕੀ ਉਸਤਤ ਹੋਇ॥ ੧੫॥**

**ਅਰਥ** – ਪੰਜਵੇਂ ਅਰਥਵਾਦ ਦਾ ਲੱਛਣ ਸੁਨਣਾ ਕਰ, ਗਿਆਨਵਾਨ ਚਤੁਰ ਪੁਰਸ਼ ਜਿਵੇਂ ਕਹਿੰਦੇ ਹਨ, ਕਿ ਵਰਨਣਯੋਗ ਜੋ ਅਦੁੱਤੀ ਵਸਤੂ ਹੈ, ਤਿਸ (ਗ੍ਰੰਥ) ਵਿੱਚ ਉਸਦੀ ਉਸਤਤ ਹੋਵੇ।

**ਭਾਵਾਰਥ** – ਅਰਥਵਾਦ ਉਹ ਵਾਕ ਹੁੰਦੇ ਹਨ, ਜਿਸ ਵਾਕ ਦੁਆਰਾ ਕਿਸੇ ਕੰਮ ਵਿੱਚ ਰੁਚੀ ਪੈਦਾ ਕੀਤੀ ਜਾਏ। ਜਿਵੇਂ ਇੱਕ-ਸੌ-ਇੱਕ ਜਪੁਜੀ ਸਾਹਿਬ ਦੇ ਪਾਠ ਕਰਨ ਨਾਲ ਤੇਰਾ ਕੈਨੇਡਾ ਦਾ ਕੰਮ ਬਣ ਜਾਵੇਗਾ। ਇਹ ਅਰਥਵਾਦ ਹੈ, ਇਸ ਵਾਕ ਵਿੱਚ ਬਾਣੀ ਪੜ੍ਹਨ ਦੇ ਨਾਲ ਕਾਰਜ ਰਾਸ ਹੋਣ ਰੂਪ ਵਿੱਚ ਉਸਤਤ ਅੰਕਿਤ ਹੈ। ਜਿਹੜੇ ਵਾਕਾਂ ਦੇ ਸ੍ਰਵਣ ਕਰਨ ਕਰਕੇ ਅਦੁੱਤੀ-ਚੇਤਨ ਵਿੱਚ ਨਿਸ਼ਚਾ ਪੈਦਾ ਕਰਨਾ ਹੈ। ਉਹਨਾਂ ਵਾਕਾਂ ਦੇ ਅਰਥਾਂ ਨੂੰ ਉਤਸ਼ਾਹ ਦਾ ਸਾਧਨ ਬਣਾ ਕੇ ਪੜਨਾ ਅਤੇ ਵੀਚਾਰਨਾ। ਵਾਕਾਂ ਦੇ ਸ਼ਬਦਾਂ ਦੀ ਤਾਸੀਰ ਹੁੰਦੀ ਹੈ, ਜੋ ਵਾਕਾਂ ਨੂੰ ਸ਼ਰਧਾ ਭਾਵਨਾ ਨਾਲ ਪੜ੍ਹਦਿਆਂ ਉਸਦੀ ਬ੍ਰਿਤੀ ਬ੍ਰਹਮਾਕਾਰ ਹੋਣ ਲੱਗ ਜਾਏਗੀ।

**'ਨਾਨਕ ਨਿਰਗੁਣਿ ਗੁਣਹਿ 'ਕਰੇਹਿ'। 'ਗੁਣਵੰਤਿਆ' ਜੋ ਹੁਇ 'ਗੁਣ ਦੇਇ'।**
**'ਤੇਹਾ ਕੋਇ ਨ ਸੁਝਈ' ਪਰੇ। 'ਜੇ ਤਿਸੁ' ਕੋ 'ਗੁਣੁ ਕੋਇ ਕਰੇ'॥ ੧੬॥**

**ਅਰਥ** – 'ਹੇ ਸਿੱਧੋ! ਉਹ ਅਕਾਲ ਪੁਰਖ ਗੁਣ-ਹੀਨ ਮਨੁੱਖ ਵਿੱਚ ਗੁਣ ਪੈਦਾ ਕਰ ਦਿੰਦਾ ਹੈ ਤੇ ਗੁਣੀ ਮਨੁੱਖਾਂ ਨੂੰ ਭੀ ਗੁਣ ਉਹੀ ਬਖਸ਼ਦਾ ਹੈ।' 'ਇਹੋ ਜਿਹਾ ਕੋਈ ਹੋਰ ਨਹੀਂ ਦਿੱਸਦਾ, ਜੋ ਨਿਰਗੁਣ ਜੀਵ ਨੂੰ ਕੋਈ ਗੁਣ ਦੇ ਸਕਦਾ ਹੋਵੇ।



(ਭਾਵ ਪ੍ਰਭੂ ਦੀ ਮਿਹਰ ਦੀ ਨਜ਼ਰ ਹੀ ਉਸਨੂੰ ਉੱਚਾ ਕਰ ਸਕਦੀ ਹੈ। ਲੰਮੀ ਉਮਰ ਤੇ ਜਗਤ ਦੀ ਸ਼ੋਭਾ ਸਹਾਇਤਾ ਨਹੀਂ ਕਰਦੀ'

**ਸਭਿ ਤੇ ਗਯਾਨਵਾਨ ਹੁਇ ਦੀਹਾ। ਤਿਸ ਪਰ ਕੋ ਉਪਕਾਰ ਕਰੀਹਾ?**
**ਚਹੈ ਸੁ ਕਰੈ ਆਪ ਸਮਰੱਥ। ਬ੍ਰਹਮਗਯਾਨੀ ਕੈ ਸਭਿ ਕਿਛ ਹੱਥ॥ ੧੭॥**

**ਅਰਥ** – ਗਿਆਨਵਾਨ ਸਭ ਤੋਂ ਵੱਡਾ ਹੈ, ਉਸ ਗਿਆਨਵਾਨ ਉੱਪਰ ਕੌਣ ਪਰਉਪਕਾਰ ਕਰ ਸਕਦਾ ਹੈ। ਉਹ ਜੋ ਚਾਹੁੰਣ ਸੋ ਕਰ ਸਕਦੇ ਹਨ, ਕਿਉਂਕਿ ਉਹ ਸਮਰੱਥਾਵਾਨ ਹਨ। ਬ੍ਰਹਮ ਗਿਆਨੀ ਦੇ ਸਭ ਕੁੱਝ ਹੱਥ ਵਿੱਚ ਹੁੰਦਾ ਹੈ।

**ਭਾਵਾਰਥ** – ਸ੍ਰਵਣ ਕਰਨ ਵਾਲਾ 'ਸ਼ਰਧਾ ਭਾਵਨਾ' ਸਹਿਤ ਬ੍ਰਹਮ ਨਾਲ ਇੰਨਾਂ ਇੱਕਸੁਰ ਹੋ ਜਾਂਦਾ ਹੈ; ਕਿ ਉਸ ਨੂੰ ਬ੍ਰਹਮ ਤੋਂ ਵੱਖ ਕਰਕੇ ਵੇਖਿਆ ਹੀ ਨਹੀਂ ਜਾ ਸਕਦਾ। ਅਰਥਵਾਦ ਦਾ ਸਰੂਪ ਸਰੀਰ ਅੰਦਰ ਹੀ ਆਤਮਾ ਪ੍ਰਾਪਤੀ ਦੀ ਮਹਾਨਤਾ ਦਾ ਅਨਭਵ ਕਰ/ਕਰਵਾ ਕੇ ਵਾਹਿਗੁਰੂ ਸਰੂਪ ਹੋਣ ਦਾ ਮਾਣ ਹਾਸਿਲ ਕਰਵਾ ਦਿੰਦਾ ਹੈ। ਕਿਉਂਕਿ ਮਨੁੱਖੀ ਮਨ ਦੀ ਫਿਤਰਤ ਹੈ, ਸੰਸਾਰਿਕ ਸਮ੍ਰਧੀ ਨੂੰ ਸਭ ਕੁੱਝ (ਮਿਥ) ਨਿਸ਼ਚਾ ਕਰ ਕੇ ਜਿੰਦਗੀ ਸ਼ੁਰੂ ਕਰਦਾ ਹੈ। ਪਦਾਰਥਿਕ ਨਿਸ਼ਚਾ 'ਤੁੱਛ -ਥਾਂ, ਸਮਾਂ ਅਤੇ ਵਸਤੂ' ਤੱਕ ਸੀਮਤ ਹੁੰਦਾ ਹੈ। ਇਸੇ ਕਾਰਣ ਹੀ ਮਨੁੱਖ ਦੀ ਜ਼ਿੰਦਗੀ ਸੁੱਖ ਪ੍ਰਾਪਤੀ ਦੀ ਥਾਂ ਅਗਲੇਰੇ ਦੁੱਖ ਵਿੱਚ ਡੁੱਬ ਜਾਂਦੀ ਹੈ। ਕੁੱਝ ਕੁ ਲੋਕਾਂ ਨੂੰ ਛੱਡ ਕੇ ਬਾਕੀ ਸਾਰੇ ਇਸੇ ਤਰ੍ਹਾਂ ਦੀ ਜਿੰਦਗੀ ਬਤੀਤ ਕਰਦੇ ਹਨ। ਗੁਰੂ ਸ਼ਰਨ ਵਿੱਚੋਂ ਗਿਆਨ ਹਾਸਿਲ ਕਰਨ ਵਾਲੇ ਹਰ ਥਾਂ ਨੂੰ ਪ੍ਰਮਾਤਮਾ ਦੀ ਬਖਸ਼ਿਸ ਜਾਣਦਿਆਂ; ਆਪਣੇ ਅੰਦਰ ਅਨਭਵ ਕਰਨ ਦਾ ਯਤਨ ਕਰਦੇ ਹਨ। ਹਰ ਥਾਂ ਪ੍ਰਮਾਤਮਾ ਵੇਖਣ ਨੂੰ ਹੀ ਬ੍ਰਹਮ ਸਮਝਣ ਦਾ ਯਤਨ ਕਿਹਾ ਜਾਂਦਾ ਹੈ। ਵਾਹਿਗੁਰੂ ਜੀ ਦਾ ਜਾਪ ਅਤੇ ਗੁਰੂ ਵਿੱਦਿਆ ਦਾ ਪ੍ਰਤਾਪ ਬ੍ਰਹਮ-ਅਨਭਵ ਵਿੱਚ ਸਹਾਈ ਹੁੰਦਾ ਹੈ। ਐਸੇ ਬ੍ਰਹਮ ਨੂੰ ਸਮਝਣ ਵਾਲੇ ਤੋਂ ਕਈ ਭੀ ਦੂਰ ਨਹੀਂ ਹੁੰਦਾ ਸਗੋਂ ਸਾਰੇ ਉਹਨਾਂ ਦੇ ਪਾਸ ਰਹਿਣਾ ਪਸੰਦ ਕਰਦੇ ਹਨ; ਬ੍ਰਹਮ ਨੂੰ ਸਮਝਣ ਵਾਲਾ ਭੀ ਸਭ ਦਾ ਸਤਿਕਾਰ ਕਰਦਾ ਹੈ। ਉਸ ਕੋਲ ਸਾਰੇ ਸੰਸਾਰ ਦਾ ਨਿਜ਼ਾਮ ਹੁੰਦਾ ਹੈ। ਕਿਉਂਕਿ ਉਹ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਜਾਣਦਾ ਹੀ ਨਹੀਂ ਹੈ।

**'ਉਪਪਤਿ' ਖਸ਼ਟਮ ਸ਼੍ਰਵਣ ਸੁ ਲੱਛਨ। ਕਹਤਿ ਬੇਦ ਸਤਿਗੁਰੂ ਬਿਚੱਛਨ।**
**ਜੋ ਪ੍ਰਕਰਨ ਕਰਿ ਕੈ ਸ਼ੁਭ ਅਰਥ। ਪ੍ਰਤਿਪਾਦਨ ਕੇ ਜੋਗ ਸਮਰਥ॥ ੧੮॥**
**ਦੋਹਰਾ - ਤਿਸੀ ਅਰਥ ਸਿਧ ਕਰਨ ਮੈਂ ਤਿਸੀ ਪ੍ਰਕਰਣ ਮਝਾਰ।**

**ਸ਼੍ਰਵਣ ਕਰੀ ਹੈ ਜੁਗਤਿ ਜੇ, ਸੋ ਉਪੱਪਤਿ ਬਿਚਾਰ ॥ ੧੯ ॥**

**ਅਰਥ** – ਵੇਦ ਤੇ ਮਹਾ ਸਤਿਗੁਰੂ ਜੀ ਕਹਿੰਦੇ ਹਨ, ਕਿ ਸ੍ਰਵਣ ਦਾ ਛੇਵਾਂ ਚਿੰਨ੍ਹ ਉਪਪਤਿ ਹੈ। ਜੋ ਪ੍ਰਕਰਣ ਕਰਕੇ ਸ਼ੁੱਭ ਅਰਥ ਸਿੱਧ ਹੁੰਦਾ ਹੋਵੇ ਤੇ ਜੋ ਉਸੇ ਅਰਥ ਨੂੰ ਕਥਨ ਕਰਨ ਵਿੱਚ ਸਮਰੱਥ ਹੋਵੇ ਅਰਥਾਤ ਉਸ ਜੁਗਤੀ ਨੂੰ ਉਪਪਤੀ ਵੀਚਾਰ ਲਓ ਕਿ ਉਸੇ ਪ੍ਰਕਰਣ ਵਿੱਚ ਉਸੇ ਅਰਥ ਨੂੰ ਸਿੱਧ ਕਰਨੇ ਵਿਖੇ ਸ੍ਰਵਣ ਕੀਤੀ ਜਾਏ।

**ਭਾਵਾਰਥ** – ਉਪਪਤਿ ਦਾ ਮਤਲਬ ਹੈ– ਪ੍ਰਾਪਤੀ; ਸ੍ਰਵਣ ਕਰਕੇ ਮਨ ਅੰਦਰ ਪ੍ਰਾਪਤੀ ਲਈ ਯੁਕਤੀ ਜਾਂ ਦਲੀਲ ਦਾ ਸਹਾਰਾ ਲੈਣਾ ਸ੍ਰਵਣ ਦਾ ਛੇਵਾਂ ਚਿੰਨ੍ਹ ਹੈ। ਕੰਮ ਕਰਦਿਆਂ ਸਾਰਾ ਕੰਮ ਨੇਪਰੇ ਚੜ੍ਹਨ ਵਾਲਾ ਹੋਵੇ ਜੇ ਸਮੇਂ ਸਿਰ ਪੂਰਾ ਨਾ ਹੋਵੇ ਤਾਂ ਕੰਮ ਕਰਨ ਵਾਲੇ ਨੂੰ ਮੰਦਭਾਗਾ ਕਿਹਾ ਜਾਂਦਾ ਹੈ। ਕੰਮ ਖਰਾਬ ਹੋ ਰਿਹਾ ਹੋਵੇ, ਕਿਸੇ ਯੁਕਤੀ ਨਾਲ ਸੁਧਰ ਜਾਏ; ਤਾਂ ਕੰਮ ਕਰਨ ਵਾਲੇ ਨੂੰ ਵਡਭਾਗਾ ਕਿਹਾ ਜਾਂਦਾ ਹੈ। ਵਿਦਿਆਰਥੀ/ਸਿੱਖ ਸ੍ਰਵਣ ਕਰਨ ਵੇਲੇ ਉੱਪਰ ਕਥਨ ਕੀਤੇ ਚਿੰਨ੍ਹਾਂ ਦਾ ਧਿਆਨ ਪੂਰਬਕ ਚਿੰਤਨ ਕਰਦਾ ਹੈ। ਉਸ ਦੀ ਮਾਨਸਿਕ ਅਵਸਥਾ ਵਿੱਚ ਨਵੀਂ ਖੋਜ ਪਨਪ ਪੈਂਦੀ ਹੈ। ***ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥***

**ਚੌਪਈ – ਨਦੀ ਈਸ਼ ਹੈ ਜੀਵ ਸੁ ਵਾਹਾ। ਦੋਨਹੁੰ ਮਿਲੇ ਉਦਧਿ ਬ੍ਰਹਮ ਮਾਂਹਾ।**
**ਨਾਮ ਨਦੀ ਵਾਹਾ ਮਿਟ ਜਾਇਂ। ਤਿਮ ਹੀ ਈਸ਼ ਜੀਵ ਨ ਰਹਾਇ ॥ ੨੦ ॥**
**ਸਿੰਧ ਰੂਪ ਬਨਿ ਸਿੰਧ ਕਹਾਵੈਂ । ਤਥਾ ਬ੍ਰਹਮ ਸੋਂ ਦ੍ਵੈ ਮਿਲਿ ਜਾਵੈਂ।**

**ਅਰਥ** – 'ਸਲਾਹੁਣ ਯੋਗ ਅਕਾਲ ਪੁਰਖ ਦੀਆਂ ਵਡਿਆਈਆਂ ਆਖ ਆਖ ਕੇ ਕਿਸੇ ਮਨੁੱਖ ਨੇ ਇਤਨੀ ਸਮਝ ਨਹੀਂ ਪਾਈ ਕਿ ਅਕਾਲ ਪੁਰਖ ਕਿਤਨਾ ਵੱਡਾ ਹੈ। (ਸਿਫਤ ਸਾਲਾਹ ਕਰਨ ਵਾਲੇ ਮਨੁੱਖ ਉਸ ਅਕਾਲ ਪੁਰਖ ਦੇ ਵਿੱਚ ਹੀ ਲੀਨ ਹੋ ਜਾਂਦੇ ਹਨ। ਨਦੀਆਂ ਤੇ ਨਾਲੇ ਸਮੁੰਦਰ ਵਿੱਚ ਪੈਂਦੇ ਹਨ, (ਪਰ ਫਿਰ ਵੱਖਰੇ) ਉਹ ਪਛਾਣੇ ਨਹੀਂ ਜਾ ਸਕਦੇ (ਵਿੱਚੇ ਹੀ ਲੀਨ ਹੋ ਜਾਂਦੇ ਹਨ, ਤੇ ਸਮੁੰਦਰ ਦੀ ਥਾਹ ਨਹੀਂ ਪਾ ਸਕਦੇ)। ਸਮੁੰਦਰ ਵੱਤ (ਸਾਹ ਸੁਲਤਾਨੁ) ਪਾਤਸ਼ਾਹੋਂ ਕਾ ਪਾਤਸ਼ਾਹੁ ਅਕਾਲ ਪੁਰਖ ਹੈ, ਜੋ ਤਿਸ ਕੋ ਮਨੋ ਨਹੀਂ ਵਿਸਾਰਤੇ, ਸੋ ਤੋ (ਸਮੁੰਦ੍ਰ) ਬ੍ਰਹਮ ਰੂਪ ਹੀ ਹੋ ਜਾਤੇ ਹੈਂ। ਔਰ ਜੋ (ਗਿਰਹਾ) ਇੰਦ੍ਰ (ਸੇਤੀ) ਸਮਾਨ ਮਾਲਧਨ ਹੋਵੈ,' ਦੋਨੋਂ ਹੀ ਸਮੁੰਦ੍ਰ ਰੂਪ



ਬ੍ਰਹਮ ਵਿੱਚ ਮਿਲ ਜਾਂਦੇ ਹਨ; ਵਾਹੜਾ, ਨਦੀ ਨਾਮ ਮਿੱਟ ਜਾਂਦਾ ਹੈ। ਉਸੇ ਪ੍ਰਕਾਰ ਈਸ਼੍ਵਰ ਤੇ ਜੀਵ ਨਾਮ ਮਿੱਟ ਜਾਂਦਾ ਹੈ। ਪਾਣੀ ਸਮੁੰਦ੍ਰ ਰੂਪ ਹੋ ਕੇ ਸਮੁੰਦ੍ਰ ਹੀ ਅਖਵਾਉਂਦਾ ਹੈ। ਉਸੇ ਤਰ੍ਹਾਂ ਦੋਨੋਂ ਹੀ ਬ੍ਰਹਮ ਰੂਪ ਅਖਵਾਉਂਦੇ ਹਨ।

**ਭਾਵਾਰਥ** – ਭਾਈ ਸਾਹਿਬ ਸ੍ਰਵਣ ਕੀਤੇ ਸਿਧਾਂਤ ਦਾ ਨਿਚੋੜ ਕਥਨ ਕਰਦੇ ਹਨ। ਸ੍ਰਵਣ ਦੇ ਛੇ ਚਿੰਨ੍ਹ ਜੀਵ ਦੇ ਆਂਤਰਿਕ ਜੀਵਨ ਵਿੱਚ ਅਧਿਆਤਮਕ ਜਾਗ੍ਰਤੀ ਲਿਆਉਂਦੇ ਹਨ। ਵੇਦਾਂਤ ਗਿਆਨ ਲਈ ਲਿਖਤੀ ਵੀਚਾਰਧਾਰਾ; ਭਗਤੀਵਾਦ ਮੌਖਿਕ ਵੀਚਾਰਧਾਰਾ ਦੁਆਰਾ ਸ੍ਰਵਣ ਕਰਨ ਉੱਪਰ ਜੋਰ ਦਿੰਦੇ ਹਨ। ਵੇਂਦਾਤ ਅਤੇ ਭਗਤੀਵਾਦ ਰਾਂਹੀ ਜਾਗ੍ਰਿਤੀ ਦੀ ਸੁਮੇਲਤਾ ਦਾ ਕਥਨ ਉਦਾਹਰਣ ਦੁਆਰਾ ਕਰਦੇ ਹਨ। ਈਸ਼੍ਵਰ ਨਦੀ ਵਾਂਗ ਹੈ, ਜੀਵ 'ਬਰਸਾਤੀ ਨਾਲੇ' (ਵਾਹੜੇ) ਵਾਂਗ ਹੈ। ਜਿਵੇਂ ਦੋਨੋਂ ਸਮੁੰਦਰ ਵਿੱਚ ਮਿਲ ਕੇ ਇੱਕ ਹੀ ਹੋ ਜਾਂਦੇ ਹਨ। ਇਸੇ ਪ੍ਰਕਾਰ 'ਜੀਵ ਤੇ ਈਸ਼੍ਵਰ' ਦੋਨੋਂ ਹੀ ਬ੍ਰਹਮ ਵਿੱਚ ਮਿਲ ਕੇ ਇੱਕ ਹੋ ਜਾਂਦੇ ਹਨ।

**ਕੋਟ ਜਤਨ ਤੇ ਨਯਾਰੇ ਹੋਇਂ ਨ। ਮਿਲੇ ਵਿਭੇਦ ਸਕੈ ਕਰਿ ਕੋਇ ਨ ॥ ੨੧ ॥**
**ਜੁਕਤਿ ਉਕਤਿ ਇਕਤਾ ਮਹਿਂ ਐਸੇ। ਉਪਪਤਿ ਸ਼੍ਰਵਣ ਰੂਪ ਲਖਿ ਤੈਸੇ।**
**ਬੇਦ ਛਾਂਦੋਗ ਖਸ਼ਟਮੇ ਧਯਾਇ। ਤਹਾਂ ਕਰੇ ਖਟ ਸ਼੍ਰਵਣ ਬਨਾਇ ॥ ੨੨ ॥**

**ਅਰਥ** – ਇਸ ਮਿਲਾਪ ਨੂੰ ਕਰੋੜਾਂ ਯਤਨਾਂ ਦੁਆਰਾ ਵੱਖ ਨਹੀਂ ਕੀਤਾ ਜਾ ਸਕਦਾ। ਏਕਤਾ ਦੇ ਸਿੱਧ ਕਰਨ ਵਿੱਚ ਯੁਕਤੀਆਂ ਇਸ ਪ੍ਰਕਾਰ ਪੇਸ਼ ਕੀਤੀਆਂ ਜਾਂਦੀਆਂ ਹਨ, ਕਿ ਜਿਵੇਂ ਦਾ ਸ੍ਰਵਣ ਰੂਪ ਸੁਣਿਆ, ਉਸੇ ਤਰ੍ਹਾਂ ਦਾ ਸਮਝ ਲਿਆ।

**ਭਾਵਾਰਥ** – ਏਕਤਾ ਲਈ ਉਕਤੀਆਂ ਯੁਕਤੀਆਂ ਮਨੁੱਖੀ ਮਾਨਸਿਕ ਪ੍ਰਵਿਰਤੀ ਮੁਤਾਬਿਕ ਹੁੰਦੀਆਂ ਹਨ। ਮੂਲ ਰੂਪ ਜੀਵ ਦੀ ਈਸ਼੍ਵਰ ਨਾਲ ਇੱਕਸੁਰਤਾ ਬ੍ਰਹਮ ਕਰਕੇ ਹੀ ਹੁੰਦੀ ਹੈ। 'ਖੰਡ ਦਾ ਦਾਨਾ' ਅਤੇ ਖੰਡ ਦੀ ਬੋਰੀ ਮਾਪ-ਤੋਲ ਦਾ ਹੀ ਫਰਕ ਹੁੰਦਾ ਹੈ।

**ਸੋ ਜਪੁਜੀ ਮਹਿਂ ਗੁਰ ਦਿਖਾਏ। ਸ਼੍ਰਵਣ ਪੋੜੀਆਂ ਚਾਰ ਬਣਾਏ।**
**ਸ਼੍ਰਵਣ ਮਹਾਤਮ ਕੋ ਦਿਖਰਾਯੋ। ਸ਼੍ਰਵਣ ਰੂਪ ਨਹੀਂ ਬਤਾਯੋ ॥ ੨੩ ॥**
**ਸੋ ਖਟ ਰੂਪ ਪ੍ਰਗਟ ਦਿਖਰਾਏ। ਸਿੱਖ ਮੁਮੋਖੀ ਕੋ ਸਮੁਝਾਏ।**

**ਅਰਥ** – ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਜੀ ਨੇ ਸੁਨਣ ਦੀਆਂ ਚਾਰ ਪੌੜੀਆਂ ਉਚਾਰਨ ਕਰਕੇ ਕਥਨ ਕੀਤਾ ਹੈ। ਸੁਨਣ ਦੇ ਮਹਾਤਮ ਦਾ ਚਿਤਰਣ ਕੀਤਾ ਹੈ, ਸੁਨਣ ਵਾਲੇ ਲਈ ਸੁਨਣ ਦਾ ਰੂਪ ਨਹੀ ਦੱਸਿਆ। ਛੇ ਤਰ੍ਹਾਂ ਦਾ ਸ੍ਰਵਣ

ਪ੍ਰਤੱਖ ਕਰਕੇ ਦਿਖਾਇਆ ਅਤੇ ਜਗਿਆਸੂ ਸਿੱਖ ਦੀ ਮੱਤ ਵਿੱਚ ਵਾਧਾ ਕੀਤਾ।

**ਭਾਵਾਰਥ** – ਗੁਰੂ ਸਾਹਿਬ ਜੀ ਨੇ ਜਪੁਜੀ ਸਾਹਿਬ ਵਿਖੇ ਸੁਨਣ ਦਾ ਬਹੁਤ ਮਹਾਤਮ ਦੱਸਿਆ ਹੈ। ਸੰਸਾਰ ਵਿੱਚ ਮਨੁੱਖ ਹਮੇਸ਼ਾਂ ਲਈ ਸੁੱਖ ਨਾਲੋਂ ਦੁੱਖ ਦੀ ਨਿਵਰਤੀ ਚਾਹੁੰਦਾ ਹੈ। ਕਿਉਂਕਿ ਦੁੱਖ ਸਹਾਰਨਾ ਮਨੁੱਖ ਲਈ ਬਹੁਤ ਔਖਾ ਹੁੰਦਾ ਹੈ। ਸੁੱਖ ਨੂੰ ਮਾਨਣ ਨਾਲ ਮਨੁੱਖ ਨੂੰ ਉਤਨੀ ਪ੍ਰਸੰਨਤਾ ਨਹੀਂ ਹੁੰਦੀ, ਜਿੰਨੀ ਦੁੱਖ ਤੋਂ ਮਾਨਸਿਕ ਪੀੜਾ ਹੁੰਦੀ ਹੈ। ਗੁਰੂ ਸਾਹਿਬ ਜੀ ਹਰ ਇਨਸਾਨ ਦੀ ਅੰਦਰਲੇ ਦਰਦ ਨੂੰ ਦੂਰ ਕਰਨ ਲਈ ਸੁਨਣ ਦਾ ਵਰਨਣ ਕਰਦੇ ਹਨ। ਤਾਂ ਕਿ ਮਨੁੱਖ ਮਨ ਨੂੰ ਸ੍ਰਵਣ ਕਰਕੇ ਧੀਰਜ ਮਹਿਸੂਸ ਹੋਵੇ। ਵਾਸਤਵ ਵਿੱਚ ਐਸਾ ਹੁੰਦਾ ਵੀ ਹੈ, ਜਿਵੇਂ ਅਸੀਂ ਕਿੰਨੇ ਦੁਖੀ ਕਿਉਂ ਨਾ ਹੋਈਏ ? ਜਦੋਂ ਸਾਨੂੰ ਕੋਈ ਧੀਰਜ ਦੇ ਸ਼ਬਦ ਸੁਣਾਉਂਦਾ ਹੈ, ਅਸੀਂ ਰਾਹਤ ਮਹਿਸੂਸ ਕਰਦੇ ਹਾਂ। ਸੁਨਣ ਵਾਲੇ ਦੀ ਅਵਸਥਾ ਕੈਸੀ ਹੋਵੇ ? ਇਸ ਸੁਆਲ ਦਾ ਜੁਆਬ ਇੱਥੋਂ ਅਲੋਪ ਹੈ। ਤਾਂ ਹੀ ਕਵੀ ਜੀ ਨੇ ਛੇ ਚਿੰਨ੍ਹਾਂ ਦਾ ਕਥਨ ਕੀਤਾ ਹੈ। ਗਿਆਨ ਪ੍ਰਾਪਤ ਕਰਨ ਵਾਲੇ ਸਿੱਖ ਨੂੰ ਮਾਨਸਿਕ ਤਰੱਕੀ ਦੁਆਰਾ ਅਧਿਆਤਮਕ ਤਰੱਕੀ ਦਾ ਰਾਹ ਨਜ਼ਰ ਆਉਣ ਲੱਗ ਪਵੇ।

**ਮਨਨ – ਮਨਨ ਗਯਾਨ ਕੋ ਭੇਦ ਬਤਾਵਤਿ। ਜਿਸ ਕੇ ਕਰੇ ਪਰਮ ਗਤਿ ਪਾਵਤਿ ॥ ੨੪ ॥**

**ਮਨਨ ਕਰੇ ਮਨ ਹੋਤਿ ਬਿਲਾਇ। ਜੋ ਮਨ ਦ੍ਵੈਤ ਰਹਯੋ ਲਪਟਾਇ।**

**ਸਤਿ ਚੇਤਨ ਆਨੰਦ ਅਪਾਰ। ਬ੍ਰਹਮ ਆਤਮਾ ਹੀਨ ਬਿਕਾਰ ॥ ੨੫ ॥**

**ਅਰਥ** – ਸੁਨਣ ਤੋਂ ਬਾਅਦ ਮਨਨ ਦੀ ਵੀਚਾਰ ਆਉਂਦੀ ਹੈ, ਇਹ ਗਿਆਨ ਦਾ ਭੇਦ ਦੱਸਦਾ ਹੈ। ਜਿਸ ਮਨਨ ਦੁਆਰਾ ਪਰਮਗਤੀ ਪ੍ਰਾਪਤ ਹੁੰਦੀ ਹੈ। ਮਨਨ ਕਰਨ ਨਾਲ ਮਨ ਪ੍ਰਭੂ ਰੂਪ ਵਿੱਚ ਲੀਨ ਹੋ ਜਾਂਦਾ ਹੈ, ਜਿਹੜਾ ਮਨ ਦਵੈਤ ਵਿੱਚ ਖਚਤ ਰਹਿਣ ਵਾਲਾ ਹੈ। ਪਾਰਾਵਾਰ ਤੋਂ ਰਹਿਤ ਸਤ-ਚੇਤਨ-ਅਨੰਦ ਬ੍ਰਹਮ ਰੂਪ ਆਤਮਾ ਵਿਕਾਰਾਂ ਤੋਂ ਰਹਿਤ ਹੈ।

**ਭਾਵਾਰਥ** – ਸ੍ਰਵਣ ਕਰਨ ਵਾਲੀ ਅਵਸਥਾ ਤੋਂ ਬਾਅਦ ਮਨਨ ਦੀ ਵਾਰੀ ਆਉਂਦੀ ਹੈ। ਜੀਵ ਤੇ ਬ੍ਰਹਮ ਦੇ ਅਭੇਦ ਨੂੰ ਸਿੱਧ ਕਰਨ ਤੇ ਭੇਦ ਨੂੰ ਖੰਡਨ ਕਰਨ ਵਾਲੀਆਂ ਯੁਕਤੀਆਂ ਦੁਆਰਾ ਅਦੈਵਤ-ਬ੍ਰਹਮ ਦਾ ਚਿੰਤਨ ਮਨਨ ਅਖਵਾਉਂਦਾ ਹੈ। (ਦਾਰਸ਼ਨਿਕ ਵਿਆਖਿਆ ਲਈ ਵੀਚਾਰਸਾਗਰ ਪੜੋ)। ਸੰਕਲਪ ਤੇ ਵਿਕਲਪ ਦੁਆਰਾ ਮਨ 'ਸੰਸੇ ਰਹਿਤ ਜਾਂ ਸਹਿਤ' ਹੁੰਦਾ ਰਹਿੰਦਾ ਹੈ। ਸੰਸੇ ਦਾ ਰਹਿਤ-ਸਹਿਤ ਵਾਲਾ ਮਾਨਸਿਕ ਪ੍ਰਭਾਵ ਖਤਮ ਹੋ ਜਾਣ ਨੂੰ ਮਨ ਦਾ (ਬਿਲਾਇ) ਲੈ ਹੋ ਜਾਣਾ



ਹੁੰਦਾ ਹੈ। 'ਜੀਵ ਤੇ ਈਸ਼ਰ' ਜਾਂ 'ਮਨੁੱਖ ਤੇ ਵਿਸ਼ਵ' ਵਿੱਚ ਬ੍ਰਹਮ ਚੇਤਨ ਕਰਕੇ ਏਕਤਾ ਹੈ। ਸਾਰੀਰਕ ਵਿਵਸਥਾ ਕਰਕੇ ਭੇਦ ਹੈ। ਸਰੀਰ ਦੇ ਪ੍ਰਭਾਵਾਂ ਦਾ ਆਤਮਾ ਉੱਪਰ ਕੋਈ ਅਸਰ ਨਹੀਂ ਹੁੰਦਾ, ਮਨ ਦੀ ਬ੍ਰਿਤੀ ਸਰੀਰਕ ਪ੍ਰਭਾਵ ਨੂੰ ਕਬੂਲਦੀ ਹੈ। ਮਨ ਦੀ ਬ੍ਰਿਤੀ ਨੂੰ ਪਦਾਰਥਿਕ ਪ੍ਰਭਾਵਾਂ ਤੋਂ ਬਚਾਉਣ ਲਈ ਹੀ ਮਨਨ ਦਾ ਵਿਸ਼ੇਸ ਯੋਗਦਾਨ ਹੈ।

**ਇਕ ਰਸ ਸਦਾ ਬਾਲ ਨਹਿੰ ਤਰੁਣ। ਨਹੀਂ ਜਰਾ ਤੇ ਜਰ ਜਰ ਮਰਣ।**

**ਜੜ ਸੋ ਨਹੀਂ ਦੁਖ ਰੂਪ । ਏਕ ਆਤਮਾ ਅਚਲ ਅਨੂਪ ॥ ੨੬ ॥**

**ਤੀਨ ਸਰੀਰਨ ਤੇ ਨਿਤ ਭਿੰਨ। ਸਾਖੀ ਰੂਪ ਨਹੀਂ ਪਰਛਿੰਨ।**

**ਥੂਲ ਦੇਹਿ ਬਿਨਸਤਿ ਅਰੁ ਜਨਮਹਿ। ਆਤਮ ਜਿਉਂ ਕਾ ਤਿਉਂ ਲਖਿ ਮਨ ਮਹਿਂ ॥ ੨੭ ॥**

**ਅਰਥ** – ਆਤਮਾ ਸਦਾ ਇੱਕ ਰਸ ਰਹਿੰਦੀ ਹੈ, ਜਿਸ ਵਿੱਚ ਨਾ ਬਾਲਪਨ ਤੇ ਨਾ ਹੀ ਜੁਆਨੀ ਹੁੰਦੀ ਹੈ। ਨਾ ਹੀ ਬੁਢੇਪਾ ਜਾਂ ਜਰ-ਜਰੀ ਭੂਤ ਹੋ ਕੇ ਮਰਣ ਦਾ ਡਰ ਰਹਿੰਦਾ ਹੈ। ਨਾ ਹੀ ਆਤਮਾ ਜੜ੍ਹ ਹੈ ਅਤੇ ਨਾ ਹੀ ਦੁੱਖ ਰੂਪ ਹੈ। ਤਿੰਨਾਂ ਸਰੀਰਾਂ ਤੋਂ ਹਮੇਸ਼ਾ ਵੱਖ ਰਹਿੰਦੀ ਹੈ, ਤਿੰਨਾਂ ਸਰੀਰਾਂ ਦੀ ਪ੍ਰਕਾਸ਼ਵਾਨ ਹੈ, ਪਰ ਪਰਛਿੰਨ ਨਹੀਂ। ਸਥੂਲ ਸਰੀਰ ਜਨਮਦਾ ਤੇ ਮਰਦਾ ਰਹਿੰਦਾ ਹੈ, ਆਤਮਾ ਜਿਉਂ ਦਾ ਤਿਉਂ ਹੀ ਸ਼ੁਭਾਇਮਾਨ ਰਹਿੰਦਾ ਹੈ।

**ਭਾਵਾਰਥ** – ਆਤਮਾ ਦਾ ਕਥਨ ਵੱਖੋ-ਵੱਖ ਦਰਸ਼ਨ ਸ਼ਾਸਤ੍ਰਾਂ ਵਿੱਚ ਵੱਖੋ ਵੱਖ ਢੰਗ ਨਾਲ ਆਉਂਦਾ ਹੈ। ਭਾਈ ਦਇਆ ਸਿੰਘ ਜੀ ਦੇ ਮੁੱਖੋਂ ਵੇਦਾਂਤ ਪ੍ਰਕਰਣ ਦੇ ਨੇੜੇ ਰਹਿ ਕੇ ਕਵੀ ਜੀ ਨੇ ਕਥਨ ਕੀਤਾ ਹੈ। ਉਸ ਦਾ ਮੁੱਖ ਕਾਰਣ ਗੁਰੂ ਸਾਹਿਬ ਜੀ ਦੀ ਏਕਤਾਵਾਦ ਹੈ; ਗੁਰੂ ਜੀ ਨੇ ੴ ਦੇ ਅੱਗੇ ੧ ਲਗਾਕੇ ਨਿਰੰਕਾਰੀ ਫਿਲਾਸਫੀ ਦਾ ਕਥਨ ਕੀਤਾ ਹੈ। ਇਸ ਲਈ ਆਤਮਾ ਦਾ ਵਰਨਣ ਕਰਦਿਆਂ ਉਸਦੀ ਅਸਲੀਅਤ ਨੂੰ ਅੰਕਿਤ ਕੀਤਾ ਹੈ। ਜਿਸ ਦਾ ਸਰੂਪ ਹਮੇਸ਼ਾਂ ਸਥਿਰ ਰਹਿੰਦਾ ਹੈ। ਸਾਡਾ ਸਰੀਰ ਤਿੰਨ ਅਵਸਥਾਵਾਂ ਵਿੱਚੋਂ ਦੀ ਗੁਜਰਦਾ ਹੈ। ਪਰ ਆਤਮਾ ਤਿੰਨਾਂ ਵਿੱਚ ਹੀ ਇੱਕੋ ਤਰ੍ਹਾਂ ਹੁੰਦੀ ਹੈ; ਸਾਨੂੰ ਧੀਰਜ ਅਤੇ ਟਿਕਾਉ ਦਿੰਦੀ ਹੈ। ਸਰੀਰ ਦੀ ਅਵਸਥਾ ਮਨ ਨੂੰ ਚੰਚਲਤਾ ਵਿੱਚ ਫਸਾ ਕੇ ਦੁੱਖ ਵੱਲ ਧਕੇਲ ਦਿੰਦੀ ਹੈ। ਕਵੀ ਜੀ ਨੇ ਤਿੰਨ ਸਰੀਰਾਂ ਨਾਲ ਆਤਮਾ ਦੀ ਸਾਂਝ ਅਤੇ ਨਿਰਲੇਪਤਾ ਦਾ ਕਥਨ ਕੀਤਾ ਹੈ। ਸਥੂਲ ਸਰੀਰ ਜਿਹੜਾ ਅਸੀਂ ਅੱਖਾਂ ਦੁਆਰਾ ਵੇਖਦੇ ਹਾਂ, ਜਿਸਨੂੰ ਅਸੀਂ ਕਹਿੰਦੇ ਹਾਂ 'ਅੱਖ ਗਈ ਜਹਾਨ ਗਿਆ' ਇਹ ਸਰੀਰ ਜਨਮ ਲੈ ਕੇ ਆਉਂਦਾ ਹੈ, ਮਰ ਕੇ ਜਾਂਦਾ

ਹੈ। ਪਰ ਆਤਮਾ ਨਾ ਮਰਦੀ ਹੈ ਅਤੇ ਨਾ ਹੀ ਜਨਮ ਲੈਂਦੀ ਹੈ।

**ਅਵਨੀ ਕੈ ਸਿਹਜਾ ਪਰ ਪਰੈ। ਥੂਲ ਦੇਹ ਜੜ ਸਮਸਰ ਥਿਰੈ।**

**ਆਤਮ ਲਿੰਗ ਦੇਹ ਪਰਕਾਸ਼ੈ। ਅਨਿਕ ਪ੍ਰਕਾਰਨਿ ਸੁਪਨਾ ਭਾਸੈ॥ ੨੮॥**

**ਸੁਪਨੇ ਕੇਰ ਪਦਾਰਥ ਭਾਰੇ। ਅਰੁ ਸੁਪਨੇ ਪਰਕਾਸ਼ਹਿ ਸਾਰੇ।**

**ਅਰਥ** - ਧਰਤੀ ਜਾਂ ਸੁੱਖ ਸੇਜਾ ਉੱਪਰ ਸੌਂ ਜਾਏ; ਸਥੂਲ ਸਰੀਰ ਮਿੱਟੀ ਦੇ ਭਾਂਡੇ ਵਾਂਗ ਪਿਆ ਰਹੇਗਾ। ਆਤਮਾ ਸੂਖਸ਼ਮ ਸਰੀਰ ਨੂੰ ਪ੍ਰਕਾਸ਼ਦਾ ਹੈ, ਜਿਸ ਵਿਚ ਅਨੇਕ ਤਰ੍ਹਾਂ ਦੇ ਸੁਪਨੇ ਪ੍ਰਤੀਤ ਹੁੰਦੇ ਹਨ। ਸੁਪਨੇ ਦੇ ਵੱਡੇ-ਵੱਡੇ ਪਦਾਰਥ ਸੁਪਨੇ ਵਿੱਚ ਹੀ ਪ੍ਰਕਾਸ਼ਮਾਨ ਹੁੰਦੇ ਹਨ।

**ਭਾਵਾਰਥ** - ਸਥੂਲ ਸਰੀਰ, ਸੂਖਸ਼ਮ ਦੇ ਆਸਰੇ ਕਰਮ ਕਰਨ ਯੋਗ ਹੁੰਦਾ ਹੈ। ਸੂਖਸ਼ਮ ਸਰੀਰ ਦੀ ਸਥੂਲ ਸਰੀਰ ਨਾਲੋਂ ਕਰਮਸ਼ੀਲਤਾ ਕਾਫੀ ਹੁੰਦੀ ਹੈ। ਜਦੋਂ ਸਥੂਲ ਸਰੀਰ ਥੱਕ ਕੇ ਸੌਂ ਜਾਂਦਾ ਹੈ; ਤਦੋਂ ਸੂਖਸ਼ਮ ਸਰੀਰ ਸੁਪਨਾਵੀਂ ਅਵਸਥਾ ਵਿੱਚ ਵਿਚਰਦਾ ਹੈ। ਆਤਮਾ ਸਥੂਲ ਸਰੀਰ ਦਾ ਸਹਾਰਾ ਤਿਆਗ ਕੇ ਸੂਖਸ਼ਮ ਸਰੀਰ ਨਾਲ ਕੰਮ ਕਰਨ ਵਿੱਚ ਸਹਾਇਤਾ ਕਰਵਾਉਂਦੀ ਹੈ। ਸੁਪਨੇ ਵਿੱਚ ਹੀ ਸਾਰੇ ਪਦਾਰਥ ਸਿਰਜ ਲਏ ਜਾਂਦੇ ਹਨ। ਉਹਨਾਂ ਵਿੱਚੋਂ ਸੁੱਖ-ਦੁੱਖ ਦੇ ਅਨਭਵ ਦੀ ਸਮਰੱਥਾ ਵੀ ਸੁਪਨਾਵੀਂ ਅਵਸਥਾ ਦੁਆਰਾ ਹੀ ਸਥਾਪਤ ਹੁੰਦੀ ਹੈ। ਸੌਂ ਜਾਣ ਉਪਰੰਤ, ਮੰਦਾ ਸੁਪਨਾ ਵੇਖਕੇ ਅਸੀਂ ਅਭੜਭਾਹੇ (ਚੌਂਕ ਕੇ) ਉੱਠਦੇ ਹਾਂ; ਜਾਗਦੇ ਸਾਰ ਕਹਿੰਦੇ ਹਾਂ, ਚੰਗਾ ਹੋਇਆ!! ਇਹ ਸੁਪਨਾ ਹੀ ਸੀ। ਜਾਗ੍ਰਿਤ ਅਵਸਥਾ; ਸੁਪਨਾਵੀਂ ਅਵਸਥਾ ਵਿੱਚ ਸੁੱਖ-ਦੁੱਖ ਆਪੋ-ਆਪਣੀ ਵਿਵਸਥਾ ਮੁਤਾਬਿਕ ਹੁੰਦੇ ਹਨ।

**ਜਬਿ ਸੁਖਪਤੀ ਅਵਸਥਾ ਹੋਇ। ਤਬੈ ਅਭਾਵ ਲਿੰਗ ਤਨ ਹੋਇ॥ ੨੯॥**

**ਜੀਵ ਆਤਮਾ ਇੰਦ੍ਰ ਸਰੂਪ। ਇੰਦ੍ਰਾਣੀ ਲੇ ਬੁੱਧਿ ਅਨੂਪ।**

**ਰਿਦੇ ਸਦਨ ਮਹਿੰ ਲਹਿ ਬਿਸਰਾਮ। ਤਬਿ ਲੌ ਸੁਖਪਤਿ ਹੈ ਸੁਖ ਧਾਮ॥ ੩੦॥**

**ਅਰਥ** - ਜਦੋਂ ਸਖੋਪਤੀ ਅਵਸਥਾ ਹੁੰਦੀ ਹੈ, ਤਦੋਂ ਸੂਖਸ਼ਮ ਸਰੀਰ ਦਾ ਅਭਾਵ ਹੋ ਜਾਂਦਾ ਹੈ। ਇੱਥੇ ਦ੍ਰਿਸ਼ਟਾਂਤ ਦੁਆਰਾ ਸਮਝਾਉਂਦੇ ਹਨ, ਜੀਵਾਤਮਾ ਇੰਦ੍ਰ ਰੂਪ ਹੈ ਅਤੇ ਬੁੱਧੀ 'ਇੰਦ੍ਰ ਦੀ ਰਾਣੀ (ਪਤਨੀ)' ਰਾਜਾ-ਰਾਣੀ ਹਿਰਦੇ ਘਰ ਵਿੱਚ ਜਾ ਨਿਵਾਸ ਕਰਦੇ ਹਨ। ਜਦੋਂ ਤੱਕ ਅਰਾਮ ਕਰਦੇ ਹਨ ਇਸ ਅਵਸਥਾ ਨੂੰ ਸਖੋਪਤੀ ਕਹਿੰਦੇ ਹਨ।

**ਭਾਵਾਰਥ** - ਜੀਵ ਨੂੰ ਸਰੀਰ ਪ੍ਰਾਪਤੀ ਵਿੱਚ ਤਿੰਨ ਅਵਸਥਾਵਾਂ ਵਿੱਚ



ਵਿਚਰਨਾ ਪੈਂਦਾ ਹੈ। ਜਾਗ੍ਰਿਤ , ਸੁਪਨ ਅਵਸਥਾ ਉਪਰੰਤ ਸਖੋਪਤੀ ਆਉਂਦੀ ਹੈ। ਇਸ ਅਵਸਥਾ ਵਿੱਚ ਜੀਵ ਦੇ ਕਰਮ ਕਰਨ ਦੀ ਸਮਰੱਥਾ ਤਕਰੀਬਨ ਅਲੋਪ ਹੋ ਜਾਂਦੀ ਹੈ। ਮਨ ਪੂਰਨ ਤੌਰ ਉੱਪਰ ਟਿਕ ਜਾਂਦਾ ਹੈ; ਚੰਚਲਤਾ ਖਤਮ ਹੋ ਜਾਂਦੀ ਹੈ। ਇਸ ਅਵਸਥਾ ਵਿਚ ਹੀ ਮਨੁੱਖ ਜਾਗ ਕੇ ਆਖਦਾ ਹੈ, 'ਅੱਜ ਇੰਨਾ ਸੁੱਤਾ ਕਿ ਪਤਾ ਹੀ ਨਹੀਂ ਲੱਗਾ!' ਕਿਸੇ ਵੀਚਾਰ ਦੀ ਖਬਰ ਨਾ ਹੋਣਾ ਅੰਤਹਕਰਨ ਦਾ ਧਰਮ ਹੈ, ਖੁਸ਼/ ਸੁਖੀ ਹੋਣਾ ਆਤਮਾ ਦਾ ਧਰਮ ਹੈ। ਇਸ ਅਵਸਥਾ ਨੂੰ ਹੀ ਪ੍ਰਗਿਆਨਘਨ ਕਹਿੰਦੇ ਹਨ। ਇੱਥੇ ਜੀਵਾਤਮਾ ਇੰਦ੍ਰੇ ਸਰੂਪ ਧਾਰਨ ਕਰਕੇ ਹਿਰਦੇ ਵਿੱਚ ਨਿਵਾਸ ਕਰਦਾ ਹੈ। ਸਾਧਕ ਜਗਿਆਸੂ/ਸਿੱਖ ਦਾ ਮਨ ਬਹੁਤ ਖੁਸ਼ ਹੁੰਦਾ ਹੈ ਅਤੇ ਕਰਮ ਕਰਨ ਲਈ ਉਤਸ਼ਾਹਿਤ ਹੁੰਦਾ ਹੈ। ਕਰਮ ਕਰਨ ਲਈ ਗਿਆਨ ਤੇ ਕਰਮ ਇੰਦ੍ਰੇ ਹਨ। ਕਰਮ ਕਰਨ ਦੀ ਯੁਕਤੀ ਦੇਣਾ ਜੀਵਾਤਮਾ ਦਾ ਖੇਤਰ ਹੈ। ਸਖੋਪਤੀ ਅਵਸਥਾ ਵਿੱਚ ਸਾਰਾ ਸਰੀਰ ਦਾ ਸੰਘਾਤ 'ਪੂਰਨ ਸੁੱਖ' ਮਹਿਸੂਸ ਕਰਦਾ ਹੈ।

**ਬਹੁਰ ਉਠਹਿ ਲੈ ਕੇ ਨਿਜ ਰਾਨੀ। ਸਰਬ ਸਰੀਰ ਕਰਹ ਸਵਧਾਨੀ।**

**ਜਾਗ੍ਰਤਿ ਅਵਸਥਾ ਕੋ ਜਬਿ ਪਾਇ। ਗਹੈ ਬਿਸ਼ੈ ਕੋ ਸਹਿਜ ਸੁਭਾਇ॥ ੩੧॥**

**ਲਹੈ ਸਥਿਰਤਾ ਲੋਚਨ ਦਾਏ। ਬੁੱਧਿ ਇੰਦ੍ਰਾਣੀ ਥਿਰ ਹ੍ਵੈ ਬਾਏ।**

**ਇੰਦ੍ਰਯ ਬਿਸ਼ੈ ਪ੍ਰਕਾਸ਼ਨਿ ਠਾਨੈ। ਸੁਪਨ ਸਖੋਪਤਿ ਤਬਿ ਦ੍ਵੈ ਹਾਨੈ॥ ੩੨॥**

**ਅਰਥ** - ਫੇਰ ਨੀਂਦ (ਥਕਾਵਟ ਦੂਰ ਹੋਣ ਉਪਰੰਤ) ਪੂਰੀ ਹੋਣ ਤੇ ਰਾਜਾ-ਰਾਣੀ ਸਾਰੇ ਸਰੀਰ ਰੂਪ ਰਾਜ-ਕਰਮਚਾਰੀਆਂ ਨੂੰ ਸਾਵਧਾਨ ਕਰ ਦਿੰਦੇ ਹਨ। ਇਸ ਅਵਸਥਾ ਨੂੰ ਜਾਗ੍ਰਿਤ ਅਵਸਥਾ ਕਹਿੰਦੇ ਹਨ, ਜਾਗ੍ਰਿਤ ਵਿੱਚ ਸਾਰੇ ਸਰੀਰ ਦਾ ਸਾਧਨ ਆਪੋ-ਆਪਣੇ ਵਿਸ਼ੇ ਨੂੰ ਸੁੱਤੇ-ਸਿਧ ਹੀ ਗ੍ਰਹਿਣ ਕਰਨ ਲੱਗ ਜਾਂਦੇ ਹਨ। ਜਾਗ੍ਰਿਤ ਅਵਸਥਾ ਵਿਚ ਜੀਵਾਤਮਾ ਸੱਜੇ ਨੇਤ੍ਰ ਵਿੱਚ ਨਿਵਾਸ ਕਰਦਾ ਹੈ, ਬੁੱਧੀ ਖੱਬੇ ਨੇਤ੍ਰ ਵਿੱਚ ਨਿਵਾਸ ਕਰਕੇ ਸਾਰੀਆਂ ਗਿਆਨ ਇੰਦ੍ਰੀਆਂ ਨੂੰ ਪ੍ਰਕਾਸ਼ਦੇ ਹਨ। ਇੱਥੇ ਸੁਪਨ ਤੇ ਸਖੋਪਤੀ ਦੋਨੋਂ ਅਵਸਥਾਵਾਂ ਦਾ ਅਭਾਵ ਹੋ ਜਾਂਦਾ ਹੈ।

**ਭਾਵਾਰਥ** - ਸਖੋਪਤ ਅਵਸਥਾ ਉਪਰੰਤ ਜੀਵਾਤਮਾ ਇੰਦ੍ਰਿਆਂ ਰੂਪ ਰਾਨੀ ਨੂੰ ਨਾਲ ਲੈ ਕੇ ਸਾਵਧਾਨ ਹੁੰਦਾ ਹੈ। ਕਵੀ ਜੀ ਨੇ ਇੱਥੇ ਸਰੀਰ ਨੂੰ ਕੰਟਰੋਲ ਕਰਨ ਵਾਲੇ ਜੀਵ ਅਤੇ ਇੰਦ੍ਰੇ ਕਥਨ ਕੀਤੇ ਹਨ। ਜਿਵੇਂ ਕਿਸੇ ਇਲਾਕੇ ਦਾ ਰਾਜਾ-ਰਾਣੀ ਹੁੰਦੇ ਹਨ। ਇਵੇਂ ਸਰੀਰ ਇਲਾਕੇ ਦੇ ਜੀਵ ਤੇ ਇੰਦ੍ਰੇ ਰਾਜਾ-ਰਾਣੀ ਹਨ। ਜਾਗ੍ਰਿਤ ਅਵਸਥਾ ਵਿੱਚ ਆ ਕੇ ਸਾਰੇ ਸਰੀਰ ਦੀ ਫਿਰ ਤੋਂ ਸਾਵਧਾਨੀ ਕਰ ਲੈਂਦਾ ਹੈ। ਜਦੋਂ

ਜਾਗ੍ਰਿਤ ਅਵਸਥਾ ਵਿੱਚ ਆ ਜਾਂਦਾ ਹੈ, ਸਾਰੇ ਪਦਾਰਥਾਂ ਦੇ ਵਿਸ਼ੇ ਗ੍ਰਹਿਣ ਕਰਨ ਲੱਗ ਪੈਂਦਾ ਹੈ। ਇੱਥੇ ਸੁਪਨਾਵੀਂ ਅਤੇ ਸਖੋਪਤੀ ਅਵਸਥਾ ਖਤਮ ਹੋ ਜਾਂਦੀ ਹੈ।

**ਯਾਂਤੇ ਮਿੱਥਜਾ ਤੀਨ ਅਵਸਥਾ। ਮਿੱਥਜਾ ਤੀਨ ਸਰੀਰ ਬਿਵਸਥਾ।**
**ਬਾਰੰਬਾਰ ਬਿਚਾਰਨ ਐਸੇ। 'ਮਨਨ' ਬਿਚਾਰ ਨਾਮ ਇਸ ਹੈਸੇ॥ ੩੩॥**

**ਅਰਥ** – ਇਸ ਲਈ ਤਿੰਨੇ ਅਵਸਥਾਵਾਂ ਮਿਥਿਆ ਹਨ; ਕਿਉਂਕਿ ਜੀਵਾਤਮਾ ਦੀਆਂ ਤਿੰਨ ਬਿਵਸਥਾਵਾਂ ਭੀ ਮਿਥਿਆ ਹਨ। ਇਸ ਵੀਚਾਰ ਨੂੰ ਬਾਰੰ-ਬਾਰ ਬੀਚਾਰਨ ਵਾਲੀ ਅਵਸਥਾ ਦਾ ਨਾਮ ਮਨਨ ਹੈ।

**ਭਾਵਾਰਥ** - ਇੱਕ ਅਵਸਥਾ ਵੇਲੇ ਦੂਜੀਆਂ ਅਵਸਥਾਵਾਂ ਖਤਮ ਹੋ ਜਾਂਦੀਆਂ ਹਨ; ਇਸ ਕਰਕੇ ਮਿਥਿਆ ਹਨ। ਜਾਗ੍ਰਿਤ ਅਵਸਥਾ ਵਿੱਚ 'ਸੁਪਨ ਤੇ ਸਖੋਪਤੀ ਅਵਸਥਾ' ਨਹੀਂ ਰਹਿੰਦੀਆਂ ਹਨ। ਇਸੇ ਪ੍ਰਕਾਰ ਸੁਪਨਾਵੀਂ ਅਵਸਥਾ ਵਿੱਚ 'ਜਾਗ੍ਰਿਤ ਤੇ ਸਖੋਪਤੀ ਅਵਸਥਾ' ਨਹੀਂ ਰਹਿੰਦੀਆਂ। ਸਰੀਰਕ ਪ੍ਰਵਿਰਤੀ ਅਨੁਸਾਰ ਤਿੰਨ ਸਰੀਰਾਂ ਵਿੱਚ ਤਿੰਨੇ ਅਵਸਥਾਵਾਂ ਘਟਤ ਹੁੰਦੀਆਂ ਰਹਿੰਦੀਆਂ ਹਨ। ਮਿਥਿਆ ਵਸਤੂ ਉਹ ਹੁੰਦੀ ਹੈ, ਜਿਹੜੀ ਵੇਖਣ ਨੂੰ ਪ੍ਰਤੀਤ ਹੋਵੇ, ਪਰ ਵਾਸਤਵ ਵਿੱਚ ਨਾ ਹੋਵੇ। ਤਿੰਨ ਅਵਸਥਾਵਾਂ ਨੂੰ ਵੱਖੋ-ਵੱਖ ਰੂਪਾਂ ਵਿੱਚ ਸਿਰਜਣ ਵਾਲੇ ਤਿੰਨ ਸਰੀਰ ਭੀ ਮਿਥਿਆ ਹੀ ਹਨ। ਮੁੜ-ਮੁੜ ਕੇ ਵੀਚਾਰਨ ਵਾਲੀ ਅਵਸਥਾ ਦਾ ਨਾਮ ਮਨ ਨ ਕਹਿੰਦੇ ਹਨ।

**ਮਨ ਕੀ ਬ੍ਰਿਤਾਂ ਪੰਚ ਬਿਧਿ ਹੋਇ। ਇਕ ਪਰਮਾਨ ਵਿਪਰਜੈ ਦੋਇ।**
**ਵਿਕਲਪ ਨਿੰਦ੍ਰਾ ਸਿੰਮ੍ਰਿਤ ਜਾਨਿ। ਸੁਨਹੁ ਸਰੂਪ ਜੁ ਬ੍ਰਿਤਿ ਪ੍ਰਮਾਨ॥ ੩੪॥**

**ਅਰਥ** – ਮਨ ਦੀਆਂ ਬ੍ਰਿਤੀਆਂ ਪੰਜ ਤਰ੍ਹਾਂ ਦੀਆਂ ਹੁੰਦੀਆ ਹਨ; ਪ੍ਰਮਾਣ, ਵਿਪਰਜੈ, ਵਿਕਲਪ, ਨਿੰਦ੍ਰਾ ਤੇ ਸਿੰਮ੍ਰਤ। ਇਹਨਾਂ ਦੇ ਸਰੂਪ ਸੁਨਣਾ ਕਰੋ। ਸਭ ਤੋਂ ਪਹਿਲਾਂ ਪ੍ਰਮਾਨ ਬਾਬਤ ਲਿਖਦੇ ਹਨ।

**ਭਾਵਾਰਥ** – ਮਨ ਦੀਆਂ ਪੰਜ ਬ੍ਰਿਤੀਆਂ ਸੂਖਸ਼ਮ ਦੁਨੀਆਂ ਦੇ ਨਾਲ ਨਾਲ ਬਾਹਰੀ ਦੁਨੀਆਂ ਨੂੰ ਜੋੜਨ ਦਾ ਕੰਮ ਕਰਦੀਆਂ ਹਨ। ਪ੍ਰਤੱਖ ਅੱਖਾਂ ਦੁਆਰਾ ਨਜ਼ਰ ਆਉਣ ਵਾਲੇ ਪਦਾਰਥਾਂ ਦਾ ਪ੍ਰਭਾਵ ਕਬੂਲ ਕੇ ਮਨੁੱਖੀ ਮਨ ਸੁਭਾਅ ਧਾਰਨ ਕਰ ਲੈਂਦਾ ਹੈ। ਅੰਦਰਲੇ ਸੁਭਾਅ ਅਨੁਸਾਰ ਬਾਹਰਲੇ ਪਦਾਰਥਾਂ ਨੂੰ ਵੇਖਣ ਦੀ ਸਮਰੱਥਾ ਰੱਖਦਾ ਹੈ। ਬਹੁਤਵਾਰ ਸਾਡਾ ਮਨ ਦੁਖੀ ਹੁੰਦਾ ਹੈ; ਬਾਹਰਲੀ ਦੁਨੀਆਂ ਦਾ ਸਾਨੂੰ ਕੁੱਝ ਚੰਗਾ ਨਹੀਂ ਲੱਗਦਾ। ਆਤਮ ਗਿਆਨੀ ਪੁਰਖ ਲਈ ਇਹ ਸਾਰਾ ਕੁੱਝ ਬ੍ਰਹਮ



ਤੋਂ ਦੂਰ ਕਰਨ ਵਾਲਾ ਹੀ ਹੁੰਦਾ ਹੈ। ਮਨ ਟਿਕਾਉਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਅੰਤਹਕਰਣ ਚਾਰ ਅਵਸਥਾਵਾਂ (ਮਨ, ਬੁਧਿ, ਚਿੱਤ ਤੇ ਅਹੰਕਾਰ) ਨੂੰ ਪ੍ਰਾਪਤ ਕਰਦਾ ਰਹਿੰਦਾ ਹੈ। 'ਅੰਤਹਕਰਣ' ਸੰਕਲਪ ਵੇਲੇ ਮਨ ਦਾ ਸਰੂਪ ਧਾਰਨ ਕਰ ਲੈਂਦਾ ਹੈ; ਨਿਸ਼ਚਾ ਕਰਨ ਵੇਲੇ ਬੁੱਧੀ ਦਾ ਰੂਪ ਧਾਰ ਲੈਂਦਾ ਹੈ ਆਦਿ।

**ਪ੍ਰਮਾਣ – ਅੰਤਹਿਕਰਣ ਬ੍ਰਿਤਿ ਹੈ ਜੋਇ। ਇੰਦ੍ਰਯ ਦ੍ਵਾਰਾ ਨਿਕਰੈ ਸੋਇ।**
**ਨਾਨਾ ਘਟ ਪਟ ਧਰੇ ਪਦਾਰਥ। ਤਿਨਹਿ ਜਾਨਿਬੋ ਹੋਇ ਜਥਾਰਥ॥ ੩੫॥**

**ਅਰਥ** – ਅੰਤਹਕਰਣ ਦੀ ਬ੍ਰਿਤੀ ਇੰਦ੍ਰਿਆਂ ਦੁਆਰਾ ਨਿਕਲ ਕੇ ਅਨੇਕ ਤਰ੍ਹਾਂ ਦੇ ਘੱਟ-ਪਟ (ਨਜ਼ਰ ਆਉਣ ਵਾਲਾ ਸਮਾਨ) ਆਦਿ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਜਥਾਰਥ ਗਿਆਨ ਹੋ ਜਾਂਦਾ ਹੈ।

**ਭਾਵਾਰਥ** – ਅੰਤਹਕਰਣ ਤੋਂ ਸੰਕਲਪ ਬਣ ਕੇ ਬ੍ਰਿਤੀ ਦਾ ਰੂਪ ਆਰੰਭ ਹੁੰਦਾ ਹੈ। ਇੰਦ੍ਰੇ ਰੂਪ ਦਰਵਾਜੇ ਤੋਂ ਬਾਹਰ ਨੂੰ ਤੁਰ ਪੈਂਦੀ ਹੈ। ਪਦਾਰਥ ਦਾ ਅਕਾਰ ਬਣ ਕੇ, ਉਸ ਪਦਾਰਥ ਦਾ ਗਿਆਨ ਰੂਪ ਹੋ ਜਾਂਦੀ ਹੈ। 'ਇੰਦ੍ਰਯ ਅਰੁ ਮਨ ਯੇ ਜਹਾਂ ਵਿਸਯ ਆਪਨੋ ਪਾਇ। ਗਯਾਨ ਕਰੇਂ ਪ੍ਰਯਤਕ ਤਹਿਂ ਕਹਿ ਗੁਲਾਬ ਕਵਿਰਾਇ।– ਲਲਤ ਕੌਮਦੀ ' ਜਿਵੇਂ ਅੱਖਾਂ ਨੇ ਕਮਲ ਦਾ ਫੁੱਲ ਵੇਖਿਆ, ਮਨ ਨੇ ਉਸਦੀ ਸੁਗੰਧੀ ਦਾ ਗਿਆਨ ਕਰਵਾ ਦਿੱਤਾ ਅਤੇ ਵੇਖਣ ਵਾਲੇ ਦਾ ਨੱਕ ਸੁਗੰਧੀ ਲੈਣ ਲਈ ਫੁੱਲ ਦੇ ਨੇੜੇ ਪਹੁੰਚ ਜਾਂਦਾ ਹੈ। ਛੇ ਪ੍ਰਮਾਣਾਂ ਦੁਆਰਾ 'ਇੰਦ੍ਰੇ ਤੇ ਮਨ' ਗਿਆਨ ਦਾ ਨਿਸ਼ਚਯ ਕਰਦੇ ਹਨ;– ਛੇ ਪ੍ਰਮਾਣ ਹਨ, ਪ੍ਰਤੱਖ ਪ੍ਰਮਾਣ, ਅਨੁਮਾਨ ਪ੍ਰਮਾਣ, ਮਹਾਨਕੋਸ਼ ਤੇ ਵੀਚਾਰ ਸਾਗਰ ਵੇਖੋ)

**ਵਿਪਰਜੈ – ਦੂਤੀ 'ਵਿਪਰਜੈ' ਇਸ ਕੋ ਕਹੈਂ । ਰੱਜੂ ਪਰੀ ਸਰਪ ਤਿਸ ਲਹੈ।**

**ਅਰਥ** – ਦੂਜੀ ਵਿਪਰਜੈ ਦਾ ਭਾਵ ਹੈ, ਕਿ ਅਸਲ ਰੱਸੀ ਹਨੇਰੇ ਆਦਿ ਕੁੱਝ ਕਾਰਨਾਂ ਕਰਕੇ ਸੱਪ ਰੂਪ ਨਜ਼ਰ ਆਉਣ ਲੱਗ ਜਾਂਦੀ ਹੈ।

**ਭਾਵਾਰਥ** – ਜਦੋਂ ਇੰਦ੍ਰੇ ਤੇ ਮਨ ਦੇ ਸੰਬੰਧ ਰਾਂਹੀ ਖਾਸ ਕਾਰਨਾ ਕਰਕੇ ਯਥਾਰਥ ਗਿਆਨ ਤੋਂ ਉਲਟ ਗਿਆਨ ਹੋਵੇ। ਜਿਵੇਂ ਰਾਤ ਦੇ ਹਨੇਰੇ ਵਿੱਚ ਪਈ ਰੱਸੀ ਮਾਨਸਿਕ ਕਮਜੋਰੀ ਅਤੇ ਤਨਾਵ ਕਰਕੇ ਰੱਸੀ ਦੇ ਅਕਾਰ ਵਾਂਗ ਸੱਪ ਆਦਿਕ ਦੀ ਪ੍ਰਤੀਤੀ ਹੋਣ ਲੱਗ ਜਾਏ। ਵੀਚਾਰਸਾਗਰ ਦੇ ਚੌਥੇ ਸਤਰੰਗ ਵਿੱਚ ਵਿਸਥਾਰ ਸਹਿਤ ਵੇਖਿਆ ਜਾ ਸਕਦਾ ਹੈ। ਮਨ ਵਿੱਚ ਭਰਮ ਤੇ ਡਰ ਪੈਦਾ ਹੋ ਜਾਂਦਾ ਹੈ। ਬ੍ਰਿਤੀ ਦੀ ਸਥਿਤੀ ਡਾਵਾਂਡੋਲ ਹੋ ਜਾਂਦੀ ਹੈ। ਬ੍ਰਿਤੀ ਦੁਆਰਾ ਜੀਵਨ ਦਾ ਅਨੰਦ ਨਹੀਂ ਹਾਸਿਲ ਕੀਤਾ

ਜਾ ਸਕਦਾ। ਜਦੋਂ ਯਥਾਰਥ ਦਾ ਪਤਾ ਲੱਗਦਾ ਹੈ, ਤਾਂ ਬਹੁਤ ਪਛਤਾਵਾ ਆਉਂਦਾ ਹੈ। ਐਸੀ ਬ੍ਰਿਤੀ ਜਦੋਂ ਬ੍ਰਹਮ ਨੂੰ ਸਮਝਣ ਵੱਲ ਚੱਲ ਪੈਂਦੀ ਹੈ, ਤਾਂ ਸੁਖਾਤਮਕ ਰੂਪ ਧਾਰਨ ਕਰ ਲੈਂਦੀ ਹੈ। ਜੇ ਬ੍ਰਿਤੀ ਸੰਸਾਰ ਵੱਲ ਝੁਕ ਜਾਏ ਤਾਂ ਦੁਖਾਤਮਕ ਬਣ ਜਾਂਦੀ ਹੈ।-ਪਤੰਜਲੀ ਜੋਗ ਸੂਤ੍ਰ

**ਵਿਕਲਪ – ਬ੍ਰਿਤਿ 'ਵਿਕਲਪ' ਰੂਪ ਇਹ ਮਾਨ। ਸ਼ਬਦ ਅਰਥ ਕੋ ਲੀਜੈ ਜਾਨਿ॥ ੩੬॥**

**ਤਾਤਪਰਯ ਮਹਿੰ ਰਹੈ ਸੰਦੇਹਿ। ਨਿਹਚੈ ਭਯੋ ਨ ਲਖੀਅਹਿ ਏਹ।**

**ਅਰਥ** – ਵਿਕਲਪ ਬ੍ਰਿਤੀ ਦੇ ਰੂਪ ਦਾ ਕਥਨ ਕਰਦੇ ਹਨ, ਜਦੋਂ ਸ਼ਬਦ ਦੇ ਅਰਥ ਨੂੰ ਜਾਣ ਲਿਆ ਜਾਵੇ, ਪਰ ਸਿਧਾਂਤ ਸਮਝਣ ਵਿੱਚ ਸੰਸਾ ਹੋਵੇ ਕੋਈ ਨਿਸ਼ਚਾ ਨਾ ਹੋਵੇ ਇਸਨੂੰ ਵਿਕਲਪ ਬ੍ਰਿਤੀ ਜਾਣ ਲਓ।

**ਭਾਵਾਰਥ** – ਮਨੁੱਖੀ ਮਨ ਦੀ ਫਿਤਰਤ ਹੈ, ਵਾਕਾਂ ਦੀ ਅਰਥ ਵਿਵਸਥਾ ਵਿੱਚ ਸੰਸੇਵਾਨ ਹੋ ਕੇ ਨਵੇਂ-ਨਵੇਂ ਅੰਦਾਜ਼ ਸਥਾਪਿਤ ਕਰਦੇ ਰਹਿਣਾ। 'ਕੈ ਵਹਿ ਕੈ ਯਹ ਕੀਜਿਯੇ ਜਹਿਂ ਕਹਨਾਵਤ ਹੋਯ। ਤਾਂਹਿ ਵਿਕਲਪ ਬਖਾਨਹੀਂ ਭੂਸਣ ਕਵਿ ਸਭ ਕੋਯ।-ਸ਼ਿਵਰਾਜ ਭੂਸ਼ਣ' ਉਦਾਹਰਣ 'ਧੂਮ੍ਰਨੈਨ ਗਿਰਿਰਾਜ ਤਟ ਊਚੇ ਕਹੀ ਪੁਕਾਰ। ਕੈ ਬਰ ਸੁੰਭ ਨ੍ਰਿਪਾਲ ਕੋ ਕੈ ਲਰ ਚੰਡ ਸੰਭਾਰ।' ਸ਼ਬਦਾਕਾਰ ਬ੍ਰਿਤੀ ਜਦੋਂ ਅਰਥਾਕਾਰ ਹੋ ਕੇ ਸ਼ਬਦ ਦੇ ਸਿਧਾਂਤਕ ਰੂਪ ਨੂੰ ਸਮਝਣ ਤੇ ਬਖਾਨਣ ਵਿੱਚ ਅਸਮਰੱਥ ਹੋ ਜਾਏ। ਤਦੋਂ ਬ੍ਰਿਤੀ ਨੂੰ ਸ਼ਬਦ ਦੀ ਅਸਲੀਅਤ ਲਈ ਯੋਗ ਸ਼ਬਦ ਲੱਭਣ ਵਿੱਚ ਕਠਨਾਈ ਆਉਂਦੀ ਹੈ।

**ਨਿੰਦ੍ਰਾ - ਅਭਾਵ ਗਯਾਨ ਕੋ ਆਸ਼੍ਰੈ ਬ੍ਰਿਤਿ। 'ਨਿੰਦ੍ਰਾ' ਬ੍ਰਿਤਿ ਕਹਿੰ ਸਮਝਹੁ ਚਿਤ॥ ੩੭॥**

**ਜਾਗ੍ਰਤਿ ਸੁਪਨ ਜੁ ਬ੍ਰਿਤਿ ਅਭਾਵ। ਕਰਣਹਾਰ ਸੋ ਤੁਮ ਗੁਣ ਭਾਵ।**

**ਸੁਖਪਤਿ ਤਮੁ ਗੁਣ ਗ੍ਰਹਿਣ ਜੁ ਕਰੈ। ਨਿੰਦ੍ਰਾ ਬ੍ਰਿਤੀ ਨਾਮ ਤਿਸ ਰਹੈਂ॥ ੩੮॥**

**ਅਰਥ** – ਜਦੋਂ ਅਭਾਵ ਗਿਆਨ ਦਾ ਬ੍ਰਿਤੀ ਆਸਰਾ ਹੋਵੇ, ਉਸਨੂੰ ਨਿੰਦ੍ਰਾ ਬ੍ਰਿਤੀ ਸਮਝ ਲਓ। ਜਾਗ੍ਰਿਤ ਸੁਪਨ ਦੇ ਗਿਆਨ ਦੀਆਂ ਬ੍ਰਿਤੀਆਂ ਨੂੰ ਅਭਾਵ ਕਰਕੇ ਜੋ ਤਮੋ-ਗੁਣ ਨੂੰ ਆਸਰੇ ਕਰਕੇ ਤੇ ਸਖੋਪਤੀ ਵਿੱਚ ਤਮੋ-ਗੁਣ ਭਾਵ ਨੂੰ ਗ੍ਰਹਿਣ ਕਰਨ ਵਾਲੀ ਹੈ, ਉਸ ਦਾ ਨਾਮ ਨਿੰਦ੍ਰਾ ਬ੍ਰਿਤੀ ਹੈ।

**ਭਾਵਾਰਥ** – ਕੰਮ ਕਰਦਿਆਂ ਮਨੁੱਖ ਦਾ ਸਰੀਰ ਥੱਕ ਜਾਂਦਾ ਹੈ। ਇਵੇਂ ਹੀ ਦਿਮਾਗ ਤੇ ਮਨ ਸਰੀਰ ਦੀ ਕਾਰਜਸ਼ੈਲੀ ਲਈ ਸੋਚਣ ਤੋਂ ਲੈ ਕੇ ਕੰਮ ਕਰਦਿਆਂ ਥੱਕ ਜਾਂਦੇ ਹਨ। ਪ੍ਰਮਾਤਾ-ਪ੍ਰਮਾਣ-ਪ੍ਰਮੇਯ ਤ੍ਰਿਪਟੀ ਦੁਆਰਾ ਗਿਆਨ ਪ੍ਰਾਪਤੀ ਦਾ



ਕੰਮ ਕਰਦਿਆਂ ਮਨ ਤੇ ਦਿਮਾਗ ਥੱਕ ਜਾਂਦੇ ਹਨ। ਥਕਾਨ ਉਪਰੰਤ ਕੁੱਝ ਸਮੇਂ ਲਈ ਗਿਆਨ ਦਾ ਅਲੋਪ ਹੋ ਜਾਂਦਾ ਹੈ। ਇਸ ਅਵਸਥਾ ਦਾ ਨਾਮ ਨੀਂਦ ਹੈ, ਜਿੱਥੇ ਦਿਮਾਗ ਤੇ ਅੰਤਹਕਰਣ ਥੱਕ ਕੇ ਨਵੇਂ ਸਿਰਿਓਂ ਸ਼ਕਤੀ ਪ੍ਰਾਪਤ ਕਰਨ ਲਈ ਵਿਸ਼੍ਰਾਮ ਕਰਦੇ ਹਨ। ਕੁਦਰਤ ਦਾ ਮਨੁੱਖ ਲਈ ਸਭ ਤੋਂ ਵੱਡਾ ਤੋਹਫਾ ਭੀ ਨੀਂਦ ਹੈ, ਜਿਸ ਦੁਆਰਾ ਸਰੀਰ ਦਾ ਸੁਅਸਥ ਕਾਇਮ ਰਹਿੰਦਾ ਹੈ, ਯੋਗ ਦਰਸ਼ਨ ਵਿੱਚ 'ਅਭਾਵ ਪ੍ਰਤਯਾਲੰਬਤਾ ਬ੍ਰਿਤੀ ਨਿੰਦ੍ਰਾ' ਚਿੱਤ ਦੀਆਂ ਬ੍ਰਿਤੀਆਂ ਦੇ ਅਭਾਵ ਦਾ ਕਾਰਣ ਜੋ ਤਮੋਗੁਣ ਹੈ, ਉਸਨੂੰ ਵਿਸ਼ਯ ਕਰਨ ਵਾਲੀ ਬ੍ਰਿਤੀ ਦਾ ਨਾਮ ਨਿੰਦ੍ਰਾ ਹੈ।

**ਸਿੰਮ੍ਰਿਤੀ – ਪ੍ਰਥਮ ਸਮੇਂ ਕੁਛ ਅਨੁਭਵ ਕੀਨ। ਅਪਰ ਸਮੈਂ ਚਿਤਵੈ ਸਤ ਚੀਨ।**

**ਜਥਾ ਭਨੈ ਇਹ ਨਰ ਹੈ ਸੋਈ। ਪੂਰਬ ਪਿਖਯੋ ਥਾਵ ਕਿਸ ਜੋਈ॥ ੩੯॥**

**ਜਿਸ ਕਰ ਚਿਤ ਕਰਨਾ ਇਹ ਹੋਇ। ਸਿੰਮ੍ਰਿਤ ਬ੍ਰਿੱਤਿ ਜਾਨੀਅਹਿ ਸੋਇ।**

**ਅਰਥ** - ਕੁੱਝ ਸਮਾਂ ਪਹਿਲਾਂ ਕੁੱਝ ਅਨਭਵ ਕੀਤਾ, ਫੇਰ ਕੁਝ ਸਮੇਂ ਬਾਅਦ ਉਸ ਦੀ ਹੋਂਦ ਪਛਾਣ ਕੇ ਯਾਦ ਕਰੇ। ਜਿਵੇਂ ਇਹ ਬੰਦਾ ਕਹਿ ਰਿਹਾ ਹੈ, ਪਹਿਲਾਂ ਕਿਤੇ ਇਸ ਨੂੰ ਵੇਖਿਆ ਹੈ। ਜਿਸ ਕਰਕੇ ਯਾਦਸ਼ਤ ਵਿੱਚ ਲੈ ਕੇ ਆਉਂਣਾ ਹੈ; ਇਸ ਨੂੰ ਸਿੰਮ੍ਰਿਤ ਬ੍ਰਿਤੀ ਕਹਿੰਦੇ ਹਨ।

**ਭਾਵਾਰਥ** – ਇੰਦ੍ਰੇ ਤੇ ਮਨ ਦੁਆਰਾ ਅਨਭਵ ਕੀਤੇ ਵਿਸ਼ਿਆਂ ਦੇ ਸੰਸਕਾਰ ਚਿੱਤ ਉੱਪਰ ਪੈਂਦੇ ਹਨ। ਕੁੱਝ ਸਮਾਂ ਪਾ ਕੇ ਕਿਸੇ ਕਾਰਣ ਉਹੀ ਗਿਆਨ ਪ੍ਰਗਟ ਹੋ ਜਾਣਾ ਸਿਮ੍ਰਤੀ ਹੁੰਦੀ ਹੈ। ਸਿਮ੍ਰਤੀ ਨੂੰ ਬਹੁਤ ਸਾਰੇ ਸ਼ਬਦਾਂ ਵਿਚ ਪ੍ਰਭਾਸ਼ਤ ਕੀਤਾ ਜਾ ਸਕਦਾ ਹੈ। ਸੰਸਾਰ ਵਿੱਚ ਰਹਿੰਦਿਆਂ ਚੰਗੇ, ਬੁਰੇ, ਸਮਾਨ, ਅਸਮਾਨ, ਆਨੰਦ-ਦੇਣ ਵਾਲੇ, ਦੁਖਦਾਈ, ਈਰਖਾ ਤੇ ਦਵੈਸ਼ ਆਦਿ ਅਨੇਕ ਤਰ੍ਹਾਂ ਦੇ ਕਰਮ ਕੀਤੇ ਜਾਂਦੇ ਹਨ; ਜਾਂ ਮਨ ਦੁਆਰਾ ਸੋਚੇ ਜਾਂਦੇ ਹਨ। ਉਹਨਾਂ ਵਿੱਚੋਂ ਜਿਹਨਾਂ ਦਾ ਗਹਿਰਾ ਅਨਭਵ ਹੁੰਦਾ ਹੈ। ਉਹ ਚਿਰ ਸਮਾਂ ਚਿੱਤ ਵਿੱਚ ਸਥਾਈ ਰੂਪ ਵਿੱਚ ਟਿਕੇ ਰਹਿੰਦੇ ਹਨ, ਜਦੋਂ ਤੱਕ ਉਹਨਾਂ ਦਾ ਭੋਗ ਸਮਾਪਤ ਨਹੀਂ ਹੋ ਜਾਂਦਾ। ਇਹ ਸੰਸਕਾਰ ਅਨੇਕਾਂ ਜਨਮਾਂ ਤੱਕ ਭੀ ਚਲਦੇ ਹਨ। ਭਾਈ ਗੁਰਦਾਸ ਜੀ ਦਾ ਕਥਨ ਹੈ, 'ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।'

**ਸਥਿਤੀ – ਪੰਚ ਬ੍ਰਿਤਾਂ ਬਿਨ ਚਿਤ ਹੁਇ ਜਾਵੈ। ਆਤਮ ਕੇ ਸਰੂਪ ਦਿਸ਼ ਧਾਵੈ॥ ੪੦॥**

**ਮਨ ਪ੍ਰਵਾਹ ਜਬਿ ਇਸ ਬਿਧਿ ਹੋਇ। ਨਾਮ 'ਸਥਿਤੀ' ਬਖਾਨੈਂ ਸੋਇ।**

**ਅਰਥ** – ਜਦੋਂ ਪੰਜੇ ਬ੍ਰਿਤੀਆਂ ਤੋਂ ਬਿਨਾਂ ਚਿੱਤ ਹੋ ਜਾਏ; ਆਤਮਾ ਦੇ ਸਰੂਪ

ਨੂੰ ਸਮਝਣ ਲਈ ਬਾਰ-ਬਾਰ ਦੌੜਨਾ ਸ਼ੁਰੂ ਕਰ ਦੇਵੇ। ਇਸ ਤਰ੍ਹਾਂ ਮਨ ਦਾ ਪ੍ਰਵਾਹ ਬਣ ਜਾਏ ਇਸ ਬ੍ਰਿਤੀ ਦਾ ਨਾਮ ਸਥਿਤੀ ਹੈ।

**ਭਾਵਾਰਥ** - ਮਿਥਿਆ ਪਦਾਰਥਾਂ ਦੀ ਪ੍ਰਤੀਤੀ ਲਈ ਮਿਥਿਆ ਸਰੀਰਾਂ ਦੀ ਹੈਸੀਅਤ ਦੁਆਰਾ ਮਿਥਿਆ ਹੀ ਮਨ ਦੀ ਕਿਰਿਅੱਕਤਾ ਹੁੰਦੀ ਹੈ। ਮਨ ਦੀ ਦੌੜ-ਭੱਜ ਦੀ ਵਾਸਤਵਿਕਤਾ ਭੀ ਆਤਮਾ ਕਰਕੇ ਹੀ ਨਜ਼ਰ ਆਉਂਦੀ ਹੈ। ਜਿਵੇਂ ਸ਼ੀਸੇ ਦੇ ਪ੍ਰਤੀਬਿੰਬ ਦੀ ਹੈਸੀਅਤ ਅਤੇ ਕਿਰਿਆਸ਼ੀਲਤਾ ਬਿੰਬ ਕਰਕੇ ਹੈ। ਜੇ ਬਿੰਬ ਹੀ ਨਾ ਹੋਵੇ ਤਾਂ ਸ਼ੀਸੇ ਦੁਆਰਾ ਪ੍ਰਤੀਬਿੰਬ ਨਹੀਂ ਬਣੇਗਾ। ਇਵੇਂ ਹੀ ਮਨ ਰੂਪ ਸ਼ੀਸੇ ਵਿੱਚ ਆਤਮਾ ਬਿੰਬ ਦੀ ਹੈਸੀਅਤ ਜੀਵਾਤਮਾ ਪ੍ਰਤੀਬਿੰਬ ਨੂੰ ਕਿਰਿਅਕ ਕਰ ਦਿੰਦੀ ਹੈ। ਜੀਵਾਤਮਾ ਦੀ ਆਤਮਾ ਕਰਕੇ ਨਿਸ਼ਚਤਾ ਲਈ ਨਿਸ਼ਚਾਯਕ ਬ੍ਰਿਤੀ ਦੀ ਜਰੂਰਤ ਹੈ। ਨਿਸ਼ਚੇ ਪੂਰਬਕ ਬ੍ਰਿਤੀ ਨੂੰ ਤਿਆਰ ਕਰਨ ਲਈ ਬਾਰ ਬਾਰ ਚਿੰਤਨ ਕਰਨਾ ਪੈਂਦਾ ਹੈ। ਲੈ-ਬੱਧ ਬ੍ਰਿਤੀ ਦੇ ਪ੍ਰਵਾਹ ਨੂੰ ਬੌਧ-ਮੱਤ ਵਾਲੇ ਆਲਯ-ਵਿਗਿਆਨਧਾਰਾ ਕਹਿੰਦੇ ਹਨ। ਜ਼ਿੰਦਗੀ ਦੇ ਅਨੁਭਵ ਹੀ ਗਿਆਨਵਾਨ ਦੀ ਖੋਜ ਦਾ ਸਹਾਰਾ ਬਣਦੇ ਹਨ। ਮਨੁੱਖੀ ਬੁੱਧੀ ਦੇ ਨਿਸ਼ਚੇ ਅਨੁਸਾਰ ਕੰਮ ਕਰਨ ਲਈ ਬ੍ਰਿਤੀ ਪਲ-ਪਲ ਬਦਲਦੀ ਰਹਿੰਦੀ ਹੈ। ਇਸਨੂੰ ਹੀ ਕਸ਼ਿਣਕ-ਵਗਿਆਨ (ਬੁੱਧੀ) ਕਹਿੰਦੇ ਹਨ। ਬ੍ਰਹਮ ਰੂਪ ਬ੍ਰਿਤੀ ਨੂੰ ਬ੍ਰਹਮਾਕਾਰ ਬ੍ਰਿਤੀ ਕਹਿੰਦੇ ਹਨ; ਬ੍ਰਹਮ ਵਿੱਚ ਬ੍ਰਿਤੀ ਦੀ ਇੱਕਰੂਪਤਾ ਨੂੰ ਹੀ ਸਥਿਤੀ ਕਹਿੰਦੇ ਹਨ। ਇਸ ਬ੍ਰਿਤੀ ਦੇ ਏਕਤਾ ਰੂਪ ਪ੍ਰਵਾਹ ਵਿੱਚ ਪੰਜੇ (ਨਿੰਦ੍ਰਾ ਆਦਿ) ਦਾ ਕੋਈ ਅਸਰ ਬ੍ਰਿਤੀ ਨੂੰ ਭੰਗ ਨਹੀਂ ਕਰਦਾ।

**ਅੱਭਯਾਸ - ਇਸਥਿਤ ਪ੍ਰਾਪਤਿ ਹੇਤ ਪ੍ਰਯਾਸ। ਤਿਸ ਕੋ ਨਾਮ ਲਖੋ ਅੱਭਯਾਸ॥ ੪੧॥**

**ਸੋ ਅੱਭਯਾਸ ਹੈ ਦੋਇ ਪ੍ਰਕਾਰ। ਏਕ 'ਅਲਪ' ਦੂਸਰ 'ਦ੍ਰਿੜ' ਧਾਰਿ।**

**ਕਬਿ ਕਬਿ ਆਤਮ ਕੋ ਅੱਭਯਾਸੈ। ਇਹ ਤੌਂ 'ਅਲਪ' ਨਾਮ ਕਹੁ ਭਾਸੈ॥ ੪੨॥**

**ਸਾਦਰ, ਦੀਰਘ ਕਾਲ ਨਿਰੰਤਰ। ਸੋ 'ਦ੍ਰਿੜ੍ਹ ਭੂਮਿ' ਰੂਪ ਲਖਿ ਅੰਤਰ।**

**ਅਰਥ** - ਮਨ ਦੀ ਸਥਿਰ ਪ੍ਰਪੱਕਤਾ ਲਈ ਜਿਹੜਾ ਯਤਨ ਕਰਨਾ ਹੈ, ਉਸਨੂੰ ਅਭਿਆਸ ਕਹਿੰਦੇ ਹਨ। ਇਹ ਅਭਿਆਸ ਦੋ ਤਰ੍ਹਾਂ ਦਾ ਹੁੰਦਾ ਹੈ। 'ਅਲਪ' ਤੇ 'ਦ੍ਰਿੜ' ਦੋ ਤਰ੍ਹਾਂ ਦਾ ਹੁੰਦਾ ਹੈ। ਕਦੇ ਕਦੇ ਆਤਮਾ ਦੇ ਅਭਿਆਸ ਕਰਨ ਨੂੰ ਅਲਪ ਅਭਿਆਸ ਕਹਿੰਦੇ ਹਨ। ਬਹੁਤ ਹੀ ਸਤਿਕਾਰ ਤੇ ਭਾਵਨਾ ਨਾਲ ਲੰਮੇਰਾ ਸਮਾਂ ਅਭਿਆਸ ਨੂੰ 'ਦ੍ਰਿੜ ਜਾਂ ਦ੍ਰਿੜ ਭੂਮ' ਅਭਿਆਸ ਕਹਿੰਦੇ ਹਨ।

**ਭਾਵਾਰਥ** - ਮਨ ਤੇ ਬੁੱਧੀ ਦੀ ਇੱਕਸੁਰਤਾ ਕੰਮ ਕਰਨ ਲਈ ਕਾਰਗਰ ਸੰਸਥਾ



ਹੈ। ਜੇ ਮਨ ਕੁੱਝ ਹੋਰ ਕਰਨ ਲਈ ਤਿਆਰ ਹੋਵੇ, ਬੁੱਧੀ ਕੁੱਝ ਹੋਰ ਕਰਨ ਵੱਲ ਪ੍ਰੇਰਤਿ ਹੋਵੇ; ਤਦੋਂ ਮਨੁੱਖੀ ਸੋਚ ਦਾ ਕਾਰਜ-ਖੇਤਰ ਸੰਦਿਗਧ ਹੋ ਜਾਂਦਾ ਹੈ। ਐਸਾ ਮਨੁੱਖ ਆਪਣੇ ਜੀਵਨ ਵਿੱਚ ਤਰੱਕੀ ਨਹੀਂ ਕਰ ਸਕਦਾ। ਆਤਮਾ ਦੇ ਖੇਤਰ ਵਿੱਚ ਤਾਂ ਹੋਰ ਭੀ ਸਾਵਧਾਨੀ ਰੱਖਣੀ ਪੈਂਦੀ ਹੈ। ਕਿਉਂਕਿ ਆਤਮਾ ਮਨ ਦੀ ਪਕੜ ਵਿੱਚ ਆਉਣ ਵਾਲੀ ਨਹੀਂ; ਅੰਤਹਕਰਣ 'ਬ੍ਰਿਤੀ ਦੁਆਰਾ' ਆਤਮਾਕਾਰ ਬਣਨ ਲਈ ਯਤਨ ਕਰਦਾ ਹੈ। ਜਿਵੇਂ ਖੰਡ ਦੇ ਦਾਣੇ ਪਾਣੀ ਵਿੱਚ ਮਿਲ ਕੇ ਪਾਣੀ ਵਾਂਗ ਹੀ ਤਰਲ ਹੋ ਜਾਂਦੇ ਹਨ। ਇਵੇਂ ਹੀ ਅੰਤਹਕਰਣ ਆਤਮਾ ਰੂਪ ਪਾਣੀ ਵਿੱਚ ਮਿਲ ਲੇ ਬ੍ਰਿਤੀ ਰੂਪ ਤਰਲਤਾ ਨੂੰ ਧਾਰਨ ਕਰ ਲੈਂਦਾ ਹੈ। ''ਅੰਤਹਕਰਣ-ਅੰਦਰ ਦੀ ਕਾਰਜਸ਼ੈਲੀ ਦਾ ਅਧਾਰ ਹੈ, ਜਿਸ ਦੇ ਸੰਯੋਗ ਨਾਲ ਇੰਦ੍ਰੀਆਂ ਕਾਰਜ ਕਰਦੀਆਂ ਹਨ; ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ। ਬੁੱਧੀ, ਜਿਸਤੋਂ ਵਿਚਾਰ ਤੇ ਨਿਸ਼ਚਾ ਹੁੰਦਾ ਹੈ। ਚਿਤ, ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ। ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਸੰਬੰਧ ਹੁੰਦਾ ਹੈ।- ਮਹਾਨਕੋਸ਼'' ਸਥਿਤੀ ਦੇ ਲਈ ਅਭਿਆਸ ਦੀ ਬਹੁਤ ਜਰੂਰਤ ਹੁੰਦੀ ਹੈ। ਹਰੇਕ ਗੁਣ ਅਭਿਆਸ ਦੁਆਰਾ ਹੀ ਪ੍ਰਪੱਕਤਾ ਗ੍ਰਹਿਣ ਕਰਦਾ ਹੈ। ਪ੍ਰਪੱਕਤਾ ਕਰਕੇ ਗੁਣ ਹੀ ਸੁਭਾਅ (ਆਦਤ) ਦਾ ਸਰੂਪ ਧਾਰਨ ਕਰ ਲੈਂਦਾ ਹੈ। ਜਦੋਂ ਬ੍ਰਹਮਾਕਾਰ ਬ੍ਰਿਤੀ ਲਈ ਕਦੇ ਕਦੇ ਅਭਿਆਸ ਲਈ ਉਤਸ਼ਾਹ ਬਣੇ, ਤਾਂ ਇਸਨੂੰ 'ਅਲਪ ਸਥਿਤੀ' ਕਹਿੰਦੇ ਹਨ। ਬ੍ਰਹਮ/ਪ੍ਰਮਾਤਮਾ/ਸਤਿਗੁਰੂ ਪ੍ਰਤੀ ਸਤਿਕਾਰ ਵਾਲੀ ਪ੍ਰਵਿਰਤੀ ਦੁਆਰਾ ਭਾਵਨਾਤਮਕ ਅਭਿਆਸ ਲਈ ਦਿਨ-ਰਾਤ ਯਤਨਸ਼ੀਲ ਰਹਿਣ ਨੂੰ ਦ੍ਰਿੜ-ਭੂਮ ਸਥਿਤੀ ਕਹਿੰਦੇ ਹਨ।

**ਵੈਰਾਗ-ਮਿਟੀ ਪ੍ਰੀਤ ਵਿਸ਼ਿਯਨਿ ਤੇ ਜਬੈ। ਨਾਮ ਵਿਰਾਗ ਹੋਤਿ ਹਿਯ ਤਬੈ॥ ੪੩॥**

**ਸੋ ਵੈਰਾਗ ਹੈ ਚਾਰ ਪ੍ਰਕਾਰ। ਇਕ 'ਯਤਮਾਨ' 'ਵਿਤ੍ਰੇਕ' ਬਿਚਾਰ।**

**'ਇਕ ਇੰਦ੍ਰੈ' ਅਰੁ 'ਵਸੀਕਾਰ' ਕਹਿੰ। ਇਨਕੇ ਲੱਛਨ ਭਨੌ ਜਥਾ ਲਹਿ॥ ੪੪॥**

**ਅਰਥ** - ਜਦੋਂ ਮਨ ਦੀ ਪ੍ਰੀਤੀ ਵਿਸ਼ਿਆਂ ਤੋਂ ਹੱਟ ਜਾਏ ਤਦੋਂ ਹਿਰਦੇ ਵਿੱਚ ਵੈਰਾਗ ਦਾ ਅਨਭਵ ਹੁੰਦਾ ਹੈ। ਵੈਰਾਗ ਚਾਰ ਤਰਾਂ ਦਾ ਹੁੰਦਾ ਹੈ। ੧) ਯਤਮਾਨ, ੨) ਵਿਤ੍ਰੇਕ ੩) ਇਕ ਇੰਦ੍ਰੇ ੪) ਵਸੀਕਾਰ; ਇਹਨਾਂ ਦੇ ਲੱਛਣ ਜਿਵੇਂ ਜਾਣੇ ਹਨ, ਉਸੇ ਤਰ੍ਹਾਂ ਦੱਸਾਂਗਾ।

**ਭਾਵਾਰਥ** - ਮਾਨਸਿਕ ਦਸ਼ਾ ਸੰਸਾਰਿਕ ਪਦਾਰਥਾਂ ਵੇਲੇ ਸੰਸਾਰਿਕ (ਵਿਸ਼ਯਕ) ਹੋ ਜਾਂਦੀ ਹੈ। ਜਿਵੇਂ ਸਰੀਰ ਦੀ ਲੋੜ ਨੂੰ ਬ੍ਰਿਤੀ ਨੇ ਪੂਰੀ ਕਰਨ ਲਈ ਇੰਦ੍ਰੀਆਂ ਦਾ

ਸਹਾਰਾ ਪ੍ਰਾਪਤ ਕਰਕੇ ਸੰਤੁਸ਼ਟ ਕਰਨਾ ਹੁੰਦਾ ਹੈ। ਇਹ ਪ੍ਰਕਿਰਿਆ ਕੁਦਰਤਿ ਦਾ ਜੀਵ ਲਈ ਪ੍ਰਸਾਦ ਹੈ। ਜਦੋਂ ਕੁਦਰਤਿ ਨੂੰ ਭੁਲਕੇ ਮਨੁੱਖ ਸਰੀਰਕ ਮੋਹ ਤਹਿਤ ਹੋ ਕੇ ਕੰਮ ਕਰਦਾ ਹੈ, ਤਾਂ ਵਿਸ਼ਯ ਪ੍ਰਤੀ ਲਗਾਵ ਪੈਦਾ ਹੋ ਜਾਂਦਾ ਹੈ। ਇਹੀ ਮੋਹ ਸੰਸਾਰੀ ਬਣਾ ਦਿੰਦਾ ਹੈ। ਸੰਸਾਰੀ ਬ੍ਰਿਤੀ ਕਾਮਾਦਿ ਵਿੱਚ ਡੁੱਬ ਜਾਂਦੀ ਹੈ। ਪਾਣੀ ਵਿਚ ਡੁੱਬਦੇ ਨੂੰ ਤਿਨਕੇ ਦਾ ਸਹਾਰਾ ਕਿਹਾ ਜਾਂਦਾ ਹੈ; ਸ਼ਾਇਦ ਤਾਂ ਹੀ ਪ੍ਰਮਾਤਮਾ ਨੇ ਮਨੁੱਖ ਦਾ ਵਿਸ਼ਿਆਂ ਵਿੱਚ ਡੁੱਬਦੇ ਨੂੰ ਨਾਮ ਦਾ ਸਹਾਰਾ ਦੇਣਾ ਆਤਮਾ ਦਾ ਗਿਆਨ ਹੈ। ਇਸੇ ਲਈ ਪ੍ਰਮਾਤਮਾ ਇੱਕ ਹੈ, ਪਰ ਨਾਮ ਅਨੇਕ ਹਨ। ਆਤਮਾ ਦੇ ਗਿਆਨ ਲਈ ਪਦਾਰਥਾਂ ਦੇ ਮੋਹ ਅਤੇ ਆਤਮਾ ਦੇ ਪ੍ਰੇਮ ਵਿਚਕਾਰ ਫਰਕ ਯਥਾਰਥ ਰੂਪ ਵਿੱਚ ਸਮਝਣਾ ਹੋਵੇਗਾ। ਪਰਮਾਰਥਕ ਸੱਤਾ ਕਰਕੇ ਪਦਾਰਥ ਦੀ ਹੋਂਦ ਵਿਵਹਾਰਕ ਜਾਂ ਪ੍ਰਾਤੀਭਾਸ਼ਕ ਸੱਤਾ ਨੂੰ ਧਾਰਨ ਕਰਦੀ ਹੈ। ਵਿਵਹਾਰਕ ਜਾਂ ਪ੍ਰਾਤੀਭਾਸਕ ਸੱਤਾ ਦੁਆਰਾ ਪਦਾਰਥਾਂ ਵਿਚਲਾ ਮੋਹ ਅਸਰ ਕਰਦਾ ਹੈ। ਮੋਹ ਨੂੰ ਦੂਰ ਕਰਨ ਲਈ ਪਦਾਰਥਕਾਧਾਰ ਚੇਤਨ ਨੂੰ ਧਿਆਨ ਵਿੱਚ ਰੱਖਕੇ 'ਗਿਆਨ-ਨੇਤ੍ਰ' ਵਾਲਾ ਪਦਾਰਥਾਂ ਦੀ ਨਾਸ਼ਮਾਨਤਾ ਮੰਨ ਕੇ ਚੱਲਦਾ ਹੈ। ਇਸੇ ਸਥਿਤੀ ਦਾ ਨਾਮ ਵੈਰਾਗ ਹੈ। ਵੈਰਾਗਵਾਨ ਨੂੰ ਕੋਈ ਵੀ ਵਿਸ਼ੇ ਲੁਭਾਇਮਾਨ ਨਹੀਂ ਕਰ ਸਕਦਾ।

**ਯਤਮਾਨ – ਦੁੱਖ ਰੂਪ ਸੰਸਾਰ ਪਛਾਨਾ। ਸੰਤਨ ਸੇਵਾ ਰੁਚੀ ਮਹਾਨਾ।**
**ਸੱਤਿ ਰੂਪ ਪਰਮੇਸ਼ਰ ਪਾਊਂ। ਬੰਧਨ ਕਰਮ ਪਏ ਛੁਟਕਾਊਂ ॥ ੪੫ ॥**
**ਇਸਕੋ ਯੱਤਿਮਾਨ ਮਨ ਜਾਨਿ। ਸੰਤਨ ਸੰਗਤ ਕੀਨ ਮਹਾਨ।**

**ਅਰਥ** – ਸੰਸਾਰ ਨੂੰ ਦੁੱਖ ਰੂਪ ਪਛਾਣ ਕੇ ਸੰਤਾਂ ਦੀ ਸੰਗਤ ਵਿੱਚ ਬਹੁਤ ਜਿਆਦਾ ਰੁਚੀ ਦਾ ਪੈਦਾ ਹੋ ਜਾਣਾ। ਜਿੰਦਗੀ ਅੰਦਰ ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਸੱਤ ਸਰੂਪ ਪਰਮੇਸ਼ਰ ਨੂੰ ਪ੍ਰਾਪਤ ਕਰਾਂਗਾ। ਸੰਤਾਂ ਦੀ ਮਹਾਨ ਸੰਗਤ ਵਿੱਚੋਂ ਇਹ ਪ੍ਰਾਪਤ ਹੁੰਦਾ ਹੈ, ਇਸਨੂੰ ਯਤਮਾਨ ਰੂਪ ਮਨ ਵਿੱਚ ਜਾਣ ਲੈਣਾ ਕਰ।

**ਭਾਵਾਰਥ** – ਵੈਰਾਗ-ਬ੍ਰਿਤੀ ਦੀਆਂ ਗਹਿਨਧਾਰਾਵਾਂ ਦਾ ਗਿਆਨ ਕਵੀ ਜੀ ਗੁਰੂ-ਪਿਆਰ ਵਾਲੇ ਭਾਈ ਦਇਆ ਸਿੰਘ ਜੀ ਦੇ ਮੁੱਖੋਂ ਗੁਰਸਿੱਖਾਂ ਨੂੰ ਸੁਣਾ ਰਹੇ ਹਨ। ਵੈਰਾਗ ਦਾ ਮੁੱਖ ਲੱਛਣ ਹੁੰਦਾ ਹੈ; ਲੋਕ-ਪ੍ਰਲੋਕ ਦੇ ਵਿਸ਼ਿਆਂ ਪ੍ਰਤੀ ਲਗਾਵ ਨਾ ਹੋਣਾ। ਯਤਮਾਨ ਵਿੱਚ ਵੈਰਾਗ ਦੀ ਪ੍ਰਸਥਿਤੀ ਹੁੰਦੀ ਹੈ, ਕਿ ਸੰਸਾਰ ਦੁੱਖ-ਰੂਪ ਹੈ; ਪਦਾਰਥਾਂ ਵਿੱਚੋਂ ਉਸਨੂੰ ਦੁੱਖ ਹੀ ਨਜ਼ਰ ਆਉਂਦੇ ਹਨ। ਯਤਮਾਨ ਵੈਰਾਗੀ ਪਦਾਰਥਾਂ ਦੀ ਵਰਤੋਂ ਧਰਮਾਰਥ ਹੀ ਕਰਦਾ ਹੈ। ਧਰਮੀ ਪੁਰਸ਼ਾਂ ਨੂੰ ਸੰਤ ਜਨ ਕਿਹਾ ਜਾਂਦਾ ਹੈ।



ਯਤਮਾਨ ਵੈਰਾਗੀ ਸਰੀਰ ਦੇ ਕੰਮ ਕਰਨ ਦੀ ਪ੍ਰਸਥਿਤੀ ਵਿੱਚ ਗਿਆਨਮਈ ਬਦਲਾਅ ਆ ਜਾਂਦਾ ਹੈ। ਜਿੰਨਾਂ ਚਿਰ ਸਰੀਰ ਵਿੱਚ ਸੁਆਸ ਚੱਲਦੇ ਹਨ, ਸਰੀਰ ਨੇ ਕੰਮ ਕਰਦੇ ਰਹਿਣਾ ਹੈ। ਇਸ ਲਈ ਉਸਦੇ ਜੀਵਨ ਦਾ ਮੁੱਖ ਉਦੇਸ਼ ਸੰਤ ਜਨਾਂ ਦੀ ਸੇਵਾ ਹੋ ਜਾਂਦਾ ਹੈ। ਸੰਤ-ਜਨਾਂ ਦੀ ਸੇਵਾ ਕਰਦਿਆਂ ਮਨ ਨਿਰਮਲਤਾ ਨੂੰ ਪਾ ਕੇ ਮਨੁੱਖੀ ਜੀਵਨ ਦੀ ਅਸਲੀਅਤ ਸਰੂਪ ਹੋ ਜਾਂਦਾ ਹੈ। ਸਰੀਰ ਬੰਧਨ ਰੂਪ ਪ੍ਰਤੀਤ ਹੋਣ ਲੱਗ ਜਾਂਦਾ ਹੈ। ਸਰੀਰ ਤੇ ਜੀਵਾਤਮਾ ਵਿਚਲੀ ਸੂਖਸ਼ਮਤਾ ਦਾ ਫਰਕ ਸਮਝਣ ਲੱਗ ਜਾਂਦਾ ਹੈ। ਜੀਵਾਮਤਾ ਤੇ ਆਤਮਾ ਦੀ ਵਿਵੇਚਨਾ ਕਰਨ ਦੇ ਸਮਰੱਥ ਹੋ ਜਾਂਦਾ ਹੈ। ਸਰੀਰ ਦੇ ਹੁੰਦਿਆਂ ਹੀ ਸੱਤ ਰੂਪ ਪਰਮੇਸ਼ਰ ਪ੍ਰਾਪਤੀ ਲਈ ਯਤਨਸ਼ੀਲ ਹੋ ਜਾਣਾ ਯਤਮਾਨ ਵੈਰਾਗ ਦੀ ਅਵਸਥਾ ਦਾ ਪਰਿਣਾਮ ਹੈ।

**ਵਿੱਤ੍ਰੇਕ – ਲਗਯੋ ਬਿਚਾਰਨ ਗੁਨ ਅਰੁ ਦੋਖ। ਦੋਖ ਤਜੋਂ ਕਿਸ ਗੁਨ ਤੇ ਮੋਖ ? ॥ ੪੬ ॥**
**ਸਤਿ ਸੰਤੋਖ ਆਦਿ ਬਿਰਧਾਵੈ। ਕਾਮ ਕ੍ਰੋਧ ਮੋਹ ਆਦਿ ਘਟਾਵੈ।**
**ਇਹ ਵੈਰਾਗ 'ਵਿੱਤ੍ਰੇਕ' ਪਛਾਨ।**

**ਅਰਥ** – ਜਿੰਦਗੀ ਵਿੱਚ ਗੁਣ-ਦੋਸ਼ ਦੀ ਵੀਚਾਰ ਕਰਨ ਲੱਗ ਪਵੇ ਅਤੇ ਨਿਸ਼ਚਾ ਕਰੇ ਕਿ ਦੋਸ਼ਾਂ ਨੂੰ ਛੱਡਾਂਗਾ ਕਿਹੜੇ ਗੁਣਾਂ ਨਾਲ ਮੁਕਤੀ ਹੋਵੇਗੀ। ਸੱਤ ਸੰਤੋਖ ਆਦਿਕ ਨੂੰ ਵਧਾਉਣਾ ਕਰਕੇ, ਕਾਮ, ਕਰੋਧ, ਮੋਹ ਆਦਿਕ ਨੂੰ ਨਸ਼ਟ ਕਰ ਲਵੇ; ਇਸਨੂੰ ਵਿਤ੍ਰੇਕ ਵੈਰਾਗ ਕਹਿੰਦੇ ਹਨ।

**ਭਾਵਾਰਥ** – ਯਤਮਾਨ ਵੈਰਾਗੀ ਦੇ ਮਨ ਦਾ ਆਪਣੇ ਮੂਲ ਆਤਮਾ ਨਾਲ ਸਾਂਝ ਰੂਪ ਹਾਸਲ ਕਰਨੀ ਮਨ ਦੀ ਚੇਤਨ-ਬ੍ਰਿਤੀ ਰੂਪ ਤਰੱਕੀ ਹੁੰਦੀ ਹੈ। ਵੈਰਾਗ ਦੀ ਇਸ ਅਵਸਥਾ ਦਾ ਨਾਮ ਵਿਤ੍ਰੇਕ ਵੈਰਾਗ ਹੈ। ਜਿਸ ਵਿੱਚ ਵੈਰਾਗੀ ਪੁਰਸ਼ ਆਪਣੀ ਜਿੰਦਗੀ ਦੇ ਗੁਣ ਤੇ ਦੋਸ਼ਾਂ ਨੂੰ ਯਥਾਰਥ ਵਿੱਚ ਵੀਚਾਰਨ ਲੱਗ ਜਾਂਦਾ ਹੈ। ਇਹ ਵੀਚਾਰ ਦਾ ਖੇਤਰ ਦੋਸ਼ਾਂ ਨੂੰ ਤਿਆਗ ਕੇ ਗੁਣਾਂ ਨੂੰ ਪ੍ਰਪੱਕ ਕਰਨ ਲਈ ਭਾਵਨਾ ਨਾਲ ਕੰਮ ਕਰਨ ਵਿੱਚ ਸਹਾਈ ਹੁੰਦਾ ਹੈ। ਜਿਵੇਂ ਜਿਵੇਂ ਸਤ ਸੰਤੋਖ ਆਦਿਕ ਦਾ ਮਨ ਉੱਪਰ ਚੰਗਾ ਅਸਰ ਹੁੰਦਾ ਹੈ, ਉਸੇ ਪ੍ਰਕਾਰ ਕਾਮਾਦਿ ਘੱਟਦੇ ਜਾਂਦੇ ਹਨ। ਅਖੀਰ ਬ੍ਰਿਤੀ ਦਾ ਸੁਭਾਅ ਸਤੋਮਏ ਹੋ ਜਾਂਦਾ ਹੈ। ਅਖੀਰਲੇ ਸੁਆਸ ਤੱਕ ਇਹ ਸੰਤੋਖਾਦਿ ਰੂਪ ਬ੍ਰਿਤੀ ਨੂੰ ਸਥਾਪਿਤ ਰੱਖਣ ਲਈ ਯਤਨਸ਼ੀਲ ਰਹਿਣਾ ਜਰੂਰੀ ਹੁੰਦਾ ਹੈ।

**ਏਕ ਇੰਦ੍ਰੇ ਵੈਰਾਗ– ਇਕਇੰਦ੍ਰੀ ਕੋ ਸੁਨਿ ਦੈ ਕਾਨ ॥ ੪੭ ॥**
**ਵਹਿਰ ਬਿਸ਼ੈ ਗੁਨ ਤਯਾਗਨ ਕੀਨ। ਮਨ ਮਹਿਂ ਤਨਕ ਹੋਇ ਲਿਵਲੀਨ।**

**ਅਰਥ** – ਪੂਰੀ ਇਕਾਗਰਤਾ ਨਾਲ ਸੁਨਣਾ ਕਰ; ਜਿਸ ਕਰਕੇ ਬਾਹਰੋਂ ਇੰਦ੍ਰਿਆਂ ਦੇ ਵਿਸ਼ੇ (ਸ਼ਬਦਾਦਿ) ਤਿਆਗੇ ਹਨ। ਪਰ ਮਨ ਅੰਦਰ ਥੋੜਾ ਜਿੰਨਾਂ ਪਕੜ ਵਾਲਾ ਅਸਰ ਰਹਿੰਦਾ ਹੈ।

**ਭਾਵਾਰਥ** – ਜਿਸਨੇ ਸ਼ਬਦ ਦਾ ਅਭਿਆਸ ਨਹੀਂ ਕੀਤਾ ਉਸਨੂੰ ਇਸ ਵੀਚਾਰ ਵਿੱਚੋਂ ਕੁੱਝ ਵੀ ਹਾਸਿਲ ਨਹੀਂ ਹੋਵੇਗਾ। ਜਿਵੇਂ ਆਮ ਮੋਬਾਈਲ ਫੋਨ ਕੇਵਲ ਕਾਲ ਨੂੰ ਹੀ ਪਕੜ ਸਕਦਾ ਹੈ; ਇੰਟਰਨੈੱਟ ਸੁਵਿਧਾਵਾਂ ਉਸਦੀ ਪਕੜ ਵਿੱਚ ਨਹੀਂ ਆਉਂਦੀਆਂ। ਐਪਲ/ ਐਨਡਰਾਈਡ ਆਦਿ ਇੰਟਰਨੈਟ ਸੁਵਿਧਾਵਾਂ ਨਾਲ ਪੂਰੇ ਸੰਸਾਰ ਨੂੰ ਇੱਕ ਡੱਬੀ ਵਿੱਚ ਬੰਦ ਕਰ ਲੈਂਦੀਆਂ ਹਨ। ਇਉਂ ਹੀ ਸਾਧਨਾ ਕਰਨ ਵਾਲੇ ਗੁਰਮੁੱਖ ਪਿਆਰੇ ਦੀ ਦਿਮਾਗੀ ਤੇ ਮਾਨਸਿਕ ਅਵਸਥਾ ਇਤਨੀ ਬਲਵਾਨ ਹੋ ਜਾਂਦੀ ਹੈ, ਕਿ ਉਸਨੂੰ ਤਿੰਨਾਂ ਲੋਕਾਂ ਵਿੱਚ ਵਾਪਰ ਰਹੀਆਂ ਘਟਨਾਵਾਂ ਦੀ ਖਬਰ ਪ੍ਰਾਪਤ ਕਰਨ ਦੀ ਕਾਬਲੀਅਤ ਹਾਸਿਲ ਹੋ ਜਾਂਦੀ ਹੈ। ਇਹ ਗੁਰੂ ਸਾਹਿਬ ਦਾ ਮਨੁੱਖ ਮਾਤਰ ਉੱਪਰ ਪਰਉਪਕਾਰ ਹੈ। ਜੇ ਆਮ ਮੋਬਾਈਲ ਖੋਜ ਵਿੱਚ ਨਾ ਆਉਂਦਾ ਤਾਂ ਐਪਲ ਫੋਨ ਦੀ ਖੋਜ ਕਿਸ ਨੇ ਕਰਨੀ ਸੀ। ਇੱਕ ਖੋਜ ਦੂਜੀ ਖੋਜ ਦਾ ਸਹਾਰਾ ਬਣਦੀ ਹੈ। ਹੂ-ਬ-ਹੂ ਆਂਤਰਿਕ ਦੁਨੀਆਂ ਲਈ ਖੋਜ ਲਈ ਵੀ ਇੱਕ ਸਾਧਨ ਦੂਜੇ ਸਾਧਨ ਦਾ ਸਹਾਰਾ ਬਣਦਾ ਹੈ। ਜਿਵੇਂ ਸਾਇੰਸ ਦੀਆਂ ਖੋਜਾਂ ਲਈ ਇਕਾਗਰਤਾ ਦੀ ਜਰੂਰਤ ਹੁੰਦੀ ਹੈ; ਇਵੇਂ ਹੀ ਆਂਤਰਿਕ ਦੁਨੀਆਂ ਲਈ ਇਕਾਗਰਤਾ ਦੀ ਜਰੂਰਤ ਹੁੰਦੀ ਹੈ। ਜਦੋਂ ਇਕਾਗਰਤਾ ਨਾਲ ਸੁਣਕੇ ਮਨ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ; ਪਰ ਥੋੜੇ ਸਮੇਂ ਬਾਅਦ ਮਨ ਸਥਿਰਤਾ ਨੂੰ ਤਿਆਗ ਦਿੰਦਾ ਹੈ। ਸਾਧਕ ਗੁਰਮੁਖ ਮਨ ਨੂੰ ਫਿਰ ਬਾਰ-ਬਾਰ ਵਿਸ਼ਿਆਂ ਵੱਲੋਂ ਮੋੜ ਕੇ ਇਕਾਗਰਤਾ ਦੁਆਰਾ ਆਤਮਾ ਵਿੱਚ ਲੀਨ ਕਰਨ ਦਾ ਯਤਨ ਕਰਦਾ ਹੈ; ਇਸਨੂੰ ਏਕ-ਇੰਦ੍ਰੇ ਵੈਰਾਗ ਕਹਿੰਦੇ ਹਨ।

**ਵਸੀਕਾਰ – ਵਸੀਕਾਰ ਕੋ ਸੁਨਿ ਇਸ ਬੇਰੇ। ਬਿਸ਼ੈ ਭੋਗ ਜੁਗ ਲੋਕਨਿ ਕੇਰੇ॥ ੪੮॥**
**ਸ਼ਬਦ ਸਪਰਸ਼ ਰੂਪ ਰਸ ਗੰਧ। ਇਨ ਤੇ ਛੂਟਿ ਗਯੋ ਮਨ ਬੰਧ।**
**ਬਾਇਸ ਵਿਸ਼ਟਾ ਸਮ ਸਭਿ ਬਿਸ਼ੇ। ਬਮਨ ਸਰਸ ਨਹਿੰ ਭਾਵਤਿ ਜਿਸੇ॥ ੪੯॥**
**ਅਸ ਵੈਰਾਗ ਸੰਗ ਮਨ ਜੀਤ। ਗਹੇ ਸਥਿਰਤਾ ਆਤਮ ਨੀਤ।**
**ਬ੍ਰਹਮ ਗਯਾਨ ਸੂਰਜ ਕੇ ਸੰਗ। ਤਮ ਅੱਗਯਾਨ ਸਕਲ ਦੇ ਭੰਗ॥ ੫੦॥**

**ਅਰਥ** – ਵਸੀਕਾਰ ਦੇ ਅਰਥ ਹਨ, ਦੋਨੋਂ ਲੋਕਾਂ ਦੇ ਜਿੰਨੇ ਭੀ ਵਿਸ਼ੇ ਹਨ; 'ਸ਼ਬਦ ਸ਼ਪਰਸ਼ ਰੂਪ ਰਸ ਗੰਧ' ਇਹਨਾਂ ਦੇ ਬੰਧਨਾਂ ਤੋਂ ਮਨ ਦੂਰ ਹੋ ਗਿਆ ਹੈ। ਕਾਂ



ਦੀ ਬਿੱਠ ਸਮਾਨ ਜਾਂ ਉਲਟੀ ਸਮਾਨ ਜਾਣ ਕੇ ਤਿਆਗ ਦਿੰਦੇ ਹਨ। ਐਸੇ ਵੈਰਾਗ ਨਾਲ ਜਿਹਨਾਂ ਨੇ ਮਨ ਜਿੱਤ ਲਿਆ ਹੈ, ਉਹ ਹਮੇਸ਼ਾ ਲਈ ਆਤਮਾ ਦੀ ਸਥਿਰਤਾ ਪ੍ਰਾਪਤ ਕਰ ਲੈਂਦੇ ਹਨ। ਬ੍ਰਹਮ ਗਿਆਨ ਸੂਰਜ ਦੇ ਨਾਲ ਉਹਨਾਂ ਦੇ ਅੰਦਰੋਂ ਅਗਿਆਨਤਾ ਦਾ ਸਾਰਾ ਹਨੇਰਾ ਨਸ਼ਟ ਹੋ ਜਾਂਦਾ ਹੈ।

**ਭਾਵਾਰਥ** – ਸਾਧਕ ਪੁਰਖ ਆਪਣੇ ਮਨ ਨੂੰ ਕਾਬੂ ਕਰਨ ਲਈ ਸਮਰਪਿਤ ਹੋ ਕੇ ਯਤਨਸ਼ੀਲ ਰਹਿੰਦਾ ਹੈ। ਸਾਧਨ ਤਹਿਤ ਮਨ ਨੂੰ ਸਹਿਜ-ਭਾਵ ਦੁਆਰਾ ਗਿਆਨ ਦੇ ਰਸਤੇ ਉੱਪਰ ਚਲਾਉਂਦਿਆਂ ਵੈਰਾਗ ਦੀਆਂ ਪਰਤਾਂ ਰਾਂਹੀ ਝੰਝੋੜਦਾ ਰਹਿੰਦਾ ਹੈ। ਇਉਂ ਮਨ ਸਾਧਕ ਦੇ ਵੱਸ ਵਿੱਚ ਆ ਜਾਂਦਾ ਹੈ; ਇਸਨੂੰ ਵਸੀਕਾਰ ਕਹਿੰਦੇ ਹਨ। ਇਸ ਅਵਸਥਾ ਵਿੱਚ ਮਨ ਨੂੰ ਆਪਣੇ ਅਧੀਨ ਕਰਨ ਵਾਲੇ ਸ਼ਬਦਾਦਿ (ਸ਼ਬਦ, ਸ਼ਪਰਸ, ਰਸ, ਰੂਪ ਗੰਧ) ਆਦਿਕ ਜੀਵਾਤਮਾ ਦੇ ਕਾਬੂ ਵਿੱਚ ਹੋ ਜਾਂਦੇ ਹਨ। ਜਿਹੜੇ ਸ਼ਬਦਾਦਿ ਪਹਿਲੇ ਬੰਧਨ ਪਾਉਣ ਵਾਲੇ ਸਨ; ਉਹਨਾਂ ਦੇ ਬੰਧਨ ਹੁਣ ਮਨ ਨੂੰ ਆਪਣੇ ਕਾਬੂ ਨਹੀਂ ਕਰਦੇ। ਹੁਣ ਮਨ ਪੰਜੇ ਵਿਸ਼ਿਆ ਤਹਿਤ ਆਉਂਦਾ ਹੀ ਨਹੀਂ ਸਗੋਂ ਵਿਸ਼ੇ ਕਾਂ ਦੀ ਵਿਸ਼ਟਾ ਵਾਂਗ ਨਜ਼ਰ ਆਉਣ ਲਗ ਪਏ ਹਨ।

**ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪੰਚਮ ਰੁਤੇ 'ਗਯਾਨ ਨਿਰਨੈ' ਪ੍ਰਸੰਗ ਬਰਨੰਨ ਨਾਮ ਸੈਂਤਾਲੀਸਮੋ ਅੰਸੂ॥ ੪੭॥**

## ਅਧਿਆਇ ਅੱਠਵਾਂ (ਅੰਸ਼ੂ ਅਠਤਾਲ੍ਹੀਵਾਂ)

**ਬ੍ਰਹਮ ਗਯਾਨ ਉਪਦੇਸ਼**

**ਦੋਹਰਾ-ਨਿੱਧਯਾਸਨ- ਕਰਤਿ ਮਨਨ ਨੀਕੀ ਬਿਧਿਨਿ ਪੁਨ ਨਿਧਯਾਸਨ ਹੋਤਿ।**

**ਰਾਤ ਦਿਨਸ ਅੱਭਯਾਸ ਤੇ ਪੁਨ ਸੱਖਯਾਤ ਉਦੋਤ॥ ੧॥**

**ਅਰਥ** – ਚੰਗੀ ਬਿਧੀ ਨਾਲ ਮੰਨਨ ਕਰਦਿਆਂ ਨਿਧਿਆਸਨ ਹੁੰਦਾ ਹੈ। ਦਿਨ-ਰਾਤ ਦੇ ਅਭਿਆਸ ਤੋਂ ਸਾਖਿਯਾਤਕਾਰ ਹੁੰਦਾ ਹੈ।

**ਭਾਵਾਰਥ** – ਸੁਨਣ ਦੀ ਕਿਰਿਆਂ ਕੰਨਾਂ ਦੁਆਰਾ ਦਿਮਾਗ ਦੀ ਸਾਂਝ ਨਾਲ ਪੂਰੀ ਹੁੰਦੀ ਹੈ। ਦਿਮਾਗ ਨੂੰ ਸ਼ਬਦ ਸੁਨਾਉਣ ਦਾ ਪਰਉਪਕਾਰ ਸ੍ਰਵਣ-ਇੰਦ੍ਰੀ (ਕੰਨ) ਕਰਦੇ ਹਨ। ਇਸ ਲਈ ਗੁਰੂ ਸਾਹਿਬ ਜੀ ਨੇ ਗਾਇਨ ਤੇ ਸੁਨਣ ਨੂੰ ਬਰਾਬਰਤਾ ਦਿੱਤੀ ਹੈ; 'ਗਾਵੀਐ ਸੁਣੀਐ ਮਨਿ ਰਖੀਐ ਭਾਉ' ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਕਾ ਖਾਲਸਾ ਬੈਠ ਕੇ ਕੋਈ ਗਾਇਨ ਕਰਦਾ ਹੈ, ਬਾਕੀ ਬੈਠ ਕੇ ਸ੍ਰਵਣ ਕਰ ਰਹੇ ਹੁੰਦੇ ਹਨ। 'ਕਹਿਣ ਤੇ ਸੁਨਣ' ਵਾਲੇ ਆਪਣੇ 'ਮਨ ਤੇ ਦਿਮਾਗ' ਨੂੰ ਸੁਣਾ ਰਹੇ ਹੁੰਦੇ ਹਨ, ਇਹੀ ਮੰਨਨ ਦੀ ਪਹਿਲੀ ਅਵਸਥਾ ਹੈ; 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਸ੍ਰਵਣ ਕਰਨਾ ਮੰਨਨ ਲਈ ਬਹੁਤ ਜਰੂਰੀ ਹੁੰਦਾ ਹੈ। ਨਿਧਿਆਸਨ ਲਈ ਮਨਨ ਕਰਨਾ ਪਵੇਗਾ। ਮਨਨ ਨੂੰ ਮੁੜ ਮੁੜ ਕੇ ਅਭਿਆਸ ਦਾ ਅੰਗ ਬਣਾਉਣ ਕਰਕੇ ਨਿਧਿਆਸਨ ਰੂਪ ਸਾਖਯਾਤਕਾਰ ਬ੍ਰਿਤੀ ਦੀ ਪ੍ਰਾਪਤੀ ਹੋਵੇਗੀ। 'ਅਨਾਤਮਾਕਾਰ ਬ੍ਰਿਤੀ ਦਾ ਬਿਬਧਾਨ ਰਹਿਤ ਹੋ ਕੇ ਬ੍ਰਹਮਾਕਾਰ ਬ੍ਰਿਤੀ ਦੀ ਸਥਿਤੀ ਨਿਧਿਆਸਨ ਅਖਵਾਉਂਦੀ ਹੈ।- ਵੀਚਾਰਸਾਗਰ ' ਜਿਤਨੇ ਪਦਾਰਥਾਂ ਦਾ ਗਿਆਨ ਬ੍ਰਿਤੀ ਪ੍ਰਾਪਤ ਕਰਦੀ ਹੈ; ਸਾਰੇ ਹੀ ਅਨਾਤਮ ਹੁੰਦੇ ਹਨ। ਇਸ ਲਈ ਬ੍ਰਿਤੀ ਦੁਆਰਾ ਪ੍ਰਾਪਤ ਹੋਣ ਵਾਲਾ ਗਿਆਨ ਵੀ ਅਨਾਤਮਾਕਾਰ ਹੁੰਦਾ ਹੈ। ਅਨਾਤਮਾਕਾਰ ਬ੍ਰਿਤੀ ਵਿੱਚੋਂ ਅਨਾਤਮਾ ਦੂਰ ਕਰਨ ਲਈ ਬ੍ਰਿਤੀ ਦਾ ਬ੍ਰਹਮਾਕਾਰ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਬ੍ਰਹਮ ਦਾ ਚਿੰਤਨ ਚੇਤਨ ਰੂਪ ਵਿੱਚ ਕਰਨ ਦੁਆਰਾ ਹੀ ਬ੍ਰਹਮਾਕਾਰ ਬ੍ਰਿਤੀ ਹੋਵੇਗੀ। ਇਸ ਲਈ ਦਿਨ-ਰਾਤ ਅਭਿਆਸ ਕਰਨਾ ਬਹੁਤ ਜ਼ਰੂਰੀ ਹੈ।

**ਚੌਪਈ - ਸੁਨਿਯਹਿ ਨਿੱਧਯਾਸਨ ਕੋ ਲੱਛਨ। ਜਿਮ ਭਾਖਤਿ ਹੈਂ ਸੰਤ ਬਿੱਚਛਨ।**



**ਦੇਹਾਦਿਕ ਪ੍ਰਤੀਤ ਕਰਿ ਜੋਇ। ਖੰਡੀ ਜਾਇ ਨ ਕਿਸ ਤੇ ਸੋਇ ॥ ੨॥**

**ਬ੍ਰਿਤਿ ਸਰੂਪ ਅੱਭਯਾਸਨ ਭਈ। ਕਿਸ ਤੇ ਨਸ਼ਟ ਹੋਤਿ ਨਹਿਂ ਜੁਈ।**

**ਮੋਹ ਆਦਿਕ ਜੋ ਅਖਿਲ ਵਿਕਾਰ। ਇਨ ਬਿਘਨਨਿ ਤੇ ਰਹਿ ਇਕ ਸਾਰ॥ ੩॥**

**ਅਰਥ** – ਜਿਵੇਂ ਚਤੁਰ ਸੰਤ ਜਨ ਆਖਦੇ ਹਨ, ਨਿਧਿਆਸਨ ਦੇ ਲੱਛਣ ਸੁਨਣਾ ਕਰੋ। ਸਰੀਰਾਦਿਕ ਦੀਆਂ ਪ੍ਰਤੀਤੀਆਂ ਜੋ ਹਨ, ਇਹਨਾਂ ਵਿੱਚੋਂ ਕਿਸੇ ਤੋਂ ਜੋ ਬ੍ਰਿਤੀ ਨਾ ਖੰਡੀ ਜਾਏ ਤੇ ਜੋ ਬ੍ਰਿਤੀ ਸਰੂਪ ਦੀ ਅਭਿਆਸਨ ਹੋ ਗਈ ਹੈ। ਕਿਸੇ ਤੋਂ ਭੀ ਕਦੇ ਨਸ਼ਟ ਨਾ ਹੋਵੇ। ਮੋਹ ਆਦਿਕ ਸਾਰੇ ਵਿਕਾਰਾਂ ਦੇ ਬਿਘਨਾਂ ਤੋਂ ਜੋ ਬ੍ਰਿਤੀ ਇਕਾਗ੍ਰ ਰਹੇ।

**ਭਾਵਾਰਥ** – ਨਿਧਿਆਸਨ ਕਰਨ ਵਾਲਿਆਂ ਨੂੰ ਹੀ ਨਿਧਿਆਸਨ ਦਾ ਪਤਾ ਹੁੰਦਾ ਹੈ। ਇੱਥੇ ਸਿਆਣੇ ਸੰਤ ਜਨ ਪਦ ਦੁਆਰਾ ਕਵੀ ਜੀ ਖਿਆਲ ਦਿੰਦੇ ਹਨ; ਪ੍ਰਮਾਤਮਾ ਨਾਲ ਜੁੜਨ ਵਾਲਾ ਆਤਮਾ ਤੇ ਅਨਾਤਮਾ ਵਿਚਕਾਰ ਫਰਕ ਸਮਝ ਤੇ ਸਮਝਾ ਸਕਦਾ ਹੈ। ਸਰੀਰ ਆਦਿਕ ਤੋਂ ਭਾਵ ਪ੍ਰਤੱਖ, ਸੂਖਸ਼ਮ ਤੇ ਕਾਰਣ ਸਰੀਰ ਦੀ ਹੋਂਦ ਦਾ ਮਨੁੱਖੀ ਮਨ ਦੀ ਬ੍ਰਿਤੀ ਉੱਪਰ ਖਾਸ ਅਸਰ ਕਥਨ ਕੀਤਾ ਹੈ। ਇਸ ਸਰੀਰਕ ਅਸਰ ਨੂੰ ਦੂਜੇ ਸ਼ਬਦਾਂ ਵਿਚ ਅਨਾਤਮਾਕਾਰ ਪ੍ਰਭਾਵ ਕਿਹਾ ਜਾਂਦਾ ਹੈ। ਇਹਨਾਂ ਪਦਾਰਥਾਂ ਦੇ ਪ੍ਰਭਾਵ ਦੁਆਰਾ ਬ੍ਰਿਤੀ ਦੀ ਬ੍ਰਹਮਾਕਾਰ ਰੂਪਤਾ ਨਸ਼ਟ ਨਾ ਹੋਵੇ; ਭਾਵ ਬ੍ਰਿਤੀ ਆਤਮਾਕਾਰਤਾ ਸਥਿਰ ਰਹੇ। ਸ੍ਰਵਣ, ਮੰਨਨ ਤੇ ਨਿਧਿਆਸਨ ਕਰਨਾ ਹੁੰਦਾ ਹੈ। ਜੋ ਸੰਘਾਤ (ਪਦਾਰਥਕ ਸ੍ਰਿਸ਼ਟੀ) ਹੋਂਦ ਵਿੱਚ ਨਜ਼ਰ ਆ ਰਿਹਾ ਹੈ, ਇਹ ਆਤਮਾ ਦੇ ਆਸਰੇ ਰਹਿੰਦਾ ਹੈ। ਮੋਹ ਆਦਿਕ ਵਿਕਾਰਾਂ ਦੀ ਪ੍ਰਤੀਤੀ ਹੁੰਦਿਆਂ ਭੀ ਆਤਮਾਕਾਰ ਬ੍ਰਿਤੀ ਸਥਾਪਿਤ ਰਹਿੰਦੀ ਹੈ। ਇਹ ਵੀਚਾਰ ਲਿੱਖਣ ਨਾਲੋਂ ਜਿੰਦਗੀ ਵਿੱਚ ਕਮਾਇਆ ਹੀ ਸਮਝ ਪੈਂਦੀ ਹੈ। ਕਵੀ ਜੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਗੁਰਸਿੱਖ ਦੀ ਸਰਧਾ ਨੂੰ ਪ੍ਰਪੱਕ ਕਰਨ ਲਈ ਅੰਕਿਤ ਕਰਦੇ ਹਨ, ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ 'ਜਾਗਤ ਜੋਤ' ਤੇ ਪ੍ਰਤੱਖ ਸਤਿਗੁਰੂ ਹਨ। ਇਹਨਾਂ ਦੀ ਸਰਣ ਵਿੱਚੋਂ ਸਭ ਕੁੱਝ ਹਾਸਿਲ ਕੀਤਾ ਜਾ ਸਕਦਾ ਹੈ। ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਆਤਮ- ਸਾਖਿਆਤਕਾਰਤਾ ਲਈ ਅਭਿਆਸ ਕਰਦਾ ਹੈ; ਗੁਰੂ ਸਾਹਿਬ ਆਪਣੇ ਗੁਰਮੁੱਖ ਪਿਆਰੇ ਦੇ ਜੀਵਨ ਪ੍ਰਤਾਪ ਦੁਆਰਾ ਸਿੱਖ ਦੀ ਭਾਵਨਾ ਨੂੰ ਪੂਰਨ ਕਰਦੇ ਹਨ। 'ਸਿਧਾਂਤਹੀਣ ਕਾਮ' ਸਮਾਜ ਵਿੱਚ ਮਨੁੱਖ ਦੀ ਕਿਤਨੀ ਦੁਰਦਸ਼ਾ ਕਰਦਾ ਹੈ; ਅਸੀਂ ਵੇਖਦੇ ਸੁਣਦੇ ਹਾਂ। ਆਤਮਾਕਾਰ ਬ੍ਰਿਤੀ ਵਾਲੇ ਦੇ ਮਨ ਉੱਪਰ ਇਸ ਦਾ

ਬੁਰਾ ਪ੍ਰਭਾਵ ਨਹੀਂ ਰਹਿੰਦਾ। ਇਸੇ ਪ੍ਰਕਾਰ ਪੰਜੇ ਕਾਮਾਦਿ ਤੋਂ ਆਤਮਾਕਾਰ ਬ੍ਰਿਤੀ ਦੂਸ਼ਿਤ ਨਹੀਂ ਹੁੰਦੀ।

**ਸਤਿ ਸੰਤੋਖ ਆਦਿ ਗੁਨ ਪਾਇ। ਬ੍ਰਹਮ ਬਿਖੈ ਬ੍ਰਿਤਿ ਲਾਗਤਿ ਜਾਇ।**
**ਅਲਖ ਲਖਨ ਕੇ ਹਿਤ ਅਨੁਰਾਗੀ। ਪ੍ਰਥਮ ਲਖਯੋ ਤਿਸ ਤੇ ਹੁਇ ਤਯਾਗੀ॥ ੪॥**

**ਅਰਥ** – ਸਤ ਸੰਤੋਖ ਆਦਿਕ ਗੁਣ ਪ੍ਰਾਪਤ ਕਰਕੇ ਬ੍ਰਹਮ ਵਿੱਚ ਬ੍ਰਿਤੀ ਜੁੜਦੀ ਜਾਂਦੀ ਹੈ। ਅੱਲਖ ਰੂਪ ਨੂੰ ਜਾਨਣ ਲਈ ਪ੍ਰੇਮਵਾਨ ਹੋ ਕੇ (ਪ੍ਰਥਮ) ਪਹਿਲੀ ਅਨਾਤਮ ਰੂਪ ਤੋਂ ਤਿਆਗ ਵਾਨ ਹੋ ਜਾਂਦੀ ਹੈ।

**ਭਾਵਾਰਥ** - 'ਹਿਲੀ' ਪਦ ਅੰਕਿਤ ਕਰਕੇ ਕਵੀ ਜੀ ਬ੍ਰਿਤੀ ਦੀ ਹੋਂਦ ਦਾ ਕਥਨ ਕਰਦੇ ਹਨ। ਜਿਵੇਂ ਸ਼ੀਸਾ ਹੋਂਦਵਾਨ ਤਾਂ ਧਾਤਾਂ/ਅਧਾਤਾਂ ਦੇ ਮਿਸ਼ਰਨ ਤੋਂ ਹੁੰਦਾ ਹੈ; ਪਰ ਪ੍ਰਤੀਬਿੰਬਤ ਕਰਨ ਦੀ ਸਮਰੱਥਾ ਦੇ ਨਾਲ-ਨਾਲ ਮਨੁੱਖੀ ਦੀ ਸੂਖਮ ਤੇ ਦੂਰਦ੍ਰਿਸ਼ਟੀ ਵਿੱਚ ਭੀ ਸਹਾਇਤਾ ਕਰਦਾ ਹੈ। ਇਸ ਤੋਂ ਹੀ ਹੋਂਦਵਾਨ ਹੋਏ ਲੈਂਜ਼ ਦੁਆਰਾ ਟੈਲੀਸਕੋਪ ਤੇ ਮਾਈਕਰੋਸਕੋਪ ਤਿਆਰ ਹੁੰਦੀ ਹੈ। ਹਰ ਇੱਕ ਪਦਾਰਥ ਵਿੱਚ ਇਹ ਸਮਰੱਥਾ ਨਹੀਂ ਹੁੰਦੀ। ਇਵੇਂ ਅੰਤਹਕਰਣ ਬ੍ਰਿਤੀ ਨੂੰ ਅਨਾਤਮ ਤੱਤਾਂ ਦੀ ਸਤੋ ਅੰਸ਼ ਤਿਆਰ ਕਰਦੀ ਹੈ- ਰਜੋ ਤੇ ਤਮੋ ਨਹੀਂ। ਪਰ ਰਜੋ-ਤਮੋ ਦਾ ਪ੍ਰਭਾਵ ਸਤੋ ਦੇ ਦੋ ਰੂਪ ਤਿਆਰ ਕਰਦਾ ਹੈ; ਸ਼ੁੱਧ ਸਤੋ ਗੁਣ ਅਤੇ ਮਲਿਨ ਸਤੋਗੁਣ। ਮਲਿਨ ਸਤੋਗੁਣ ਸੰਸਾਰਿਕ ਗਿਆਨ ਰਾਂਹੀ ਮੋਹਾਦਿ ਨੂੰ ਪੈਦਾ ਕਰਦਾ ਹੈ। ਸ਼ੁੱਧ ਸਤੋਗੁਣ ਆਤਮਾ ਦਾ ਪ੍ਰਤੀਬਿੰਬ ਸੰਭਾਲਦਾ ਹੈ। ਬ੍ਰਿਤੀ ਆਰੂਢ ਚੇਤਨ ਆਪਣੀ ਵਾਸਤਵਿਕਤਾ ਦਾ ਅਨਭਵ ਕਰਵਾ ਦਿੰਦਾ ਹੈ। ਬ੍ਰਿਤੀ ਨੂੰ ਆਪਣੀ ਹੋਂਦ ਦੀ ਥਾਂ ਹੈਸੀਅਤ ਮਹਾਨ ਨਜ਼ਰ ਆਉਣ ਲਗ ਜਾਂਦੀ ਹੈ। ਇਹੀ ਕਾਰਣ ਹੈ, ਆਤਮਨੁਰਾਗੀ ਨੂੰ ਸੰਸਾਰ ਸੱਚੇ ਦੀ ਕੋਠੜੀ ਪ੍ਰਤੀਤ ਹੋਣ ਲੱਗ ਜਾਂਦਾ ਹੈ। ਉਹ ਸਾਰੇ ਸੰਸਾਰ ਦੇ ਪਦਾਰਥਾਂ ਨੂੰ ਤਿਆਗਮਈ ਬ੍ਰਿਤੀ ਤਹਿਤ ਵੇਖ ਕੇ ਸਭ ਦੇ ਦੁੱਖ-ਸੁੱਖ ਆਪਣੇ ਕਰਕੇ ਜਾਣਦਾ ਹੈ। ਦੂਜੇ ਦੇ ਪਦਾਰਥ ਵੇਖ ਕੇ ਦੁਖੀ ਨਹੀਂ ਹੁੰਦਾ ਅਤੇ ਆਪਣੇ ਪਾਸ ਪਦਾਰਥਾਂ ਦੀ ਬਹੁਤਾਤ ਵੇਖ ਕੇ ਹੰਕਾਰੀ ਨਹੀਂ ਹੁੰਦਾ; ਉਸ ਕੋਲ ਸਤ-ਸੰਤੋਖ ਆਦਿ ਦੇ ਪ੍ਰਤਾਪ ਕਰਕੇ ਬ੍ਰਹਮ ਵਿੱਚ ਸੁਰਤਿ ਜੁੜੀ ਰਹਿੰਦੀ ਹੈ। ਬ੍ਰਹਮ ਦੇ ਸਤ ਸੰਤੋਖ ਦਯਾ ਆਦਿ ਗੁਣਾਂ ਦੀ ਪੇਸ਼ਕਾਰੀ ਮਨੁੱਖੀ ਬ੍ਰਿਤੀ ਦੁਆਰਾ ਹੀ ਹੁੰਦੀ ਹੈ। ਇਉਂ ਬ੍ਰਿਤੀ ਅਲੱਖ ਨੂੰ ਜਾਨਣ ਲਈ ਉਤਸ਼ਾਹਿਤ ਰਹਿੰਦੀ ਹੈ।

**ਕਾਰਨ ਕਾਰਜ ਇਕਤਾ ਕਰਨੀ। ਜਲ ਤਰੰਗ ਕੀ ਰੀਤੀ ਬਰਨੀ।**



**ਆਦਿ ਉਕਾਰ ਬਰਣ ਜੇ ਨਾਨਾ। ਮੱਸੁ ਬਿਨਾ ਨਹੀਂ ਕਛੁ ਆਨਾ॥ ੫॥**

**ਅਰਥ** – (ਕਾਰਣ) ਬ੍ਰਹਮ ਤੇ (ਕਾਰਜ) ਜਗਤ ਦੀ ਏਕਤਾ ਰੂਪ ਵਿੱਚ ਸਮਝਣ ਲਈ ਪਾਣੀ ਤੇ ਲਹਿਰਾਂ ਦੀ ਰੀਤ ਦੱਸੀ ਹੈ। ਜਾਂ ਇਉਂ ਜਾਣ ਲਓ ਕਿ ਜਿਵੇਂ ਉੜਾ ਆਦਿਕ ਅੱਖਰ ਲਿੱਖਣ ਲਈ ਸਿਆਹੀ ਵਰਤੀ ਜਾਂਦੀ ਹੈ; ਤਾਂ ਅੱਖਰ ਸਿਆਹੀ ਤੋਂ ਬਾਹਰ ਕੁੱਝ ਭੀ ਨਹੀਂ ਹੁੰਦੇ।

**ਭਾਵਾਰਥ** – ਪੰਜ ਤੱਤਾਂ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ। ਪੰਜ ਤੱਤਾਂ ਦਾ ਕਾਰਣ ਚੇਤਨ (ਬ੍ਰਹਮ) ਹੀ ਹੈ। ਕਾਰਣ ਤੋਂ ਹੀ ਕਾਰਜ ਪੈਦਾ ਹੁੰਦਾ ਹੈ; ਦੋਨਾਂ ਵਿੱਚ ਏਕਤਾ ਨੂੰ ਮਨਫੀ ਕਰਕੇ ਨਹੀਂ ਸੋਚਿਆ ਜਾ ਸਕਦਾ। ਜਿਵੇਂ ਸੋਨੇ ਦੇ ਗਹਿਣੇ ਅਤੇ ਸੋਨੇ ਦੀ ਡਲੀ ਵਿੱਚੋਂ ਸੋਨੇ ਦਾ ਹੀ ਮੁੱਲ ਪੈਂਦਾ ਹੈ। ਜੀਵ ਦੇ ਸਰੀਰ ਦੀ ਕੀਮਤ 'ਸੁਆਸਾਂ ਦੇ ਸਹਿਤ ਚੇਤਨਾ' ਕਰਕੇ ਹੀ ਪੈਂਦੀ ਹੈ। ਇਸ ਅਧਿਆਇ ਵਿੱਚ ਕਵੀ ਜੀ ਨੇ ਅਨਾਤਮ ਰੂਪ ਦੇ ਅਦਾਰ ਆਤਮਾ ਦੀ ਵਿਵੇਚਨਾ ਨੂੰ ਪ੍ਰਮੁੱਖਤਾ ਦਿੱਤੀ ਹੈ। ਮਾਨਸਿਕ ਤੱਲ ਵਿੱਚ ਕੇਵਲ ਅਨਾਤਮਤਾ ਹੀ ਨਹੀਂ ਸਗੋਂ ਆਤਮਤਾ ਦੇ ਆਸਰੇ ਹੀ ਅਨਾਤਮਾ ਪ੍ਰਤੀਤ ਹੁੰਦੀ ਹੈ। ਕਿਉਂਕਿ ਮਾਨਸਿਕ ਸੁਧਾਰ ਲਈ ਅਕਲ ਜਰੂਰੀ ਹੁੰਦੀ ਹੈ। ਅਕਲ ਦੀ ਤਰੱਕੀ ਲਈ ਵਿੱਦਿਆ ਹੁੰਦੀ ਹੈ। ਵਿੱਦਿਆ ਪੜ੍ਹਨ ਲਈ ਦਿਮਾਗ ਦਾ ਖਾਸ ਰੋਲ ਹੁੰਦਾ ਹੈ। ਦਿਮਾਗ ਦਾ ਸਿੱਧਾ ਸੰਬੰਧ ਗਿਆਨ-ਇੰਦ੍ਰਿਆਂ ਨਾਲ ਹੁੰਦਾ ਹੈ। ਮਾਨਸਿਕ ਤਰੱਕੀ ਲਈ ਦਿਮਾਗੀ ਸੰਤੁਲਨ ਹੋਣਾ ਚਾਹੀਦਾ ਹੈ। ਅਨਾਤਮ ਪਦਾਰਥ ਦਾ ਗਿਆਨ ਪ੍ਰਾਪਤ ਕਰਨ ਲਈ 'ਸਤੋਮਯ ਗੁਣ ਦਾ ਕਾਰਜ' ਦਿਮਾਗ ਹੁੰਦਾ ਹੈ। ਮਾਨਸਿਕ ਤੇ ਦਿਮਾਗੀ ਕਾਰਜਸ਼ੀਲਤਾ ਹੱਥ ਦੀ 'ਹਥੇਲੀ ਤੇ ਉਂਗਲਾਂ' ਵਾਂਗ ਇੱਕਸੁਰ ਰਹਿੰਦੀ ਹੈ।

**ਅੰਤਹਿ ਕਰਣ ਬ੍ਰਿਤਿ ਉਠਿ ਜਬੈ। ਹ੍ਵੈ ਅਨਸੂਤ ਚਿੰਤਨ ਕੇ ਤਬੈ।**
**ਨਿਕਸੀ ਬਾਹਰਿ ਲੋਚਨ ਦੁਆਰੇ। ਗੇਯ ਪਦਾਰਥ ਆਗੇ ਸਾਰੇ॥ ੬॥**
**ਤਦਾਕਾਰ ਤਿਨ ਕੇ ਸੰਗ ਹੋਇ। ਪ੍ਰਾਪਤਿ ਗਯਾਨ ਤਬਹਿ ਤਿਹ ਸੋਇ।**
**ਬ੍ਰਿਤ ਅਵਛਿੰਨ ਚਿਤ ਘਟ ਅਵਛਿੰਨ ਚਿਤ। ਦੋਨਹੁੰ ਕੇ ਅਵਰਨ ਸੰਘਾਰ ਕਿਤ॥ ੭॥**
**ਜਬਿ ਇਕਤਾ ਕੋ ਪ੍ਰਾਪਤ ਹੋਇ। ਬਿਖੈ ਅਨੇਕ ਗਯਾਨ ਲਹਿ ਸੋਇ।**
**ਤ੍ਰਿਪੁਟੀ ਗਯਾਤਾ ਗੇਯ ਰੁ ਗਯਾਨ। ਮਿਲਯੋ ਬ੍ਰਹਮ ਸਭਿ ਬਿਖੈ ਸਮਾਨ॥ ੮॥**

**ਅਰਥ** – ਅੰਤਹਕਰਣ ਵਿੱਚੋਂ ਬ੍ਰਿਤੀ ਕੁੱਝ ਕਰਨ ਲਈ ਤਿਆਰ ਹੁੰਦੀ ਹੈ; ਉਸੇ ਵੇਲੇ ਚੇਤਨ ਦੇ ਚਿੰਤਨ ਸਰੂਪ ਨਾਲ ਮਿਲੀ (ਇੱਕਸੁਰ) ਹੋਈ ਹੁੰਦੀ ਹੈ। ਅੱਖਾਂ

ਦੁਆਰਾ ਬਾਹਰ ਨਿਕਲ ਕੇ ਅੱਗੇ ਨਜ਼ਰ ਆਉਣ ਵਾਲੇ ਸਾਰੇ ਪਦਾਰਥ ਗੇਯ (ਜਿਸ ਦਾ ਗਿਆਨ ਹਾਸਿਲ ਕਰਨਾ ਹੋਵੇ) ਹੁੰਦੇ ਹਨ। ਉਹਨਾਂ ਨਾਲ ਇੱਕਸੁਰ ਹੋ ਕੇ ਗਿਆਨ ਹਾਸਿਲ ਹੁੰਦਾ ਹੈ। ਬ੍ਰਿਤੀ ਅਵਿਛੰਨ ਚੇਤਨ ਅਤੇ ਘਟ ਅਵਛਿੰਨ ਚੇਤਨ ਦੀ ਏਕਤਾ ਹੋ ਕੇ

**ਭਾਵਾਰਥ** – ਅੰਤਹਕਰਣ ਵਿੱਚੋਂ ਬ੍ਰਿਤੀ ਉੱਠਦੀ ਹੈ, ਉੱਥੋਂ ਹੀ ਚੇਤਨ ਦੇ ਸਮੇਤ ਹੁੰਦੀ ਹੈ। ਚੇਤਨਾ ਚੇਤਨ ਤੋਂ ਬਿਨਾਂ ਸੰਭਵ ਹੀ ਨਹੀਂ ਹੁੰਦੀ । ਜਿਵੇਂ ਬਿੰਬ ਤੋਂ ਬਿਨਾਂ ਪ੍ਰਤੀਬਿੰਬ ਸੰਭਵ ਹੀ ਨਹੀਂ ਹੁੰਦਾ, ਸ਼ੀਸਾ ਕੇਵਲ ਸਾਧਨ ਮਾਤਰ ਹੀ ਹੁੰਦਾ ਹੈ। ਮਨੁੱਖ ਦਾ 'ਦਿਮਾਗੀ ਤੇ ਮਾਨਸਿਕ' ਸੰਤੁਲਨ ਗਿਆਨ ਵਿੱਚ ਤਰੱਕੀ ਦਾ ਸਾਧਨ ਹੁੰਦਾ ਹੈ। ਗਿਆਨ, ਗੇਯ (ਪਦਾਰਥਾਂ) ਤੋਂ ਪ੍ਰਾਪਤ ਹੁੰਦਾ ਹੈ। ਸਾਡੀ ਬ੍ਰਿਤੀ ਮਾਨਸਿਕ ਇੱਛਾ ਤੇ ਦਿਮਾਗੀ ਤਰਕ ਨਾਲ ਮਿਲ ਕੇ ਗੇਯ ਤੱਕ ਪਹੁੰਚਦੀ ਹੈ। ਜੇ ਗੇਯ ਦਾ ਸਾਨੂੰ ਪਹਿਲਾਂ ਹੀ ਨਾਮ ਰੂਪ ਪਤਾ ਹੋਵੇ ਤਾਂ ਅਸੀਂ ਝੱਟ ਉਸਦਾ ਨਾਮ ਵਗੈਰਾ ਦੱਸ ਦਿੰਦੇ ਹਾਂ। ਜੇ ਗੇਯ ਦਾ ਗਿਆਨ ਨਾ ਹੋਵੇ ਤਾਂ ਉਸਨੂੰ ਆਪਣੀ ਤਰਕ ਦੇ ਅਧਾਰਿਤ ਸਮਝਣ ਲਈ ਯਤਨ ਕਰਦੇ ਹਾਂ। ਗਿਆਨ ਪ੍ਰਾਪਤੀ ਲਈ ਝਗੜੇ ਦਾ ਕਾਰਣ ਵੀ ਤਰਕ ਹੀ ਬਣਦਾ ਹੈ। ਤਰਕ ਹੀ ਨਿੰਦਿਆਂ ਅਤੇ ਅਲੋਚਨਾ ਦਾ ਅਧਾਰ ਬਣਦੀ ਹੈ। ਕਿਸੇ ਦੇ ਔਗੁਣ ਨੂੰ ਯੋਗ ਢੰਗ ਦੇ ਸ਼ਬਦਾਂ ਵਿੱਚ ਬੋਲਣ ਨੂੰ ਅਲੋਚਨਾ ਕਹਿੰਦੇ ਹਨ। ਸਿਆਣੇ ਲੋਕ ਅਲੋਚਨਾ ਦਾ ਸਤਿਕਾਰ ਕਰਦੇ ਹਨ; ਘੱਟ ਅਕਲ ਵਾਲੇ ਲੋਕ ਅਲੋਚਨਾ ਨੂੰ ਬੁਰਾ ਸਮਝਦੇ ਹਨ। ਬਹੁਤਵਾਰ ਅਲੋਚਨਾ ਕਿਸੇ ਦੇ ਜੀਵਨ ਵਿੱਚ ਚੰਗਿਆਈ ਲਈ ਨਹੀਂ ਸਗੋਂ ਸਾਹਮਣੇ ਵਾਲੇ ਨੂੰ ਨੀਵਾਂ ਵਿਖਾਂਉਣ ਲਈ ਕੀਤੀ ਜਾਂਦੀ ਹੈ। ਗਿਆਨ ਦਾ ਖੇਤਰ ਪੂਰੇ ਬ੍ਰਹਮੰਡ ਅੰਦਰ ਸਮਾਇਆ ਹੋਇਆ ਹੈ। ਬ੍ਰਿਤੀ ਗੇਯ ਪਦਾਰਥ ਦਾ ਅਕਾਰ ਧਾਰਨ ਕਰਕੇ ਉਸ ਵਿੱਚ ਲੈ ਹੋ ਜਾਂਦੀ ਹੈ। ਇੱਥੇ ਅਗਿਆਨ ਦਾ ਪੜ੍ਹਦਾ ਕੰਮ ਕਰ ਰਿਹਾ ਹੁੰਦਾ ਹੈ; ਜਿਸ ਕਰਕੇ ਸਾਨੂੰ ਗਿਆਨ ਪ੍ਰਾਪਤ ਕਰਨ ਵਿੱਚ ਕਠਿਨਾਈ ਆਉਂਦੀ ਹੈ। ਪਰ ਅਗਿਆਨ ਦੀ ਹੈਸੀਅਤ ਗਿਆਨ ਕਰਕੇ ਹੀ ਹੁੰਦੀ ਹੈ। ਗਿਆਨਾਕਾਰ ਹੋਣ ਲਈ ਬ੍ਰਿਤੀ 'ਪਦਾਰਥ ਦੇ ਅਕਾਰ' ਦਾ ਰੂਪ ਬਣ ਜਾਂਦੀ ਹੈ। 'ਬ੍ਰਿਤੀ ਚੇਤਨ' ਪਦਾਰਥ ਦੇ ਅਕਾਰ ਦਾ ਸਰੂਪ ਧਾਰਨ ਕਰ ਲੈਂਦਾ ਹੈ। 'ਬ੍ਰਿਤੀ ਚੇਤਨ' 'ਘਟ-ਚੇਤਨ' ਦਾ ਅਕਾਰ ਧਾਰਨ ਕਰ ਲੈਂਦੀ ਹੈ। ਦੋਨਾਂ ਵਿਚਕਾਰ ਅਵਰਨ ਭੰਗ ਹੋ ਜਾਂਦਾ ਹੈ। ਗੇਯ ਨੂੰ ਗਿਆਨ ਰੂਪ ਵਿੱਚ ਪ੍ਰਾਪਤ ਕਰਨ ਵਾਲਾ ਗਿਆਤਾ ਤ੍ਰਿਪੁਟੀ ਦਾ ਰੂਪ ਬਣ ਜਾਂਦਾ ਹੈ। 'ਗਿਆਤਾ ਗਿਆਨ ਗੇਯ'



ਤ੍ਰਿਪਟੀ ਚੇਤਨ ਸਰੂਪ ਹੋ ਜਾਂਦੀ ਹੈ। ਚੇਤਨ, ਸਾਰਿਆਂ ਵਿੱਚ ਬ੍ਰਹਮ ਰੂਪ ਹੋ ਕੇ ਇਕਸਮਾਨ ਹੈ।

**ਜਥਾ ਤਾਲ ਮਹਿਂ ਨੀਰ ਬਿਸਾਲਾ। ਕੂਲ ਕੇ ਦ੍ਵਾਰਾ ਹ੍ਵੈ ਕਰਿ ਚਾਲਾ।**
**ਕਯਾਰੀ ਰੂਪ ਬਨਹਿਂ ਸੋ ਜਾਇ। ਤੀਨਹੁ ਮਹਿਂ ਅਕਾਸ਼ ਇਕ ਭਾਇ॥ ੯॥**
**ਤਾਲ ਕੂਲ ਕਯਾਰੀ ਮੈਂ ਨਭ ਹੈ। ਤਿਮ ਤ੍ਰਿਪਟੀ ਮਹਿਂ ਬ੍ਰਹਮ ਸੁ ਲਭ ਹੈ।**
**ਬਯਾਪਕ ਹੈ ਅਕਾਸ਼ ਕੀ ਨਯਾਇ। ਸਭਿਨਿ ਪ੍ਰਕਾਸ਼ਹਿ ਸਭਿਨੀ ਥਾਂਇ॥ ੧੦॥**
**ਅੰਤਹਿਕਰਣ ਬ੍ਰਿਤਿ ਇਸ ਕੇਰ। ਅਹੈ ਪ੍ਰਕਾਸ਼ਕ ਦੁਹਨ ਬਡੇਰ।**
**ਅਹੰਬ੍ਰਿਤਾਦਿ ਬਿਨਾਂ ਕਿਸ ਕੋਇ ਨ॥ ਆਤਮ ਕੋ ਪ੍ਰਕਾਸ਼ ਸਿਧ ਹੋਇ ਨ॥ ੧੧॥**

**ਅਰਥ** – ਜਿਵੇਂ ਸਰੋਵਰ ਵਿੱਚ ਬਹੁਤ ਪਾਣੀ ਹੁੰਦਾ ਹੈ। ਜਰੂਰਤ ਪੂਰੀ ਕਰਨ ਲਈ ਕੂਲ (ਪਾਣੀ ਵਰਤਣ ਲਈ ਨਹਿਰ ਦੇ ਛੋਟੇ ਅਕਾਰ ਨੂੰ ਕੂਲ ਕਿਹਾ ਜਾਂਦਾ ਹੈ) ਦੇ ਰਾਂਹੀ ਪਾਣੀ ਤੁਰ ਪੈਂਦਾ ਹੈ। ਖ਼੍ਹਾਲ ਦੁਆਰਾ ਪਾਣੀ ਖੇਤ ਦੇ ਅਕਾਰ ਦਾ ਬਣ ਜਾਂਦਾ ਹੈ। ਤਿੰਨ ਅਕਾਰਾਂ ਵਿੱਚ ਅਕਾਸ ਇੱਕ ਹੀ ਤਰ੍ਹਾਂ ਦਾ ਹੈ; ਪਰ ਨਾਮ ਵੱਖ-ਵੱਖ ਹਨ। ਸਰੋਵਰ, ਕੂਲ ਤੇ ਕਿਆਰੀ ਵਿੱਚ ਅਕਾਸ (ਖਾਲੀਪਣ) ਹੀ ਹੈ। ਉਸੇ ਪ੍ਰਕਾਰ ਤ੍ਰਿਪਟੀ ਵਿੱਚ ਬ੍ਰਹਮ ਦੀ ਸਮਝ ਪ੍ਰਾਪਤ ਕਰਨੀ ਹੁੰਦੀ ਹੈ। ਕਿਉਂਕਿ ਬ੍ਰਹਮ ਅਕਾਸ਼ ਦੇ ਨਿਆਂਈ ਸਾਰਿਆਂ ਵਿੱਚ ਵਿਆਪਕ ਤੇ ਪ੍ਰਕਾਸ਼ਨ ਵਾਲਾ ਹੈ। ਅੰਤਹਕਰਣ ਅਤੇ ਅੰਤਹਕਰਣ ਦੀ ਬ੍ਰਿਤੀ ਇਹਨਾਂ ਦੋਨਾਂ ਨੂੰ ਪ੍ਰਕਾਸ਼ ਕਰਨ ਵਾਲਾ ਬ੍ਰਹਮ ਹੀ ਹੈ। ਅਹੰ ਬ੍ਰਿਤੀ ਤੋਂ ਬਿਨਾਂ ਕਿਸੇ ਨੂੰ ਕਿਸੇ ਤਰ੍ਹਾਂ ਭੀ ਆਤਮਾ ਦਾ ਪ੍ਰਕਾਸ਼ ਸਿੱਧ ਨਹੀਂ ਹੁੰਦਾ।

**ਭਾਵਾਰਥ** – ਚੇਤਨ ਦੀ ਵਿਆਪਕ ਵਿਵਸਥਾ ਨੂੰ ਸਮਝਣ ਲਈ ਕਵੀ ਜੀ ਭਾਈ ਦਯਾ ਸਿੰਘ ਜੀ ਦੇ ਮੁਖਾਰਬਿੰਦ ਤੋਂ ਇੱਕ ਦ੍ਰਿਸ਼ਟਾਂਤ ਅੰਕਿਤ ਕਰਕੇ ਆਤਰਿਕ ਗਿਆਨ ਨੂੰ ਸਮਝਣ ਲਈ ਸੁਖਾਲਾ ਰਾਹ ਵਿਖਾਉਂਦੇ ਹਨ। ਜਿਵੇਂ ਜਲ ਦਾ ਤੁਰਨਾ, ਪਾਰਥਿਵ ਸ੍ਰਿਸਟੀ ਦਾ ਵੱਧਣਾ-ਫੁੱਲਣਾ ਖਾਲੀਪਣ (ਸਪੇਸ) ਤੋਂ ਬਿਨਾਂ ਸੰਭਵ ਨਹੀਂ। ਖਾਲੀਪਣ ਜਾਂ ਸਪੇਸ ਨੂੰ ਦਾਰਸ਼ਨਿਕ ਭਾਸ਼ਾ ਵਿੱਚ ਅਕਾਸ ਕਰਕੇ ਜਾਣਿਆ ਜਾਂਦਾ ਹੈ। ਕਿਉਂਕਿ ਅਕਾਸ਼ ਤੋਂ ਹੀ ਪੰਜ ਤੱਤਾਂ ਦੀ ਸ਼ੁਰੂਆਤ ਹੁੰਦੀ ਹੈ। ਅਕਾਸ਼ ਮਾਇਆ ਤੋਂ ਹੋਂਦਵਾਨ ਹੁੰਦਾ ਹੈ। ਸ੍ਰਿਸਟੀ ਨੂੰ ਬਣਾਉਣ ਲਈ ਈਸ਼ਰ ਸਹਾਈ ਹੁੰਦਾ ਹੈ। ਈਸ਼ਰ ਦਾ ਸਰੀਰ ਜੜ੍ਹ ਮਾਇਆ ਜਗਤ ਦਾ ਉਪਾਦਾਨ ਕਾਰਣ ਹੈ; ਚੇਤਨ ਭਾਗ ਨਮਿੱਤ ਕਾਰਣ ਹੈ। ਜਿਵੇਂ ਮੱਕੜੀ ਜਾਲੇ ਦਾ ਉਪਾਦਾਨ ਕਾਰਣ ਤੇ ਨਮਿੱਤ ਕਾਰਣ ਆਪ

ਹੀ ਹੁੰਦੀ ਹੈ। ਈਸਰ ਦੀ ਇੱਛਾ ਮਾਇਆ ਤਮੋਗੁਣ ਪ੍ਰਧਾਨ ਹੁੰਦੀ ਹੈ। ਮਾਇਆ ਦੇ ਤਮੋਗੁਣ ਤੋਂ ਸ਼ਬਦ ਦੀ ਉਤਪਤੀ ਹੁੰਦੀ ਹੈ। ਸ਼ਬਦ ਸਹਿਤ ਅਕਾਸ ਹੋਂਦ ਵਿੱਚ ਆ ਜਾਂਦਾ ਹੈ।ਅਕਾਸ਼ ਤੋਂ ਹਵਾ- ਹਵਾ ਤੋਂ ਅਗਨ, ਅਗਨ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਹੋਂਦ ਵਿੱਚ ਆਉਂਦੀ ਹੈ। (ਵਿਸਥਾਰ ਲਈ ਵੀਚਾਰਸਾਗਰ ਵੇਖੋ) ਇਉਂ ਪੰਜ ਤੱਤਾਂ ਦੀ ਹੋਂਦ ਚੇਤਨਾ ਦੇ ਸਹਾਰੇ ਹੀ ਰਹਿੰਦੀ ਹੈ। ਜਿਵੇਂ ਪਾਣੀ ਸਰੋਵਰ ਤੋਂ ਕੂਲ ਵਿੱਚ ਚੱਲਦਾ ਹੋਇਆ ਕੂਲ ਦੇ ਅਕਾਰ ਦਾ ਰੂਪ ਧਾਰਨ ਕਰ ਲੈਂਦਾ ਹੈ। ਕਿਆਰੇ ਵਿੱਚ ਆ ਕੇ ਚੌਰਸ ਕਿਆਰੇ ਦਾ ਅਕਾਰ ਬਣਾ ਲੈਂਦਾ ਹੈ। ਪਾਣੀ ਦਾ ਵਿਚਰਨ ਖਾਲੀਪਣ (ਸਪੇਸ) ਕਰਕੇ ਹੀ ਹੁੰਦਾ ਹੈ। ਸਾਰੇ ਥਾਵਾਂ ਵਿੱਚ ਅਕਾਸ਼ ਹੈ, ਨਾਮ ਵੱਖੋ-ਵਖਰੇ ਹਨ। ਉਸੇ ਪ੍ਰਕਾਰ ਤ੍ਰਿਪਟੀ ਵਿੱਚ ਬ੍ਰਹਮ ਨੂੰ ਸਮਝਣ ਦਾ ਯਤਨ ਕਰ। ਗਯਾਤਾ ਚੇਤਨ (ਬ੍ਰਹਮ) ਤੋਂ ਬਗੈਰ ਹੋਂਦਵਾਨ ਹੋ ਨਹੀਂ ਸਕਦਾ। ਗੇਯ ਬ੍ਰਹਮ ਤੋਂ ਬਗੈਰ ਨਹੀਂ; ਗਿਆਨ ਦੋਨਾਂ ਦੇ ਸਹਾਰੇ ਰਹਿੰਦਾ ਹੈ। ਅਕਾਸ਼ ਸਾਰਿਆਂ (ਤਾਲ, ਕੂਲ ਤੇ ਕਿਆਰੇ) ਵਿੱਚ ਵਿਆਪਕ ਹੈ; ਅੰਤਹਕਰਣ ਰੂਪ ਤਲਾ ਹੈ, ਬ੍ਰਿਤੀ ਰੂਪ ਕੂਲ ਹੈ, ਘੱਟ ਮਟ ਆਦਿਕ ਕਿਆਰੇ ਹਨ। ਇਹਨਾਂ ਵਿੱਚ ਬ੍ਰਿਤੀ ਦਾ ਜਾਕੇ ਜੋ ਅਕਾਰ ਧਾਰਨ ਕਰਨਾ ਹੈ, ਇਹ ਪਾਣੀ ਜਾਣ ਵਾਂਗ ਹੈ; ਇਹਨਾਂ ਤਿੰਨਾਂ ਵਿੱਚ ਅਕਾਸ਼ ਵਾਂਗ ਬ੍ਰਹਮ ਇੱਕੋ ਹੈ। ਅੰਤਹਕਰਣ ਤੇ ਅੰਤਹਕਰਣ ਦੀ ਬ੍ਰਿਤੀ ਦੋਨਾਂ ਦਾ ਪ੍ਰਕਾਸ਼ ਕਰਨ ਵਾਲਾ ਬ੍ਰਹਮ ਹੈ। ਜਿਵੇਂ ਸਰੀਰ ਤੇ ਸਮਰੱਥਾ (ਤਾਕਤ) ਦੋਨਾਂ ਦੀ ਸਿਰਜਕ ਖੁਰਾਕ (ਭੋਜਨ) ਹੈ। ਪ੍ਰਕਾਸ਼ ਕਰਨ ਵਾਲਾ ਗੁਣ ਆਤਮਾ ਦਾ ਨਹੀਂ ਹੈ; ਅਹੰਬ੍ਰਿਤੀ ਕਰਕੇ ਹੈ। ਕਿਉਂਕਿ ਜੇ ਆਤਮਾ ਦਾ ਪ੍ਰਕਾਸ਼ ਗੁਣ ਕਿਹਾ ਜਾਵੇਗਾ, ਤਾਂ ਪ੍ਰਕਾਸ਼ ਦਾ ਵਿਰੋਧੀ ਭਾਵ ਹਨੇਰਾ ਨੂੰ ਭੀ ਮੰਨਣਾ ਪਵੇਗਾ। ਖੁਰਾਕ ਸਰੀਰ ਵਿੱਚ ਜਾਂਦੀ ਹੈ, ਤਾਕਤ ਕਿਸ ਪ੍ਰਕਾਰ ਪੈਦਾ ਹੁੰਦੀ ਹੈ; ਇਹ ਰਹੱਸ ਹੈ। ਇਸ ਰਹੱਸ ਨੂੰ ਸਮਝਣ ਲਈ ਕੋਈ ਸ਼ਬਦਾਂ ਦਾ ਸਹਾਰਾ ਲੈਣਾ ਪੈਂਦਾ ਹੈ। ਜਿਹਨਾਂ ਨਾਲ ਸਾਨੂੰ ਵੀਚਾਰ ਸਮਝ ਵਿੱਚ ਆ ਜਾਏ। ਬੱਲਬ/ਟਿਊਬ ਪ੍ਰਕਾਸ਼ ਬਿਜਲੀ ਕਰਕੇ ਕਰਦਾ ਹੈ; ਬਿਜਲੀ ਪ੍ਰਕਾਸ਼ ਨਹੀਂ ਕਰਦੀ। ਸਗੋਂ ਬਿਜਲੀ ਸਮਰੱਥਾ ਪੈਦਾ ਕਰਦੀ ਹੈ, ਕੋਈ ਇਸਨੂੰ ਪ੍ਰਕਾਸ਼ ਲਈ ਵਰਤ ਲਵੇ, ਕੋਈ ਧਰਤੀ ਵਿੱਚੋਂ ਪਾਣੀ ਪ੍ਰਾਪਤ ਕਰਨ ਲਈ ਵਰਤ ਲਵੇ।

**ਅਹੰਬ੍ਰਿਤਾਦਿ ਜੁਗਤ ਚਿਤ ਹੋਇ। ਤਬਹਿ ਪ੍ਰਕਾਸ਼ ਹੋਤਿ ਹੈ ਸੋਇ।**
**ਬਯਾਪਕ ਅਪਰ ਪ੍ਰਕਾਸ਼ਕ ਭਾਵ। ਵਾਸਤਵ ਬ੍ਰਹਮ ਮਹਿੰ ਨਹੀਂ ਲਖਾਵ॥ ੧੨॥**
**ਵਾਸਤਵ ਆਤਮ ਤਤ ਨਿਰੰਕਾਰ। ਨਿਰਵਿਕਲਪ ਅਰੁ ਬਿਨਾ ਵਿਕਾਰ।**



**ਅਹੰ ਅਹੰ ਕੀ ਬ੍ਰਿਤੀ ਸਬੈ। ਹੋਇ ਸਬੰਧ ਤਦਾਤਮ ਜਬੈ॥ ੧੩॥**

**ਅਰਥ** - ਚੇਤਨ ਜਦੋਂ ਅਹੰ ਬ੍ਰਿਤੀ ਸਹਿਤ ਹੋਵੇ, ਤਦੋਂ ਹੀ ਉਸ ਚੇਤਨ ਦਾ ਪ੍ਰਕਾਸ਼ ਹੁੰਦਾ ਹੈ। ਵਿਆਪਕ ਤੇ ਪ੍ਰਕਾਸ਼ਕ ਭਾਵ ਵਾਸਤਵ ਬ੍ਰਹਮ ਵਿੱਚ ਨਹੀਂ ਹਨ; ਇਹ ਉਪਾਧੀ ਕਰਕੇ ਹਨ। ਜੋ ਵਾਸਤਵ ਆਤਮ ਤੱਤ ਹੈ, ਸੋ ਨਿਰਾਕਾਰ ਹੈ, ਨਿਰਵਿਕਲਪ ਅਤੇ ਵਿਕਾਰ ਰਹਿਤ ਹੈ। ਅਹੰ ਅਹੰ ਦੀ ਬ੍ਰਿਤੀਆਂ ਦਾ ਜੋ ਸਮੁਦਾਇ ਹੈ; ਜਦੋਂ ਇਹਨਾਂ ਦਾ ਤਦਾਤਮ ਸੰਬੰਧ ਹੋ ਜਾਂਦਾ ਹੈ।

**ਭਾਵਾਰਥ** - ਬਿਜਲੀ ਜਦੋਂ ਬੱਲਬ ਦਾ ਸਹਾਰਾ ਪ੍ਰਾਪਤ ਕਰਦੀ ਹੈ, ਤਦੋਂ ਪ੍ਰਕਾਸ਼ ਕਰਦੀ ਹੈ। ਜਦੋਂ ਅਹੰ ਬ੍ਰਿਤੀ ਦਾ ਆਤਮਾ ਨਾਲ ਸਬੰਧ ਹੁੰਦਾ ਹੈ, ਤਦੋਂ ਅਹੰ ਬ੍ਰਿਤੀ ਕਰਮ ਕਰਨ ਦੇ ਯੋਗ ਹੁੰਦੀ ਹੈ। ਅਹੰਬ੍ਰਿਤੀ ਹੀ ਗਿਆਤਾ-ਗਿਆਨ-ਗੇਯ ਰੂਪ ਤ੍ਰਿਪਟੀ ਬਣ ਕੇ ਕਾਰਜਸ਼ੀਲ ਹੁੰਦੀ ਹੈ। ਬਿਜਲੀ ਤੋਂ ਬਿਨਾਂ ਬੱਲਬ ਦੀ ਖੋਜ ਨਹੀਂ ਹੋਣੀ ਸੀ; ਬੱਲਬ ਤੋਂ ਬਿਨਾਂ ਪ੍ਰਕਾਸ਼ ਨਹੀਂ ਹੋਣਾ। ਕਿਉਂਕਿ ਬਲਬ ਦੀ ਖੋਜ ਕੇਵਲ ਪ੍ਰਕਾਸ਼ ਲਈ ਹੋਈ ਹੈ, ਖੋਜ ਦੀ ਜ਼ਰੂਰਤ ਬਿਜਲੀ ਦੀ ਹੋਂਦ ਕਰਕੇ ਹਨੇਰੇ ਨੂੰ ਦੂਰ ਕਰਨ ਲਈ ਪਈ ਹੈ। ਬਿਜਲੀ ਤੇ ਬਲਬ ਨੂੰ ਵੱਖ-ਵੱਖ ਕਰਕੇ ਤਰੱਕੀ ਸੰਭਵ ਹੀ ਨਹੀਂ ਹੈ। ਆਤਮਾ ਤੇ ਅਹੰਬ੍ਰਿਤੀ ਨੂੰ ਵੱਖ-ਵੱਖ ਕਰਕੇ ਸਮਝ ਆ ਹੀ ਨਹੀਂ ਸਕਦੀ। ਬ੍ਰਹਮ ਦੇ ਸਹਾਰੇ ਸਾਰਾ ਸੰਘਾਤ ਹੋਂਦ ਵਿੱਚ ਆਉਂਦਾ ਹੈ। ਬ੍ਰਹਮ ਵਿੱਚ ਵਿਆਪਕ ਤੇ ਪ੍ਰਕਾਸ਼ਕ ਭਾਵ ਨਹੀਂ ਬੱਲਬ ਵਾਂਗ ਅਹੰਬ੍ਰਿਤੀ ਕਰਕੇ ਇਹ ਗੁਣ ਨਜ਼ਰ ਆਉਂਦੇ ਹਨ। ਯਥਾਰਥ ਵਿੱਚ ਨਿਰੰਕਾਰ ਦਾ ਤੱਤ ਆਤਮ ਰੂਪ ਨਿਰਵਿਕਲਪ ਤੇ ਨਿਰਵਿਕਾਰ ਹੁੰਦਾ ਹੈ। ਸਾਰੇ ਗੁਣਾਂ ਦੀ ਪੇਸ਼ਕਾਰੀ ਅੰਹਬ੍ਰਿਤੀ ਦੇ ਸਹਾਰੇ ਹੁੰਦੀ ਹੈ। ਚੰਗੇ ਗੁਣਾਂ ਦੀ ਪੇਸ਼ਕਾਰੀ ਲਈ ਚੰਗਿਆਈ ਅਧਾਰਿਤ ਵੀਚਾਰ ਦਾ ਸਦਾ ਪ੍ਰਸਾਰ ਕਰਨਾ ਪੈਂਦਾ ਹੈ। ਬੱਲਬ ਤੋਂ ਦੁਧੀਆ (ਸਫੈਦ) ਪ੍ਰਕਾਸ਼ ਹਾਸਲ ਕਰਨ ਲਈ ਫਲੋਰੀਸੈਂਟ ਬੱਲਬ ਬਣਾਉਣਾ ਪਵੇਗਾ। ਅਹੰਬ੍ਰਿਤੀ ਨੂੰ ਭਗਤੀਭਾਵ ਵਿੱਚ ਸਥਾਪਿਤ ਕਰਕੇ ਹੀ ਚੰਗੇ-ਵੀਚਾਰ ਪ੍ਰਾਪਤ ਕੀਤੇ ਜਾ ਸਕਦੇ ਹਨ। ਭਗਤੀਭਾਵ ਦੀ ਇਸ ਅਵਸਥਾ ਨੂੰ ਹੀ ਨਿਧਿਆਸਨ ਕਿਹਾ ਜਾਂਦਾ ਹੈ।

**ਜਥਾ ਲੋਹੇ ਕੇ ਗੋਲੇ ਸੰਗ। ਅਗਨਿ ਤਦਾਤਮ ਹੁਇ ਇਕ ਰੰਗ।**
**ਪਾਇ ਅਗਨਿ ਕੇ ਗੁਨ ਕੋ ਲੋਹਾ। ਤ੍ਰਿਣ ਆਦਿਕ ਕੋ ਦਾਹਤਿ ਓਹਾ॥ ੧੪॥**
**ਆਤਮ ਅਹੰ ਸਬੰਧ ਕੋ ਪਾਇ। ਬਯਾਪਕ ਅਪਰ ਪ੍ਰਕਾਸ਼ਕ ਤਾਇ।**
**ਇੱਤਯਾਦਿਕ ਨਿਤਪ੍ਰਤਿ ਬਿਚਾਰੈ। ਨਿੱਧਯਾਸਨਿ ਕੋ ਨੀਕੇ ਧਾਰੇ॥ ੧੫॥**

**ਅਰਥ** – ਜਿਵੇਂ ਲੋਹੇ ਦੇ ਗੋਲੇ ਦੀ ਅਗਨ ਨਾਲ ਸੰਗਤ ਹੋਣ ਕਰਕੇ ਲੋਹਾ ਅਗਨ ਦਾ ਗੁਣ ਧਾਰਨ ਕਰ ਲੈਂਦਾ ਹੈ। ਕੱਖ ਆਦਿਕ ਨੂੰ ਸਾੜ ਕੇ ਸੁੱਟ ਦਿੰਦਾ ਹੈ। ਇਸੇ ਪ੍ਰਕਾਰ ਆਤਮਾ ਅਹੰ ਦਾ ਸੰਗ ਪ੍ਰਾਪਤ ਕਰਕੇ ਭਗਤੀ ਰੂਪ ਤਪਸ ਧਾਰਨ ਕਰ ਲੈਂਦੀ ਹੈ। ਇਉਂ ਭਗਤੀਭਾਵ ਵਾਲੀ ਬ੍ਰਿਤੀ ਰੂਪ ਵੀਚਾਰ ਨੂੰ ਨਿੱਤਪ੍ਰਤੀ ਵੀਚਾਰਨਾ ਕਰੇ; ਨਿਧਿਆਸਨ ਨੂੰ ਚੰਗੀ ਤਰ੍ਹਾਂ ਧਾਰਨ ਕਰੇ।

**ਭਾਵਾਰਥ** – ਕਵੀ ਜੀ ਨੇ ਲੋਹੇ ਤੇ ਅਗਨ ਦੇ ਦ੍ਰਿਸ਼ਟਾਂਤ ਦੁਆਰਾ ਅਹੰਬ੍ਰਿਤੀ ਤੇ ਆਤਮਾ ਦੇ ਕਾਰਜ ਖੇਤਰ ਦੀ ਵਿਆਖਿਆ ਕੀਤੀ ਹੈ। ਜਿਸ ਤਰ੍ਹਾਂ ਲੋਹੇ ਦੇ ਗੋਲੇ ਨਾਲ ਅੱਗ ਦਾ ਜਦ ਤਦਾਤਮ ਸਬੰਧ ਹੁੰਦਾ ਹੈ (ਤਾਂ ਉਹ ਲੋਹਾ ਅੱਗ ਨਾਲ) ਇੱਕ ਰੰਗ (ਲਾਲ ਹੀ ਲਾਲ) ਹੋ ਜਾਂਦਾ ਹੈ ਤਦੋਂ ਅਗਨੀ ਦੇ ਗੁਣ (ਤਪਤ) ਨੂੰ ਪ੍ਰਾਪਤ ਹੋਇਆ ਲੋਹਾ ਜਦੋਂ ਕੱਖਾਂ ਆਦਿਕ ਵਿੱਚ ਰੱਖਿਆ ਜਾਂਦਾ ਹੈ ਤਾਂ ਉਹ ਕੱਖਾਂ ਨੂੰ ਸਾੜ ਦਿੰਦਾ ਹੈ। ਕਿਉਂਕਿ ਲੋਹੇ ਨੇ ਅੱਗ ਦੇ ਸਾੜਣ ਵਾਲੇ ਗੁਣ ਨੂੰ ਪੂਰਨ ਰੂਪ ਵਿੱਚ ਧਾਰਨ ਕੀਤਾ ਹੁੰਦਾ ਹੈ।ਆਤਮਾ ਅਹੰ ਦਾ ਸਬੰਧ ਪ੍ਰਾਪਤ ਕਰਕੇ ਬਿਆਪਕ ਤੇ ਪ੍ਰਕਾਸ਼ਕ ਦੇ ਗੁਣ ਧਾਰਨ ਕਰਦੀ ਹੈ। ਅਹੰ ਬ੍ਰਿਤੀ ਆਰੂਢ ਚੇਤਨ ਹੀ ਆਤਮਾ ਦੀ ਪ੍ਰਤੀਤੀ ਦਾ ਸਬੱਬ ਬਣਦਾ ਹੈ। ਇਹੀ ਚੇਤਨ ਗਿਆਨ ਦੀ ਅਗਨ ਰੂਪ ਹੋ ਕੇ ਅਗਿਆਨ ਰੂਪ ਘਾਹ ਫੂਸ ਨੂੰ ਖਤਮ ਕਰਨ ਵਿੱਚ ਸਹਾਈ ਹੁੰਦਾ ਹੈ। ਚੇਤਨ ਬ੍ਰਿਤੀ ਹੀ ਅਗਿਆਨ ਵਿਰੋਧੀ ਹੁੰਦੀ ਹੈ; ਚੇਤਨ ਵਿੱਚ ਅਗਿਆਨ/ਗਿਆਨ ਸੰਭਵ ਹੀ ਨਹੀਂ ਹੁੰਦਾ।

**ਤੀਨ ਸਰੀਰਨ ਤੇ ਮੈਂ ਨਜਾਰੋ। ਤੀਨ ਅਵਸਥਾ ਸਾਖੀ ਧਾਰੋ।**
**ਨਿੱਤ ਸੁੱਧ ਹੈ ਗਜਾਨ ਸਰੂਪ। ਇਕ ਰਸ ਅਚਲ ਅਨੰਦ ਅਨੂਪ॥ ੧੬॥**
**ਇਸ ਬਿਧਿ 'ਪ੍ਰੋਖ ਗਜਾਨ' ਹੁਇ ਆਵੈ। ਤਨ ਅਭਿਮਾਨ ਖੀਨ ਹੁਇ ਜਾਵੈ।**

**ਅਰਥ** – ਮੈਂ ਤਿੰਨੇ ਸਰੀਰਾਂ ਤੋਂ ਨਿਆਰਾ ਹਾਂ, ਤਿੰਨੇ ਅਵਸਥਾਵਾਂ ਦਾ ਸਾਖੀ ਹਾਂ। ਮੇਰਾ ਸਰੂਪ ਨਿੱਤ ਸ਼ੁੱਧ, ਗਿਆਨ ਰੂਪ, ਇੱਕਰਸ ਅਚਲ, ਅਨੰਦ ਅਤੇ ਉਪਮਾ ਤੋਂ ਪਰ੍ਹੇ ਹੈ। ਇਸ ਤਰ੍ਹਾਂ ਦਾ ਗਿਆਨ ਪਰੋਖ ਗਿਆਨ ਹੋ ਜਾਂਦਾ ਹੈ; ਤਨ ਅਭਿਮਾਨ ਨਸ਼ਟ ਹੋ ਜਾਂਦਾ ਹੈ।

**ਭਾਵਾਰਥ** – ਅਹੰਬ੍ਰਿਤੀ ਦੇ ਆਤਮਬ੍ਰਿਤੀ ਰੂਪ ਲਈ ਮੈਂ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਆਤਮਬ੍ਰਿਤੀ ਤਿੰਨਾਂ ਸਰੀਰਾਂ ਤੋਂ ਨਿਆਰੀ ਭੀ ਹੈ, ਤਿੰਨੇ ਅਵਸਥਾਵਾਂ ਦੀ ਗਵਾਹੀ ਅਤੇ ਸਹਾਰਾ ਹੁੰਦੀ ਹੈ। ਤਿੰਨੇ ਅਵਸਥਾਵਾਂ ਵਿੱਚ ਸ਼ਾਬਦਿਕ



ਗਿਆਨ ਪ੍ਰਾਪਤ ਹੁੰਦਾ ਹੈ। ਸ਼ਾਬਦਿਕ ਗਿਆਨ ਜੀਵ ਨੂੰ 'ਬ੍ਰਹਮ ਹੈ' ਦਾ ਗਿਆਨ ਕਰਵਾਉਣ ਵਿੱਚ ਸਹਾਈ ਹੁੰਦਾ ਹੈ। ਬ੍ਰਹਮ ਦੇ ਵਿਸ਼ੇਸਣ ਅਤੇ ਉਹਨਾਂ ਦੀ ਸਾਰਥਿਕਤਾ ਦਾ ਨਿਰਣੇ ਭੀ ਇਸੇ ਅਵਸਥਾ ਦਾ ਖੇਤਰ ਹੈ। ਬ੍ਰਹਮੰਡ ਦੇ ਅੰਦਰ-ਬਾਹਰ ਬ੍ਰਹਮ ਇੱਕ ਰਸ ਭਰਪੂਰ ਹੈ। ਬ੍ਰਹਮ ਸ਼ਬਦ ਦਾ ਵਾਚਯ-ਅਰਥ ਸੌਪਾਧਿਕ ਹੈ; ਇਸ ਦੇ ਅੱਗੇ ਦੋ ਭੇਦ ਹਨ- ਅਪੇਕਿਸ਼ਕ ਤੇ ਨਿਰਪੇਕਸ਼ਕ (ਵਿਸਥਾਰ ਨਾਲ ਵੇਖਣ ਲਈ ਵੀਚਾਰਸਾਗਰ ਦੇ ਚੌਥੇ ਸਤਰੰਗ ਦਾ ੯੪ ਪੰਨਾ ਵੇਖੋ)। 'ਮਾਇਆ ਵਿਸ਼ਸਟਕ' 'ਬ੍ਰਹਮ' ਸ਼ਬਦ ਦਾ ਵਾਚਯ ਅਰਥ ਹੈ ਅਤੇ 'ਸ਼ੁੱਧ ਚੇਤਨ' ਲਕਸ਼ ਅਰਥ ਹੈ। 'ਬ੍ਰਹਮ ਹੈ' ਦੇ ਅਰਥ ਹਨ, ਕਿ ਵਿਸ਼ੇਸ਼ਣਾਂ ਦੇ ਕਥਨ ਅਨੁਸਾਰ ਕੋਈ ਐਸੀ ਹੈਸੀਅਤ, ਜਿਹੜੀ ਸੰਸਾਰ ਦੇ ਸੰਘਾਤ ਨੂੰ ਚਲਾ ਰਹੀ ਹੈ। ਜਿਸਨੇ ਬ੍ਰਹਮ ਨੂੰ ਆਪਣੀ ਜ਼ਿੰਦਗੀ ਵਿੱਚ ਅਨਭਵ ਨਹੀਂ ਕੀਤਾ, ਉਸ ਲਈ ਉਤਸ਼ਾਹ ਦਾ ਕਾਰਣ ਬਣ ਜਾਂਦਾ ਹੈ। ਜਿਵੇਂ ਕਸ਼ਮੀਰ ਵਿੱਚ ਬਰਫ ਪੈਂਦੀ ਹੈ; ਧਰਤੀ ਉੱਪਰ ਬਰਫ ਕਿਵੇਂ ਟਿਕਦੀ ਹੈ ਇਹ ਵੇਖਿਆ ਨਹੀਂ ਤਾਂ ਫਰਿਜ਼ ਵਿੱਚ ਤਿਆਰ ਬਰਫ ਠੰਡਕ ਦਾ ਅਹਿਸਾਸ ਕਰਵਾ ਦਿੰਦੀ ਹੈ। ਬਰਫ ਦਾ ਠੰਡਕ ਵਾਲਾ ਗੁਣ ਸ਼ਪੱਸਟ ਹੋ ਜਾਂਦਾ ਹੈ; ਇਵੇਂ 'ਬ੍ਰਹਮ ਹੈ' ਦਾ ਚੇਤਨ ਰੂਪ ਵਿਸ਼ੇਸਣਿਕ ਗੁਣਾਂ ਦੁਆਰਾ ਪ੍ਰਗਟ ਹੋ ਜਾਂਦਾ ਹੈ। ਜਿਸ ਨੂੰ ਗੁਣ-ਕੌਸ਼ਲ ਮਿਲ ਜਾਵੇ, ਉਸ ਦੇ ਜੀਵਨ ਵਿੱਚੋਂ ਔਗੁਣ ਖਤਮ ਹੋ ਜਾਂਦੇ ਹਨ। ਔਗੁਣਾਂ ਦਾ ਬਾਪ ਤਨ-ਅਭਿਮਾਨ ਭੀ ਨਸ਼ਟ ਹੋ ਜਾਂਦਾ ਹੈ। ਆਤਮਾ ਨਿਆਰਾ ਹੋ ਕੇ ਸਾਰੇ ਸੰਘਾਤਕ ਕਾਰਜ ਸਵਾਰ ਦਿੰਦਾ ਹੈ।

**ਅਰੁ ਜਬਿ ਮਨਨ ਨਿੱਧਜਾਸਨਿ ਦੁਾਰਾ। ਹੋਤਿ ਭਯੋ ਸੱਖਜਾਤ ਉਦਾਰਾ॥ ੧੭॥**
**ਬ੍ਰਹਮਾਕਾਰ ਬ੍ਰਿੱਤਿ ਦ੍ਰਿੜ ਭਈ। ਮੂਲ ਅਵਿੱਦਜਾ ਛੈ ਹੁਇ ਗਈ।**
**ਤਨ ਅਭਿਮਾਨ ਕਹਾਂ ਪੁਨ ਰਹੈ। ਅਪਨ ਸਰੂਪ ਜਥਾਰਥ ਲਹੈ॥ ੧੮॥**

**ਅਰਥ** – ਅਤੇ ਜਦੋਂ ਮਨਨ ਤੇ ਨਿਧਿਆਸਨ ਦੁਆਰਾ ਅਪਰੋਖ ਗਿਆਨ ਹੋ ਜਾਂਦਾ ਹੈ। ਬ੍ਰਿਤੀ ਬ੍ਰਹਮਾਕਾਰ ਰੂਪ ਵਿੱਚ ਪ੍ਰਪੱਕ ਹੋ ਜਾਂਦੀ ਹੈ। ਇੱਥੇ ਮੂਲ ਅਵਿੱਦਿਆ ਨਸ਼ਟ ਹੋ ਜਾਂਦੀ ਹੈ। ਤਦੋਂ ਤਨ ਅਭਿਮਾਨ ਕਿੱਥੇ ਰਹੇਗਾ, ਉਸਨੂੰ ਆਪਣਾ ਯਥਾਰਥ ਰੂਪ ਪ੍ਰਾਪਤ ਹੋ ਜਾਂਦਾ ਹੈ।

**ਭਾਵਾਰਥ** – ਮਨਨ ਤੇ ਨਿਧਿਆਸਨ ਰਾਂਹੀ ਹੀ ਅਪਰੋਕਸ਼ ਗਿਆਨ ਹਾਸਿਲ ਹੁੰਦਾ ਹੈ। 'ਬ੍ਰਹਮ ਹੈ' 'ਪਰੋਕਸ਼ ਗਿਆਨ' ਅਭਿਆਸ ਦੁਆਰਾ ਅਪਰੋਕਸ਼ ਵਿੱਚ ਸਥਾਪਿਤ ਹੋ ਜਾਂਦਾ ਹੈ। ਬ੍ਰਹਮਕਾਰ ਬ੍ਰਿਤੀ ਲਈ ਵੇਦਾਂਤ ਪ੍ਰਕਰਣ ਹੁੰਦਾ ਹੈ; ਪਰ

ਕਵੀ ਜੀ ਗੁਰੂ ਸਾਹਿਬਾਨ ਜੀ ਦੇ ਪਰਉਪਕਾਰ ਰੂਪ ਵਿੱਚ ਭਗਤੀਭਾਵ ਦੁਆਰਾ ਵੀਚਾਰਧਾਰਕ ਪ੍ਰਪੱਕਤਾ ਹਾਸਿਲ ਕੀਤੀ ਜਾ ਸਕਦੀ ਹੈ। ਭਗਤੀ ਕਰਦਿਆਂ-ਕਰਦਿਆਂ ਭਗਤ ਭਗਤੀ ਸਰੂਪ ਹੀ ਬਣ ਜਾਂਦਾ ਹੈ। ਉਸ ਨੂੰ ਆਪਣੀ ਜਿੰਦਗੀ ਸਰੀਰ ਨਹੀਂ ਸਿਧਾਂਤ ਹੀ ਲੱਗਣ ਲੱਗ ਜਾਂਦੀ ਹੈ। ਉਸ ਲਈ ਦਿਨ-ਰਾਤ ਦੀ ਕੋਈ ਕੀਮਤ ਨਹੀਂ; ਸਗੋਂ ਸੁਆਸ ਸੁਆਸ ਦੀ ਕੀਮਤ ਨੂੰ ਸਫਲਾਉਣਾ ਉਸਦਾ ਮੁੱਖ ਪ੍ਰਯੋਜਣ ਬਣ ਜਾਂਦਾ ਹੈ। ਇਉਂ ਸਰੀਰ ਅਤੇ ਨਜ਼ਰ ਆਉਣ ਵਾਲੇ ਪਦਾਰਥ ਅਵਿੱਦਿਆ ਕਰਕੇ ਹੋਂਦਵਾਨ ਹੁੰਦੇ ਹਨ। ਇਹ ਅਵਿੱਦਿਆ ਘੱਟ ਮਟ ਆਦਕ ਜੜ ਪਦਾਰਥ ਉਪਹਿਤ ਚੇਤਨ ਨੂੰ ਢੱਕਣ ਕਰਕੇ ਤੂਲਾਵਿੱਦਿਯਾ ਕਹੀ ਜਾਂਦੀ ਹੈ। ਇਸਨੂੰ ਅਵਸਥਾਗਿਆਨ ਭੀ ਕਿਹਾ ਜਾਂਦਾ ਹੈ। ਸ਼ੁੱਧ ਚੇਤਨ ਨੂੰ ਢੱਕਣ ਕਰਕੇ ਮੂਲਾ ਅਵਿੱਦਿਆ ਕਹੀ ਜਾਂਦੀ ਹੈ। ਜਿਵੇਂ ਬਲਬ ਨੂੰ ਢੱਕ ਦਿੱਤਾ ਜਾਏ ਤਾਂ ਉਸ ਦਾ ਪ੍ਰਕਾਸ਼ ਨਜ਼ਰ ਨਹੀਂ ਆਉਂਦਾ; ਜਦੋਂ ਢੱਕਣ ਦੂਰ ਕਰ ਦਿੱਤਾ ਜਾਏ ਤਾਂ ਪ੍ਰਕਾਸ਼ ਫਿਰ ਨਜ਼ਰ ਆਉਣ ਲਗ ਜਾਂਦਾ ਹੈ। ਬ੍ਰਹਮਾਕਾਰ ਬ੍ਰਿਤੀ ਪ੍ਰਪੱਕਤਾ ਧਾਰਨ ਕਰ ਲਵੇ ਤਦੋਂ ਤਿੰਨੇ ਸਰੀਰਾਂ ਦੀ ਹੋਂਦ ਕਾਇਮ ਕਰਨ ਵਾਲੀ ਅਵਿੱਦਿਆ ਨਸ਼ਟ ਹੋ ਜਾਂਦੀ ਹੈ। ਬ੍ਰਿਤੀ ਦੀ ਪੈਦਾਇਸ਼ ਅੰਤਹਕਰਣ ਤੋਂ ਹੈ। ਅੰਤਹਕਰਣ ਚੇਤਨ ਦੀ ਉਪਾਧੀ ਬਣ ਕੇ ਬ੍ਰਿਤੀ ਸਿਰਜਕ ਹੋ ਜਾਂਦਾ ਹੈ; ਇਸਨੂੰ ਹੀ ਆਤਮ-ਬ੍ਰਿਤੀ/ ਚੇਤਨ ਬ੍ਰਿਤੀ ਕਿਹਾ ਜਾਂਦਾ ਹੈ। ਜੋ ਵਸਤੂ ਜਿੰਨੇ ਥਾਂ ਵਿੱਚ ਆਪ ਹੋਵੇ, ਉਸ ਦੇਸ਼ ਵਿੱਚ ਸਥਿਤ ਵਸਤੂ ਨੂੰ ਜਣਾਵੇ ਅਤੇ ਆਪ ਵੱਖ ਰਹੇ ; ਉਸਨੂੰ ਉਪਾਧੀ ਕਹਿੰਦੇ ਹਨ। ਦੂਜੇ ਲਫਜ਼ਾਂ ਵਿੱਚ 'ਜਿਸ ਵਸਤੂ ਦਾ ਸਰੂਪ ਵਿਖੇ ਪ੍ਰਵੇਸ਼ ਨਾ ਹੋਵੇ ਅਤੇ ਵਿਆਵਰਤਕ ਹੋਵੇ, ਸੋ ਉਪਾਧੀ ਕਹੀਏ ਹੈ।-ਵੀਚਾਰਸਾਗਰ' ਅੰਤਹਕਰਣ ਦੇ ਉਪਾਧਿਤ ਰੂਪ ਤੋਂ ਚੇਤਨ-ਬ੍ਰਿਤੀ ਵੈਰਾਗ-ਤਿਆਗ ਧਾਰਨ ਕਰ ਰੱਖਦੀ ਹੈ। ਜਿਵੇਂ ਮਨੁੱਖ ਸਰੀਰ ਉੱਪਰ ਲੱਗੇ ਜਖਮ ਨੂੰ ਠੀਕ ਕਰਨ ਲਈ ਇਲਾਜ਼-ਪ੍ਰਹੇਜ਼ ਧਾਰਨ ਕਰਕੇ ਰੱਖਦਾ ਹੈ। ਇਹ ਯਥਾਰਥ ਰੂਪ ਨੂੰ ਸੰਭਾਲ ਕੇ ਰੱਖਣ ਦਾ ਵੀਚਾਰਧਾਰਕ ਪ੍ਰਕਾਰ ਹੈ। ਐਸੀ ਅਵਸਥਾ ਵਿੱਚ ਤਨ-ਅਭਿਮਾਨ ਨਹੀਂ ਰਹਿੰਦਾ।

**ਉਰ ਸਿਮਰਣ ਆਤਮ ਵਿੱਗਯਾਨ। ਗਯਾਨ ਵਿੱਗਯਾਨ ਪ੍ਰਕਾਸ਼ ਮਹਾਨ।**

**ਅਰਥ** - ਹਿਰਦੇ ਵਿੱਚ ਸਿਮਰਨ (ਨਿਧਿਆਸਨ) ਨਾਲ ਆਤਮ ਸਾਖਯਾਤਕਾਰ ਹੋ ਜਾਂਦਾ ਹੈ। ਗਿਆਨ= ਪ੍ਰੋਖ ਗਿਆਨ, ਵਗਿਆਨ= ਅਪ੍ਰੋਖ ਗਿਆਨ ਦਾ ਮਹਾਨ ਪ੍ਰਕਾਸ਼ ਹੋ ਜਾਂਦਾ ਹੈ।



**ਭਾਵਾਰਥ** - ਅਵਿੱਦਿਆ ਕਰਕੇ ਅਹੰ-ਬ੍ਰਿਤੀ ਹੋਂਦ ਵਿੱਚ ਆਉਂਦੀ ਹੈ; ਵਿੱਦਿਆ ਦੁਆਰਾ ਸ਼ੁੱਧ-ਬ੍ਰਿਤੀ 'ਅਵਿਦਿਅਕ ਅਹੰ-ਬ੍ਰਿਤੀ' ਨੂੰ ਨਸ਼ਟ ਕਰ ਦਿੰਦੀ ਹੈ। ਮੂਲਾ ਤੇ ਤੂਲਾ ਅਵਿੱਦਿਆ ਪੂਰੇ ਸੰਘਾਤ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਦੀ ਹੈ। ਮਨੁੱਖੀ ਸਰੀਰ ਤੇ ਸਿਧਾਂਤ ਦੋ ਵੱਖ-ਵੱਖ ਪਹਿਲੂ ਹਨ; ਜਿਹਨਾਂ ਦੇ ਸਹਾਰੇ ਜਿੰਦਗੀ ਦੀ ਸੰਸਾਰਿਕ ਜਾਂ ਅਧਿਆਤਮਕ ਤਰੱਕੀ ਸੰਭਵ ਹੁੰਦੀ ਹੈ। ਜਿਵੇਂ ਬਾਹਰੀ ਤੌਰ ਤੇ ਅੱਖ ਗੋਲਾਕਾਰ ਕਈ-ਤਰ੍ਹਾਂ ਦੇ ਰੰਗ ਵਾਲੇ ਮਾਸ ਦਾ ਟੁੱਕੜਾ ਹੈ; ਵੇਖਣਾਂ ਇਸ ਦਾ ਸਿਧਾਂਤ ਹੈ। ਦੋਨਾਂ ਦਾ ਇੱਕਸੁਰ ਹੋ ਕੇ ਕੰਮ ਕਰਨਾ ਕੁਦਰਤਿ ਹੈ; ਕੁਦਰਤਿ ਕਾਦਰ ਦਾ ਅਚਰਜ ਨਜ਼ਾਰਾ ਹੈ। ਇਹ ਗਿਆਨ ਦੀ ਲੜੀ ਵਿੱਚ ਆਦਿ ਕਾਲ ਤੋਂ ਖੋਜਾਂ/ਅਨਭਵ ਹੁੰਦੇ ਆ ਰਹੇ ਹਨ। ਅਵਿੱਦਿਆ, ਦੁੱਖਮਈ, ਵਿਕਾਰਮਈ ਤੇ ਨਾਸ਼ਮਈ ਹੈ। ਵਿੱਦਿਆ ਗਿਆਨਮਈ ਸੁਖਮਈ ਤੇ ਸੱਤ ਸਰੂਪ ਹੈ। ਵਿੱਦਿਆ, ਮਨੁੱਖ ਨੂੰ ਦੋ ਰੂਪਾਂ ਵਿੱਚ ਉਪਲੱਬਧ ਹੁੰਦੀ ਹੈਃ- ਪ੍ਰੋਖ ਤੇ ਅਪ੍ਰੋਖ। ਗਿਆਨ ਦੀ ਹੋਂਦ ਮਹਿਸੂਸ ਹੋਣ ਲੱਗ ਜਾਣਾ ਪ੍ਰੋਖ ਗਿਆਨ ਦਾ ਸਰੂਪ ਹੈ। ਗਿਆਨ ਨੂੰ ਪੂਰਨਤੌਰ ਤੇ ਅਨਭਵ ਕਰ ਲੈਣਾ ਅਪ੍ਰੋਖ ਗਿਆਨ ਹੈ। ਪ੍ਰੋਖ ਗਿਆਨ ਨਾਲ ਤੂਲਾ ਅਵਿੱਦਯਾ ਅਤੇ ਅਪ੍ਰੋਖ ਗਿਆਨ ਨਾਲ ਮੂਲਾ ਅਵਿੱਦਯਾ ਨਾਸ਼ ਹੋ ਜਾਂਦੀ ਹੈ। ਦੋਨਾਂ ਤਰ੍ਹਾਂ ਦੇ ਗਿਆਨ ਲਈ ਸਭ ਤੋਂ ਸੌਖਾ ਸਾਧਨ ਨਿਧਿਆਸਨ ਹੈ। ਨਿਧਿਆਸਨ ਕਰਕੇ ਆਤਮਾਕਾਰ ਬ੍ਰਿਤੀ ਹੋ ਜਾਂਦੀ ਹੈ। ਆਤਮਾਕਾਰ ਬ੍ਰਿਤੀ ਵਾਲੇ ਨੂੰ ਅਪ੍ਰੋਖ ਗਿਆਨ ਹਸਤਾਮਲ ਵਾਂਗ ਪ੍ਰਾਪਤ ਰਹਿੰਦਾ ਹੈ।

**ਛੇ ਪ੍ਰਮਾਣ ਚਲੇ-ਖਟ ਪ੍ਰਮਾਣ ਕਰਿ ਲਹਯੋ ਪ੍ਰਕਾਸ਼।**
**ਤਿਨ ਤੇ ਭਈ ਅਵਿੱਦਯਾ ਨਾਸ਼॥ ੧੯॥**
**ਅਪਨ ਮੋਹ ਕਾਰਜ ਕਹੁ ਕਰਿਬੇ।**
**ਨਹੀਂ ਅਵਿੱਦਯਾ ਸਮਰਥ ਧਰਿਬੇ।**
**ਸੋ ਪ੍ਰਮਾਣ ਖਟ ਸੁਨਿ ਚਿਤ ਲਾਇ।**
**ਜਿਸ ਤੇ ਸੰਸੇ ਸਭਿ ਬਿਨਸਾਇ॥ ੨੦॥**

**ਅਰਥ** - ਛੇ ਪ੍ਰਮਾਣਾਂ ਕਰਕੇ ਅਨਭਵ ਰੂਪ ਪ੍ਰਕਾਸ਼ ਮਿਲਦਾ ਹੈ; ਜਿਸ ਤੋਂ ਸਾਰੀ ਅਵਿੱਦਿਯਾ ਦਾ ਨਾਸ਼ ਹੁੰਦਾ ਹੈ। ਅਵਿੱਦਿਯਾ ਆਪਣੇ ਮੋਹ ਰੂਪ ਕਾਰਜ ਨੂੰ ਕਰਨ ਲਈ ਸਮਰੱਥਾ ਨਹੀਂ ਰੱਖਦੀ। ਉਹ ਛੇ ਪ੍ਰਮਾਣ ਚਿੱਤ ਲਾ ਕੇ ਸੁਣਨਾ ਕਰ। ਜਿਸ ਰਾਂਹੀ ਸਾਰੇ ਸੰਸੇ ਨਸ਼ਟ ਹੋ ਜਾਂਦੇ ਹਨ।

**ਭਾਵਾਰਥ** – ਦਾਰਸ਼ਨਿਕ ਵਿਆਖਿਆ ਲਈ ਸ਼ਾਬਦਿਕ ਢੰਗ ਵੱਖਰੇ ਤਰ੍ਹਾਂ ਦਾ ਹੈ; ਕਵੀ ਜੀ ਨੇ ਇਸਨੂੰ ਆਪਣੇ ਗੁਰੂ–ਪ੍ਰੇਮ ਦੀ ਨਿਮਗਨਤਾ ਵਿੱਚ ਰੰਗ ਕੇ ਆਪਣੇ ਤਰ੍ਹਾਂ ਨਾਲ ਅੰਕਿਤ ਕੀਤਾ ਹੈ। ਸਾਨੂੰ ਕੋਈ ਹੱਕ ਨਹੀਂ ਕਿਸੇ ਦੀ ਵਿੱਦਿਆ ਨੂੰ ਅੱਖੋਂ ਪਰੋਖੇ ਕਰਕੇ ਆਪਣੀ ਅਕਲ ਨੂੰ ਘੋਟਿਆ ਜਾਏ। ਸਗੋਂ ਆਪਣੇ ਵੱਡਿਆਂ ਦੇ ਗੁਰੂ–ਪ੍ਰੇਮ ਤੇ ਭਗਤੀ ਭਾਵ ਨੂੰ ਜਨ–ਮੱਤ ਅੰਦਰ ਸਥਾਪਿਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਗਿਆਨ ਤੇ ਵਿਗਿਆਨ ਕਰਕੇ ਅਨਭਵ ਰੂਪ ਪ੍ਰਕਾਸ਼ ਪ੍ਰਾਪਤ ਹੁੰਦਾ ਹੈ। ਪ੍ਰਮਾ ਗਿਆਨ ਲਈ ਪ੍ਰਮਾਣ ਦੀ ਜਰੂਰਤ ਹੁੰਦੀ ਹੈ। ਵਿਵਹਾਰਕ–ਸੱਤਾ ਦੇ ਪਦਾਰਥਾਂ ਦਾ ਬ੍ਰਿਤੀ ਰੂਪ ਵਿੱਚ ਗਿਆਨ ਹਾਸਿਲ ਕਰਨਾ 'ਪ੍ਰਮਾ ਗਿਆਨ' ਹੁੰਦਾ ਹੈ। 'ਬ੍ਰਿਤੀ ਗਿਆਨ ਰੂਪ ਜੋ ਅੰਤਹਕਰਣ ਦਾ ਪਰਿਣਾਮ ਤਿਸਨੂੰ ਪ੍ਰਮਾ ਗਿਆਨ ਕਹਿੰਦੇ ਹਨ।–ਵੀਚਾਰਸਾਗਰ' ਪ੍ਰਮਾਣ ਦੁਆਰਾ ਬ੍ਰਿਤੀ ਦਾ ਪਰਿਣਾਮ ਬਣਦਾ ਹੈ; ਪ੍ਰਮਾਣ ਛੇ ਹੁੰਦੇ ਹਨ। ਵੀਚਾਰਸਾਗਰ ਵਿੱਚ ਇਹਨਾਂ ਦਾ ਵਿਸ਼ੇਸ ਤੌਰ ਤੇ ਕਥਨ ਆਉਂਦਾ ਹੈ; ਪ੍ਰਤੱਖ, ਅਨੁਮਾਨ, ਸ਼ਬਦ, ਉਪਮਾਨ, ਅਰਥਾਪਤੀ ਤੇ ਅਨਉਪਲੱਬਧੀ ਪ੍ਰਮਾਣੋ ਹਨ। ਪ੍ਰਮਾ ਗਿਆਨ ਦੁਆਰਾ ਬ੍ਰਿਤੀ ਗਿਆਨਮਈ ਰੂਪ ਧਾਰਨ ਕਰਦੀ ਹੈ। ਜਿਸ ਕਰਕੇ ਅਗਿਆਨ/ਅਵਿੱਦਿਆ ਦਾ ਨਾਸ਼ ਸੰਭਵ ਹੁੰਦਾ ਹੈ। ਗਿਆਨ ਦੀ ਰੌਸ਼ਨੀ ਮਨੁੱਖ ਦੇ ਕਾਰਜ ਖੇਤਰ ਵਿੱਚ ਵਿਕਾਸ ਕਰਵਾਉਂਦੀ ਹੈ। ਅਗਿਆਨਮਈ ਮੋਹ ਆਦਿਕ ਜੜ੍ਹ–ਖੇਤਰ ਵਿੱਚ ਚੇਤਨਾ ਸਫੁਰਤ ਹੋਣ ਲੱਗ ਜਾਂਦੀ ਹੈ। ਪੱਖਾ, ਇੱਕ ਬਣਾਵਟ ਦਾ ਨਾਮ ਹੈ; ਬਿਜਲੀ ਦੇ ਸੰਚਾਲਨ ਨਾਲ ਹੀ ਹਵਾ ਘੁਮਾਉਣ ਲੱਗਦਾ ਹੈ। ਇਸੇ ਪ੍ਰਕਾਰ ਵਿੱਦਿਆ/ਗਿਆਨ ਦਾ ਸਹਾਰਾ ਪ੍ਰਾਪਤ ਕਰਕੇ ਅਵਿੱਦਿਆ/ਅਗਿਆਨ ਚੇਤਨਾ ਸਹਿਤ ਕਾਰਜਸ਼ੀਲ ਹੋ ਜਾਂਦੇ ਹਨ। ਇਸ ਨੂੰ ਸਮਝਣ ਲਈ ਹੀ 'ਸਰੀਰ ਤੇ ਸਿਧਾਂਤ' ਸ਼ਬਦ ਨੂੰ ਵਰਤਣ ਦੀ ਜਰੂਰਤ ਪੈਂਦੀ ਹੈ। ਇੱਥੋਂ ਹੀ ਪਤਾ ਲਗਦਾ ਹੈ, ਕਿ ਗਿਆਨ ਸਰਟੀਫਿਕੇਟ ਦੀ ਥਾਂ ਉੱਪਰ ਤਜ਼ਰਬੇ ਨੂੰ ਵਿਸ਼ੇਸ ਥਾਂ ਦਿੱਤੀ ਜਾਂਦੀ ਹੈ। ਸਰਟੀਫਿਕੇਟ ਹੈਸੀਅਤ ਦੀ ਜਾਣ ਪਛਾਣ ਕਰਵਾਉਣ ਲਈ ਸਿਰਫ ਬਿਨਾਂ ਬੋਲੇ ਬੋਲ ਹਨ। ਤ੍ਰਾਸਦੀ ਇਹ ਹੈ, ਅੱਜ ਸਰਟੀਫਿਕੇਟ ਪ੍ਰਾਪਤ ਕਰਨ ਦੀ ਦੌੜ ਲੱਗ ਗਈ ਹੈ। ਕਾਸ਼!! ਅੱਜ ਅਸੀਂ ਵਿੱਦਿਆ ਦੀ ਮਹਾਨਤਾ ਸਮਝਣ ਦਾ ਯਤਨ ਕਰਨ ਲੱਗੀਏ। ਗੁਰੂ ਸਾਹਿਬ ਜੀ ਨੇ ਪੜ੍ਹੇ–ਲਿਖੇ ਅਤੇ ਅਨਪੜ੍ਹ ਨੂੰ ਇੱਕੋ ਜਿਹੀ ਥਾਂ ਦਿੱਤੀ ਹੈ, ਜੇ ਉਹ ਅਨਭਵ ਦਾ ਵਿਸ਼ਾਲ ਖੇਤਰ ਪ੍ਰਾਪਤ ਲੈਂਦੇ ਹਨ। ਜੇ ਅਨਭਵ ਦਾ ਖੇਤਰ ਹਾਸਿਲ ਨਹੀਂ ਕਰਦੇ ਤਾਂ ਪੜ੍ਹਿਆ ਹੋਇਆ ਹੰਕਾਰੀ ਹੋਵੇਗਾ, ਅਨਪੜ੍ਹ ਮੂਰਖ–ਗਵਾਰ ਹੋਵੇਗਾ। ਛੇ ਪ੍ਰਮਾਣਾਂ ਦੁਆਰਾ ਛੇ ਤਰਾਂ ਦਾ ਹੀ ਪ੍ਰਮਾ ਗਿਆਨ ਹੁੰਦਾ ਹੈ। ਮਨੁੱਖੀ ਮਨ ਵਿੱਚ ਉਪਜਣ ਵਾਲੇ ਸੰਸਿਆਂ ਨੂੰ ਖਤਮ ਕਰਨ ਵਿੱਚ ਸਭ ਤੋਂ ਕਾਰਗਰ ਹਥਿਆਰ ਹੈ।



**ਸ਼ਬਦ ਪ੍ਰਮਾਣ-ਬੇਦ ਰੁ ਸਤਿਗੁਰ ਸ਼ਬਦ ਜੁ ਸੁਨਿ ਕਰਿ।**
**ਮਹਾਂਵਾਕ ਤੇ ਨਿਰਨੈ ਉਰ ਧਰਿ।**
**'ਸ਼ਬਦ ਪ੍ਰਮਾਣ' ਇਹੀ ਇਕ ਜਾਨ।**
**ਬ੍ਰਹਮ ਆਤਮਾ ਨਿਰਨੈ ਠਾਨਿ॥ ੨੧॥**

**ਅਰਥ** – ਬੇਦ ਅਤੇ ਸਤਿਗੁਰੂ ਜੀ ਦੇ ਉਪਦੇਸ਼ ਸੁਣਕੇ ਮਹਾਂਵਾਕ ਦੇ ਸਿਧਾਂਤ ਹਿਰਦੇ ਧਾਰਨ ਕਰਕੇ ਬ੍ਰਹਮਾਤਮਾ ਦਾ ਨਿਰਨੈ ਗ੍ਰਹਿਣ ਕਰਨਾ ਸ਼ਬਦ ਪ੍ਰਮਾਣ ਹੈ ।

**ਭਾਵਾਰਥ** – ਸਨਾਤਕ ਵੀਚਾਰਧਾਰਾ ਦਾ ਸਿਧਾਂਤ ਬੇਦ ਹੈ। ਬੇਦ ਵਿੱਚ ਕਰਮ–ਉਪਾਸਨਾ– ਗਿਆਨ ਤਿੰਨ ਕਾਂਡ ਹਨ। ਸਤਿਗੁਰੂ ਜੀ ਦੀ ਸ਼ਰਣ ਵਿੱਚੋਂ ਸੇਵਾ–ਬਾਣੀ– ਸਿਮਰਨ ਦੀ ਬਖਸ਼ਿਸ ਪ੍ਰਾਪਤ ਹੁੰਦੀ ਹੈ। ਦੋਨਾਂ ਦਾ ਸਿਧਾਂਤ ਮਹਾਂਵਾਕ ਨੂੰ ਸਮਝਾਉਣਾ ਹੁੰਦਾ ਹੈ। ਮਹਾਂਵਾਕ ਦਾ ਮਤਲਬ ਹੁੰਦਾ ਹੈ; ਤੱਤ ਦਾ ਨਿਰਨੇ ਕਰਨਾ। ਜੀਵ ਤੇ ਈਸ਼ਰ, ਮਨੁੱਖ ਤੇ ਸਤਿਗੁਰੂ ਵਿੱਚ ਤੱਤ (ਚੇਤਨਾ) ਦੀ ਹੀ ਸਾਂਝ ਹੁੰਦੀ ਹੈ। ਸ਼ਾਬਦੀ–ਪ੍ਰਮਾ ਦਾ ਅਹਿਸਾਸ ਕਰਵਾਉਣ ਵਾਲਾ ਸ਼ਬਦ ਪ੍ਰਮਾਣ ਹੀ ਹੁੰਦਾ ਹੈ। ਸ਼ਬਦੀ ਪ੍ਰਮਾਣ ਲਈ ਸ਼ਬਦਾਂ ਦਾ ਹੀ ਵਰਤ ਵਰਤਾਵ ਹੁੰਦਾ ਹੈ। ਸ਼ਬਦ ਦਾ ਉਚਾਰਨ 'ਸਨਿਧੀ, ਅਕਾਂਸ਼ਾ ਤੇ ਯੋਗਤਾ' ਦੁਆਰਾ ਸੁਨਣ ਵਾਲੇ ਉੱਪਰ ਪੂਰਾ ਪ੍ਰਭਾਵ ਪੈਦਾ ਕਰਦਾ ਹੈ। ਬੇਦ ਦੇ ਚਾਰ ਵਾਕ ਹਨ, ਅਹੰ–ਬ੍ਰਹਮ–ਅਸਮੀ' 'ਤਤ–ਤੰਵ –ਅਸੀ', 'ਅਯੰ–ਆਤਮਾ–ਬ੍ਰਹਮ' 'ਪ੍ਰਗਾਯਾਨਾਮਨੰਦ ਬ੍ਰਹਮ' ਇਹਨਾਂ ਦੁਆਰਾ ਬੇਦ 'ਆਤਮਾ ਤੇ ਬ੍ਰਹਮ ਦੀ ਏਕਤਾ ਦੇ ਤੱਤ ਦੀ ਵਿਆਖਿਆ ਕਰਦਾ ਹੈ। ਸਤਿਗੁਰੂ ਸਿੱਖ ਨੂੰ ਮਨੁੱਖੀ ਤੇ ਬ੍ਰਹਮੰਡੀ ਜੀਵਨਸ਼ੈਲੀ ਦੇ ਅਧਾਰ 'ਬ੍ਰਹਮ ਤੇ ਆਤਮਾ' ਦੀ ਇੱਕਸੁਰਤਾ 'ਭਗਤੀ ਦੀ ਪ੍ਰਪੱਕਤਾ' ਰਾਂਹੀ ਦ੍ਰਿੜ ਕਰਵਾਉਂਦੇ ਹਨ। ਬਾਹਰੀ ਤੇ ਆਤਰਿਕ ਦੁਨੀਆਂ ਦੀ ਇੱਕਸੁਰਤਾ ਲਈ 'ਦ੍ਰਿਸ਼ਟਾਂਤ, ਸਿਧਾਂਤ' ਬਾਰ–ਬਾਰ ਚਿੰਤਨ ਕਰਵਾਇਆ ਜਾਂਦਾ ਹੈ। ਸਾਡੀ ਆਤਰਿਕ ਦੁਨੀਆਂ ਦਾ ਕੇਵਲ ਸਾਨੂੰ ਹੀ ਪਤਾ ਹੁੰਦਾ ਹੈ; ਗਿਆਨਵਾਨ ਸ਼ਬਦਾਂ ਦਾ ਜਾਲ ਬਣਾ ਕੇ ਇੰਵੈਸਟੀਗੇਸ਼ਨ ਕਰਦਾ ਹੈ। ਯਥਾਰਥ ਸਮਝਾਉਣ ਦਾ ਯਤਨ ਕਰਦਾ ਹੈ। ਜਿਸ ਨਾਲ ਸਾਡਾ ਦਿਮਾਗੀ–ਮਾਨਸਿਕ–ਆਤਮਿਕ ਸੰਤੁਲਨ ਕਾਇਮ ਰਹਿ ਸਕੇ। ਚੰਗੇ ਸਮਾਜ ਲਈ ਚੰਗੇ ਵੀਚਾਰਾਂ

ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ। ਸ਼ਬਦੀ ਪ੍ਰਮਾਣ ਦੁਆਰਾ ਚੰਗੇ ਦੇ ਭੰਡਾਰਾ ਬੇਦ ਅਤੇ ਸਤਿਗੁਰੂ ਜੀ ਹਨ। ਗੌਰਤਲਬ!!! ਬੇਦ ਦੇ ਵਿਆਪਕ ਅਰਥ ਹਨ, ਗਿਆਨ ਦੀ ਦੁਨੀਆਂ ਵਿੱਚ ਅੱਖਰਾਂ ਦੁਆਰਾ ਲਿਖੇ ਜਾਣ ਵਾਲੇ ਗਿਆਨਮਈ ਗ੍ਰੰਥ; ਭਾਰਤੀ ਸਾਹਿਤ ਦੀ ਦੁਨੀਆਂ ਵਿੱਚ ਸਭ ਤੋਂ ਪਹਿਲਾਂ ਲਿਖੇ ਜਾਣ ਵਾਲੇ ਗ੍ਰੰਥ ਨੂੰ ਬੇਦ ਕਿਹਾ ਗਿਆ- ਜੋ ਬ੍ਰਹਮਾ ਦੁਆਰਾ ਉਚਾਰੇ ਮੰਨੇ ਜਾਂਦੇ ਹਨ। ਗਿਆਨ ਕਿਸੇ ਵੀ ਗ੍ਰੰਥ ਵਿੱਚ ਹੋਵੇ, ਗਿਆਨਵਾਨ ਲਈ ਤੱਤ ਦੀ ਵੀਚਾਰ ਹੁੰਦੇ ਹਨ। ਕੱਚਘਰੜ ਲੋਕਾਂ ਲਈ ਆਰ-ਐਸ-ਐਸ ਦਾ ਏਜੰਟ; ਐਸੇ ਲੋਕ ਆਪ ਤਾਂ ਕੁੱਝ ਪੜ੍ਹ ਨਹੀਂ ਸਕਦੇ, ਗਿਆਨਵਾਨ ਲੋਕਾਂ ਨੂੰ ਭੰਡਦੇ ਰਹਿੰਦੇ ਹਨ। ਲੋੜ ਤਾਂ ਇਹ ਸੀ, ਕਿ ਉਹਨਾਂ ਤੋਂ ਵੀ ਪੰਥ-ਪ੍ਰਸਤੀ ਦਾ ਪ੍ਰਚਾਰ ਕਰਵਾਇਆ ਜਾਂਦਾ; ਸਗੋਂ ਪੰਥ ਤੋਂ ਇਸੇ ਨਾਮ ਥੱਲੇ ਉਦਾਸੀ ਸੰਸਥਾ ਨੂੰ ਦੂਰ ਕਰ ਲਿਆ ਹੈ।

ਅਨੁਮਾਨ- **ਦੂਸਰ ਜੋ ਅਨੁਮਾਨ ਕਹਿਤ ਹੈਂ। ਚਿੰਨ੍ਹ ਦੇਖਿ ਕਰਿ ਵਸਤੁ ਲਹਤਿ ਹੈਂ।**
**ਮਨ ਚੱਖਜਾਦਿ ਸੁਤੇ ਜੜ ਜੋਇ। ਜਿਸਤੇ ਗਯਾਨ ਪਾਇ ਸਭਿ ਕੋਇ॥ ੨੨॥**
**ਸੋ ਆਤਮਾ ਹੈ- ਜਾਨਯੋਂ ਜਾਇ। ਸਾਖੀ ਤੀਨ ਅਵਸਥਾ ਗਾਇ।**
**ਨਿਤ ਸੁਧ ਸੱਤਿ ਜੁ ਪਰਮਾਨੰਦ। ਸ਼੍ਰਵਣ ਕਰਯੋ ਜੋ ਪ੍ਰਥਮ ਬਿਲੰਦ॥ ੨੩॥**
**ਸ਼ਬਦ ਸ਼ਪਰਸ਼ ਰੂਪ ਰਸ ਗੰਧ। ਜਿਸਤੇ ਲਖਤਿ ਇੰਦ੍ਰੈ ਸੰਬੰਧ।**
**ਸੋ ਆਤਮ ਸਾਖੀ ਹੈ ਕੋਇ। ਇਮ ਜਬਿ ਸਮਝ ਬਿਲੋਕਨ ਹੋਇ॥ ੨੪॥**
**ਇਸ ਕੋ ਨਾਮ ਜਾਨ 'ਅਨੁਮਾਨ'।**

**ਅਰਥ** - ਦੂਜੇ ਪ੍ਰਮਾਣ ਨੂੰ ਅਨੁਮਾਨ ਪ੍ਰਮਾਣ ਕਹਿੰਦੇ ਹਨ। ਨਿਸ਼ਾਨੀ ਵੇਖ ਕੇ ਵਸਤੂ ਨੂੰ ਸਮਝ ਲੈਣਾ ਜਿਵੇਂ ਧੂੰਆਂ ਵੇਖ ਕੇ ਅੱਗ ਦਾ ਅਨੁਮਾਨ ਲਗਾ ਲਈਦਾ ਹੈ।ਮਨ ਨੇਤ੍ਰ ਆਦਿ ਹੋਂਦ ਤੋਂ ਜੜ੍ਹ ਹਨ। ਜਿਸ ਆਤਮਾ ਕਰਕੇ ਸਾਰੇ ਇੰਦ੍ਰੇ ਗਿਆਨ ਪ੍ਰਾਪਤ ਕਰਦੇ ਹਨ। 'ਉਹ ਆਤਮਾ ਹੈ' ਇਉਂ ਜਾਣਆ ਜਾਏ। ਇਸਨੂੰ ਤਿੰਨ ਅਵਸਥਾ ਦਾ ਸਾਖੀ ਕਿਹਾ ਜਾਂਦਾ ਹੈ। ਜਿਹੜਾ ਨਿੱਤ ਸੁੱਧ ਤੇ ਪਰਮਾਨੰਦ ਹੈ, ਸ਼ੁਰੂ ਤੋਂ ਮਹਾਨ ਗਿਆਨ ਜੋ ਸੁਣਿਆ ਸੀ। ਸ਼ਬਦਾਦਿ ਕਰਕੇ ਇੰਦ੍ਰਿਆਂ ਦਾ ਸੰਬੰਧ ਲਿਖਿਆ ਜਾਂਦਾ ਸੀ। ਉਹ ਆਤਮਾ ਕੋਈ ਸਾਖੀ ਹੈ ਇਉਂ ਸਮਝ ਕੇ ਵੇਖਣ ਦਾ ਹੈ। ਇਸ ਦਾ ਨਾਮ ਅਨੁਮਾਨ ਪ੍ਰਮਾਣ ਹੈ।

**ਭਾਵਾਰਥ** - ਅਨੁਮਾਨ ਪ੍ਰਮਾਣ ਦੇ ਚਿੰਨ੍ਹ-ਗਿਆਨ ਤੋਂ ਪੈਦਾ ਹੋਇਆ ਗਿਆਨ ਅਨੁਮਿਤੀ ਪ੍ਰਮਾ (ਗਿਆਨ) ਹੈ। ਜਿਵੇਂ ਦੂਰ ਪਰਬਤ ਉੱਪਰ ਧੂਏਂ ਦਾ ਪ੍ਰਤੱਖ-ਗਿਆਨ



ਹੋ ਕੇ ਅੱਗ ਦਾ ਗਿਆਨ ਹੁੰਦਾ ਹੈ। ਧੂਏਂ ਦਾ ਪ੍ਰਤੱਖ ਗਿਆਨ ਚਿੰਨ੍ਹ-ਗਿਆਨ ਅਖਵਾਉਂਦਾ ਹੈ। ਇਸ ਵਿੱਚੋਂ ਅੱਗ ਦਾ ਗਿਆਨ ਪੈਦਾ ਹੁੰਦਾ ਹੈ। ਇਸ ਲਈ ਪਰਬਤ ਵਿੱਚ ਅੱਗ ਦਾ ਗਿਆਨ ਅਨੁਮਿਤੀ ਪ੍ਰਮਾ ਹੈ। (ਵਿਸ਼ੇਸ ਵੇਖੋ:- ਬ੍ਰਿਤੀ ਰਤਾਨਵਲੀ, ਨੋਟ- ਕਵੀ ਜੀ ਨੇ ਬ੍ਰਿਤੀ ਰਤਨਾਵਲੀ ਦੇ ਪ੍ਰਕਰਣਾਂ ਦੇ ਸਿਧਾਂਤ ਦੁਆਰਾ ਗੁਰੂ ਸਿਧਾਂਤ ਦੀ ਮਹਾਨਤਾ ਨੂੰ ਅੰਕਿਤ ਕੀਤਾ ਹੈ) ਮਨ ਨੇਤ੍ਰਾਦਿ ਸਰੂਪ ਤੋਂ ਜੜ੍ਹ ਹਨ। ਪ੍ਰਤੱਖ ਵਿੱਚ ਇਹਨਾਂ ਦੁਆਰਾ ਹਰ ਕੋਈ ਸਭ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਦਾ ਹੈ। ਗਿਆਨ ਲਈ ਤਿੰਨ ਅਵਸਥਾਵਾਂ ਹਨ; ਜਾਗਤ, ਸੁਪਨ ਤੇ ਸਖੋਪਤਿ। ਤਿੰਨਾਂ ਅਵਸਥਾਵਾਂ ਵਿੱਚ ਗਿਆਨ ਹਾਸਿਲ ਕੀਤਾ ਜਾਂਦਾ ਹੈ। ਜੜ੍ਹ ਪਦਾਰਥਾਂ ਵਿੱਚ ਗਿਆਨ ਪ੍ਰਾਪਤੀ ਦੀ ਤਾਕਤ ਨਹੀਂ, ਗਿਆਨ ਨੂੰ ਹਾਸਿਲ ਕਰਨ ਦੀ ਸਮਰੱਥਾ ਚੇਤਨ ਵਿੱਚ ਹੈ। ਮਨ ਆਦਿਕ ਵਿੱਚੋਂ ਚੇਤਨਾ ਧੂਏਂ ਵਾਂਗ ਅੱਗ ਰੂਪ ਆਤਮਾ ਦੇ ਅਨੁਮਿਤੀ-ਪ੍ਰਮਾ ਵਿੱਚ ਸਹਾਇਕ ਹੁੰਦੀ ਹੈ। ਉਹ ਆਤਮਾ ਹੈ, ਜਿਹੜੀ ਮਨ ਅੱਖਾਦਿ ਜੜ੍ਹ ਤੋਂ ਚੇਤਨਾ ਦਾ ਕਾਰਜ ਕਰਵਾ ਰਹੀ ਹੈ। ਇਹੀ ਆਤਮਾ ਤਿੰਨਾਂ ਅਵਸਥਾਵਾਂ ਦੀ ਸਾਖਸ਼ੀ ਹੈ। ਜਿਤਨਾ-ਜਿਤਨਾ ਕਿਸੇ ਨੇ ਆਤਮਾ ਦੇ ਨਿੱਤ ਸ਼ੁੱਧ ਪਰਮਾਨੰਦ ਸਰੂਪ ਦੇ ਬਾਰੇ ਸੁਣਿਆ ਹੈ; ਉਸਨੇ ਸੁਨਣ ਤੋਂ ਉਪਰੰਤ 'ਅਨਿੱਤ ਅਸੁੱਧ ਤੇ ਦੁਖਮਯ' ਪਦਾਰਥਾਂ ਵਿੱਚੋਂ 'ਨਿਤ-ਸ਼ੁੱਧ-ਪਰਮਾਨੰਦ' ਚਿੰਨ੍ਹ ਗਿਆਨ ਲਿਆਉਣ ਦਾ ਯਤਨ ਕੀਤਾ ਹੈ। ਪੰਜੇ ਗਿਆਨ ਇੰਦ੍ਰਿਆਂ ਦੇ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਹਨ, ਇਹਨਾਂ ਦੇ ਸੰਬੰਧ ਦੁਆਰਾ ਜੋ ਗਿਆਨ ਮਿਲਦਾ ਹੈ; ਕੋਈ ਆਤਮਾ ਇਸ ਗਿਆਨ ਵਿੱਚੋਂ 'ਸੁਖ ਦਾ ਸਕੂਨ' ਮਹਿਸੂਸ ਕਰਵਾਉਂਦੀ ਹੈ। ਇਉਂ ਸਮਝ ਕੇ ਜਦੋਂ ਬ੍ਰਿਤੀ ਆਤਮਾਕਾਰ ਹੁੰਦੀ ਹੈ ਪਰਮਾਰਥ ਸੱਤਾ ਦੇ ਸਹਾਰੇ ਵਿਵਹਾਰਕ ਤੇ ਪ੍ਰਾਤੀਭਾਸਕ ਸੱਤਾ ਕਰਮਸ਼ੀਲ ਹੋ ਜਾਂਦੀਆਂ ਹਨ। ਇਉਂ ਜੜ੍ਹ ਬ੍ਰਹਮੰਡ ਵਿੱਚ ਚੇਤਨ ਦੀ ਕਿਰਿਆ ਨੂੰ ਵੇਖਣਾ; ਅਨੁਮਾਨ ਪ੍ਰਮਾਣ ਅਖਵਾਉਂਦਾ ਹੈ।

**ਉਪਮਾਨ-ਸ਼੍ਰਵਣ ਉਪਰੰਤ ਮਨਨਿ ਇਸ ਜਾਨ। ਸੱਤਿ ਨਿਰੰਸ ਅਨੰਤ ਅਖੰਡ।**
**ਵਹਿਰੰਤਰ ਪੂਰਨ ਬ੍ਰਹਿਮੰਡ॥ ੨੫॥ ਬਯਾਪਕ ਹੈ ਅਕਾਸ਼ ਕੀ ਨਯਾਈਂ।**
**ਘਟ ਮਟ ਮਹਿਂ ਲਖੀਏ ਸਭਿ ਥਾਈਂ। ਇਹ 'ਉਪਮਾਨ ਪ੍ਰਮਾਣ' ਲਖੀਜੈ।**
**ਜਹਿਂ ਦੂਸਰ ਕੀ ਜਾਨੀਜੈ॥ ੨੬॥**

**ਅਰਥ** - ਸ੍ਰਵਣ ਕਰਨ ਤੋਂ ਬਾਅਦ ਮੰਨਨ ਦਾ ਰੂਪ ਜਾਨਣਾ ਕਰੋ ਕਿ ਸੱਤ, ਅੰਸ਼-ਰਹਿਤ, ਅੰਤ-ਰਹਿਤ ਅਤੇ ਇੱਕ ਰਸ ਬ੍ਰਹਮੰਡ ਦੇ ਅੰਦਰ ਤੇ ਬਾਹਰ ਅਕਾਸ਼

ਦੀ ਨਿਯਾਂਈ ਸਥਿਤ ਹੈ। ਜਿਵੇਂ ਘਟ-ਮਟ ਵਿੱਚ ਅਕਾਸ਼ ਵਿਆਪਕ ਹੁੰਦਾ ਹੈ। ਇਸਨੂੰ ਉਪਮਾਨ ਪ੍ਰਾਣ ਜਾਨਣਾ ਕਰੋ।

**ਭਾਵਾਰਥ** - ਕਵੀ ਜੀ ਆਤਮਾ ਦੀ ਪ੍ਰਮਾਣਾਂ ਦੁਆਰਾ ਭੀ ਸਕਾਰਤਾਮਕਤਾ ਵਿਖਾਉਂਦੇ ਹਨ। ਬੇਦ ਵਾਕ ਅਤੇ ਗੁਰੂਵਾਕ ਸ਼ਬਦ ਦੇ ਧੁਨਾਤਮਕ ਪ੍ਰਭਾਵ ਰਾਂਹੀ ਤੱਤ ਰੂਪ ਨਿਸ਼ਠਾ ਕਰਵਾਉਂਦੇ ਹਨ। ਇਹਨਾਂ ਵਾਕਾਂ ਦੁਆਰਾ ਨਾਸ਼ਮਾਨ ਸੰਸਾਰ ਵਿੱਚੋਂ ਪ੍ਰਤੀਤ ਹੋਣ ਵਾਲੇ ਪਰਮਾਨੰਦ ਨੂੰ ਪ੍ਰਾਪਤ ਕਰਨ ਵਿੱਚ ਅਨੁਮਾਨ ਪ੍ਰਮਾਣ ਸਹਾਈ ਹੁੰਦਾ ਹੈ। ਸ੍ਰਵਣ ਕਰਕੇ ਅਨੁਮਿਤੀ ਪ੍ਰਮਾ ਰਾਂਹੀ ਆਤਮਾ ਹੈ- ਜਾਣ ਲਿਆ ਜਾਂਦਾ ਹੈ। -ਆਤਮਾ ਹੈ- ਮੰਨਨ ਕਰਕੇ ਇਸਨੂੰ ਇਉਂ ਸਮਝ ਕਿ 'ਆਤਮਾ ਅਕਾਸ਼ ਵਾਂਗ ਹੈ' ਇਸਨੂੰ ਉਪਮਾਨ ਪ੍ਰਮਾਣ ਕਹਿੰਦੇ ਹਨ। ਜਿਵੇਂ ਕਿਸੇ ਨੇ ਪਿੰਡ ਵਿੱਚ ਗਾਂ ਵੇਖ ਕੇ ਜੰਗਲ ਵਿੱਚ ਰੋਜ਼ (ਗਵਯ)/ ਨੀਲ ਗਾਂ ਨੂੰ ਵੇਖ ਕੇ ਕਿਹਾ 'ਇਹ ਪਸ਼ੂ ਗਊ ਵਾਂਗ ਹੈ' ਉਪਮਾਨ ਪ੍ਰਮਾਣ ਦੁਆਰਾ ਪੈਦਾ ਹੋਣ ਵਾਲਾ ਗਿਆਨ ਉਪਮਿਤੀ ਪ੍ਰਮਾ ਹੈ। ਅਸੰਗ ਆਦਿਕ ਧਰਮ ਤੋਂ ਅਕਾਸ਼ ਦੇ ਸਮਾਨ ਆਤਮਾ ਹੈ, ਇਸ ਕਰਕੇ ਆਤਮਾ ਦੇ ਸਾਦ੍ਰਸ਼-ਗਿਆਨ ਉਪਮਾਨ ਹੈ। ਆਤਮਾ ਵਿੱਚ ਅਕਾਸ਼ ਦਾ ਸਾਦ੍ਰਸ਼-ਗਿਆਨ ਉਪਮਿਤੀ ਹੈ। ਸਰੀਰਾਦਿ ਵਿੱਚ ਆਤਮਾ ਪਦ ਦਾ ਅਰਥ ਕਿਵੇਂ ਹੈ? ਇਸ ਦਾ ਉੱਤਰ ਸਿਧਾਂਤੀ ਦਿੰਦੇ ਹਨ 'ਦੇਹਾਦਿ ਬੈਧਰਮਵਾਨ ਆਤਮਾ' ਦਾ ਭਾਵ ਅਨਿਤਯ, ਅਸੁਚਿ, ਦੁੱਖ ਸਰੂਪ ਸਰੀਰ ਆਦਿ ਤੋਂ ਬਿ-ਧਰਮ ਨਿੱਤ, ਸੁਧ ਤੇ ਅਨੰਦਰੂਪ ਆਤਮਾ ਪਦ ਦਾ ਵਾਚਯ ਹੈ। ਇਸ ਤਰ੍ਹਾਂ ਨਾਲ ਏਕਾਂਤ ਦੇਸ਼ ਵਿੱਚ ਬੈਠ ਕੇ ਵਿਵੇਚਨਾ ਕਰਨ ਨਾਲ ਮਨ ਦਾ ਆਤਮਾ ਨਾਲ ਸੰਜੋਗ ਹੋ ਕੇ ਉਪਮਿਤੀ ਗਿਆਨ (ਪ੍ਰਮਾ) ਹੁੰਦਾ ਹੈ। ਬਿਰੁਧ ਧਰਮ ਵਾਲੇ ਨੂੰ ਬਿ-ਧਰਮ ਕਹਿੰਦੇ ਹਨ; ਬਿਰੁਧ ਧਰਮ ਨੂੰ ਬੈ-ਧਰਮਯ ਕਹਿੰਦੇ ਹਨ। ਇਸ ਤਰ੍ਹਾਂ ਨਾਲ ਉਪਮਾਨ ਪ੍ਰਮਾਣ ਦੁਆਰਾ ਹਰ ਥਾਂ ਬ੍ਰਹਮ ਹੀ ਨਜ਼ਰ ਆਉਂਦਾ ਹੈ ।

**ਅਰਥਾਪਤੀ ਪ੍ਰਮਾਣ-ਇਹ ਨਰ ਦੀਖਤਿ ਪੀਨ ਮਹਾਨ।**
**ਦਿਨ ਮਹਿਂ ਭੋਜਨ ਕਰੈ ਨ ਖਾਨ।**
**ਇਸ ਤੇ ਲਖੀਯਤਿ ਨਿਸ ਮੈਂ ਖਾਇ।**
**ਦੇਹ ਪੀਨਤਾ ਦੇਤਿ ਜਨਾਇ॥ ੨੭॥**
**ਜੋ ਇਹ ਰਾਤ ਅਹਾਰ ਨ ਖਾਇ।**
**ਨਹਿ ਸਰੀਰ ਮੋਟਾ ਹੁਇ ਜਾਇ।**



**ਯਾਂ ਤੇ ਨਿਸ ਮਹਿਂ ਭੋਜਨ ਖਾਯੋ।**
**ਯਹਿ ਨਿਸ਼ਚੈ ਨਿਰਨੈ ਠਹਿਰਾਯੋ॥ ੨੮॥**

**ਅਰਥ** - ਇਹ ਮਨੁੱਖ ਬਹੁਤ ਮੋਟਾ ਨਜ਼ਰ ਆਉਂਦਾ ਹੈ। ਕਿਹਾ ਜਾਂਦਾ ਹੈ, ਕਿ ਇਹ ਦਿਨ ਵਿੱਚ ਭੋਜਨ ਨਹੀਂ ਖਾਂਦਾ ਤਾਂ ਜਾਣਿਆ ਜਾਂਦਾ ਹੈ, ਕਿ ਰਾਤ ਨੂੰ ਜਰੂਰ ਭੋਜਨ ਖਾਂਦਾ ਹੋਵੇਗਾ। ਕਿਉਂਕਿ ਮੋਟਾ-ਡਾਢਾ ਸਰੀਰ ਇਸ ਬਾਬਤ ਦੱਸ ਰਿਹਾ ਹੈ। ਜੇ ਇਹ ਰਾਤ ਨੂੰ ਭੋਜਨ ਨਾ ਖਾਵੇ ਤਾਂ ਸਰੀਰ ਮੋਟਾ ਨਹੀਂ ਹੋਵੇਗਾ। ਇਸ ਲਈ ਰਾਤ ਨੂੰ ਭੌਜਨ ਖਾਧਾ ਹੈ, ਨਿਰਣਾ ਕਰਕੇ ਇਹ ਨਿਸ਼ਚਾ ਧਾਰਨ ਕੀਤਾ ਹੈ।

**ਭਾਵਾਰਥ** - ਅਰਥਾਪਤੀ ਪ੍ਰਮਾ ਦੇ ਕਰਣ ਨੂੰ ਅਰਥਾਪਤੀ ਪ੍ਰਮਾਣ ਕਿਹਾ ਜਾਂਦਾ ਹੈ। ਉਪਪਾਦਕ ਕਲਪਨਾ ਦੇ ਕਾਰਣ ਗਿਆਨ ਨੂੰ ਅਰਥਾਪਤੀ ਪ੍ਰਮਾਣ ਕਿਹਾ ਜਾਂਦਾ ਹੈ। ਉਪਪਾਦਕ ਗਿਆਨ ਨੂੰ ਅਰਥਾਪਤੀ ਪ੍ਰਮਾ ਕਹਿੰਧੇ ਹਨ। ਉਪਾਪਦਕ ਜਾਂ ਸੰਪਾਦਕ ਅਤੇ ਉਪਪਾਦ ਜਾਂ ਸੰਪਾਦਯ ਸਮਾਨਅਰਥੀ ਸ਼ਬਦ ਹਨ। ਜਿਸ ਤੋਂ ਬਿਨਾਂ ਜੋ ਸੰਭਵ ਨਾ ਹੋਵੇ, ਉਹ ਉਸਦਾ ਉਪਪਾਦ ਕਹਿੰਦੇ ਹਨ। ਜਿਵੇਂ ਰਾਤ ਦੇ ਭੋਜਨ ਤੋਂ ਬਿਨਾਂ ਮਨੁੱਖ ਦਾ ਮੋਟਾ-ਡਾਢਾ ਹੋਣਾ ਸੰਭਵ ਨਹੀਂ; ਇਸ ਲਈ ਰਾਤ ਦੇ ਭੋਜਨ ਦਾ ਸਥੂਲਤਾ ਉਪਪਾਦ ਹੈ। ਜਿਸਦੇ ਅਭਾਵ ਤੋਂ ਜਿਸ ਦਾ ਅਭਾਵ ਹੋਵੇ, ਉਹ ਉਸ ਦਾ ਉਪਪਾਦਕ ਹੁੰਦਾ ਹੈ। ਜਿਵੇਂ ਰਾਤ ਦੇ ਭੋਜਨ ਦੇ ਅਭਾਵ ਤੋਂ ਸਥੂਲਤਾ ਦਾ ਅਭਾਵ ਹੁੰਦਾ ਹੈ । ਦਿਮਾਗੀ ਕਾਰਜ ਸ਼ੈਲੀ ਨਾਲ ਹੀ ਅਰਥਾਪਤੀ ਪ੍ਰਮਾਣ ਅਤੇ ਪ੍ਰਮਾ ਦੀ ਸਮਝ ਆ ਸਕਦੀ ਹੈ। ਇਸ ਲਈ ਕਵੀ ਜੀ ਨੇ ਦੋ ਪਦ ਬਾਹਰੀ ਵਿਆਖਿਆ ਲਈ ਅੰਕਿਤ ਕੀਤੇ ਹਨ। ਦਿਮਾਗ ਅਤੇ ਮਨ ਦਾ ਖੇਤਰ ਹੋਣ ਕਰਕੇ ਇਕਾਗਰਤਾ ਅਤੇ ਸਾਵਧਾਨਤਾ ਦੀ ਜਰੂਰਤ ਹੁੰਦੀ ਹੈ। ਆਤਮਾ ਦੇ ਸਤ-ਚਿਤ-ਅਨੰਦ ਰੂਪ ਵਾਲੀ ਬ੍ਰਿਤੀ ਲਈ ਇਸ ਪ੍ਰਮਾਣ ਦੀ ਬਹੁਤ ਜ਼ਰੂਰਤ ਹੁੰਦੀ ਹੈ।

**ਤਿਮ ਆਤਮ ਕੇ ਵਿਖੈ ਵਿਚਾਰੈ। ਜਾਗ੍ਰਤਿ ਆਦਿ ਪਦਾਰਥ ਸਾਰੈ।**
**ਜਿਸ ਆਤਮ ਕਰਿ ਜਾਨੇ ਜਾਹਿਂ। ਸੁਖਪਤਿ ਆਦਿ ਅਭਾਵ ਜਿ ਆਹਿਂ॥ ੨੯॥**
**ਸੋ ਆਤਮ ਹੀ ਕਰਿ ਸਿੱਧ ਹੋਇ। ਸਿੱਧ ਕਰਤਾ ਹੈ ਅਪਰ ਨ ਕੋਇ।**
**ਜੇ ਕਰਿ ਹੈ੍ ਨ ਆਤਮਾ ਪਰੈ। ਆਦਿ ਅਭਾਵ ਸਿੱਧ ਕਿਮ ਕਰੈ? ॥ ੩੦॥**
**ਕਾਰਜ ਜਿਸ ਕੋ ਜਗਤ ਪ੍ਰਤੱਛ। 'ਅਰਥਪਤਿ' ਵਿਖੈ ਇਮ ਲੱਛ।**

**ਅਰਥ** - ਤਿਸ ਪ੍ਰਕਾਰ ਆਤਮਾ ਦੇ ਵਿਸ਼ੇ ਵਿਚਾਰ ਕਰੇ ਕਿ ਜਿਸ ਆਤਮਾ ਕਰਕੇ ਜਾਗ੍ਰਿਤ ਆਦਿ ਸਾਰੇ ਪਦਾਰਥ ਅਤੇ ਸਖੋਪਤੀ ਦੇ ਅਭਾਵ ਆਦਿ ਜਾਣੇ

ਜਾਂਦੇ ਹਨ। ਓਹ ਆਤਮਾ ਕਰਕੇ ਹੀ ਸਿੱਧ ਹੁੰਦੇ ਹਨ। ਇਸ ਤੋਂ ਬਗੈਰ ਹੋਰ ਕੋਈ ਸਿੱਧ ਕਰਨ ਵਾਲਾ ਨਹੀਂ ਹੈ। ਜੇ ਸਖੋਪਤੀ ਤੇ ਅਭਾਵ ਆਦਿਕ ਤੋਂ ਪਰੇ ਆਤਮਾ ਨਾ ਹੋਵੇ ਤਾਂ ਅਭਾਵ ਆਦਿ ਨੂੰ ਸਿੱਧ ਕਿਵੇਂ ਕਰੇ। ਜਿਸ ਆਤਮਾ ਦਾ ਕਾਰਜ ਜਗਤ ਪ੍ਰਤੱਖ ਹੈ। ਅਰਥਾਪਤੀ ਵਿੱਚ ਇਹ ਲੱਛਣ ਹੈ।

**ਭਾਵਾਰਥ** - ਸਰੀਰ ਦਾ ਮੁਟਾਪਾ ਸਮਝਾ ਦਿੰਦਾ ਹੈ, ਕਿ ਉਹ ਦਿਨੇ ਭੋਜਨ ਖਾਵੇ ਜਾਂ ਨਾ ਖਾਵੇ ਪਰ ਰਾਤ ਨੂੰ ਜਰੂਰ ਖਾਂਦਾ ਹੈ। ਕਿਉਂਕਿ ਮੋਟਾਪੇ ਰੂਪੀ ਕਾਰਜ ਨੇ ਰਾਤ ਨੂੰ ਖਾਣਾ ਖਾਣ ਰੂਪੀ ਕਾਰਨ ਨਿਸ਼ਚੇ ਕਰ ਦਿੱਤਾ। ਤਿਸ ਪ੍ਰਕਾਰ ਆਤਮਾ ਦੇ ਵਿਸ਼ੇ ਵਿਚਾਰ ਕਰੇ ਕਿ ਜਿਸ ਆਤਮਾ ਕਰਕੇ ਜਾਗ੍ਰਿਤ ਆਦਿ ਸਾਰੇ ਪਦਾਰਥ ਅਤੇ ਸੁਖੁਪਤੀ ਦੇ ਅਭਾਵ ਆਦਿ ਜਾਣੇ ਜਾਂਦੇ ਹਨ। ਉਹ ਆਤਮਾ ਕਰਕੇ ਹੀ ਸਿੱਧ ਹੁੰਦੇ ਹਨ। ਜਿਤਨੇ ਪਦਾਰਥਾਂ ਦੇ ਗਿਆਨ ਹਨ, ਉਹ ਸਾਨੂੰ ਤਿੰਨੇ (ਜਾਗਤ, ਸੁਪਨ ਤੇ ਸਖੋਪਤਿ) ਅਵਸਥਾਵਾਂ ਵਿੱਚ ਜਾਣੇ ਜਾਂਦੇ ਹਨ। ਜਨਮ ਲੈਂਣ ਤੋਂ ਉਪਰੰਤ ਜਿਵੇਂ ਜਿਵੇਂ ਮਨੁੱਖੀ ਦਿਮਾਗ ਤਰੱਕੀ ਕਰਦਾ ਹੈ, ਉਹ ਜਾਗਤ ਅਵਸਥਾ ਵਿੱਚ ਬੱਚੇ ਅਤੇ ਉਸਦੇ ਜਾਣਕਾਰਾਂ ਤੋਂ ਮਿਲੇ ਗਿਆਨ ਦੀ ਤਫਸੀਲ ਹੁੰਦੀ ਹੈ। ਕੁੱਝ ਗਿਆਨ ਸੁਪਨਾਵੀਂ ਅਵਸਥਾ ਵਿੱਚੋਂ ਭੀ ਹਾਸਿਲ ਹੁੰਦੇ ਹਨ। ਜਿਵੇਂ ਰਾਜਾ ਜਨਕ ਨੂੰ ਗਿਆਨ ਦਾ ਕਾਰਣ 'ਯਹ ਸਚਾ ਯਾਂ ਵੋਹ ਸਚਾ' ਸੁਪਨਾਵੀਂ ਅਵਸਥਾ ਦਾ ਹੀ ਪ੍ਰਭਾਵ ਸੀ। ਤੀਜੀ ਅਵਸਥਾ ਸਖੋਪਤੀ ਵਿਚ ਸੌਂ ਕੇ ਉੱਠਿਆ ਮਨੁੱਖ ਆਖਦਾ ਹੈ, 'ਅੱਜ ਇਤਨਾ ਸੁੱਤਾ ਕਿ ਅਨੰਦ ਆ ਗਿਆ!! ਪਤਾ ਹੀ ਨਹੀਂ ਲੱਗਿਆ।' ਪਤਾ ਨਹੀਂ ਲੱਗਿਆ ਤੋਂ ਭਾਵ ਹੈ, ਕਿ ਗਿਆਨ ਦਾ ਅਭਾਵ ਹੈ। ਸੁੱਖ ਦੀ ਪ੍ਰਾਪਤੀ ਅਨੰਦ ਦਾ ਅਨਭਵ ਹੈ। ਜੇ ਅਨੰਦ ਦਾ ਅਨਭਵ ਹੋਇਆ ਹੈ, ਤਾਂ ਗਿਆਨ ਹਾਸਿਲ ਹੋਇਆ ਹੈ। ਜੇ ਪਤਾ ਨਹੀਂ ਲੱਗਿਆ ਤਾਂ ਗਿਆਨ ਦਾ ਅਭਾਵ ਹੈ। ਇਸ ਦਾ ਮਤਲਬ ਹੋਇਆ, ਕਿ ਸਖੋਪਤੀ ਤੋਂ ਪਰੇ ਕੋਈ ਹੈ, ਜਿਹੜਾ ਬ੍ਰਿਤੀ ਦਾ ਮੁਥਾਜ ਨਹੀਂ ਪਰ ਬ੍ਰਿਤੀ ਉਸਤੋਂ ਬਿਨਾਂ ਕੁੱਝ ਨਹੀਂ ਕਰ ਸਕਦੀ; ਉਸਨੂੰ ਆਤਮਾ ਕਹਿੰਦੇ ਹਨ। ਉਹ ਆਤਮਾ ਹੀ ਹੈ, ਜਿਹੜੀ ਸਾਰੇ ਕਾਰਜਾਂ ਨੂੰ ਸੰਪੂਰਨਤਾ ਦੇਣ ਲਈ ਯੋਗਦਾਨ ਪਾਉਂਦੀ ਹੈ। ਜਾਗਤ-ਸੁਪਨ-ਸਖੋਪਤੀ ਤਿੰਨੇ ਅਵਸਥਾਵਾਂ ਸਥੂਲ-ਸੂਖਸ਼ਮ-ਕਾਰਣ ਸਰੀਰ ਵਿੱਚ ਘਟਿਤ ਹੁੰਦੀਆਂ ਹਨ। ਸਥੂਲ ਸਰੀਰ ਦੀ ਜਾਗ੍ਰਿਤ ਅਵਸਥਾ ਹੁੰਦੀ ਹੈ। ਸੂਖਸ਼ਮ ਸਰੀਰ ਵਿੱਚ ਸੁਪਨ ਅਵਸਥਾ ਹੁੰਦੀ ਹੈ। ਕਾਰਣ ਸਰੀਰ ਵਿੱਚ ਸਖੋਪਤੀ ਅਵਸਥਾ ਹੁੰਦੀ ਹੈ। ਜੀਵ/ਜਗਤ ਦੀ ਹੋਂਦ ਆਤਮਾ/ਪਰਮਾਤਮਾ ਦੀ ਸੱਤਾ ਤੋਂ ਹੀ ਮਾਇਆ



ਕਾਰਜਸ਼ੀਲ ਹੁੰਦੀ ਹੈ। ਜਿੰਨਾਂ ਵੀ ਜਗਤ ਦਾ ਕਾਰਜ ਹੈ, ਆਤਮਾ ਤੋਂ ਬਿਨਾਂ ਸੰਭਵ ਹੀ ਨਹੀਂ। ਕਿਉਂਕਿ ਜੇ ਆਤਮਾ ਨੂੰ ਸਿੱਧ ਕਰਕੇ ਨਹੀਂ ਜਾਣਿਆ ਜਾਂਦਾ ਤਾਂ ਅਭਾਵ ਦਾ ਅਨਭਵ ਕਰਨ ਵਾਲਾ ਕਿਸ ਨੂੰ ਮੰਨਿਆ ਜਾਵੇ? ਇਸ ਲਈ ਪ੍ਰਤੱਖ ਜਗਤ ਵਿੱਚੋਂ ਅਰਥਾਪਤ-ਪ੍ਰਮਾ ਦੁਆਰਾ ਆਤਮਾ ਦੀ ਪ੍ਰਾਪਤੀ ਨੂੰ ਕਰਵਾਉਣ ਵਾਲੇ ਲੱਛਣ ਨੂੰ ਅਰਥਾਪਤੀ ਪ੍ਰਮਾਣ ਕਿਹਾ ਜਾਂਦਾ ਹੈ।

**ਅਈਤੇਜਕ ਪ੍ਰਮਾਣ -**

**ਕਹਯੋ ਕਿਸੀ ਨੇ ਇਸ ਤਰੁ ਵਿਖੈ। ਯੱਖਯ ਬਸਤਿ ਹੈ, ਕਿਸ ਨਹਿੰ ਪਿਖੈ-॥ ੩੧॥**

**ਜਾਨਯੋਂ ਜਾਇ ਨ ਕਿਯ ਅਨੁਮਾਨ। ਨਹਿੰ ਕਿਹ ਸ਼ਾਸਤ੍ਰਹਿ ਕੀਨ ਬਖਾਨ।**

**ਪਰੰਪਰਾ ਸੁਨਿਬੇ ਮਹਿਂ ਆਵੈ। 'ਅਈਤੇਜਕ ਪ੍ਰਮਾਣ' ਕਹਾਵੈ॥ ੩੨॥**

**ਤਿਮ ਆਤਮ ਇਹ ਕਹੈਂ ਸਨਾਤਨ। ਪਰੰਪਰਾ ਸਭਿ ਕਥੈਂ ਪੁਰਾਤਨ।**

**ਸੱਤਿ ਪਰਾਤਮ ਈਸ਼ੁਰ ਜੋਇ। ਸਭਿ ਕੋ ਅਹੈ ਆਤਮਾ ਸੋਇ॥ ੩੩॥**

**ਅਰਥ** - ਕਿਸੇ ਨੇ ਆਖਿਆ, ਕਿ ਇਸ ਦਰੱਖਤ ਵਿੱਚ ਪ੍ਰੇਤ ਵਸਦਾ ਹੈ, ਕਿਸੇ ਨੇ ਵੇਖਿਆ ਨਹੀਂ। ਇਹ ਗਲ ਨਾ ਤਾਂ ਜਾਣੀ ਜਾਂਦੀ ਹੈ ਅਤੇ ਨਾ ਹੀ ਅਨੁਮਾਨ ਕੀਤੀ ਜਾ ਸਕਦੀ ਹੈ। ਨਾ ਹੀ ਕਿਸੇ ਸ਼ਾਸਤ੍ਰ ਵਿੱਚ ਇਸ ਦੀ ਵਿਆਖਿਆ ਕੀਤੀ ਗਈ ਹੈ। ਪਰੰਪਰਾ ਵਿੱਚ ਇਹ ਸੁਨਣ ਵਿੱਚ ਆਉਂਦਾ ਹੈ; ਇਸਨੂੰ ਅਈਤੇਜਕ ਪ੍ਰਮਾਣ ਕਹਿੰਦੇ ਹਨ। ਇਸੇ ਤਰ੍ਹਾਂ ਹੀ ਆਤਮਾ ਆਦਿ ਕਾਲ ਤੋਂ ਹੀ ਵੀਚਾਰ ਅਧੀਨ ਆਉਂਦੀ ਹੈ। ਪਰੰਪਰਾ ਵਿੱਚ ਵੀ ਸਾਰੇ ਪੁਰਾਤਨ ਤੋਂ ਪੁਰਾਤਨ ਕਥਨ ਕਰਦੇ ਹਨ। ਜੋ ਸੱਤ ਪਰਮਾਤਮ ਈਸ਼ਰ ਹੈ; ਸਾਰਿਆਂ ਦਾ ਉਹ ਆਤਮਾ ਹੈ।

**ਭਾਵਾਰਥ** - ਬੌਧਿਕ ਦੁਨੀਆਂ ਵਿੱਚ ਕੁੱਝ ਵੀਚਾਰਧਾਰਕ ਖੇਤਰ ਐਸੇ ਹੁੰਦੇ ਹਨ; ਜਿਹਨਾਂ ਨੂੰ ਸਮਝਿਆ ਤਾਂ ਜਾ ਸਕਦਾ ਹੈ, ਪਰ ਵਿਆਖਿਆ ਲਈ ਯੋਗ ਢੰਗ ਨਜ਼ਰ ਨਹੀਂ ਆਉਂਦਾ। ਇਸ ਦਾ ਮਤਲਬ ਇਹ ਵੀ ਨਹੀਂ ਹੁੰਦਾ, ਕਿ ਉਹ ਘਟਨਾਵਾਂ ਦਾ ਮਨੁੱਖੀ ਜਿੰਦਗੀ ਨਾਲ ਕੋਈ ਸਬੰਧ ਨਹੀਂ, ਸਗੋਂ ਮਨੁੱਖੀ ਜਿੰਦਗੀ ਵਿੱਚ ਇਹ ਘਟਨਾਵਾਂ ਵੀ ਖਾਸ ਅਸਰ ਰੱਖਦੀਆਂ ਹਨ। ਇਵੇਂ ਹੀ ਜੇ ਆਤਮਾ ਦੀ ਵਿਆਖਿਆ ਕਿਸੇ ਪ੍ਰਕਾਰ ਵੀ ਸਮਝ ਵਿੱਚ ਨਾ ਆਵੇ ਤਾਂ ਭੀ ਸਤ ਪਰਮਾਤਮਾ ਈਸ਼ਰ ਰੂਪ ਜੋ ਹੈ; ਉਹ ਸਾਰੇ ਜਗਤ ਦਾ ਆਤਮਾ ਹੈ। ਇਸ ਪ੍ਰਕਾਰ ਦਾ ਨਿਸ਼ਚਾ ਧਾਰਨ ਕਰਕੇ ਸ੍ਰਵਣ ਕਰਨ ਲਈ ਯਤਨਸ਼ੀਲ ਰਹੇ, ਜਦੋਂ ਸ੍ਰਵਣ ਕਰਦਿਆਂ ਵੀਚਾਰ ਨੂੰ ਮੰਨਨ ਦੀ ਭਾਵਨਾ ਪ੍ਰਜੁਲਤ ਹੋਵੇ ਤਾਂ ਮੰਨਨ ਕਰਨ ਲਈ ਦੇਰੀ ਨਾ ਕਰੇ। ਮੰਨਨ

ਕਰਦਿਆਂ ਨਿਰੰਤਰ ਅਭਿਆਸ ਜਾਰੀ ਰੱਖੇ; ਤਾਂ ਕਿ ਨਿਧਆਸਨ ਦੁਆਰਾ ਆਤਮਾ ਦੀ ਅਨਭਵਤਾ ਆ ਜਾਏ।

**ਪ੍ਰਤੱਖਯ-ਅਬਿ ਪ੍ਰਤੱਖਯ ਸੁਨਿ ਨੀਕੇ ਉਰ ਧਰਿ।**
**ਅੰਤਹਕਰਣ ਕੀ ਬ੍ਰਿੱਤਿ ਨਿਕਲ ਕਰਿ।**
**ਇੰਦ੍ਰਯ ਦੁਆਰਾ ਵਹਿਰ ਪ੍ਰਕਾਸ਼ੈ।**
**ਸਾਥ ਪਦਾਰਥ ਮਿਲਿ ਕਰਿ ਭਾਸੈ॥ ੩੪॥**
**ਸਤਿ ਚਿਤ ਆਨੰਦ ਬਿਖੈ ਪ੍ਰਤੱਛ।**
**ਅਸਤਿ ਭਾਂਤਿ ਪ੍ਰਿਯ ਆਤਮ ਲੱਛ।**
**ਇਹ ਤੀਨਹੁਂ ਜਿਤ ਕਿਤ ਦ੍ਰਿਸ਼ਟਾਵੈ।**
**ਇਨ ਬਿਹੀਨ ਕਿਛੁ ਕਿਤ ਨ ਜਨਾਵੈ॥ ੩੫॥**
**ਅਸਤੀ ਹੈ ਸੁ ਪਦਾਰਥ ਸਾਚੁ। ਚਿਤ ਭਾਂਤੀ ਪਰਕਾਸ਼ ਉਬਾਚ।**
**ਪਾਇ ਪਦਾਰਥ ਪ੍ਰਿਯ ਆਨੰਦ।**
**ਇਮ ਤੀਨਹੁਂ ਸਭਿ ਮਹਿਂ ਬਰਤੰਦ॥ ੩੬॥**

**ਅਰਥ** – ਹੁਣ ਪ੍ਰਤੱਖ ਪ੍ਰਮਾਣ ਨੂੰ ਚੰਗੀ ਤਰ੍ਹਾਂ ਸੁਣ ਕੇ ਹਿਰਦੇ ਵਿੱਚ ਧਾਰਨ ਕਰ। ਜਦੋਂ ਅੰਤਹਕਰਣ ਦੀ ਬ੍ਰਿਤੀ ਇੰਦ੍ਰੀਆਂ ਦੁਆਰਾ ਬਾਹਰ ਨਿਕਲ ਕੇ ਪਦਾਰਥਾਂ ਨਾਲ ਮਿਲਦੀ ਹੈ ਤਾਂ ਪਦਾਰਥ ਪ੍ਰਕਾਸ਼ਦੇ ਹਨ। ਇਸ ਪ੍ਰਕਾਰ ਸਤ-ਚਿਤ-ਅਨੰਦ ਦਾ ਪ੍ਰਤੱਖ ਪ੍ਰਾਣ ਸਿੱਧ ਹੋ ਗਿਆ। ਅਸਤੀ ਭਾਤੀ ਪ੍ਰਿਯ ਆਤਮਾ ਦੇ ਲੱਛਣ ਹਨ, ਇਹ ਤਿੰਨੇ ਜਿੱਥੇ ਕਿਤੇ ਨਜ਼ਰ ਆ ਰਹੇ ਹਨ। ਇਸ ਤੋਂ ਬਿਨਾਂ ਕਿਛੁ ਭੀ ਸਮਝਿਆ ਨਹੀਂ ਜਾ ਸਕਦਾ। ਪਦਾਰਥ ਸੱਚੇ ਨਜ਼ਰ ਆਉਂਦੇ ਹਨ, ਇਹ ਅਸਤੀ ਹੈ। ਭਾਂਤੀ-ਤਰ੍ਹਾਂ ਤਰ੍ਹਾਂ ਦੇ ਨਜ਼ਰ ਆ ਰਹੇ ਹਨ; ਇਹ ਚੇਤਨ (ਚਿਤ) ਹੈ। ਪਦਾਰਥ ਨੂੰ ਪ੍ਰਾਪਤ ਕਰਕੇ ਅਨੰਦ ਹੁੰਦਾ ਹੈ, ਇਹ ਪ੍ਰਿਯ ਹੈ। ਇਸ ਪ੍ਰਕਾਰ ਤਿੰਨੇ ਹੀ ਸਾਰਿਆਂ ਵਿੱਚ ਵਰਤਦੇ ਹਨ।

**ਭਾਵਾਰਥ** – ਪ੍ਰਤੱਖ ਪ੍ਰਮਾਣ ਦਾ ਵਰਤਾਵ ਪਦਾਰਥਾਂ ਦੇ ਗਿਆਨ ਦੀ ਪ੍ਰਾਪਤੀ ਕਰਵਾਉਣਾ ਹੁੰਦਾ ਹੈ। ਜਦੋਂ ਅੰਤਹਕਰਣ ਦੀ ਬ੍ਰਿਤੀ ਅੱਖਾਂ ਆਦਿ ਇੰਦ੍ਰਿਆਂ ਰਾਂਹੀ ਬਾਹਰ ਨਿਕਲ ਕੇ ਪਦਾਰਥਾਕਾਰ ਧਾਰਨ ਕਰਦੀ ਹੈ। ਤਾਂ ਬ੍ਰਿਤੀ-ਚੇਤਨ ਵਿਸ਼ਯ (ਪਦਾਰਥ) ਚੇਤਨ ਇੱਕਸੁਰ ਹੋ ਜਾਂਦੇ ਹਨ ਤਾਂ ਪਦਾਰਥ ਦੇ ਗਿਆਨ ਨੂੰ ਵਿਸਥਾਰਿਤ ਕਰਨ ਦੀ ਸਮਰਥਾਂ ਬ੍ਰਿਤੀ ਚੇਤਨ ਵਿੱਚ ਆ ਜਾਂਦੀ ਹੈ । ਬ੍ਰਿਤੀ ਚੇਤਨ ਆਪਣੇ



'ਸਤ-ਚਿਤ-ਅਨੰਦ' ਸਰੂਪ ਨੂੰ ਪਦਾਰਥ ਦੇ 'ਅਸਤੀ-ਭਾਤੀ-ਪ੍ਰੇਯ' ਰੂਪ ਨੂੰ ਵੱਖਰੇ ਕਰ ਵੇਖਣ ਦੀ ਥਾਂ ਇੱਕੋ ਜਿਹਾ ਅਨਭਵ ਕਰਨ ਲੱਗ ਜਾਂਦੀ ਹੈ। ਕਿਉਂਕਿ ਦੋਨਾਂ ਦੇ ਅਨੰਦ ਦਾ ਰਸ ਇੱਕੋ ਜਿਹਾ ਹੁੰਦਾ ਹੈ। ਜਿਸ ਕੋਲ ਅਧਿਆਤਮਕ ਅਨਭਵ ਨਹੀਂ ਹੁੰਦਾ, ਉਹਨਾਂ ਨੂੰ ਪਦਾਰਥਾਂ ਦੇ ਪ੍ਰਿਯ ਰੂਪ ਵਿੱਚੋਂ ਹੀ ਅਨੰਦ ਦਾ ਅਨਭਵ ਹੋਣ ਲੱਗ ਜਾਂਦਾ ਹੈ; ਭਲੇ ਥੋੜੇ ਸਮੇਂ ਤੋਂ ਬਾਅਦ ਉਸ ਦੀ ਪ੍ਰਤੀਕੂਲਤਾ ਸਾਹਮਣੇ ਆ ਜਾਂਦੀ ਹੈ। ਕਿਉਂਕਿ ਉਸਨੂੰ ਯਥਾਰਥ ਅਨਭਵ ਦੀ ਬ੍ਰਿਤੀ ਰੂਪ ਕਰਕੇ ਸਮਝ ਨਹੀਂ ਹੁੰਦੀ। ਜਿਵੇਂ ਮਿਰਚਾਂ ਖਾਣ ਦੀ ਆਦਤ ਵਾਲੇ ਨੂੰ ਮਿਰਚਾਂ ਖਾ ਕੇ ਬਹੁਤ ਰਸ ਆਉਂਦਾ ਹੈ ਉਹ ਤੇਜ਼ ਮਿਰਚਾਂ ਵਾਲੀ ਸਬਜ਼ੀ ਖਾ ਕੇ ਕਹਿੰਦਾ ਹੈ, 'ਵਾਹ!! ਸਬਜ਼ੀ ਖਾ ਕੇ ਸੁਆਦ ਆ ਗਿਆ।' ਅਸਤੀ ਤੇ ਸੱਤ ਦੁਹਾਂ ਦਾ ਪਦ ਅਰਥ ਹੈ, 'ਸਤਯ', ਚਿੱਤ ਤੇ ਭਾਤੀ ਦਾ ਭਾਵ ਹੈ 'ਪ੍ਰਕਾਸ਼', ਆਨੰਦ ਤੇ ਪ੍ਰਿਯ ਇੱਕੋ ਹਨ ਕਿਉਂਕਿ ਪ੍ਰਿਯ ਵਸਤੂ ਪਾ ਕੇ ਆਨੰਦ ਹੁੰਦਾ ਹੈ ਐਉਂ ਤਿੰਨੇ ਸਭ ਵਿੱਚ ਵਰਤ ਰਹੇ ਹਨ। ਨਿਧਿਆਸਨ ਕਰਨ ਵਾਲੇ ਦੀ ਬ੍ਰਿਤੀ ਆਪਣੇ ਚੇਤਨ ਨੂੰ ਸਾਰੇ ਸੰਘਾਤ ਵਿੱਚ ਇੱਕੋ ਸਰੂਪ ਵਿੱਚ ਅਨਭਵ ਕਰਨ ਵਾਲੀ ਹੋ ਜਾਂਦੀ ਹੈ। ਜਿਵੇਂ ਖਟ ਰਸ ਮਨੁੱਖੀ ਤੰਦਰੁਸਤੀ ਲਈ ਸਰੀਰ ਦੀ ਲੋੜ ਮੁਤਾਬਿਕ ਸੰਤੁਲਿਤ ਤੱਤ ਪ੍ਰਦਾਨ ਕਰਦੇ ਹਨ। ਛੇ ਰਸ 'ਖਟਾ, ਮਿੱਠਾ, ਕੌੜਾ, ਨਮਕੀਨ, ਕਸੈਲਾ, ਚਰਪਰਾ' ਅੱਜ ਮਨੁੱਖੀ ਮਨ ਦੀ ਚੰਚਲਤਾ ਨੇ ਇਸ ਤੋਂ ਹਜ਼ਾਰਾਂ ਰਸ ਬਣਾ ਲਏ ਹਨ। ਕੀ ਖਟ ਰਸਾਂ ਦਾ ਮੁੱਲ ਮਨਫੀ ਕਰਕੇ ਹਜ਼ਾਰਾਂ ਰਸ ਤਿਆਰ ਹੋਏ ਹਨ? ਜੁਆਬ ਨਾ ਵਿੱਚ ਹੋਵੇਗਾ, ਕਿਉਂਕਿ ਛੇ ਰਸ ਹਨ ਤਾਂ ਹੀ ਛੇ ਰਸਾਂ ਦੇ ਮਿਲਾਨ ਨਾਲ ਹਜ਼ਾਰਾਂ ਰਸ ਹੋਂਦ ਵਿੱਚ ਆਏ। ਸਾਰੇ ਰਸਾਂ ਦਾ ਮੁੱਖ-ਰਸ ਹੈ ਮਨੁੱਖ ਨੂੰ ਪਸੰਦੀਦਾ ਸੁਆਦ ਪ੍ਰਾਪਤ ਹੋਣਾ। ਇਵੇਂ ਹੀ ਗਿਆਨ ਵਾਨ ਹਜ਼ਾਰਾਂ ਰਸਾਂ ਵਾਂਗ ਅਨੰਤ ਦੁਨੀਆਂ ਦੇ ਅਨੰਤ ਅਨੰਦਾਂ ਨੂੰ ਆਪਣੀ ਆਤਮਾ ਦੇ ਅਨੰਦ ਰੂਪ ਵਿੱਚ ਸੰਤੁਲਿਤ ਜੀਵਨ ਦੁਆਰਾ ਮਾਣਦਾ ਹੈ। ਕੋਈ ਵੀ ਕਾਰਜ ਉਸ ਤੋਂ ਬਗੈਰ ਸੰਪੂਰਨ ਹੋਣਾ ਸੰਭਵ ਹੀ ਨਹੀਂ।

**ਤਿੰਨ ਭੇਦ- ਨਿਰਾਵੈਵ ਬ੍ਰਹਮ ਭਲੇ ਪਛਾਨੈ। ਤੀਨੋ ਭੇਦ ਤਿਸੀ ਤੇ ਹਾਨੈ।**
**ਇਕ ਤਰੁ ਤੇ ਜਿਮ ਹੈ ਤਰੁ ਆਨ। ਭੇਦ 'ਸਜਾਤੀ' ਲੀਜੈ ਜਾਨ॥ ੩੭॥**

**ਅਰਥ** – ਬ੍ਰਹਮ ਨੂੰ (ਅਵੈਵ) ਅੰਗ ਰਹਿਤ ਚੰਗੀ ਤਰ੍ਹਾਂ ਪਛਾਣੇ, ਇਸ ਕਰਕੇ ਹੀ ਤਿੰਨੇ ਭੇਦ ਉਸ ਵਿੱਚ ਨਹੀਂ ਹਨ। ਭਾਵ 'ਸਜਾਤੀ, ਵਿਜਾਤੀ ਤੇ ਸੁਗਤਿ' ਤਿੰਨਾਂ ਭੇਦਾਂ ਤੋਂ ਰਹਿਤ ਹੈ। ਜਿਵੇਂ ਇੱਕ ਦਰੱਖਤ ਤੋਂ ਆਨ ਹੋਰ ਦਰੱਖਤ ਵੱਖਰੇ ਹੁੰਦੇ

ਹਨ; ਇਹ ਸਜਾਤੀ ਭੇਦ ਹੈ।

**ਭਾਵਾਰਥ** – ਜੀਵ ਨੂੰ ਚੌਰਾਸੀ ਲੱਖ ਜੂਨਾਂ ਵਿੱਚੋਂ ਅਨੇਕ ਤਰ੍ਹਾਂ ਦੇ ਸਰੀਰ ਧਾਰਨ ਕਰਨੇ ਪੈਂਦੇ ਹਨ। ਸਰੀਰ ਤੋਂ ਸਰੀਰ ਦੇ ਤਿੰਨ ਤਰ੍ਹਾਂ ਦੇ ਭੇਦ ਹਨ। ਆਤਮਾਕਾਰ-ਬ੍ਰਿਤੀ ਛੇ ਪ੍ਰਮਾਣਾਂ ਦੁਆਰਾ ਸਾਰੇ ਜਗਤ ਵਿੱਚ ਆਪਣੇ ਆਪ ਨੂੰ ਨਿਸ਼ਚੇ ਕਰਦੀ ਹੈ। ਜਗਤ ਨੂੰ ਆਤਮਾਕਾਰ ਸਰੂਪ ਸਮਝਣ ਵੇਲੇ ਸਾਰਾ ਕੁੱਝ ਆਪਣਾ ਹੀ ਨਜ਼ਰ ਆਉਂਦਾ ਹੈ। ਮੋਹ-ਮਮਤਾ ਵਿੱਚ ਫਸਿਆ ਹੋਇਆ ਭੀ ਜਗਤ ਨੂੰ ਆਪਣਾ ਜਾਣਦਾ ਹੈ; ਗਿਆਨਵਾਨ ਭੀ ਜਗਤ ਨੂੰ ਆਪਣਾ ਕਰਕੇ ਜਾਣਦਾ ਹੈ। ਫਰਕ ਸਿਰਫ ਇਤਨਾ ਹੁੰਦਾ ਹੈ, ਗਿਆਨਵਾਨ ਦੀ ਬ੍ਰਿਤੀ ਤਿਆਗ-ਵਿਰਾਗ ਪ੍ਰਧਾਨ ਹੁੰਦੀ ਹੈ। ਅਗਿਆਨੀ ਦੀ ਬ੍ਰਿਤੀ ਮੋਹ ਦੀ ਜਕੜ ਵਾਲੀ ਹੁੰਦੀ ਹੈ। ਕਵੀ ਜੀ ਨੇ ਮੋਹ ਦੀ ਜਕੜ ਤੋਂ ਰਹਿਤ ਹੋਣ ਲਈ ਅਤੇ ਗਿਆਨਵਾਨ ਦੀ ਦ੍ਰਿਸ਼ਟੀ ਦਾ ਕਥਨ ਬ੍ਰਹਮ ਦੀ ਵਿਆਖਿਆ ਦੇ ਰੂਪ ਵਿੱਚ ਕੀਤਾ ਹੈ। ਬ੍ਰਹਮ ਨੂੰ ਨਿਰਾਵੈਵ (= ਨਿਰ+ ਅਵੈਵ) ਅੰਗਾਂ ਤੋਂ ਰਹਿਤ ਆਖਿਆ ਹੈ। ਜਗਤ ਵਿੱਚ ਸਰੀਰ ਅੰਗਾਂ ਸਹਿਤ ਹੁੰਦੇ ਹਨ। ਪ੍ਰਮਾਤਮਾ ਦਾ ਚਿੰਤਨ ਅੰਗਾਂ ਤੋਂ ਰਹਿਤ ਕੀਤਾ ਹੈ; ਜੇ ਅੰਗ ਹੋਂਦ ਵਿੱਚ ਆਏ, ਤਾਂ ਅੰਗਾਂ ਤੋਂ ਰਹਿਤ ਬ੍ਰਹਮ ਨੂੰ ਆਖਿਆ ਗਿਆ। ਬ੍ਰਹਮ ਨੂੰ ਚੰਗੀ ਤਰ੍ਹਾਂ ਨਾਲ ਨਿਸ਼ਚੇ ਕਰਨ ਲਈ ਬ੍ਰਹਮ ਦੀ ਹੋਂਦ ਨੂੰ ਸਮਝਣ ਉੱਪਰ ਜੋਰ ਦਿੱਤਾ ਹੈ। ਜਿਵੇਂ ਅਕਾਸ਼ ਕਰਕੇ ਘਟਾਕਾਸ਼ ਜਾਂ ਮਠਾਕਾਸ਼ ਹੋਂਦ ਵਿੱਚ ਆਉਂਦਾ ਹੈ। ਜੇ ਅਕਾਸ਼ ਹੀ ਨਾ ਹੋਵੇ ਤਾਂ ਘਟਾਕਾਸ਼ ਜਾਂ ਮਠਾਕਾਸ਼ ਕਿੱਥੋਂ ਆਵੇਗਾ। ਜੇ ਨਿਰਾਵੈਵ ਹੈ ਤਾਂ ਅਵੈਵ ਹੋਂਦ ਵਿੱਚ ਆਏ ਜਾਂ ਜੇ ਅਵੈਵ ਵਾਲਾ ਕੋਈ ਹੋਵੇਗਾ ਤਾਂ ਨਿਰਾਵੈਵ ਹੋਵੇਗਾ। ਸਰੀਰ ਦੀ ਹੋਂਦ ਲਈ ਬ੍ਰਹਮ ਦਾ ਨਿਰਾਵੈਵ ਰੂਪ ਹੀ ਸਹਾਈ ਹੁੰਦਾ ਹੈ। ਜਿਵੇਂ ਮਿਸਤਰੀ ਦੀ ਸੋਚ ਲੋਹੇ ਆਦਿਕ ਧਾਤਾਂ ਨਾਲ ਮਿਲਕੇ ਮਸ਼ੀਨ ਦਾ ਰੂਪ ਧਾਰਨ ਕਰਦੀ ਹੈ। ਬ੍ਰਹਮ ਦਾ ਨਿਰਾਵੈਵ ਰੂਪ ਪੰਜ-ਤੱਤਾਂ ਨਾਲ ਮਿਲਕੇ ਸਰੀਰ ਧਾਰਨ ਕਰਦਾ ਹੈ। ਸਰੀਰਾਂ ਅੰਦਰ ਸਭ ਤੋਂ ਪਹਿਲਾਂ ਸਜਾਤੀ ਭੇਦ ਹੁੰਦਾ ਹੈ।

**ਇਕ ਬ੍ਰਹਮ ਤੇ ਦੂਸਰ ਬ੍ਰਹਮ ਨਾਂਹੀ। ਭੇਦ ਸਜਾਤੀ ਤੌ ਹੁਇ ਕਾਂਹੀ।**
**ਇਕ ਤਰੁ ਨ ਪਾਥਰ ਲਹਯੋ। ਭੇਦ 'ਵਿਜਾਤੀ' ਹੈ ਇਮ ਕਹਯੋ॥ ੩੮॥**

**ਅਰਥ** – ਇਕ ਬ੍ਰਹਮ ਤੋਂ ਦੂਜਾ ਬ੍ਰਹਮ ਨਹੀਂ ਹੁੰਦਾ; ਸਜਾਤੀ ਭੇਦ ਕਿਵੇਂ ਹੋਵੇਗਾ। ਇੱਕ ਦਰੱਖਤ ਅਤੇ ਦੂਜਾ ਪਾਥਰ ਵੇਖੀਦਾ ਹੈ। ਇਸਨੂੰ ਵਿਜਾਤੀ ਭੇਦ ਕਿਹਾ ਜਾਂਦਾ ਹੈ।



**ਭਾਵਾਰਥ** – ਸਜਾਤੀ ਭੇਦ ਦਾ ਰੂਪ ਬ੍ਰਹਮ ਵਿੱਚ ਨਹੀਂ ਹੋ ਸਕਦਾ; ਕਿਉਂਕਿ ਬ੍ਰਹਮ ਤੋਂ ਹੀ ਸਾਰਾ ਕੁੱਝ ਹੋਂਦਵਾਨ ਹੋਣ ਲਈ ਸੱਤਾ ਪ੍ਰਾਪਤ ਕਰਦਾ ਹੈ। ਹਰ ਕਰਮ ਲਈ ਕਾਰਣ ਹੁੰਦਾ ਹੈ; ਜਦੋਂ ਇੱਕ ਕਾਰਣ ਤੋਂ ਕੋਈ ਕਾਰਜ ਰੂਪ ਧਾਰਨ ਕਰ ਲੈਂਦਾ ਹੈ। ਉਹ ਕਾਰਣ ਕਾਰਜ ਦੇ ਅਨੰਤ ਰੂਪ ਧਾਰਨ ਕਰ ਲੈਂਦਾ ਹੈ। ਜਿਵੇਂ ਇੰਜੀਨੀਅਰ ਕਿਸੇ ਕਾਰ ਦਾ ਮਾਡਲ ਤਿਆਰ ਕਰ ਦਿੰਦਾ ਹੈ। ਉਸੇ ਮਾਡਲ ਵਾਂਗ ਪੁਰਜੇ ਜੋੜ-੨ ਕੇ ਕਾਰਾਂ ਤਿਆਰ ਕੀਤੀਆਂ ਜਾਂਦੀਆ ਹਨ। ਇੱਕੋ ਮਾਡਲ ਤੋਂ ਅਣਗਿਣਤ ਕਾਰਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਵੇਂ ਹੀ ਇੱਕੋ ਬ੍ਰਹਮ ਤੋਂ ਕਰੋੜਾਂ ਬ੍ਰਹਮੰਡ/ ਅਣਗਿਣਤ ਜੀਵ ਹੋਂਦਵਾਨ ਹੁੰਦੇ ਹਨ। ਪਰ ਬ੍ਰਹਮ ਕੇਵਲ ਇੱਕ ਹੀ ਹੈ। ਉਸ ਵਿੱਚ ਸਜਾਤੀ ਭੇਦ ਸੰਭਵ ਹੀ ਨਹੀ। ਬਿਜਾਤੀ ਭੇਦ ਵਾਂਗ ਬ੍ਰਹਮ ਦੇ ਪਾਸ ਕੋਈ ਹੋਰ ਵੀ ਨਹੀਂ ਹੈ

**ਬ੍ਰਹਮ ਤੇ ਅਪਰ ਨਹੀਂ ਤਿਸ ਪਾਸ । ਯਾਂ ਤੇ ਭੇਦ ਬਿਜਾਤੀ ਨਾਸ਼।**
**ਤਰੁ ਕੇ ਹੈਂ ਸਕੰਧ ਅਰੁ ਸ਼ਾਖਾ। ਭੇਦ 'ਸੁਗਤਿ' ਦਲ ਆਦਿਕ ਭਾਖਾ॥ ੩੯॥**

**ਅਰਥ** – ਬ੍ਰਹਮ ਤੋਂ ਬਿਨਾਂ ਹੋਰ ਕੋਈ ਉਸ ਕੋਲ ਨਹੀਂ ਹੈ। ਇਸ ਲਈ ਬਿਜਾਤੀ ਭੇਦ ਨਾਸ਼ ਹੋ ਜਾਂਦਾ ਹੈ। ਦਰਖਤ ਤੇ ਡਾਲ, ਟਾਹਣੇ, ਟਾਹਣੀਆਂ ਤੇ ਪੱਤੇ ਹਨ; ਇਹ ਸੁਗਤਿ ਭੇਦ ਹੈ।

ਭਾਵਾਰਥ- ਹਾਥੀ ਤੇ ਮਨੁੱਖ ਦਾ ਵਿਜਾਤੀ ਭੇਦ ਹੈ। ਜੀਵ ਕਰਕੇ ਦੋਨਾਂ ਅੰਦਰ ਜੀਵਾਤਮਾ ਵਿਦਮਾਨ ਹੈ। ਪਰ ਜਦੋਂ ਬ੍ਰਹਮ ਤੋਂ ਦੂਜੀ ਜਾਤ ਕੋਈ ਨਹੀਂ, ਤਾਂ ਵਿਜਾਤੀ ਦੀ ਹੈਸੀਅਤ ਹੀ ਨਹੀਂ। ਬ੍ਰਹਮ ਹੀ ਸਾਰਿਆਂ ਅੰਦਰ ਵਿਦਮਾਨ ਹੈ। ਸੁਗਤਿ ਭੇਦ ਸਰੀਰ ਅੰਦਰ ਅੰਗਾਂ ਦੇ ਭੇਦ ਕਰਕੇ ਹੁੰਦਾ ਹੈ। ਕਿ ਜਿਵੇਂ ਮਨੁੱਖੀ ਸਰੀਰ ਦੇ ਅੰਗ ਕੰਨ, ਨੱਕ, ਪੈਰ ਆਦਿ ਹਨ।

**ਇਹ ਭੀ ਭੇਦ ਨਹੀਂ ਬ੍ਰਹਮ ਮਾਂਹੀ। ਲਖਯੋ ਅਭੇਦ ਆਤਮਾ ਜਾਂਹੀ।**
**ਇਕ ਅਖੰਡ ਸਚਿਦਾਨੰਦ ਰੂਪ। ਬੁਧਿ ਸੂਖਮ ਤੇ ਲਖਯੋ ਅਨੂਪ॥ ੪੦॥**

**ਅਰਥ** – ਇਹ ਭੇਦ ਭੀ ਬ੍ਰਹਮ ਵਿੱਚ ਨਹੀਂ ਹੈ; ਜਿਸਨੇ ਆਤਮਾ ਨੂੰ ਬ੍ਰਹਮ ਵਿੱਚ ਅਭੇਦ ਜਾਣਿਆ ਹੈ। ਇੱਕ ਹੀ ਅਖੰਡ ਸਤ-ਚਿਤ-ਅਨੰਦ ਸਰੂਪ ਮੇਰਾ ਹੈ। ਇਹ ਸੂਖਮ ਬੁੱਧੀ ਤੇ ਪ੍ਰਾਪਤ ਹੁੰਦਾ ਹੈ।

**ਭਾਵਾਰਥ** – ਬ੍ਰਹਮ ਵਿੱਚ ਕੋਈ ਵਖੋ-ਵੱਖ ਅੰਗਾਂ ਦਾ ਭੇਦ ਨਹੀਂ ਹੁੰਦਾ ਕਿਉਂਕਿ ਆਤਮਾ ਅਭੇਦ ਜਾਣੀ ਜਾਂਦੀ ਹੈ। ਕਵੀ ਜੀ ਨੇ ਬ੍ਰਹਮ ਦੀ ਵਿਆਖਿਆ ਜਗਤ

ਸੱਚੇ ਦੀ ਕੋਠੜੀ ਰੂਪ ਵਿੱਚ ਗਿਆਨਵਾਨ ਦੀ ਦ੍ਰਿਸ਼ਟੀ ਵਿੱਚ ਕੀਤੀ ਹੈ। ਤਾਂ ਹੀ ਗਿਆਨਵਾਨ ਆਪਣੀ ਜ਼ਿੰਦਗੀ ਨੂੰ ਸੰਸਾਰ ਤੋਂ ਵੱਖ ਕਰਕੇ ਨਹੀਂ ਸਗੋਂ ਸੰਸਾਰ ਦੇ ਭਲੇ ਲਈ ਕੁਰਬਾਨ ਕਰਨ ਨੂੰ ਪਹਿਲ ਦਿੰਦਾ ਹੈ। ਇਹ ਆਤਮਾ ਸਭ ਭੂਤਾਂ (ਤੱਤਾਂ) ਵਿੱਚ ਛਪਿਆ ਹੋਇਆ ਹੈ, ਬਾਹਰ ਨਹੀਂ ਪ੍ਰਕਾਸ਼ਦਾ। ਜਿਵੇਂ ਬੱਲਬ ਦਾ ਪ੍ਰਕਾਸ਼ ਬਿਜਲੀ ਕਰਕੇ ਹੁੰਦਾ ਹੈ, ਬਿਜਲੀ ਬੱਲਬ ਤੋਂ ਬਾਹਰ ਨਹੀਂ ਸਗੋਂ ਅੰਦਰ ਹੀ ਸਥਿੱਤ ਹੋ ਕੇ ਪ੍ਰਖਾਸ਼ ਕਰਨ ਵਿੱਚ ਸਹਾਇਤਾ ਕਰਦੀ ਹੈ। ਜੇ ਬਿਜਲੀ ਨਾ ਹੋਵੇ ਤਾਂ ਬੱਲਬ ਦੀ ਖੋਜ ਹੀ ਸੰਭਵ ਨਹੀਂ ਸੀ; ਕਿਉਂਕਿ ਬਿਜਲੀ ਦੀ ਖੋਜ ਅਤੇ ਚੰਗਿਆੜੀਆਂ ਦੇ ਪ੍ਰਕਾਸ਼ ਨੇ ਬੱਲਬ ਦੀ ਖੋਜ ਵਿੱਚ ਸਹਾਇਤਾ ਕੀਤੀ। ਸਰੀਰ ਦੀ ਹੋਂਦ ਆਤਮਾ ਕਰਕੇ ਹੈ, ਜੇ ਆਤਮਾ ਨਾ ਹੁੰਦੀ ਤਾਂ ਸਰੀਰ ਦੀ ਬਣਤਰ ਹੀ ਸੰਭਵ ਨਹੀਂ ਸੀ। ਆਤਮਾ ਦਾ ਸਾਰੇ ਸਰੀਰਾਂ ਅੰਦਰ ਸਥਾਪਿਤ ਰੂਪ ਬ੍ਰਹਮ ਹੈ; ਤੀਕਸ਼ਨ ਅਰ ਸੂਖਮ ਬੁਧਿ ਨਾਲ ਉਹਨਾਂ ਲੋਕਾਂ ਨੂੰ ਦਿਸਦਾ ਹੈ, ਜੋ ਸੂਖਮਦਰਸੀ ਹਨ। ਸਰੀਰ ਦੀ ਹੋਂਦ ਨੂੰ ਸਮਝਣ ਲਈ ਸੂਖਮ-ਬ੍ਰਿਤੀ ਬਣਾਉਣੀ ਪਵੇਗੀ। ਛੇ-ਪ੍ਰਮਾਣਾਂ ਨੂੰ ਜਾਣ ਲੈਣ ਵਾਲੇ ਨੂੰ ਬ੍ਰਿਤੀ ਦੇ ਆਂਤਰਿਕ ਭੇਦ ਸੌਖੇ ਸਮਝ ਆ ਜਾਂਦੇ ਹਨ। ਉਹ 'ਮਾਂ ਕੀ ਰਕਤਿ' ਅਤੇ 'ਪਿਤਾ ਬਿਦ ਧਾਰਾ' ਤੋਂ ਸਰੀਰ ਦੀ ਹੈਸੀਅਤ ਸਜਾਉਣ ਵਾਲੇ ਬ੍ਰਹਮ ਨੂੰ ਸਮਝ ਲੈਂਦੇ ਹਨ। ਜੇ 'ਸਤ-ਚਿਤ-ਅਨੰਦ' 'ਅਸਤੀ-ਭਾਤੀ-ਪ੍ਰਿਯ' ਦਾ ਰੂਪ ਧਾਰਨ ਕਰਦੇ ਹਨ, ਤਾਂ ਬ੍ਰਹਮ ਦੀ ਵਿਆਪਕਤਾ ਕਰਕੇ ਹੀ ਸੰਭਵ ਹੈ।

**ਮਿਲ੍ਯੋ ਅਨੰਦ ਬ੍ਰਿਤਿ ਮਹਿਂ ਸੋਈ। ਜਨਮ ਮਰਨ ਕੇ ਸੰਕਟ ਖੋਈ।**
**ਖਸ਼ਟ ਪ੍ਰਮਾਣਨਿ ਕਰ ਜਿਸ ਆਪਤਿ। ਭਈ ਆਤਮਾ ਕੀ ਸੁਧਿ ਪ੍ਰਾਪਤਿ ॥ ੪੧ ॥**

ਅਰਥ - ਉਹੀ ਅਨੰਦ ਰੂਪ ਬ੍ਰਿਤੀ ਵਿੱਚ ਮਿਲਿਆ ਹੋਇਆ ਹੈ। ਜਨਮ-ਮਰਣ ਦਾ ਸੰਕਟ ਖਤਮ ਹੋ ਜਾਂਦਾ ਹੈ। ਛੇ ਪ੍ਰਮਾਣਾਂ ਕਰਕੇ ਜਿਸਨੂੰ ਆਤਮਾ ਦੀ ਸੁਧਿ ਪ੍ਰਾਪਤ ਹੋਈ ਹੈ। ਉਹ (ਆਪਤਿ) ਯਥਾਰਥ ਵਕਤਾ ਹੁੰਦੇ ਹਨ। ਜਾਂ ਦੂਜੇ ਲਫਜ਼ਾਂ ਵਿੱਚ ਯਥਾਰਥ ਵਕਤਾ ਤੋਂ ਛੇ ਪ੍ਰਮਾਣਾਂ ਕਰਕੇ ਜਿਸਨੂੰ ਆਤਮਾ ਦੀ ਸ਼ੁੱਧ ਪ੍ਰਾਪਤ ਹੋਈ ਹੈ।

**ਭਾਵਾਰਥ** - ਅਨੰਦ ਨੂੰ ਮਾਨਣਾ ਬ੍ਰਿਤੀ ਦਾ ਕਰਤੱਬ ਹੈ। ਇਸ ਲਈ ਹੀ ਆਤਮਾਕਾਰ ਬ੍ਰਿਤੀ ਦੀ ਵਿਆਖਿਆ ਕੀਤੀ ਜਾਂਦੀ ਹੈ। ਤਰਲਤਾ ਪਾਣੀ ਦਾ ਸੁਭਾਅ ਹੈ; ਮਿਠਾਸ ਖੰਡ ਦਾ ਗੁਣ ਹੈ। ਖੰਡ ਵੇਖਣ ਨੂੰ ਠੋਸ ਹੁੰਦੀ ਹੈ, ਪਾਣੀ ਨਾਲ ਮਿਲ ਕੇ ਤਰਲਤਾ ਦਾ ਰੂਪ ਧਾਰਨ ਕਰ ਲੈਂਦੀ ਹੈ; ਚੱਖਣ ਤੋਂ ਹੀ ਮਿਠਾਸ ਦਾ ਪਤਾ



ਲੱਗਦਾ ਹੈ। ਇਵੇਂ ਆਤਮਾ ਦੀ ਮਿਠਾਸ ਹੀ ਹਰ ਪਾਸੇ ਤੋਂ ਅਨੰਦ ਦਾ ਅਨਭਵ ਕਰਵਾਉਂਦੀ ਹੈ। ਇਹੀ ਆਤਮਿਕ ਮਿਠਾਸ ਨਾਲ ਜਨਮ-ਮਰਣ ਦੀ ਸੰਕਟਮਈ ਹੋਂਦ ਦੂਰ ਹੋ ਜਾਂਦੀ ਹੈ। ਛੇ ਪ੍ਰਮਾਣਾਂ ਦੁਆਰਾ ਯੁਕਤੀ ਸਹਿਤ ਇਸ ਮਿਠਾਸ ਦੀ ਪ੍ਰਾਪਤ ਕਰਨ ਦੀ ਸਮਰੱਥਾ ਮਿਲ ਜਾਂਦੀ ਹੈ। ਕਿਉਂਕਿ ਮਿਠਾਸ ਪ੍ਰਾਪਤ ਕਰਨਾ ਗੰਨੇ ਦਾ ਗੁਣ ਹੈ; ਕੁੜਤਣ ਪੇਸ਼ ਕਰਨਾ ਨਿੰਮ ਦਾ ਗੁਣ ਹੈ; ਦੋਨਾਂ ਨੇ ਖੁਰਾਕ ਮਿੱਟੀ ਵਿੱਚੋਂ ਹੀ ਪ੍ਰਾਪਤ ਕਰਨੀ ਹੁੰਦੀ ਹੈ। ਸ਼ਾਬਦਿਕ ਗਿਆਨ ਹਾਸਿਲ ਕਰਨ ਵਾਲੇ ਯਥਾਰਥ ਵਕਤਾ ਆਪਣੀ ਬੋਲੀ ਤੇ ਜੀਵਨਸ਼ੈਲੀ ਬੇਹੱਦ ਸੁੰਦਰ ਬਣਾ ਲੈਂਦੇ ਹਨ। ਬੇਹੱਦ ਸੁੰਦਰ ਸਰੂਪ ਆਤਮਾ ਦਾ ਹੁੰਦਾ ਹੈ; ਉਹਨਾਂ ਨੂੰ ਆਤਮਾ ਹੀ ਹਰ ਪਾਸੇ ਨਜ਼ਰ ਆਉਂਦੀ ਹੈ।

**ਤਿਸੈ ਅਵਿੱਦਯਾ ਉਪਜੇ ਨਾਂਹਿ। ਨਾਸ਼ ਭਈ ਤੇ ਨਹਿਂ ਉਪਜਾਹਿ।**
**ਅਜਾ ਅਵਿੱਦਯਾ ਤਾਂ ਤੇ ਨਾਇ। ਬਿਨਸੀ ਜਨਮ ਨਹੀਂ ਪੁਨ ਪਾਇ ॥ ੪੨ ॥**

**ਅਰਥ** - ਉਸਨੂੰ ਅਵਿੱਦਿਆ ਪੈਦਾ ਹੀ ਨਹੀਂ ਹੁੰਦੀ। ਨਾਸ਼ ਹੋਣ ਉਪਰੰਤ ਜਨਮ ਨਹੀਂ ਲੈਂਦੀ। ਇਸ ਲਈ ਹੀ ਅਜਾ (ਨਸ਼ਟ ਹੋ ਕੇ ਜੋ ਫੇਰ ਨਾ ਜੰਮੇ) ਅਵਿੱਦਿਆ ਦਾ ਹੀ ਨਾਮ ਹੈ।

**ਭਾਵਾਰਥ** - ਸਰੀਰ ਦੀ ਹੋਂਦ ਅਗਿਆਨ/ਅਵਿੱਦਿਆ ਕਰਕੇ ਹੁੰਦੀ ਹੈ। ਜਿਵੇਂ ਮਿਸਤਰੀ ਦੁਆਰਾ ਧਾਤਾਂ/ਅਧਾਤਾਂ ਤੋਂ ਮਸ਼ੀਨ ਤਿਆਰ ਕੀਤੀ ਜਾਂਦੀ ਹੈ; ਮਸ਼ੀਨ ਧਾਤਾਂ ਆਦਿ ਦੀ ਬਣਤਰ ਧਾਰਨ ਕਰਨ ਤੋਂ ਪਹਿਲਾਂ ਮਿਸਤਰੀ ਦੇ ਦਿਮਾਗ ਦਾ ਹਿੱਸਾ ਸੀ। ਤਾਂ ਹੀ ਮਸ਼ੀਨ ਬੰਦੇ ਵਾਂਗ ਚੇਤਨ ਹੋ ਕੇ ਕੰਮ ਕਰਦੀ ਹੈ। ਇਹ ਚੇਤਨਾ ਮਨੁੱਖੀ ਦਿਮਾਗ ਦਾ ਫਲ ਹੈ; ਤਾਂ ਹੀ ਬਹੁਤ ਥੋੜ੍ਹੀ ਚੇਤਨਾ ਕੰਮ ਕਰਦੀ ਹੈ। ਕੰਪਿਊਟਰ ਭੀ ਮਨੁੱਖੀ ਚੇਤਨਾ ਦਾ ਹੀ ਜੜ੍ਹ ਰੂਪ ਧਾਰਨ ਹੋਇਆ ਹੈ। ਪ੍ਰਮਾਤਮਾ /ਆਤਮਾ ਮਿਸਤਰੀ ਵਿਆਪਕ ਹੈ, ਉਸ ਦੁਆਰਾ ਅਗਿਆਨ/ਅਵਿੱਦਿਆ ਨੂੰ ਸਹਾਰਾ ਦੇ ਕੇ ਬਣਾਈ ਸਰੀਰ ਮਸ਼ੀਨ ਬੇਹੱਦ ਦੂਰਅੰਦੇਸ਼ ਹੋ ਕੇ ਕੰਮ ਕਰਦੀ ਹੈ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੇ' ਪ੍ਰਸੰਗ ਬਰਨੰਨ ਅਠਤਾਲੀਸਮੋ ਅੰਸੂ ॥ ੪੮ ॥**

## ਅਧਿਆਇ ਨੌਵਾਂ (ਅੰਸ਼ੂ ਉਣੰਞਵਾਂ)

## ਬ੍ਰਹਮ ਗਿਆਨ ਉਪਦੇਸ਼

**ਦੋਹਰਾ ॥ 'ਬਿਸ਼ੈ ਪ੍ਰਮਾਨਨਿ ਕੋ ਭਯੋ ਕਹਯੋ ਅਬਿਸ਼ੈ ਸਰੂਪ'।**
**ਇਹ ਸੰਸੈ ਬੂਝਨਿ ਕਰਯੋ ਸੁਨਿ ਕੈ ਗਾਥ ਅਨੂਪ ॥ ੧ ॥**

ਅਰਥ – ਬ੍ਰਹਮਾਤਮਾ ਦੇ ਸਰੂਪ ਨੂੰ ਤੁਸੀਂ ਛੇ-ਪ੍ਰਮਾਣਾਂ ਦੇ ਵਿਸ਼ੇ ਕਿਹਾ ਹੈ, ਪਹਿਲੇ ਇਸੇ ਨੂੰ ਛੇ ਪ੍ਰਮਾਣਾਂ ਦੇ ਅਵਿਸ਼ੇ ਕਿਹਾ ਸੀ। ਖਾਲਸੇ ਨੇ ਇਹ ਸੰਸਾ ਪੁੱਛਣਾ ਕੀਤਾ ਸੁੰਦਰ ਕਥਾ ਨੂੰ ਸੁਣਕੇ।

**ਭਾਵਾਰਥ** - ੪੨ਵੇਂ ੪੩ਵੇਂ ਅਧਿਆਇ ਵਿੱਚ ਆਤਮਾ ਨੂੰ ਪ੍ਰਮਾਣਾਂ ਦੇ ਅਵਿਸ਼ੇ ਕਿਹਾ ਹੈ। ਅਠਤਾਲੀਵੇਂ ਅਧਿਆਇ ਵਿੱਚ ਆਤਮਾ ਨੂੰ ਪ੍ਰਮਾਣਾਂ ਦੇ ਵਿਸ਼ੇ ਹੋਏ ਵਖਾਇਆ ਗਿਆ ਹੈ। ਇਸ ਵਿਰੋਧਾਭਾਸ ਨੂੰ ਆਤਮਾਨੰਦੀ ਦੇ ਜੀਵਨ ਵਿੱਚ ਗੁੰਥਨ ਕਰਕੇ ਵਖਾਉਣਾ ਬ੍ਰਿਤੀ ਦੀ ਸੂਖਮਤਾ ਦੀ ਪਹਿਚਾਣ ਹੈ। ਖਾਲਸਾ ਜੀ, ਆਪਣੇ ਗੁਰੂ ਸਾਹਿਬ ਜੀ ਦਾ ਖਾਸ ਸਰੂਪ ਹੈ। ਭਾਈ ਸਾਹਿਬ ਜੀ ਦਰਸ਼ਨ-ਸਾਸਤ੍ਰ ਦੇ ਵਿਰੋਧਾਭਾਸ਼ ਵੱਲ ਧਿਆਨ ਦਿਵਾ ਕੇ ਗੁਰਮਤਿ ਦਾ ਸਿਧਾਂਤ ਪ੍ਰਪੱਕ ਕਰਨ ਲਈ ਇੱਥੇ ਗੁਰਸਿੱਖਾਂ ਦੇ ਮੁੱਖ ਵਿੱਚੋਂ ਪ੍ਰਸ਼ਨ ਕਰਵਾਇਆ ਹੈ। ਦੂਜੀ ਵੀਚਾਰ 'ਇੱਕ' ਦੇ ਕਥਨ ਵਿੱਚ ਅਨੇਕਤਾ ਦੇ ਹੁੰਦਿਆਂ ਭੀ ਏਕਤਾ ਪ੍ਰਧਾਨ ਹੈ। ਮਨੁੱਖੀ ਬੁੱਧੀ ਵਿੱਚ ਅਨੇਕਤਾ ਦੇ ਸੰਸਿਆਂ ਦੁਆਰਾ ਹੀ ਏਕਤਾ ਦੇ ਗਿਆਨ ਨੇ ਪ੍ਰਪੱਕ ਹੋਣਾ ਹੈ। ਕਵੀ ਜੀ ਦਾ ਮੁੱਖ ਲਕਸ਼ ਹੈ, ਕਿ ਖਾਲਸਾ ਗੁਰੂ ਸਾਹਿਬ ਜੀ ਦਾ ਖਾਸ ਸਰੂਪ ਹੈ; ਗੁਰੂ ਸਾਹਿਬ ਜੀ ਗਿਆਨ ਦਾ ਮੁੱਖ ਸੋਰਤ ਹਨ। ਖਾਲਸੇ ਦਾ ਗਿਆਨ ਇਤਨਾ ਵਿਸ਼ਾਲ ਹੋਣਾ ਚਾਹੀਦਾ ਹੈ ਕਿ ਕੋਈ ਵੀ ਅਨਮੱਤੀਆ ਸੁਆਲ ਕਰੇ ਉਸਦਾ ਜੁਆਬ ਖਾਲਸਾ ਬਾ-ਖੂਬ ਦਾਨਸ਼ਵੰਦੀ ਨਾਲ ਦੇਵੇ। ਜਿਸ ਨੇ ਗਿਆਨ ਪੜ੍ਹਿਆ ਹੋਵੇਗਾ, ਉਹੋ ਹੀ ਗਿਆਨ ਦੀ ਚਰਚਾ ਕਰਨ ਦੇ ਯੋਗ ਹੋਵੇਗਾ।

**ਚੌਪਈ ॥ ਸ਼ੰਕਾ ਕਰੀ ਖਾਲਸੇ ਜਬੈ। ਦਯਾ ਸਿੰਘ ਬੋਲਯੋ ਸ਼ੁਭ ਤਬੈ।**
**'ਵਿਧਿ ਮੁਖ ਸਿਖ ਜਨਾਇਬੇ ਹੇਤ। ਕਹਯੋ ਬ੍ਰਹਮ ਕੋ ਬਿਸ਼ੈ ਸੰਕੇਤ ॥ ੨ ॥**



**ਅਰਥ** - ਜਦੋਂ ਸਾਰੇ ਖਾਲਸੇ ਨੇ ਸ਼ੰਕਾ ਕੀਤੀ ਤਾਂ ਭਾਈ ਸਾਹਿਬ ਦਯਾ ਸਿੰਘ ਜੀ ਨੇ ਪਿਆਰ ਭਰੇ ਬੋਲ ਉਚਾਰਨ ਕੀਤੇ। ਵਿਧੀ ਪੱਖ ਦੁਆਰਾ ਸਿੱਖ ਨੂੰ ਜਨਾਵਣ ਲਈ ਪ੍ਰਮਾਣਾਂ ਦਾ ਸੰਕੇਤ ਕਰਕੇ ਬ੍ਰਹਮ ਨੂੰ ਉਹਨਾਂ ਦਾ ਵਿਸਯ ਕਿਹਾ ਹੈ।

**ਭਾਵਾਰਥ** - ਖਾਲਸੇ ਦੇ ਸੁਆਲ ਸੁਨਣ ਤੋਂ ਬਾਅਦ ਭਾਈ ਦਯਾ ਸਿੰਘ ਜੀ ਦੇ ਸੰਵਾਦ ਨੂੰ ਸੋਹਣੇ ਬੋਲਾਂ ਦੇ ਰੂਪ ਵਿੱਚ ਕਥਨ ਕੀਤਾ ਹੈ। ਜਦੋਂ ਵੀ ਕਿਸੇ ਚਰਚਾ ਨੂੰ ਸ਼ੁਰੂ ਕਰਨਾ ਹੋਵੇ, ਤਾਂ ਸਭ ਤੋਂ ਪਹਿਲਾਂ ਸਪੱਸ਼ਟ ਨਿਰਣਾ ਲੈਣਾ ਹੋਵੇਗਾ, ਕਿ ਚਰਚਾ ਲੜਾਈ ਲਈ ਨਹੀਂ ਸਗੋਂ ਚੰਗੇ ਗਿਆਨ ਨੂੰ ਪ੍ਰਾਪਤ ਕਰਨ ਲਈ ਹੋਣਾ ਚਾਹੀਦਾ ਹੈ। "ਕਿਸੇ ਵਸਤੂ ਵਿੱਚ ਜੋ ਸੁਭਾਵਿਕ ਗੁਣ ਹੈ, ਉਸ ਦਾ ਉਸ ਵਿੱਚ ਵਿਧਾਨ ਕਰਨਾ 'ਵਿਧਿ' ਅਲੰਕਾਰ ਹੈ। ਜਿਵੇਂ 'ਸਿੱਧ ਅਰਥ ਕੇ ਸਾਧੈ ਫੇਰ ਭੂਸ਼ਣ ਵਿਧਿ ਤਾਂ ਕੋ ਹਿਯ ਹੇਰ-" ਗੁਰੂ/ਉਸਤਾਦ ਆਪਣੇ ਸਿੱਖ/ਸ਼ਾਗਿਰਦ ਨੂੰ ਗਿਆਨ ਵਿੱਚ ਨਿਸ਼ਠਤ ਕਰਨ ਲਈ ਵਸਤੂ ਦੇ ਹਰ ਗੁਣ/ਔਗੁਣ ਨੂੰ ਸਮਝਾਂਉਣ ਦੀ ਸਮਰੱਥਾ ਪੈਦਾ ਕਰਦਾ ਹੈ। ਜਦੋਂ ਹਰ ਪਦਾਰਥ ਦੀ ਹੋਂਦ ਨੂੰ ਵੇਖਣ ਦੀ ਕੋਸ਼ਿਸ ਕਰਦੇ ਹਾਂ, ਤਾਂ ਪਦਾਰਥਾਂ ਦੀ ਗੁਣਵੱਤਾ ਸੱਤਾ ਆਸਰੇ ਹੁੰਦੀ ਹੈ, ਜਿਵੇਂ ਸੇਬ ਦੇ ਦਰੱਖਤ ਨਾਲ ਲੱਗਿਆ ਸੇਬ ਸੱਤਾ ਦੇ ਸਹਾਰੇ ਆਪਣੀ ਮਿਠਾਸ ਤੱਕ ਪਹੁੰਚਦਾ ਹੈ। ਔਗੁਣ ਸਰੀਰਕ ਵਿਦਮਾਨਤਾ ਕਰਕੇ ਉਪਜਦੇ ਹਨ। ਦੁਬਾਰਾ ਫਿਰ 'ਔਗੁਣ' 'ਗੁਣ ਦੀ ਜਰੂਰਤ' ਬਾਰੇ ਸਮਝ ਪੈਦਾ ਕਰ ਦਿੰਦਾ ਹੈ। ਜਿਵੇਂ ਸਮੇਂ ਤੋਂ ਪਹਿਲਾਂ ਕੱਚੇ ਫਲ ਦਾ ਟੁੱਟਣਾ ਦਰੱਖਤ ਦਾ ਔਗੁਣ ਹੈ, ਇਹੀ ਔਗੁਣ ਦਰੱਖਤ ਦੀ ਤਰੱਕੀ ਲਈ ਇਲਾਜ ਦਾ ਸਬੱਬ ਬਣਦਾ ਹੈ। ਹਰ ਬੀਮਾਰੀ ਵਿੱਚ ਪਦਾਰਥ ਦੇ ਔਗੁਣ ਦੂਰ ਕਰਨ ਲਈ ਜਾਂਚ ਪੜਤਾਲ ਹੁੰਦੀ ਹੈ। ਇਸੇ ਨੂੰ ਖੋਜ ਕਰਨਾ ਕਹਿੰਦੇ ਹਨ। ਕੁਦਰਤਿ ਦੇ ਪਦਾਰਥਕ ਭਾਵ ਵਿੱਚ ਮਨੁੱਖੀ ਬ੍ਰਿਤੀ ਲਈ ਦੋਨੋਂ ਤਰ੍ਹਾਂ ਦੇ ਗਿਆਨ ਵਿੱਚੋਂ ਇੱਕ ਦੀ ਪੂਰਨਤਾ ਹਾਸਿਲ ਕਰਨਾ ਹੀ ਵਿਧੀ ਮੁੱਖ ਹੈ।

**ਨੇਤਿ ਨੇਤਿ ਕਰਿ ਨਿਖਿਧ ਪਛਾਨ। ਤੌ ਪ੍ਰਮਾਨ ਕੋ ਬਿਸ਼ਯ ਨ ਜਾਨ।**
**ਜਿਮ ਨਹਿੰ ਬਿਸ਼ੈ ਸੁਨਹੁ ਦੇ ਸ਼੍ਰੌਨ। ਅਗਮ ਅਗੋਚਰ ਕਹੀਐ ਤੌਨ ॥ ੩ ॥**

**ਅਰਥ**- ਨਿਸੇਧ ਮੁੱਖ ਦੁਆਰਾ 'ਨੇਤੀ-ਨ ਇਤੀ'-੨ ਕਰਕੇ ਜੇ ਪਛਾਣ ਕਰੀਏ ਤਾਂ ਬ੍ਰਹਮਾਤਮਾ ਨੂੰ ਪ੍ਰਮਾਣਾਂ ਦਾ ਵਿਸ਼ਯ ਨਾ ਜਾਣੋ। ਜਿਵੇਂ ਇਹ ਪ੍ਰਮਾਣਾਂ ਦੇ ਵਿਸ਼ੇ ਨਹੀਂ ਕੰਨ ਦੇ ਕੇ ਸੁਣੋ, ਕਿਉਂਕਿ ਉਸ ਬ੍ਰਹਮ ਨੂੰ ਅਗਮ ਅਗੋਚਰ ਕਹੀਦਾ ਹੈ।

**ਭਾਵਾਰਥ** - ਜਿਸ ਦੇ ਨਾ ਹੋਣ ਕਰਕੇ ਜੋ ਨਾ ਹੋਵੇ ਉਸਨੂੰ ਨਿਖੇਧ ਮੁੱਖ ਕਹਿੰਦੇ

ਹਨ। ਜਿਵੇਂ ਨਿੰਮ ਅਤੇ ਅੰਬ ਦੇ ਵਿਰੋਧੀ ਪਦਾਰਥਕ ਭਾਵ ਹੋਣ ਕਰਕੇ ਕੌੜੱਤਣ ਅਤੇ ਮਿਠਾਸ ਦੇ ਗੁਣ ਹਨ; ਪਰ ਮਿੱਟੀ ਅਤੇ ਪਾਣੀ ਆਦਿ ਪੰਜ ਤੱਤਾਂ ਵਿੱਚ ਸਾਰੀ ਪ੍ਰਕ੍ਰਿਤੀ ਨੂੰ ਪੈਦਾ ਕਰਨ ਦੀ ਯੋਗਤਾ ਹੈ। ਧਰਤੀ ਆਦਿ ਪੰਜ ਤੱਤਾਂ ਦੀ ਯੋਗਤਾ ਨੂੰ 'ਸਮਰੱਥਾ' ਬ੍ਰਹਮਾਤਮਾ ਤੋਂ ਹਾਸਿਲ ਹੁੰਦੀ ਹੈ; ਜਿਵੇਂ ਸ਼ੀਸ਼ੇ ਨੂੰ ਪ੍ਰਤੀਬਿੰਬ ਬਣਾਉਣ ਦੀ ਸਮਰੱਥਾ ਬਿੰਬ (ਸਾਹਮਣੇ ਖੜ੍ਹੇ ਅਕਾਰ) ਤੋਂ ਮਿਲਦੀ ਹੈ। ਜੈਸੇ ਰੂਪ ਤੇ ਰੰਗ ਦਾ ਬਿੰਬ ਹੋਵੇਗਾ ਉਸੇ ਤਰ੍ਹਾਂ ਦਾ ਪ੍ਰਤੀਬਿੰਬ ਦਾ ਰੂਪ ਤੇ ਰੰਗ ਹੋਵੇਗਾ। ਬ੍ਰਹਮਾਤਮਾ ਦਾ ਰੂਪ 'ਅਕਾਲ ਮੂਰਤਿ' ਹੈ , ਅਤੇ ਰੰਗ 'ਅਰੰਗ ਹੈ'' 'ਅਰੰਗ' ਸ਼ਬਦ ਦੀ ਹੋਂਦ ਰੰਗ ਸ਼ਬਦ ਤੋਂ ਹੀ ਹੋਵੇਗੀ; ਜੇ ਕਿਸੇ ਨੇ ਰੰਗ ਦੀ ਦੁਨੀਆਂ ਨੂੰ ਵੇਖਿਆ ਤਾਂ ਉਸ ਨੇ ਰੰਗਾਂ ਦੀ ਵਿਸਮਾਦਤਾ ਬਾਰੇ ਬਿਧਿ-ਮੁੱਖ ਦੁਆਰਾ ਵਿਆਖਿਆ ਕੀਤੀ। ਦੂਜੇ ਪਾਸੇ ਜਦੋਂ ਰੰਗ ਨਜ਼ਰ ਨਹੀਂ ਆਉਂਦਾ ਤਾਂ ਰੰਗ ਦੀ ਵਿਸਮਾਦਤਾ ਜਿੱਥੇ ਜਾ ਸਮਾਈ ਉਸਨੂੰ ਅਰੰਗ ਕਿਹਾ ਜਾਂਦਾ ਹੈ। ਇਵੇਂ ਹੀ ਮਨ ਦੀ ਗੰਮਤਾ ਹੋਵੇ ਤਾਂ ਉਸ ਬਾਰੇ ਮਨ ਵੱਲੋਂ ਦਿਮਾਗ ਦੁਆਰਾ ਬੁੱਧੀ ਨੂੰ ਸੁਨੇਹੇ ਦਿੱਤੇ ਜਾਂਦੇ ਹਨ। ਜਿੱਥੇ ਮਨ ਦੀ ਪਹੁੰਚ ਹੀ ਨਹੀਂ ਉਸ ਅਵਸਥਾ ਨੂੰ ਅਗਮ ਕਹਿੰਦੇ ਹਨ। ਇਸੇ ਪ੍ਰਕਾਰ ਸਰੀਰ ਦੀ ਹੋਂਦ ਇੰਦ੍ਰਿਆਂ ਕਰਕੇ ਹੈ। ਸਾਰੇ ਇੰਦ੍ਰੇ ਮਾਸ ਦੇ ਵੱਖੋ-ਵੱਖਰੇ ਟੁੱਕੜੇ ਜਾਂ ਨਾੜੀਆਂ ਹੀ ਹਨ। ਪਰ ਕੰਮ ਕਰਨ ਦੀ ਯੋਗਤਾ ਤੇ ਸਮਰੱਥਾ ਆਪੋ ਆਪਣੀ ਹੈ। ਜਦੋਂ ਮਾਸ ਦੇ ਟੁੱਕੜਿਆਂ ਜਾਂ ਨਾੜੀਆਂ ਦੀ ਮਹਾਨ ਸਮਰੱਥਾ ਤੇ ਕਾਰਜ਼ਸ਼ੈਲੀ ਵੇਖਦੇ ਹਾਂ ਤਦੋਂ ਆਤਮਾ ਦੀ ਪ੍ਰਤੀਬਿੰਬਤਾ ਸਾਫ ਨਜ਼ਰ ਆ ਜਾਂਦੀ ਹੈ। ਜਦੋਂ ਸਰੀਰ ਦੀ ਬਾਲ-ਜੁਆਨੀ-ਬੁਢੇਪੇ ਵਾਲੀ ਹਾਲਤ ਨਜ਼ਰ ਆਉਂਦੀ ਹੈ; ਤਾਂ ਇਸ ਦੀ ਨਾਸ਼ਮਾਨਤਾ ਸਮਝ ਆਉਂਦੀ ਹੈ। ਨਿਸ਼ੇਧ ਪੱਖ ਦਰਸਾਉਂਦਾ ਹੈ ਕਿ ਬਚਪਨੇ ਕਰਕੇ ਜੁਆਨੀ ਸੰਭਵ ਹੋਈ, ਜੇ ਬਚਪਨਾ ਨਾ ਹੁੰਦਾ ਤਾਂ ਜੁਆਨੀ ਨਹੀਂ ਹੋਣੀ ਸੀ। ਇਵੇਂ ਜੁਆਨੀ ਵਿੱਚ ਬਚਪਨਾ ਅਤੇ ਬੁਢੇਪੇ ਵਿੱਚ ਦੋਨੋਂ (ਬਚਪਨਾ ਤੇ ਜੁਆਨੀ) ਸਥਾਪਿਤ ਹੋ ਜਾਂਦੇ ਹਨ। ਇਹ ਸਮਝ ਇੰਦ੍ਰਿਆਂ ਦੁਆਰਾ ਨਹੀਂ ਹੋ ਸਕਦੀ ਇਸ ਲਈ ਸੁਰਤਿ (ਮਨ-ਦਿਮਾਗ-ਬੁੱਧ) ਦਾ ਕਾਰਜਖੇਤਰ ਹੀ ਹੈ। ਇਸ ਲਈ ਆਤਮਾ ਨੂੰ ਅਗੋਚਰ ਕਿਹਾ ਹੈ। ਆਤਮਾ ਹੀ ਬ੍ਰਹਮਾਤਮਾ ਹੈ।

**ਇੰਦ੍ਰੀ ਤੇ ਪ੍ਰਤੱਛ ਨਹਿੰ ਸੋਇ। ਪ੍ਰਤੱਛ ਪ੍ਰਮਾਨ ਅਬਿਸ਼ਯੈ ਹੋਇ।**
**ਚਿੰਨ੍ਹ ਬ੍ਰਹਮ ਕੈ ਕੋਇ ਨ ਅਹੈ। ਜਥਾ ਧੁਮ ਤੇ ਪਾਵਕ ਲਹੈਂ ॥ ੪ ॥**
**ਨਹਿੰ ਅਨੁਮਾਨ ਬਿਸ਼ੈ ਇਮ ਜਾਨਿ। ਅੱਦ੍ਵੈ ਏਕ ਆਤਮਾ ਮਾਨਿ।**



ਅਰਥ - ਇੰਦ੍ਰਿਆਂ ਤੋਂ ਉਹ ਪ੍ਰਤੱਖ ਨਹੀਂ ਹੁੰਦਾ; ਇਸ ਕਰਕੇ ਪ੍ਰਤੱਖ ਪ੍ਰਮਾਣ ਦਾ ਅਵਿਸ਼ਯ ਹੋ ਗਿਆ। ਬ੍ਰਹਮ ਦਾ ਕੋਈ ਚਿੰਨ੍ਹ ਗਿਆਨ ਨਹੀਂ ਜਿਵੇਂ ਧੂਏ ਦੇ ਚਿੰਨ੍ਹ ਗਿਆਨ ਤੋਂ ਅੱਗ ਦਾ ਅਨੁਮਾਨ ਹੁੰਦਾ ਹੈ। ਇਉਂ ਹੀ ਜਾਣੋ ਆਤਮਾ ਅਨੁਮਾਨ ਪ੍ਰਮਾਣ ਦਾ ਵਿਸ਼ੇ ਨਹੀਂ ਹੈ। ਉਹ ਪ੍ਰਮਾਣਾਂ ਦੁਆਰਾ ਹੀ ਕਰਦੇ ਹਨ। ੪੨ਵੇਂ ਤੇ ੪੩ਵੇਂ ਅਧਿਆਇ ਵਿੱਚ ਇਹ ਵੀਚਾਰ ਪੂਰੇ ਅਧਿਆਇ ਵਿੱਚ ਸਥਾਪਿਤ ਹੈ, ਉਸ ਵਿੱਚੋਂ ਸਮਝਣਾ ਆਮ ਦਿਮਾਗ ਦੀ ਸਮਰੱਥਾ ਨਹੀਂ; ਇਸ ਲਈ ਇੱਥੇ ਵਿਸ਼ੇਸ ਕਰਕੇ ਕਵਿਤਾ ਦੀ ਪਦ ਰਚਨਾ ਦੁਆਰਾ ਭਾਈ ਦਇਆ ਸਿੰਘ ਜੀ ਦੀ ਰਸਨਾ ਤੋਂ ਉਚਾਰਨ ਕਰਵਾ ਕੇ ਸਮਝਾਉਂਦੇ ਹਨ। ਇੰਦ੍ਰੇ ਆਪਣੇ ਵਿਸ਼ਯ (ਪਦਾਰਥ) ਦੀ ਉਸ ਪ੍ਰਮਾ (ਗਿਆਨ) ਨੂੰ ਹੀ ਹਾਸਿਲ ਕਰਦੇ ਹਨ, ਜਿਹੜੇ ਪਦਾਰਥ ਉਹਨਾਂ ਦੇ ਬਾਹਰਵਾਰ ਸਥਿਤ ਹੁੰਦੇ ਹਨ। ਜਿਵੇਂ ਅੱਖਾਂ ਆਪਣੀਆਂ ਪਲਕਾਂ ਨੂੰ ਨਹੀਂ ਵੇਖ ਸਕਦੀਆਂ, ਜਦੋਂ ਕਿ ਪਲਕਾਂ ਅੱਖਾਂ ਦੀ ਪੁਤਲੀ ਦੇ ਨਾਲ ਹਨ। ਆਤਮਾ ਤਾਂ ਇੰਦ੍ਰਿਆਂ ਨੂੰ ਚੇਤਨ ਸੱਤਾ ਦਿੰਦੀ ਹੈ, ਭਾਵ ਕਿ ਇੰਦ੍ਰਿਆਂ ਤੋਂ ਪਿੱਛੇ ਹੈ। ਇਸ ਲਈ ਬ੍ਰਹਮਾਤਮਾ ਪ੍ਰਤੱਖ ਪ੍ਰਮਾਣ ਦਾ ਵਿਸ਼ਯ ਨਹੀਂ ਹੈ। ਪ੍ਰਮਾ ਗਿਆਨ ਲਈ 'ਪ੍ਰਮਾਤਾ - ਪ੍ਰਮਾਣ-ਪ੍ਰਮੇਯ' ਤ੍ਰਿਪਟੀ ਸਹਾਇਕ ਹੁੰਦੀ ਹੈ। ਪ੍ਰਮਾਤਾ (ਅੰਤਹਕਰਣ), ਪ੍ਰਮਾਣ (ਇੰਦ੍ਰੇ; ਅੱਖ ਆਦਿ) ਅਤੇ ਪ੍ਰਮੇਯ (ਪਦਾਰਥ; ਦਰੱਖਤ ਆਦਿ) ਪ੍ਰਤੱਖ ਪ੍ਰਮਾਣ ਦੀ ਸਮੱਗਰੀ ਹੈ। ਅਨੁਮਾਨ ਪ੍ਰਮਾਣ ਲਈ 'ਪਕਸ਼, ਸਾਧਯ, ਹੇਤੂ, ਦ੍ਰਿਸ਼ਟਾਂਤ' ਯੁਕਤੀਆਂ ਚਾਹੀਦੀਆਂ ਹਨ। ਜਿਵੇਂ "ਪਹਾੜ ਵਿੱਚ ਅੱਗ ਜਗਦੀ ਹੈ; ਤਾਂ ਪਹਾੜ ਪਕਸ਼ ਹੋਇਆ, ਧੂੰਏਂ ਤੋਂ ਪ੍ਰਾਪਤ ਹੋਣ ਵਾਲੀ ਜਾਣਕਾਰੀ; ਅੱਗ-ਸਾਧਯ', ਹੇਤੂ ਧੂਆਂ, ਉਦਾਹਰਣ 'ਚੁੱਲ੍ਹੇ ਵਿੱਚੋਂ ਅੱਗ ਤੋਂ ਪਹਿਲਾਂ ਧੂਏਂ ਦੀ ਹੋਂਦ' ਅਨੁਮਾਨ ਪ੍ਰਮਾ ਲਈ ਅਨੁਮਾਨ ਪ੍ਰਮਾਣ ਦੀ ਸਮੱਗਰੀ ਹੈ। ਪਰ ਆਤਮਾ ਲਈ ਕੋਈ ਚਿੰਨ੍ਹ ਨਹੀਂ ਜਿਸ ਕਰਕੇ ਅਨੁਮਾਨ ਪ੍ਰਮਾ ਲਈ ਅਨੁਮਾਨ ਪ੍ਰਮਾਣ ਵਰਤਿਆ ਜਾਏ। ਜਿਵੇਂ ਧੂੰਏਂ ਨੂੰ ਵੇਖ ਕੇ ਅਗਨ ਦਾ ਅਨੁਮਾਨ ਲਾਇਆ ਜਾਂਦਾ ਹੈ। ਆਤਮਾ ਤੋਂ ਬਗੈਰ ਦਵੈਤ ਰੂਪ ਕੁੱਝ ਨਹੀਂ ਹੈ। ਅਨੁਮਾਨ ਪ੍ਰਮਾਣ ਦੁਆਰਾ ਆਤਮਾ ਦਾ ਯਥਾਰਥ ਗਿਆਨ ਨਹੀਂ ਮਿਲ ਸਕਦਾ। ਕਿਉਂਕਿ ਆਤਮਾ ਰੂਪ ਅਗਨ ਲਈ ਕੋਈ ਧੂਏਂ ਰੂਪ ਵਿੱਚ ਦੂਜਾ 'ਪਛਾਨ ਚਿੰਨ੍ਹ' ਨਹੀਂ ਹੈ।

**ਚੇਤਨ ਸਮ ਚੇਤਨ ਨਹਿੰ ਕੋਇ। ਬਿਸ਼ੈ 'ਉਪਮਾਨ' ਨ ਯਾਂ ਤੇ ਹੋਇ ॥ ੫ ॥**
**ਕਾਰਣ ਕਾਰਜ ਭੇਦ ਨ ਅਹੈ। 'ਅਰਥਾਪੱਤਿ'ਬਿਸ਼ੈ ਨ ਲਹੈ।**

**ਮਨ ਬਾਨੀ ਕੋ ਬਿਸ਼ੈ ਨ ਜੋਇ। ਸ਼ਬਦ 'ਅਈਤੇਜਕ' ਬਿਸ਼ੈ ਨ ਹੋਇ॥ ੬॥**

**ਅਰਥ** - ਚੇਤਨ ਦੇ ਸਮਾਨ ਕੋਈ ਦੂਹਾ ਚੇਤਨ ਨਹੀਂ ਇਸ ਕਰਕੇ ਉਪਮਾਨ ਪ੍ਰਮਾਣ ਦਾ ਵਿਸ਼ੇ ਨਹੀਂ ਹੈ। ਚੇਤਨ ਵਿੱਚ ਕਾਰਣ ਤੇ ਕਾਰਜ ਦਾ ਭੇਦ ਨਹੀਂ। ਜਿਹੜਾ ਮਨ ਬਾਣੀ ਦਾ ਵਿਸ਼ਾ ਨਹੀਂ, ਉਹ ਅਈਤੇਜਕ ਪ੍ਰਮਾਣ ਦਾ ਵਿਸ਼ਾ ਨਹੀਂ।

**ਭਾਵਾਰਥ** - 'ਗਊ ਵਰਗੀ ਨੀਲ ਗਾਇ ਹੁੰਦੀ ਹੈ।' ਨੀਲ ਗਾਇ ਦੀ ਉਪਮਾਨ ਪ੍ਰਮਾ ਲਈ ਘਰ ਵਿੱਚ ਗਊ ਉਪਮਾਨ ਪ੍ਰਮਾਣ ਹੈ। 'ਦੇਹਾਦਿ ਬੈਧਰਮਵਾਨ ਆਤਮਾ' ਭਾਵ ਅਨਿੱਤਯ, ਅਪਵਿੱਤਰਦੁਖ ਰੂਪ ਸਰੀਰਾਦਿ ਤੋਂ ਬਿਪਰੀਤ 'ਨਿਤਯ, ਸ਼ੁੱਧ, ਅਨੰਦ' ਰੂਪ ਆਤਮਾ ਪਦ ਦਾ ਵਾਚਯ ਹੈ। ਇਕਾਂਤ ਦੇਸ਼ ਵਿੱਚ ਵਿਵੇਚਨ ਕਾਲ ਦੌਰਾਨ ਮਨ ਦਾ ਆਤਮਾ ਨਾਲ ਸੰਯੋਗ ਹੋ ਕੇ ਉਪਮਾਨ ਪ੍ਰਮਾ ਹੁੰਦੀ ਹੈ। ਗੌਰ-ਤਲਬ, ਜਿਤਨਾ ਚਿਰ ਮਨ ਦਾ ਪ੍ਰਭਾਵ ਆਤਮਾ ਉੱਪਰ ਰਹੇਗਾ; ਉਹ ਛੇ ਪ੍ਰਮਾਣਾਂ ਬਾਰੇ ਚਿੰਤਨ ਵਿੱਚ ਪ੍ਰਵੇਸ਼ ਕਰੇਗਾ। ਜਦੋਂ ਮਨ ਨੂੰ ਆਤਮਾ ਦਾ ਪ੍ਰਭਾਵ ਕਬੂਲਣ ਦੀ ਜਾਂਚ ਆ ਗਈ, ਤਦੋਂ ਚੇਤਨ ਨੂੰ ਸਮਝਣ ਦਾ ਯਤਨ ਕਰੇਗਾ। ਚੇਤਨ ਵਾਂਗ ਦੂਜਾ ਚੇਤਨ ਕੋਈ ਹੋਵੇ, ਤਾਂ ਹੀ ਸੰਭਵ ਹੋਵੇਗਾ। ਕਿਉਂਕਿ ਉਪਮਾਨ-ਪ੍ਰਮਾ ਲਈ ਉਪਮਾਨ ਪ੍ਰਮਾਣ ਹੁੰਦਾ ਹੈ। ਉਪਮਾਨ ਪ੍ਰਮਾਣ ਲਈ ਸਮੱਗਰੀ ਲੋੜੀਂਦੀ ਹੈ। ੧) ਨੀਲ ਗਾਇ ਵਿੱਚ ਗਊ ਦਾ ਸਾਦ੍ਰਿਸ਼ ਗਿਆਨ ਉਪਮਾਨ ਪ੍ਰਮਾਣ ਹੈ, ੨) ਗਊ ਵਿੱਚ ਨੀਲ-ਗਾਇ ਦਾ ਸਾਦ੍ਰਿਸ਼ ਗਿਆਨ ਉਪਮਿਤੀ ਕਹਿੰਦੇ ਹਨ। ੩) ਸਾਦ੍ਰਿਸ਼ ਗਿਆਨ ਤੋਂ ਪੈਦਾ ਗਿਆਨ ਰੂਪ ਉਪਮਿਤੀ ਗਊ ਵਿਚ ਨੀਲ-ਗਾਇ ਦਾ ਸਾਦ੍ਰਿਸ਼ ਗਿਆਨ ਹੈ। ੪) ਤਿਸ ਦਾ ਕਾਰਣ (ਕਾਰਜ ਨੂੰ ਸਿੱਧ ਕਰਨ ਵਾਲਾ) ਨੀਲ-ਗਾਇ ਵਿਚ ਗਊ ਦਾ ਸਾਦ੍ਰਿਸ਼ ਗਿਆਨ ਉਪਮਾਨ ਪ੍ਰਮਾਣ ਹੈ। ਇਹ ਸਾਰੀ ਸਮੱਗਰੀ ਹੀ ਸੰਭਵ ਨਹੀਂ ਇਸ ਕਰਕੇ ਉਪਮਾਨ ਪ੍ਰਮਾਣ ਦੁਆਰਾ ਵੀ ਆਤਮਾ ਨੂੰ ਵਿਸ਼ਯ ਨਹੀਂ ਕੀਤਾ ਜਾ ਸਕਦਾ।

ਕਾਰਣ ਅਤੇ ਕਾਰਜ ਕਰਕੇ ਆਤਮਾ ਵਿੱਚ ਭੇਦ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। 'ਅਰਥ' ਕਹੀਏ 'ਉਪਪਾਦਕ ਵਸਤੂ' ਤਿਸ ਦੀ 'ਆਪਤੀ' ਭਾਵ ਕਲਪਨਾ ਦਾ ਵਰਤਾਵ ਅਰਥਾਪਤੀ ਪ੍ਰਮਾਣ ਕਹਾਉਂਦਾ ਹੈ। ਦਿਨ ਨੂੰ ਭੋਜਨ ਦੇ ਤਿਆਗੀ ਪੁਰਖ ਨੂੰ ਮੋਟਾ ਤਾਜ਼ਾ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ 'ਰਾਤ ਨੂੰ ਭੋਜਨ ਕਰਦਾ ਹੈ' ਮੋਟਾਪਾ ਕਾਰਜ ਹੈ ਅਤੇ ਭੋਜਨ ਕਾਰਣ ਹੈ ਜਿਸ ਤੋਂ ਸਰੀਰ ਮੋਟਾ ਹੁੰਦਾ ਹੈ। ਮੋਟਾਪਾ ਅਰਥਾਪਤੀ ਪ੍ਰਮਾ ਹੈ; ਭੋਜਨ ਅਰਥਾਪਤੀ ਪ੍ਰਮਾਣ। ਆਤਮਾ ਵਿੱਚ ਇਹ



ਭਾਵ ਹੀ ਨਹੀਂ ਹੈ। ਮਨ ਤੇ ਬਾਨੀ ਕਰਕੇ ਭੀ ਆਤਮਾ ਗ੍ਰਹਿਣ ਕਰਨੇ ਯੋਗ ਨਹੀਂ ਹੈ। ਬਾਣੀ ਬੋਲਾਂ ਦਾ ਸਮੂਹ ਹੁੰਦਾ ਹੈ; ਸਮੂਹ ਬੋਲਾਂ ਲਈ 'ਸ਼ਬਦਾਂ ਦੀ ਲੜੀ' 'ਭਾਸ਼ਾ ਦੇ ਰੂਪ ਵਿੱਚ' ਮਨ ਪਰੋਸਦਾ ਹੈ। ਅਈਤੇਜਕ ਜਾਂ ਸ਼ਬਦ ਪ੍ਰਮਾਣ ਲਈ ਸ਼ਬਦ ਜਰੂਰੀ ਹਨ। ਗਹਿਨ ਵੀਚਾਰ ਲਈ ਬ੍ਰਿਤੀ-ਰਤਨਾਵਲੀ ਤੇ ਬ੍ਰਿਤੀ-ਪ੍ਰਭਾਕਰ ਗ੍ਰੰਥਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ। 'ਆਤਮਾ' ਬੈਖਰੀ ਸ਼ਬਦਾਂ ਦੀ ਮੁਥਾਜ ਨਹੀਂ, ਸਗੋਂ ਬੈਖਰੀ ਸ਼ਬਦਾਂ ਨੂੰ ਅਕਾਰ ਦੇਣ ਵਾਲੀ ਅਤੇ ਬੈਖਰੀ ਸ਼ਬਦਾਂ ਤੋਂ 'ਪਰਾ ਅਵਸਥਾ' ਆਤਮਾ ਰੂਪ ਹੀ ਹੈ। ਪਰਾ-ਅਵਸਥਾ ਵਿੱਚ ਸ਼ਬਦਾਂ ਦੀ ਹੋਂਦ ਹੀ ਨਹੀਂ ਹੁੰਦੀ; ਜਦੋਂ ਸ਼ਬਦਾਂ ਦੀ ਹੈਸੀਅਤ ਹੀ ਨਹੀਂ, ਤਾਂ ਸ਼ਬਦ-ਪ੍ਰਮਾਣ ਜਾਂ ਅਈਤੇਜਕ ਪ੍ਰਮਾਣ ਸੰਭਵ ਹੀ ਨਹੀਂ ਹੁੰਦਾ।

**ਦੇਸ਼ ਕਾਲ ਨਹਿੰ ਵਸਤੁ ਪ੍ਰਛਿੰਨ। ਏਕ ਆਤਮਾ ਅਨੰਦ ਅਭਿੰਨ।**
**ਦੇਸ਼ ਨਹੀਂ ਐਸੋ ਕਿਤ ਲਹੋ। ਚੇਤਨ ਬ੍ਰਹਮ ਨਹੀਂ ਜਿਹ ਕਹੋ॥ ੭॥**

**ਅਰਥ** - ਦੇਸ਼ ਕਾਲ ਅਤੇ ਵਸਤੂ ਕਰਕੇ ਨਾਸ਼ ਮਾਨ ਨਹੀਂ; ਇੱਕ ਆਤਮਾ ਅਨੰਦ ਸਰੂਪ ਇੱਕ ਰਸ ਹੈ। ਕੋਈ ਐਸਾ ਦੇਸ਼ ਨਹੀਂ ਜਾਣੀਦਾ, ਜਿੱਥੇ ਚੇਤਨ ਬ੍ਰਹਮ ਨਾ ਹੋਵੇ।

**ਭਾਵਾਰਥ** - ਇੱਕ ਪ੍ਰਮਾਣ ਦੁਆਰਾ ਪ੍ਰਮਾ ਦੀ ਪ੍ਰਾਪਤੀ ਨਾ ਹੋਣ ਕਰਕੇ ਦੂਜੇ ਪ੍ਰਮਾਣ ਦੀ ਹੋਂਦ ਮੰਨੀ ਜਾਂਦੀ ਹੈ। ਜਿਵੇਂ ਪਹਾੜ ਵਿੱਚੋਂ ਧੂੰਆਂ ਨਿਕਲਦਾ ਵੇਖ ਕੇ ਕੋਈ ਕਹਿੰਦਾ ਹੈ; 'ਪਹਾੜ ਵਿੱਚ ਅੱਗ ਬਲ ਰਹੀ ਹੈ।' ਇਹ ਵਾਕ ਅੱਗਨ ਬਾਰੇ ਦੱਸ ਰਿਹਾ ਹੈ; ਪਰ ਪ੍ਰਮਾ ਗਿਆਨ ਲਈ ਸਾਹਮਣੇ ਅੱਗ ਜਗ੍ਹਦੀ ਚਾਹੀਦੀ ਹੈ। ਇਸ ਦੀ ਸਿਧਤਾਈ ਲਈ ਅਨੁਮਾਨ ਪ੍ਰਮਾਣ ਜਨਮ ਲੈਂਦਾ ਹੈ। ਇਵੇਂ ਛੇ ਪ੍ਰਮਾਣ ਪ੍ਰਮਾ ਨੂੰ ਛੇ ਤਰ੍ਹਾਂ ਨਾਲ ਸਿੱਧ ਕਰਦੇ ਹਨ। ਜੇ ਕੋਈ ਵਸਤੂ ਨਜ਼ਰ ਆਈ ਤਾਂ ਉਸ ਦੇ ਗਿਆਨ ਲਈ ਪ੍ਰਮਾਣ ਬਣੇ ਹਨ। ਪਰ ਆਤਮਾ ਵਸਤੂ ਵਾਂਗ ਨਹੀਂ; ਭਾਵ ਵਸਤੂ ਕਰਕੇ ਨਾਸ਼ਮਾਨ ਨਹੀਂ ਕਿਉਂਕਿ ਜੇ ਆਤਮਾ ਅਕਾਰ ਵਾਲੀ ਹੋਵੇ ਤਾਂ ਕਿਸੇ ਸਮੇਂ ਨਾਸ਼ ਭੀ ਹੋਵੇਗੀ। ਪਰ ਆਤਮਾ ਵਸਤੂ ਰੂਪ ਕਰਕੇ ਸੰਕੀਰਨ ਰੂਪ ਨਹੀਂ। ਵਸਤੂ ਹੋਵੇਗੀ ਤਾਂ ਕੋਈ ਕਾਲ ਭੀ ਹੋਵੇਗਾ ਅਤੇ ਕਿਸੇ ਦੇਸ਼ ਵਿੱਚ ਭੀ ਹੋਵੇਗੀ। ਗੌਰ-ਤਲਬ ਇਹ ਹੈ; ਕਿ 'ਦੇਸ਼-ਕਾਲ-ਵਸਤੂ' ਕਰਕੇ ਆਤਮਾ ਨਸ਼ਟ ਹੋਣ ਵਾਲੀ ਨਹੀਂ। ਇਸ ਦਾ ਇਹ ਮਤਲਬ ਨਹੀਂ ਕਿ ਆਤਮਾ ਤੋਂ ਬਿਨਾਂ ਸਰੀਰ ਆਦਿ ਦੀ ਅਨੰਦਾਦਿ ਅਵਸਥਾ ਸੰਭਵ ਹੋ ਸਕਦੀ ਹੈ। ਜਿਵੇਂ ਗੌਰਵਤਾ ਅਤੇ ਹੰਕਾਰ ਇੱਕ ਹੀ

'ਮਾਨਸਿਕ ਤੇ ਦਿਮਾਗੀ' ਕਿਰਿਆ ਦੇ ਦੋ ਨਾਮ ਹਨ। ਫਰਕ ਇਤਨਾ ਹੈ, ਕਿ ਗੌਰਵਤਾ ਨਾਲ ਜੀਵਨ ਸ਼ਾਨਾਮੱਤਾ ਹੋ ਜਾਂਦਾ ਹੈ; ਹੰਕਾਰ ਨਾਲ ਜੀਵਨ ਸਿਧਾਂਤਹੀਣ ਹੋ ਜਾਂਦਾ ਹੈ। ਇਸੇ ਪ੍ਰਕਾਰ ਆਤਮਾ ਦੇ 'ਦੇਸ਼-ਕਾਲ-ਵਸਤੂ' ਪ੍ਰਛਿੰਨ ਹੋਣ ਕਰਕੇ ਭੀ ਆਤਮਾ ਦਾ ਹੀ ਅਨੰਦ 'ਦੇਸ਼-ਕਾਲ-ਵਸਤੂ' ਵਿੱਚ ਸਥਿਤ ਰਹਿੰਦਾ ਹੈ।

**ਸਕਲ ਦੇਸ਼ ਮਹਿਂ ਪੂਰਨ ਪਿਖੀਏ। ਦੇਸ਼ ਪ੍ਰਛੇਦ ਨ ਯਾਂਤੇ ਲਖੀਏ।**
**ਭੂਤ ਭਵਿੱਖਤ ਅਰੁ ਬ੍ਰਤਮਾਨ। ਬ੍ਰਹਮ ਆਤਮਾ ਏਕ ਸਮਾਨ॥ ੮॥**
**ਵਾਧ ਨ ਘਾਟ ਜਨਮ ਨਹਿਂ ਨਾਸ਼। ਇਕਰਸ ਸਦਾ ਰਹਯੋ ਸੁ ਪ੍ਰਕਾਸ਼।**
**ਯਾਂਤੇ ਕਾਲ ਪ੍ਰਛੇਦ ਨ ਕੋਇ। ਅੱਕ੍ਰੈ ਅਚਲ ਕੂਟ ਸਮ ਸੋਇ॥ ੯॥**

**ਅਰਥ** - ਸਾਰੇ ਇਲਾਕੇ ਵਿੱਚ ਪੂਰਨ ਵੇਖੀਦਾ ਹੈ। ਇਸ ਕਰਕੇ ਦੇਸ਼ ਕਰਕੇ ਪ੍ਰਛੇਦਨ ਨਹੀਂ ਹੁੰਦਾ। ਤਿੰਨੇ ਸਮਿਆਂ ਵਿੱਚ ਬ੍ਰਹਮਾਤਮਾ ਇੱਕ ਸਮਾਨ ਹੈ। ਉਸ ਵਿੱਚ ਨਾ ਵਾਧਾ, ਨਾ ਘਾਟਾ, ਨਾ ਜਨਮ ਅਤੇ ਨਾ ਹੀ ਨਾਸ਼ ਹੈ। ਉਹ ਇੱਕ ਰਸ ਸਦਾ ਲਈ ਪ੍ਰਕਾਸ਼ ਸਹਿਤ ਰਹਿੰਦਾ ਹੈ। ਇਸ ਕਰਕੇ ਕਾਲ ਕਰਕੇ ਤੋੜਿਆ ਨਹੀਂ ਜਾ ਸਕਦਾ। ਕਿਰਿਆ ਤੋਂ ਰਹਿਤ ਸਦਾ ਸਥਿਰ ਅਹਿਰਣ ਵੱਤ ਉਹ ਇੱਕ ਸਮਾਨ ਹੈ।

**ਭਾਵਾਰਥ** - ਬ੍ਰਹਮ ਦੇ ਆਸਰੇ ਸਾਰਾ ਪਸਾਰਾ ਹੁੰਦਾ ਹੈ; ਮਿੱਟੀ ਤੋਂ ਬਣਾਇਆ ਘੜਾ; ਮਿੱਟੀ ਤੋਂ ਵੱਖਰਾ ਨਾ ਹੁੰਦਾ ਹੋਇਆ ਘੜਾ ਮਿੱਟੀ ਰੂਪ ਹੀ ਹੁੰਦਾ ਹੈ। ਇਵੇਂ ਬ੍ਰਹਮ ਤੋਂ ਹੋਂਦਵਾਨ ਸੰਸਾਰ, ਬ੍ਰਹਮ ਤੋਂ ਵੱਖਰਾ ਹੁੰਦਾ ਹੋਇਆ ਬ੍ਰਹਮ ਰੂਪ ਹੀ ਹੁੰਦਾ ਹੈ। 'ਦੇਹ ਹੋਤ ਅਰ ਮਿਟਤ ਹੈ ਤਾਂ ਤੇ ਚੰਚਲ ਜਾਨੁ॥ ਜਨਮ ਮ੍ਰਿਤਯ ਜਾਂ ਕੇ ਨਹੀਂ ਆਤਮ ਅਚੱਲ ਬਖਾਨੁ॥' ਆਤਮਾ ਦੇ ਵਿਸ਼ੇਸ਼ਣ ਸਿਰਫ ਤੇ ਸਿਰਫ ਪਦਾਰਥਾਂ ਵਿੱਚ ਆਤਮਾ ਦੀ ਸੱਤਾ ਦੀ ਵਿਆਖਿਆ ਲਈ ਹਨ; ਵਾਸਤਵ ਵਿੱਚ ਆਤਮਾ ਵਿਸ਼ੇਸਣ ਦੀ ਥਾਂ ਉਪਾਧਿਤ ਢੰਗ ਦੁਆਰਾ ਸਰੂਪਿਤ ਹੁੰਦੀ ਹੈ। ਅੰਤਹਕਰਣ ਉਪਹਿਤ ਚੇਤਨ ਸਾਕਸ਼ੀ ਹੁੰਦਾ ਹੈ; ਅੰਤਹਕਰਣ ਵਸ਼ਿਸਟ ਚੇਤਨ ਜੀਵ (ਪ੍ਰਮਾਤਾ) ਹੁੰਦਾ ਹੈ। ਆਤਮ ਦਰਸ਼ੀ ਸਾਕਸ਼ੀ ਰੂਪ ਵਿੱਚ ਜੀਵਨ ਬਤੀਤ ਕਰਦਾ ਹੈ; ਉਸ ਲਈ ਪ੍ਰਮਾਰਥਿਕ-ਸੱਤਾ 'ਪ੍ਰਮਾ (ਗਿਆਨ)' ਚੇਤਨ ਰੂਪ ਹਰ ਥਾਂ ਸਥਾਪਿਤ ਹੋਇਆ ਸਮਝ ਆਉਂਦਾ ਹੈ। ਪ੍ਰਮਾਤਾ (ਅੰਤਹਕਰਣ ਵਿਸ਼ਸਟ ਚੇਤਨ) ਲਈ ਵਿਵਹਾਰਕ-ਸੱਤਾ ਦੁਆਰਾ ਤ੍ਰਿਪਟੀ ਪ੍ਰਮਾ ਗਿਆਨ ਲਈ ਪ੍ਰਮਾਣਾਂ ਦੁਆਰਾ ਵਿਆਖਿਆਤਮਕ ਰੂਪ ਹਾਸਿਲ ਕਰਦੀ ਹੈ। ਵਿਵਹਾਰਕ-ਸੱਤਾ ਜਾਂ ਪ੍ਰਾਤੀਭਾਸਕ-ਸੱਤਾ ਦੋਨਾਂ ਨੂੰ ਕਰਮਸ਼ੀਲਤਾ ਪਰਮਾਰਥਿਕ -ਸੱਤਾ ਤੋਂ ਹੀ ਮਿਲਦੀ ਹੈ। ਸਥੂਲ ਜਗਤ ਦੀ ਵਿਵਹਾਰਿਕ ਸੱਤਾ



ਹੁੰਦੀ ਹੈ; ਸਥੂਲ ਜਗਤ ਦੀ ਸਰੀਰਾਦਿ ਤੋਂ ਲੈ ਕੇ ਸਾਰਾ ਕੁੱਝ ਵਿਨਾਸ਼ਵਾਨ ਹੈ। ਸੁਪਨਾਵੀਂ ਅਵਸਥਾ ਤੋਂ ਲੈ ਕੇ ਮ੍ਰਿਗ-ਤ੍ਰਿਸ਼ਨਾ ਆਦਿ ਦੀ ਪ੍ਰਾਤੀਭਾਸਕ -ਸੱਤਾ ਹੁੰਦੀ ਹੈ; ਜੋ ਜਾਗਤ ਅਵਸਥਾ ਵਿੱਚ ਆਉਂਦਿਆਂ ਸੁਪਨਾਵੀਂ ਅਵਸਥਾ ਦੀ ਪ੍ਰਾਤੀਭਾਸਕ ਸੱਤਾ ਨਸ਼ਟ ਹੋ ਜਾਂਦੀ ਹੈ। ਮ੍ਰਿਗ-ਤ੍ਰਿਸ਼ਨਾ ਆਦਿ ਦੀ ਪ੍ਰਾਤੀਭਾਸਕ-ਸੱਤਾ 'ਵਿਵਹਾਰਕ ਸੱਤਾ' ਦੁਆਰਾ ਯਥਾਰਥ ਦਾ ਪਤਾ ਲੱਗਦਿਆਂ ਖਤਮ ਹੋ ਜਾਂਦੀ ਹੈ। ਆਤਮਾ ਦੀ ਪ੍ਰਾਤੀਭਾਸਕ ਸੱਤਾ ਹੁੰਦੀ ਹੈ; ਪਰਮਾਰਥਕ- ਸੱਤਾ ਸਦਾ ਲਈ ਸਥਿਰ ਰਹਿੰਦੀ ਹੈ; ਆਤਮਾ ਅੱਚਲ ਹੈ।

ਆਤਮ ਹੈ ਅਕ੍ਰਿਯ ਸਦਾ ਦੇਹ ਕ੍ਰਿਯਾ ਵਹੁ ਰੂਪ॥ ਜੈਸੇ ਦੀਪ ਪ੍ਰਕਾਸ਼ ਤੇ ਖੇਲਤ ਜੁਆਰੀ ਜੂਪ॥ ਕਵੀ ਜੀ ਕਵਿਤਾ ਦੇ ਇਸ ਚਰਣ ਵਿੱਚ ਆਤਮਾ ਨੂੰ ਵਿਸ਼ੇਸਣਾਂ ਨਾਲ ਜਾਣਿਆ ਜਾਂਦਾ ਹੈ। ਉਹਨਾਂ ਦੇ ਕਥਨ ਨੂੰ ਦਾਰਸ਼ਨਿਕ ਭਾਸ਼ਾ ਵਿੱਚ ਸਮਝਾਉਂਦੇ ਹਨ। ਕਿਉਂਕਿ ਗੁਰਮਤਿ ਸਿਧਾਂਤ ਵਿੱਚ ਆਤਮਾ ਨੂੰ ਵਿਕਾਰ ਰਹਿਤ ਮੰਨਿਆਂ ਜਾਂਦਾ ਹੈ। ਆਤਮਾ ਅਤੇ ਸਰੀਰ ਵਿੱਚੋਂ ਕਿਰਿਆ ਕਿੱਥੇ ਵਾਪਰਦੀ ਹੈ ? ਇਸ ਸੁਆਲ ਦਾ ਜੁਆਬ 'ਅਧਿਆਤਮ ਪ੍ਰਕਾਸ਼' ਵਿੱਚੋਂ ਮਿਲਦਾ ਹੈ। ਕਿਰਿਆ ਸ਼ਕਤੀ ਆਤਮਾ ਤੋਂ ਮਿਲਦੀ ਹੈ; ਪਰ ਕਿਰਿਆ ਸਰੀਰ ਤੋਂ ਵਾਪਰਦੀ ਹੈ। ਜਿਵੇਂ ਜੁਆਰੀ ਜੂਏ ਖੇਡਣ ਵਾਲੇ ਨੂੰ ਕਹਿੰਦੇ ਹਨ; ਪਰ ਪ੍ਰਕਾਸ਼ ਤੋਂ ਬਿਨਾਂ ਜੂਆ ਖੇਡਿਆਂ ਨਹੀਂ ਜਾ ਸਕਦਾ। ਜੂਏ ਤੋਂ ਮਿਲਣ ਵਾਲੇ ਦੁੱਖਾਂ ਤੋਂ 'ਪ੍ਰਕਾਸ਼' ਬੇਖਬਰ ਹੁੰਦਾ ਹੈ; ਸਰੀਰ ਤੋਂ ਮਿਲਣ ਵਾਲੇ ਕਸ਼ਟਾਂ ਤੋਂ 'ਆਤਮਾ' ਮੁਕਤ ਹੁੰਦੀ ਹੈ। ਇਸ ਕਰਕੇ ਆਤਮਾ ਨੂੰ ਅਕ੍ਰਿਯ ਕਿਹਾ ਜਾਂਦਾ ਹੈ ।

ਜਾ ਕੇ ਨਾਹਿ ਵਿਕਾਰ ਕਛੁ ਰਹਤ ਕੂਟ ਵਤ ਨਿੱਤ॥ ਸੋ ਕੂਟਸਥ ਕਹਾਵਈ ਸਮਝਿ ਦੇਖਿ ਸਿੱਖ ਚਿਤ॥ ਲੋਹੇ ਦੀ ਧਾਤ ਤੋਂ ਅਨੇਕ ਤਰ੍ਹਾਂ ਦੇ ਸ਼ਸਤ੍ਰ ਜਾਂ ਭਾਂਡੇ ਆਦਿ ਬਣਾਉਣ ਵੇਲੇ 'ਹਥੌੜਾ, ਅਹਿਰਣ ਤੇ ਲੋਹੇ ਦੇ ਟੁਕੜੇ' ਹੁੰਦੇ ਹਨ। ਤਿੰਨੋਂ ਵਸਤਾਂ ਲੋਹੇ ਤੋਂ ਹੀ ਬਣੀਆਂ ਹਨ; ਹਥੌੜਾ 'ਸੁਧਰਨ ਵਾਲੇ ਲੋਹੇ' ਦੇ ਟੁਕੜੇ ਤੋਂ ਸਖਤ ਸਾਬਤ ਹੁੰਦਾ ਹੈ। ਕਿਉਂਕਿ ਹਥੌੜੇ ਨੂੰ (accelerate) ਕੀਤਾ ਜਾਂਦਾ ਹੈ। 'ਅਹਿਰਣ ਜਾਂ ਕੂਟ' ਸਹਾਰਾ ਦਿੰਦੀ ਹੈ; ਸਥਿਰ ਸਾਬਤ ਹੁੰਦੀ ਹੈ। ਇਸੇ ਪ੍ਰਕਾਰ ਆਤਮਾ ਬ੍ਰਿਤੀ ਦਾ ਰੂਪ ਬਣਕੇ ਹਥੌੜਾ ਵਾਂਗ ਕਰਮ ਕਰਨ ਲਈ ਉਤੇਜਿਨਾ ਪੈਦਾ ਕਰਦੀ ਹੈ। 'ਮਨ ਤੇ ਇੰਦ੍ਰੇ ਲੋਹੇ ਦੇ ਟੁਕੜੇ ਵਾਂਗ ਆਪਣੇ ਪਦਾਰਥਿਕ ਜੀਵਨ ਦੀਆਂ ਸੁਵਿਧਾਵਾਂ ਪੈਦਾ ਕਰਦੇ ਹਨ। ਆਤਮਾ ਕੂਟ ਵਾਂਗ ਸਹਾਰਾ ਦਿੰਦੀ ਹੈ; ਇਸ ਲਈ

ਹੀ ਆਤਮਾ ਨੂੰ ਕੂਟ ਵੱਤ ਕਿਹਾ ਹੈ। ਕਿਉਂਕਿ ਆਤਮਾ ਕਿਸੇ ਵੀ ਵਿਕਾਰ ਨੂੰ ਧਾਰਨ ਨਹੀਂ ਕਰਦੀ।

**ਸਰਬ ਆਤਮਾ ਸਭਿ ਮਹਿਂ ਬਾਸਾ। ਸਰਬਾਧਾਰ ਸਮਸਤਿ ਪ੍ਰਕਾਸ਼ਾ।**
**ਯਾਂਤੇ ਵਸਤੁ ਪ੍ਰਛੇਦ ਨ ਕੋਈ। ਤੀਨਹੁੰ ਤੇ ਪਰਛਿੰਨ ਨ ਹੋਈ॥ ੧੦॥**

**ਅਰਥ** - ਸਰਬਾਤਮਾ ਰੂਪ ਸਾਰਿਆਂ ਵਿੱਚ ਵੱਸਦਾ ਹੈ। ਸਾਰਿਆ ਦਾ ਅਧਾਰ ਅਤੇ ਸਾਰਿਆਂ ਵਿੱਚ ਪ੍ਰਕਾਸ਼ ਕਰਨ ਵਾਲਾ ਹੈ। ਇਸ ਕਰਕੇ ਵਸਤੂ ਕਰਕੇ ਪ੍ਰਛੇਦਨ ਨਹੀਂ ਹੁੰਦਾ। ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ।

**ਭਾਵਾਰਥ** - ਵਿਵਹਾਰਕ ਤੇ ਪ੍ਰਾਤੀਭਾਸਕ ਸੱਤਾ ਨੂੰ ਪਰਮਾਰਥਿਕ ਸੱਤਾ ਦਾ ਸਹਾਰਾ ਪ੍ਰਾਪਤ ਕਰਨਾ ਬਹੁਤ ਜਰੂਰੀ ਹੈ; ਜਿਵੇਂ ਪਾਣੀ, ਧਰਤੀ ਜਾਂ ਦੋਨਾਂ (ਧਰਤੀ ਅਤੇ ਪਾਣੀ) ਵਿੱਚ ਰਹਿਣ ਵਾਲੇ ਜੀਵਾਂ ਲਈ ਧਰਤੀ ਜਾਂ ਪਾਣੀ ਬਹੁਤ ਜਰੂਰੀ ਹੈ। ਪਰ ਪਾਣੀ ਜਾਂ ਧਰਤੀ ਨੂੰ ਆਪਣੇ ਰਹਿਣ ਲਈ ਕਿਸੇ ਦੀ ਜਰੂਰਤ ਨਹੀਂ ਕਿਉਂਕਿ ਪਾਣੀ ਆਪਣੇ ਆਪ ਵਿੱਚ ਪਾਣੀ ਹੀ ਹੈ। ਇਵੇਂ ਵਿਵਹਾਰਕ ਸੱਤਾ ਦੀ ਹੋਂਦ ਲਈ ਪਰਮਾਰਥਿਕ ਸੱਤਾ ਦੀ ਜਰੂਰਤ ਹੈ; ਪਰਮਾਰਥਿਕ ਸੱਤਾ ਆਪਣੇ ਆਪ ਵਿਚ ਹੀ ਸਿੱਧ ਹੈ। ਆਤਮਾ ਦੀ ਪਰਮਾਰਥਿਕ ਸੱਤਾ ਹੀ ਹੁੰਦੀ ਹੈ; ਵਿਵਹਾਰਕ ਸੱਤਾ ਦੇ ਸਾਰੇ ਪਦਾਰਥਾਂ ਨੂੰ ਸਹਾਰਾ ਦਿੰਦੀ ਹੈ। ਆਤਮਾ ਨੂੰ ਕਿਸ ਵਸਤੂ ਦੁਆਰਾ ਤੋੜਿਆ ਜਾਂ ਕੱਟਿਆ ਜਾ ਸਕਦਾ ਹੈ ? ਭਾਵ ਕਿਸੇ ਵਸਤੂ ਕਰਕੇ ਪਰਛਿੰਨ ਨਹੀਂ ਹੁੰਦਾ।

**ਦੋਹਰਾ ॥ ਆਸ਼੍ਰੈ ਵਿਖੈ ਅੱਗਯਾਨ ਕੋ ਹੋਤਿ ਬ੍ਰਹਮ ਹੀ ਏਕ ।**
**ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ ਕੀਜੈ ਬਹੁਰ ਬਿਬੇਕ ॥ ੧੧ ॥**

**ਅਰਥ** - ਇੱਕ ਬ੍ਰਹਮ ਹੀ ਅਗਿਆਨ ਦਾ ਆਸਰਾ ਅਤੇ ਵਿਸਯ (ਜਾਨਣ ਯੋਗ) ਹੈ। ਦ੍ਰਿਸ਼ਟਾਂਤ ਸਹਿਤ ਸੁਣਕੇ ਫਿਰ ਵੀਚਾਰ ਕਰਕੇ ਸਮਝ ਦਾ ਯਤਨ ਕਰਨਾ।

**ਭਾਵਾਰਥ** - ਦਾਰਸ਼ਨਿਕ ਭਾਸ਼ਾ ਦੇ ਸ਼ਬਦ ਹੋਣ ਕਰਕੇ ਆਮ ਬੌਧਿਕਤਾ ਨੂੰ ਇਹ ਵੀਚਾਰ ਬਹੁਤ ਕਠਨ ਲੱਗੇਗੀ; ਵਾਸਤਵ ਵਿੱਚ ਇਹ ਕੋਈ ਬਹੁਤੀ ਕਠਨ ਵੀਚਾਰ ਨਹੀਂ। ਇਹ ਵੀਚਾਰ ਕਠਨ ਇਸ ਕਰਕੇ ਲੱਗਦੀ ਹੈ, ਕਿਉਂਕਿ ਅਸੀਂ ਗੁਰੂ ਸਾਹਿਬਾਨ ਜੀ ਦੇ ਹਰ ਉਪਦੇਸ਼ ਨੂੰ ਮੰਨਣ ਤੋਂ ਇਨਕਾਰੀ ਹੀ ਰਹਿੰਦੇ ਹਾਂ। ਦੁਖਾਂਤ ਇਹ ਹੈ!! ਕਿ ਆਪਣੇ ਆਪ ਨੂੰ ਗੁਰੂ ਸਾਹਿਬ ਜੀ ਦੇ ਸਿਧਾਂਤ ਦਾ ਕਰੀਬੀ ਪੇਸ਼ ਕਰਨ ਦੀ ਗਲਤੀ ਕਰਦੇ ਹਾਂ। ਗਿਆਨ ਹਾਸਿਲ ਕਰਨ ਦੇ ਦੋ ਹੀ ਰਸਤੇ ਹਨ; ਥਿਊਰੀ ਤੇ ਪ੍ਰੈਕਟੀਕਲ। ਗਿਆਨ ਹਾਸਲ ਕਰਨ ਲਈ ਜਾਂ ਤਾਂ ਦੁਨੀਆਂ-ਭਰ ਦੇ



ਗ੍ਰੰਥ/ਪੁਸਤਕਾਂ ਨੂੰ ਪੜ੍ਹੋ। ਜਿਸ ਸਿਧਾਂਤ ਦੀ ਸੰਗਤ ਵਿੱਚ ਪਲੇ-ਵੱਡੇ ਹੋਏ ਹੋ ਉਸਦੇ ਮੁਤਾਬਿਕ ਗ੍ਰੰਥ ਦੀ ਵੀਚਾਰ ਦਾ ਵਿਵੇਚਨ ਕਰੋ। ਚੰਗੀ ਵੀਚਾਰ ਨੂੰ ਧਾਰਨ ਕਰੋ ਅਤੇ ਜੋ ਵੀਚਾਰ ਲੋੜੀਂਦੇ ਨਹੀਂ ਉਹਨਾਂ ਦਾ ਤਿਆਗ ਕਰ ਦੇਵੋ। ਪਰ ਅਸੀਂ ਉਲਟ ਕਰਦੇ ਹਾਂ, ਜਿਹੜੇ ਵੀਚਾਰਾਂ ਦੀ ਸਾਨੂੰ ਜਰੂਰਤ ਨਹੀਂ ਹੁੰਦੀ, ਉਹਨਾਂ ਨੂੰ ਛੱਜ ਵਿਚ ਪਾ ਕੇ ਛੰਡਦੇ ਹਾਂ। ਜਿਸ ਦੀ ਬਹੁਤ ਜਰੂਰਤ ਹੁੰਦੀ ਹੈ, ਉਸ ਵੱਲ ਗੌਰ ਹੀ ਨਹੀਂ ਕਰਦੇ। ਦੂਸਰਾ ਰਸਤਾ ਪ੍ਰੈਕਟੀਕਲ ਦਾ ਹੈ; ਜਿਸ ਦੀ ਵਿਆਖਿਆ ਕਵੀ ਜੀ ਨੇ ਭਾਈ ਦਇਆ ਸਿੰਘ ਜੀ ਤੋਂ ਦਸਵੇਂ ਅਧਿਆਇ ਵਿੱਚ ਕਰਵਾਈ ਹੈ। ਗਿਆਨ ਪ੍ਰਾਪਤੀ ਦੇ ਦੋਨਾਂ ਹੀ ਰਸਤਿਆਂ ਦਾ ਮੁੱਖ ਵਿਸ਼ਾ ਬੌਧਿਕਤਾ ਵਿੱਚ ਵਾਧਾ ਕਰਨਾ ਹੁੰਦਾ ਹੈ। ਬੌਧਿਕਤਾ ਹੀ ਆਤਮਾ ਦੇ ਅਨੰਦ ਨੂੰ ਖੁਸ਼ੀ ਦੇ ਰੂਪ ਵਿੱਚ ਪ੍ਰਾਪਤ ਕਰਕੇ ਆਤਮਾਕਾਰ ਬ੍ਰਿਤੀ ਬਣਾਵੇਗੀ। ਆਤਮਾਕਾਰ ਬ੍ਰਿਤੀ ਹੀ ਵਿਵੇਚਨਾ ਕਰਕੇ ਦੋਨਾਂ ਦੇ ਜੀਵਨ ਸੌਖੇ ਕਰ ਦਿੰਦੀ ਹੈ।

**ਚੌਪਈ॥ ਜਿਮ ਕੋਸ਼ਟ ਕੇ ਬੀਚ ਅੰਧੇਰਾ। ਛਾਦਨ ਕੀਨਸ ਪਰੈ ਨ ਹੇਰਾ।**
**ਕੋਸ਼ਠ ਕਰਯੋ ਵਿਖੈ ਤਮ ਹੋਇ। ਦਿਖਿਬੇ ਮਹਿਂ ਨਹਿਂ ਆਵਤਿ ਸੋਇ॥ ੧੨॥**
**ਅਰੁ ਕੋਸ਼ਟ ਹੀ ਆਸ਼੍ਰੈ ਤਮ ਕੋ। ਇਮ ਹੀ ਜਾਨੋ ਰੂਪ ਬ੍ਰਹਮ ਕੋ।**
**ਤਿਸ ਤੇ ਹੀ ਉਪਜਯੋ ਅੱਗਯਾਨ। ਯਾਂ ਤੇ ਅਹੈ ਆਸਰੋ ਜਾਨ॥ ੧੩॥**
**ਬ੍ਰਹਮ ਕੋ ਲਖਨ ਦੇਤਿ ਨਹਿਂ ਸੋਇ। ਯਾਂਤੇ ਬਿਸ਼ੈ ਬ੍ਰਹਮ ਹੀ ਹੋਇ।**

**ਅਰਥ** - ਜਿਵੇਂ ਬੰਦ ਮਕਾਨ ਦੇ ਅੰਦਰ ਹਨੇਰਾ ਹੁੰਦਾ ਹੈ। ਪੂਰੇ ਮਕਾਨ ਨੂੰ ਢੱਕ ਲੈਂਦਾ ਹੈ, ਕੋਠੇ ਵਿੱਚ ਵਿਖਾਈ ਨਹੀਂ ਦਿੰਦਾ। ਕੋਠੇ ਨੂੰ ਹਨੇਰੇ ਨੇ ਵਿਸਯ ਕੀਤਾ ਹੈ, ਭਾਵ ਕੋਠੇ ਦੇ ਹਨੇਰੇ ਵਿੱਚ ਖੜੋਤਿਆਂ ਕੋਠਾ ਨਜ਼ਰ ਨਹੀਂ ਆਉਂਦਾ। ਅਤੇ ਕੋਠਾ ਹੀ ਹਨੇਰੇ ਦਾ ਆਸਰਾ ਹੈ। ਇਸੇ ਪ੍ਰਕਾਰ ਬ੍ਰਹਮ ਦੇ ਰੂਪ ਨੂੰ ਜਾਨਣਾ ਕਰੋ। ਉਸ ਬ੍ਰਹਮ ਤੋਂ ਹੀ ਅਗਿਆਨ ਪੈਦਾ ਹੋਇਆ ਹੈ, ਭਾਵ ਅਗਿਆਨ ਦਾ ਆਸਰਾ ਬ੍ਰਹਮ ਹੈ। ਉਹੀ ਅਗਿਆਨ ਬ੍ਰਹਮ ਨੂੰ ਜਾਨਣ ਨਹੀਂ ਦਿੰਦਾ; ਇਸ ਕਰਕੇ ਬ੍ਰਹਮ ਹੀ ਵਿਸਯ ਹੈ।

**ਭਾਵਾਰਥ** - ਗਿਆਨ ਤੇ ਅਗਿਆਨ ਆਪਸ ਵਿੱਚ ਇਤਨੇ ਘੁਲੇ-ਮਿਲੇ ਹੋਏ ਹਨ; ਇਹਨਾਂ ਨੂੰ ਨਿਖੇੜਨਾ ਬਹੁਤ ਔਖਾ ਹੈ। ਗ੍ਰੰਥਾਂ ਦੇ ਅਧਿਐਨ ਦੁਆਰਾ ਜਾਂ ਨਿੱਜੀ ਜੀਵਨ ਵਿੱਚ ਗੁਰੂ ਮੁੱਖ ਤੋਂ ਉਪਦੇਸ਼ ਸੁਣ ਕੇ ਨਾਮ-ਅਭਿਆਸ ਕਮਾਉਣ ਦੁਆਰਾ ਸਮਝ ਪੈਂਦਾ ਹੈ। ਨਾਮ-ਅਭਿਆਸ ਦਿਨ-ਰਾਤ ਕਰਨਾ ਪੈਂਦਾ ਹੈ। ਗ੍ਰੰਥਾਂ ਦਾ ਅਧਿਐਨ ਦਿਨ-ਰਾਤ ਕਰਨਾ; ਜਿਤਨਾ ਚਿਰ ਮਨ ਸਿਧਾਂਤ ਉੱਪਰ ਪ੍ਰਪੱਕਤਾ

ਨੂੰ ਧਾਰਨ ਨਾ ਕਰੇ। ਉਦਾਹਰਣ ਦੇ ਤੌਰ ਤੇ ਕੋਠੇ ਅੰਦਰ ਪ੍ਰਕਾਸ਼ ਦੀ ਅਣਹੋਂਦ ਕਰਕੇ ਹਨੇਰਾ ਪਸਰਦਾ ਹੈ। ਪ੍ਰਕਾਸ਼ ਪੈਦਾ ਹੋ ਜਾਏ ਹਨੇਰਾ ਨਾਸ਼ ਹੋ ਜਾਂਦਾ ਹੈ। ਕੋਠੇ ਵਾਂਗ ਸਾਡਾ ਸਰੀਰ ਆਪਣੇ ਆਪ ਵਿੱਚ ਅਗਿਆਨਤਾ ਪੈਦਾ ਕਰ ਲੈਂਦਾ ਹੈ। ਕਿਉਂਕਿ ਸਰੀਰ ਦੀ ਬਣਤਰ ਅਗਿਆਨ ਕਰਕੇ ਹੈ; ਪਰ ਅਗਿਆਨ ਵੇਖਣ ਵਿੱਚ ਨਹੀਂ ਆਉਂਦਾ ।

**ਦ੍ਵੈ ਸ਼ਕਤੀ ਧਾਰਤਿ ਅੱਗਯਾਨ। ਇਕ ਆਵਰਨ ਵਿਖੇਪੇ ਆਨ॥ ੧੪॥**

**ਆਵਰਨ ਸ਼ਕਤੀ:- ਬ੍ਰਹਮ ਕਰਯੋ ਆਛਾਦਨ ਜਾਂਹਿ।**

**ਜਿਸ ਤੇ ਜਾਨ ਸਕਹਿਂ ਕਿਮ ਨਾਂਹਿ। ਇਹ ਆਵਰਨ ਸ਼ਕਤਿ ਦ੍ਰਿੜ ਅਹੈ।**

**ਜਿਸ ਕੇ ਭਏ ਜੀਵ ਜਗ ਬਹੈ॥ ੧੫॥**

ਅਰਥ – ਇਹ ਅਗਿਆਨ ਦੋ ਸ਼ਕਤੀਆਂ ਧਾਰਨ ਕਰਦਾ ਹੈ; ਇਕ ਆਵਰਨ ਹੈ ਅਤੇ ਦੂਜੀ ਵਿਖੇਪ ਹੈ। ਜਿਸ ਸ਼ਕਤੀ ਨੇ ਬ੍ਰਹਮ ਨੂੰ ਅਛਾਦਨ ਕੀਤਾ ਹੈ, ਜਿਸ ਕਰਕੇ ਬ੍ਰਹਮ ਨੂੰ ਜਾਣ ਨਹੀਂ ਸਕੀਦਾ। ਇਹ ਅਵਰਨ ਸ਼ਕਤੀ ਬਹੁਤ ਦ੍ਰਿੜ ਹੈ; ਜਿਸ ਕਰਕੇ ਜੀਵ ਜਗ ਵਿੱਚ ਰੁੜੇ ਜਾ ਰਹੇ ਹਨ।

**ਭਾਵਾਰਥ** - ਪਦਾਰਥਿਕ ਦੁਨੀਆਂ ਦਾ ਜਿਤਨਾ ਖਲਾਰਾ ਖਿਲਰਿਆਂ ਹੋਇਆ ਹੈ, ਇਸ ਲਈ ਅਗਿਆਨ ਦੋ ਰੂਪਾਂ ਵਿੱਚ ਕੰਮ ਕਰਦਾ ਹੈ, ਅਵਰਨ ਸ਼ਕਤੀ ਤੇ ਵਿਖੇਪ ਸ਼ਕਤੀ। ਵਿਖੇਪ ਦਾ ਅਰਥ ਹੁੰਦਾ ਹੈ; ਚੰਚਲਤਾ। ਚੰਚਲਤਾ ਦਾ ਗੁਣ ਸ਼ੈਤਾਨ ਅਤੇ ਅਕਲਵਾਨ ਬਣਾ ਦਿੰਦਾ ਹੈ। ਅਗਿਆਨਤਾ ਦਾ ਪੱਖ ਪ੍ਰਭਾਵਸ਼ਾਲੀ ਹੋ ਜਾਏ, ਤਾਂ ਸ਼ੈਤਾਨ ਬਣ ਜਾਂਦਾ ਹੈ। ਜੇ ਗਿਆਨ ਦਾ ਪੱਖ ਬਲਵਾਨ ਹੋ ਜਾਏ, ਤਾਂ ਅਕਲਵਾਨ ਬਣ ਜਾਂਦਾ ਹੈ। ਮਿੱਟੀ ਦੇ ਭਾਂਡੇ ਵਿੱਚੋਂ ਮਿੱਟੀ ਸਾਫ ਨਜ਼ਰ ਆਉਂਦੀ ਹੈ, ਘੜੇ ਦੇ ਅਕਾਰ ਨੂੰ ਬਣਾਉਣ ਵਾਲੀ ਘੁਮਿਆਰ ਦੀ 'ਅਕਲ' ਕਿਸੇ ਵਿਰਲੇ ਨੂੰ ਹੀ ਨਜ਼ਰ ਆਉਂਦੀ ਹੈ। ਵਿਖੇਪ ਸ਼ਕਤੀ ਦਾ ਇਹ ਪ੍ਰਭਾਵ ਹੁੰਦਾ ਹੈ ਕਿ ਬ੍ਰਹਮ ਨੂੰ ਜਾਨਣ ਲਈ ਉਤਸੁਕਤਾ ਪੈਦਾ ਹੀ ਨਹੀਂ ਹੋਣ ਦਿੰਦੀ। ਅਗਿਆਨੀ ਲਈ ਦੁਨੀਆ ਦੇ ਪਦਾਰਥ ਹੀ ਸਭ ਕੁੱਝ ਹੁੰਦੇ ਹਨ। ਉਸਨੂੰ ਲਗਦਾ ਹੈ, 'ਆਹ ਜਗ ਮਿੱਠਾ, ਅਗਲਾ ਕਿਨ ਡਿੱਠਾ' ਉਹ ਵੀਚਾਰ ਨੂੰ ਭੀ ਅਗਲਾ ਸੰਸਾਰ ਸਮਝਣ ਦੀ ਗਲਤੀ ਕਰਦਾ ਹੈ। ਤਾਂ ਹੀ ਆਪ ਭੀ ਦੁਖੀ ਰਹਿੰਦਾ ਹੈ, ਦੂਜਿਆਂ ਨੂੰ ਭੀ ਦੁਖੀ ਕਰਦਾ ਹੈ। ਵਿਖੇਪ ਸ਼ਕਤੀ ਸਾਰੇ ਸੰਸਾਰ ਦੇ ਕਰਤਾ ਨੂੰ ਸਮਝਣ ਦੀ ਸਮਰੱਥਾ ਤੋਂ ਅਗਿਆਨੀ ਨੂੰ ਅਸਮਰੱਥ ਹੀ ਰੱਖਦੀ ਹੈ।

**ਵਿਖੇਪ ਸ਼ਕਤੀ:- ਪੁਨ ਨਾਨੱਤੂ ਦਿਖਾਵਨ ਕਰੇ।**



**ਗਜ ਬਾਜੀ ਬਨ ਗਨ ਤਰੁ ਹਰੇ।**

**ਸ਼ਕਤਿ ਵਿਖੇਪ ਇਹੀ ਤਿਸ ਮਾਂਹਿ॥**

**ਏਕ ਰੂਪ ਕਿਮ ਜਾਨਤ ਨਾਂਹਿ॥ ੧੬॥**

**ਅਰਥ** - ਇੱਕ ਦੀ ਥਾਂ ਤੇ ਬਹੁਤਾਤ ਵਖਾਉਂਦਾ ਹੈ। ਹਾਥੀ ਘੋੜੇ ਜੰਗਲ ਸਮੂਹ ਹਰੇ ਭਰੇ ਦਰੱਖਤ । ਉਸ ਵਿੱਚ ਇਹੀ ਵਿਖੇਪ ਸ਼ਕਤੀ ਹੈ। ਇਹ ਰੂਪ ਕਿਸੇ ਤਰ੍ਹਾਂ ਭੀ ਨਹੀਂ ਜਾਣਦਾ।

**ਭਾਵਾਰਥ** - 'ਵਿਖੇਪ' ਦਾ ਅਰਥ ਹੁੰਦਾ ਹੈ–'ਘਬਰਾਹਟ' ਅਗਿਆਨ ਦੀ ਉਹ ਸ਼ਕਤੀ ਜਿਹੜੀ ਅਗਿਆਨੀ ਨੂੰ ਸੰਸਾਰ ਵਿੱਚ ਇੱਕ ਦੂਜੇ ਦੀ ਦੁਸ਼ਮਣ ਬਣਾ ਦਿੰਦੀ ਹੈ। ਪਦਾਰਥਾਂ ਦੀ ਵਾਧ-ਘਾਟ ਕਰਕੇ ਮਨੁੱਖ, ਮਨੁੱਖ ਦਾ ਦੁਸ਼ਮਣ ਬਣ ਜਾਂਦਾ ਹੈ। ਜਗਤ ਵਿੱਚ ਪੰਜ ਤੱਤਾਂ ਤੋਂ ਕੁੱਲ ਸ੍ਰਿਸਟੀ ਬਣੀ ਹੈ; ਪੂਰੀ ਸ੍ਰਿਸ਼ਟੀ ਵਿੱਚ ਚੌਰਾਸੀ ਲੱਖ ਤਰ੍ਹਾਂ ਦੇ ਜੀਵ ਅਨੇਕਪਣ ਦੀ ਗਵਾਹੀ ਹੈ। ਮਨੁੱਖ ਜਾਤੀ ਵਿੱਚ ਹਰ ਮਨੁੱਖ ਦਾ ਇੱਕ ਦੂਜੇ ਤੋਂ ਵੱਖਰੀ ਹੈਸੀਅਤ ਭੀ ਵਿਖੇਪ ਸ਼ਕਤੀ ਦਾ ਹੀ ਪਸਾਰਾ ਹੈ।

**ਸ਼੍ਰਵਣ ਮਨਨ ਨਿੱਧਯਾਸਨ ਦ੍ਵਾਰਾ। ਜਬਿ ਹੋਇਓ ਸੱਖਯਾਤ ਉਦਾਰਾ।**

**ਤ੍ਰੈ ਗੁਣ ਤੀਨ ਅਵਸਥਾ ਛੋਰਿ। ਥਿਰੀ ਬ੍ਰਿੱਤਿ ਚਲਿ ਤੁਰੀਆ ਓਰ॥ ੧੭॥**

**ਅਰਥ** - ਸ੍ਰਵਣ ਮੰਨਨ ਨਿਧਿਆਸਨ ਦੁਆਰਾ ਜਦੋਂ ਸਾਖਿਆਤਕਾਰ ਹੋ ਜਾਂਦਾ ਹੈ। ਤਿੰਨੇ ਗੁਣ ਅਤੇ ਤਿੰਨੇ ਅਵਸਥਾਵਾਂ ਛੱਡ ਕੇ ਤੁਰੀਆ ਪਦਵੀ ਵੱਲ ਚੱਲ ਕੇ ਸਥਿਤ ਹੋਈ ।

**ਭਾਵਾਰਥ** - ਜਗਿਆਸੂ/ਨਾਮ ਅਭਿਆਸੀ ਗੁਰਸਿੱਖ ਜਦੋਂ ਵਿਧੀ ਪੂਰਬਕ ਸ੍ਰਵਣ ਕਰਕੇ ਮੰਨਨ ਕਰਦਾ ਹੈ। ਫਿਰ ਮੰਨਨ ਕਰਨ ਦੇ ਨਾਲੋ-ਨਾਲ ਨਿਧਿਆਸਨ ਕਰਦਾ ਹੈ; ਤਿੰਨੇ ਤਰ੍ਹਾਂ ਦੀ ਵਿਧੀ ਲਗਾਤਾਰ ਚੱਲਦੀ ਰਹਿੰਦੀ ਹੈ। ਤਦੋਂ ਬ੍ਰਿਤੀ ਆਤਮਾਕਾਰ ਬਣ ਜਾਂਦੀ ਹੈ। ਆਤਮਾਕਾਰ ਬ੍ਰਿਤੀ ਸਭ ਤੋਂ ਪਹਿਲਾਂ ਆਪ 'ਸੁੱਧ ਸਤੋਗੁਣ ਰੂਪ' ਹੋਣ ਕਰਕੇ ਤਿੰਨਾਂ ਗੁਣਾਂ ਤੋਂ ਅਗਾਂਹ ਸੋਚਣ ਦੀ ਸਮਰੱਥਾ ਪੈਦਾ ਕਰਨ ਲਈ ਕੁਦਰਤਿ ਦਾ ਸਹਾਰਾ ਲੈਂਦੀ ਹੈ। ਕਿਉਂਕਿ ਕੁਦਰਤਿ ਵਿੱਚ ਸਾਰਾ ਕੁੱਝ ਕਾਦਰ ਦੇ ਹੁਕਮ ਅਨੁਸਾਰ ਵਰਤ ਰਿਹਾ ਹੈ। ਇਹੀ ਸ਼ਾਇੰਸ ਹੈ; ਸ਼ਾਇੰਟਿਸਟ ਲਈ ਥਿਊਰੀ-ਰੂਮ (ਕਲਾਸ ਰੂਮ), ਲੈਬਾਟਰੀ (ਪ੍ਰਯੋਗਸ਼ਾਲਾ) ਅਤੇ ਗਰਾਊਂਡ ਤਿੰਨੋਂ ਹੀ ਜਰੂਰੀ ਹੁੰਦੇ ਹਨ। ਇਵੇਂ ਹੀ ਕਲਾਸ-ਰੂਮ ਵਾਂਗ ਸਤਿਸੰਗਤ, ਲੈਬੋਟਰੀ ਵਾਂਗ 'ਜਰੂਰਤਵੰਦ ਲੋਕਾਂ ਦੀ ਸਹਾਇਤਾ ਵਾਲੇ ਖੇਤਰ' ਅਤੇ ਸਾਇੰਟਿਸਟ ਦੇ ਗਰਾਊਂਡ

ਵਾਂਗ 'ਕੁਦਰਤਿ ਦਾ ਨਜ਼ਾਰਾ' ਹੈ। ਇਉਂ ਬ੍ਰਿਤੀ ਸਥਿਰਤਾ ਭਾਵ ਤੁਰੀਆ ਅਵਸਥਾ ਵੱਲ ਤੁਰ ਪੈਂਦੀ ਹੈ। ਇੱਥੇ ਆ ਕੇ ਬ੍ਰਿਤੀ ਨੂੰ ਅਮੀਰੀ ਤੇ ਗਰੀਬੀ ਵਿਚਲੀ ਏਕਤਾ ਨਜ਼ਰ ਆ ਜਾਂਦੀ ਹੈ। ਅਮੀਰੀ ਤੇ ਗਰੀਬੀ ਜਗਤ ਦਰਿਆ ਦੇ ਦੋ ਕਿਨਾਰੇ ਹਨ। ਕਿਨਾਰਿਆਂ ਵੱਲ ਜਾਣ ਲਈ ਪਾਣੀ ਤਾਂਘਦਾ ਰਹਿੰਦਾ ਹੈ; ਕਿਨਾਰੇ ਨਾਲ ਟਕਰਾ ਕੇ ਵਾਪਸ ਵਿਚਕਾਰ ਵੱਲ ਨੂੰ ਮੁੜ ਪੈਂਦਾ ਹੈ। ਦਰਿਆ ਦੇ ਵਿਚਕਾਰ ਪਾਣੀ ਦਾ ਵਹਾਅ ਕਿਨਾਰਿਆਂ ਨਾਲੋਂ ਬਹੁਤ ਤੇਜ਼ ਹੁੰਦਾ ਹੈ। ਪ੍ਰਾਪਤ ਹੋਏ ਧਨ ਕਰਕੇ ਅਮੀਰੀ ਲੋੜਵੰਦਾਂ ਵਿੱਚ ਪੈਸੇ ਵੰਡਣ ਲਈ ਹੈ; ਭਲੇ ਉਹ ਇੱਕ ਦਾ ਖਰਚਾ ਅਤੇ ਦੂਜੇ ਦਾ ਮੁਨਾਫਾ ਰੂਪ ਹੀ ਕਿਉਂ ਨਾ ਹੋਵੇ। ਧੰਨ (ਪੈਸੇ) ਦੀ ਘਾਟ ਹੋਣ ਕਰਕੇ ਗਰੀਬੀ ਮਿਹਨਤ ਕਰਨ ਲਈ ਗਹਿਣਾ ਹੈ; ਭਲੇ ਹੀ ਦਿਹਾੜੀ ਕਰਕੇ ਜੀਵਨ ਬਸਰ ਕਿਉਂ ਨਾ ਕਰਨਾ ਪਵੇ। ਜਦੋਂ ਅਮੀਰ ਦੀ ਅਮੀਰੀ ਗਰੀਬ ਦੀ ਗਰੀਬੀ ਦੂਰ ਕਰਨ ਲਈ ਪ੍ਰੇਮਮਈ ਵਿਵਹਾਰ ਬਣ ਜਾਏਗਾ, ਉਦੋਂ ਜਗਤ 'ਸੱਚੇ ਕੀ ਕੋਠੜੀ' ਦਾ ਅਸਲ ਕਲਿਆਣਕਾਰੀ ਸਰੂਪ ਧਾਰਨ ਕਰ ਲਏਗਾ। ਤੁਰੀਆ ਪਦਵੀ ਵਾਲਾ ਗੁਰਮੁਖ ਸਾਰੇ ਜੀਵਾਂ ਨੂੰ ਸਮਦ੍ਰਿਸਟੀ ਨਾਲ ਵੇਖਦਾ ਹੈ।

**ਅਨੰਦਾਤਮ ਮਹਿੰ ਥਿਰਤਾ ਭਈ। ਜਿਤ ਕਿਤ ਏਕ ਰੂਪ ਹ੍ਵੈ ਗਈ।**
**ਦੋਨਹੁਂ ਸ਼ਕਤਿ ਸਹਿਤ ਅੱਗਜਾਨ। ਗੁਰੂ ਵਾਕ ਤੇ ਕੀਯਸਿ ਹਾਨ॥ ੧੮॥**

**ਅਰਥ** - ਅਨੰਦਾਤਮਾ ਵਿੱਚ ਸਥਿਤੀ ਹੋ ਗਈ। ਜਿੱਥੇ ਕਿੱਥੇ ਇੱਕ ਰੂਪ ਹੋ ਹੋ ਗਈ। ਦੋਨਾਂ ਸ਼ਕਤੀਆਂ ਦੇ ਸਹਿਤ ਅਗਿਆਨ; ਗੁਰੂ ਸਾਹਿਬ ਦੇ ਬਚਨਾਂ ਨਾਲ ਨਸ਼ਟ ਕਰ ਦਿੱਤਾ।

**ਭਾਵਾਰਥ** - ਤੁਰੀਆ ਅਵਸਥਾ ਜਗਿਆਸੂ ਨੂੰ ਦੁੱਖ-ਸੁੱਖ ਸਮ ਕਰਕੇ ਜਾਨਣ ਵਿੱਚ ਸਹਾਇਤਾ ਕਰਦੀ ਹੈ। ਤੁਰੀਆ ਪਦਵੀ ਦਾ ਪ੍ਰਤਾਪ ਹੀ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਅਨੰਤ ਤਸੀਹੇ ਸਹਾਰਦਿਆਂ ਹੋਇਆਂ ਭੀ ਮਨ ਨੂੰ ਡੋਲਣ ਨਹੀਂ ਦਿੱਤਾ। ਐਸੀ ਅਵਸਥਾ ਨੂੰ ਅਨੰਦਾਤਮ ਰੂਪ ਕਿਹਾ ਜਾਂਦਾ ਹੈ। 'ਟੁਕੜਾ-ਟੁਕੜਾ ਹੋ ਜਾਣਾ' ਜਾਂ 'ਮਖਮਲੀ ਸੇਜਾ ਤੇ ਸੌਣਾਂ' ਦੋਨੋਂ ਹੀ ਅਵਸਥਾਵਾਂ ਨੂੰ ਇੱਕੋ ਨਜ਼ਰੀਏ ਤੋਂ ਵੇਖਣਾ; ਗੁਰੂ ਸਾਹਿਬ ਜੀ ਦੇ ਬਚਨਾਂ ਦਾ ਪ੍ਰਤਾਪ ਹੈ। ਦੋਨੋਂ ਅਗਿਆਨਮਈ ਸਕਤੀਆਂ ਦਾ ਖਾਤਮਾ ਹੋ ਜਾਂਦਾ ਹੈ।

**ਜੀਵ ਈਸ਼ ਨਦਿ ਵਾਹਾ ਰੂਪ। ਪਰੇ ਬੀਚ ਭੇ ਸਮੁੰਦ੍ਰ ਅਨੂਪ।**
**ਜਹਿਤੀ ਤੇ ਨ ਏਕਤਾ ਬਨੇ। ਗੰਗ ਘੋਖ ਇਕ ਤਜਿਬੋ ਭਨੇ॥ ੧੯॥**



**ਅਰਥ** - ਜੀਵ ਤੇ ਈਸ਼ਰ ਨਦੀ ਤੇ ਨਾਲੇ ਦਾ ਰੂਪ ਹੈ। ਸਮੁੰਦਰ ਵਿੱਚ ਜਾ ਕੇ ਸਮੁੰਦਰ ਸਰੂਪ ਹੀ ਹੋ ਜਾਂਦੇ ਹਨ। ਜਹਿਤੀ ਲਕਸ਼ਣਾ ਦੁਆਰਾ ਏਕਤਾ ਨਹੀਂ ਹੁੰਦੀ। ਗੰਗਾ ਸ਼ਬਦ ਬੋਲਦਿਆਂ ਇੱਕ ਨੂੰ ਛੱਡਣਾ ਪਵੇਗਾ।

**ਭਾਵਾਰਥ** - ਇੱਥੇ ਭਾਈ ਸਾਹਿਬ ਜੀ ਨੇ 'ਜੀਵ' ਤੇ 'ਈਸ਼ਰ' ਮਨੁੱਖੀ ਸੁਭਾਅ ਮੁਤਾਬਿਕ ਵਰਤੇ ਹਨ। ਵਿਅਸਟੀ ਮਨੁੱਖ 'ਜੀਵ' ਕੋਟੀ ਵਿੱਚ ਹੁੰਦਾ ਹੈ। ਸਮਸਟੀ (ਸਾਰੇ) ਮਨੁੱਖੀ ਰੂਪ ਵਿੱਚ ਈਸ਼ਰ ਕਿਹਾ ਜਾਂਦਾ ਹੈ; ਕਿਉਂਕਿ ਸਾਰੇ ਜੀਵਾਂ ਦੇ ਸਾਂਝੇ ਕਰਮਾਂ ਦਾ ਫਲਸਰੂਪ ਦੁਨੀਆਂ ਦੇ ਕੰਟਰੋਲ ਨੂੰ ਸਥਾਪਿਤ ਕਰਨ ਵਾਲਾ ਈਸ਼ਰ ਹੀ ਹੁੰਦਾ ਹੈ। 'ਜੀਵ' ਤੇ 'ਈਸ਼ਰ' ਵਾਹੜਾ ਤੇ ਨਦੀ ਦਾ ਸਰੂਪ ਹਨ। ਜਦੋਂ ਬਰਸਾਤ ਪੈਂਦੀ ਹੈ ਤਾਂ ਪਾਣੀ ਦਾ ਖਾਸ ਵਹਾਅ ਵਿੱਚ ਤੁਰਨਾ ਹੀ ਵਾਹੜਾ ਹੁੰਦਾ ਹੈ। ਜਿਹੜਾ ਹੌਲੀ-ਹੌਲੀ ਨਦੀ ਦਾ ਰੂਪ ਹੋ ਜਾਂਦਾ ਹੈ। ਦੋਨਾਂ ਦੀ ਖਾਸੀਅਤ ਪਾਣੀ ਹੈ; ਪਾਣੀ ਚੱਲਦਾ ਹੋਇਆ ਸਮੁੰਦਰ ਵਿੱਚ ਜਾ ਪੈਂਦਾ ਹੈ। ਪਾਣੀ ਦੇ ਇੱਕ ਖਾਸ ਤਰੀਕੇ ਨਾਲ ਟਿਕਾ ਵਾਲੇ ਰੂਪ ਨੂੰ ਸਮੁੰਦਰ ਕਿਹਾ ਜਾਂਦਾ ਹੈ। ਲੱਖਾਂ ਨਦੀਆਂ, ਦਰਿਆ ਜਾਂ ਬਰਸਾਤ ਦਾ ਪਾਣੀ ਸਮੁੰਦਰ ਵਿੱਚ ਆ ਕੇ ਪੈ ਜਾਏ ਪਰ ਸਮੁੰਦਰ ਕਦੇ ਭੀ ਉੱਛਲਦਾ ਨਹੀਂ। ਬ੍ਰਹਮ ਸਮੁੰਦਰ ਵਾਂਗ ਹੈ, ਜੀਵ ਬਰਸਾਤੀ ਨਾਲੇ ਵਾਂਗ ਅਤੇ ਈਸ਼ਰ ਦਰਿਆ (ਲੱਖਾਂ ਨਾਲੇ ਜਿਸ ਵਿੱਚ ਆ ਕੇ ਪੈਂਦੇ ਹਨ) ਵਾਂਗ ਹੈ। ਜਿਵੇਂ ਦਰਿਆ, 'ਬਰਸਾਤੀ ਨਾਲੇ' ਤੇ ਸਮੁੰਦਰ ਪਾਣੀ ਕਰਕੇ ਹਨ। ਇਵੇਂ ਈਸ਼ਰ, ਜੀਵ ਤੇ ਬ੍ਰਹਮ ਚੇਤਨ ਕਰਕੇ ਹਨ। ਤਿੰਨਾਂ ਦੀ ਏਕਤਾ ਲਈ ਕੋਈ ਲੱਛਣ ਜਾਂ ਚਿੰਨ੍ਹ ਇੱਕੋ-ਜਿਹਾ ਸਿੱਧ ਕਰਨਾ ਹੋਵੇਗਾ। ਦਾਰਸ਼ਨਿਕ ਦੁਨੀਆਂ ਵਿੱਚ ਏਕਤਾ ਦੀ ਵਿਆਖਿਆ ਲਈ ਲੱਕਸ਼ਣਾ ਹੈ। 'ਜਿਸ ਅਰਥ ਦਾ ਪਦ (ਸ਼ਬਦ) ਦੀ ਸ਼ਕਤੀ ਤੋਂ ਗਿਆਨ ਨਾ ਹੋਵੇ ਪਰੰਤੂ ਲਕਸ਼ਣਾ ਦੁਆਰਾ ਪ੍ਰਤੀਤ ਹੋਵੇ ਉਸਨੂੰ ਪਦ ਦਾ ਲਕਸ਼ ਅਰਥ ਕਹਿੰਦੇ ਹਨ।' 'ਵਾਚਯ ਅਰਥ ਦੇ ਵਿੱਚ ਲਕਸ਼ ਅਰਥ ਦੇ ਮਿਲਾਪ ਨੂੰ ਲਕਸ਼ਣਾ ਕਹਿੰਦੇ ਹਨ'-ਵੀਚਾਰ-ਸਾਗਰ। ਲਕਸ਼ਣਾਂ ਤਿੰਨ ਤਰ੍ਹਾਂ ਦੀ ਹੁੰਦੀ ਹੈ, ਪ੍ਰਕਰਣ ਕਰਕੇ ਭਾਈ ਸਾਹਿਬ ਜੀ ਸਮਝਾਉਂਦੇ ਹਨ ; ਜਹਿਤੀ, ਅਜਿਹਤੀ ਅਤੇ ਭਾਗ ਤਿਆਗ ਲਕਸ਼ਣਾ ਦੇ ਤਿੰਨ ਵੱਖ-ਵੱਖ ਰੂਪ ਹਨ । ਜਹਿਤੀ ਲਕਸ਼ਣਾ ਦੀ ਪ੍ਰਮੁੱਖ ਜਿਸਨੂੰ ਭਾਈ ਸਾਹਿਬ ਨੇ ਵਰਤਿਆ ਹੈ, 'ਗੰਗਾ ਵਿੱਚ ਘਰ ਹੈ'। ਇਹ ਵਾਕ ਆਪਣੇ ਅਰਥ ਨੂੰ ਦੱਸਦਾ ਹੈ, ਪਰ ਅਰਥ ਪ੍ਰਤੱਖ ਵਿੱਚ ਸੰਭਵ ਨਹੀਂ ਕਿਉਂਕਿ ਗੰਗਾ ਦਰਿਆ ਦਾ ਨਾਮ ਹੈ ਗੰਗਾ ਸ਼ਬਦ ਤੋਂ ਭਾਵ ਹੈ 'ਪਾਣੀ ਦਾ ਪ੍ਰਵਾਹ' ਇਸ ਦਾ ਵਾਚਯ ਅਰਥ ਹੈ ਪਾਣੀ ਦਾ ਨਿਵਾਣ ਵੱਲ ਨੂੰ

ਚਲਣਾ, "ਕਿਨਾਰੇ ਨਾਲ ਸੰਬੰਧ 'ਲਕਸ਼ਣਾ' " ਕਿਉਂਕਿ ਗੰਗਾ ਦਾ ਪਾਣੀ ਦੋ ਕਿਨਾਰਿਆਂ ਵਿੱਚ ਚਲਦਾ ਹੈ। ਘਰ ਭੀ ਕਿਨਾਰੇ ਉਪਰ ਹੀ ਬਣਾਇਆ ਜਾ ਸਕਦਾ ਹੈ। ਇਸ ਲਈ ਸਾਰੇ ਵਾਚਯ ਅਰਥ ਦਾ ਤਿਆਗ ਅਤੇ ਕਿਨਾਰੇ ਦਾ ਗ੍ਰਹਿਣ 'ਜਿਹਤੀ ਲਕਸ਼ਣਾ' ਹੈ। ਜਿਹਤੀ ਲਕਸ਼ਣਾ ਦੁਆਰਾ ਜੀਵ ਤੇ ਬ੍ਰਹਮ ਦੀ ਏਕਤਾ ਸਿੱਧ ਨਹੀਂ ਕੀਤੀ ਜਾ ਸਕਦੀ ਕਿਉਂਕਿ ਜੀਵ ਜਾਂ ਈਸ਼ ਦਾ ਵਾਚਯ ਅਰਥ ਰੂਪ ਦੁਆਰਾ ਜਿਹਤੀ ਲਕਸ਼ਣਾ ਏਕਤਾ ਨੂੰ ਸਿੱਧ ਨਹੀਂ ਕਰਦੀ ।

**ਜੀਵ ਈਸ਼ ਦੋਨਹੁੰ ਪਰਹਰੇ। ਤਬਿ ਇਕਤਾ ਕਹੁ ਕਿਸ ਕੀ ਕਰੇ।**
**ਤਥਾ ਅਜਹਿਤੀ ਗ੍ਰਹਨ ਕਰਨ ਮੈਂ। ਇਹ ਭੀ ਬਨਹਿ ਨ ਸੁਨਹੁੰ ਸ਼੍ਰਵਣ ਮੈਂ॥ ੨੦॥**

ਅਰਥ – ਜੀਵ ਤੇ ਈਸ਼ ਦੋਨੋਂ ਛਡਕੇ, ਤਾਂ ਏਕਤਾ ਕਿਸ ਦੀ ਕੀਤੀ ਜਾਏਗੀ। ਇਸੇ ਪ੍ਰਕਾਰ ਅਜਿਹਤੀ ਗ੍ਰਹਿਣ ਕਰਨ ਵਿੱਚ ਨਹੀਂ ਆਵੇਗੀ ਕਿਉਂਕਿ ਇਸ ਵਿੱਚ ਵੀ ਕਾਰਣ ਹੈ, ਸੁਨਣਾ ਕਰੋ।

**ਭਾਵਾਰਥ** - ਜੀਵ ਤੇ ਈਸ਼ ਬ੍ਰਹਮ ਦੀ ਸੱਤਾ ਸਹਾਰੇ ਜਗਤ ਦੇ ਨਿਰਮਾਤਾ ਅਤੇ ਜਗਤ ਦਾ ਸਰੂਪ ਹਨ। ਅਧਿਆਤਮਕ ਦੁਨੀਆਂ ਦੇ ਵਾਰਸਾਂ ਨੇ ਮਨੁੱਖ ਤੋਂ ਮਨੁੱਖ ਨੂੰ ਸੁਵਿਧਾਵਾਂ ਦੀ ਜ਼ਰੂਰਤ ਪੂਰੀ ਕਰਨ ਦੀ ਜਿੰਮੇਵਾਰੀ ਸਿਖਾਂਉਣ ਲਈ ਧਰਮ ਦੁਆਰਾ ਏਕਤਾ ਦੀ ਵਿਆਖਿਆ ਕੀਤੀ ਹੈ। ਜਿਹੜਾ ਸੰਸਾਰ ਵਿੱਚ ਏਕਤਾ ਨੂੰ ਵਰਤਣਾ ਸਿੱਖ ਲਵੇਗਾ, ਉਹ ਨਿਰੰਕਾਰ ਦੇ ਚਰਨਾਂ ਵਿੱਚ ਭੀ ਏਕਤਾ ਪਾ ਲਵੇਗਾ। ਜਹਿਤੀ ਤੋਂ ਬਾਅਦ ਅਜਿਹਤੀ ਲਕਸ਼ਣਾਂ ਦੀ ਵੀਚਾਰ ਆਉਂਦੀ ਹੈ। 'ਲਾਲ ਰੰਗ ਦੌੜਿਆ ਜਾਂਦਾ ਹੈ' ਵਾਕ ਵਿੱਚ ਅਰਥ ਬਣਦਾ ਹੈ, 'ਲਾਲ ਰੰਗ ਦੌੜਦਾ ਹੈ' ਪਰ ਰੰਗ ਤਾਂ ਕਦੇ ਵੀ ਦੌੜਦਾ ਨਹੀਂ, ਲਾਲ ਰੰਗ ਦਾ ਘੋੜਾ ਦੌੜਦਾ ਹੈ। ਤਾਂ ਲਾਲ ਰੰਗ ਦੇ ਨਾਲ ਘੋੜੇ ਦਾ ਅਧਿੱਕ ਗ੍ਰਹਿਣ ਅਜਿਹਤੀ ਲਕਸ਼ਣਾ। ਇੱਥੇ ਵਾਚਯ ਅਰਥ ਦਾ ਤਿਆਗ ਨਹੀਂ ਸਗੋਂ ਉਸ ਨਾਲੋਂ ਵੱਧ ਨੂੰ ਗ੍ਰਹਿਣ ਕੀਤਾ ਗਿਆ ਹੈ; ਇਸਨੂੰ ਅਜਿਹਤੀ ਲਕਸ਼ਣਾ ਕਹਿੰਦੇ ਹਨ।

**ਜੀਵ ਈਸ਼ ਦੋਨਹੁੰ ਕੋ ਰਾਖੈ। ਔਰ ਗ੍ਰਹਨ ਕਿਹ ਕਰਨ ਭਿਲਾਖੈਂ।**
**ਅਰਥ ਨ ਸਿੱਧ ਦੁਹਨਿ ਤੇ ਹੋਵਾ। ਤਬਿ ਸਤਿਗੁਰਨਿ ਤ੍ਰਿਤੀ ਪਖ ਜੋਵਾ॥ ੨੧॥**
**ਲਛਣਾਂ ਦੌਨ ਮਿਲਾਇ ਬਿਚਾਰਾ। 'ਭਾਗ ਤਜਾਗ' ਤਿਹ ਨਾਮ ਉਚਾਰਾ।**
**ਇਕਤਾ ਕਰਨ ਅਰਥ ਭਾ ਸਿੱਧ। ਸ਼੍ਰੋਤਾ ! ਸੁਨਹੁੰ ਕਹਯੋ ਜਿਮ ਬ੍ਰਿੱਧ॥ ੨੨॥**

**ਅਰਥ** – ਇੱਥੇ ਜੀਵ ਤੇ ਈਸ਼ ਦੋਨਾਂ ਨੂੰ ਰੱਖਦਾ ਹੈ ਤਾਂ ਹੋਰ ਗ੍ਰਹਿਣ ਕਰਨ



ਦੀ ਇੱਛਾ ਰੱਖਦਾ ਹੈ। ਦੋਨਾਂ ਤੋਂ ਹੀ ਅਰਥ ਸਿੱਧ ਨਹੀਂ ਹੁੰਦਾ। ਤਦੋਂ ਸਤਿਗੁਰੂ ਜੀ ਨੇ ਤੀਜਾ ਪੱਖ ਤੱਕਿਆ। ਦੋਨਾਂ ਲੱਕਸ਼ਣਾ ਨੂੰ ਮਿਲਾ ਕੇ ਵੀਚਾਰਿਆ; ਉਸਦਾ ਨਾਮ ਭਾਗ ਤਿਆਗ ਰੱਖਿਆ। ਏਕਤਾ ਕਰਨ ਨਾਲ ਅਰਥ ਸਿੱਧ ਹੁੰਦੇ ਹਨ। ਹੇ ਸ੍ਰੋਤਾ!! ਸੁਨਣਾ ਕਰੋ ਜਿਸ ਪ੍ਰਕਾਰ ਸਿਆਣਿਆ ਨੇ ਕਿਹਾ ਹੈ।

ਭਾਵਾਰਥ – ਜੀਵ ਤੇ ਈਸ਼ ਦੋਨਾਂ ਨੂੰ ਅਰਥ ਵਿੱਚ ਰੱਖਕੇ ਹੋਰ ਦੀ ਇੱਛਾ ਏਕਤਾ ਦੀ ਵਿਆਖਿਆ ਕਿਵੇਂ ਹੋ ਸਕਦੀ ਹੈ ? ਕਿਉਂਕਿ ਜੀਵ ਤੇ ਈਸ਼ਰ ਨੂੰ ਅਸੀਂ ਇੱਕ ਰੂਪ ਸਿੱਧ ਕਰਨਾ ਹੈ। ਜਦੋਂ ਦੋਨਾਂ (ਜਿਹਤੀ ਤੇ ਅਜਿਹਤੀ) ਦੁਆਰਾ ਅਰਥ ਸਿੱਧ ਨਹੀਂ ਹੋਇਆ ਤਾਂ ਤੀਜੀ ਭਾਗ-ਤਿਆਗ ਦਾ ਦੋਨਾਂ ਦੇ ਮਿਲਾਪ ਵਿੱਚੋਂ ਅਰਥ ਵਿਚਾਰਿਆ ਗਿਆ। ਗੌਰਤਲਬ ਇਹ ਹੈ, ਭਾਈ ਸਾਹਿਬ ਸਿਆਣਿਆ ਦਾ ਕਥਨ ਕਰਦੇ ਹਨ। ਸਿਆਣੇ ਤੋਂ ਭਾਵ ਜਿਹੜੇ ਸਾਡੇ ਤੋਂ ਤਜ਼ਰਬੇ ਵਿੱਚ ਵੱਡੇ ਹਨ। ਆਪ ਤੋਂ ਵੱਡਿਆਂ ਦੇ ਸਤਿਕਾਰ ਨਾਲ ਹੀ ਪੁਰਾਤਨ ਗਿਆਨ ਪ੍ਰਪੱਕ ਕੀਤਾ ਜਾ ਸਕਦਾ ਹੈ। ਜਿਹਨਾਂ ਨੇ ਪੁਰਾਤਨ ਗਿਆਨ ਪ੍ਰਪੱਕ ਨਹੀਂ ਕੀਤਾ, ਉਹ ਅਗਾਂਹ ਤਰੱਕੀ ਭੀ ਨਹੀਂ ਕਰ ਸਕਦੇ। ਸਾਇੰਸ ਨੇ ਸਾਇੰਟਿਸਟ ਨੂੰ ਆਪਣੇ ਤੋਂ ਪਹਿਲਾਂ ਹੋ ਚੁੱਕੇ ਸਾਇੰਟਿਸਟਾਂ ਦਾ ਸਤਿਕਾਰ ਕਰਨਾ ਸਿਖਾਇਆ ਹੈ। ਜੇ ਤੁਸੀਂ ਦੁਨੀਆਂ ਵਿੱਚ ਖੋਜਾਂ ਦੁਆਰਾ ਤਰੱਕੀ ਕਰਨਾ ਚਾਹੁੰਦੇ ਹੋ, ਤਾਂ ਪਹਿਲੀਆਂ ਖੋਜਾਂ ਵਾਲਿਆਂ ਦੀਆਂ ਖੋਜਾਂ ਨੂੰ ਪੂਰੇ ਵਿਸ਼ਵਾਸ ਅਤੇ ਤਰਕ ਨਾਲ ਪੜ੍ਹੋ ਤਾਂ ਕਿ ਤੁਹਾਨੂੰ ਇਸ ਵਿੱਚੋਂ ਨਵੀਂ ਸੋਚ ਨੂੰ ਜਨਮ ਦੇਣ ਵਿੱਚ ਤਕਲੀਫ ਨਾ ਆਵੇ। ਬਿਲਕੁਲ ਇਸੇ ਤਰ੍ਹਾਂ ਹੀ ਧਰਮ ਦੀ ਦੁਨੀਆਂ ਵਿੱਚ ਭੀ ਵੱਡਿਆਂ ਕੋਲੋਂ ਸਿੱਖਣ ਲਈ 'ਭਾਵਨਾ ਦੇ ਖੇਤਰ' ਰਾਂਹੀ ਹੀ ਸਫਰ ਤੈਅ ਕਰਨਾ ਪੈਂਦਾ ਹੈ। ਗੁਰਮਤਿ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਡਾ ਇਤਿਹਾਸ ਆਰੰਭ ਹੁੰਦਾ ਹੈ। ਵਰਤਮਾਨ ਸਮੇਂ ਤੱਕ ਸਦੀਆਂ ਦਾ ਲੰਮਾ ਸਫਰ ਆਪਣੇ ਇਤਹਾਸਕ ਸ਼ਾਨੋ-ਸ਼ੌਕਤ ਨਾਲ ਤੈਅ ਕਰਦਾ ਆ ਰਿਹਾ ਹੈ। ਧਿਆਨ ਰਹੇ!!!!! ਵਰਤਮਾਨ ਹੀ ਭੂਤਕਾਲ ਵਿੱਚ ਇਤਿਹਾਸ ਬਨਦਾ ਹੈ। ਅੱਜ ਅਸੀਂ ਕੌਮੀ ਵਰਤਮਾਨ ਵਿੱਚ ਹਾਂ, ਕੱਲ ਨੂੰ ਅਸੀਂ ਇਤਿਹਾਸ ਦੇ ਪਾਤਰ ਬਣਨਾ ਹੈ। ਸਾਡੀ ਸਭ ਦੀ ਜਿੰਦਗੀ ਗੁਰ-ਸਿਧਾਂਤ ਦੀ ਕਸਵੱਟੀ ਉੱਪਰ ਕਿੰਨੀ ਕੁ ਖਰੀ (ਪਰਵਾਨ) ਉੱਤਰਦੀ ਹੈ। ਇਹ ਇਤਿਹਾਸ ਹੀ ਦੱਸੇਗਾ। ਪਰ ਵਰਤਮਾਨ ਵਿੱਚ ਵਿਸ਼ਵਾਸ ਦੁਆਰਾ ਸਾਡੀ ਭਾਵਨਾ ਹੀ ਤਰਕ ਰਾਂਹੀ ਤਰੱਕੀ ਦਾ ਰਾਹ ਤੈਅ ਕਰੇਗੀ। ਸਾਡਾ ਵਿਸ਼ਵਾਸ ਅੰਧ-ਵਿਸ਼ਵਾਸ ਨਾ ਬਣ ਜਾਏ, ਸਾਡੀ ਭਾਵਨਾ ਅਗਿਆਨਤਾ

ਦਾ ਕਾਲਾ ਕੱਪੜਾ ਪਹਿਨੇ ਕੇ ਸਾਨੂੰ ਅਗਿਆਨੀ ਨਾ ਬਣਾ ਦੇਵੇ; ਇਸ ਲਈ ਵਰਤਮਾਨ ਤਰਕ ਨੂੰ ਬਹੁਤ ਸਾਵਧਾਨੀ ਨਾਲ ਵਰਤਣਾ ਪਵੇਗਾ। ਤਰਕ ਦਾ ਮਤਲਬ ਹਰ ਪੁਰਾਤਨ ਗੱਲ ਨੂੰ ਕੱਟਣਾ ਨਹੀਂ ਹੁੰਦਾ; ਤਰਕ ਦਾ ਭਾਵ ਹੁੰਦਾ ਹੈ, ਇਤਹਾਸਿਕ ਪਾਤਰਾਂ ਵੱਲੋਂ ਤਰੱਕੀ ਦੇ ਰਾਹ ਉੱਪਰ ਚੱਲਦਿਆਂ ਆਈਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਸੋਚਣਾ। ਦੁਖਾਂਤ ਹੈ, ਸਾਡੀ ਸੋਚਣ ਸ਼ਕਤੀ ਦੂਜਿਆਂ ਨੂੰ ਖੰਡਿਤ ਕਰਨ ਵੱਲ ਬਹੁਤ ਰੁਚਿਤ ਹੁੰਦੀ ਹੈ। ਦਸ ਗੁਰੂ ਸਾਹਿਬ ਜੀ ਦੇ ਸਿਧਾਂਤ ਉੱਪਰ ਲੰਮਾ ਸਮਾਂ ਚਿੰਤਨ ਕਰਨਾ ਪਵੇਗਾ; ਕਿ ਗੁਰੂ ਸਾਹਿਬ ਜੀ ਸਾਰਿਆਂ ਨੂੰ ਸਾਂਝੀਵਾਲਤਾ ਦੇ ਸਰੂਪ ਵਿੱਚ ਦਰਜਾ ਦਿੰਦੇ ਹਨ ਅਤੇ ਖਾਲਸਾਈ ਸਖਸ਼ੀਅਤ ਦੀ ਘਾੜਤ ਲਈ ਦਸ ਸਰੂਪ ਧਾਰਨ ਕਰਕੇ ਹਰ ਵਿਆਖਿਆ ਲਈ ਪੂਰਨ ਰੂਪ ਵਿੱਚ ਸਿਧਾਂਤ ਵਿਦਮਾਨ ਕਰਦੇ ਹਨ। ਆਪਣੇ ਨਾਲ ਸੇਵਾ ਨਿਭਾ ਰਹੇ ਗੁਰਮੁਖਿ ਪਿਆਰਿਆਂ ਤੋਂ ਸਿਧਾਂਤ ਦੀ ਪ੍ਰਪੱਕਤਾ ਨਿਭਾਉਣ ਦੀ ਜਾਚ ਭੀ ਸਿਖਾਉਂਦੇ ਹਨ। ਜਿਵੇਂ ਇੱਕ ਮਾਂ-ਬਾਪ ਆਪਣੇ ਬੱਚਿਆਂ ਨੂੰ ਜੀਵਨ ਕਰਮ ਸਿਖਾਉਂਦੇ ਹਨ। ਇਹ ਭੀ ਦੁਖਾਂਤ ਹੀ ਹੈ, ਕਿ ਅੱਜ ਦੇ ਮਨੁੱਖੀ ਮਾਂ-ਬਾਪ ਆਪਣੇ ਬੱਚਿਆਂ ਨੂੰ ਸਿਖਾਉਣ ਵੱਲੋਂ ਅਯੋਗ ਨਜ਼ਰ ਆਉਂਦੇ ਹਨ; ਜਦੋਂ ਕਿ ਪਸ਼ੂ-ਪੰਛੀ ਆਪਣੇ ਬੱਚਿਆਂ ਨੂੰ ਸੁਤੰਤਰ ਜੀਵਨ ਜੀ ਜਾਂਚ ਬਾ-ਖੂਬੀ ਸਿਖਾ ਦਿੰਦੇ ਹਨ। ਮਨੁੱਖੀ ਜੀਵਨ ਮੋਹ ਵਿੱਚ ਫਸ ਕੇ ਆਪ ਭੀ ਦੁਖੀ ਹੁੰਦਾ ਹੈ, ਬੱਚਿਆਂ ਨੂੰ ਭੀ ਪੈਸੇ ਦੀ ਮਸ਼ੀਨ ਹੀ ਬਣਾਉਂਦੇ ਹਨ। ਜਦੋਂ ਕਿ ਪੰਛੀ ਆਪਣੇ ਬੱਚਿਆਂ ਨੂੰ ਖਾਣਾ, ਰਹਿਣਾ ਅਤੇ ਇੱਕ ਦੂਜੇ ਨਾਲ ਜੀਵਨ ਜਿਉਣਾ ਸਿਖਾ ਕੇ ਉਸਨੂੰ ਅਜ਼ਾਦ ਕਰ ਦਿੰਦੇ ਹਨ। ਅੱਜ ਦਾ ਮਨੁੱਖੀ ਜੁਆਨ ਦੂਜੇ ਦੇ ਦੁੱਖ ਨੂੰ ਵੇਖ ਕੇ ਸਹਿਚਾਰ ਕਿੰਨਾ ਕੁ ਕਰਦਾ ਹੈ ? ਇੱਕ ਸੁਆਲ ਹੈ। ਪਰ ਪੰਛੀ ਸ਼ਿਕਾਰੀ ਦੀ ਆਮਦ ਵੇਖ ਕੇ ਰੌਲਾ ਪਾਉਂਦੇ ਹਨ, ਕਿ ਬਾਕੀ ਭੀ ਆਈ ਬਿਪਤਾ ਤੋਂ ਬਚ ਸਕਣ। ਸਭ ਦੇ ਸੁੱਖ ਲਈ ਅਤੇ ਆਪਣੀ ਖਾਲਸਾਈ ਸ਼ਖਸ਼ੀਅਤ ਨੂੰ ਸੰਭਾਲਣ ਦਾ ਨਾਮ ਗੁਰਮਤਿ ਸਿਧਾਂਤ ਹੈ। ਇਹੀ ਭਾਗ ਤਿਆਗ ਲਕਸ਼ਣਾ ਹੈ।

**ਜੀਵ ਵਾਚਜ ਕਰਿ ਹੈ ਅਲਪੱਗਜ। ਈਸ਼ਰ ਵਾਚਜ ਅਹੈ ਸਰਬੱਗਜ।**
**ਜਨਮ ਮਰਣ ਉਰਮੀ ਤਨ ਦੋਇ। ਛੁਧਾ ਤ੍ਰਿਖਾ ਪ੍ਰਾਣਨਿ ਕੀ ਹੋਇ॥ ੨੩॥**
**ਹਰਖ ਸੋਗ ਮਨ ਕੀ ਪਹਿਚਾਨ। ਇਨ ਖਟ ਸਹਿਤ ਜੀਵ ਕੋ ਮਾਨ।**

**ਅਰਥ** - ਜੀਵ ਪਦ ਦਾ ਵਚਯ ਅਰਥ ਅਲਪੱਗਤਾ ਪੇਸ਼ ਕਰਦਾ ਹੈ। ਈਸ਼ਰ ਦਾ ਵਾਚਯ ਅਰਥ ਸਰਬੱਗ ਹੈ। ਜਨਮ-ਮਰਣ ਦੋ ਤਨ ਦੀਆਂ ਉਰਮੀਆਂ ਹਨ।



ਭੁਖ-ਤ੍ਰੇਹ ਪ੍ਰਾਣਾਂ ਦੀਆਂ ਉਰਮੀਆਂ ਹਨ। ਸੋਖ-ਹਰਖ ਮਨ ਦੀਆਂ ਉਰਮੀਆਂ ਹਨ। ਇਹਨਾਂ ਛੇ ਉਰਮੀਆਂ ਦੇ ਸਹਿਤ ਜੀਵ ਨੂੰ ਮੰਨਣਾ ਕਰ।

**ਭਾਵਾਰਥ** - ਜਦੋਂ ਜੀਵ ਦੀ ਦੁਨੀਆਂ ਵਿੱਚ ਹੈਸੀਅਤ ਨੂੰ ਵੇਖਿਆ ਜਾਂਦਾ ਹੈ, ਤਾਂ ਬ੍ਰਹਮ ਤੋਂ ਬਗੈਰ ਇਸ ਦਾ ਅਰਥ ਬਹੁਤ ਤੁੱਛ ਹੋ ਜਾਂਦਾ ਹੈ। ਚੇਤਨਤਾ ਨਾਲ ਤੁਰਿਆ ਫਿਰਦਾ ਸਰੀਰ, ਚੇਤਨਾ ਤੋਂ ਬਿਨਾਂ ਮਿੱਟੀ ਦੀ ਢੇਰੀ ਹੋ ਕੇ, ਮਿੱਟੀ ਵਿੱਚ ਮਿਲ ਜਾਂਦਾ ਹੈ। ਹਰ ਕਿਰਿਆ ਵਿੱਚ ਅਧੂਰਾਪਨ ਪ੍ਰਧਾਨ ਹੁੰਦਾ ਹੈ; ਬ੍ਰਹਮ ਦੇ ਸਹਾਰੇ ਨਾਲ ਕਰਮ ਕਰਨ ਵਾਲੀ ਸਰੀਰਕ ਕਿਰਿਆ ਦੀ ਅੱਲਪਗਤਾ ਦਾ ਕਥਨ ਕੀਤਾ ਜਾਂਦਾ ਹੈ। ਅਲਪੱਗਤਾ ਨੂੰ ਉਰਮੀ ਦਾ ਨਾਮ ਦਿੱਤਾ ਗਿਆ ਹੈ; ਵਸਤਵ ਵਿੱਚ ਉਰਮੀ ਦਾ ਮਤਲਬ ਹੁੰਦਾ ਹੈ- ਛੇ ਕਲੇਸ਼ 'ਗਰਮੀ, ਸਰਦੀ, ਭੁੱਖ, ਤ੍ਰਹ, ਲੋਭ, ਮੋਹ' ਅਰਥਾਤ 'ਭੁੱਖ ਤ੍ਰਹ, ਬੁਢਾਪਾ ਮੌਤ, ਸ਼ੋਕ ਮੋਹ' ਸਰੀਰ ਦੀ ਅਵਸਥਾ ਭੇਦ ਦੀ ਜਰੂਰਤ ਕਰਕੇ ਇਹ ਕਲੇਸ਼ ਪੈਦਾ ਹੁੰਦੇ ਹਨ। ਇਹਨਾਂ ਨੂੰ ਦਾਰਸ਼ਨਿਕਤਾ ਦੁਆਰਾ ਤਿੰਨ ਹਿੱਸਿਆਂ ਵੰਡਣ ਲਈ ਸਾਂਝੇ ਨਾਮ ਦਿੱਤੇ ਹਨ। 'ਗਰਮੀ ਸਰਦੀ' ਤੇ ਬੁਢਾਪਾ ਮੌਤ' 'ਜਨਮ ਮਰਣ' ਦੁਆਰਾ ਤਨ ਦੇ ਕਲੇਸ਼ ਹਨ। ਭੁੱਖ ਤ੍ਰੇਹ ਪ੍ਰਾਣਾਂ ਦੇ ਕਲੇਸ਼ ਹਨ; ਪ੍ਰਾਣਾਂ ਦੇ ਅਧਾਰ ਉੱਪਰ ਹੀ ਸਰੀਰ ਦੀ ਹੋਂਦ ਹੈ। 'ਲੋਭ ਮੋਹ' ਤੇ 'ਸ਼ੋਕ ਮੋਹ', 'ਹਰਖ ਸੋਗ' ਦੁਆਰਾ ਮਨ ਦੇ ਕਲੇਸ਼ ਹਨ। ਮਨੁੱਖੀ ਸਰੀਰ ਦੁਆਰਾ ਮਨੁੱਖੀ ਮਨ ਪ੍ਰਭਾਵ ਕਬੂਲ ਕੇ ਕਲੇਸ਼ ਪਾਉਂਦਾ ਹੈ। ਇਹ ਪ੍ਰਭਾਵ ਦੇ ਅਨਭਵ ਲਈ ਪ੍ਰਾਣਾਂ ਦਾ ਚੱਲਣਾ ਬਹੁਤ ਜਰੂਰੀ ਹੁੰਦਾ ਹੈ। ਮਨ ਤੇ ਤਨ ਦੀ ਗਤੀਮਾਨਤਾ ਦਾ ਸਾਧਨ ਪ੍ਰਾਣ ਹਨ। ਜਿਵੇਂ ਡਰਾਈਵਰ ਕਾਰ ਚਲਾਉਣ ਲਈ ਬੈਠਾ ਹੋਵੇ, ਤੇਲ ਤੋਂ ਬਗੈਰ ਕਾਰ ਚੱਲ ਨਹੀਂ ਸਕਦੀ। ਇਵੇਂ ਹਰ ਪ੍ਰਭਾਵ ਕਲੇਸ਼ ਦਾ ਰੂਪ ਤਨ-ਮਨ-ਪ੍ਰਾਣਾਂ ਨਾਲ ਜੀਵ ਨੂੰ ਬਹੁਤ ਦੁਖੀ ਕਰਦਾ ਹੈ; ਦੁਖ ਸਹਾਰਨ ਦੀ ਸਮਰੱਥਾ ਮਨੁੱਖ ਨੂੰ ਚੇਤਨਾ (ਬ੍ਰਹਮ) ਤੋਂ ਪ੍ਰਾਪਤ ਹੁੰਦੀ ਹੈ। ਛੇ ਕਲੇਸ਼ ਜੀਵ ਨੂੰ ਮਨੁੱਖੀ ਪ੍ਰਭਾਵ ਦੁਆਰਾ ਦੁਖੀ ਕਰਦੇ ਹਨ; ਪਰ ਬ੍ਰਹਮ ਜੀਵ ਦੀ ਵਿਸ਼ਸਟਤਾ ਨੂੰ ਦੂਰ ਕਰਨ ਲਈ ਚੇਤਨਾ ਰਾਂਹੀ ਪ੍ਰਸੰਨਤਾ ਦਿੰਦਾ ਹੈ।

**ਲੱਛਮੀ, ਗਯਾਨ, ਵਿਰਾਗ ਉਦਾਰ। ਜਸ, ਐਸ਼੍ਵਰਜ, ਗੁਣ ਖਸ਼ਟ ਉਚਾਰ॥ ੨੪॥**
**ਜੀਵਨ ਮਹਿਂ ਇਨ ਕੋ ਕਿਤ ਅੰਸ਼। ਈਸ਼ਰ ਬਿਖੈ ਖਸ਼ਟ ਸਰਬੰਸ।**
**ਯਾਂ ਤੇ ਸ੍ਰਿਸ਼ਟਿ ਉਪਾਵਨਿ ਪਾਰਿਨ। ਨਾਸ਼ਨ ਕਰਨਿ ਈਸ਼ ਤ੍ਰੈ ਕਾਰਨ॥ ੨੫॥**

**ਅਰਥ** - ਲੱਛਮੀ, ਗਿਆਨ, ਵੈਰਾਗ, ਉਦਾਰਪਨ, ਜਸ, ਐਸ਼ਵਰਜ ਇਹ ਛੇ

ਗੁਣ ਈਸ਼ਰ ਦੇ ਹਨ। ਜੀਵ ਵਿੱਚ ਤਾਂ ਕਿਤੇ ਕਿਤੇ ਕੋਈ ਅੰਸ਼ ਹੁੰਦੀ ਹੈ। ਈਸ਼ਰ ਵਿੱਚ ਛੇ ਹੀ ਹੁੰਦੀਆਂ ਹਨ। ਇਸ ਕਰਕੇ ਸ੍ਰਿਸ਼ਟ ਪੈਦਾ ਕਰਨ, ਪਾਲਨ ਤੇ ਨਾਸ਼ ਕਰਨ ; ਤਿੰਨ ਦਾ ਕਾਰਨ ਈਸ਼ਰ ਹੈ।

**ਭਾਵਾਰਥ** - ਈਸ਼ਰ ਦਾ ਭਗਵਾਨ ਰੂਪ ਛੇ-ਗੁਣਾਂ ਕਰਕੇ ਹੈ। "ਈਸ਼ਰ ਕੇ ਖਟ ਗੁਣ ਕੋ ਜਾਨ॥ ਜਾਂਤੇ ਕਹਿਯਤ ਹੈ ਭਗਵਾਨ॥ ਜਸ ਐਸ਼ਵਰਯ ਵਿਰਾਗ ਉਦਾਰ॥ ਲਛਮੀ ਗਯਾਨ ਸੁ ਪੂਰਨ ਧਾਰ॥" ਛੇ ਗੁਣ ਸ੍ਰਿਸ਼ਟੀ ਦੇ ਅਧਿਕਤਰ ਪਦਾਰਥਿਕ ਰੂਪ ਕਰਕੇ ਹਨ। ਇਹਨਾਂ ਦੀ ਵਿਆਖਿਆ ਨੂੰ ਵੇਖਣ ਲਈ ਮਹਾਨਕੋਸ਼ ਵੇਖ ਸਕਦੇ ਹੋ। ਛੇ-ਗੁਣ ਈਸ਼ਰ ਵਿਖੇ ਪੂਰਨ ਤੌਰ 'ਤੇ ਸਥਾਪਿਤ ਰਹਿੰਦੇ ਹਨ। ਪਰ ਜੀਵਾਂ ਵਿੱਚ ਇਸ ਦੀ ਕੋਈ ਕਿਤੇ ਥੋੜੀ-ਬਹੁਤ ਅੰਸ਼ ਰਹਿੰਦੀ ਹੈ। ਇਸ ਕਰਕੇ ਸ੍ਰਿਸ਼ਟੀ ਦਾ ਪੈਦਾ ਕਰਨਾ, ਪਾਲਨਾ ਅਤੇ ਨਾਸ਼ ਕਰਨਾ; ਤਿੰਨੇ ਕਾਰਨ ਈਸ਼ਰ ਦੇ ਪਾਸ ਹਨ। ਧਿਆਨ ਰਹੇ!!! ਜਿਸ ਅਵਸਥਾ ਦੀ ਵੀਚਾਰ ਇੱਥੇ ਚੱਲਦੀ ਹੈ, ਇਹ ਗਿਆਨ ਜਾਂ ਧਿਆਨ ਨਿਸ਼ਠ ਪੁਰਖ ਹੀ ਸਮਝ ਹਾਸਿਲ ਕਰ ਸਕਦਾ ਹੈ; ਆਮ ਬੌਧਿਕਤਾ ਕੋਲ ਇਸ ਦੀ ਸਮਝ ਹਾਸਿਲ ਕਰਨ ਦੀ ਸਮਰੱਥਾ ਨਹੀਂ। 'ਤਨ-ਮਨ-ਪ੍ਰਾਣ' ਦੀ ਇੱਕਸੁਰਤਾ ਅਤੇ ਲੰਮੇਰਾ ਸਮਾਂ ਜਿਉਣ ਲਈ 'ਖੁਸ਼ਕ, ਜਲ ਜਾਂ ਦੋਨੋਂ ਤਰ੍ਹਾਂ' ਦਾ ਸਥਾਨ ਪੈਦਾ ਕਰਨਾ ਈਸ਼ਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਖੁਸ਼ਕ ਥਾਂ ਤੇ ਰਹਿਣ ਵਾਲੇ ਜੀਵ ਪਾਣੀ ਵਿੱਚ ਜੀਵਨ ਨਹੀਂ ਜਿਉਂ ਸਕਦੇ। ਪਾਣੀ ਵਿੱਚ ਰਹਿਣ ਵਾਲੇ ਖੁਸ਼ਕ ਥਾਂ ਤੇ ਨਹੀਂ ਰਹਿ ਸਕਦੇ। ਕੁੱਝ ਜੀਵ ਐਸ਼ੇ ਹਨ, ਜਿਹੜੇ ਪਾਣੀ ਜਾਂ ਖੁਸ਼ਕ ਦੋਨਾਂ ਥਾਵਾਂ ਤੇ ਰਹਿ ਸਕਦੇ ਹਨ। ਸਾਰੀ ਸ੍ਰਿਸ਼ਟੀ ਪੰਜ-ਤੱਤਾਂ ਤੋਂ ਹੀ ਬਣਦੀ ਹੈ, ਪਰ ਪ੍ਰਵਿਰਤੀ ਤਿੰਨ ਤਰ੍ਹਾਂ ਦੀ ਬਣ ਜਾਂਦੀ ਹੈ। ਇਹ ਈਸ਼ਰ ਦਾ ਅਧਿਕਾਰ ਖੇਤਰ ਹੈ। ਇਸ ਤੋਂ ਆਦਿ ਬਹੁਤ ਸਾਰੇ ਸਰਬੱਗਤਾ ਦੇ ਕਾਰਣ ਹਨ, ਜਿਹਨਾਂ ਕਰਕੇ ਈਸ਼ਰ ਨੂੰ ਖਟ-ਭਗਾ ਸੰਪੰਨ ਕਿਹਾ ਹੈ।

**ਜੀਵ ਪ੍ਰਤੰਤ੍ਰ ਦੁਖੀ ਗੁਣ ਹੀਨ। ਕਿਮ ਦੋਇਨਿ ਕੀ ਇਕਤਾ ਲੀਨਿ।**
**ਵਾਚਯ ਵਿਖੈ ਇਕਤਾ ਨਹਿੰ ਜੋਇ। ਲਖਣਾ ਕਰੇ ਲਖਯ ਮੈਂ ਹੋਇ॥ ੨੬॥**
**ਦੁਖੀ, ਪ੍ਰਤੰਤ, ਅਲਪਤਾ, ਜੀਵ। ਤੀਨੋ ਤਜਿ ਪਾਛੈ ਜੋ ਥੀਵ।**
**ਸਰਬਗਤਾ, ਖਟ ਗੁਣ, ਸੁਖ ਈਸ਼। ਤੀਨੋ ਤਜਿ ਪਸ਼ਚਾਤਿ ਰਹੀਸ॥ ੨੭॥**
**ਸੱਚਿਦਾਨੰਦ ਦੁਹਨਿ ਮਹਿੰ ਰਹਯੋ। ਯਾਂਤੇ ਇਕਤਾ ਦੋਨਹੁੰ ਲਹਯੋ।**

**ਅਰਥ** - ਜੀਵ ਪ੍ਰਤੰਤ੍ਰ, ਦੁਖੀ ਤੇ ਗੁਣਾਂ ਤੋਂ ਰਹਿਤ ਹੈ। ਦੋਨਾਂ ਦੀ ਏਕਤਾ ਕਿਵੇਂ ਗ੍ਰਹਿਣ ਕੀਤੀ ਜਾਏ। ਵਾਚਯ ਵਿੱਚ ਏਕਤਾ ਸੰਭਵ ਨਹੀਂ ਹੈ। ਲਕਸ਼ਣਾ ਕਰਨ ਨਾਲ ਲਕਸ਼ ਵਿੱਚ ਹੋ ਜਾਂਦੀ ਹੈ। ਦੁਖੀ, ਪ੍ਰਤੰਤ੍ਰਤਾ ਤੇ ਅਲਪਤਾ ਆਦਿ ਤਿੰਨਾਂ ਨੂੰ ਛੱਡ ਕੇ ਪਿੱਛੇ ਜੋ ਬਾਕੀ ਰਹਿੰਦਾ ਹੈ। ਸਰਬੱਗਤਾ, ਛੇ-ਗੁਣ ਈਸ਼ਰ ਦੇ ਤਿੰਨੇ ਗੁਣ ਛੱਡ ਕੇ ਜੋ ਪਿੱਛੇ ਰਹਿ ਜਾਂਦਾ ਹੈ। ਸਤ-ਚਿਤ-ਅਨੰਦ ਦੋਨਾਂ ਵਿੱਚ ਹੀ ਹੁੰਦਾ ਹੈ, ਇਸ ਕਰਕੇ ਦੋਨਾਂ ਦੀ ਏਕਤਾ ਜਾਣੀ ਜਾਂਦੀ ਹੈ।

**ਭਾਵਾਰਥ** - ਇੱਥੇ ਆ ਕੇ ਭਾਗ-ਤਿਆਗ ਲੱਕਸ਼ਣਾ ਦਾ ਸਰੂਪ ਪੂਰਨ ਹੁੰਦਾ ਹੈ। "ਦਾਰਸ਼ਨਿਕ ਸ਼ਬਦਾਂ ਵਿੱਚ ਭਾਗ-ਤਿਆਗ ਲਕਸ਼ਣਾ ਨੂੰ ਸਮਝਣ ਲਈ:- 'ਉਹ ਇਹ ਹੈ' ਅਤੀਤ ਕਾਲ ਵਿੱਚ ਹੋਰ ਦੇਸ਼ ਵਿੱਚ ਸਥਿਤ ਵਸਤੂ ਲਈ 'ਉਹ' ਕਹਿੰਦੇ ਹਨ। 'ਅਤੀਤ ਕਾਲ ਸਹਿਤ ਅਨਯ ਦੇਸ਼ ਸਹਿਤ ਵਸਤੂ' 'ਉਹ' ਦਾ ਵਾਚਯ ਅਰਥ ਹੈ। ਸਾਹਮਣੇ ਖੜ੍ਹਾ ਸਰੀਰ ਲਕਸ਼ ਅਰਥ ਹੈ। ਵਰਤਮਾਨ ਕਾਲ ਸਮੀਪ ਦੇਸ਼ ਵਿੱਚ ਸਥਿਤ ਵਸਤੂ ਨੂੰ 'ਇਹ' ਕਹਿੰਦੇ ਹਨ। ਵਰਤਮਾਨ ਕਾਲ ਸਹਿਤ ਅਤੇ ਸਮੀਪ ਦੇਸ਼ ਸਹਿਤ ਵਸਤੂ 'ਇਹ' ਦਾ ਵਾਚਯ ਅਰਥ ਹੈ। ਸਾਹਮਣੇ ਖੜ੍ਹਾ ਸਰੀਰ ਲਕਸ਼ ਅਰਥ ਹੈ। ਮਨੁੱਖੀ ਸਰੀਰ ਯਥਾਰਥ ਏਕਤਾ ਹੈ।-ਵੀਚਾਰਸਾਗਰ" ਜੀਵ ਦਾ " 'ਪ੍ਰਤੰਤ੍ਰ, ਦੁਖੀ ਤੇ ਗੁਣਾਂ ਤੋਂ ਰਹਿਤ' ਅਤੇ ਚੇਤਨ" ਵਾਚਯ ਅਰਥ ਹੈ। ਈਸ਼ਰ ਦਾ " 'ਸਰਬੱਗਤਾ, ਜਸ ਆਦਿ ਛੇ ਗੁਣ' ਅਤੇ ਚੇਤਨ" ਵਾਚਯ ਅਰਥ ਹੈ। 'ਚੇਤਨ' ਦੋਨਾਂ ਵਿੱਚ ਲਕਸ਼ ਅਰਥ ਹੈ। ਇਹ ਭਾਗ-ਤਿਆਗ ਲਕਸ਼ਣਾ ਦਾ ਰੂਪ ਹੈ।

**ਜਥਾ ਅਗਨਿ ਕੇ ਗੁਨ ਹੈ ਤੀਨ। ਦਾਹਕ, ਉਸ਼ਨ, ਪ੍ਰਕਾਸ਼ਕ, ਚੀਨ॥ ੨੮॥**
**ਤਿਸੀ ਅਗਨਿ ਕੇ ਤੀਨਹੁੰ ਰੂਪ। ਬਨ ਦੌਂ, ਦੀਪ, ਮਸਾਲ ਅਨੂਪ।**
**ਤ੍ਰੈ ਗੁਣ ਤੀਨਹੁੰ ਰੂਪ ਮਝਾਰ। ਈਸ਼ ਜੀਵ ਤਿਮ ਬ੍ਰਹਮ ਬਿਚਾਰ॥ ੨੯॥**

**ਅਰਥ** - ਜਿਵੇਂ ਅਗਨ ਦੇ ਤਿੰਨ ਗੁਣ ਹਨ; ਸਾੜਨਾ, ਗਰਮੀ ਦੇਣਾ ਤੇ ਚਾਨਣਾ ਕਰਨਾ। ਉਸੇ ਅੱਗ ਦੇ ਤਿੰਨੇ ਰੂਪ ਜੰਗਲ ਦੀ ਅੱਗ, ਦੀਵੇ ਦੀ ਲਾਟ ਅਤੇ ਮਸ਼ਾਲ ਦੀ ਲਾਟ ਤਿੰਨੇ ਗੁਣ ਤਿੰਨੇ ਰੂਪਾਂ ਵਿੱਚ ਹਨ। ਇਸੇ ਪ੍ਰਕਾਰ ਜੀਵ ਤੇ ਈਸ਼ ਅਤੇ ਬ੍ਰਹਮ ਦੀ ਵੀਚਾਰ ਕਰ।

**ਭਾਵਾਰਥ** - ਅੱਗ ਦੀ ਉਦਾਹਰਣ ਦੁਆਰਾ ਤਿੰਨ ਗੁਣ ਪੇਸ਼ ਕਰਕੇ ਕਾਦਰ ਦੇ ਪਰਉਪਕਾਰੀ ਰੂਪ ਨੂੰ ਪੇਸ਼ ਕਰਦੇ ਹਨ। ਕਾਦਰ ਕੁਦਰਤਿ ਵਿੱਚ ਮਿਲਿਆ ਹੋਇਆ ਹੈ; ਜਿਵੇਂ ਖੋਜੀ ਆਪਣੀ ਖੋਜ ਵਿੱਚ ਇੱਕਸੁਰ ਹੁੰਦਾ ਹੈ। ਇਹੀ ਕਾਰਣ ਹੈ; ਖੋਜ ਕਰਨ ਵਾਲੇ ਖੋਜੀ ਦੇ ਨਾਮ ਨਾਲ ਹੀ ਖੋਜ ਪੁਕਾਰੀ ਜਾਣ ਲਗ ਪੈਂਦੀ ਹੈ। ਡੀਜਲ

ਨਾਮ ਦੇ ਖੋਜੀ ਨੇ ਈਂਧਨ ਦੀ ਖੋਜ ਕੀਤੀ ਅਤੇ ਡੀਜਲ ਦੇ ਨਾਮ ਨਾਲ ਹੀ ਅੱਜ ਦੁਨੀਆਂ ਪੁਕਾਰਦੀ ਹੈ। ਅੱਗ ਸਾੜਦੀ ਹੈ; ਜਿਵੇਂ ਜੰਗਲ ਦੀ ਅੱਗ ਜਦੋਂ ਸ਼ੁਰੂ ਹੋ ਜਾਏ ਉਹ ਜੰਗਲ ਅਤੇ ਆਸ-ਪਾਸ ਸਾੜਨਾ ਹੀ ਸਥਾਪਿਤ ਕਰਦੀ ਹੈ; ਈਸ਼ਰ ਜੀਵਾਂ ਨੂੰ ਸਥਾਪਿਤ ਕਰਨ ਲਈ ਹੀ ਸਭ ਕੁੱਝ ਕਰਦਾ ਹੈ। ਅੱਗ ਦਾ ਦੂਜਾ ਗੁਣ ਗਰਮੀ ਦੇਣਾ ਹੈ; ਮਿਸ਼ਾਲ ਜਾਂ ਖਾਸ-ਢੰਗ ਨਾਲ ਜਲ੍ਹਾਈ ਅੱਗ ਠੰਡ ਦੂਰ ਕਰਨ ਲਈ ਗਰਮਾਇਸ਼ ਦਿੰਦੀ ਹੈ। ਇਵੇਂ ਬ੍ਰਹਮ ਸਾਰੇ ਬ੍ਰਹਮੰਡ ਨੂੰ ਇੱਕਸੁਰਤਾ ਰੂਪ ਗਰਮਾਇਸ਼ ਦਿੰਦਾ ਹੈ। ਜਿਸ ਕਰਕੇ ਜੀਵ ਤੇ ਈਸ਼ਰ ਕਰਮਸ਼ੀਲ ਰਹਿੰਦੇ ਹਨ। ਤੀਜਾ ਅੱਗ ਦਾ ਗੁਣ ਪ੍ਰਕਾਸ਼; ਦੀਵਾ ਪ੍ਰਕਾਸ਼ ਕਰਕੇ ਹਨੇਰੇ ਨੂੰ ਦੂਰ ਕਰਦਾ ਹੈ। ਇਵੇਂ ਜੀਵ 'ਦਯਾ ਆਦਿ' ਗੁਣਾਂ ਦਾ ਪ੍ਰਕਾਸ਼ ਕਰਨ ਦੀ ਸਮਰੱਥਾ ਰਖਦਾ ਹੈ। ਰੱਬ ਦੇ ਦਯਾਦਿ ਗੁਣ ਜੀਵ ਦੁਆਰਾ ਹੀ ਪ੍ਰਸਾਰਿਤ ਹੁੰਦੇ ਹਨ। ਇਸਨੂੰ ਕੁਦਰਤੀ ਚੱਕਰ ਕਿਹਾ ਜਾਂਦਾ ਹੈ। ਕਾਦਰ ਦਾ ਸਾਕਾਰ ਰੂਪ ਕੁਦਰਤਿ ਵਿੱਚੋਂ ਹੀ ਨਜ਼ਰ ਆਉਂਦਾ ਹੈ।

**ਇਕ ਅਕਾਸ਼ ਤ੍ਰੈ ਭੇਦ ਬਨਾਏ। 'ਘਟ ਮਟ' 'ਮਹਾਂਕਾਸ਼' ਦ੍ਰਿਸ਼ਟਾਏ।**
**ਛੋਟੇ ਬਡ ਉਪਾਧਿ ਤੇ ਹੋਇ। ਨਾਸ਼ ਉਪਾਧਿ ਏਕ ਹੀ ਸੋਇ॥ ੩੦॥**

**ਅਰਥ** - ਇਕ ਅਕਾਸ਼ ਦੇ ਤਿੰਨ ਭੇਦ ਬਣਾਏ ਹਨ। ਘਟਾਕਾਸ਼, ਮਟਾਕਾਸ਼ ਅਤੇ ਮਹਾਂਕਾਸ਼ ਨਜ਼ਰ ਆਉਂਦੇ ਹਨ। ਛੋਟੇ ਬਡੇ ਉਪਾਧੀ ਕਰਕੇ ਹੁੰਦੇ ਹਨ। ਉਪਾਧੀ ਦੇ ਨਾਸ਼ ਹੋਣ ਕਰਕੇ ਇੱਕ ਹੀ ਹਨ।

**ਭਾਵਾਰਥ** - ਜੀਵ, ਈਸ਼ਰ ਤੇ ਬ੍ਰਹਮ ਤਿੰਨੋਂ ਭੇਦ ਇੱਕ ਦੂਜੇ ਦੇ ਪੂਰਕ ਹਨ; ਵੱਖੋ-ਵੱਖ ਕਰਕੇ ਵੇਖੇ ਨਹੀਂ ਜਾ ਸਕਦੇ ਅਤੇ ਨਾ ਹੀ ਸਮਝੇ ਜਾ ਸਕਦੇ ਹਨ। ਹੋਰ ਉਦਾਹਰਣ ਦੇ ਕੇ ਸਮਝਾਂਉਂਦੇ ਹਨ; ਵਿਆਪਕ ਅਕਾਸ਼ ਇੱਕ ਹੀ ਹੈ। ਗੌਰਤਲਬ ਦਰਸ਼ਨ ਸ਼ਾਸਤ੍ਰਾਂ ਦਾ ਅਕਾਸ਼ ਪ੍ਰਤੀ ਨਜ਼ਰੀਆ ਵੱਖੋ-ਵੱਖ ਹੈ। ਵੇਦਾਂਤ ਵਿੱਚ ਅਕਾਸ਼ ਨੂੰ ਵਿਆਪਕ ਸਮਝਿਆ ਜਾਂਦਾ ਹੈ। ਅਕਾਸ਼ ਦੇ ਰੂਪ ਵੱਖੋ-ਵੱਖ ਨਾਮਾਂ ਅਤੇ ਅਕਾਰਾਂ ਕਰਕੇ ਵੱਖ-ਵੱਖ ਹਨ। ਘੜੇ ਵਿਚਲੇ ਅਕਾਸ਼ ਨੂੰ ਘਟਾਕਾਸ਼ ਅਤੇ ਮਠ ਵਿਚਲੇ ਅਕਾਸ਼ ਨੂੰ ਮਠਾਕਾਸ਼ ਅਤੇ ਸਾਰੇ ਅਕਾਸ਼ ਨੂੰ ਮਹਾਂਕਾਸ਼ ਕਿਹਾ ਜਾਂਦਾ ਹੈ। ਘਟਾਕਾਸ਼ ਸਭ ਤੋਂ ਛੋਟਾ ਹੈ; ਮਠਾਕਾਸ਼ ਉਸਤੋਂ ਵੱਡਾ ਹੈ; ਮਹਾਂਕਾਸ਼ ਦਾ ਅੰਤ ਕੋਈ ਨਹੀਂ। ਛੋਟਾਪਣ ਜਾਂ ਵੱਡਾ ਪਣ ਦੀ ਉਪਾਧੀ ਨੂੰ ਤਿਆਗ ਦਿੱਤਾ ਜਾਏ ਤਾਂ ਕੇਵਲ ਅਕਾਸ਼ ਹੀ ਬਾਕੀ ਰਹਿ ਜਾਂਦਾ ਹੈ। ਜੀਵ, ਈਸ਼ਰ ਤੇ ਬ੍ਰਹਮ ਵਿੱਚ ਉਪਾਧੀ ਭੇਦ ਨੂੰ ਤਿਆਗ ਦਿੱਤਾ ਜਾਏ; ਬਾਕੀ ਕੇਵਲ ਚੇਤਨ ਰਹਿ ਜਾਂਦਾ ਹੈ। ਜੀਵਪਨੇ ਦੀ ਜਾਂ ਈਸ਼ਰਪਣੇ



ਦੀ ਵਸ਼ਿਸਟਤਾ ਉਪਾਧੀ ਉਦੋਂ ਬਣਦੀ ਹੈ। ਜਦੋਂ ਬ੍ਰਿਤੀ 'ਵਸ਼ਿਸਟਤਾ ਵਿੱਚ' ਦੋਸ਼ ਮਹਿਸੂਸ ਕਰਨ ਲਗ ਜਾਏ। 'ਮੁਕਟ ਵਾਲਾ ਪਰੁਖ ਸੁੱਤਾ ਪਿਆ ਹੈ।' ਮੁਕਟ ਵਿਸ਼ੇਸਣ ਹੈ, ਪੁਰਖ ਵਿਸ਼ੇਸ਼ਯ ਹੈ। 'ਮੁਕਟ ਵਿਸ਼ਸਟ ਸੁੱਤਾ ਪਿਆ ਹੈ।' ਅੰਤਹਕਰਣ ਵਸ਼ਿਸਟ ਚੇਤਨ ਪ੍ਰਮਾਤਾ ਹੈ; ਅੰਤਹਕਰਣ ਉਪਹਿਤ ਚੇਤਨ ਸਾਕਸ਼ੀ ਹੈ।(ਵਿਸਥਾਰ ਲਈ ਵੀਚਾਰਸਾਗਰ ਦੇਖੋ) ਜਦੋਂ ਜੀਵ ਨੇ ਆਪਣੇ ਸਵਾਰਥ ਨੂੰ ਕਿਰਿਆਵਾਂ ਵਿੱਚੋਂ ਦੂਰ ਕਰ ਲਿਆ, ਤਦੋਂ ਅੰਤਹਕਰਣ ਉਪਾਧੀ ਰੂਪ ਵਿੱਚ ਪ੍ਰਤੀਤ ਹੋਣ ਲਗ ਜਾਂਦਾ ਹੈ।

**ਇਮ ਸਾਖਯਾਤਕਾਰ ਮੈਂ ਏਕ। ਰਹੈ ਨ ਭਾਵਾਭਾਵ ਬਿਬੇਕ।**
**'ਤਤ੍ਵੰਮਸੀ' 'ਅਹੰਬ੍ਰਹਮਾਸਮਿ'। ਇਕ ਰਸ ਬ੍ਰਿੱਤਿ ਨ ਉਥਤੈ ਭਰਮ॥ ੩੧॥**
**ਸ਼੍ਰੋਤ੍ਰੀ ਬ੍ਰਹਮ ਨਿਸ਼ਠੀ ਤੇ ਗਯਾਨ। ਪਾਇ ਮਮੋਖੂ ਬੰਧਨ ਹਾਨ।**

**ਅਰਥ** - ਇਉਂ ਸਾਖਯਾਤਕਾਰ ਵਿੱਚ ਇੱਕ ਹੀ ਰਹਿੰਦਾ ਹੈ; ਭਾਵ-ਅਭਾਵ ਦੀ ਵੀਚਾਰ ਨਹੀਂ ਰਹਿੰਦੀ। 'ਤਤ-ਤਵ-ਅਸੀ' ਤੇ ਅਹੰ-ਬ੍ਰਹਮ-ਅਸਮੀ' ਬ੍ਰਿਤੀ ਇੱਕ-ਰਸ ਰਹਿੰਦੀ ਹੈ, ਕਦੇ ਵੀ ਭਰਮ ਪੈਦਾ ਨਹੀਂ ਹੁੰਦਾ। ਬ੍ਰਹਮ-ਸ਼੍ਰੋਤ੍ਰੀ ਤੇ ਬ੍ਰਹਮ-ਨਿਸ਼ਠ ਤੋਂ ਗਿਆਨ ਪ੍ਰਾਪਤ ਕਰਕੇ ਜਗਿਆਸੂ ਦੇ ਬੰਧਨ ਨਸ਼ਟ ਹੋ ਜਾਂਦੇ ਹਨ।

**ਭਾਵਾਰਥ** - ਉਪਰੋਕਤ ਵੀਚਾਰ ਦੀ ਪ੍ਰਪੱਕਤਾ ਉਪਰੰਤ ਸਾਖਿਆਤਕਾਰਤਾ ਵਿੱਚ ਕੇਵਲ ਏਕਤਾ ਹੀ ਅਨਭਵ ਹੁੰਦੀ ਹੈ। ਇਸ ਅਵਸਥਾ ਵਿੱਚ ਭਾਵ-ਅਭਾਵ ਨਹੀਂ ਰਹਿੰਦਾ; ਗੌਰਤਲਬ!! ਜੇ ਅਭਾਵ ਹੋਇਆ ਤਾਂ ਭਾਵ ਮਹਿਸੂਸ ਹੁੰਦਾ ਹੈ; ਜਾਂ ਜੇ ਭਾਵ ਹੋਵੇ ਤਾਂ ਅਭਾਵ ਮਹਿਸੂਸ ਹੁੰਦਾ ਹੈ। ਮਸਲਨ, ਅਸੀ ਸਕੂਟਰ ਕਿਸੇ ਥਾਂ ਤੇ ਖੜਾ ਕੀਤਾ; ਜਦੋਂ ਵਾਪਸ ਆਏ, ਤਾਂ ਸਕੂਟਰ ਨਾ ਵੇਖ ਕੇ ਕਿਹਾ 'ਮੇਰਾ ਸਕੂਟਰ ਕਿੱਥੇ ਗਿਆ?' ਇਸ ਪ੍ਰਕਰਣ ਵਿੱਚ ਸਕੂਟਰ ਦਾ ਭਾਵ ਅਤੇ ਅਭਾਵ ਦੋਨੋਂ ਹੀ ਹਨ। ਕਿਉਂਕਿ ਭਾਵ ਹੈ ਤਾਂ ਅਭਾਵ ਭੀ ਹੋਵੇਗਾ। ਕੁਦਰਤਿ ਵਿੱਚ ਦੋ ਦੀ ਗਿਣਤੀ ਰਹੇਗੀ । 'ਈਸ਼ਰ ਜੀਵ ਹੈ' ਜਾਂ " 'ਮੈਂ ਬ੍ਰਹਮ ਹਾਂ'- ਭਾਵ 'ਜੀਵ ਈਸ਼ਰ ਹੈ' " ਮਹਾਵਾਕਾਂ ਵਿੱਚ ਏਕਤਾ ਹੀ ਪ੍ਰਧਾਨ ਹੈ; ਭਾਵ-ਅਭਾਵ ਵਾਲੀ ਪ੍ਰਵਿਰਤੀ ਨਹੀਂ। ਇਹ ਵੀਚਾਰ ਗੁਰੂ ਸਿੱਖ ਦੇ ਅਭਿਆਸ ਖੇਤਰ ਵਿੱਚੋਂ ਹੀ ਪ੍ਰਪੱਕ ਹੋ ਸਕਦੇ ਹਨ, ਕੋਈ ਹੋਰ ਚਾਰਾ ਨਹੀਂ। ਇੱਥੇ ਆ ਕੇ ਲਿਖੇ ਜਾਣ ਵਾਲੇ ਅੱਖਰ ਵਸਤਵਿਕ ਵਿਆਖਿਆ ਨੂੰ ਰੂਪਵਾਨ ਕਰਨ ਵਿੱਚ ਅਸਮਰੱਥ ਨਜ਼ਰ ਆਉਣਗੇ। ਕਿਉਂਕਿ ਅਭਿਆਸੀ ਗੁਰਮੁਖ ਪਿਆਰਿਆਂ ਦਾ ਨਜ਼ਰੀਆ ਹੋਰ ਹੋਵੇਗਾ ਅਤੇ ਕੇਵਲ ਗ੍ਰੰਥਾਂਕਾਰ ਬ੍ਰਿਤੀ ਵਾਲੇ ਲੋਕਾਂ ਦਾ ਵੀਚਾਰ ਹੋਰ ਹੋਵੇਗਾ। ਨਾਮ-ਅਭਿਆਸੀ ਗੁਰਮੁਖ ਆਪਣੀ

ਬ੍ਰਿਤੀ ਨੂੰ ਗੁਰੂ ਮੁੱਖ ਦੁਆਰਾ ਸਿਧਾਂਤਕ ਵੀਚਾਰਧਾਰਾ ਨਾਲ ਇੱਕ-ਰੂਪ ਬਣਾ ਲੈਂਦਾ ਹੈ। ਬ੍ਰਹਮ-ਸ੍ਰੋਤ੍ਰੀ ਤੇ ਬ੍ਰਹਮ-ਨਿਸ਼ਠ ਗੁਰੂ 'ਅਭਿਆਸੀ ਜਗਿਆਸੂ' ਨੂੰ ਬ੍ਰਿਤੀ ਦੀ ਏਕ-ਰੂਪਤਾ ਸਮਝਾ ਦਿੰਦੇ ਹਨ। ਕਿਉਂਕਿ ਉਹਨਾਂ ਲਈ ਨਾ ਕੋਈ ਵੈਰੀ ਅਤੇ ਨਾ ਕੋਈ ਬੇਗਾਨਾ ਹੁੰਦਾ ਹੈ। ਜਗਿਆਸੂ ਭੀ ਇਹੀ ਬ੍ਰਹਮ ਨੂੰ ਸੁਣਕੇ ਅਤੇ ਬ੍ਰਹਮ ਦੇ ਅਭਿਆਸ ਨੂੰ ਪਕਾਉਂਦਾ ਹੈ। ਦੁੱਖਾਂ ਤੇ ਬਿਪਤਾਵਾਂ ਤੋਂ ਛੁਟਕਾਰਾ ਪਾ ਲੈਂਦਾ ਹੈ।

**ਜੋ ਕਾਚੇ ਗੁਰ ਤੇ ਲਹਿ ਕੋਇ। ਕਿਧੌਂ ਗ੍ਰੰਥ ਪਠਿ ਆਪੇ ਹੋਇ॥ ੩੨॥**

**ਤਿਨ ਕੀ ਗਤਿ ਸ਼੍ਰੀ ਨਾਨਕ ਕਹੀ। ਅਹੰਬ੍ਰਹਮਾਸਮਿ ਬੋਲੇ ਸਹੀ।**

**ਗ੍ਯਾਨਵਾਨ ਕੀ ਬਨੈ ਨ ਰੀਸ। ਹੁਇ ਕੂੜਨਿ ਕੀ ਕੂਰੀ ਠੀਸ॥ ੩੩॥**

**ਅਰਥ** - ਜੇ ਕੋਈ ਕੱਚੇ ਗੁਰੂ ਤੋਂ ਕੋਈ ਕੁੱਝ ਗਿਆਨ ਪ੍ਰਾਪਤ ਕਰ ਲਵੇ; ਜਾਂ ਆਪ ਹੀ ਗ੍ਰੰਥ ਪੜ੍ਹ ਕੇ ਪ੍ਰਾਪਤ ਕਰ ਲਵੇ। ਉਹਨਾਂ ਦੇ ਹਾਲਤ ਨੂੰ ਗੁਰੂ ਸਾਹਿਬ ਜੀ ਨੇ ਕਥਨ ਕੀਤਾ ਹੈ। ਉਹ 'ਅਹੰ-ਬ੍ਰਹਮ-ਅਸਮੀ' ਤਾਂ ਬਿਲਕੁਲ ਠੀਕ ਕਹਿੰਦਾ ਹੈ; ਪਰ ਗਿਆਨਵਾਨ ਦੀ ਰੀਸ ਨਹੀਂ ਕਰ ਸਕਦਾ। ਝੂਠਿਆਂ ਦੀ ਝੂਠੀ ਹੀ ਸ਼ੇਖੀ ਹੈ।

**ਭਾਵਾਰਥ** - ਪ੍ਰਪੱਕਤਾ ਵਾਲੇ ਜੀਵਨ ਤੋਂ ਬਿਨਾਂ ਕਈ ਵਖਾਵੇ ਨੂੰ ਮੁੱਖ ਮੰਨ ਕੇ ਆਪਣੀ ਰੋਜ਼ੀ-ਰੋਟੀ ਦਾ ਸਾਧਨ ਬਣਾ ਲੈਂਦੇ ਹਨ। ਗੁਰੂ ਬਣਨਾ ਕੀ ਔਖਾ ਹੈ? ਜੋ ਮੂੰਹ ਆਇਆ ਬੋਲੀ ਜਾਓ! ਪਰ ਉਹ ਭੁੱਲ ਜਾਂਦੇ ਹਨ, ਮੂੰਹ ਆਇਆ ਬੋਲਿਆਂ ਬੋਲ ਤੇ ਫਿੱਕਾ ਹੋ ਸਕਦਾ ਹੈ; ਪਰ ਕਿਸੇ ਦਾ ਸੰਵਾਰਿਆ ਕੁੱਝ ਨਹੀਂ ਜਾਣਾ। ਐਹੋ-ਜਿਹੇ ਕੱਚੇ ਗੁਰੂ ਬਹੁਤ ਫਿਰਦੇ ਹਨ, ਜਿਹੜੇ ਨਾ ਆਪਣਾ ਕੁੱਝ ਸੰਵਾਰ ਸਕਦੇ ਹਨ। ਨਾ ਹੀ ਕਿਸੇ ਦੂਜੇ ਦਾ ਸੰਵਾਰ ਸਕਦੇ ਹਨ। ਕੱਚੇ ਗੁਰੂਆਂ ਤੋਂ ਗਿਆਨ ਜਾਂ ਆਪ ਹੀ ਦੋ-ਚਾਰ ਗ੍ਰੰਥ ਪੜ੍ਹ ਕੇ ਵਹਿਮ ਪਾਲਣ ਵਾਲੇ ਨੂੰ ਅਹੰ-ਬ੍ਰਹਮ-ਅਸਮਿ ਗਿਆਨ ਜਿੰਦਗੀ ਦੀ ਤਰੱਕੀ ਦਾ ਰਾਹ ਨਹੀਂ ਸਗੋਂ ਗਿਆਨਵਾਨਾਂ ਦੀ ਰੀਸ ਕਰਨ ਤੋਂ ਮਿਲਣ ਵਾਲੀ ਨਿਰਾਸ਼ਾ ਹੀ ਹੁੰਦੀ ਹੈ। ਜੋ ਆਪ ਅੰਗਰੇਜ਼ੀ ਪੜ੍ਹਿਆਂ ਹੀ ਨਹੀਂ ਉਹ ਕਿਸੇ ਨੂੰ ਕਿਵੇਂ ਪੜ੍ਹਾ ਸਕਦਾ ਹੈ? ਜਿਸ ਨੇ ਆਪਣੇ (ਜੀਵ) ਰੂਪ ਅਤੇ ਈਸ਼ਰ (ਕੁਦਰਤੀ) ਸਰੂਪ ਨੂੰ ਨਹੀਂ ਸਮਝਿਆਂ ਉਸਨੂੰ ਬ੍ਰਹਮ ਦੀ ਏਕਤਾ ਬਾਰੇ ਕੀ ਪਤਾ ਲੱਗੇਗਾ। ਆਤਮਾ-ਪਰਮਾਤਮਾ ਇਕੋ ਹਨ; ਗੱਲਾਂ ਦਾ ਪ੍ਰਸ਼ਾਦ ਬਣਾਇਆਂ ਬ੍ਰਹਮ ਦੀ ਸਮਝ ਨਹੀਂ ਆ ਸਕਦੀ। ਬ੍ਰਹਮ ਦੀਆਂ ਗੱਲਾਂ ਕਰਨ ਵਾਲੇ ਸ਼ੇਖ ਚਿੱਲੀ ਦੀਆਂ ਸ਼ੇਖੀਆਂ ਤੋਂ ਵੱਧ ਕੇ ਕੁੱਝ ਵੀ ਨਹੀਂ।

**ਸ੍ਰੀ ਮੁਖਵਾਕ:** *ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*



*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*

*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*

*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥*

**ਅਰਥ** - ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਜੋ ਮਨੁੱਖ ਗੁਰੂ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿੱਚ ਚਤੁਰ ਬਣੇ ਹੋਏ ਹਨ। ਉਹ ਇਉਂ ਹਨ, ਜਿਵੇਂ ਕਿਸੇ ਸੁੰਞੀ ਪੈਲੀ ਵਿੱਚ ਅੰਦਰੋਂ ਸੜੇ ਤਿਲ ਨਿਖਸਮੇ ਪਏ ਹੋਏ ਹਨ। ਬੇਸ਼ੱਕ ਆਖ ਕਿ ਪੈਲੀ ਵਿੱਚ ਨਿਖਸਮੇ ਪਏ ਹੋਏ ਉਹਨਾਂ ਤਿਲਾਂ ਦੇ ਸੌ ਖਸਮ ਹਨ। ਉਹ ਵਿਚਾਰੇ ਫੁੱਲਦੇ ਭੀ ਹਨ, ਭਾਵ ਉਹਨਾਂ ਨੂੰ ਫੁੱਲ ਭੀ ਲੱਗਦੇ ਹਨ, ਫਲਦੇ ਭੀ ਹਨ, ਫੇਰ ਭੀ ਉਹਨਾਂ ਦੇ ਤਨ ਵਿੱਚ ਸੁਆਹ ਹੀ ਹੁੰਦੀ ਹੈ।

**ਚੌਪਈ॥ ਪਢੇ ਗ੍ਰੰਥ ਬਨ ਬੈਠੇ ਗ੍ਯਾਨੀ। ਨਾਨਾ ਜੁਗਤਿਨਿ ਕਰਹਿਂ ਬਖਾਨੀ।**

**'ਅਹੰਬ੍ਰਹਮਾਸਮਿ' ਕਹੈਂ ਸੁਨਾਇ। ਤਨਹੰਤਾ ਨਹਿਂ ਛੁਟੀ ਬਲਾਇ॥ ੩੪॥**

**ਤਿਨ ਮਹਿਂ ਸਾਰ ਨ ਪੱਯਤਿ ਕੈਸੇ। ਭਸਮ ਬੂਆੜ ਤਿਲਨਿ ਮਹਿਂ ਜੈਸੇ।**

**ਅਰਥ** - ਗ੍ਰੰਥ ਪੜ੍ਹ ਕੇ ਗਿਆਨਵਾਨ ਹੋਣ ਦਾ ਭਰਮ ਪਾਲ ਲੇ ਬੈਠੇ ਹਨ। ਅਨੇਕ ਤਰ੍ਹਾਂ ਦੀਆਂ ਯੁਕਤੀਆਂ ਬੋਲਦੇ ਹਨ। ਲੋਕਾਂ ਤਾਂਈ 'ਅਹੰ-ਬ੍ਰਹਮ-ਅਸਮੀ' ਸੁਣਾ ਕੇ ਕਹਿੰਦੇ ਹਨ; ਦੇਹ-ਅਭਿਆਸ ਦੀ ਚੁੜੇਲ ਤੋਂ ਖਹਿੜਾ ਨਹੀਂ ਛੁੱਟਿਆ। ਉਸ ਵਿੱਚ ਸਾਰ-ਸੰਭਾਲ ਕਿਸੇ ਤਰ੍ਹਾਂ ਭੀ ਨਹੀਂ ਕੀਤੀ ਜਾਂਦੀ। ਜਿਵੇਂ ਖਾਲੀ ਤਿਲਾਂ ਦੀ ਕੋਈ ਪੁੱਛ ਪਰਤੀਤ ਨਹੀਂ ਹੁੰਦੀ।

**ਭਾਵਾਰਥ** - ਗ੍ਰੰਥ ਪੜ੍ਹ ਕੇ ਗਿਆਨਵਾਨ ਹੋਇਆ ਜਾ ਸਕਦਾ ਹੈ; ਧਿਆਨੀ ਜਰੂਰੀ ਨਹੀਂ। ਗਿਆਨ ਦੇ ਨਾਲੋ-ਨਾਲ ਧਿਆਨ ਬਹੁਤ ਜਰੂਰੀ ਹੈ। ਖੋਜਾਰਥੀ ਗਿਆਨ ਦੇ ਚਸ਼ਮੇਂ ਨਾਲ ਧਿਆਨ ਦੀ ਦੁਨੀਆਂ ਵਿੱਚ ਵਿਚਰਦਾ ਹੈ। ਗ੍ਰੰਥ ਪੜ੍ਹਕੇ ਲੋਕਾਂ ਨੂੰ ਭਰਮਾਇਆ ਜਾ ਸਕਦਾ ਹੈ; ਪਰ ਲੋਕਾਂ ਦੇ ਦੁੱਖ ਵੰਡਾਉਣ ਦੀ ਸਮਰਥਾ ਬ੍ਰਹਮ-ਗਿਆਨੀ ਕੋਲ ਹੀ ਹੁੰਦੀ ਹੈ। ਉਹ ਦੇਹ-ਅਧਿਆਸ ਤੋਂ ਬਹੁਤ ਉੱਚਾ ਉੱਠ ਚੁੱਕਿਆ ਹੁੰਦਾ ਹੈ। ਉਸ ਲਈ ਸਰੀਰ ਦੀ ਕੋਈ ਕੀਮਤ ਨਹੀਂ; ਧਿਆਨ ਰਹੇ ! ਸਰੀਰ ਦੀ ਕੀਮਤ ਨਾ ਹੋਣ ਤੋਂ ਇਹ ਭਾਵ ਹਰਗ਼ਿਜ ਨਹੀਂ ਲਾਉਣਾ ਚਾਹੀਦਾ ਕਿ ਸਰੀਰ ਦੀ ਹੈਸੀਅਤ ਹੀ ਨਹੀਂ ਕਿਉਂਕਿ ਜਿੰਨਾਂ ਪਦਾਰਥਿਕ ਕਮਾਈ ਦਾ ਸਾਧਨ ਹੋਵੇਗਾ, ਉਹ ਸਰੀਰ ਤੋਂ ਹੀ ਸਿੱਧ ਹੋਵੇਗਾ। ਕਮਾਇਆ ਹੋਇਆ ਪਦਾਰਥ ਹੀ ਕਿਸੇ ਦੇ ਭਲੇ ਲਈ ਲਈ ਲਗਾਇਆ ਜਾ ਸਕਦਾ ਹੈ। 'ਬ੍ਰਹਮ-ਸ੍ਰੋਤ੍ਰੀ, ਬ੍ਰਹਮ-

ਨਿਸ਼ਠ' ਆਪਣੇ ਸਰੀਰ ਦੀ ਸਹੀ ਵਰਤੋਂ ਕਰਦਾ ਹੈ। ਉਹ ਸਾਰੇ ਕਰਮ ਬ੍ਰਹਮ ਵਿੱਚ ਨਿਸ਼ਚਾ ਰੱਖ ਕੇ ਪੂਰੀ ਲੋਕਾਈ ਦੇ ਭਲੇ ਲਈ ਕਰਦਾ ਹੈ। ਜਿਹਨਾਂ ਨੇ ਬ੍ਰਹਮਾਕਾਰ ਬ੍ਰਿਤੀ ਨਹੀਂ ਬਣਾਈ, ਉਹਨਾਂ ਦਾ ਬੋਲਣਾ ਖਾਲੀ ਤਿਲਾਂ ਵਾਂਗ ਹੈ। ਕਿਉਂਕਿ ਤਨ-ਹੰਗਤਾ ਸਭ ਤੋਂ ਵੱਡੀ ਚੁੜੇਲ ਉਸ ਦਾ ਖਹਿੜਾ ਨਹੀਂ ਛੱਡਦੀ; ਨਾ ਹੀ ਉਹ ਇਸ ਗੱਲ ਤੋਂ ਵਾਕਫ ਹੁੰਦਾ ਹੈ ਕਿ ਇਹ ਤਨ-ਹੰਤਾ ਮੇਰਾ ਸਾਰਾ ਕੁੱਝ ਬਰਬਾਦ ਕਰੀ ਜਾ ਰਹੀ ਹੈ। ਤਨ ਦੀ ਹੰਗਤਾ ਆਤਮਾ ਦੇ ਨੇੜੇ ਢੁੱਕਣ ਨਹੀਂ ਦਿੰਦੀ। ਤਨ ਸਿਰਫ ਕਰਮ ਕਰਨ ਦੇ ਸਾਧਨ ਵੱਜੋਂ ਸਹਾਇਕ ਹੈ; ਕਰਮਾਂ ਨੂੰ ਧਾਰਨ ਕਰਨ ਅਤੇ ਕਰਮ ਕਰਨ ਲਈ ਉਤਸ਼ਾਹਿਤ ਮਨ ਨੇ ਕਰਨਾ ਹੈ। ਬੁੱਧੀ ਨੇ ਕਰਮਾਂ ਦੀ ਵਿਧਾਨਤਾ ਵਿੱਚ ਪ੍ਰਪੱਕਤਾ ਰੂਪ ਸੁਨੇਹਾ ਦੇਣਾ ਹੈ। ਦਿਮਾਗ ਨੇ ਤਨ ਨੂੰ ਸਾਰੇ ਸੁਨੇਹੇ ਭੇਜਣੇ ਹਨ ਅਤੇ ਤਨ ਤੋਂ ਸਾਰੇ ਸੁਨੇਹੇ ਪ੍ਰਾਪਤ ਕਰਨੇ ਹਨ। ਬ੍ਰਹਮ ਦੇ ਨਿਸ਼ਚੇ ਤੋਂ ਬਿਨਾਂ ਸਾਰੇ ਕਰਮਾਂ ਨਿਸ਼ਫਲ ਹਨ।

**ਕਿਧੌ ਗਜਾਨ ਬ੍ਰਿਤਿ ਕਾਚੀ ਰਹੀ। ਥਿਰਤਾ ਭਲੇ ਨ ਮਨ ਨੇ ਲਹੀ॥ ੩੫॥**

**ਕਰਮਨਿ ਮਹਿਂ ਨਿਸੰਗ ਹੁਇ ਬਰਤਾ। ਬਹੈ ਸੁ ਜਨਮ ਮਰਨ ਕੀ ਸਰਿਤਾ।**

**ਅਰਥ** – ਜਾਂ ਗਿਆਨ ਦੀ ਬ੍ਰਿਤੀ ਕੱਚੀ ਰਹਿ ਗਈ; ਮਨ ਨੇ ਚੰਗੀ ਤਰ੍ਹਾਂ ਨਾਲ ਸਥਿਰਤਾ ਪ੍ਰਾਪਤ ਨਾ ਕੀਤੀ। ਕਰਮਾਂ ਵਿੱਚ ਨਿਸੰਗ ਹੋ ਕੇ ਵਰਤਦਾ ਹੈ। ਉਹ ਜਨਮ-ਮਰਣ ਦੀ ਨਦੀ ਵਿੱਚ ਰੁੜ ਜਾਂਦਾ ਹੈ।

**ਭਾਵਾਰਥ** - ਬਹੁਤ ਵਾਰ ਸਾਧਕ ਦਾ ਸਾਧਨ ਲਈ ਚੱਲਣਾ ਭਾਵਨਾਤਮਕ ਹੁੰਦਾ ਹੈ। ਪਰ ਚੰਗੇ ਗਿਆਨ ਨਿਸ਼ਠ ਦੇ ਮਿਲਾਪ ਦੀ ਅਣਹੋਂਦ ਕਰਕੇ ਮਨ ਸਥਿਰਤਾ ਨਹੀਂ ਪ੍ਰਾਪਤ ਕਰਦਾ। ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਤਾਂ ਬਹੁਤ ਹੀ ਕਠਿਨਤਾ ਹੈ; ਕਿਉਂਕਿ ਬ੍ਰਹਮ ਦੀ ਹਰ ਵੀਚਾਰ ਆਂਤਰਿਕ ਹੈ। ਆਂਤਰਿਕ ਵੀਚਾਰ ਲਈ ਹਰ ਥਾਂ ਵਰਤਮਾਨ ਨੂੰ ਪੇਸ਼ ਕਰਨ ਲਈ ਉਦਾਹਰਣ ਚਾਹੀਦੀ ਹੈ। ਜੇ ਇਸ ਤਰ੍ਹਾਂ ਦੀ ਵੀਚਾਰਸ਼ੀਲਤਾ ਪ੍ਰਾਪਤ ਨਾ ਹੋਵੇ, ਤਾਂ ਬ੍ਰਹਮ ਦੇ ਅਧੂਰੇ ਗਿਆਨ ਵਾਲਾ ਸੰਸਾਰਿਕ ਕਰਮਾਂ ਵਿੱਚ ਨਿਸੰਗ ਹੋ ਕੇ ਚੱਲਣ ਲੱਗ ਜਾਂਦਾ ਹੈ। ਉਸ ਲਈ ਕਾਮ ਕਰੋਧ ਲਈ ਬ੍ਰਹਮ ਦਾ ਵਹਿਮ ਪਾਲ ਕੇ ਕਾਮਨਾ ਰੂਪ ਕਰਮਾਂ ਵਿੱਚ ਜੁੱਟ ਜਾਂਦਾ ਹੈ। ਕਾਮੁਕਤਾ ਵਿੱਚ ਨਿਸੰਗ ਹੋ ਕੇ ਖਚਤ ਹੋ ਜਾਂਦਾ ਹੈ। ਬਿੰਦ ਜਿੰਦਗੀ ਦਾ ਸਾਰ ਹੈ; ਜਿਸਨੇ ਨਵੀਂ ਜਿੰਦਗੀ ਲਈ ਸਾਰੀਰਕ ਰਾਹ ਅਖਤਿਆਰ ਕਰਨਾ ਹੁੰਦਾ ਹੈ। ਪਰ ਚੰਚਲ-ਮਨ ਹੋਰ ਚੰਚਲਤਾ ਵਿੱਚ ਡੁੱਬ ਕੇ ਵਿਕਾਰੀ ਹੋ ਜਾਂਦਾ ਹੈ। ਲੋਕਾਂ ਨੂੰ ਵਖਾਉਂਦਾ ਹੈ,



ਕਿ ਮੈਂ ਬ੍ਰਹਮ ਗਿਆਨੀ ਹਾਂ ਮੈਨੂੰ ਕਿਸੇ ਤਰ੍ਹਾਂ ਦੀ ਲਿਪਾਇਮਾਨਗੀ ਨਹੀਂ। ਜਦੋਂ ਕਿ ਅੰਦਰੋਂ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਵਿਕਾਰੀ ਮਨ ਜਨਮ-ਮਰਣ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ।

**ਸੁਨਹੁਂ ਖਾਲਸਾ ! ਸ਼ਤਿਗੁਰ ਮਤ ਕੋ। ਜਿਸ ਤੇ ਜੀਵ ਪਾਇ ਸਦ ਗਤਿ ਕੋ॥**

**੩੬॥ ਬੇਦ ਸ਼ਾਸਤ੍ਰ ਕੋ ਸਾਰ ਨਿਕਾਰਾ। ਹਿਤ ਸਿੱਖਨਿ ਸਤਿਗੁਰੂ ਉਚਾਰਾ।**

**ਸਕਲ ਮਤਨਿ ਸੋਂ ਮਿਲਜੋ ਪਛਾਨੋ । ਅਰ ਸਭਿ ਤੇ ਨਜਾਰੋ ਪਹਿਚਾਨੋ ॥ ੩੭ ॥**

**ਅਰਥ** - ਹੇ ਖਾਲਸਾ ਜੀ!! ਸਤਿਗੁਰ ਜੀ ਦੇ ਮੱਤ ਨੂੰ ਸੁਨਣਾ ਕਰ, ਜਿਸ ਕਰਕੇ ਜੀਵ ਸਦਗਤੀ ਨੂੰ ਪ੍ਰਾਪਤ ਕਰ ਸਕੇ। ਬੇਦ-ਸ਼ਾਸਤ੍ਰ ਦਾ ਸਾਰ ਕੱਢਕੇ, ਸਿੱਖਾਂ ਲਈ ਗੁਰੂ ਜੀ ਨੇ ਉਚਾਰਨ ਕੀਤਾ ਹੈ। ਸਾਰੇ ਮਤਾਂ- ਮਤਾਂਤਰਾਂ ਨਾਲ ਘੁਲਿਆ-ਮਿਲਿਆ ਪਛਾਣ ਲਓ।

**ਭਾਵਾਰਥ** - ਕਵੀ ਜੀ ਇੱਥੇ ਭਾਈ ਦਇਆ ਸਿੰਘ ਜੀ ਦੀ ਰਸਨਾ ਤੋਂ ਖਾਲਸਾ ਜੀ ਨੂੰ ਸਾਵਧਾਨ ਕਰਦੇ ਹਨ। ਹੇ ਖਾਲਸਾ ਜੀ! ਸਤਿਗੁਰੂ ਜੀ ਦਾ ਸਿਧਾਂਤ ਸੁਣੋ। ਗੌਰਤਲਬ ! ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਦਾ ਵਿਧਾਨ ਖਾਲਸੇ ਦੇ 'ਜਨਮ ਮਰਣ' ਦੇ ਚੱਕਰ ਤੋਂ ਉੱਚੀ ਅਵਸਥਾ ਦਾ ਪਾਂਧੀ ਬਣਾਉਂਦਾ ਹੈ। ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕਣ ਉਪਰੰਤ ਪੰਜ ਪਿਆਰਿਆਂ ਦਾ ਵਿਧਾਨ ਹੀ ਅੰਮ੍ਰਿਤਧਾਰੀ ਲਈ ਉਪਦੇਸ਼ ਕਰਤਾ ਬਣ ਜਾਂਦਾ ਹੈ। ਇਸੇ ਲਈ ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਦੋ ਵਖਤ ਸੰਗਤ ਕਰਨ ਨੂੰ ਕਿਹਾ ਹੈ। ਸੰਗਤ ਵਿਚ ਪੰਜੀਂ-ਪਰਮੇਸ਼ਰ ਨੂੰ ਵੇਖਣ ਦੀ ਸਮਰੱਥਾ ਸਮਝਾਈ। ਚੰਗੇ ਗੁਣ ਦੇ ਅਹਿਸਾਸ ਲਈ ਆਂਤਰਿਕ ਖੁਸ਼ੀ ਤੇ ਬੁਰਿਆਈ ਦੇ ਫਲ ਸਰੂਪ ਗਮੀ (ਮਾਯੂਸ਼ਤਾਈ) ਪਰਖ ਲਈ ਮਨੁੱਖ ਅੰਦਰ ਸਥਾਪਿਤ ਕੀਤੀ। ਅਸੀਂ ਚੰਗੇ ਤੋਂ ਮਨ-ਹੀ-ਮਨ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ; ਬੁਰੇ ਕਰਮ ਹੋਣ ਉਪਰੰਤ ਦੁੱਖ ਮਹਿਸੂਸ਼ ਕਰਦੇ ਹਨ। ਭਾਈ ਸੰਤੋਖ ਸਿੰਘ ਜੀ ਆਪ ਉਪਦੇਸ਼ ਕਰਤਾ ਰੂਪ ਵਿੱਚ ਗੁਰੂ ਸਾਹਿਬ ਜੀ ਦੇ ਪਰਉਪਕਾਰ ਨੂੰ ਆਪਣੇ ਹੱਥਾਂ ਵਿੱਚ ਨਹੀਂ ਲੈਂਦੇ ਸਗੋਂ ਪੰਜ ਪਿਆਰਿਆਂ ਦੇ ਵਿਧਾਨ ਵਿੱਚ ਹੀ ਰੱਖਦੇ ਹਨ। ਜੇ ਅੱਜ-ਕੱਲ੍ਹ ਦਾ ਲਿਖਾਰੀ ਹੁੰਦਾ ਤਾਂ ਆਪਣੇ-ਆਪ ਨੂੰ ਉਪਦੇਸ਼ ਕਰਤਾ ਬਣਾ ਕੇ ਲੋਕਾਈ ਦੇ ਸਾਹਮਣੇ ਪੇਸ਼ ਕਰਦਾ। ਕਵੀ ਜੀ ਨਿਮਰਤਾ ਦੇ ਪੁੰਜ ਸਨ। ਉਹਨਾਂ ਨੂੰ ਆਪਣੀ ਵਿੱਦਿਆ ਉੱਪਰ ਰਤੀ-ਭਰ ਵੀ ਮਾਣ ਨਹੀਂ ਸੀ; ਸਗੋਂ ਵਿੱਦਿਆ ਨੂੰ ਆਪਣੇ ਗੁਰੂ ਜੀ ਦੇ ਸਿਧਾਂਤ ਨੂੰ ਸਮਰਪਿਤ ਕਰ ਦਿੰਦੇ ਹਨ। ਸਾਰੀ ਬ੍ਰਹਮ ਵਿੱਦਿਆ ਦੇ ਸਾਰ-ਭੂਤ ਗ੍ਰੰਥ ਪੜ੍ਹਨ

ਉਪਰੰਤ ਵਿੱਦਿਆ-ਅਭਿਮਾਨੀਆਂ ਦੇ ਹੰਕਾਰ ਨੂੰ ਚੂਰ-ਚੂਰ ਕਰਕੇ ਗੁਰੂ ਸਾਹਿਬ ਜੀ ਦੇ ਸਿਧਾਂਤ ਦੀ ਮਹਾਨਤਾ ਸਮਝਾਉਂਦੇ ਹਨ। ਕਿ ਗੁਰੂ ਸਾਹਿਬ ਜੀ ਦਾ ਸਿਧਾਂਤ ਸਾਰੇ ਮੱਤਾਂ ਦੇ ਧਾਰਮਿਕ ਅਸਲੀਅਤ ਦਾ ਰਾਖਾ ਹੈ। ਧਾਰਮਿਕ ਅਸਲੀਅਤ ਤੋਂ ਭਾਵ ਹੈ, ਦਯਾ ਸਤ ਸੰਤੋਖ ਆਦਿ ਮਾਨਵਤਾ-ਵਿਧਾਨ ਨੂੰ ਧਾਰਨ ਕਰਨ ਦਾ ਸੁਨੇਹੇ ਦਿਖਾਂ ਕੇ ਸਭ ਧਰਮਾਂ ਦਾ ਸਤਿਕਾਰ ਕਰਨਾ ਅਤੇ ਆਪਣੇ ਧਾਰਮਿਕ ਚਿੰਨ੍ਹਾਂ ਅਤੇ ਵਿਸ਼ਵਾਸ਼ਾਂ ਉੱਪਰ ਪੂਰਨ ਤੌਰ ਤੇ ਨਿਰੰਕਾਰ ਰੂਪ ਨਿਸ਼ਚਾ ਰੱਖਣਾ। ਕਿ ਸਾਡੇ ਗੁਰੂ ਜੀ ਨੇ ਜੋ ਹੁਕਮ ਕੀਤੇ ਹਨ, ਉਹ ਸਾਡੇ ਭਲੇ ਲਈ ਕੀਤੇ ਹਨ। ਖਾਲਸਾ ਜੀ ਸਭ ਤੋਂ ਨਿਆਰਾ ਭੀ ਹੈ, ਅਤੇ ਸਭ ਦੇ ਦੁੱਖਾਂ ਨੂੰ ਆਪਣੇ ਦੁੱਖ ਸਮਝ ਕੇ ਦੁੱਖ-ਵੰਡਾਉਣ ਵਾਲਾ ਸਾਰਿਆਂ ਦਾ ਸੱਚਾ ਮਿੱਤਰ ਭੀ ਹੈ। ਸਭ ਦੇ ਸੁੱਖ ਨੂੰ ਵੇਖ ਕੇ ਖੁਸ਼ ਹੋਣਾ ਅਤੇ ਦੁਖੀਆਂ ਦੇ ਦੁੱਖ ਵੰਡਾ ਕੇ ਹੀ ਆਪਣੀ ਖੁਸ਼ੀ ਸਮਝਣੀ ਇਹ ਗੁਰੂ ਸਾਹਿਬ ਜੀ ਦਾ ਪਰਮ ਸਿਧਾਂਤ ਹੈ।

**ਜਾਤ ਸ਼੍ਰਿੰਖਲਾ ਅਰ ਜਗ ਲਾਜਾ। ਇਨ ਤੇ ਦੁਖਿ ਕੈ ਦਾਰਿਦ ਸਾਜਾ।**
**ਨਿਕਸਨਿ ਚਹਯੋ ਲੇਨਿ ਸੁਖ ਹੇਤ। ਤਜਿ ਕੁਟੰਬ ਕੋ ਬਨ੍ਯੋਂ ਸੁਚੇਤ॥ ੩੮॥**

**ਅਰਥ** - ਜਾਤ ਦੀ ਸੰਗਲੀ ਅਤੇ ਜਗ ਦੀ ਕਨੌਂਡ; ਇਹਨਾਂ ਤੋਂ ਦੁੱਖ ਜਾਂ ਦਰਿਦ੍ਰ ਹੀ ਲੱਗਦਾ ਹੈ। ਸੁੱਖ ਪ੍ਰਾਪਤ ਕਰਨ ਲਈ ਇਹਨਾਂ ਵਿੱਚੋਂ ਨਿਕਲਣਾ ਚਾਹੁੰਦਾ ਹੈ। ਪਰਿਵਾਰ ਛੱਡ ਕੇ ਸਾਵਧਾਨ ਬਣ ਜਾਂਦਾ ਹੈ।

**ਭਾਵਾਰਥ** - ਇੱਥੇ ਗੌਰਤਲਬ ਇਹ ਹੈ, ਕਿ ਪਰਿਵਾਰ ਤੋਂ ਭਾਵ ਪਰਿਵਾਰਕ ਜੀਵਨ ਦਾ ਢੰਗ ਨਹੀਂ; ਸਗੋਂ ਚਲੀ ਆ ਰਹੀ ਪਰਿਵਾਰਕ ਢੰਗ ਦੀ ਵਿਧਾਤਨਾ ਵਿੱਚ ਆਈ ਖੜੋਤ ਤੋਂ ਪੈਦਾ ਹੋਣ ਵਾਲੇ ਦੁੱਖਾਂ ਦੀ ਵਿਆਖਿਆ ਹੈ। ਜਿਵੇਂ ਜਿਵੇਂ ਪਰਿਵਾਰਕ ਜੀਵਨ ਚੱਲਦਾ ਹੈ, ਉਸ ਵਿੱਚ ਵਖਤ ਮੁਤਾਬਿਕ ਚੰਗਿਆਈ ਲਈ ਤੁਰਦੇ ਰਹਿਣਾ; ਸਿੱਖ ਦੀ ਸਿਧਾਂਤਕ ਜੀਵਨ ਪ੍ਰਵਿਰਤੀ ਹੈ। ਗੁਰੂ ਸਾਹਿਬ ਜੀ ਨੇ ਇਸ ਸੁਧਾਰ ਲਈ ਜਾਤ, ਜਗਤ-ਲੱਜਾ ਦੇ ਕਥਨ ਦਾ ਮਤਲਬ ਮਾਂ-ਬਾਪ ਦਾ ਤਿਆਗ ਕਰਕੇ ਮਾਂ-ਬਾਪ ਦੀ ਪਦਵੀ ਲਈ ਮਨਮਰਜੀ ਦਾ ਵਿਆਹ ਨਹੀਂ; ਸਗੋਂ ਧਾਰਮਿਕ ਜੀਵਨ ਵਿੱਚ ਤੁਰਨ ਲਈ ਸੰਕੀਰਨਤਾ ਵਿੱਚ ਮਨ ਦਾ ਸ਼ਿਕਾਰ ਹੋਣਾ ਹੈ। ਕਿਉਂਕਿ ਧਰਮ ਤੋਂ ਦੂਰ ਹੋ ਕੇ ਮਨ ਦੁੱਖਾਂ ਵਿੱਚ ਹੀ ਡੁੱਬਦਾ ਹੈ। ਹਰ ਮਨੁੱਖੀ ਮਨ ਜਗਤ ਦੇ ਹਾਲਾਤ ਵੇਖ ਕੇ ਆਪਣੇ ਆਪ ਨੂੰ ਇਹਨਾਂ ਤੋਂ ਮੁਕਤ ਹੋਇਆ ਵੇਖਣਾ ਚਾਹੁੰਦਾ ਹੈ। ਸੰਸਾਰਿਕ ਦੁੱਖਾਂ ਤੋਂ ਛੁਟਕਾਰਾ ਅਤੇ ਸੁੱਖ ਪ੍ਰਾਪਤੀ ਲਈ ਕੇਵਲ ਗੁਰੂ



ਸਾਹਿਬ ਜੀ ਦੀ ਸ਼ਰਣ ਹੀ ਹੈ।

**ਕਬਿੱਤ॥ ਸਦਨ ਕੀ ਕਾਰ ਹੋਤਿ ਅਨਿਕ ਪ੍ਰਕਾਰ ਬਹੁ ਕਰਤਿ ਕਰਤਿ ਹਾਰ ਜਾਤਿ ਦੁਖੀ ਮਨ ਮੈਂ । ਸੁਨਿ ਕੈ ਸੁ ਪੰਥ ਕੀ ਬਡਾਈ ਆਯੋ ਖਾਲਸੇ ਮੈਂ, ਜੀਵਕਾ ਕੀ ਚਾਹ ਬਸਿ ਰਹੀ ਰੈਨ ਦਿਨ ਮੈਂ । ਅੰਮ੍ਰਿਤ ਕੋ ਪਾਨ ਕੀਨ ਗੁਰਬਾਨੀ ਰਿਦੇ ਭਨਿ ਸਿੰਘ ਨਾਮ ਲੀਨ ਭਯੋ ਬੀਰ ਧਰਿ ਰਨ ਮੈਂ । ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨ ਕੋ ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ॥ ੩੯॥**

**ਅਰਥ** - ਘਰ ਦੇ ਅਨੇਕ ਤਰ੍ਹਾਂ ਦੇ ਕੰਮ-ਕਾਰ ਹੁੰਦੇ ਹਨ, ਕੰਮ ਕਰਦਿਆਂ ਹੋਇਆਂ ਥੱਕ ਟੁੱਟ ਜਾਂਦਾ ਹੈ ਤੇ ਮਨ ਵਿੱਚ ਦੁਖੀ ਹੁੰਦਾ ਹੈ। ਪੰਥ ਦੀ ਵਡਿਆਈ ਸੁਣ ਕੇ ਖਾਲਸੇ ਦੇ ਨਾਲ ਆ ਕੇ ਰਹਿਣ ਲੱਗ ਜਾਂਦਾ ਹੈ। ਉਪਜੀਵਕਾ ਦੀ ਇੱਛਾ ਦਿਨ ਰਾਤ ਮਨ ਵਿੱਚ ਟਿਕੀ ਰਹੀ। ਅੰਮ੍ਰਿਤ ਛਕ ਕੇ ਗੁਰਬਾਣੀ ਨੂੰ ਹਿਰਦੇ ਦੀ ਭਾਵਨਾ ਨਾਲ ਪੜ੍ਹਦਾ ਰਿਹਾ, ਸਿੰਘ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ ਅਤੇ ਜੰਗੇ-ਮੈਦਾਨ ਵਿੱਚ ਧੀਰਜ ਨਾਲ ਖੜ੍ਹਨ ਵਾਲਾ ਸੂਰਮਾ ਹੋ ਗਿਆ। ਇਸ ਲੋਕ ਵਿੱਚ ਸਾਰਿਆਂ ਤਰ੍ਹਾਂ ਨਾਲ ਸੁੱਖ ਪ੍ਰਾਪਤ ਕੀਤਾ ਅਤੇ ਸਤਿਕਾਰ ਨਾਲ ਪ੍ਰਲੋਕ ਵਿਚ ਇੱਜ਼ਤਦਾਰ ਦੇਵਤਿਆਂ ਵਿੱਚ ਪਹੁੰਚ ਜਾਂਦਾ ਹੈ।

**ਭਾਵਾਰਥ** - ਕਬਿੱਤ ਵਿੱਚ ਕਵੀ ਜੀ ਸਮੁੱਚੀ ਮਨੁੱਖਤਾ ਦਾ ਖਾਲਸੇ ਪੰਥ ਨਾਲ ਪਿਆਰ ਦਾ ਨਕਸ਼ਾ ਬੰਨ੍ਹਦੇ ਹਨ। ਅੱਜ ਮਨੁੱਖ ਦੀ ਦੌੜ ਮਾਇਆ ਦੀ ਲੱਗੀ ਹੋਈ ਹੈ; ਸ਼ਾਇਦ ਪੰਜਾਬੋਂ ਬਾਹਰ ਬਹੁਤ ਮਾਇਆ ਹੋਵੇਗੀ। ਮਾਇਆ ਨੂੰ ਇਕੱਠੀ ਕਿਸ ਲਈ ਕਰਨਾ ਹੈ? ਦਾ ਜੁਆਬ ਹੁੰਦਾ ਹੈ-ਪੁੱਤਰ ਧੀਆਂ ਲਈ। ਜਦੋਂ ਧੀ-ਪੁੱਤ ਮਾਂ-ਬਾਪ ਦੀ ਕੋਈ ਗੱਲ ਨਹੀਂ ਸੁਣਦੇ ਤਾਂ ਮਾਂ-ਬਾਪ ਦੇ ਹਿਰਦੇ ਦੀ ਵੇਦਨਾ ਕਿੰਨੀ ਤਰਸਯੋਗ ਹਾਲਾਤ ਵਿੱਚ ਹੁੰਦੀ ਹੈ; ਇਹ ਉਹੀ ਜਾਣਦੇ ਹਨ। ਕਵੀ ਜੀ ਗੁਰੂ ਸਾਹਿਬ ਜੀ ਦੇ ਕਾਲ ਦਾ ਨਕਸ਼ਾ ਭਾਈ ਦਇਆ ਸਿੰਘ ਜੀ ਦੁਆਰਾ ਬੰਨ੍ਹ ਰਹੇ ਹਨ। ਉਸ ਵਖਤ ਰਾਜੇ ਲੋਕ ਸਭ ਕੁੱਝ ਟੈਕਸ ਜਾਂ ਕੁੱਝ ਹੋਰ ਢੰਗਾਂ ਨਾਲ ਇਕੱਠਾ ਕਰਦੇ ਸਨ। ਕਮਾਈ ਕਰਨ ਵਾਲੇ ਲੋਕ ਉਦੋਂ ਭੀ ਦੁਖੀ ਰਹਿੰਦੇ ਸਨ; ਅੱਜ ਭੀ ਦੁਖੀ ਹਨ। ਕਿਉਂਕਿ ਕਮਾਈ ਤੋਂ ਭਾਵ ਕੇਵਲ ਪੈਸਾ ਹੀ ਰਹਿ ਗਿਆ ਹੈ। ਜਦੋਂ ਕਿ ਪੈਸਾ ਹੀ ਜਿੰਦਗੀ ਨਹੀਂ ਹੈ; ਪੈਸਾ ਕੇਵਲ ਸੁੱਖ ਲਈ ਸਾਧਨ ਮਾਤਰ ਹੈ। ਜੇ ਪੈਸੇ ਨੂੰ ਵਰਤਣ ਵਾਲਿਆਂ ਵਿੱਚ ਪਿਆਰ ਹੈ। ਪੰਥ ਖਾਲਸੇ ਦੀ ਭਾਵਨਾ ਤੋਂ ਭਾਵ ਹੀ ਪਿਆਰ ਹੈ; ਖਾਲਸਾ ਜੀ ਦਾ ਆਪਸੀ ਗੂੜੇ ਪਿਆਰ ਦੀ ਮਿਸਾਲ ਸੀ ਅਤੇ ਅੱਜ

ਕਿਤੇ-ਕਿਤੇ ਥੋੜੀ ਬਹੁਤ ਨਜ਼ਰ ਆ ਰਹੀ ਹੈ। ਕਿ ਜਦੋਂ ਵੀ ਕੁੱਝ ਪਾਸ ਆਉਂਦਾ ਤਾਂ ਖਾਲਸਾ ਜੀ ਸਾਰੇ ਸਾਥੀ ਗੁਰਸਿੱਖਾਂ ਨੂੰ ਅਵਾਜੇ ਦੁਆਰਾ ਬੁਲਾ ਕੇ ਆਪਸ ਵਿੱਚ ਵੰਡ ਕੇ ਛੱਕਦਾ। ਕੋਈ ਵੀ ਗੁਰਮਤਾ ਹੁੰਦਾ ਆਪਸ ਵਿੱਚ ਮਿਲ ਬੈਠ ਕੇ ਵੀਚਾਰਿਆ ਜਾਂਦਾ। ਇਸ ਤੋਂ ਲੈ ਕੇ ਖਾਲਸਾ ਜੀ ਇੱਕ-ਦੂਜੇ ਤੋਂ ਜ਼ਿੰਦਗੀ ਵਾਰਨ ਲੱਗਿਆਂ ਦੇਰ ਨਹੀਂ ਕਰਦੇ ਸਨ; ਉਸ ਵਕਤ ਫਮਤਕ ਭਾਵਨਾ ਦਾ ਨਿਰਾਦਰ ਕਰਨ ਵਾਲੇ ਲੋਕ ਭੀ ਹੁੰਦੇ ਸਨ ਅਤੇ ਅੱਜ ਭੀ ਹਨ। ਪਰ ਪ੍ਰਪੱਕਤਾ ਵਾਲੇ ਖਾਲਸਾ ਜੀ ਉਸ ਵਕਤ ਵੀਚਾਰਧਾਰਾ ਦੇ ਬਹੁਤ ਬਲਵਾਨ ਸਨ। ਜ਼ਿੰਦਗੀ ਨੂੰ ਕਾਗਜ਼ ਦੇ ਸਮਾਨ ਨਸ਼ਟ ਜਾਣਦੇ ਸਨ। ਇਉਂ ਭਾਵਨਾ ਦੀ ਅੰਮ੍ਰਿਤਧਾਰਾ ਵਿੱਚ ਬੈਠ ਕੇ ਖਾਲਸਾ ਜੀ ਵਾਲੀ ਜ਼ਿੰਦਗੀ ਨੂੰ ਆਪਣੀ ਵਿਰਾਸਤ ਬਣਾ ਲੈਂਦੇ ਸਨ।

**ਚੌਪਈ॥ ਦਸਹੁਂ ਗੁਰਨਿ ਕੀ ਸ਼ਰਨੀ ਪਰੇ। ਬਿਬਧ ਬਿਧਿਨਿ ਤੇ ਪ੍ਰਾਨੀ ਤਰੇ।**
**ਗੁਰ ਕੀ ਸੇਵ ਕੀ ਸਤਿਸੰਗ ਸੇਵਾ। ਕਰੇ ਰਿਝਾਵਨ ਸ਼੍ਰੀ ਗੁਰਦੇਵਾ॥ ੪੦॥**

**ਅਰਥ** - ਦਸ ਗੁਰੂ ਸਾਹਿਬਾਨ ਜੀ ਦੀ ਸ਼ਰਨੀ ਪੈ ਕੇ ਅਨੇਕ ਤਰ੍ਹਾਂ ਦੇ ਜੀਵ ਅਨੇਕ ਤਰ੍ਹਾਂ ਦੀ ਪ੍ਰਵਿਰਤੀ ਵਾਲੇ ਤਰ ਗਏ ਹਨ। ਗੁਰੂ ਸਾਹਿਬ ਜੀ ਤੇ ਸਤਿਸੰਗ ਦੀ ਸੇਵਾ ਕਰਦਿਆਂ ਅਕਾਲ ਪੁਰਖ ਨੂੰ ਖੁਸ਼ ਕਰ ਲਿਆ।

**ਕੈ ਨਿਜ ਘਰ ਤੇ ਪ੍ਰੇਮ ਉਪਾਇ। ਛਾਦਨ ਭੋਜਨ ਦੇ ਸਮੁਦਾਇ।**
**ਯਾਂ ਤੇ ਭੀ ਪ੍ਰਸੰਨ ਗੁਰ ਕਰੇ। ਜਗ ਸੰਕਟ ਤੇ ਸਿੱਖ ਸੁ ਤਰੇ॥ ੪੧॥**

**ਅਰਥ** - ਜਾਂ ਆਪਣੇ ਘਰ ਤੋਂ ਪ੍ਰੇਮ ਸਹਿਤ ਕੱਪੜੇ ਤੇ ਭੋਜਨ ਆਦਿਕ ਲੋੜਵੰਦਾਂ ਨੂੰ ਦਾਨ ਕਰੇ। ਇਸ ਤਰ੍ਹਾਂ ਨਾਲ ਭੀ ਗੁਰੁ ਸਾਹਿਬ ਜੀ ਨੂੰ ਪ੍ਰਸੰਨ ਕਰਕੇ ਸਿੱਖ ਸੰਸਾਰ ਦੁੱਖ ਤੋਂ ਤਰ ਜਾਂਦੇ ਹਨ।

**ਕਿਧੌਂ ਰਹੈ ਸਤਿਗੁਰ ਕੇ ਤੀਰ। ਖੜਗ, ਤੁਪਕ, ਕੈ ਧਰਿ ਧਨੁ ਤੀਰ।**
**ਲਰਹਿ ਜੁੱਧ ਮਹਿਂ ਸ਼ੱਤ੍ਰਨਿ ਹਤੇ। ਗੁਰਨਿ ਰਿਝਾਵੈ ਲੈ ਕਰਿ ਫਤੇ॥ ੪੨॥**
**ਕਿਧੌਂ ਜੰਗ ਮਹਿਂ ਤਜਿ ਕੈ ਪ੍ਰਾਨ। ਸਤਿਗੁਰ ਆਗੈ ਬਹੁ ਬਲਿ ਠਾਨਿ।**
**ਕਿਧੌਂ ਭਵਿੱਖਤ ਮਹਿਂ ਗੁਰ ਹੇਤ। ਲਰਹਿ ਮਰਹਿ ਮਾਰਹਿ ਰਣਖੇਤ॥ ੪੩॥**

**ਅਰਥ** - ਜਾਂ ਸਤਿਗੁਰੂ ਸਾਹਿਬ ਜੀ ਦੇ ਪਾਸ ਤਲਵਾਰ ਜਾਂ ਬੰਦੂਕ ਪਕੜ ਕੇ ਰਹੇ। ਜੁੱਧ ਵਿੱਚ ਦੁਸ਼ਮਣ ਨਾਲ ਜੰਗ ਕਰਕੇ ਖਤਮ ਕਰ ਦੇਵੇ, ਜਿੱਤ ਹਾਸਿਲ ਕਰਕੇ ਗੁਰੂ ਸਾਹਿਬ ਨੂੰ ਖੁਸ਼ ਕਰ ਲਵੇ। ਜਾਂ ਜੰਗੇ ਮੈਦਾਨ ਵਿੱਚ ਪ੍ਰਾਣ ਤਿਆਗ ਦੇਵੇ, ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਲ ਧਾਰ ਕੇ । ਜਾਂ ਆਉਣ ਵਾਲੇ ਸਮੇਂ



ਵਿੱਚ ਸਤਿਗੁਰੂ ਜੀ ਵਾਸਤੇ ਜੰਗ ਕਰੇ ਦੁਸ਼ਮਣ ਨੂੰ ਮਾਰੇ ਜਾਂ ਮਰ ਜਾਏ।

**ਤਿਨ ਕੋ ਭੀ ਗੁਰ ਸਦਗਤਿ ਦੈ ਹੈਂ। ਜਨਮ ਮਰਣ ਸੰਕਟ ਨਹਿਂ ਪੈ ਹੈ।**
**ਇੱਤਯਾਦਿਕ ਕਾਰਨ ਗਨ ਜਾਨ। ਜਿਸ ਤੇ ਬੰਧਨ ਜਗ ਕੇ ਹਾਨ॥ ੪੪॥**
**ਗਯਾਨ ਦੇਨਿ ਕੀ ਗਤਿ ਹੈ ਜਥਾ। ਉਪਦੇਸ਼ਿਤ ਹੈਂ ਸਤਿਗੁਰ ਤਥਾ।**
**ਸੋ ਮੈਂ ਬਰਨੌਂ ਭਲੀ ਪ੍ਰਕਾਰ। ਸੁਨਹੁ ਖਾਲਸਾ! ਸਭਿ ਨਿਰਧਾਰ॥ ੪੫॥**

**ਅਰਥ** - ਉਹਨਾਂ ਨੂੰ ਭੀ ਗੁਰੂ ਸਾਹਿਬ ਜੀ ਸਦਗਤੀ ਬਖਸ਼ ਦਿੰਦੇ ਹਨ। ਜੰਮਣ ਮਰਣ ਦਾ ਸੰਕਟ ਨਹੀਂ ਰਹਿੰਦਾ। ਇਸ ਤੋਂ ਲੈ ਕੇ ਅਨੇਕਾਂ ਸੰਕਟ ਜਾਣ ਲੈਣਾ ਕਰ। ਜਿਸ ਤੋਂ ਸੰਸਾਰ ਦੇ ਬੰਧਨ ਨਸ਼ਟ ਹੋ ਜਾਂਦੇ ਹਨ। ਗੁਰੂ ਸਾਹਿਬ ਜੀ ਵੱਲੋਂ ਸਿੱਖ ਨੂੰ ਗਿਆਨ ਦੀ ਜਿਵੇਂ ਬਿਧੀ ਹੈ; ਭਾਈ ਸਾਹਿਬ ਜੀ ਆਖਦੇ ਹਨ; ਹੇ ਖਾਲਸਾ ਜੀ !! ਮੈਂ ਨਿਰਣਾ ਕਰਕੇ ਸੁਣਾਉਂਦਾ ਹਾਂ।

**ਭਾਵਾਰਥ** – ਇਹਨਾਂ ਸਾਰੇ ਚਰਣਾਂ ਨੂੰ ਜਦੋਂ ਅਸੀਂ ਵੇਖਦੇ ਹਾਂ, ਤਾਂ ਜੀਵਨ ਦੀ ਸਫਲਤਾ ਲਈ ਗੁਰੂ ਸਾਹਿਬ ਜੀ ਵੱਲੋਂ ਚਲਾਏ ਗਏ ਪਵਿੱਤਰ ਗੱਡੀ ਰਾਹ ਦੀ ਕਰੀਬਨ ਪੂਰੀ ਵਿਆਖਿਆ ਹੈ। ਗੁਰੂ ਸਾਹਿਬ ਜੀ ਨੇ ਸੇਵਾ ਤੋਂ ਲੈ ਕੇ ਜੰਗੇ-ਮੈਦਾਨ ਤੱਕ ਜਿੰਦਗੀ ਨੂੰ ਗੁਰ-ਸਿਧਾਂਤ ਤੋਂ ਕਿਵੇਂ ਕੁਰਬਾਨ ਹੈ। ਅਗਲੇ ਅਧਿਆਇ ਵਿੱਚ ਕਥਨ ਆਵੇਗਾ। ਕਿਉਂਕਿ ਗਿਆਨ ਲਈ ਕੋਈ ਇੱਕ ਰਾਹ ਨਿਸ਼ਚਤ ਨਹੀਂ ਕੀਤਾ ਜਾ ਸਕਦਾ। ਪਰ ਇਹ ਭੀ ਸਚ ਹੈ ਕਿ ਐਂਵੇ ਹਰ ਧਰਮ ਦੇ ਰਾਸਤੇ ਨੂੰ ਖੰਡਤ ਕਰੀ ਜਾਣਾ ਭੀ ਕੋਈ ਧਾਰਮਿਕ ਵਿਆਖਿਆ ਨਹੀਂ ਹੈ। ਗੁਰਸਿੱਖ ਤਾਂ ਹੁੰਦੇ ਹੀ ਸਾਰ ਗ੍ਰਾਹੀ ਹਨ। ਭਾਈ ਦਇਆ ਸਿੰਘ ਜੀ ਪੰਜ ਪਿਆਰਿਆਂ ਦੇ ਮੁਖੀ ਹਨ, ਆਪਣੇ ਗੁਰਸਿੱਖ ਭਰਾਵਾਂ ਨੂੰ ਪ੍ਰੇਮਮਈ ਅਸੀਸਾਂ ਦਿੰਦੇ ਹਨ। ਖਾਲਸੇ ਅੰਦਰ ਗੁਰੂ ਸਿਧਾਂਤ 'ਪੰਜੀਂ ਪਰਮੇਸਰ' ਦਾ ਵਰਦਾਨ ਸਿਖਾਉਂਦੇ ਹਨ, ਕਿ ਜਦੋਂ ਪੰਜ ਇਕੱਠੇ ਹੋ ਗਏ ਤਾਂ ਕੇਵਲ ਭਲਾਈ ਵਾਸਤੇ ਹੀ ਸੋਚ ਸਕਦੇ ਹੋ। ਜੇ ਐਸਾ ਨਹੀਂ ਤਾਂ ਗੁਰਸਿੱਖ ਤਾਂ ਦੂਰ ਦੀ ਗੱਲ ਪੰਜਾਬੀ ਹੋਣਾ ਭੀ ਮੁਸ਼ਕਿਲ ਬਣ ਜਾਏਗਾ। ਕਿਉਂਕਿ ਪੰਜਾਬ ਵੀ ਗੁਰਾਂ ਦੇ ਨਾਮ ਵਸਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਤਾਂ ਪੰਜ ਪਿਆਰਿਆਂ ਦੇ ਰੂਪ ਵਿੱਚ ਖਾਲਸਾ ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੈ' ਪ੍ਰਸੰਗ ਬਰਨੰਨ ਨਾਮ ਏਕ ਊਨ ਪੰਚਾਸਤੀ ਅੰਸੂ ॥**

## ਅਧਿਆਇ ਦਸਵਾਂ (ਅੰਸ਼ੂ ਪੰਜਾਹਵਾਂ)

## ਗੁਰਮਤਿ ਦਾ ਗਿਆਨ ਨਿਰਣੈ

**ਦੋਹਰਾ - ਇਸ਼ਨਾਨ – ਸਵਾ ਜਾਮ ਕੈ ਜਾਮ ਨਿਸ ਖਟ ਘਟਿਕਾ ਕੈ ਚਾਰ।**
**ਸੌਚ ਸ਼ਨਾਨੇ ਸਿੱਖ ਤਨੁ ਸਰਿਤਾ ਸਰੁ ਬਰ ਬਾਰ॥ ੧॥**

**ਅਰਥ** – ਸਵਾ ਪਹਿਰ ਜਾਂ ਪਹਿਰ ਰਾਤ, ਜਾਂ ਛੇ ਘੜੀਆਂ ਜਾਂ ਚਾਰ ਘੜੀਆਂ ਰਹਿੰਦਿਆਂ, ਦਰਿਆ ਦੇ ਪਾਣੀ ਜਾਂ ਸਰੋਵਰ ਦੇ ਪਾਣੀ ਵਿਚ ਸਿਖ ਸਰੀਰ ਦਾ ਇਸ਼ਨਾਨ ਕਰੇ।

**ਭਾਵਾਰਥ** – ਭਾਈ ਸਾਹਿਬ ਜੀ ਨੇ ਇਸ ਅਧਿਆਇ ਦਾ ਨਾਮ ਹੀ ਗੁਰਮਤਿ ਨਿਰਣੇ ਰੱਖਿਆ ਹੈ। ਗੁਰਮਤਿ ਦੀ ਵੀਚਾਰ ਇਸ਼ਨਾਨ ਤੋਂ ਚੱਲਦੀ ਹੈ; ਸਰੋਵਰਾਂ ਦੀ ਮਹਾਨਤਾ ਗੁਰਮਤਿ ਵਿੱਚ ਕੀ ਸਥਾਨ ਰੱਖਦੀ ਹੈ? ਇਸ ਸੁਆਲ ਦਾ ਜੁਆਬ ਆਪਣੇ ਆਪ ਵਿੱਚ ਹੀ ਪ੍ਰਗਟ ਹੈ। ਮਾਂ-ਬਾਪ ਸਵੇਰੇ ਵਿਦਿਆਰਥੀ ਨੂੰ ਤਿਆਰ ਕਰਨ ਲਈ ਸਭ ਤੋਂ ਪਹਿਲਾਂ ਇਸਨਾਨ ਕਰਵਾਉਂਦੇ ਹਨ; ਜੋ ਸਰੀਰਕ ਤਰੋਤਾਜ਼ਗੀ ਦਾ ਸਾਡਾ ਨਿੱਜੀ ਤਜ਼ਰਬਾ ਹੈ। ਵਿਦਿਆਰਥੀ ਲਈ ਜਰੂਰੀ ਹੈ, ਸਾਵਧਾਨ ਹੋਣਾ; ਸਾਵਧਾਨੀ ਲਈ ਸਰੀਰ ਦੀ ਤਰੋਤਾਜ਼ਗੀ ਬਹੁਤ ਜਰੂਰੀ ਹੈ। ਸਰੀਰ ਦੇ ਸਾਥੀ ਦਿਮਾਗ ਨੂੰ ਗਿਆਨ ਹਾਸਿਲ ਕਰਨ ਲਈ ਕਾਰਜਸ਼ੀਲ ਹੋਣਾ ਹੁੰਦਾ ਹੈ। ਜਿਸਦਾ ਸਰੀਰ ਤਰੋ-ਤਾਜ਼ਾ ਨਹੀਂ, ਉਸ ਦਾ ਦਿਮਾਗ ਕਿਵੇਂ ਤਰੋ-ਤਾਜ਼ਾ ਹੋ ਸਕਦਾ ਹੈ? ਬੌਧਿਕ ਮਹਿਲ ਉਸਾਰਨ ਲਈ ਦਿਮਾਗੀ ਤੇ ਮਾਨਸਿਕ ਸੰਤੁਲਨ ਤਿਆਰ ਕਰਨਾ ਪੈਂਦਾ ਹੈ। ਅਧਿਆਤਮਕ ਮੰਡਲ ਦੀ ਉਸਾਰੀ ਲਈ ਤਰੋ-ਤਾਜ਼ਗੀ ਕਿੰਨੀ ਜਰੂਰੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਲੈਣਾ ਚਾਹੀਦਾ ਹੈ; ਕਿ ਸਕੂਲੀ ਗਿਆਨ ਲਈ ਅੱਖਰ ਤਾਂ ਕਿਤਾਬਾਂ ਵਿੱਚ ਹਰ-ਵਖਤ ਉਪਲੱਬਧ ਹਨ। ਪਰ ਅਧਿਆਤਮਕ ਗਿਆਨ ਲਈ ਹਰ ਅਨਭਵ ਅੰਦਰੋਂ ਹੀ ਮਹਿਸੂਸ ਕਰਨਾ ਪੈਂਦਾ ਹੈ। ਜਿਸ ਲਈ ਸਵਾਧਾਨੀ ਦੇ ਨਾਲੋਂ-ਨਾਲ ਹਰ ਪਲ ਇਕਾਗਰਤਾ ਭੀ ਬਹੁਤ ਜ਼ਰੂਰੀ ਹੈ। ਸ਼ਾਇਦ ਤਾਂ ਹੀ ਗੁਰੂ ਸਾਹਿਬ ਜੀ ਨੇ ਜਲ ਇਸ਼ਨਾਨ ਨੂੰ ਗੁਰਬਾਣੀ ਜਾਪੁ ਨਾਲ ਸੰਯੁਕਤ ਕਰਕੇ



ਜੀਵਨ ਦੀ ਸੇਧ ਲਈ ਅੰਮ੍ਰਿਤ ਦੀ ਭਾਵਨਾ ਪ੍ਰਜੁਲਤ ਕੀਤੀ। ਅੱਜ ਦਾ ਸੰਕੀਰਨ ਦਿਮਾਗ ਅਨਭਵ ਦੀ ਭਾਵਨਾ ਨੂੰ ਕੀ ਸਮਝੇ? ਇਤਿਹਾਸਕ ਅਤੇ ਵਰਤਮਾਨ ਗਵਾਹੀਆਂ ਸਾਡਾ ਵਿਸ਼ਵਾਸ ਪ੍ਰਪੱਕ ਕਰਦੀਆਂ ਹਨ। ਤਨ ਪਵਿੱਤਰਤਾ ਦੇ ਨਾਲੋ-ਨਾਲ ਮਨ ਭੀ ਪਵਿੱਤਰ ਹੋ ਜਾਏ; ਬਾਉਲੀਆਂ, ਸਰੋਵਰ ਆਦਿ ਹੋਂਦ ਵਿੱਚ ਆਏ। ਬਾਉਲੀਆਂ ਸਰੋਵਰਾਂ ਦੇ ਕਿਨਾਰੇ ਗੁਰਦੁਆਰੇ ਸਾਹਿਬ ਸ਼ੁਭਾਇਮਾਨ ਹੋਏ; ਜਿੱਥੇ ਵੱਧ ਤੋਂ ਵੱਧ ਸਮਾਂ ਗੁਰਬਾਣੀ ਗਾਇਨ ਦੀਆਂ ਤਰੰਗਾਂ ਜਲ ਨੂੰ ਸਪਰਸ਼ ਕਰਦੀਆਂ ਹਨ। ਤਾਂ ਕਿ ਜਲ ਦੀ ਪਵਿੱਤਰਤਾ ਬਰਕਰਾਰ ਰਹੇ।

**ਚੌਪਈ - ਨਾਮ -ਸੱਤਿਨਾਮ ਸਿਮਰਨ ਕੋ ਲਾਗੈ। ਪਾਛਲ ਰਾਤਿ ਨਿਤਾ ਪ੍ਰਤਿ ਜਾਗੈ।**
**ਗੁਰਬਾਣੀ ਪਠਿ ਅਰਥ ਬਿਚਾਰੈ। ਗੁਨ ਸੰਗ੍ਰਹ ਅਵਗੁਨ ਗਨ ਟਾਰੈ॥ ੨॥**
**ਦਿਨਸ ਚਢੇ ਕਾਰਜ ਜੋ ਕਰੈ। ਸੱਤਿਨਾਮ ਮੁਖਿ ਤੇ ਉਰ ਧਰੈ।**
**ਨਿਸ ਦਿਨ ਮਹਿਂ ਨਹਿਂ ਕਬਹੁੰ ਬਿਸਾਰੈ। ਜਿਉਂ ਲੋਭੀ ਧਨ ਮਹਿਂ ਮਨ ਧਾਰੈ॥ ੩॥**
**ਲਿਵ ਲਗ ਜਾਇ ਪਕੇ ਅਭਿਆਸਾ। ਸਨੇ ਸਨੇ ਤਨ ਹੰਤਾ ਨਾਸਾ।**
**ਸ਼੍ਰਵਣ ਗਯਾਨ ਮਹਿਂ ਪੁਨ ਲਗ ਜਾਇ। ਸਚਿਦਾਨੰਦ ਬ੍ਰਹਮ ਜਿਸ ਭਾਇ॥ ੪॥**
**ਕਰ ਨਿਰਨੈ ਮਨ ਦੇ ਕਰਿ ਭਨੇ। ਤਜਹਿ ਨ ਤਬਿ ਸਿਮਰਨ ਨਿਤ ਭਨੇ।**
**ਮਨਨ ਕਰਹਿ ਪੁਨ ਜੁਗਤਿ ਅਨੇਕ। ਬ੍ਰਹਮ ਆਤਮਾ ਕੇਰ ਬਿਬੇਕ॥ ੫॥**

**ਅਰਥ** – ਇਸ਼ਨਾਨ ਕਰਨ ਉਪਰੰਤ ਸਿਮਰਨ ਕਰਨ ਵਿੱਚ ਜੁੜ ਜਾਏ। ਪਿਛਲੀ ਰਾਤ ਨਿਤ-ਪ੍ਰਤੀ ਜਾਗਣਾ ਕਰੇ। ਗੁਰਬਾਣੀ ਪੜ੍ਹਕੇ ਅਰਥਾਂ ਦੀ ਵੀਚਾਰ ਕਰੇ। ਗੁਣਾਂ ਨੂੰ ਇਕੱਤਰ ਕਰੇ ਅਤੇ ਔਗੁਣਾਂ ਨੂੰ ਦੂਰ ਕਰੇ। ਦਿਨ ਚੜਣ ਉਪਰੰਤ ਮੁੱਖ ਤੋਂ ਸਤਿਨਾਮ (ਵਾਹਿਗੁਰੂ) ਉਚਾਰਨ ਕਰਦਾ ਹੋਇਆ ਸਾਰੇ ਕਾਰਜ ਸ਼ੁਰੂ ਕਰੇ। ਦਿਨ ਰਾਤ ਵਿੱਚ ਸਤਿਨਾਮ ਨੂੰ ਕਦੇ ਭੀ ਨਾ ਭੁਲਾਵੇ। ਜਿਵੇਂ ਲੋਭੀ ਪੁਰਖ ਧਨ ਵਿੱਚ ਬ੍ਰਿਤੀ ਨੂੰ ਧਾਰਨ ਕਰਕੇ ਰੱਖਦਾ ਹੈ। ਜਦੋਂ ਸੁਰਤਿ ਜੁੜ ਕੇ ਅਭਿਆਸ ਵਿੱਚ ਸੁਰਤ ਜੁੜ ਜਾਏ। ਹੌਲੀ-ਹੌਲੀ ਤਨ-ਹੰਗਤਾ ਨਾਸ਼ ਹੋ ਜਾਂਦੀ ਹੈ। ਫਿਰ ਸ੍ਰਵਣ ਗਿਆਨ ਵਿੱਚ ਜੁੜ ਜਾਂਦਾ ਹੈ। ਸਤ-ਚਿਤ-ਅਨੰਦ ਜਿਸ ਤਰ੍ਹਾਂ ਹੁੰਦਾ ਹੈ। ਨਿਰਣਾ ਕਰਕੇ ਮਨ ਨੂੰ ਟਿਕਾ ਕੇ ਉਚਾਰਨ ਕਰੇ; ਇਸ ਅਵਸਥਾ ਵਿੱਚ ਭੀ ਸਿਮਰਨ ਨਾ ਛੱਡੇ। ਅਨੇਕਾਂ ਜੁਗਤੀਆਂ ਨਾਲ ਮੰਨਨ ਕਰਨ ਦਾ ਯਤਨ ਕਰੇ। ਬ੍ਰਹਮ ਤੇ ਆਤਮਾ ਦਾ ਬਿਬੇਕ ਕਰੇ।

**ਭਾਵਾਰਥ** – ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰਨਾ ਅਤੇ ਕੰਠੋਂ ਗੁਰਬਾਣੀ

ਉਚਾਰਨ ਕਰਦਿਆਂ ਸਾਵਧਾਨੀ ਅਤੇ ਇਕਾਗਰਤਾ ਬਣਾਈ ਰੱਖਣਾ; ਨਾਮ ਜਪਣ ਲਈ ਸ਼ੁਰੂਆਤੀ ਕਸਰਤ ਹੈ। ਜਿਵੇਂ ਖਿਡਾਰੀ ਆਪਣੇ ਸਰੀਰ ਨੂੰ ਕਸਰਤ ਦੁਆਰਾ ਗਰਮ ਕਰਕੇ ਖੇਡ ਸ਼ੁਰੂ ਕਰਦਾ ਹੈ; ਤਾਂ ਕਿ ਸਰੀਰ ਦੇ ਅੰਗਾਂ ਦਾ ਕੋਈ ਨੁਕਸਾਨ ਨਾ ਹੋਵੇ। ਇਵੇਂ ਅਧਿਆਤਮਕ ਗਿਆਨ ਲਈ ਸਰੀਰਕ ਸੰਘਾਤ ਦੇ ਨਾਲ ਹੀ ਮਾਨਸਿਕ ਤੇ ਬੌਧਿਕ ਸੰਘਾਤ ਵੀ ਕਰਮਸ਼ੀਲ ਹੁੰਦਾ ਹੈ; ਇਸ ਲਈ ਭੀ ਖਾਸ ਕਵਾਇਦ ਜਰੂਰੀ ਹੈ । ਇੱਥੇ ਨਾਮ ਦਾ ਜਪਣਾ ਬਹੁ ਅਰਥੀ ਪਰਤ ਰੱਖਦਾ ਹੈ। ਭਾਈ ਸਾਹਿਬ ਜੀ ਸਤਿਨਾਮ ਦੇ ਸਿਮਰਨ ਨੂੰ ਵਾਰ-ਵਾਰ ਕਹਿਣਗੇ। ਖਾਲਸੇ ਦਾ ਆਰੰਭਿਕ ਸਤਿਨਾਮ ਵਾਹਿਗੁਰੂ ਹੈ। ਇਸ ਲਈ ਹੀ ਖਾਲਸਾ ਜੀ ਦਾ ਜਾਪੁ ਸ਼ੁਰੂ ਹੁੰਦਾ ਹੈ; 'ਸਤਿਨਾਮ-ਵਾਹਿਗੁਰੂ' ਤੇ 'ਸਤਿਨਾਮ- ਵਾਹਿਗੁਰੂ'। ਹਰ ਸ਼ਬਦ ਭਾਸ਼ਾਈ ਅੱਖਰਾਂ ਰਾਂਹੀ ਤਿਆਰ ਹੁੰਦਾ ਹੈ; ਇਹਨਾਂ ਅੱਖਰਾਂ ਦੀ ਬਣਤਰ ਤੇ ਉਚਾਰਨ ਦਾ ਢੰਗ ਰਵਾਇਤੀ ਹੁੰਦਾ ਹੈ। ਇਸਨੂੰ ਬੈਖਰੀ ਨਾਮ ਕਹਿੰਦੇ ਹਨ। ਜੁਬਾਨ ਦੁਆਰਾ ਬੋਲੇ ਜਾਣ ਵਾਲੇ ਅੱਖਰ 'ਬੈਖਰੀ ਅੱਖਰ' ਹੁੰਦੇ ਹਨ। ਜਦੋਂ ਤੋਂ ਇਸ਼ਨਾਨ ਕਰਕੇ ਸਾਵਧਾਨ ਹੋ ਗਏ; ਚੌਕੜਾ ਲਗਾ ਕੇ ਸਤਿਨਾਮ-ਵਾਹਿਗੁਰੂ ਜਪੀ ਜਾਣਾ ਹੈ। ਜਦੋਂ ਬੈਖਰੀ ਸਿਮਰਨ ਵਿੱਚ ਸੁਰਤ ਜੋੜ ਰੱਖਣ ਤੋਂ ਅਸਮਰੱਥ ਹੋ ਜਾਏ ਤਾਂ ਗੁਰਬਾਣੀ ਦਾ ਪੜ੍ਹਨਾ ਸ਼ੁਰੂ ਕਰ ਦੇਣਾ। ਗੁਰਬਾਣੀ ਨੂੰ ਵੀਚਾਰ ਕੇ ਪੜ੍ਹਣ ਦੁਆਰਾ ਜੀਵਨ ਸੁਧਾਰ ਸ਼ੁਰੂ ਹੁੰਦਾ ਹੈ। ਪਵਿੱਤਰ ਜੀਵਨ ਵਾਲੇ ਗੁਣਾਂ ਨੂੰ ਧਾਰਨ ਕਰਕੇ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ; ਤਾਂ ਹੀ ਔਗੁਣ ਉਹਨਾਂ ਦੇ ਨੇੜੇ ਨਹੀਂ ਆਉਂਦੇ। ਜਿਹਨਾਂ ਦੀ ਜੀਵਨਸ਼ੈਲੀ ਵੀਚਾਰ ਬਣ ਜਾਏ, ਅੰਮ੍ਰਿਤ ਵੇਲੇ ਦੇ ਨਿਤਨੇਮ ਸਿਮਰਨ ਤੋਂ ਉਪਰੰਤ ਦਿਨ ਦੀ ਸ਼ੁਰੂਆਤ ਕਰਦੇ ਹਨ। ਗੁਰੂ ਸਾਹਿਬ ਜੀ ਦੀ ਸਿੱਖੀ ਦੀ ਪ੍ਰਪੱਕਤਾ ਨੂੰ ਧਿਆਨ ਗੋਚਰੇ ਰੱਖਦਿਆਂ ਕੰਮ ਵੇਲੇ ਭੀ ਮੁੱਖ ਤੇ ਹਿਰਦੇ ਵਿੱਚ ਸਿਮਰਨ ਕਰਦੇ ਹਨ। ਦਿਨ-ਰਾਤ ਸਿਮਰਨ ਕਰਦਿਆਂ ਕਦੇ ਭੀ ਰੱਬ ਨੂੰ ਨਹੀਂ ਭੁਲਾਉਂਦੇ। ਸੁਰਤਿ ਵਿੱਚ ਨਾਮ ਸਿਮਰਨ ਦੀ ਲਗਾਤਾਰ ਧੁਨਿ ਚੱਲਦੀ ਰਹੇ; ਲਿਵ ਬਣ ਜਾਂਦੀ ਹੈ। ਲਿਵ ਦਾ ਅਭਿਆਸ ਤਨ-ਹੰਗਤਾ ਨੂੰ ਨਸ਼ਟ ਕਰ ਦਿੰਦਾ ਹੈ। ਦਾਰਸ਼ਨਿਕ ਸ਼ਾਸਤ੍ਰ ਵਿੱਚ ਤਨ-ਹੰਗਤਾ (ਹਉਮੈ) ਨੂੰ ਖਤਮ ਕਰਨ ਲਈ ਸ੍ਰਵਣ-ਮੰਨਨ-ਨਿਧਿਆਸਨ ਦੀ ਨੌ ਅਧਿਆਵਾਂ ਦੀ ਵਿਆਖਿਆ ਆਈ ਹੈ। ਜਿਵੇਂ ਦਾਰਸ਼ਨਿਕ ਵੀਚਾਰਧਾਰਾ ਦੁਆਰਾ ਸਤ-ਚਿਤ-ਅਨੰਦ ਪ੍ਰਾਪਤ ਹੁੰਦਾ ਹੈ, ਉਸੇ ਤਰ੍ਹਾਂ ਸਿਮਰਨ ਕਰਨ ਵਾਲਾ ਗੁਰਮੁਖ ਪਿਆਰਾ ਸਤ-ਚਿਤ-ਅਨੰਦ ਬ੍ਰਹਮ ਨੂੰ ਹਾਸਿਲ ਕਰ ਲੈਂਦਾ ਹੈ। ਇਸ ਅਵਸਥਾ ਵਿੱਚ ਭੀ ਗੁਰਮੁਖ ਸਿਮਰਨ ਨੂੰ



ਛੱਡਦਾ ਨਹੀਂ। ਵਿਦਿਆਰਥੀ ਅੱਖਰਾਂ ਨੂੰ ਬੋਲ ਕੇ ਯਾਦ ਕਰ ਲੈਂਦਾ ਹੈ, ਉਸਦੀ ਜੁਬਾਨ ਬਿਨਾਂ ਬੋਲੇ ਹੀ ਕੰਠ ਵਿੱਚ ਬਾਰ-ਬਾਰ ਅੱਖਰ ਚੱਲਦੇ ਰਹਿੰਦੇ ਹਨ; ਇਸਨੂੰ ਮੱਧਮਾ ਕਹਿੰਦੇ ਹਨ। ਇਸੇ ਪ੍ਰਕਾਰ ਗੁਰਬਾਣੀ ਨੂੰ ਬਾਰ-ਬਾਰ ਅਭਿਆਸ ਕਰਨ ਨਾਲ ਬਾਣੀ ਕੰਠ ਹੋ ਜਾਂਦੀ ਹੈ। ਇੱਥੇ ਗੁਰਮਤਿ ਦੇ ਸ੍ਰਵਣ ਦੀ ਵਾਰੀ ਆਉਂਦੀ ਹੈ। ਜਿੱਥੇ ਬੋਲਣ ਤੇ ਸੁਨਣ ਵਾਲਾ ਦੋਨੋਂ ਹੀ ਸੁਣ ਰਹੇ ਹੁੰਦੇ ਹਨ। ਜਦੋਂ ਅਸੀਂ ਕੋਈ ਵੀਚਾਰ ਸੁਨਾਉਣ ਲਈ ਬੋਲ ਰਹੇ ਹੁੰਦੇ ਹਾਂ; ਸਭ ਤੋਂ ਪਹਿਲਾਂ ਅਸੀਂ ਖੁਦ ਸੁਣ ਰਹੇ ਹੁੰਦੇ ਹਾਂ। ਇਸੇ ਲਈ ਸਾਨੂੰ ਸਾਡੀ ਵੀਚਾਰ ਵਿਚਲੀ ਗਲਤੀ ਜਾਂ ਦਰੁਸਤੀ ਦਾ ਉਸੇ ਵੇਲੇ ਪਤਾ ਚਲ ਜਾਂਦਾ ਹੈ। 'ਗਾਵੀਐ ਸੁਣੀਐ ਮਨਿ ਰਖੀਐ ਭਾਉ ॥'- ਗਾਉਣ ਤੇ ਸੁਨਣ ਵਾਲੇ ਦੇ ਮਨ ਵਿੱਚ ਪ੍ਰੇਮ ਹੋਵੇ ਤਾਂ ਦੋਵਾਂ ਦਾ ਮਨ ਸੁਨਣ ਵਾਲਾ ਬਣ ਜਾਂਦਾ ਹੈ। ਇਹ ਗੁਰਮਤਿ ਦਾ ਸ੍ਰਵਣ ਹੈ। ਚੰਗਿਆਈ ਦੀ ਵੀਚਾਰ ਸੁਣ ਕੇ ਮਨ ਨੂੰ ਪਸੰਦ ਆ ਜਾਏ; ਤਦੋਂ ਮਨ ਆਪਣੇ-ਆਪ ਨੂੰ ਗੁਰਮਤਿ ਅਨੁਸਾਰ ਢਾਲਣ ਲਈ ਤਿਆਰ ਕਰ ਲੈਂਦਾ ਹੈ। ਇਹ ਅਭਿਆਸ ਦੀ ਪਹਿਲੀ ਪਉੜੀ ਹੈ; ਜਿਥੋਂ ਮੰਨਨ ਦਾ ਕਾਰਜ ਖੇਤਰ ਸ਼ੁਰੂ ਹੁੰਦਾ ਹੈ। ਜਿਵੇਂ ਪ੍ਰਕਾਸ਼ ਦੀ ਹੋਂਦ ਹਨੇਰੇ ਨੂੰ ਆਪਣੇ ਵਿੱਚ ਜ਼ਜਬ ਕਰ ਲੈਂਦੀ ਹੈ; ਇਵੇਂ ਚੰਗੇ ਗੁਣਾਂ ਦੇ ਅਭਿਆਸ ਦੀ ਹੈਸੀਅਤ ਔਗੁਣਾਂ ਨੂੰ ਆਪਣੇ ਵਿੱਚ ਸਮੇਟ ਲੈਂਦੀ ਹੈ। ਜਿਤਨਾ ਕੋਈ ਪ੍ਰਕਾਸ਼ ਦੀ ਸਮਰੱਥਾ (Voltage) ਨੂੰ ਵਧਾਉਂਦਾ ਜਾਂਦਾ ਹੈ; ਉਤਨਾ ਹੀ ਹਨੇਰਾ ਖਤਮ ਹੁੰਦਾ ਜਾਂਦਾ ਹੈ। ਇਸੇ ਪ੍ਰਕਾਰ ਜਿਤਨਾ ਕੋਈ ਗੁਣਾਂ ਨੂੰ ਧਾਰਨ ਕਰਨ ਲਈ ਜ਼ਜ਼ਬਾਤ ਬਣਾਉਂਦਾ ਜਾਂਦਾ ਹੈ; ਔਗਣਾਂ ਦਾ ਨਾਮੋ-ਨਿਸ਼ਾਨ ਨਹੀਂ ਰਹਿੰਦਾ। ਸਾਰੇ ਔਗੁਣਾਂ ਦਾ 'ਮਾਂ-ਬਾਪ' ਹੰਕਾਰ (ਹੰਗਤਾ) ਹੈ; ਹੰਕਾਰ ਦੀ ਦੁਰਵਰਤੋਂ ਜਿੰਦਗੀ ਨੂੰ ਨਾਸ਼ ਕਰਦੀ ਹੈ; ਸਦਵਰਤੋਂ ਗੌਰਵਤਾ ਪ੍ਰਦਾਨ ਕਰਦੀ ਹੈ। ਸਿਮਰਨ ਕਰਨ ਵਾਲਾ ਗੁਰੂ ਸਾਹਿਬ ਜੀ ਉੱਪਰ ਮਾਣ ਮਹਿਸੂਸ ਕਰਦਾ ਹੈ; ਜਿਸ ਦੁਆਰਾ ਮਿਲੇ ਗਿਆਨ ਕਰਕੇ ਜਿੰਦਗੀ ਸਫਲਤਾ ਦੇ ਰਸਤੇ ਉੱਪਰ ਤੁਰਨ ਲਗੀ ਹੈ। ਸਫਲਤਾ ਦਾ ਪਹਿਚਾਣ ਪੱਤਰ ਹੈ; ਹੰਕਾਰ ਤੇ ਗੌਰਵਤਾ, ਕਾਇਰਤਾ ਤੇ ਸੂਰਮਗਤੀ, ਮੋਹ ਤੇ ਪ੍ਰੇਮ, ਕਾਮ ਤੇ ਪ੍ਰਜ਼ਨਣ ਸ਼ਕਤੀ ਵਿਚਕਾਰਲਾ ਫਰਕ ਪਤਾ ਲਗ ਜਾਣਾ। ਹੱਸਦਿਆਂ, ਖੇਡਦਿਆਂ, ਪਹਿਨਦਿਆਂ ਤੇ ਖਾਂਦਿਆਂ ਰੱਬ ਨਾਲ ਦੋਸਤੀ ਦਾ ਸਭ ਤੋਂ ਸੁੰਦਰ ਪ੍ਰਸੰਗ ਹੈ। ਜਿਵੇਂ ਬਿਜਲੀ ਦੇ ਅੰਪਾਇਰ ਚੱਲਦੇ ਹਨ, ਤਾਂ ਵੋਲਟੇਜ਼ ਕਿਸੇ ਕੰਮ ਦੀ ਹੈ। ਇਵੇਂ ਆਤਮਾ ਦੀ ਜੋਤੀ ਜਗਦੀ ਹੈ; ਤਾਂ ਗੁਣ-ਔਗਣ ਦੀ ਸੋਧ-ਸੁਧਾਈ ਹੋ ਸਕਦੀ ਹੈ। ਬ੍ਰਹਮ ਤੇ ਆਤਮਾ

ਦੇ ਬਿਬੇਕ ਦੁਆਰਾ ਗੁਣਾਂ ਤੇ ਔਗੁਣਾਂ ਦੀ ਤਵਾਜ਼ਨਤਾ ਖਿਆਲ ਵਿੱਚ ਰੱਖਕੇ ਜਿੰਦਗੀ ਦੀ ਗੱਡੀ ਤੁਰਦੀ ਹੈ। ਜਿੰਦਗੀ ਵਿੱਚ ਨਾਮ ਨਾਲ ਜੁੜਨ ਲਈ ਅਨੇਕਾਂ ਯੁਕਤੀਆਂ ਦੇ ਵਰਤਣ ਨੂੰ ਗੁਰਮਤਿ ਦਾ ਮੰਨਨ ਕਿਹਾ ਜਾ ਸਕਦਾ ਹੈ। ਇੱਥੇ ਭੀ ਗੁਰਮੁਖ ਨਾਮ ਨੂੰ ਭੁਲਾਉਂਦਾ ਨਹੀਂ ਹੈ; ਹਰ ਵਕਤ ਸਿਮਰਨ ਵਿੱਚ ਲਿਵਲੀਨ ਰਹਿੰਦਾ ਹੈ।

**ਤਬਿ ਭੀ ਨਿਤ ਸਿਮਰਨ ਸਤਿਨਾਮ। ਨਹਿਂ ਤਯਾਗਹਿ ਜਾਨਹਿ ਸੁਖ ਧਾਮ।**
**ਪੁਨਿ ਬ੍ਰਿਤਿ ਚਢੀ ਨਿਧਯਾਸਨ ਜਾਇ। ਅਨੰਦ ਆਤਮਾ ਬਿਖੈ ਟਿਕਾਇ॥ ੬॥**
**ਸਜਾਤੀ ਪ੍ਰਤੈ ਬਿਹੈ ਪ੍ਰਵਾਹ। ਪ੍ਰਾਪਤਿ ਭਯੋ ਅਨੰਦ ਕੇ ਮਾਹਿਂ।**
**ਤਬਿ ਭੀ ਨਾਂਹਿਨ ਨਾਮ ਬਿਸਾਰਹੁ। ਰਿਦੈ ਬਿਖੈ ਕੈ ਮੁਖਹੁਂ ਉਚਾਰਹੁ॥ ੭॥**

**ਅਰਥ** – ਮਨਨ ਦੀ ਅਵਸਥਾ ਵਿਚ ਭੀ ਸਤਨਾਮ ਦਾ ਸਿਮਰਨ ਕਰਨਾ ਕਰੇ। ਸੁੱਖਾਂ ਦਾ ਘਰ ਜਾਣ ਕੇ ਕਦੇ ਭੀ ਨਾ ਤਿਆਗੇ। ਫਿਰ ਨਿਧਆਸਨ ਵਿੱਚ ਬ੍ਰਿਤੀ ਜਾ ਚੜੇਗੀ। ਇੱਥੇ ਆਤਮਾ ਦਾ ਅਨੰਦ ਪ੍ਰਾਪਤ ਹੋ ਜਾਂਦਾ ਹੈ। ਇੱਥੇ ਬ੍ਰਿਤੀ ਦਾ ਪ੍ਰਵਾਹ ਸਜਾਤਾਕਾਰ ਹੋ ਜਾਂਦਾ ਹੈ। ਅਨੰਦ ਦੀ ਅਵਸਥਾ ਵਿੱਚ ਪ੍ਰਾਪਤ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਭੀ ਕਦੇ ਨਾਮ ਨਾ ਭੁਲਾਵੋ। ਹਿਰਦੇ ਵਿੱਚ ਜਾਂ ਮੁੱਖ ਤੋਂ ਨਾਮ ਦਾ ਉਚਾਰਨ ਕਰੋ।

**ਭਾਵਾਰਥ** – ਸਿਮਰਨ ਕਰਨ ਵਾਲਾ ਮੰਨਨ ਵੇਲੇ ਪ੍ਰਭੂ ਨਾਮ ਨੂੰ ਭੁਲਾਉਂਦਾ ਨਹੀਂ ਹੈ, ਉਹ ਤਰੱਕੀ ਦੇ ਰਾਹ ਨੂੰ ਪੱਧਰਾ ਰੱਖਦਾ ਹੈ। ਜਦੋਂ ਕੋਈ ਰਾਜਾ/ਮੁੱਖ-ਪ੍ਰਬੰਧਕ ਦਾ ਕਿਸੇ ਪਾਸੇ ਨੂੰ ਜਾਣ ਦਾ ਪ੍ਰੋਗਰਾਮ ਬਣਦਾ ਹੈ, ਤਾਂ ਸਾਰੇ ਰਸਤੇ ਸਾਫ ਕੀਤੇ ਜਾਂਦੇ ਹਨ; ਇਵੇਂ ਗੁਰਮਤਿ ਅਨੁਸਾਰ ਮੰਨਨ ਕਰਨ ਵਾਲਾ ਬਿਬੇਕ ਦਾ ਸਹਾਰਾ ਪ੍ਰਾਪਤ ਕਰਕੇ ਆਂਤਰਿਕ ਦੁਨੀਆਂ ਦੀ ਸਫਾਈ ਕਰਦਾ ਹੈ। ਕਿਉਂਕਿ ਉਸ ਦਾ ਮਨ ਰਾਜਾ ਤਾਂ ਹਰ ਵਖਤ ਸਰੀਰਕ ਦੁਨੀਆਂ ਵਿੱਚ ਤੁਰਿਆ ਹੀ ਰਹਿੰਦਾ ਹੈ। ਗੌਰ-ਤਲਬ ਇਹ ਹੈ, ਕਿ ਗੁਰਮੁੱਖ ਤੇ ਮਨਮੁੱਖ ਦੇ ਮਨ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ। ਭਾਈ ਸਾਹਿਬ ਦਯਾ ਸਿੰਘ ਜੀ ਗੁਰਮੁੱਖ ਦੇ ਮਨ ਦੀ ਵੀਚਾਰ ਅੰਕਿਤ ਕਰ ਰਹੇ ਹਨ। ਇਉਂ ਅਸਾਧ ਮਨ ਨੂੰ ਗੁਰਮੁੱਖ ਗੁਰਮੱਤੀਆ ਬਣਾ ਲੈਂਦੇ ਹਨ। ਸੰਕਲਪ ਤੇ ਵਿਕਲਪ ਮਨ ਦੀ ਕਿਰਿਆਸ਼ੀਲਤਾ ਦਾ ਅਧਾਰ ਹਨ। ਗੁਰਮੁੱਖ ਦਾ ਸੰਕਲਪ ਹੀ ਰਹਿ ਜਾਂਦਾ ਹੈ; ਵਿਕਲਪ ਖਤਮ ਹੋ ਜਾਂਦਾ ਹੈ। ਫੁਰਨੇ ਦੀ ਸ਼ਕਤੀ ਨੂੰ ਸੰਕਲਪ ਕਿਹਾ ਜਾਂਦਾ ਹੈ। ਫੁਰਨੇ ਤੋਂ ਭਿੰਨ ਕਲਪਨਾ ਕਰਨ ਨੂੰ ਵਿਕਲਪ ਕਿਹਾ ਜਾਂਦਾ ਹੈ।



ਦੋਨਾਂ ਵਿੱਚੋਂ ਕਿਸੇ ਇੱਕ ਨੂੰ ਗ੍ਰਹਿਣ ਕਰਨਯੋਗ ਮੰਨ ਲੈਣਾ ਮਨ ਦੀ ਬ੍ਰਿਤੀ ਬਣਦੀ ਹੈ। 'ਸੰਕਲਪੋ ਵਿਕਲਪੋ ਹੀ ਮਨਾ'। ਜਿੱਥੇ ਵਿਕਲਪ ਰਹਿੰਦਾ ਨਹੀਂ ਹੈ; ਉੱਥੇ ਸਜਾਤਾਕਾਰ ਬ੍ਰਿਤੀ ਹੋ ਜਾਂਦੀ ਹੈ। ਧਿਆਨਯੋਗ !! ਬ੍ਰਿਤੀ ਦਾ ਮਤਲਬ ਹੁੰਦਾ ਹੈ; ਕਰਮ ਲਈ ਕਿਰਿਆ ਦਾ ਸ਼ੁਰੂ ਕੀਤਾ ਜਾਣਾ। ਨਿਸ਼ਚੈ ਕੀਤੇ ਸਿਧਾਂਤ ਅਨੁਸਾਰ ਮਨ ਬ੍ਰਿਤੀ ਰੂਪ ਹੋ ਕੇ ਪ੍ਰਵਾਹਿਤ ਹੋ ਜਾਂਦਾ ਹੈ। ਸਿਧਾਂਤਕ ਪ੍ਰਵਾਹ ਜੀਵਨ ਦੇ ਅਨੰਦ ਨੂੰ ਸੁਆਦਲਾ ਬਣਾ ਦਿੰਦਾ ਹੈ। ਜਿਵੇਂ ਖੰਡ (ਚੀਨੀ) ਨੂੰ ਪਾਣੀ ਵਿੱਚ ਪਾਉਣ ਕਰਕੇ ਪਾਣੀ ਮਿੱਠਾ ਹੋ ਸਕਦਾ ਹੈ ਪਰ ਮਿਠਾਸ ਚੀਨੀ ਦੀ ਹੀ ਹੁੰਦੀ ਹੈ। ਪਾਣੀ ਦਾ ਸਿਰਫ ਮਨੁੱਖੀ ਜੀਵਨ ਲਈ ਰੋਲ ਹੁੰਦਾ ਹੈ; ਜਦੋਂ ਫਿਲਟਰ ਕੀਤਾ ਜਾਏ ਤਾਂ ਕੇਵਲ ਚੀਨੀ ਹੀ ਬਚਦੀ ਹੈ। ਇਉਂ ਹੀ ਨਾਮ ਜਲ ਦਾ ਮਨੁੱਖੀ ਸ਼ਕਤੀ ਲਈ ਹੋਣਾ ਬਹੁਤ ਜਰੂਰੀ ਹੁੰਦਾ ਹੈ; ਪਰ ਨਾਮ ਜਪਣ ਦੁਆਰਾ ਮਿਠਾਸ ਬ੍ਰਿਤੀ ਕਰਕੇ ਪ੍ਰਾਪਤ ਹੁੰਦੀ ਹੈ। ਐਸੀ ਅਵਸਥਾ ਵਿੱਚ ਭੀ ਨਾਮ ਸਿਮਰਨ ਸਦਾ ਕਰਦੇ ਰਹਿਣਾ ਹੈ। ਇਹ ਮੱਧਮਾ ਬਾਣੀ ਦੀ ਪ੍ਰਪੱਕ ਅਵਸਥਾ ਹੁੰਦੀ ਹੈ। ਕੁੱਝ ਸਮਾਂ ਸਾਨੂੰ ਕੰਠ ਬਾਣੀ ਭੀ ਧਿਆਨ ਨਾਲ ਪੜ੍ਹਨੀ ਪੈਂਦੀ ਹੈ; ਪਰ ਪ੍ਰਪੱਕਤਾ ਨਾਲ ਸਹਿਜ ਵਿਵਸਥਾ ਵਿੱਚ ਸਿਮਰਨ ਸੁਤੇ ਸਿੱਧ ਹੀ ਚੱਲਣ ਲੱਗ ਜਾਂਦਾ ਹੈ।

**ਪੁਨ ਸੱਖਯਾਤਕਾਰ ਹੁਇ ਜਾਇ। ਤਬਿ ਇਕ ਹੁਇ ਆਪੇ ਮਿਟ ਜਾਇ।**
**ਜਬ ਲਗ ਆਪਾ ਜਾਨਹਿ ਨਯਾਰਾ। ਨਹਿਂ ਅਭੇਦਤਾ ਭਲੀ ਪ੍ਰਕਾਰਾ॥ ੮॥**
**ਤਬਿ ਲੌ ਸੱਤਿਨਾਮ ਲਿਵ ਲਾਵੈ। ਨਾਨਾ ਬਿਘਨ ਹੋਨਿ ਨਹਿਂ ਪਾਵੈ।**
**ਸ਼ੁਭ ਗੁਨ ਸ਼੍ਰਵਨ ਮਨਨ ਨਿੱਧਯਾਸ। ਇਹ ਫੁਲਵਾੜੀ ਰਹੀ ਪ੍ਰਕਾਸ਼॥ ੯॥**

**ਅਰਥ** – ਜਦੋਂ ਫਿਰ ਸਾਖਿਆਤਕਾਰ ਹੋ ਜਾਏ ਤਦੋਂ ਇੱਕਸੁਰ ਹੋ ਕੇ ਆਪਾ (ਹੰਗਤਾ-ਭਾਵ) ਮਿਟ ਜਾਂਦਾ ਹੈ। ਜਦੋਂ ਤੱਕ ਹੰਗਤਾ ਦੇ ਵੱਸ ਹੋ ਕੇ ਆਪਣੇ ਆਪ ਨੂੰ ਸੰਸਾਰ ਤੋਂ ਵੱਖ ਕਰਕੇ ਜਾਣਦਾ ਹੈ; ਉਦੋਂ ਤੱਕ ਅਭੇਦਤਾ ਚੰਗੀ ਤਰ੍ਹਾਂ ਨਾਲ ਨਹੀਂ ਹੁੰਦੀ। ਉਦੋਂ ਤੱਕ ਸੱਚੇ ਨਾਮ ਨਾਲ ਲਿਵ ਲਗਾਉਣਾ ਕਰੇ। ਇਸ ਨਾਲ ਅਨੇਕ ਤਰ੍ਹਾਂ ਦੇ ਬਿਘਨ ਨਹੀਂ ਹੁੰਦੇ। ਚੰਗੇ ਗੁਣ ਸ੍ਰਵਣ, ਮੰਨਨ ਤੇ ਨਿਧਿਆਸਨ; ਇਹ ਚੰਗੇ ਗੁਣਾਂ ਦੀ ਫੁਲਵਾੜੀ ਸ਼ੋਭਨੀਕ ਹੁੰਦੀ ਹੈ।

**ਭਾਵਾਰਥ** – ਭਾਈ ਸਾਹਿਬ ਜੀ ਸਿਮਰਨ ਦੀ ਸਾਧਨਾ ਦਾ ਫਲ ਸਮਝਾਉਂਦੇ ਹਨ, ਮੰਨਨ ਤੇ ਨਿਧਿਆਸਨ ਦੁਆਰਾ ਸਾਖਿਯਾਤਕਾਰ ਹੋ ਜਾਂਦਾ ਹੈ। ਬ੍ਰਿਤੀ ਆਤਮਾ ਵਿੱਚ ਲੀਨ ਹੋ ਜਾਂਦੀ ਹੈ; ਭਾਵ ਆਤਮਾਕਾਰ ਬਣ ਜਾਂਦੀ ਹੈ। ਹਉਮੈਂ ਕਰਕੇ ਸਰੀਰ

ਹੋਂਦਵਾਨ ਹੁੰਦਾ ਹੈ; ਸਰੀਰ ਕਰਕੇ ਹੀ ਸ੍ਰਵਣ ਮੰਨਨ ਤੇ ਨਿਧਆਸਨ ਹੁੰਦਾ ਹੈ। ਬ੍ਰਿਤੀ ਦਾ ਸਾਰਾ ਵਿਧਾਨ ਸੁਰਤਿ ਕਰਕੇ ਹੀ ਸੰਭਵ ਹੁੰਦਾ ਹੈ। ਆਤਮਾ ਕਾਰ ਬ੍ਰਿਤੀ ਹਉਮੈਂ ਨੂੰ ਮੇਟ ਕੇ ਹੀ ਮਿਲਦੀ ਹੈ। ਜਿੰਨਾਂ ਚਿਰ ਆਪਣਾ ਆਪਾ ਵਾਹਿਗੁਰੂ ਨੂੰ ਸਮਰਪਿਤ ਨਾ ਕਰੀਏ, ਉਤਨਾ ਚਿਰ ਹਉਮੈਂ ਮਿੱਟਦੀ ਨਹੀਂ ਹੈ। ਇਸ ਅਵਸਥਾ ਵਿੱਚ ਸਿੱਖ ਦਾ ਜੀਵਨ ਸੁਰਤਿ ਦੇ ਵਿਧਾਨ ਅਨੁਸਾਰ ਹੋ ਜਾਂਦਾ ਹੈ। ਸ਼ਬਦ ਦਾ ਅਨੁਸਰਣ ਕਰਨ ਵਾਲੀ ਸੁਰਤਿ ਪਸ਼ਯੰਤੀ-ਬਾਣੀ ਦੁਆਰਾ ਸ਼ਾਬਦਿਕ ਪ੍ਰਤਾਪ ਵਾਲੀ ਹੁੰਦੀ ਹੈ। ਸੁਰਤਿ, ਸ਼ਬਦ ਧੁਨਿ ਦਾ ਚੇਲਾ ਹੋ ਕੇ ਪਰਮਾਰਥ ਦੇ ਸਫਰ ਉੱਪਰ ਚਲਦੀ ਹੈ। ਜਿਤਨਾ ਚਿਰ ਸਾਧਕ ਗੁਰਸਿੱਖ ਦਾ ਮਨ (ਸੁਰਤਿ) ਸ਼ਬਦਾਕਾਰ ਰੂਪ ਨਹੀਂ ਹੁੰਦਾ ; ਉਤਨਾ ਚਿਰ ਸਿਮਰਨ ਨੂੰ ਯਤਨ ਸਹਿਤ ਜਾਰੀ ਰੱਖਣਾ ਹੋਵੇਗਾ। ਮਾਲੀ ਬਗੀਚੇ ਨੂੰ ਤਿਆਰ ਕਰਨ ਲਈ ਪਲਾਨ ਤਿਆਰ ਕਰਦਾ ਹੈ। ਫਲਾਂ ਤੇ ਫੁਲਾਂ ਦੇ ਬੂਟੇ ਨਿਯਤ ਕੀਤੇ ਥਾਵਾਂ ਤੇ ਲਗਾਉਂਦਾ ਹੈ। ਜਿਤਨਾ ਚਿਰ ਸਹੀ ਢੰਗ ਨਾਲ ਬੂਟੇ ਫਲਾਂ ਤੇ ਫੁੱਲਾਂ ਨਾਲ ਤਿਆਰ ਨਹੀਂ ਹੁੰਦੇ, ਉਤਨਾ ਚਿਰ ਮਾਲੀ ਨੂੰ ਬਗੀਚੇ ਵਿੱਚ ਹੀ ਰਹਿਣਾ ਪੈਂਦਾ ਹੈ। ਲਗਾਤਾਰ ਬਗੀਚੇ ਨੂੰ ਹਰਾ-ਭਰਾ ਰੱਖਣ ਲਈ ਧਿਆਨ ਕਰਨਾ ਬਹੁਤ ਜਰੂਰੀ ਹੁੰਦਾ ਹੈ। ਇਵੇਂ ਹੀ 'ਸ੍ਰਵਣ-ਮੰਨਨ-ਨਿਧਆਸਨ' ਦੀ ਫੁਲਵਾੜੀ ਨੂੰ ਪ੍ਰਕਾਸ਼ਵਾਨ ਰੱਖਣ ਲਈ 'ਸ਼ਬਦ ਦੀ ਧੁਨੀ' ਰੂਪ ਮਾਲੀ ਦਾ ਹੋਣਾ ਬਹੁਤ ਜਰੂਰੀ ਹੈ। ਸ਼ਬਾਦਾਕਾਰ ਬ੍ਰਿਤੀ ਹੀ ਆਤਮਾਕਾਰ ਫਲ ਅਤੇ ਸਾਧਨਾਂ ਰੂਪ ਫੁਲਾਂ ਨੂੰ ਸਜਾਉਂਦੀ ਹੈ।

**ਕਾਮ ਕ੍ਰੋਧ ਤੇ ਆਦਿ ਬਿਕਾਰੋ। ਇਹ ਮ੍ਰਿਗ ਨਾਨਾ ਬਿਧਿਨਿ ਹਜ਼ਾਰੋਂ।**
**ਸੱਤਿਨਾਮੁ ਕੋ ਹਰਿ ਬਲਿ ਭਾਰੀ। ਇਨਹੁਂ ਬਿਨਾਸੈ ਬਿਨਾ ਅਵਾਰੀ॥ ੧੦॥**
**ਨਿੱਧਯਾਸਨ ਲਗ ਚਹੈ ਸਹਾਇ। ਰਥੀ, ਮਹਾਰਥੀ ਹੈ ਜਿਸ ਭਾਇ।**
**ਹੈ ਅਤਿਰਥੀ ਗਯਾਨ ਸੱਖਯਾਤ। ਸਗਰੇ ਬਿਘਨ ਕਰਤਿ ਹੈ ਸ਼ਾਂਤਿ॥ ੧੧॥**

**ਅਰਥ** - ਕਾਮ ਕਰੋਧ ਆਦਿ ਵਿਕਾਰਾਂ ਰੂਪ ਮ੍ਰਿਗ ਅਨੇਕ ਤਰ੍ਹਾਂ ਦੇ ਹਜ਼ਾਰਾਂ ਫਿਰਦੇ ਹਨ। ਵਾਹਿਗੁਰੂ ਜੀ ਦਾ ਸਤਿਨਾਮ ਮਹਾਨ ਬਲ ਵਾਲਾ ਹੈ; ਇਹਨਾਂ ਨੂੰ ਬਿਨਾਂ ਦੇਰੀ ਤੋਂ ਨਸ਼ਟ ਕਰ ਦਿੰਦਾ ਹੈ। ਨਿਧਿਆਸਨ ਤੱਕ ਜੀਵ ਦੀ ਬ੍ਰਿਤੀ ਨੂੰ ਸਹਾਇਤਾ ਚਾਹੀਦੀ ਹੈ। ਜਿਵੇਂ ਰਥੀ ਜਾਂ ਮਹਾਰਥੀ ਸੂਰਮਿਆਂ ਨੂੰ ਸਹਾਇਤਾ ਦੀ ਜਰੂਰਤ ਹੁੰਦੀ ਹੈ। ਸਾਖਿਆਤਕਾਰ ਗਿਆਨ ਅਤਿਰਥੀ ਵਾਂਗ ਹੁੰਦਾ ਹੈ; ਜਿਸ ਦੁਆਰਾ ਸਾਰੇ ਬਿਘਨ ਨਾਸ਼ ਹੋ ਜਾਂਦੇ ਹਨ।



**ਭਾਵਾਰਥ** - ਕਿਸੇ ਮਾਲੀ ਦੀ ਅਕਲਵੰਦੀ ਦੀ ਪਹਿਚਾਣ ਸੁੰਦਰ ਬਾਗ-ਬਗੀਚਾ ਹੁੰਦੀ ਹੈ। ਜਿਸ ਵਿੱਚ ਬਹੁਤ ਸਾਵਧਾਨੀ ਨਾਲ ਫਲਦਾਰ ਤੇ ਫੁੱਲਾਂ ਵਾਲੇ ਬੂਟੇ ਸਜਾਏ ਜਾਂਦੇ ਹਨ। ਜੰਗਲ ਤੇ ਬਾਗ ਵਿੱਚ ਫਰਕ ਕੇਵਲ ਮਾਲੀ ਦਾ ਦਿਮਾਗ ਹੀ ਹੁੰਦਾ ਹੈ; ਬੂਟਿਆਂ ਦਾ ਬਹੁਤਾ ਫਰਕ ਨਹੀਂ ਹੁੰਦਾ। ਇਉਂ ਹੀ ਮਨਮੁੱਖ ਤੇ ਗੁਰਮੁੱਖ ਵਿੱਚ ਫਰਕ ਕੇਵਲ ਗੁਰੂ ਸਿਧਾਂਤ ਦਾ ਹੀ ਹੁੰਦਾ ਹੈ; ਵੇਖਣ ਨੂੰ ਦੋਨੋਂ ਹੀ ਮਨੁੱਖੀ ਅਕਾਰ ਹੀ ਹੁੰਦੇ ਹਨ। ਖੇਤੀਬਾੜੀ ਤੇ ਜੰਗਲ ਦੀ ਥਾਂ ਜਾਨਵਰਾਂ ਦੇ ਵਿਚਰਨ ਲਈ ਹੋ ਸਕਦੀ ਹੈ; ਪਰ ਬਗੀਚਾ ਕੇਵਲ ਸਿਆਣੇ ਮਨੁੱਖ ਲਈ ਹੀ ਹੁੰਦਾ ਹੈ। ਕਿਉਂਕਿ ਸਿਆਣੇ ਮਨੁੱਖ ਨੂੰ ਸੁਗੰਧੀ ਤੇ ਫਲ ਵਰਤਣ ਦਾ ਪਤਾ ਹੁੰਦਾ ਹੈ। ਇਵੇਂ ਹੀ 'ਸ੍ਰਵਣ-ਮੰਨਨ-ਨਿਧਿਆਸਨ' ਦਾ ਸਿਆਣੇ ਪੁਰਖਾਂ ਨੂੰ ਪਤਾ ਹੁੰਦਾ ਹੈ, ਉਹੋ ਹੀ ਸਾਖਿਆਤਕਾਰਤਾ ਦਾ ਲਾਭ ਪ੍ਰਾਪਤ ਕਰਨ ਲਈ ਸੇਵਾ ਦੀ ਸੁਗੰਧੀ ਤੇ ਸਿਮਰਨ ਦੇ ਫਲ ਦੀ ਕਦਰ ਕਰਦੇ ਹਨ। ਬਾਗ ਦੇ ਹੋਣ ਵਾਲੇ ਨੁਕਸਾਨ ਦਾ ਮਾਲੀ ਪੂਰਾ ਖਿਆਲ ਰੱਖਦਾ ਹੈ; ਇਵੇਂ ਹੀ ਗੁਰੂ- ਭਾਵਨਾ ਰੂਪ ਮਾਲੀ ਦੁਆਰਾ ਅਧਿਆਤਮਕਤਾ ਵਿੱਚ ਆਉਣ ਵਾਲੀਆਂ ਔਕੜਾਂ ਨੂੰ ਪੂਰੀ ਸਾਵਧਾਨੀ ਨਾਲ ਪਰਖਦੇ ਰਹਿੰਦੇ ਹਨ। ਜੇ ਬਾਗ ਵਿੱਚ ਮ੍ਰਿਗ ਆਦਿਕ ਜਾਨਵਰ ਬੂਟਿਆਂ ਦਾ ਨੁਕਸਾਨ ਕਰਨਾ ਚਾਹੁੰਣ, ਤਾਂ ਮਾਲੀ ਡੰਡੇ ਨਾਲ ਮ੍ਰਿਗ ਆਦਿਕ ਨੂੰ ਡਰਾ ਕੇ ਭਜਾ ਦਿੰਦਾ ਹੈ; ਇਵੇਂ ਹੀ ਗੁਰੂ -ਭਾਵਨਾ ਰੂਪ ਮਾਲੀ ਸਿੱਖ ਦੇ ਸਿਦਕ ਦਾ ਰੂਪ ਬਣ ਕੇ ਕਾਮਾਦਿਕ ਮ੍ਰਿਗਾਂ ਨੂੰ ਭਜਾਉਣ ਲੱਗਿਆਂ ਦੇਰ ਨਹੀਂ ਲਗਾਉਂਦਾ। ਇੱਥੇ ਵਾਹਿਗੁਰੂ ਸ਼ਬਦ ਪਸ਼ਯੰਤੀ ਬਾਣੀ ਦਾ ਸਰੂਪ ਹੋ ਕੇ ਸਿੱਖ ਦੀ ਸਿਦਕਦਿਲੀ ਬਣ ਜਾਂਦਾ ਹੈ। ਉਸਨੂੰ ਕਾਮਾਦਿ ਵਿੱਚ ਕਾਮ-ਸੁੱਖ ਦੀ ਥਾਂ ਉੱਪਰ ਕਾਮ ਦੁੱਖ ਰੂਪ ਪ੍ਰਤੀਤ ਹੋਣ ਲੱਗ ਜਾਂਦਾ ਹੈ। ਉਸ ਲਈ ਕਾਮਾਦਿ ਵਾਸ਼ਨਾ ਦਾ ਅਨੰਦ ਨਹੀਂ ਸਗੋਂ ਤਿਆਗ ਵਿੱਚੋਂ ਹੋਰ ਵੱਧ ਸੁੱਖ ਅਨਭਵ ਹੁੰਦਾ ਹੈ। ਤਿਆਗੀ ਮਨ ਸਿਮਰਨ-ਬ੍ਰਿਤੀ ਵਾਲਾ ਹੋ ਜਾਂਦਾ ਹੈ। ਇੱਥੇ ਪਸ਼ਯੰਤੀ ਬਾਣੀ ਤਿਆਗ-ਵੈਰਾਗ ਨਾਲ ਅਲੰਕ੍ਰਿਤ ਹੋ ਜਾਂਦੀ ਹੈ। ਹੰਕਾਰੀ ਤੇ ਗੌਰਵਸ਼ਾਲੀ ਜੀਵਨ ਵਿਚਕਾਰ ਫਰਕ ਇੱਥੋਂ ਹੀ ਸਮਝ ਆਉਂਦਾ ਹੈ। ਹੰਕਾਰੀ ਭੀ ਦੁਨੀਆਂ ਦਾ ਸਾਰਾ ਕੁੱਝ ਆਪਣੇ ਅਧੀਨ ਹੋਇਆ ਵੇਖਣਾ ਚਾਹੁੰਦਾ ਹੈ; ਗੌਰਵਸ਼ਾਲੀ ਮਨੁੱਖ ਭੀ ਦੁਨੀਆਂ ਨੂੰ ਆਪਣੀ ਸਮਝਦਾ ਹੈ। ਪਰ ਹੰਕਾਰੀ ਸਭ ਨੂੰ ਦੁਖੀ ਕਰਕੇ ਸੁੱਖ ਮਹਿਸੂਸ ਕਰਦਾ ਹੈ; ਜਦੋਂ ਕਿ ਗੌਰਵਸ਼ਾਲੀ ਸਾਰਿਆਂ ਨੂੰ ਸੁਖੀ ਕਰਕੇ ਸੁਖ ਮਹਿਸੂਸ ਕਰਦਾ ਹੈ। ਅਤਿਰਥੀ ਤੇ ਰਥੀ ਸੂਰਮਿਆਂ ਵਾਂਗ ਇਸ ਅਵਸਥਾ ਵਿੱਚ ਭੀ ਸਿਮਰਨ ਦੀ ਜ਼ਰੂਰਤ ਬਣੀ ਰਹਿੰਦੀ ਹੈ। ਕਾਮਾਦਿ

ਵਿਕਾਰਾਂ ਨੂੰ ਨਸ਼ਟ ਕਰਨ ਲਈ ਸਿਮਰਨ ਦੀ ਬਹੁਤ ਜਰੂਰਤ ਹੁੰਦੀ ਹੈ। ਜੀਵ ਦੀ ਬ੍ਰਿਤੀ ਲਈ ਨਿਧਆਸਨ ਤੱਕ ਵਾਹਿਗੁਰੂ ਦਾ ਸੱਤ ਨਾਮ ਸਰੂਪ ਸਹਾਇਤਾ ਲਈ ਬਹੁਤ ਜਰੂਰੀ ਹੈ। ਪਸ਼ਯੰਤੀ ਬਾਨੀ ਵਿੱਚ ਵਾਹਿਗੁਰੂ ਕੇਵਲ ਅੱਖਰ ਨਾ ਹੋ ਕੇ ਸਿਧਾਂਤਕ ਵੀਚਾਰਧਾਰਾ ਦਾ ਰੂਪ ਬਣ ਜਾਂਦੇ ਹਨ। ਆਤਮਾ ਦੀ ਸਾਖਿਯਾਤਕਾਰਤਾ ਦੇ ਗਿਆਨ ਕਰਕੇ ਸਾਰੇ ਬਿਘਨ ਨਾਸ਼ ਹੋ ਜਾਂਦੇ ਹਨ।

**ਚਾਹ ਸਹਾਯਕ ਕੀ ਨਹਿਂ ਧਰੈ। ਜੁਤਿ ਅੱਗਯਾਨ ਬਿਕਾਰਨ ਹਰੈ।**
**ਸਾਲਾਹੀ ਸਾਲਾਹਹੁ ਤਬਿ ਲੌ। ਸੁਰਤਿ ਨ ਮਿਲਹਿ ਬ੍ਰਹਮ ਮਹਿਂ ਜਬਿ ਲੌ॥ ੧੨॥**
**ਜਿਮ ਨਦ ਵਾਹ ਸਮੁੰਦ੍ਰ ਮਹਿਂ ਭਲੇ। ਏਕ ਰੂਪ ਨਹਿਂ ਹੋਵਤਿ ਭਲੇ।**
**ਤਬਿ ਲੌ ਸੱਤਿਨਾਮ ਕੋ ਸਿਮਰਨ। ਰਹਹੁ ਸਲਾਹਤਿ ਪ੍ਰਭੁ ਕੋ ਨਿਸ ਦਿਨ॥ ੧੩॥**

**ਅਰਥ** - ਅਤਿਰਥੀ ਕਿਸੇ ਦੀ ਸਹਾਇਤਾ ਨਹੀਂ ਚਾਹੁੰਦਾ; ਅਗਿਆਨ ਦੇ ਸਮੇਤ ਸਾਰੇ ਬਿਕਾਰਾਂ ਨੂੰ ਨਸ਼ਟ ਕਰ ਦਿੰਦਾ ਹੈ। ਪ੍ਰਮਾਤਮਾ ਦੀ ਸਿਫਤ ਸਲਾਘਾਂ ਉਦੋਂ ਤੱਕ ਕਰਦੇ ਰਹੋ; ਜਦੋਂ ਤੱਕ ਸੁਰਤ ਬ੍ਰਹਮ ਵਿੱਚ ਲੀਨ ਨਹੀਂ ਹੋ ਜਾਂਦੀ। ਜਿਵੇਂ ਨਦੀਆਂ ਵਾਹੜੇ ਸਮੁੰਦ੍ਰ ਵਿੱਚ ਚੰਗੀ ਤਰ੍ਹਾਂ ਮਿਲ ਕੇ ਇੱਕ ਰੂਪ ਨਹੀਂ ਹੋ ਜਾਦੇ; ਇਵੇਂ ਸਤਿਨਾਮ ਨੂੰ ਚੰਗੀ ਤਰ੍ਹਾਂ ਸਿਮਰਦਾ ਰਹੇ। ਉਦੋਂ ਤੱਕ ਸਤਿਨਾਮ ਦਾ ਸਿਮਰਨ ਰੂਪ ਬ੍ਰਹਮ ਦੀ ਦਿਨ ਰਾਤ ਸਿਫਤ ਸ਼ਲਾਘਾ ਕਰੋ।

**ਭਾਵਾਰਥ** - ਆਤਮ ਸਾਖਿਯਾਤਕਾਰਤਾ ਨਾਲ ਗਿਆਨ ਦੀ ਵਿਸ਼ਾਲਤਾ ਨਾਲ ਇੱਕਸੁਰਤਾ ਹੋ ਜਾਂਦੀ ਹੈ। ਆਂਤਰਿਕ ਤੇ ਵਿਆਪਕ (ਖੰਡ ਤੇ ਬ੍ਰਹਮੰਡ) ਗਿਆਨ ਦਾ ਲਗਾਤਾਰਤਾ ਬਣ ਜਾਂਦੀ ਹੈ। 'ਸ੍ਰਵਣ-ਮੰਨਨ-ਨਿਧਿਆਸਨ' ਵਾਂਗ ਆਤਮ-ਗਿਆਨ ਨੂੰ ਕਿਸੇ ਸਹਾਇਕ ਦੀ ਜ਼ਰੂਰਤ ਨਹੀਂ ਰਹਿੰਦੀ; ਸਗੋਂ ਗਿਆਨ ਸਾਰੀਆਂ ਮੰਜ਼ਿਲਾਂ ਤੋਂ ਅਗਾਂਹ ਤੁਰਨ ਲਈ ਸਹਾਇਤਾ ਦਿੰਦਾ ਹੋਇਆ ਆਤਮ-ਗਿਆਨ ਦਾ ਸਰੂਪ ਧਾਰਨ ਕਰ ਲੈਂਦਾ ਹੈ। ਸਭ ਤੋਂ ਮਹਾਨ ਇਹ ! ਕਿ ਵਿਕਾਰਾਂ ਨੂੰ ਅਗਿਆਨ ਦੇ ਸਮੇਤ ਨਸ਼ਟ ਕਰ ਦਿੰਦਾ ਹੈ। ਅਗਿਆਨਤਾ ਨੂੰ ਗਿਆਨ ਨਸ਼ਟ ਕਰਦਾ ਹੈ। ਆਤਮ-ਗਿਆਨ ਦੀ ਅਵਸਥਾ ਵਿੱਚ ਗਿਆਨ ਦੇ ਅਨੰਤ ਰੂਪ ਹੁੰਦੇ ਹਨ। ਜਿਵੇਂ ਆਤਮਾ ਅਨੰਤ ਹੈ, ਆਤਮ-ਗਿਆਨ ਭੀ ਅਨੰਤ ਹੈ। ਅਗਿਆਨ ਤੋਂ ਪੈਦਾ ਹੋਏ ਸਾਰੇ ਵਿਕਾਰ; ਔਗੁਣ, ਕਾਮ, ਕਰੋਧ ਆਦਿ ਹਨ। ਆਤਮ-ਗਿਆਨ ਤੋਂ ਗੁਣ, ਆਤਮ-ਵਸਤੂ ਵੀਚਾਰ, ਖਿਮਾ ਆਦਿ ਦੀ ਪੈਦਾਇਸ਼ ਹੁੰਦੀ ਹੈ। ਜਿਵੇਂ ਮਨੁੱਖ ਹਨੇਰੇ ਨੂੰ ਦੂਰ ਕਰਨ ਲਈ ਪ੍ਰਕਾਸ਼ ਦੀ ਜਰੂਰਤ ਦਾ ਖਿਆਲ ਰੱਖਦਾ ਹੈ। ਸੌਣ ਵੇਲੇ ਜ਼ੀਰੋ



ਵਾਟ ਦਾ ਬੱਲਬ ਕੰਮ ਕਰਦਾ ਹੈ; ਪੜ੍ਹਨ ਵੇਲੇ ਸੌ ਵਾਟ ਦਾ ਬੱਲਬ ਚਾਹੀਦਾ ਹੈ। ਮਕਸਦ ਇਹ ਹੈ, ਕਿ ਹਨੇਰੇ ਤੋਂ ਛੁਟਕਾਰਾ ਪਾਇਆ ਜਾ ਸਕੇ; ਕਿਉਂਕਿ ਹਨੇਰਾ ਆਪਣੇ ਆਪ ਵਿੱਚ ਹੀ ਪਸਰਿਆ ਰਹਿੰਦਾ ਹੈ। ਇਵੇਂ ਹੀ ਸਰੀਰ ਦੀ ਹੋਂਦ ਕਰਕੇ ਔਗੁਣ, ਕਾਮ, ਕਰੋਧ ਆਦਿ ਆਪਣੇ ਆਪ ਹੀ ਬ੍ਰਿਤੀ ਨੂੰ ਦੂਸ਼ਿਤ ਕਰਦੇ ਰਹਿੰਦੇ ਹਨ; ਇਹਨਾਂ ਤੋਂ ਛੁਟਕਾਰਾ ਪਾਉਣ ਲਈ ਗੁਣ, ਆਤਮ ਵਸਤੂ ਵੀਚਾਰ ਤੇ ਖਿਮਾ ਨੂੰ ਸੰਭਾਲਣ ਲਈ ਯਤਨ ਜ਼ਰੂਰੀ ਹਨ। ਜਿਤਨਾ ਚਿਰ ਤੱਕ ਸਰੀਰ ਅੰਦਰ ਜੀਵਾਤਮਾ ਕੰਮ ਕਰਨ ਲਈ ਬੰਧਾਇਮਾਨ ਹੈ; ਭਾਵ ਪ੍ਰਾਲਬਧ ਬਾਕੀ ਹੈ। 'ਸਾਲਾਹੀ ਸਾਲਾਹਿ' ਵਾਲੇ ਚਰਣ ਵਿੱਚ ਗੁਰੂ ਸਾਹਿਬ ਜੀ ਨੇ ਇਹੀ ਸਿਧਾਂਤ ਦਰਸਾਇਆ ਹੈ। ਜਿਵੇਂ ਸਮੁੰਦਰ, ਨਾਲੇ ਅਤੇ ਮੀਂਹ ਦੁਆਰਾ ਚਲਣ ਵਾਲੇ ਵਾਹੜੇ ਆਪਸ ਵਿੱਚ ਮਿਲ ਨਹੀਂ ਜਾਂਦੇ; ਉਤਨਾ ਚਿਰ ਪਾਣੀ ਨੇ ਚੱਲਦੇ ਰਹਿਣਾ ਹੈ। ਇਵੇਂ ਹੀ ਸੁਰਤਿ, ਆਤਮਾ ਤੇ ਬ੍ਰਹਮ ਜਿੰਨਾ ਚਿਰ ਇਕਸੁਰ ਨਹੀਂ ਹੁੰਦੇ; ਉਤਨਾ ਚਿਰ ਸਤਿਨਾਮ ਉਚਾਰਨ ਕਰਦੇ ਰਹੋ। ਇੱਥੇ ਭਾਈ ਸਾਹਿਬ ਜੀ ਨੇ ਸਤਿਨਾਮ ਦੇ ਸਿਮਰਨ ਨਾਲ ਪ੍ਰਭੂ ਦੀ ਸਿਫਤ ਕਰਨ ਲਈ ਭੀ ਅੰਕਿਤ ਕੀਤਾ ਹੈ। ਪ੍ਰਭ ਸ਼ਬਦ ਦੇ ਅਰਥ ਹਨ; ਸਮਰਥਾਵਾਨ। ਸਾਡੇ ਸਰੀਰ ਦੀ ਹੈਸੀਅਤ ਸਮਰੱਥਾ ਤੋਂ ਹੀ ਪਛਾਣੀ ਜਾਂਦੀ ਹੈ। ਪੂਰੇ ਸਰੀਰ ਦੀ ਸਮਰੱਥਾ ਸੰਸਾਰ ਦੀ ਸਮਰੱਥਾ ਸਦਰਸ਼ ਹੀ ਹੈ; ਫਰਕ ਕੇਵਲ ਵਿਅਸ਼ਟੀ ਤੇ ਸਮਸ਼ਟੀ ਦਾ ਹੈ। ਦੋਨਾਂ ਵਿੱਚ ਏਕਤਾ ਹੋ ਜਾਏ, ਇਸ ਲਈ ਰਾਤ ਦਿਨ ਪ੍ਰਭੂ ਦੀ ਸਿਫਤ ਸ਼ਲਾਘਾ ਕਰਦੇ ਰਹੋ। ਇਹ ਪਰਾ ਰੂਪ ਬਾਣੀ ਹੈ; ਜਿਸ ਵਿੱਚ ਅਕਾਰ ਤੇ ਸੰਸਾਰ ਸੱਤਾ ਅਧਾਰਿਤ ਹੁੰਦੇ ਹਨ। ਇਸ ਅਵਸਥਾ ਵਿੱਚ ਹੀ ਸੰਸਾਰ ਸੱਚੇ ਦੀ ਕੋਠੜੀ ਰੂਪ ਪ੍ਰਤੀਤ ਹੁੰਦਾ ਹੈ। ਸਰੀਰ ਪ੍ਰਮਾਤਮਾ ਦੀ ਰਿਹਾਇਸ਼-ਗਾਹ ਮਹਿਸੂਸ ਹੁੰਦੀ ਹੈ।

**ਇਮ ਸਤਿਗੁਰ ਕੋ ਮਤਿ ਪਹਿਚਾਨ। ਸੂਖਮ ਮਤਿ ਤੇ ਨਿਸ਼ਚੈ ਠਾਨਿ।**
**ਏਕ ਰੂਪ ਹੋਵਨ ਲਗ ਨੀਕੇ । ਸੱਤਿਨਾਮ ਸਿਮਰਹਿ ਵਿਚ ਜੀ ਕੇ॥ ੧੪॥**
**ਪ੍ਰਭਿ ਕੀ ਭਗਤਿ ਨਹੀਂ ਕਬਿ ਤਯਾਗੈ। ਸਾਖਿਯਾਤ ਲਗ ਉਰ ਅਨੁਰਾਗੈ।**
**ਸਾਲਾਹੀ ਸਾਲਾਹ ਮਝਾਰ। ਇਹ ਆਸ਼ੈ ਗੁਰ ਕੀਨ ਉਚਾਰ॥ ੧੫॥**

**ਅਰਥ** - ਇਉਂ ਸਤਿਗੁਰੂ ਸਾਹਿਬ ਜੀ ਦੀ ਮੱਤ ਪਹਿਚਾਣ ਕਰੋ; ਬਹੁਤ ਹੀ ਸੂਖਮ ਮੱਤ ਨਾਲ ਨਿਸ਼ਚਾ ਕਰਨਾ ਕਰ। ਇੱਕ ਰੂਪ ਹੋਣ ਤੱਕ ਚੰਗੀ ਤਰ੍ਹਾਂ ਸਤਿਨਾਮ ਜੀ ਵਿੱਚ ਸਿਮਰਦੇ ਰਹੋ। ਪ੍ਰਮੇਸ਼ਰ ਦੀ ਭਗਤੀ ਕਦੇ ਭੀ ਨਾ ਤਿਆਗ ਸਾਖਿਆਤਕਾਰ ਹੋਣ ਤੱਕ ਉਤਸ਼ਾਹ ਪੂਰਵਕ ਪ੍ਰੇਮ ਨਾਲ ਜਪੋ। 'ਸਾਲਾਹੀ ਸਾਲਾਹ' ਵਾਲੀ ਪਉੜੀ

ਵਿੱਚ ਇਹ ਸਿਧਾਂਤ ਗੁਰੂ ਸਾਹਿਬ ਜੀ ਨੇ ਰੱਖਿਆ ਹੈ।

**ਭਾਵਾਰਥ** – ਉਪਰੋਕਤ ਵੀਚਾਰ ਲਈ ਬਹੁਤ ਹੀ ਸੂਖਮ ਬੁੱਧੀ ਦੀ ਜਰੂਰਤ ਹੈ। ਸੂਖਮਤਾ ਤੋਂ ਭਾਵ ਹੈ, ਕਿ ਹਰ ਕਰਮ ਵਿੱਚ ਗੁਰੂ ਸਿਧਾਂਤ ਦੇ ਦਰਸ਼ਨ ਕਰਨੇ। ਦਰਸ਼ਨ ਸ਼ਾਸਤ੍ਰ ਵਿੱਚ ਇਸਨੂੰ ਅਹੰਗ੍ਰਹ ਉਪਾਸਨਾ ਕਿਹਾ ਜਾਂਦਾ ਹੈ। ਜਿਸਨੂੰ ਕਵੀ ਜੀ ਨੇ ਬਹੁਤ ਵਿਆਖਿਆ ਸਹਿਤ ਅੰਕਿਤ ਕੀਤਾ ਹੈ। ਗੁਰਮਤਿ ਨਿਰਣੇ ਦੀ ਸਭ ਤੋਂ ਵੱਡੀ ਵੀਚਾਰ ਇਹ ਹੈ, ਕਿ ਇੱਥੇ ਕਰਮ-ਯੋਗ ਨੂੰ ਥਾਂ ਦਿੱਤੀ ਜਾਂਦੀ ਹੈ। ਕਰਮਯੋਗ ਹੀ ਸੰਨਿਆਸਯੋਗ ਹੋ ਸਕਦਾ ਹੈ। ਪਰਾ-ਬਾਣੀ ਦੁਆਰਾ ਹੀ ਹਿਰਦੇ ਵਿੱਚ ਨਾਮ ਜਪਿਆ ਜਾ ਸਕਦਾ ਹੈ। ਹਿਰਦਾ ਹੀ ਚੰਗੀ ਤਰ੍ਹਾਂ ਨਾਲ ਦੂਜਿਆਂ ਦੀ ਭਾਵਨਾ ਨੂੰ ਸਮਝਕੇ ਭਲਿਆਈ ਲਈ ਸੋਚ ਸਕਦਾ ਹੈ। ਸਾਲਾਹੀ ਵਾਲੀ ਪਉੜੀ ਵਿੱਚ ਬੈਖਰੀ ਅਖਰਾਂ ਤੋਂ ਸ਼ੁਰੂ ਹੋ ਕੇ ਪਰਾ-ਬਾਣੀ ਤੱਕ ਦੀ ਵਿਆਖਿਆ ਰੂਪ ਸਿਧਾਂਤ ਨੂੰ ਰੱਖਿਆ ਹੈ।

**ਸਾਖਿਆਤ ਪਰ ਤੁਕ ਜਹਿਂ ਬਨੀ। ਤਹਾਂ ਭਗਤਿ ਸ਼੍ਰੀ ਨਾਨਕ ਭਨੀ।**
**'ਜੋ ਤੁਧੁ ਭਾਵੈ ਸਾਈ ਭਲੀ ਕਾਰ। ਤੂੰ ਸਦਾ ਸਲਾਮਤਿ ਨਿਰੰਕਾਰ'॥ ੧੬॥**
**ਸ਼੍ਰਵਣ ਮਨਨ ਨਿੱਧਯਾਸਨ ਪਾਛੇ। ਪ੍ਰਭੁ ਭਾਣਾ ਪੁਨ ਮਾਨਹਿ ਆਛੇ।**
**ਸਾਖਿਯਾਤ ਕੀ ਤੁਕ ਕੇ ਨੇਰੇ। ਚਾਰ ਹੀ ਥਾਨ ਕਹੀ ਚਹੁੰ ਬੇਰੇ॥ ੧੭॥**

**ਅਰਥ** - ਜਿੱਥੇ ਸਾਖਿਆਤਕਾਰ ਲਈ ਜਪੁਜੀ ਸਾਹਿਬ ਵਿੱਚ ਤੁਕਾਂ ਦਾ ਉਚਾਰਨ ਕੀਤਾ ਹੈ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਸ੍ਰਵਣ ਮੰਨਨ ਨਿਧਆਸਨ ਤੋਂ ਪਿੱਛੋਂ ਪ੍ਰਮੇਸ਼ਰ ਦਾ ਭਾਣਾ ਚੰਗੀ ਤਰ੍ਹਾਂ ਨਾਲ ਮੰਨੇ। ਸਾਖਿਆਤ ਕਾਰ ਦੀਆਂ ਚਾਰ ਪਉੜੀਆਂ ਚਾਰ ਬਾਰ ਹੀ ਉਚਾਰਨ ਕੀਤੀਆ ਹਨ।

**ਭਾਵਾਰਥ** – ਭਾਈ ਸਾਹਿਬ ਜੀ ਗੁਰਮਤਿ ਨਿਰਣੇ ਦਾ ਕਥਨ ਕਰਦੇ ਹਨ, ਕਿ ਗੁਰਮਤਿ ਵਿੱਚ ਭਗਤੀ ਦੁਆਰਾ ਹੀ ਸਾਖਿਆਤਕਾਰਤਾ (ਮੈਂ ਬ੍ਰਹਮ ਹਾਂ) ਨੂੰ ਪ੍ਰਮਾਨਿਕ ਮੰਨਿਆ ਹੈ। ਜੇ ਭਗਤੀ ਨਹੀਂ ਤਾਂ ਅਪਰੋਕਸ਼ ਗਿਆਨ ਦਾ ਸਕੂਨ ਨਹੀਂ ਹਾਸਿਲ ਹੋ ਸਕਦਾ। ਇੱਥੇ ਕਵੀ ਜੀ ਦੀ ਉਡਾਰੀ ਹੈ, ਕਿ ਜਿੱਥੋਂ ਭੀ ਗਿਆਨ ਮਿਲੇ ਪ੍ਰਾਪਤ ਕਰਨ ਵਿੱਚ ਹਿਚਕਚਾਹਟ ਨਹੀਂ ਕਰਨੀ ਚਾਹੀਦੀ। ਇਸ ਦਾ ਭਾਵ ਇਹ ਭੀ ਨਹੀਂ ਕਿ ਕਵੀ ਜੀ ਗੁਰਬਾਣੀ ਦੇ ਅਰਥਾਂ ਨੂੰ ਆਪਣੇ ਢੰਗ ਨਾਲ ਪੇਸ਼ ਕਰਦੇ ਹਨ। ਜੇ ਐਸਾ ਹੁੰਦਾ ਤਾਂ ਕਵੀ ਜੀ ਇਹ ਕਦੀ ਨਾ ਕਹਿੰਦੇ 'ਭੂਲ ਜੁ ਚੂਕ ਭਈ ਹਮ ਤੇ ਗੁਰ ਕਿੰਕਰ ਸੋ ਤੁਮ ਤੇ ਬਖਸ਼ਾਵਤਿ' ਆਦਿਕ ਗੁਰ-ਪ੍ਰਤਾਪ ਸੂਰਜ ਵਿੱਚੋਂ



ਬੇਅੰਤ ਗਵਾਹੀਆਂ ਪ੍ਰਾਪਤ ਹੋ ਜਾਣਗੀਆਂ। ਕਵੀ ਜੀ ਨੇ ਗੁਰਮਤਿ ਨਿਰਣੇ ਨੂੰ ਸਾਹਮਣੇ ਰੱਖਕੇ ਪ੍ਰਕਰਣ ਨੂੰ ਸ਼ੁਰੂ ਕੀਤਾ ਹੈ। ਜੇ ਮਨੁੱਖੀ ਜਿੰਦਗੀ ਨੂੰ ਗਿਆਨ ਵਿੱਚ ਜੋੜੀ ਰੱਖਕੇ ਸਫਲਤਾ ਦੇ ਰਸਤੇ ਉੱਪਰ ਚਲਾਉਣਾ ਹੈ। ਤਾਂ ਜਰੂਰੀ ਹੈ, ਕਿ ਗਿਆਨ ਦੀ ਲੰਮੇਰੀ ਲੜੀ ਸਹਾਰਾ ਬਣਦੀ ਰਹੇ। ਕੰਮ-ਕਾਜ ਵੇਲੇ ਸਾਡੇ ਬੋਲ ਪਦਾਰਥਾਕਾਰ ਹੋ ਜਾਂਦੇ ਹਨ। ਉਸ ਵੇਲੇ ਭੀ ਸਾਡੇ ਬੋਲਾਂ ਵਿੱਚ ਗੁਰੂ ਪ੍ਰਤਾਪ ਸ਼ੁਭਾਇਮਾਨ ਰਹੇ; ਨਾਮ ਦੀ ਬੇਅੰਤਤਾ ਵੱਲ ਧਿਆਨ ਕੇਂਦ੍ਰਿਤ ਕੀਤਾ ਹੈ। ਵੇਦਾਂ ਦੇ 'ਅਹੰ ਬ੍ਰਹਮਾਸਮੀ' ਵਿੱਚ 'ਅਹੰ' ਪਦ ਜੀਵ ਲਈ ਹੈ, ਬ੍ਰਹਮ ਪਦ ਈਸ਼ਰ ਲਈ ਹੈ। ਕੁੱਝ ਵਿਦਵਾਨ ' ਤੂ ਸਦਾ ਸਲਾਮਤਿ ਨਿਰੰਕਾਰ' ਦੇ ਅਰਥ ਇਉਂ ਭੀ ਕਰਦੇ ਹਨ।" ਤੂ= ਤੰਵ ਪਦ ਦਾ ਲੱਖ ਅਰਥ ਜੀਵ, ਸਦਾ ਸਲਾਮਤਿ=ਤੱਤ ਪਦ ਦਾ ਲੱਖ ਅਰਥ ਈਸ਼ਵਰ ਦਾ ਨਾਮ ਹੈ। ਨਿਰੰਕਾਰ= ਸ਼ੁੱਧ ਸਰੂਪ ਬ੍ਰਹਮ ਦਾ ਨਾਮ ਅਸੀ ਹੈ। (ਤਤੰਵ ਅਸੀ) ਵਾਕ ਹੈ ਜੋ ਸ਼ਾਮਵੇਦ ਵਿੱਚ ਤੂੰ ਜੀਵ ਅਤੇ ਸਦਾ ਸਲਾਮਤਿ, ਈਸ਼ਵਰ ਦੋਵੇਂ ਨਿਰੰਕਾਰ ਸ਼ੁੱਧ ਸਰੂਪ ਹੀ ਹੋ। ਤੁਸੀਂ ਵਾਚ ਅਰਥ ਦਾ ਤਿਆਗ ਕਰਕੇ ਜੀਵ ਦੇ ਖਟ ਵਿਕਾਰ ਆਦਿਕ ਛੱਡ ਕੇ ਅਤੇ ਈਸ਼ਵਰ ਦੇ ਖਟ ਗੁਣ ਤਿਆਗ ਕੇ ਤੁਸੀਂ ਦੋਵੇਂ ਭਾਵ ਜੀਵ ਤੇ ਈਸ਼ਰ ਨਿਰੰਕਾਰ = ਸ਼ੁੱਧ ਬ੍ਰਹਮ ਦਾ ਹੀ ਰੂਪ ਹੋ- ਗੁਰਬਾਣੀ ਅਰਥ ਭੰਡਾਰ, ਸੰਤ ਹਰੀ ਸਿੰਘ ਰੰਧਾਵਾ" ਜੇ ਦੋਨਾਂ ਪੰਗਤੀਆਂ ਦੇ ਦਰਸ਼ਨ ਕਰਦੇ ਹਾਂ ਤਾਂ 'ਤੁਧ' ਅਤੇ 'ਤੂ' ਇੱਕੋ ਪਦਵੀ ਲਈ ਸੰਬੋਧਿਤ ਹਨ। ਗਿਆਨ ਦਾ ਮੁੱਖ ਮਕਸਦ ਹੁੰਦਾ ਹੈ; ਭਗਤੀ ਭਾਵ ਦੀ ਸੁਦ੍ਰਿੜਤਾ ਕਰਵਾਉਣੀ ਤਾਂ ਕਿ ਭੁੱਲੇ-ਭਟਕੇ ਲੋਕਾਂ ਨੂੰ 'ਸ਼ਰਾਰਤੀ ਅਨਸਰ' ਸਿਧਾਂਤ ਤੋਂ ਹੋਰ ਨਾ ਭਟਕਾ ਸਕਣ। ਦੁਖਾਂਤ ਇਹ ਹੈ , ਕਿ ਅਸੀਂ ਐਸੀਆਂ ਵੀਚਾਰਾਂ ਨੂੰ ਕੁਤਰਕਾਂ ਦਾ ਸਹਾਰਾ ਬਣਾ ਲੈਂਦੇ ਹਾਂ। ਸ਼ਾਇਦ ਸਿਆਣਿਆਂ ਨੇ ਤਾਂ ਹੀ ਕਿਹਾ ਹੈ, 'ਗਿਆਨ ਗਲ ਰੱਸਾ, ਜਿਨ ਖਿਚਿਆ ਤਿਹ ਵੱਲ ਨੱਸਾ' ਸਿਆਣੇ ਪੁਰਖ ਲੋਕ ਭਾਵਨਾ ਨੂੰ ਗੁਰੂ ਭਾਵਨਾ ਵਿੱਚ ਰੰਗਣ ਦਾ ਯਤਨ ਕਰਦੇ ਹਨ। ਕਵੀ ਜੀ ਸਾਰੇ ਗਿਆਨਾਧਾਰ ਸਿਧਾਂਤਾਂ ਤੋਂ ਉਚੇਰਾ ਵਿਖਾਉਂਦੇ ਹਨ; ਕਿ ਗੁਰਮਤਿ ਗਿਆਨ ਭੋਲੇ-ਭਾਇ ਵਾਹਿਗੁਰੂ ਉਚਾਰਨ ਵਾਲਿਆਂ ਅੰਦਰ ਵੀ ਅਨੰਦ ਦੀ ਦਾਤ ਦਿੰਦਾ ਹੈ। ਫਿਲਾਸਫੀਕਲ ਦਾਨਸ਼ਵੰਦਤਾ ਦੁਆਰਾ ਗਿਆਨਾਨੰਦ ਭੀ ਬਖਸ਼ਦਾ ਹੈ।

**ਸ਼੍ਰੁਤਿ ਮਹਿਂ ਮਹਾਂਵਾਕ ਜਿਮ ਚਾਰ। ਤਿਮ ਜਪੁਜੀ ਮਹਿਂ ਚਾਰ ਉਚਾਰ।**
**ਮਿਲਯੋ ਭਗਤਿ ਸੋਂ ਗਯਾਨ ਬਖਾਨਾ। ਕਲ ਮਹਿਂ ਕੇਵਲ ਨਹਿਂ ਸ਼ੁਭ ਜਾਨਾ॥ ੧੮॥**
**ਸ਼ੁਭ ਗਤਿ ਤੋ ਕੋਈ ਨਰ ਪਾਵੈ। ਸੁਨਿ ਬ੍ਰਹਮ ਗਯਾਨ ਬਿਗਰ ਬਹੁ ਜਾਵੈਂ।**

**ਯਾਂਤੇ ਰੂਖੋ ਗਯਾਨ ਨ ਭਨਯੋ। ਜਹਿਂ ਕਹਿਂ ਕਹਯੋ ਭਗਤਿ ਕੇ ਸਨਯੋ ॥੧੯॥**

**ਅਰਥ** – ਬੇਦਾਂ ਦੀਆਂ ਸ਼੍ਰੁਤੀਆਂ ਵਿੱਚ ਚਾਰ ਮਹਾਂਵਾਕ ਹਨ; ਉਸੇ ਪ੍ਰਕਾਰ ਜਪੁਜੀ ਸਾਹਿਬ ਵਿੱਚ ਚਾਰ ਵਾਕ ਉਚਾਰੇ ਹਨ। ਭਗਤੀ ਨਾਲ ਗਿਆਨ ਮਿਲਿਆ ਹੋਇਆ ਵਖਾਇਆ ਹੈ; ਕਲਜੁਗ ਵਿੱਚ ਕੇਵਲ ਗਿਆਨ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਹੈ। ਗਿਆਨ ਦੁਆਰਾ ਚੰਗੀ ਗਤੀ ਤਾਂ ਕੋਈ ਬੰਦਾ ਹੀ ਪ੍ਰਾਪਤ ਕਰਦਾ ਹੈ। ਬ੍ਰਹਮ ਗਿਆਨ ਦੀ ਸਮਾਨਤਾ ਵੇਖ ਕੇ ਬੁਹਤੇ ਬਿਗਰ ਜਾਂਦੇ ਹਨ। ਇਸ ਕਰਕੇ ਰੁਖਾ ਗਿਆਨ ਨਹੀਂ ਕਥਨ ਕੀਤਾ; ਜਿੱਥੇ ਕਿਤੇ ਵੀ ਭਗਤੀ ਨਾਲ ਮਿਲਿਆ ਹੋਇਆ ਹੀ ਕਥਨ ਕੀਤਾ ਹੈ।

**ਭਾਵਾਰਥ** – ਦੋ ਚਰਣਾਂ ਵਿੱਚ ਕਵੀ ਜੀ ਗੁਰਮਤਿ ਦੀ ਭਗਤੀ-ਗਿਆਨ ਦੀ ਸਾਧਨਾ ਅਤੇ ਵੇਦਾਂਤ ਦੇ 'ਕੇਵਲ ਗਿਆਨ' ਵਿਚਕਾਰ ਮੁੱਖ ਵਖਰੇਵਾਂ ਅੰਕਿਤ ਕੀਤਾ ਹੈ। ਭਗਤ ਭਗਤੀ ਕਰਕੇ ਪ੍ਰਭੂ ਸਾਧਨਾ ਦੇ ਤਜ਼ਰਬੇ ਹਾਸਲ ਕਰਦਾ ਹੈ। ਇਹੀ ਤਜ਼ਰਬੇ ਉਸ ਲਈ ਗ੍ਰੰਥਕ ਗਿਆਨਮਈ ਵੀਚਾਰ ਦਾ ਰਹੱਸ ਬਣਦੇ ਹਨ। ਭਗਤੀਭਾਵ ਵਾਲਾ ਗੁਰਮੁਖ ਸਭ ਵਿੱਚ ਰਬ ਨੂੰ ਸਮਝਣ ਲਈ ਬਿਰਹਾ ਰੂਪ ਸੋਜ਼ਿਸ਼ ਰੱਖਦਾ ਹੈ; ਕਿਉਂਕਿ ਉਸਨੇ ਆਪਣੀ ਜ਼ਿੰਦਗੀ ਵਿੱਚ ਨਾਮ ਅਭਿਆਸ ਕਰਦਿਆਂ ਸਾਧਨਾਂ ਦੇ ਦਰਦਾਂ ਦਾ ਅਹਿਸਾਸ ਕੀਤਾ ਹੁੰਦਾ ਹੈ। ਲੰਮੇਰਾ ਸਮਾਂ ਸਾਧਨ ਕਰਦਿਆਂ ਤਨ-ਮਨ ਦੀਆਂ ਬਰੀਕੀਆਂ ਦਾ ਗਿਆਨ ਭੀ ਅਭਿਆਸ ਰਾਂਹੀ ਪ੍ਰਾਪਤ ਹੋਇਆ ਹੁੰਦਾ ਹੈ। ਇਸ ਭਗਤੀ ਭਾਵ ਦੇ ਤਜ਼ਰਬੇ ਲਈ ਬਜ਼ੁਰਗ ਆਖਦੇ ਸਨ 'ਰੰਬਾ ਤੇ ਮੁੰਡਾ, ਜਿੰਨਾ ਚੰਡਿਆ ਉਨਾ ਚੰਗਾ'। ਜਿਸ ਕੋਲ ਤਜ਼ਰਬੇ ਆ ਜਾਂਦੇ ਸਨ, ਤਾਂ ਉਹ ਆਖਦਾ ਸੀ 'ਧੌਲੇ (ਚਿੱਟੇ ਕੇਸ) ਧੁੱਪੇ ਬੈਠ ਕੇ ਨਹੀਂ ਆਏ'। ਗ੍ਰੰਥਾਂ/ ਕਿਤਾਬਾਂ ਆਦਿ ਤੋਂ ਜਾਂ ਸੁਣਿਆ-ਸੁਣਾਇਆ ਗਿਆਨ ਇਉਂ ਹੁੰਦਾ ਹੈ; ਜਿਵੇਂ ਟਾਇਰ-ਟਿਊਬ ਹਵਾ ਤੋਂ ਬਗੈਰ ਹੁੰਦੇ ਹਨ। ਬ੍ਰਹਮ ਦੇ ਗਿਆਨ ਵਿਚ 'ਨਰ-ਮਾਦਾ', ਸੰਸਾਰ-ਨਿਰੰਕਾਰ, ਆਤਮਾ-ਅਕਾਰ ਆਦਿ ਇੱਕ ਰੂਪ ਕਰਕੇ ਜਾਣੇ ਜਾਂਦੇ ਹਨ। ਭਗਤੀ ਸਿਮਰਨ ਤੋਂ ਬਿਨਾਂ ਮਨ ਦੀ ਚੰਚਲਤਾ ਨਹੀਂ ਮਿਟਦੀ। ਨਰ-ਮਾਦਾ ਦੇ ਮਨ ਚੰਚਲਤਾ ਕਰਕੇ ਇੱਕ ਦੂਜੇ ਅੰਦਰ ਵਿਕਾਰਮਈ ਬ੍ਰਿਤੀ ਪੈਦਾ ਕਰ ਲੈਂਦੇ ਹਨ। ਕੁਦਰਤਿ ਨੇ ਨਿਯਮ ਪੂਰਬਕ 'ਨਰ-ਮਾਦਾ' ਨੂੰ ਗ੍ਰਹਿਸਤ ਧਰਮ ਦੀ ਪ੍ਰਧਾਨਤਾ ਦੇ ਸਾਧਨ ਰੂਪ ਵਿੱਚ ਰੱਖਿਆ; ਪਰ ਮਨੁੱਖ ਦੇ ਵਿਕਾਰੀ ਮਨ ਨੇ ਕਾਮੁਕਤਾ ਦੀ ਖਾਣ ਸਮਝਣ ਦੀ ਬਜ਼ਰ ਗਲਤੀ ਕੀਤੀ। ਨਿੱਤ-ਦਿਨ ਰੇਪ ਹੋਣ ਵਾਲੀਆਂ ਘਟਨਾਵਾਂ ਦੀ ਭਰਮਾਰ



ਅੱਜ ਦਾ ਦੁਖਾਂਤ ਹੈ। ਕੇਵਲ ਬ੍ਰਹਮ-ਗਿਆਨ ਦਾ ਭਰਮ ਪਾਲਣ ਵਾਲੀ ਬ੍ਰਿਤੀ; ਮਨੁੱਖ ਦੇ ਵਿਕਾਰੀ ਮਨ ਨੂੰ ਹੋਰ ਭਰਮਾਉਣ ਵਿੱਚ ਸਹਾਈ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਜੀ ਨੇ ਬ੍ਰਹਮ ਦੇ ਗਿਆਨ ਨਾਲ ਹੀ ਭਗਤੀ ਕਰਨ ਉੱਪਰ ਜੋਰ ਦਿੱਤਾ ਹੈ।

**ਅਹੰਬ੍ਰਹਮਾਸਮਿ ਵਹਿਰ ਨ ਗਾਵੋ। ਇਹ ਬ੍ਰਿਤਿ ਹਿਯਰੇ ਬਿਖੈ ਟਿਕਾਵੋ।**
**ਬਾਹਰ ਪ੍ਰਭੁ ਕੇ ਦਾਸ ਉਚਾਰਹੁ। ਸੰਤਨ ਬਿਖੈ ਭਾਉ ਕੋ ਧਾਰਹੁ ॥ ੨੦॥**
**ਜਿਉਂ ਕਿਉਂ ਸ਼ਕਤਿ ਮਹਿਤ ਕੋ ਧਰਹੁ। ਤਯੋਂ ਤਯੋਂ ਛਿਮਾ ਅਜਰ ਕੋ ਜਰਹੁ।**
**ਉਰ ਮਹਿਂ ਨਭ ਅੰਗੁਸ਼ਟ ਪ੍ਰਮਾਨ। ਜੀਵਾਤਮ ਕੋ ਬਾਸ ਪਛਾਨ ॥ ੨੧॥**

**ਅਰਥ** – ਅਹੰ-ਬ੍ਰਹਮ-ਅਸਮਿ ਬ੍ਰਿਤੀ ਦੇ ਗਿਆਨ ਨੂੰ ਬਾਹਰ ਲੋਕਾਂ ਨੂੰ ਕਹਿ ਕੇ ਨਾ ਸੁਣਾਵੋ; ਇਸ ਬ੍ਰਿਤੀ ਨੂੰ ਹਿਰਦੇ ਵਿੱਚ ਟਿਕਾਓ। ਲੋਕਾਂ ਕੋਲ ਪ੍ਰਮਾਤਮਾ ਦੇ ਸੇਵਕ ਅਖਵਾਉ, ਸੰਤ ਜਨਾਂ ਵਿੱਚ ਪ੍ਰੇਮ ਨੂੰ ਧਾਰਨ ਕਰੋ। ਜਿਵੇਂ ਕਿਵੇਂ ਮਹਾਨ ਸ਼ਕਤੀ ਨੂੰ ਧਾਰਨ ਕਰੋ, ਉਸੇ ਪ੍ਰਕਾਰ ਕਿਸੇ ਦੇ ਗੁਨਾਹਾਂ ਨੂੰ ਖਤਮ ਕਰ ਦਿਓ ਅਤੇ ਅਜਰ ਵਸਤੂ ਨੂੰ ਜਰਨ ਵਾਲੇ ਪੁਰਖ ਬਣ ਜਾਓ। ਹਿਰਦੇ ਰੂਪੀ ਅਕਾਸ਼ ਵਿੱਚ ਅਗੂੰਠੇ ਪ੍ਰਮਾਣ ਹੈ ਇੱਥੇ ਜੀਵਾਤਮਾ ਦਾ ਵਾਸਾ ਹੈ।

**ਭਾਵਾਰਥ** –'ਮੈਂ ਬ੍ਰਹਮ ਹਾਂ' ਜਾਂ 'ਮੈਂ ਰੱਬ ਰੂਪ ਹਾਂ' ਇਹ ਬਹੁਤ ਉਚੇਰਾ ਗਿਆਨ ਹੈ। ਜਿੱਥੇ ਲੋਕਾਈ ਦੇ ਦੁੱਖਾਂ ਨੂੰ ਦੂਰ ਕਰਨ ਦੀ ਸੱਚੀ ਭਾਵਨਾ ਸਥਿਤ ਹੁੰਦੀ ਹੈ। ਦੂਜਿਆਂ ਦੇ ਲਈ ਜਿੰਦਗੀ ਲਗਾ ਦੇਣਾ ਭੀ ਬਹੁਤ ਛੋਟੀ ਜਿਹੀ ਸੋਚ ਲਗਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਰਬੰਸ ਵਾਰ ਦਿੱਤਾ; ਜਿਵੇਂ-ਜਿਵੇਂ ਪੁੱਤਰ ਲੋਕਾਈ ਦੀ ਭਲਾਈ ਲਈ ਵਾਰੇ, ਅਕਾਲ ਦਾ ਸ਼ੁਕਰਾਨਾ ਕੀਤਾ। ਭਾਈ ਦਇਆ ਸਿੰਘ ਜੀ ਤੋਂ ਲੈ ਕੇ ਪੰਜ ਪਿਆਰਿਆਂ ਦੇ ਸਮੇਤ ਖਾਲਸੇ ਦਾ ਇਤਿਹਾਸ ਪਰਉਪਕਾਰੀ ਬ੍ਰਹਮ-ਗਿਆਨੀਆਂ ਦੇ ਨਾਮਾਂ ਨਾਲ ਭਰਿਆ ਪਿਆ ਹੈ। ਬੇਅੰਤ ਪਰਉਪਕਾਰੀਆਂ ਦੇ ਨਾਮ ਧਰਤੀ ਦੀ ਫਿਜ਼ਾ ਹੀ ਸੰਭਾਲੀ ਬੈਠੀ ਹੈ; ਜਿਹੜੇ ਕਿਸੇ ਗ੍ਰੰਥ ਦਾ ਸ਼ਿੰਗਾਰ ਬਣੇ ਹੀ ਨਹੀਂ ਹਨ। ਖਾਲਸੇ ਨੇ ਆਪਣੇ ਆਪ ਨੂੰ 'ਰੱਬ-ਰੂਪ' ਹੋਣ ਦਾ ਕਦੇ ਦਾਅਵਾ ਨਹੀਂ ਕੀਤਾ। ਪਰ ਦੂਜਿਆਂ ਦੇ ਦੁੱਖਾਂ ਲਈ ਜੂਝ ਮਰਨ ਦਾ ਦਾਅਵਾ ਬਾ-ਖੂਬ ਨਿਭਾਇਆ। ਗੁਰਮਤਿ ਦਾ ਨਿਰਣੇ ਹੈ; ਆਪਣਾ ਕੁੱਝ ਭੀ ਨਾ ਸਮਝ ਕੇ ਸਾਰਾ ਕੁੱਝ ਗੁਰੂ ਦਾ ਜਾਨਣਾ। ਇੱਥੋਂ ਤੱਕ ਸਰੀਰ ਵੀ ਰੱਬ ਦੀ ਅਮਾਨਤ ਜਾਨਣ ਦਾ ਹੁਕਮ ਹੈ। ਸਰੀਰ; ਰੱਬ ਵੱਲੋਂ ਚੰਗੇ ਕਰਮ ਕਰਨ ਲਈ ਮਿਲਿਆ ਹੋਇਆ ਸਾਧਨ ਹੈ।

ਜਿਵੇਂ ਕੋਈ ਮਾਲਕ ਆਪਣੇ ਨੌਕਰ ਨੂੰ ਉਸਦਾ ਕੰਮ-ਕਾਜ ਵੇਖ ਕੇ ਵਧੀਆ ਕਾਰ (ਗੱਡੀ) ਦਿੰਦਾ ਹੈ। ਜਦੋਂ ਨੌਕਰੀ ਤੋਂ ਹਟ ਜਾਂਦਾ ਹੈ, ਕਾਰ ਵਾਪਸ ਕਰਵਾ ਲਈ ਜਾਂਦੀ ਹੈ। ਇਵੇਂ ਜਦੋਂ ਪ੍ਰਾਲਬਧ ਦਾ ਲੈਣ-ਦੇਣ ਖਤਮ ਹੋ ਜਾਂਦਾ ਹੈ, ਤਾਂ ਸਰੀਰ ਵਾਪਸ ਲੈ ਲਿਆ ਜਾਂਦਾ ਹੈ। ਭਾਵ ਸਰੀਰ ਤੋਂ ਜੀਵਾਤਮਾ ਵੱਖ ਕਰ ਲਈ ਜਾਂਦੀ ਹੈ। ਭਾਈ ਦਇਆ ਸਿੰਘ, ਖਾਲਸਾ ਜੀ ਨਾਲ ਸੰਵਾਦ ਰੂਪ ਵਿੱਚ ਸਰੀਰਕ ਹੋਂਦ ਲਈ ਸਹਾਇਕ ਪਦਾਰਥਕ ਕਰਣ (ਔਜ਼ਾਰ) ਸਮਝਾਉਣ ਦੇ ਨਾਲੋ-ਨਾਲ ਮਨੁੱਖੀ ਸਫਲਤਾ ਦਾ ਸਬੱਬ ਦੱਸਦੇ ਹਨ। ਬੱਸ (Passengers Vehicle) ਤੇ ਟਰੱਕ ਵਿੱਚ ਇੰਜਣ ਇੱਕੋ ਹੀ ਹੁੰਦਾ ਹੈ; ਪਰ ਬੱਸ ਸਵਾਰੀਆਂ ਢੋਣ ਲਈ ਵਧੀਆ ਅਸੈਸਰੀ ਨਾਲ ਸਜਾਈ ਜਾਂਦੀ ਹੈ, ਟਰੱਕ ਭਾਰ ਢੋਣ ਲਈ ਸਿੱਧਾ-ਸਾਧਾ ਮੋਟੇ ਲੋਹੇ ਦੀਆਂ ਪਲੇਟਾਂ ਆਦਿ ਨਾਲ ਬਣਾਇਆ ਜਾਂਦਾ ਹੈ। ਨਿੰਦਕ ਟਰੱਕ ਵਾਂਗ ਭਲੇ ਲੋਕਾਂ ਦੇ ਬੇ-ਵਜ਼ਾ ਨਿੰਦਿਆਂ ਰੂਪ ਭਾਰ ਢੋਣ ਵਾਲੇ ਹੁੰਦੇ ਹਨ; ਗੁਰਮੁੱਖ ਲਗਜ਼ਰੀ ਬੱਸ ਵਾਂਗ ਦੂਜਿਆਂ ਨੂੰ ਸੰਸਾਰ ਯਾਤਰਾ ਦਾ ਅਨੰਦ ਮਹਿਸੂਸ ਕਰਵਾਉਣ ਵਾਲੇ ਹਨ। ਪ੍ਰਾਲਬਧ ਕਰਕੇ ਕਰਮਾਂ ਲਈ ਮਨੁੱਖੀ ਸਰੀਰ ਵਿੱਚ ਪ੍ਰਮਾਤਮਾ ਨੇ ਸ਼ਕਤੀ ਰੱਖੀ ਹੈ। ਹੱਡ-ਮਾਸ-ਨਾੜੀ ਦਾ ਪਿੰਜ਼ਰ ਹੋਣ ਕਰਕੇ ਭੀ ਸਾਰੇ ਅੰਗਾਂ-ਪ੍ਰਤੰਗਾਂ ਦੀ ਸ਼ਕਤੀ ਸਾਫ ਨਜ਼ਰ ਆਉਂਦੀ ਹੈ। ਅੱਖਾਂ ਵੇਖਣ ਦਾ ਕੰਮ ਕਰਦੀਆਂ ਹਨ, ਨੱਕ ਸੁੰਘਣ ਦਾ ਕੰਮ ਕਰਦਾ ਹੈ ਆਦਿ। ਇੱਕ ਅੰਗ ਭੀ ਸ਼ਕਤੀ ਤੋਂ ਹੀਣਾ ਹੋਵੇ ਤਾਂ ਸਾਰੀ ਜ਼ਿੰਦਗੀ ਮਨੁੱਖ ਨੂੰ ਘਾਟ ਸਤਾਉਂਦੀ ਰਹਿੰਦੀ ਹੈ। ਅੰਗਾਂ ਦੀ ਸ਼ਕਤੀ ਦੀ ਘਾਟ ਕਰਕੇ ਕੋਈ ਅੰਨ੍ਹਾ, ਲੂਲ੍ਹਾ, ਲੰਗੜਾ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਹ ਸ਼ਕਤੀ ਅੰਗਾਂ ਦੀ ਨਹੀਂ ਸਗੋਂ ਅੰਗਾਂ ਨੂੰ ਸਿਰਜਣ ਵਾਲੀ ਅਕਾਲ-ਸ਼ਕਤੀ ਦੀ ਗੁਣਵੱਤਾ ਹੈ; ਜਿਵੇਂ ਕਾਰ, ਬੱਸ ਆਦਿ ਲੋਹੇ ਦੀ ਸ਼ਕਤੀ ਨਹੀਂ ਸਗੋਂ ਲੋਹੇ ਨੂੰ ਸ਼ੰਗਾਰਨ ਵਾਲੇ ਇੰਜੀਨੀਅਰ ਦੇ ਦਿਮਾਗ ਦੀ ਹੈ। ਡਾਕਟਰ, ਇੰਜੀਨੀਅਰ ਆਦਿ ਕੋਲ ਦਿਮਾਗੀ ਸ਼ਕਤੀ ਕੁਦਰਤ ਦੇ ਨਿਯਮਾਂ ਨੂੰ ਸਮਝਣ ਕਰਕੇ ਆਉਂਦੀ ਹੈ। ਕਾਦਰ ਕੁਦਰਤ ਦੇ ਵਿੱਚ ਨਿਯਮ ਰੂਪ ਹੋ ਕੇ ਸਥਿਤ ਰਹਿੰਦਾ ਹੈ। ਸੰਸਾਰ ਦਾ ਕੋਈ ਪੱਖ ਐਸਾ ਨਹੀਂ ਜਿੱਥੇ ਪ੍ਰਮਾਤਮਾ ਦੀ ਹੈਸੀਅਤ ਕਰਮ ਕਰਨ ਵਿੱਚ ਸਹਾਈ ਨਾ ਹੁੰਦੀ ਹੋਵੇ। ਸਾਰਾ ਕੁੱਝ ਕਰਨ ਕਰਵਾਉਣ ਵਾਲਾ ਪ੍ਰਮਾਤਮਾ ਹੈ; ਉਸ ਨੂੰ ਜਿੰਦਗੀ ਵਿੱਚ ਮਾਨਣ ਲਈ ਅੰਤਰ-ਮੁਖੀ ਹੋਣਾ ਜਰੂਰੀ ਹੈ। ਕਿਉਂਕਿ ਬਾਹਰਮੁਖੀ ਕਾਰ ਲੋਹੇ ਆਦਿਕ ਦੀ ਬਣੀ ਹੀ ਨਜ਼ਰ ਆਏਗੀ; ਇੰਜੀਨਿਅਰ ਦਾ ਦਿਮਾਗ ਤਾਂ ਕੋਈ ਦਿਮਾਗ ਦੀ



ਵਰਤੋਂ ਕਰਨ ਵਾਲਾ ਹੀ ਜਾਣੇਗਾ। ਬਾਹਰਮੁਖੀ ਸੰਸਾਰ ਰੰਗਾਂ-ਰੰਗਾਂ ਦਾ ਪਦਾਰਥਿਕ-ਅਨੰਦ ਮਾਨਣ ਲਈ ਸਾਧਨ ਰੂਪ ਨਜ਼ਰ ਆਉਂਦਾ ਹੈ; ਅਨੰਦ ਰੂਪ ਪ੍ਰਮਾਤਮਾ ਨੂੰ ਭਗਤੀ ਕਰਨ ਵਾਲਾ ਹੀ ਜਾਣੇਗਾ। 'ਹਿਰਦੇ ਗਿਆਨ, ਮੁੱਖ ਭਗਤੀ ਅਤੇ ਵਰਤਣ ਵੈਰਾਗ' ਗੁਰਮੁੱਖ ਸਾਧਕ ਦਾ ਜੀਵਨ ਢੰਗ ਹੈ। ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿੱਚ ਨਿਮਰਤਾ ਸਹਿਤ ਸੇਵਾ ਕਰਦਿਆਂ ਪ੍ਰੇਮ-ਸਾਧਨ ਨੂੰ ਪ੍ਰਪੱਕ ਕਰਦੇ ਰਹਿਣਾ ਹੀ 'ਅੰਦਰ ਤੇ ਬਾਹਰ' ਇੱਕੋ ਪ੍ਰਮਾਤਮਾ ਨੂੰ ਵੇਖਣ ਦੇ ਯੋਗ ਹੋਣਾ ਹੈ। 'ਜਿਉਂ ਕਿਉਂ' 'ਤਿਉਂ ਤਿਉਂ' ਸ਼ਬਦਾਂ ਵਿਚ ਭਾਈ ਸਾਹਿਬ ਜੀ ਨੇ ਸਿੱਖ ਦੀ ਸਿੱਖਿਆ ਵਾਲੀ ਜਿੰਦਗੀ ਪ੍ਰਤੀ ਧਿਆਨ ਦਿਵਾਇਆ ਹੈ। ਕਿਉਂਕਿ 'ਤਿਉਂ ਤਿਉਂ' ਦੇ ਨਾਲ 'ਜਿਉਂ ਜਿਉਂ' ਦੁਆਰਾ ਪੰਗਤੀਆਂ ਦੇ ਅਰਥ ਤੁਲਨਾਤਮਿਕ ਰੂਪ ਵਿੱਚ ਵੀਚਾਰੇ ਜਾਣੇ ਸਨ। ਪਰ 'ਜਿਉਂ ਕਿਉਂ' ਸ਼ਬਦ ਅਭਿਆਸ ਵੱਲ ਧਿਆਨ ਦਿਵਾਉਂਦਾ ਹੈ। ਪੰਜਵੀਂ ਕਲਾਸ ਮਿਹਨਤ ਨਾਲ ਪਾਸ ਕਰਨ ਉਪਰੰਤ ਛੇਵੀਂ ਕਲਾਸ ਲਈ ਫਿਰ ਮਹਿਨਤ ਕਰਨ ਲਈ ਤਿਆਰ ਹੋਣਾ ਪੈਂਦਾ ਹੈ। ਹਰ ਸਾਲ ਸਫਲਤਾ ਲਈ ਮਿਹਨਤ ਕਰਨੀ ਬਹੁਤ ਜਰੂਰੀ ਹੈ। 'ਜਿਉਂ' ਜਿਵੇਂ ਪਹਿਲੀ ਮਿਹਨਤ ਸੰਪੂਰਨ ਹੋਈ, ਤਾਂ 'ਕਿਉਂ-ਜਿਵੇਂ ਕਿਵੇਂ' ਅਗਲੇ ਸਾਲ ਦੀ ਮਿਹਨਤ ਪੂਰੀ ਕਰਨ ਲਈ ਲਗਨ ਤੇ ਦ੍ਰਿੜਤਾ ਪ੍ਰਪੱਕ ਕਰਨੀ ਪਵੇਗੀ। ਤਰੱਕੀ ਦਾ ਰਾਹ ਸਫਲਤਾ ਦੀ ਕੁੰਜੀ ਬਣ ਕੇ ਰੱਬ-ਰੂਪ ਬਣਾ ਦਿੰਦਾ ਹੈ। ਭਾਈ ਸਾਹਿਬ ਜੀ ਆਖਦੇ ਹਨ, ਜਿਸ ਪ੍ਰਕਾਰ ਤਰੱਕੀ ਲਈ ਮਿਹਨਤ ਕਰਦਾ ਹੈ, ਉਸੇ ਪ੍ਰਕਾਰ ਦਯਾ ਖਿਮਾ ਅਜਰ ਆਦਿਕ ਨੂੰ ਹਿਰਦੇ ਵਿੱਚ ਧਾਰਨ ਕਰੋ । ਦਯਾ ਖਿਮਾ ਅਜਰ ਆਦਿਕ ਪ੍ਰਭੂ ਦੇ ਗੁਣ ਸਰੀਰਕ ਵਸੀਲਿਆਂ ਰਾਂਹੀ ਹੀ ਪਤਾ ਲੱਗਦੇ ਹਨ। ਧਰਤੀ ਦੇ ਚੌਗਿਰਦੇ ਵਿੱਚ ਹੀ ਹਵਾ ਹੈ, ਪਰ ਮਹਿਸੂਸ ਪੱਖੇ ਵਰਗੇ ਸਾਧਨ ਤੋਂ ਹੁੰਦੀ ਹੈ; ਉਹ ਹੱਥ ਦੁਆਰਾ, ਜਾਂ ਬਿਜਲੀ ਦੁਆਰਾ ਚੱਲਣ ਵਾਲਾ ਹੋਵੇ; ਜਾਂ ਦਰੱਖਤ ਆਦਿਕ ਪੱਖੇ ਵਾਂਗ ਕੰਮ ਕਰਦੇ ਹੋਣ। ਬਹੁਤਾਤ ! ਦਾਰਸ਼ਨਿਕ ਗ੍ਰੰਥਾਂ ਵਿੱਚ ਆਪੋ ਆਪਣਾ ਮੱਤ ਪੇਸ਼ ਕੀਤਾ ਜਾਂਦਾ ਹੈ। ਕਿ ਜੀਵ ਦਾ ਸਰੀਰ ਅੰਦਰ ਪ੍ਰਵੇਸ਼ ਹੋਣ ਦਾ ਢੰਗ ਕਿਸ ਪ੍ਰਕਾਰ ਦਾ ਹੁੰਦਾ ਹੈ। ਆਤਮ-ਪੁਰਾਣ ਵਿੱਚ 'ਜੀਵ-ਪ੍ਰਕਰਣ' ਸਰੀਰਕ ਦਾਰਸ਼ਨਿਕਤਾ ਦੇ ਦੋਨੋਂ ਰੂਪਾਂ ਦੇ ਬਹੁਤ ਨੇੜੇ ਹੈ। ਸਰੀਰ ਦੇ ਦੋ ਰੂਪ ਹੁੰਦੇ ਹਨ; ਇੱਕ ਸਥੂਲ ਅੱਖਾਂ ਦੁਆਰਾ ਨਜ਼ਰ ਆਉਣ ਵਾਲਾ; ਦੂਜਾ ਮਨੋਮਈ ਬ੍ਰਿਤੀ ਰੂਪ ਅੱਖਾਂ ਨਾਲ ਨਜ਼ਰ ਆਉਣ ਵਾਲਾ। ਮਨ-ਬੁਧਿ ਅੱਖਾਂ ਦੁਆਰਾ ਨਜ਼ਰ ਆਉਣ ਵਾਲੇ ਸਰੀਰ ਦੀ ਸਥੂਲ ਅੱਖਾਂ ਨਾਲ ਨਜ਼ਰ ਆਉਣ ਵਾਲੇ

ਸਰੀਰ ਨਾਲ ਇੱਕਸੁਰਤਾ ਕਿਵੇਂ ਸਥਾਪਿਤ ਹੁੰਦੀ ਹੈ ? ਇਸ ਪ੍ਰਸ਼ਨ ਦੇ ਉੱਤਰ ਨੂੰ ਤਿਆਰ ਕਰਨ ਲਈ ਬਹੁਤ ਸਾਰੇ ਵਿਦਵਾਨਾਂ ਨੇ ਬਹੁਤ ਢੰਗਾਂ ਨਾਲ ਵਿਆਖਿਆ ਕੀਤੀ ਹੈ। ਮਨੁੱਖ ਨੂੰ ਚੰਗੇ ਢੰਗ ਨਾਲ ਜੀਵਨ ਜਿਉਣ ਦੀ ਜਾਚ ਆ ਜਾਏ; ਇਹੀ ਸਾਰਿਆਂ ਦਾ ਮੁੱਖ ਮਕਸਦ ਹੈ। ਵੀਚਾਰ ਸਾਗਰ ਦੇ ਕਰਤਾ ਨੇ ਲਿਖਿਆ ਹੈ, ' ਦਿਵਾਲੀ ਵੇਲੇ ਚੱਲਣ ਵਾਲੇ ਪਟਾਕਿਆਂ ਦੁਆਰਾ ਹਾਥੀ ਆਦਿਕ ਬਹੁਤ ਸਾਰੇ ਸਰੀਰ ਬਣਾਏ ਜਾਂਦੇ ਹਨ। ਬਣਾਉਣ ਵੇਲੇ ਕੇਵਲ ਦੀਵਾਲੀ ਮੌਕੇ ਖੁਸ਼ੀ ਨੂੰ ਧਿਆਨ ਵਿੱਚ ਰੱਖਕੇ ਫਿੱਟ ਕੀਤੇ ਪਟਾਕਿਆਂ ਤੇ ਧਿਆਨ ਕੇਂਦ੍ਰਿਤ ਹੁੰਦਾ ਹੈ। ਹਾਥੀ- ਸਰੀਰ ਆਦਿ ਦੇ ਕੰਨ-ਪੈਰਾਂ ਦਾ ਖਿਆਲ ਨਹੀਂ ਰੱਖਿਆ ਜਾਂਦਾ; ਇਸੇ ਪ੍ਰਕਾਰ ਸਰੀਰ ਦੀ ਬਣਤਰ ਕਿਵੇਂ ਬਣੀ ਇਸ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ, ਸਰੀਰ ਦੁਆਰਾ ਕਰਮ ਕਿਸ ਤਰ੍ਹਾਂ ਦੇ ਕੀਤੇ ਜਾਣ ਇਸ ਗੌਰਤਲਬ ਵੀਚਾਰ ਹੈ।' ਕਵੀ ਸੰਤੋਖ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਤੇ ਖਾਲਸੇ ਦਾ ਸੰਵਾਦਕ ਰੂਪ ਬਣਾ ਕੇ ਗਿਆਨ ਦੇ ਨਿਰਮਲ ਚਸ਼ਮੇਂ ਨੂੰ ਸ਼ੰਦੇਸ਼ਿਤ ਕੀਤਾ ਹੈ। ਜਿਹੜਾ ਖਾਲਸਾਈ ਜਾਹੋ-ਜਲਾਲ ਦੇ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦੀ ਵੀਚਾਰ-ਗੋਸ਼ਟੀ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਗੌਰਵਸ਼ਾਲੀ ਰਚਨਾ ਦੁਆਰਾ ਸੰਪੂਰਨ ਹੁੰਦਿਆਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਅਨਮੋਲ 'ਅਕਾਲੀ ਖਜ਼ਾਨਾ' ਬਣਿਆ। ਅਕਾਲ ਪੁਰਖ ਨੇ ਗੁਰੂ ਸਾਹਿਬਾਨ ਜੀ ਦੁਆਰਾ ਸਮੁੱਚੀ ਮਾਨਵਤਾ ਲਈ ਸਥਾਪਿਤ ਕੀਤਾ। ਭਾਈ ਸਾਹਿਬ ਜੀ ਤੇ ਖਾਲਸੇ ਵਿਚਕਾਰ ਸੰਵਾਦ ਨੂੰ ਆਰੰਭ ਕਰਦਿਆਂ ਕਵੀ ਜੀ ਜੀਵ ਦੀ ਸਰੀਰਕ ਹੋਂਦ ਦੀ ਸ਼ੁਰੂਆਤ ਦੱਸਦੇ ਹਨ। ਹਿਰਦੇ ਰੂਪ ਅਕਾਸ਼ ਵਿੱਚ ਅੰਗੂਠੇ ਪ੍ਰਮਾਣ ਜੀਵਾਤਮਾ ਦੇ ਨਿਵਾਸ ਦਾ ਭਾਵ ਸਮਝਣ ਦੀ ਲੋੜ ਹੈ। ਜਿਵੇਂ ਹੱਥ ਨਾਲ ਉਂਗਲਾਂ ਤੇ ਅੰਗੂਠਾ ਮਾਸ-ਹੱਡੀਆ ਕਰਕੇ ਹੀ ਬਣੇ ਹੋਏ ਹਨ। ਸਭ ਤੋਂ ਛੋਟੀ ਉਂਗਲ (ਚੀਚੀ) ਤੇ ਅੰਗੂਠਾ ਕਰੀਬਨ ਬਰਾਬਰ ਹੀ ਹੁੰਦੇ ਹਨ। ਪਰ ਨਿਮਰਤਾ ਵਿਖਾਉਣ ਲਈ ਚੀਚੀ ਦੀ ਉਦਾਹਰਨ ਦਿੱਤੀ ਜਾਂਦੀ ਹੈ। ਕਿਸੇ ਨੂੰ ਨੀਵਾਂ ਵਿਖਾਉਣ ਲਈ ਅੰਗੂਠਾ ਵਿਖਾਇਆ ਜਾਂਦਾ ਹੈ। ਹੰਕਾਰ ਦੀ ਪਹਿਚਾਣ ਕਰਵਾਉਣ ਲਈ ਸ਼ਾਇਦ ਜੀਵਾਤਮਾ ਦੇ ਵਾਸੇ ਦਾ ਲਖਾਇਕ ਅੰਗੂਠੇ ਨੂੰ ਵਖਾਇਆ ਹੈ। ਜੇ ਲਗਨ ਹੋਵੇ ਤਾਂ ਹਰ ਕਰਮ ਸੰਭਵ ਹੁੰਦਾ ਹੈ। ਲਗਨ ਲਈ ਮਨ ਦਾ ਸੰਕਲਪ ਅਤੇ ਵਿਸ਼ਵਾਸ ਦੀ ਇੱਛਾ ਨੂੰ ਸਾਡਾ ਦਿਲ ਹੀ ਲਗਨ (ਦ੍ਰਿੜਤਾ) ਵਿੱਚ ਬਦਲਦਾ ਹੈ। ਜਿਹੜੀ ਸੋਚ ਪ੍ਰੱਪਕਤਾ ਵਿਚ ਰੂਪਾਂਤ੍ਰਿਤ ਹੁੰਦੀ ਹੈ; ਉਸ ਵਿੱਚ



ਮਨ, ਦਿਮਾਗ ਤੇ ਦਿਲ ਤਿੰਨਾਂ ਦਾ ਇੱਕੋ-ਜਿਹਾ ਰੋਲ ਹੁੰਦਾ ਹੈ। ਤਾਂ ਹੀ ਵਿਦਿਆਰਥੀ ਨੂੰ ਆਖਦੇ ਹਾਂ 'ਦਿਲ ਲਾ ਕੇ ਪੜ੍ਹ, ਤਰੱਕੀ ਜਰੂਰ ਹੋਵੇਗੀ'। ਦਿਲ (Heart- centre of a person's feeling and emotions) ਪ੍ਰਕ੍ਰਿਤਕ ਭਾਵਨਾਵਾਂ ਨੂੰ ਮਹਿਸੂਸ ਤੇ ਮਨੋਭਾਵਾਂ ਰਾਂਹੀ ਪ੍ਰਗਟਾਉਣ ਦਾ ਮੁੱਖ ਸਰੋਤ ਹੈ। ਗੁਰਮੁਖ ਦਾ ਜੀਵਨ ਗੁਰਸਿੱਖੀ ਨੂੰ ਹਿਰਦੇ ਵਿੱਚੋਂ ਕਮਾਉਣਾ ਹੁੰਦਾ ਹੈ। ਕਰੋਧ ਤੇ ਖਿਮਾ ਹਿਰਦੇ ਦੀ ਪ੍ਰਪੱਕਤਾ ਵਿੱਚੋਂ ਹੀ ਸ਼ੁਰੂ ਹੁੰਦੇ ਹਨ। ਹਿਰਦੇ ਵਿੱਚੋਂ ਚੰਗਿਆਈ ਨੂੰ ਸਦਾ ਲਈ ਪ੍ਰਵਾਹਿਤ ਰੱਖਣ ਲਈ ਨਾਮ ਨੂੰ ਜਪਣਾ ਹੋਵੇਗਾ। ਸਾਰਾ ਸੰਸਾਰ ਹੀ ਨਾਮ ਦੇ ਆਸਰੇ ਹੈ। ਜੀਵਾਤਮਾ ਨੂੰ ਸਰੀਰ ਦੀ ਹੋਂਦ ਪ੍ਰਾਪਤ ਹੋਣ ਉਪਰੰਤ ਨਾਮ ਹੀ ਮਿਲਦਾ ਹੈ। ਇੱਥੋਂ ਪਰਾ-ਰੂਪ ਭਾਵਨਾਵਾਂ ਦੀ ਸਥੂਲ ਪ੍ਰਵਿਰਤੀ ਲਈ ਪਸ਼ਯੰਤੀ ਰੂਪਤਾ ਦੀ ਸ਼ੁਰੂਆਤ ਹੁੰਦੀ ਹੈ। ਜਿਵੇਂ ਸੂਰਜ ਦੇ ਚੜਨ ਤੋਂ ਪਹਿਲਾਂ ਕੇਵਲ ਸਾਫ-ਪ੍ਰਕਾਸ਼ ਪ੍ਰਗਟ ਹੋਣਾ ਸ਼ੁਰੂ ਹੁੰਦਾ ਹੈ; ਜਿਹੜਾ ਹੌਲੀ-ਹੌਲੀ ਹਨੇਰੇ ਨੂੰ ਆਪਣੇ ਵਿੱਚ ਜਜ਼ਬ ਕਰਦਾ ਜਾਂਦਾ ਹੈ।

**ਬੁਧਿ ਮਹਿਂ ਪ੍ਰਤਿਬਿੰਬਿਤਿ ਭਾ ਬ੍ਰਹਮ। ਜੜ ਚੇਤਨ ਮਿਲ ਭੇ ਇਕ ਧਰਮ।**
**ਮਨ ਸਾਧਨ ਸੰਕਲਪ ਕਰਨ ਕੋ। ਅਤਿ ਚੰਚਲਤਾ ਕਰਹਿ ਧਰਨ ਕੋ ॥ ੨੨ ॥**
**ਰਵਿ ਕੇ ਅੱਗ੍ਰ ਤਿਰਵਰਾ ਜੈਸੇ। ਮਨ ਸਰੂਪ ਸੂਖਮ ਲਖਿ ਤੈਸੇ।**
**ਇੰਦ੍ਰੈ ਗਯਾਨ ਉਪਾਵਨ ਹਾਰੋ। ਮਨ ਤੇ ਬਿਨਾ ਨ ਅਪਰ ਬਿਚਾਰੋ ॥ ੨੩ ॥**

**ਅਰਥ** - ਬੁੱਧੀ ਵਿਚ ਬ੍ਰਹਮ ਦਾ ਅਕਸ਼ ਪਿਆ, ਇਸ ਤਰਾਂ ਜੜ੍ਹ ਬੁੱਧੀ ਤੇ ਚੇਤਨ ਬ੍ਰਹਮ ਦੇ ਧਰਮ ਮਿਲ ਕੇ ਇਕ ਹੋ ਗਏ। ਜੀਵ ਲਈ ਸੰਕਲਪ ਕਰਨ ਦਾ ਵਸੀਲਾ ਮਨ ਹੈ। ਮਨ ਚੰਚਲਤਾ ਨੂੰ ਵਿਸ਼ੇਸ ਕਰਕੇ ਧਾਰਨ ਕਰਦਾ ਹੈ। ਹਨੇਰੀ ਥਾਂ ਵਿੱਚ ਥੋੜੇ ਜਿਹੇ ਛੇਕ ਵਿੱਚੋਂ ਲੰਘਦੀ ਸੂਰਜ ਦੀ ਕਿਰਨ ਵਿੱਚ ਜੋ ਨਿੱਕੇ-ਨਿੱਕੇ ਕਿਣਕੇ ਚਮਕਦੇ ਹਨ; ਉਹਨਾਂ ਨੂੰ ਤ੍ਰਿਸ਼ਰੇਣੂ ਕਹਿੰਦੇ ਹਨ।

**ਭਾਵਾਰਥ** – ਜੀਵ-ਸਰੀਰ ਦੀਆਂ ਅਨੇਕਾਂ ਜਾਤੀਆਂ-ਪ੍ਰਜਾਤੀਆਂ ਹਨ। ਇੱਕੋ ਜੀਵ ਬਾਰ-ਬਾਰ ਬਹੁਤ ਤਰ੍ਹਾਂ ਦੀਆਂ ਜਾਤੀਆਂ ਦੇ ਸਰੀਰ ਪ੍ਰਾਪਤ ਕਰਦਾ ਹੈ। ਸੁਖਮਨੀ ਸਾਹਿਬ ਜੀ ਦੀ ਦਸਵੀਂ ਅਸਟਪਦੀ ਇਸ ਦੀ ਵਿਆਖਿਆ ਹੈ। ਜੀਵ ਅਨੇਕ ਤਰ੍ਹਾਂ ਦੇ ਸਰੀਰਾਂ ਵਿੱਚ ਵੱਖੋ-ਵੱਖਰੇ ਦੁੱਖਾਂ-ਸੁੱਖਾਂ ਨੂੰ ਅਨਭਵ ਕਰਨ ਲਈ ਤਬਦੀਲ ਕਿਵੇਂ ਹੁੰਦਾ ਹੈ ? ; ਇਸਨੂੰ ਸਮਝਣ ਲਈ, ਜਿਵੇਂ ਚੜਦੇ ਸੂਰਜ ਦਾ ਸਾਫ-ਪ੍ਰਕਾਸ਼ ਲਾਲੀ ਦਾ ਰੂਪ ਧਾਰਨ ਕਰ ਲੈਂਦਾ ਹੈ । ਹਨੇਰਾ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ; ਪਰ ਦਿਨ ਭੀ ਪੂਰਾ ਚੜਿਆ ਨਹੀਂ ਹੁੰਦਾ। ਇਵੇਂ ਜੀਵ ਜਿਸ ਸਰੀਰ ਰੂਪ ਸਾਫ

ਸਵੇਰ ਵਿੱਚ ਹੁੰਦਾ ਹੈ, ਉੱਥੇ ਹੀ ਲਾਲੀ ਵਾਂਗ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਵਿੱਚ ਰੁੱਝਿਆ ਹੋਇਆ ਸੁਖੀ ਮਹਿਸੂਸ ਕਰਦਾ ਹੈ; ਸਰੀਰਕ ਸੁੱਖਾਂ ਦੀ ਅਣਹੋਂਦ ਕਰਕੇ ਦੁਖੀ ਮਹਿਸੂਸ ਕਰਦਾ ਹੈ ਜ਼ੀਵ ਦਾ ਮੁੱਖ ਵਿਸ਼ਾ ਸੁੱਖ ਪ੍ਰਾਪਤੀ ਹੁੰਦਾ ਹੈ। ਸੁੱਖ ਦਾ ਨਿਸ਼ਚਾ ਕਰਨ ਲਈ ਬੁੱਧੀ ਦੀ ਜ਼ਰੂਰਤ ਹੁੰਦੀ ਹੈ। ਬੁੱਧੀ ਦੀ ਹੋਂਦ ਪੰਜ ਤੱਤਾਂ ਦੀ ਸ਼ੁੱਧ ਸਤੋਗੁਣ ਤੋਂ ਹੁੰਦੀ ਹੈ। ਸ਼ੁੱਧ ਸਤੋਗੁਣ ਗਿਆਨ ਦਾ ਅਦਾਨ-ਪ੍ਰਦਾਨ ਕਰਨ ਵਾਲੀ ਹੁੰਦੀ ਹੈ। ਗਿਆਨ ਗੁਣ ਚੇਤਨਾ ਦਾ ਹੁੰਦਾ ਹੈ। ਬ੍ਰਹਮ ਦਾ ਦੂਜਾ ਨਾਮ ਚੇਤਨਾ ਹੈ। ਪੰਜ-ਤੱਤਾਂ ਦੀ ਜੜ੍ਹਤਾ ਨਾਲ ਸਰੀਰ ਦੇ ਅੰਗਾਂ ਦੇ ਵੱਖੋ-ਵੱਖਰੇ ਧਰਮਾਂ ਦੀ ਵਿਆਪਕ ਧਰਮਸ਼ੀਲਤਾ ਇੱਕਸੁਰ ਹੋ ਜਾਂਦੇ ਹਨ। ਜਿਵੇਂ ਪਰਾ-ਬਾਣੀ 'ਸੂਖਸ਼ਮ ਵੀਚਾਰਧਾਰਾ' ਦਾ ਰੂਪ ਧਾਰਨ ਕਰਨ ਲਈ ਪਸ਼ਯੰਤੀ-ਬਾਣੀ ਦੀ ਯੋਗਤਾ ਉਤਪੰਨ ਕਰਨ ਲੱਗ ਜਾਂਦੀ ਹੈ। ਜਿਵੇਂ ਇੰਜੀਨੀਅਰ ਦੇ ਦਿਮਾਗ ਅੰਦਰ ਨਵੀਂ ਤਕਨੀਕ ਪਨਪ ਪੈਂਦੀ ਹੈ; ਜਿੱਥੇ ਉਹ ਚਲੀ ਆ ਰਹੀ ਰੀਤੀ ਦਾ ਵਿਰੋਧ ਭੀ ਨਹੀਂ ਕਰਦੀ ਅਤੇ ਨਵੀਂ ਗਤੀ ਭੀ ਪ੍ਰਗਟ ਕਰ ਦਿੰਦੀ ਹੈ । ਜਿਸ ਵਿੱਚ ਸੰਕਲਪ ਕਰਨ ਦਾ ਸਾਧਨ ਮਨ ਬਹੁਤ ਹੀ ਚੰਚਲਤਾ ਦਾ ਰੂਪ ਪੈਦਾ ਹੋ ਜਾਂਦਾ ਹੈ। ਵੀਚਾਰਧਾਰਾ ਦੀ ਬਹੁਤ ਤੇਜ਼ ਗਤੀਮਾਨਤਾ ਵਿੱਚੋਂ ਸਥੂਲ ਪਦਾਰਥਾ ਦਾ ਗਿਆਨ ਗ੍ਰਹਿਣ ਕਰਨ ਲਈ ਇੰਦ੍ਰਿਆਂ ਨੂੰ ਪੈਦਾ ਕਰਨ ਵਾਲਾ ਹੋ ਜਾਂਦਾ ਹੈ। ਇੱਥੇ ਹੀ ਅਕਾਲ ਦੀ ਸ਼ਕਤੀ ਦਾ ਪਤਾ ਲੱਗਦਾ ਹੈ, ਕਿ ਕਿਵੇਂ ਮਾਸ ਦੀਆਂ ਪਾਈਪਾਂ ਵੱਖੋ ਵੱਖਰੇ ਕੰਮ ਕਰਨ ਦੀ ਸਮਰੱਥਾ ਹਾਸਿਲ ਕਰਦੀਆਂ ਹਨ। ਹਨੇਰੇ ਕਮਰੇ ਵਿੱਚ ਇੱਕ ਸੂਰਜੀ ਕਿਰਨ ਬੇਅੰਤ ਕਿਣਕਿਆਂ ਦੀ ਗਤੀਮਾਨਤਾ ਵਿਖਾ ਦਿੰਦੀ ਹੈ; ਇਵੇਂ ਮਨ ਤੇ ਬੁੱਧੀ ਦੀ ਪਕੜ ਕਰਨ ਵਾਲਾ ਪਸ਼ਯੰਤੀ ਤੋਂ ਮੱਧਮਾ ਬਾਣੀ ਰੂਪ ਗਿਆਨ ਇੰਦ੍ਰਿਆਂ ਦੀ ਹਰ ਭਾਸ਼ਾ ਲਈ ਅੱਖਰ ਤਿਆਰ ਕਰਨ ਲਗ ਜਾਂਦਾ ਹੈ। ਜਿਹਨਾਂ ਲਈ ਭਾਸ਼ਾਈ, ਗਣਿਤਿਕ ਅਤੇ ਇਸ਼ਾਰੇ ਆਦਿ ਦਾ ਸ਼ੁਮਾਰ ਹੈ।

**ਤੁਚ ਕੇ ਸੰਗ ਸਪਰਸ਼ ਹੋਇ ਮਨ। ਪੰਚਹੁੰ ਗਯਾਨ ਉਪਾਵਨ ਤਤਛਿਨ।**
**ਸੁਖਪਤਿ ਮਹਿਂ ਇਕ ਨਾਰਿ ਮਝਾਰੇ। ਨਹਿਂ ਸਪਰਸ਼ ਤੁਚ ਤੋਂ ਤਬਿ ਧਾਰੇ॥ ੨੪॥**
**ਲਪਟਯੋ ਰਹਿਤ ਨਾਰ ਕੇ ਮਾਂਹੀ। ਪ੍ਰਾਪਤਿ ਤਬਹਿ ਗਯਾਨ ਕੀ ਨਾਂਹੀ।**
**ਜਾਗ੍ਰਤਿ ਮਹਿਂ ਸਪਰਸ਼ ਤੁਚ ਹੋਇ। ਗਯਾਨ ਪਾਇ ਸਭਿ ਕੋ ਤਬਿ ਸੋਇ॥ ੨੫॥**

**ਅਰਥ** - ਜਦੋਂ ਚਮੜੀ ਨਾਲ ਮਨ ਦਾ ਸੰਬੰਧ ਹੋਵੇ, ਪੰਜੇ ਗਿਆਨ ਬਹੁਤ ਛੇਤੀ ਮਿਲ ਜਾਂਦੇ ਹਨ। ਸਖੋਪਤੀ ਵਿੱਚ ਇੱਕ ਨਾੜੀ ਵਿੱਚ ਜਾ ਕੇ ਮਨ ਰਹਿੰਦਾ ਹੈ



ਤਦੋਂ ਤੁਚਾ ਨਾਲ ਸ਼ਪਰਸ ਨਹੀਂ ਰਹਿੰਦਾ। ਸਖੋਪਤੀ ਅਵਸਥਾ ਵੇਲੇ ਮਨ ਇੱਕ ਨਾੜੀ ਵਿੱਚ ਰਹਿੰਦਾ ਹੈ; ਤਦੋਂ ਤੁਚਾ (ਚਮੜੀ) ਨਾਲ ਸਪਰਸ਼ ਨਹੀਂ ਰਹਿੰਦਾ। ਉਸ ਨਾੜੀ ਵਿੱਚ ਲਿਪਟਿਆ ਰਹਿੰਦਾ ਹੈ। ਬਾਹਰਲੇ ਗਿਆਨ ਦੀ ਪ੍ਰਾਪਤੀ ਨਹੀਂ ਰਹਿੰਦੀ। ਜਾਗ੍ਰਿਤ ਅਵਸਥਾ ਵਿੱਚ ਤੁਚਾ ਨਾਲ ਸਪਰਸ਼ ਹੁੰਦਾ ਹੈ, ਤਦੋਂ ਮਨ ਸਾਰਿਆਂ ਦਾ ਗਿਆਨ ਹਾਸਿਲ ਕਰਦਾ ਹੈ। ਹਰ ਗਿਆਨ ਦੀ ਪ੍ਰਾਪਤੀ ਲਈ ਗਿਆਤਾ ਤੇ ਗੇਯ ਦੀ ਜਰੂਰਤ ਹੁੰਦੀ ਹੈ। ਗਿਆਤਾ ਕੋਲ ਹੀ ਗਿਆਨ ਹੋਵੇਗਾ; ਗੇਯ ਬਦਲਣ ਨਾਲ ਗਿਆਨ ਬਦਲ ਜਾਏਗਾ, ਪਰ ਗਿਆਤਾ ਨਹੀਂ। ਇੱਕ ਵਿਦਿਆਰਥੀ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨ ਭਾਸ਼ਾਵਾਂ ਦੇ ਗਿਆਨ ਹਾਸਿਲ ਕਰ ਲਵੇਗਾ; ਵਿਦਿਆਰਥੀ ਇੱਕ ਹੀ ਹੋਵੇਗਾ। ਇਉਂ ਹੀ ਮਨ ਗਿਆਨ ਹਾਸਿਲ ਕਰਨ ਵਾਲਾ ਇਕ ਹੀ ਹੈ; ਪਰ ਪੰਜ ਗਿਆਨ ਇੰਦ੍ਰਿਆਂ ਦੁਆਰਾ ਪੰਜ ਤਰ੍ਹਾਂ ਦਾ ਗਿਆਨ ਹੋਵੇਗਾ। ਆਤਮ ਪੁਰਾਣ ਦੇ ਕਰਤਾ ਸੁਆਮੀ ਸ਼ੰਕਰਾਨੰਦ ਨੇ ਖੁਦ ਲਿਖਿਆ ਹੈ; ਕਿ ਇਸ ਤਰ੍ਹਾਂ ਦੇ ਪ੍ਰਸੰਗਾਂ ਵਿੱਚ ਸਦ-ਮਤ ਰੱਖਣੀ ਚਾਹੀਦੀ ਹੈ; ਭਾਵ ਗੁਣ-ਗ੍ਰਾਹੀ ਹੋ ਕੇ ਹੀ ਪੜ੍ਹਨਾ-ਵੀਚਾਰਨਾ ਚਾਹੀਦਾ ਹੈ। ਬੇ-ਮਤਲਬ ਕੁਤਰਕ ਨਹੀਂ ਕਰਨੀ ਚਾਹੀਦੀ, ਕਾਰਣ ਇਹ ਹੈ ਕਿ ਸਾਡੇ ਇੰਦ੍ਰੇ ਇਹਨਾਂ ਨੂੰ ਵਿਸ਼ਯ ਨਹੀਂ ਕਰ ਸਕਦੇ; ਇੰਦ੍ਰੇ ਹੀ ਸਾਡੇ ਮਨ-ਬੁਧਿ ਤੱਕ ਗਿਆਨ ਨੂੰ ਪਹੁੰਚਣ ਵਿੱਚ ਸਹਾਈ ਹੁੰਦੇ ਹਨ, ਜਦੋਂ ਮਨ-ਬੁਧਿ ਤੱਕ ਕੋਈ ਗਿਆਨ ਦੀ ਪਹੁੰਚ ਹੀ ਨਹੀਂ ਉਸਦਾ ਨਿਰਣਾ ਕਿਵੇਂ ਕੀਤਾ ਕਾ ਸਕਦਾ ਹੈ ? ਗ੍ਰੰਥਾਂ ਦੁਆਰਾ ਗਿਆਨ ਇੰਦ੍ਰਿਆਂ ਰਾਂਹੀ ਮਨ-ਬੁਧਿ ਕੋਲ ਗਿਆਨ ਦੀ ਪਹੁੰਚ ਹੁੰਦੀ ਹੈ; ਹੌਲੀ-ਹੌਲੀ ਮਨ ਦੀ ਬ੍ਰਿਤੀ ਆਤਮਾਕਾਰ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਵੇਂ-ਜਿਵੇਂ ਬ੍ਰਿਤੀ ਆਤਮਾਕਾਰ ਹੁੰਦੀ ਹੈ, ਤਿਵੇਂ-ਤਿਵੇਂ ਆਤਮ-ਨਿਸ਼ਠਾ ਪ੍ਰਾਪਤ ਹੁੰਦੀ ਹੈ। ਪੰਜੇ ਤਰ੍ਹਾਂ ਦਾ ਗਿਆਨ ਚਮੜੀ ਰਾਹੀਂ ਪ੍ਰਾਪਤ ਹੁੰਦਾ ਹੈ; ਭਾਈ ਸਾਹਿਬ ਜੀ ਦੱਸਦੇ ਹਨ, ਕਿ ਸਖੋਪਤੀ ਵਿੱਚ ਸੁੱਤੇ ਹੋਏ ਮਨੁੱਖ ਨੂੰ ਕਿਸੇ ਤਰ੍ਹਾਂ ਦਾ ਕੋਈ ਗਿਆਨ ਹਾਸਿਲ ਨਹੀਂ ਹੁੰਦਾ।

**ਸੌਮੋ ਭਾਗ ਚੀਰਿਯੇ ਬਾਰ। ਅਸ ਅਤਿ ਸੂਖਮ ਹੈ ਇਕ ਨਾਰਿ।**
**ਸੁਪਨਾਵਸਥਾ ਤਿਸ ਮਹਿਂ ਪਾਵੈ। ਥਿਰ ਨਾਰੀ ਮਹਿਂ ਸਕਲ ਬਨਾਵੈ॥ ੨੬॥**
**ਸਭ ਛਿਤ, ਸਿੰਧੁ, ਧਰਾਧਰ ਭਰੇ। ਸੂਰਜ, ਚੰਦ, ਗਗਨ, ਗਨ ਤਾਰੇ।**
**ਸ਼ਕਤਿ ਬ੍ਰਹਮੰਡ ਰਚਨ ਕੀ ਹੋਇ। ਸੂਖਮ ਬਿਖੈ ਥੂਲ ਇਮ ਜੋਇ॥ ੨੭॥**

**ਅਰਥ** - ਜੇ ਵਾਲ (ਕੇਸ ਦੀ ਇੱਕ ਤਾਰ) ਦਾ ਸੌਵਾਂ ਹਿੱਸਾ ਬਣਾਂ ਕੇ ਚੀਰੀਏ;

ਐਸੀ ਇੱਕ ਸੂਖਮ ਨਾੜੀ ਹੈ। ਉਸ ਨਾੜੀ ਵਿੱਚ ਸੁਪਨ ਅਵਸਥਾ ਨੂੰ ਮਨ ਪ੍ਰਾਪਤ ਕਰਦਾ ਹੈ। ਸਾਰੇ ਧਰਤੀ ਸਮੁੰਦਰ ਪਹਾੜ ਸੂਰਜ ਚੰਦ ਅਕਾਸ਼ ਸਮੂਹ ਤਾਰੇ। ਗੱਲ ਕਿ ਪੂਰਾ ਸੰਸਾਰ ਰਚਨ ਦੀ ਸ਼ਕਤੀ ਆ ਜਾਦੀ ਹੈ। ਸੂਖਸ਼ਮ ਵਿੱਚ ਸਥੂਲ ਇਸ ਤਰ੍ਹਾਂ ਨਾਲ ਵੇਖਣਾ ਕਰੋ।

**ਭਾਵਾਰਥ** – ਸਖੋਪਤੀ ਅਵਸਥਾ ਤੇ ਸੁਪਨ ਅਵਸਥਾ ਨੀਂਦ ਵਿੱਚ ਹੀ ਵਾਪਰਦੀਆਂ ਹਨ। ਜਾਗਣ ਦੀ ਉਲਟ ਅਵਸਥਾ ਨੀਂਦ ਹੈ। ਜਦੋਂ ਮਨੁੱਖੀ ਸਰੀਰ ਨੀਂਦ ਵਿੱਚ ਹੁੰਦਾ ਹੈ, ਤਦੋਂ ਜੀਵ ਦਾ ਮਨ ਪ੍ਰੀਤਤ ਜਾਂ ਹਿਤਾ ਨਾੜੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਦਾਰਸ਼ਨਿਕ ਦੁਨੀਆਂ ਨੇ ਸਾਡੀਆਂ ਅੱਖਾਂ ਦੁਆਰਾ ਨਜ਼ਰ ਆਉਣ ਵਾਲੇ ਬਰੀਕ ਪਦਾਰਥ ਦਾ ੧੦੦ ਗੁਣਾਂ ਬਾਰੀਕ ਆਖਿਆ ਹੈ। ਇਤਨੇ ਸੂਖਸ਼ਮ ਥਾਂ ਵਿੱਚ ਮਨ ਨਵੀਂ ਦੁਨੀਆਂ ਸਿਰਜ ਲੈਂਦਾ ਹੈ; ਸਾਡੀ ਬੌਧਿਕ ਸਮਰੱਥਾ ਇਸਨੂੰ ਸਮਝਣ ਤੋਂ ਅਸਮਰੱਥ ਹੈ। ਜਦੋਂ ਪਹਿਲੀ-ਪਹਿਲੀ ਵਾਰ ਅਸੀਂ ਸੁਪਨੇ ਨੂੰ ਵੇਖਦੇ ਹਾਂ ਤਾਂ ਸਾਨੂੰ ਡਰ ਲੱਗਦਾ ਹੈ; ਹੌਲੀ-ਹੌਲੀ ਸੁਪਨੇ ਆਉਣਾ ਸਹਿਜ ਰਹਿੰਦਾ ਹੈ। ਸਾਨੂੰ ਡਰ ਨਹੀਂ ਲੱਗਦਾ, ਜਦੋਂ ਕੋਈ ਖਾਸ ਸੁਪਨਾ ਆਉਂਦਾ ਹੈ ਤਾਂ ਅਸੀਂ ਡਰਦੇ ਜਾਂ ਖੁਸ਼ ਹੁੰਦੇ ਹਾਂ। ਜਿਵੇਂ ਸੁਪਨਾਵੀਂ ਅਵਸਥਾ ਵਿੱਚ ਮਨੁੱਖੀ ਸਰੀਰ ਅੰਦਰ ਜੀਵ ਕੋਲ ਨਵਾਂ ਸੰਸਾਰ ਰਚਣ ਦੀ ਸਮਰੱਥਾ ਆ ਜਾਂਦੀ ਹੈ। ਸੂਖਸ਼ਮ ਸਰੀਰ ਵਿੱਚ ਸਥੂਲ ਸਰੀਰ ਨੂੰ ਭੀ ਇਸੇ ਤਰ੍ਹਾਂ ਨਾਲ ਸਮਝਣ ਦੀ ਅਕਲ ਆਉਂਦੀ ਹੈ। ਜੇ ਮੈਂ ਸਖੋਪਤੀ ਅਵਸਥਾ ਤੋਂ ਬਾਅਦ ਸੁਪਨਾਵੀਂ ਅਵਸਥਾ ਵਿੱਚ ਦੁਨੀਆਂ ਸਿਰਜ ਲੈਂਦਾ ਹਾਂ, ਤਾਂ ਜੀਵ ਪਸ਼ਯੰਤੀ-ਰੂਪ ਕਾਰਣ ਸਰੀਰ ਤੋਂ ਮੱਧਮਾ-ਬਾਣੀ ਰੂਪ ਸੂਖਸ਼ਮ ਸਰੀਰ ਕਿਉਂ ਨਹੀਂ ਸਿਰਜ ਸਕਦਾ। ਇਉਂ ਮਾਨਸਿਕ ਤੇ ਦਿਮਾਗੀ ਸੰਤੁਲਨ ਗਿਆਨ ਇੰਦ੍ਰਿਆਂ ਨੂੰ ਸੰਤੁਸ਼ਟਤਾ ਦਿੰਦਾ ਹੈ; ਬੌਧਿਕ ਸੰਤੁਸ਼ਟਤਾ ਬ੍ਰਿਤੀ ਰੂਪ ਤਿਆਰ ਹੋ ਜਾਂਦੀ ਹੈ।

**ਜਿਮ ਸੁਪਨਾ ਜੀਵਾਤਮ ਕੇਰਾ। ਜੋ ਚਾਹੈ ਰਚਿ ਲੇਤਿ ਬਡੇਰਾ।**
**ਤਿਮ ਈਸ਼ਰ ਕੋ ਸੁਪਨਾ ਅਹੈ। ਬਿਧਿ ਪ੍ਰਪੰਚ ਜੇਤਿਕ ਦ੍ਰਿਸ਼ ਲਹੈ ॥ ੨੮ ॥**
**ਇਸ ਜਗ ਮਹਿੰ ਸਭਿ ਜੀਵ ਦੁਖਾਰੇ। ਬਸਿ ਅੱਗਜਾਨ ਬੰਧ ਮਹਿੰ ਭਾਰੇ।**
**ਅਤਿ ਸੰਕਟਿ ਤੇ ਤਨ ਕੋ ਤਜੈ। ਅਘ ਤੇ ਦੂਤ ਸਾਸਨਾ ਸਜੈ ॥ ੨੯ ॥**

**ਅਰਥ** – ਜਿਵੇਂ ਜੀਵਾਤਮਾ ਦਾ ਸੁਪਨਾ ਹੁੰਦਾ ਹੈ। ਜੋ ਚਾਹੁੰਦਾ ਹੈ ਉਹੀ ਚਰ ਲੈਂਦਾ ਹੈ ਛੋਟਾ ਜਾਂ ਵੱਡਾ। ਉਸੇ ਪ੍ਰਕਾਰ ਈਸ਼ਰ ਦਾ ਸੁਪਨਾ ਹੁੰਦਾ ਹੈ ਬਿਧਾਤਾ ਦਾ ਜਿਤਨਾ ਪ੍ਰਪੰਚ ਹੈ ਇਸ ਸੰਸਾਰ ਵਿੱਚ ਸਾਰੇ ਜੀਵ ਦੁਖੀ ਹਨ । ਅਗਿਆਨ ਦੇ ਵੱਸ



ਹੋ ਕੇ ਭਾਰੇ ਬੰਧਨਾਂ ਵਿੱਚ ਫਸੇ ਹੋਏ ਹਨ। ਬਹੁਤ ਹੀ ਸੰਕਟ ਵਿੱਚ ਸਰੀਰ ਨੂੰ ਛਡਦੇ ਹਨ ਪਾਪਾਂ ਕਰਕੇ ਜਮਦੂਤਾਂ ਤੋਂ ਤਾੜਨਾ ਸਹਿੰਦੇ ਹਨ।

**ਭਾਵਾਰਥ** – ਜਿਸ ਪ੍ਰਕਾਰ ਮਨੁੱਖੀ ਸਰੀਰ ਤੋਂ ਜੀਵ ਦੀ ਅਵਸਥਾ ਦਾ ਪਤਾ ਲੱਗਦਾ ਹੈ; ਇਸੇ ਤਰ੍ਹਾਂ ਜੀਵ ਤੋਂ ਬਾਅਦ ਈਸ਼ਰ ਦੀ ਕ੍ਰਿਤ ਬ੍ਰਹਮੰਡ ਅੰਦਰ ਵਾਪਰ ਰਹੀਆਂ ਘਟਨਾਵਾਂ ਦਾ ਪਤਾ ਲਗਦਾ ਹੈ; ਕਿ ਈਸ਼ਰ ਵਿੱਚ ਭੀ ਤਿੰਨੇ ਅਵਸਥਾਵਾਂ ਹੁੰਦੀਆਂ ਹਨ। ਫਰਕ ਸਿਰਫ ਇਤਨਾ ਹੁੰਦਾ ਹੈ; ਜੀਵ ਇਕੱਲਾ-ਇਕੱਲਾ ਹੁੰਦਾ ਹੈ, ਈਸ਼ਰ ਸਾਰੇ ਜੀਵਾਂ ਦੀਆਂ ਤਿੰਨੇ ਅਵਸਥਾਵਾਂ ਦਾ ਜਿੰਮੇਵਾਰ ਹੁੰਦਾ ਹੈ। ਜਿਵੇਂ ਹਰ ਮਨੁੱਖ ਆਪਣੇ ਘਰ ਦਾ ਜ਼ਿੰਮੇਵਾਰ ਹੈ, ਪੂਰੇ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਹੁੰਦਾ ਹੈ। ਆਪਣੇ ਘਰ ਵਿੱਚ ਮਨੁੱਖ ਕਿਸੇ ਪ੍ਰਕਾਰ ਭੀ ਰਹਿ ਸਕਦਾ ਹੈ; ਪਰ ਦੇਸ਼ ਵਿੱਚ ਦੇਸ਼ ਦੇ ਕਾਨੂੰਨਾਂ ਮੁਤਾਬਿਕ ਹੀ ਰਹਿਣਾ ਪੈਂਦਾ ਹੈ। ਘਰ ਉੱਪਰ ਘਰ ਮਾਲਕ ਨੂੰ ਮਾਣ ਹੁੰਦਾ ਹੈ; ਪੂਰੇ ਦੇਸ਼ ਉੱਪਰ ਦੇਸ਼ ਦੇ ਬਾਸ਼ਿੰਦਿਆਂ ਨੂੰ ਮਾਣ ਹੁੰਦਾ ਹੈ। ਸਾਰੇ ਦੇਸ਼ ਦੇ ਬਾਸ਼ਿੰਦਿਆਂ ਨੂੰ ਸੁੱਖ ਸੁਵਿਧਾ ਲਈ ਲੋਕਤੰਤਰ ਪ੍ਰਣਾਲੀ ਨਿਆਂ-ਪ੍ਰਣਾਲੀ ਤਿਆਰ ਕਰਦੀ ਹੈ। ਜਿਹੜਾ ਕਾਨੂੰਨ ਨੂੰ ਤਿਲਾਂਜ਼ਲੀ ਦਿੰਦਾ ਹੈ; ਉਹ ਸਜ਼ਾ ਦਾ ਭਾਗੀ ਹੁੰਦਾ ਹੈ; ਜਿਹੜਾ ਜੀਵ ਮਨੁੱਖੀ ਸਰੀਰ ਅੰਦਰ ਧਰਮ ਨੂੰ ਤਿਲਾਂਜ਼ਲੀ ਦਿੰਦਾ ਹੈ, ਉਹ ਧਰਮਰਾਜੇ ਦੀ ਸਜ਼ਾ ਦਾ ਭਾਗੀ ਹੁੰਦਾ ਹੈ। ਦੇਸ਼ ਦੇ ਕਾਨੂੰਨ ਨੇ ਗਲਤੀਆਂ ਦਾ ਅਹਿਸਾਸ ਕਰਵਾਉਣ ਲਈ ਜੇਲਾਂ ਨਿਯਤ ਕੀਤੀਆ ਹਨ; ਜਿਹਨਾਂ ਨੂੰ ਸੁਧਾਰ-ਘਰ ਕਿਹਾ ਜਾਂਦਾ ਹੈ। ਹਾਲਾਤ ਇਸ ਤੋਂ ਉਲਟ ਹਨ, ਕਾਸ਼!! ਗਲਤੀ ਕਰਨ ਵਾਲੇ ਦੇ ਔਗੁਣਾਂ ਦਾ ਅਹਿਸਾਸ ਕਰਵਾਉਣ ਵਿੱਚ ਅਸੀਂ ਸਫਲ ਹੋ ਸਕੀਏ। ਸੁਆਰਥਵੱਸ ਜੀਵ ਸਰੀਰਕ ਸੁਆਦਾਂ ਨੂੰ ਸਾਰੇ ਸੁੱਖਾਂ ਦਾ ਸਰੋਤ ਜਾਣਦਾ ਹੈ। ਜਦੋਂ ਸਰੀਰਕ ਸੁੱਖ ਭੋਗਿਆ ਜਾਂਦਾ ਹੈ, ਤਾਂ ਉਸ ਵਿੱਚੋਂ ਦੁੱਖ ਨਜ਼ਰ ਆਉਣ ਲਗ ਜਾਂਦਾ ਹੈ। ਜੀਵ ਦੀ ਸੂਖਸ਼ਮਤਾ ਜਦੋਂ ਸਥੂਲ ਰੂਪ ਧਾਰਨ ਕਰਦੀ ਹੈ; ਤਦੋਂ ਭੀ ਦੁੱਖ ਮਹਿਸੂਸ ਕਰਦੀ ਹੈ, ਜਦੋਂ ਸਥੂਲ ਤੋਂ ਸੂਖਸ਼ਮ ਧਾਰਨ ਕਰਦੀ ਹੈ, ਤਦੋਂ ਭੀ ਦੁੱਖ ਹੀ ਮਹਿਸੂਸ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਇਸੇ ਲਈ ਆਖਿਆ ਹੈ 'ਜੰਮਣ ਮਰਨ ਵਿੱਚ ਦੁੱਖ ਸਵਾਇਆ'। ਜਨਮ ਤੇ ਮਰਣ ਦਾ ਦੁੱਖ ਅਗਿਆਨਵੱਸ ਹੀ ਜੀਵ ਨੂੰ ਪ੍ਰਤੀਤ ਹੁੰਦਾ ਹੈ। ਖਿਮਾ ਤੇ ਕਰੋਧ ਵਿਚਕਾਰ ਦੂਰੀ ਇੱਕ ਪਲ ਦੀ ਹੁੰਦੀ ਹੈ; ਪਰ ਕਰੋਧ ਨਾਲ 'ਜਿੰਦਗੀ ਦੀ ਬਰਬਾਦੀ' ਅਤੇ ਖਿਮਾ ਨਾਲ 'ਜਿੰਦਗੀ ਦੀ ਸਫਲਤਾ' ਹੋ ਜਾਂਦੀ ਹੈ। ਜਿਵੇਂ ਰਸਤੇ ਜਦੋਂ ਦੋ ਹਿੱਸਿਆਂ ਵਿੱਚ ਵੰਡੇ ਜਾਂਦੇ ਹਨ, ਤਾਂ ਜਿੱਥੋਂ

ਰਾਸਤਿਆਂ ਦੀ ਵੰਡ ਸ਼ੁਰੂ ਹੁੰਦੀ ਹੈ; ਦੂਰੀ ਬਿਲਕੁਲ ਨਾ-ਬਰਾਬਰ ਹੁੰਦੀ ਹੈ। ਜਿਵੇਂ-ਜਿਵੇਂ ਲੰਬਾਈ ਵੱਧਦੀ ਜਾਂਦੀ ਹੈ, ਦੂਰੀਆਂ ਲੰਮੇਰੀਆਂ ਹੁੰਦੀਆਂ ਜਾਂਦੀਆ ਹਨ। ਤਾਂ ਹੀ ਆਖਿਆ ਹੈ 'ਲੜਾਈ ਤੇ ਲੱਸੀ ਦਾ ਵਧਾਉਣਾ ਕੀ, ਲੜਾਈ ਲਈ ਬੋਲੀ ਜਾਓ ਅਤੇ ਲੱਸੀ ਵਿੱਚ ਪਾਣੀ ਪਾਈ ਜਾਓ' ਕਰੋਧ ਤੇ ਖਿਮਾ ਦਾ ਭੀ ਇਹੀ ਪ੍ਰਕਾਰ ਹੈ, ਕਰੋਧ ਲਈ ਬੋਲਣਾ ਭੌਂਕਣਾਂ ਬਣ ਜਾਂਦਾ ਹੈ। ਖਿਮਾ ਲਈ ਚੁੱਪ ਰਹਿਣਾ ਵਰਦਾਨ ਬਣ ਜਾਂਦਾ ਹੈ। ਜਿਵੇਂ ਰਾਸਤੇ ਦੀਆਂ ਦੂਰੀਆਂ ਵਾਪਿਸ ਪਰਤਦਿਆਂ ਖਤਮ ਕੀਤੀਆਂ ਜਾ ਸਕਦੀਆਂ ਹਨ; ਇਵੇਂ ਖਿਮਾ ਦਾ ਸਹਾਰਾ ਹਾਸਿਲ ਕਰਕੇ ਕਰੋਧ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਅਗਿਆਨਤਾ ਦਾ ਹਨੇਰਾ ਗਿਆਨ ਦੁਆਰਾ ਖਤਮ ਹੋ ਜਾਂਦਾ ਹੈ। ਅਗਿਆਨ ਤੋਂ ਪੈਦਾ ਹੋਏ ਆਸੁਰੀ (ਬੁਰੀ-ਪ੍ਰਵਿਰਤੀ) ਸੈਨਾ ਦਾ ਗਿਆਨ ਦੁਆਰਾ ਤਿਆਰ ਦੈਵੀ (ਚੰਗੀ- ਪ੍ਰਵਿਰਤੀ) ਸੈਨਾ ਨਾਸ਼ ਕਰ ਦਿੰਦੀ ਹੈ। ਪ੍ਰਬੋਧ ਚੰਦਰ ਨਾਟਕ ਗ੍ਰੰਥ ਨੂੰ ਪੜਿਆ ਜਾ ਸਕਦਾ ਹੈ। ਗਿਆਨ ਦੀ ਭਾਵਨਾ ਵਾਲੇ ਨੂੰ ਸੰਸਾਰ 'ਸੱਚੇ ਕੀ ਕੋਠੜੀ' ਹੈ; ਅਗਿਆਨੀ ਲਈ 'ਦੁੱਖਾਂ ਦਾ ਸਮੁੰਦਰ' ਹੁੰਦਾ ਹੈ। ਜਿਸਦੀ ਬੌਧਿਕਤਾ ਵਿੱਚ ਸੰਸਾਰ 'ਦੁੱਖਾਂ ਦਾ ਸਮੁੰਦਰ' ਰੂਪ ਭਰਮ ਬੈਠ ਗਿਆ, ਉਸਨੇ ਆਪਣੇ ਆਪ ਨੂੰ ਸੁਧਾਰਨ ਵੱਲੋਂ ਹਥਿਆਰ ਸੁੱਟ ਦਿੱਤੇ ਹਨ। ਅਗਿਆਨਤਾ ਵਿੱਚ ਡੁੱਬਿਆ ਹੋਇਆ ਪਾਪਾਂ ਕਰਕੇ ਅਨੇਕ ਤਰ੍ਹਾਂ ਦੀਆਂ ਸੰਸਾਰ ਵਿੱਚ ਦੁੱਖਾਂ ਰੂਪ ਸਜ਼ਾਵਾਂ ਸਹਿੰਦਾ ਰਹਿੰਦਾ ਹੈ।

**ਨਾਨਾ ਨਰਕਨਿ ਕਸ਼ਟ ਭੁਗਾਵੈ। ਅਘ ਫਲ ਭੁਗੇ ਵਹਿਰ ਨਿਕਸਾਵੈ।**
**ਤਿਮ ਹੀ ਨਾਨਾ ਸੁਖ ਕੋ ਦੇਤਿ। ਕਰਤਿ ਪੁੰਨ ਜੋ ਰਹੈ ਸੁਚੇਤ ॥ ੩੦ ॥**
**ਪਾਪੀ ਪੁੰਨੀ ਦੁਖ ਸੁਖ ਪਾਇ। ਚੰਦ ਅੰਸ ਮਹਿੰ ਪੁਨ ਮਿਲ ਜਾਇ।**
**ਤਿਨ ਦ੍ਵਾਰਾ ਅੰਨਨ ਮਾਹਿੰ ਆਵੈ। ਚਾਕੀ ਮੂਸਲ ਤੇ ਦੁਖ ਪਾਵੈ ॥ ੩੧ ॥**
**ਅਗਨੀ ਬਿਖੈ ਪਕਾਵਤਿ ਫੇਰ। ਭੋਗਹਿ ਨਾਨਾ ਕਸ਼ਟ ਬਡੇਰ।**
**ਪੁਨ ਪ੍ਰਾਨੀ ਕੇ ਦਾੜਨਿ ਮਾਹਿੰ। ਚਿਥਿ ਬਹੁ ਭਾਂਤਨਿ ਤੇ ਦੁਖ ਪਾਹਿ ॥ ੩੨ ॥**

**ਅਰਥ** - ਪਾਪਾਂ ਦੇ ਫਲ ਅਨੇਕਾਂ ਨਰਕਾਂ ਦੇ ਕਸ਼ਟ ਭੋਗਦਾ ਹੋਇਆ ਬਾਹਰ ਨਿਕਲਦਾ ਹੈ। ਉਸੇ ਪ੍ਰਕਾਰ ਸਾਵਧਾਨ ਹੋ ਕੇ ਚੰਗੇ ਕਰਮਾਂ ਤੋਂ ਪ੍ਰਾਪਤ ਹੋਏ ਪੁੰਨਾਂ ਕਰਕੇ ਅਨੇਕਾਂ ਸੁੱਖਾਂ ਨੂੰ ਹਾਸਿਲ ਕਰਨ ਉਪਰੰਤ ਬਾਹਰ ਆਉਂਦਾ ਹੈ। ਪਾਪੀ ਤੇ ਪੁੰਨੀ ਦੁੱਖ ਤੇ ਸੁੱਖ ਪ੍ਰਾਪਤ ਕਰਕੇ ਚੰਦ੍ਰਮਾ ਦੀ ਅੰਸ਼ ਵਿੱਚ ਫਿਰ ਮਿਲ ਜਾਂਦਾ ਹੈ। ਚੰਦ੍ਰਮਾ ਤੋਂ ਸਫਰ ਤੈਅ ਕਰਦਿਆਂ ਅੰਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਅੰਨ ਵਿਚ



ਜੀਵ ਆ ਕੇ ਚੱਕੀ ਵਿਚ ਜਾਂ ਮੂਸ਼ਲ ਆਦਿ ਨਾਲ ਸੱਟਾਂ ਖਾਣ ਰੂਪ ਦੁਖ ਪ੍ਰਾਪਤ ਕਰਦਾ ਹੈ। ਫਿਰ ਅੱਗ ਉਪਰ ਪਕਾਇਆ ਜਾਂਦਾ ਹੈ। ਅਨੇਕਾਂ ਤਰਾਂ ਦੇ ਬਹੁਤ ਸਾਰੇ ਕਸ਼ਟ ਸਹਾਰਦਾ ਹੈ। ਫਿਰ ਪ੍ਰਾਣਾਂਧਾਰੀ ਦੀਆਂ ਜਾੜ੍ਹਾਂ ਵਿਚ ਚਿਥਿਆ ਜਾਂਦਾ ਹੈ ਅਤੇ ਦੁਖ ਪਾਉਂਦਾ ਹੈ।

**ਭਾਵਾਰਥ** - ਜਦੋਂ ਜੀਵ ਨੂੰ ਸਰੀਰ ਕਰਕੇ ਕੀਤੇ ਯਤਨਾਂ ਵਿੱਚੋਂ ਤਰੱਕੀ ਨਜ਼ਰ ਆਉਂਣੀ ਬੰਦ ਹੋ ਜਾਏ, ਤਾਂ ਉਹ ਹਤਾਸ਼ ਹੋ ਜਾਂਦਾ ਹੈ। ਹਤਾਸ਼ ਹੋਏ ਨੂੰ ਅਨੇਕਾਂ ਬੁਰਾਈਆਂ ਇਉਂ ਆ ਘੇਰਦੀਆਂ ਹਨ; ਜਿਵੇਂ ਸਰੀਰਕ ਤੰਦਰੁਸਤੀ ਦੇ ਕਣ (A substance that the body produces in the blood to fight disease- Antibody) ਘੱਟਣ ਕਰਕੇ ਸਰੀਰ ਨੂੰ ਬੀਮਾਰੀਆਂ ਆ ਕੇ ਘੇਰ ਲੈਂਦੀਆਂ ਹਨ। 'ਤੰਦਰੁਸਤੀ ਦੇ ਕਣ' ਐਂਟੀ ਬੌਡੀ  ਅਤੇ ਸਰੀਰ ਦੀ ਬੀਮਾਰੀ ਦੇ ਕਣ (A living thing , too small to be seen without microscope, that causes disease in people- Virus) ਵਾਇਰਸ ਸਰੀਰ ਵਿੱਚੋਂ ਹੀ ਉਤਪੰਨ ਹੁੰਦੇ ਹਨ; ਜਿਹੜੇ ਇੱਕ ਦੂਜੇ ਦੀ ਕੀਮਤ ਨਿਰਧਾਰਤ ਕਰਦੇ ਹਨ। ਇਉਂ ਹੀ ਪੁੰਨ ਤੇ ਪਾਪ ਜੀਵ ਲਈ ਮਨੁੱਖੀ ਕਦਰਾਂ ਕੀਮਤਾਂ ਦੀ ਪਹਿਚਾਣ ਕਰਵਾਉਂਦੇ ਹਨ। ਮਨੁੱਖੀ ਫਿਤਰਤ ਹੈ, ਕਿ ਦੁੱਖ ਦੇ ਅਨਭਵ ਤੋਂ ਬਾਅਦ ਸੁੱਖ ਦੀ ਬਹੁਤ ਕਦਰ ਕਰਦਾ ਹੈ; ਜਿਵੇਂ ਮਿਰਚ ਖਾ ਕੇ ਥੋੜੀ ਮਿਠਾਸ ਵਾਲਾ ਪਦਾਰਥ ਖਾ ਕੇ ਅੰਮ੍ਰਿਤ ਵਰਗੇ ਸੁਆਦ ਦੀ ਖੁਸ਼ੀ ਮਹਿਸੂਸ ਕਰਦਾ ਹੈ। ਇਹੀ ਕਾਰਣ ਹੈ, ਜਿਹਨਾਂ ਨੇ ਹੱਥੀਂ ਕਮਾਈ ਕੀਤੀ ਹੁੰਦੀ ਹੈ ਉਹ ਕਦੇ ਵੀ ਪੈਸੇ ਖਰਾਬ ਨਹੀਂ ਕਰਦੇ ਸਗੋਂ ਸਦ-ਵਰਤੋਂ ਹੀ ਕਰਦੇ ਹਨ। ਬਜ਼ੁਰਗਾਂ ਵਿੱਚ ਕਮਾਈ ਕਰਨ ਦੀ ਸਮਰੱਥਾ ਅਤੇ ਛੋਟੀਆਂ ਬੱਚਤਾਂ ਦੀ ਸੋਚ ਬਾ-ਖੂਬ ਸੀ। ਤਾਂ ਹੀ ਉਹਨਾਂ ਨੇ ਥੋੜੀ ਜਮੀਨ ਵਿੱਚੋਂ ਹੀ ਆਪਣੇ ਬੱਚੇ ਪਾਲਣ ਦੀ ਜਿੰਮੇਵਾਰੀ ਨੂੰ ਭੀ ਨਭਾਇਆ; ਅਤੇ ਉਸ ਵਕਤ ਚਾਂਦੀ ਦੇ ਰੁਪੱਈਏ ਸਨ। ਅੱਜ ਅਸੀਂ ਜਿਸ ਦੌਰ ਵਿੱਚ ਹਾਂ, ਰੁਪੱਈਏ ਦੀ ਕੀਮਤ ਤੋਂ ਜਾਣੂ ਹਾਂ। ਜੀਵ ਨੂੰ ਮਨੁੱਖੀ ਸਰੀਰ ਚੰਗੇ ਕਰਮਾਂ ਦੁਆਰਾ ਨਾਮ-ਧਨ ਕਮਾਉਣ ਲਈ ਸਾਧਨ ਮਿਲਿਆ ਹੋਇਆ ਹੈ। ਜੋ ਚੰਗੀ ਕਾਮਈ ਕਰਦਾ ਹੈ; ਪੁੰਨੀ ਕਹਾਉਂਦਾ ਹੈ। ਜਿਹੜਾ ਚੰਗੇ ਕਰਮ ਨਹੀਂ ਕਰਦਾ ਉਸ ਤੋਂ ਬੁਰੇ ਕਰਮ ਹੋ ਜਾਂਦੇ ਹਨ; ਉਹ ਪਾਪੀ ਕਹਾਉਂਦਾ ਹੈ। ਪੁੰਨ ਕਰਨ ਲਈ ਸਾਵਧਾਨ ਹੋਣਾ ਪੈਂਦਾ ਹੈ, ਜਿਵੇਂ ਘਰ ਨੂੰ ਸੁੰਦਰ ਰੱਖਣ ਲਈ ਸਫਾਈ ਕਰਨੀ ਪੈਂਦੀ ਹੈ। ਪਾਪ ਰੂਪ ਗੰਦਗੀ ਫੈਲ਼ਣ ਲੱਗੀ ਦੇਰ ਨਹੀਂ ਲਾਉਂਦੀ।

ਘਰ ਵਿੱਚ ਫੈਲਿਆ ਕੂੜਾ-ਕਰਕਟ ਸਾਨੂੰ ਦੁਖੀ ਕਰਦਾ ਹੈ, ਅਸੀਂ ਸਫਾਈ ਕਰਨ ਲਈ ਹਿੰਮਤ ਕਰਦੇ ਹਾਂ। ਸਰੀਰ ਦੁਆਰਾ ਪ੍ਰਾਪਤ ਹੋਏ ਦੁੱਖਾਂ ਕਰਕੇ ਅਸੀਂ ਦੁਖੀ ਹੁੰਦੇ ਹਾਂ; ਚੰਗੇ ਕਰਮਾਂ ਰੂਪ ਪੁੰਨ ਕਰਨ ਲਈ ਤਤਪਰ ਹੋ ਜਾਂਦੇ ਹਾਂ। ਜਿੰਨੇ ਕਿਸੇ ਦੇ ਪਾਪ ਬਹੁਤੇ ਕੀਤੇ ਹੁੰਦੇ ਹਨ, ਉਤਨਾ ਹੀ ਉਸਨੂੰ ਜਿਆਦਾ ਦੁੱਖ ਰੂਪ ਫਲ ਵਿੱਚੋਂ ਨਿਕਲਣ ਲਈ ਮਿਹਨਤ ਕਰਨੀ ਪੈਂਦੀ ਹੈ। ਇਹ ਭੀ ਸੱਚ ਹੈ, ਕਿ ਜਿੰਨੀ ਕੋਈ ਮਿਹਨਤ ਕਰਕੇ ਸੁੱਖ ਪ੍ਰਾਪਤ ਕਰਦਾ ਹੈ; ਉਸਨੂੰ ਸੁੱਖ ਦਾ ਸਕੂਨ ਭੀ ਵੱਧ ਹੁੰਦਾ ਹੈ ਅਤੇ ਸੁੱਖ ਦੀ ਕਦਰ ਭੀ ਕਰਦਾ ਹੈ। ਮਨੁੱਖੀ ਸਰੀਰ 'ਪੁੰਨ ਤੇ ਪਾਪ', ਦ੍ਰਿਸ਼ਟ ਅਦ੍ਰਿਸ਼ਟ, ਸ਼ੁੱਭ ਅਸ਼ੁੱਭ, ਤੇ 'ਧਰਮ ਅਧਰਮ' ਦੇ ਸੁਮੇਲ ਤੋਂ ਹੁੰਦਾ ਹੈ। ਇਸ ਵਿੱਚ ਜੈਸੇ ਕਰਮਾਂ ਦਾ ਵਿਧਾਨਕ ਢੰਗ ਜੀਵ ਦਾ ਹੁੰਦਾ ਹੈ, ਉਸ ਮੁਤਾਬਿਕ ਜੀਵ ਸੰਸਾਰ ਵਿੱਚ ਆਉਣ ਦੀ ਪ੍ਰਕ੍ਰਿਆ ਰਾਹੀਂ ਸਫਰ ਤੈਅ ਕਰਦਾ ਹੈ। ਦੁਖਮਈ ਸ੍ਰਿਸ਼ਟੀ ਦੇ ਜੀਵ ਦਾ ਕਥਨ ਭਾਈ ਸਾਹਿਬ ਜੀ ਨੇ ਆਤਮ-ਪੁਰਾਣ ਮੁਤਾਬਿਕ ਕੀਤਾ ਹੈ। ਚੰਦ੍ਰਮਾਂ ਤੇ ਸੂਰਜ ਪ੍ਰਕਾਸ਼ ਦੇ ਦੋ ਦੀਵੇ ਧਰਤੀ ਨੂੰ ਦਿੱਤੇ ਹੋਏ ਹਨ। ਚੰਦ੍ਰਮਾਂ ਦਾ ਪ੍ਰਕਾਸ਼ ਫਸਲਾਂ ਵਿੱਚ ਰਸ ਪਾਉਂਦਾ ਹੈ; ਕਿਉਂਕਿ ਚੰਦ੍ਰਮਾਂ ਦਾ ਪ੍ਰਕਾਸ਼ ਠੰਡਾ ਹੁੰਦਾ ਹੈ। ਸੂਰਜ ਦੇ ਪ੍ਰਕਾਸ਼ ਵਿੱਚ ਤਪਸ ਹੁੰਦੀ ਹੈ, ਇਸ ਲਈ ਸੂਰਜ ਰਸ ਨੂੰ ਪਕਾਉਂਦਾ ਹੈ। ਜੀਵ ਅੰਸ਼ ਚੰਦ੍ਰਮਾਂ ਤੇ ਰਾਂਹੀ ਰਸ ਰੂਪ ਵਿੱਚ ਖੁਰਾਕ ਵਿੱਚ ਪ੍ਰਵੇਸ਼ ਕਰਦੀ ਹੈ। ਆਤਮ-ਪੁਰਾਣ ਦਾ ਮੰਨਣਾ ਹੈ, ਕਿ 'ਰੇਤ (Sperm) ਤੇ ਰਜ਼ (Monthly Allowance)' ਖੁਰਾਕ ਤੋਂ ਪੈਦਾ ਹੁੰਦਾ ਹੈ। ਸਰੀਰ ਤੇ ਜੀਵ-ਅੰਸ਼ ਦਾ ਮਿਲਾਪ ਹੋਣ ਲਈ ਦੋ ਨਰ-ਮਾਦਾ ਸਰੀਰਾਂ ਵਿੱਚ ਵੱਖ-ਵੱਖ ਤਰ੍ਹਾਂ ਨਾਲ ਆਪਣਾ ਸਫਰ ਤੈਅ ਕਰਦਾ ਹੈ। ਇੱਥੋਂ ਨਰ ਸਰੀਰ ਅੰਦਰ ਜੀਵ-ਅੰਸ਼ ਦਾ ਕਥਨ ਕਰਦੇ ਹਨ। ਖੁਰਾਕ ਦੇ ਰੂਪ ਵਿਚ ਅੰਨ ਆਦਿ ਵਿੱਚ ਆ ਕੇ ਅਨੇਕਾਂ ਦੁਸ਼ਵਾਰੀਆਂ ਵਿੱਚੋਂ ਦੀ ਨਿਕਲਦਾ ਹੈ। ਇੱਥੇ ਦੁੱਖਾਂ ਦਾ ਵਰਨਣ ਕਰਨ ਦਾ ਮੁੱਖ ਮਕਸਦ ਹੈ ਕਿ ਇਤਨੇ ਦੁੱਖ ਸਹਾਰਨ ਤੋਂ ਬਾਅਦ ਫਿਰ ਮਨੁੱਖ ਇਨਸਾਨੀਅਤ ਨੂੰ ਸੰਭਾਲੇ ਨਾ ਤਾਂ ਬਹੁਤ ਖੇਦਮਈ ਹਾਲਾਤ ਹਨ।

**ਉਦਰ ਬਿਖੈ ਜਠਰਾਗਨਿ ਤੇਜ। ਤਹਿੰ ਸੰਕਟ ਲਹਿ ਅਸਨ ਅਮੇਜ।**
**ਪੁਨ ਰਸ ਸੰਗ ਨਸਾ ਮਹਿੰ ਬਸੈ। ਤਨ ਕੋ ਰੁਧਰ ਹੋਤਿ ਦੁਖ ਗ੍ਰਸੈ॥ ੩੩॥**
**ਬਹੁਰ ਸ਼੍ਰੋਨ ਤੇ ਆਮਿਖ ਬਨੈ। ਤਹਾਂ ਪਹੁੰਚਿ ਬਡ ਸੰਕਟ ਸਨੈ।**
**ਸਨੇ ਸਨੇ ਪੁਨ ਮੇਦ ਮਝਾਰਾ। ਤਾਂਹਿ ਬਸਹਿ ਸਭਿ ਰੀਤਿ ਦੁਖਾਰਾ॥ ੩੪॥**
**ਅਸਥੀ ਮਹਿੰ ਮੁਸ਼ਕਲਤਾ ਪਾਇ। ਇਮ ਹੀ ਸਪਤ ਧਾਤ ਮਹਿੰ ਜਾਇ।**



**ਪੁਨ ਬੀਰਜ ਕੇ ਮਿਲਿ ਕੈ ਸੰਗ। ਪ੍ਰਾਨੀ ਕੇ ਉਪਜਾਇ ਅਨੰਗ॥ ੩੫॥**

**ਅਰਥ** - ਇਨਸਾਨ ਦੇ ਪੇਟ ਵਿੱਚ ਜਠਰਾਗਨ ਬਹੁਤ ਤੇਜ਼ ਹੁੰਦੀ ਹੈ। ਇੱਥੇ ਭੀ ਬਹੁਤ ਸੰਕਟ ਪ੍ਰਾਪਤ ਕਰਕੇ ਭੋਜਨ ਵਿੱਚ ਮਿਲ ਜਾਂਦਾ ਹੈ। ਫਿਰ ਰਸ ਦੇ ਨਾਲ ਨਾੜੀਆਂ ਵਿੱਚ ਮਿਲ ਜਾਂਦਾ ਹੈ। ਦੁੱਖਾਂ ਵਿੱਚ ਪਕੜਿਆ ਹੋਇਆ ਸਰੀਰ ਦਾ ਖ਼ੂੰਨ ਬਣਦਾ ਹੈ। ਫਿਰ ਖ਼ੂੰਨ ਤੋਂ ਮਾਸ ਬਣਦਾ ਹੈ; ਉੱਥੇ ਬਹੁਤ ਸੰਕਟ ਨਾਲ ਪਹੁੰਚਦਾ ਹੈ। ਹੌਲੀ ਹੌਲੀ ਫਿਰ ਮਿਝ ਵਿੱਚ ਸਾਰਿਆਂ ਤਰੀਕਿਆਂ ਨਾਲ ਦੁਖੀ ਹੋ ਕੇ ਵੱਸਦਾ ਹੈ।ਇਉਂ ਹੀ ਸੱਤ ਧਾਤਾਂ ਵਿੱਚ ਜਾਣ ਉਪਰੰਤ ਵੀਰਜ ਵਿੱਚ ਮਿਲ ਜਾਂਦਾ ਹੈ; ਇਹੋ ਹੀ ਪ੍ਰਾਣੀ ਦੇ ਅੰਦਰ ਕਾਮ ਪੈਦਾ ਕਰਦਾ ਹੈ ।

**ਭਾਵਾਰਥ** - 'ਅੱਗ ਤੇ ਪਾਣੀ' ਸਥੂਲਤਾ ਦਾ ਰੂਪ ਧਾਰਨ ਕਰਨ ਲਈ 'ਅਕਾਸ਼ ਤੇ ਹਵਾ' ਦੀ ਸੂਖਸ਼ਮਤਾ ਦਾ ਸਹਾਰਾ ਲੈਂਦੇ ਹਨ। ਜਿਵੇਂ ਅੱਗ ਪਾਣੀ ਵਿਚਲੇ ਪ੍ਰਮਾਣੂਆਂ ਨੂੰ ਗਾੜ੍ਹਾ ਕਰਦੀ ਹੈ; ਸਥੂਲਤਾ ਹੋਂਦ ਵਿੱਚ ਆਉਂਦੀ ਜਾਂਦੀ ਹੈ। ਇਸ ਸਥੂਲਤਾ ਦੇ ਹੋਂਦ ਵਿੱਚ ਆਉਣ ਦਾ ਮੁੱਖ ਮਕਸਦ ਹੈ; ਨਵੀਂ ਪੀੜ੍ਹੀ ਲਈ ਤਾਕਤ ਦੀ ਪੈਦਾਇਸ਼ ਕਰਨੀ। ਇਸ ਤਾਕਤ ਨੂੰ ਹੀ ਜੁਆਨੀ ਕਿਹਾ ਜਾਂਦਾ ਹੈ। ਕਿਤਨੀ ਮਿਹਨਤ ਤੋਂ ਬਾਅਦ ਜੀਵ-ਅੰਸ਼ ਧਾਤਾਂ (ਰਕਤਾਦਿ) ਤੱਕ ਰਸਾਈ ਕਰਦੀ ਹੈ; ਕੁਦਰਤਿ ਦੀ ਜੀਵ ਨੂੰ ਸਿਖਲਾਈ ਦਿੱਤੀ ਜਾਂਦੀ ਹੈ। 'ਕੀੜੀ ਕੋਲ ਜਾਓ ਤੇ ਤੱਕੋ ਉਹ ਮਿਹਨਤ ਕਰਨ ਵਿੱਚ ਕਿੰਨੀ ਸੂਝਵਾਨ ਹੈ -ਬਾਈਬਲ' ਕੁਦਰਤਿ ਸਾਨੂੰ ਮਾਨਵੀਂ ਸਰੀਰ ਦਾ ਇੱਕ ਸਰੀਰ ਤੋਂ ਦੂਜੇ ਸਰੀਰ ਤੱਕ ਪਹੁੰਚਣ ਦਾ ਸਫਰ ਕਿੰਨਾ ਕਠਨਾਈ ਵਾਲਾ ਹੈ; ਜਿਹੜਾ ਮਿਹਨਤ ਕਰਕੇ ਆਪਣੀ ਮੰਜ਼ਿਲ ਤੱਕ ਪਹੁੰਚਦਾ ਹੈ, ਉਸਨੂੰ ਇਸ ਦੀ ਕਦਰ ਹੁੰਦੀ ਹੈ। 'ਮਿਹਨਤ ਰੱਬ ਦੀ ਭਗਤੀ ਤੇ ਜੀਵਨ ਹੈ-ਕਾਰਲਾਇਲ' ਜੁਆਨੀ ਵੇਲੇ ਪਿਤਾ ਦੀ ਪਦਵੀ ਪ੍ਰਾਪਤ ਕਰਵਾਉਣ ਲਈ ਪੁੱਤਰ ਦਾ ਸਫਰ ਭੀ ਬਹੁਤ ਦੁੱਖਦਾਈ ਤੇ ਦਰਦਮਈ ਹੁੰਦਾ ਹੈ। ਤਾਂ ਹੀ ਮਿਹਨਤ ਕਰਨ ਵਾਲਾ ਕਮਾਈ ਦੇ ਪੈਸੇ ਨੂੰ ਸਾਂਭ ਕੇ ਵਰਤਦਾ ਹੈ। 'ਮਿਹਨਤ ਤੋਂ ਦੇਹ ਅਰੋਗਤਾ ਅਤੇ ਦੇਹ ਅਰੋਗਤਾ ਤੋਂ ਸੰਤੋਖ ਉਤਪੰਨ ਹੁੰਦਾ ਹੈ-ਬੇਟਵੀ' ਸੰਤੋਖੀ ਪੁਰਖ ਰੱਬ ਤੇ ਵਿਸ਼ਵਾਸ ਰੱਖਦਾ ਹੈ। ਉਸਦਾ ਹਰ ਕੰਮ ਭਗਤੀ ਰੂਪ ਹੋ ਜਾਂਦਾ ਹੈ। ਉਸ ਦੇ ਸਰੀਰ ਦੀ ਤਾਕਤ ਸੱਤ ਧਾਤਾਂ ਦੀ ਸਿਖਰ 'ਰਕਤ, ਰੋਮ, ਨਾੜੀ, ਅਸਥਿ, ਮਿੱਝ ਅਤੇ ਵੀਰਜ' ਤੇ ਪਹੁੰਚ ਜਾਂਦੀ ਹੈ। ਮਾਂ-ਬਾਪ ਇਸ ਸਮੇਂ ਨੂੰ ਵੇਖ ਕੇ ਆਖਦੇ ਹਨ, 'ਪੁੱਤਰ ਵਿਆਹੁਣ ਯੋਗ ਹੋ ਗਿਆ ਹੈ।' ਇੱਥੇ ਜੀਵ ਅੰਸ਼ ਮਰਦ ਵਿੱਚ ਉਤੇਜਨਾ ਪੈਦਾ ਕਰਦੀ ਹੈ। ਮਨੁੱਖੀ

ਸੁੰਦਰਤਾ ਦੀ ਇਹ ਸਰਵੋਤਮ ਅਵਸਥਾ ਹੈ।' ਮਨੁੱਖ ਦੇ ਅੰਦਰ ਜੋ ਕੁੱਝ ਸਰਵੋਤਮ ਹੈ, ਉਸਦਾ ਵਿਕਾਸ ਪ੍ਰਸੰਸਾ ਅਤੇ ਉਤਸ਼ਾਹ ਰਾਂਹੀ ਹੀ ਹੁੰਦਾ ਹੈ-ਚਾਰਲਜ਼ ਸਵੇਨ'।

**ਇਸਤ੍ਰੀ ਕੇ ਸੰਜੋਗ ਕੋ ਪਾਇ। ਨਿਕਸ ਲਿੰਗ ਤੇ ਭਗ ਮਹਿੰ ਜਾਇ।**
**ਰਜ ਕੋ ਰੁਧਰ ਬੀਰਜ ਲਪਟੰਤਿ। ਗੁਲਕਾ ਸਮ ਗ੍ਰਭ ਥਲ਼ ਥਿਰਿਅੰਤ ॥ ੩੬ ॥**
**ਤਹਿੰ ਨੌ ਮਾਸ ਬਾਸ ਕੋ ਪਾਇ। ਦੁਖ ਭੋਗੈ ਬਨਿ ਸਿਰ ਤਰਵਾਇ।**
**ਮਿਲਯੋ ਰਹੈ ਮਲ ਮੂਤ੍ਰ ਕੇ ਸੰਗ। ਬਨਹਿ ਬ੍ਰਧਹਿ ਕਾਇਆ ਸਰਬੰਗ ॥ ੩੭ ॥**

**ਅਰਥ** - ਇਸਤ੍ਰੀ ਦੇ ਸੰਜੋਗ ਨੂੰ ਪਾ ਕੇ ਮਰਦ ਦੇ ਜਨਨ ਅੰਗ ਵਿੱਚ ਨਿਕਲ ਕੇ ਇਸਤ੍ਰੀ ਦੇ ਜਨਨ ਅੰਗ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਰਜ ਦੇ ਖ਼ੂੰਨ ਵਿੱਚ ਜਦ ਵੀਰਜ ਲਿਪਟਦਾ ਹੈ; ਮਾਂ ਦੇ ਉਦਰ ਵਿੱਚ ਗੋਲਾਕਾਰ ਬਣ ਜਾਂਦਾ ਹੈ। ਉੱਥੇ ਨੌਂ ਮਹੀਨੇ ਵਾਸ ਪਾ ਕੇ ਸਿਰ ਹੇਠਾਂ ਵੱਲ ਹੁੰਦਾ ਹੋਇਆ ਬਹੁਤ ਦੁੱਖ ਪਾਉਂਦਾ ਹੈ। ਇੱਥੇ ਇਸਤ੍ਰੀ ਦੇ ਸਰੀਰਕ ਕਿਰਿਆਵਾਂ ਵਿੱਚੋਂ ਨਿਕਲੀ ਗੰਦਗੀ ਵਿੱਚ ਹੀ ਵਾਸਾ ਰਹਿੰਦਾ ਹੈ। ਸਾਰਾ ਸਰੀਰ ਬਣਦਾ ਅਤੇ ਵੱਧਦਾ ਫੁੱਲਦਾ ਹੈ।

**ਭਾਵਾਰਥ** - ਜੀਵ-ਅੰਸ਼ ਦੋ ਰੂਪਾਂ ਦੁਆਰਾ ਸਰੀਰ ਦੀ ਸਥਾਪਤੀ ਕਰਨ ਲਈ ਉਤੇਜਨਾ ਦਾ ਸਹਾਰਾ ਲੈਂਦੀ ਹੈ। ਇਸਨੂੰ ਕਾਮੁਕਤਾ ਕਹਿੰਦੇ ਹਨ; ਜੋ ਨੌਜੁਆਨੀ ਨੂੰ ਮਾਂ-ਬਾਪ ਦੀ ਜਿੰਦਗੀ ਦਾ ਸਫਰ ਸ਼ੁਰੂ ਕਰਨ ਵਿੱਚ ਸਹਾਇਤਾ ਦਿੰਦੀ ਹੈ। ਕਿਉਂਕਿ ਪਤੀ-ਪਤਨੀ ਦੇ ਜੀਵਨ ਨੂੰ 'ਮਾਂ-ਬਾਪ ਦੀ ਪਦਵੀ' ਰੱਬ ਦੀ ਨਦਰ ਨਾਲ ਮਿਲਦੀ ਹੈ ਕ਼ੁੱਝ ਕਾਮੁਕਤਾ ਨੂੰ ਕਾਮਵਾਸ਼ਨਾ ਲਈ ਵਰਤਦੇ ਹਨ; ਕੁੱਝ ਕਾਮੁਕਤਾ ਨੂੰ ਜਿੰਦਗੀ ਦੀ ਮਹਾਨਤਾ ਕਰਕੇ ਜਾਣਦੇ ਹਨ। ਨਰ ਤੇ ਮਾਦਾ ਦੀ ਸੰਯੋਜਿਕਤਾ ਕਾਮ ਦੁਆਰਾ ਹੀ ਪੀੜ੍ਹੀ ਨੂੰ ਅੱਗੇ ਤੋਰਦੀ ਹੈ। ਇੱਕ ਚੰਗੇ ਪੁੱਤਰ ਦੀ ਨੌਜੁਆਨੀ ਲਈ ਚੰਗੀ ਪਤਨੀ ਦੀ ਨੌਜੁਆਨੀ ਪ੍ਰਾਪਤ ਹੋਵੇ; ਮਾਂ ਦੀ ਵਿਆਖਿਆ ਹੈ, 'ਪਤਨੀ ਦੀ ਚੋਣ ਵਿੱਚ ਕਿਸੇ ਸੱਚੀ ਮਾਤਾ ਦੀ ਪੁੱਤਰੀ ਨੂੰ ਪਸੰਦ ਕਰੋ-ਫੁਲਰ' ਕਿਉਂਕਿ 'ਇਸ ਧਰਤੀ ਤੇ ਮਾਂ ਹੀ ਇੱਕ ਅਜਿਹੀ ਦੇਵੀ ਹੈ, ਜਿਸਦਾ ਕੋਈ ਨਾਸਤਿਕ ਨਹੀ- ਡਾ: ਲੌਂਗਵ' ਇਥੇ ਗੌਰਤਲਬ ਹੈ, ਮਾਂ-ਬਾਪ ਦੇ ਵਿਸ਼ਵਾਸ਼ ਵਿੱਚ ਨੌਜੁਆਨ ਹੋਏ ਇਨਸਾਨੀ-ਭਾਂਡੇ ਚੰਗੇ ਮਾਂ-ਬਾਪ ਦੇ ਗੁਣਾਂ ਨਾਲ ਸ਼ੋਭਿਤ ਹੁੰਦੇ ਹਨ। ਸਰੀਰ ਲਈ ਪ੍ਰਾਪਤ ਹੋਏ 'ਪੁੱਤਰ' ਤੇ 'ਪੁੱਤਰੀ' ਸ਼ਬਦ, ਸਮਾਜਿਕ ਰਿਸ਼ਤੇ ਦੁਆਰਾ ਸਹੁਰਾ ਪਰਿਵਾਰ ਬਣ ਜਾਂਦੇ ਹਨ। ਸਹੁਰੇ ਘਰ ਨੂੰ ਅੰਗਰੇਜ਼ੀ ਵਿਚ (In law's family) ਕਹਿੰਦੇ ਹਨ। ਕਾਨੂੰਨ ਨੂੰ ਲ਼ਓਾ ਕਹਿੰਦੇ ਹਨ। ਸ਼ਾਇਦ ਇਸੇ ਲਈ ਬਜ਼ੁਰਗ ਕਹਿੰਦੇ ਸਨ 'ਵਿਆਹ



ਹੋਣ ਉਪਰੰਤ ਬੱਚੇ ਸਿਆਣੇ ਹੋ ਜਾਂਦੇ ਹਨ; ਕਿਉਂਕਿ ਦੋ ਜਿੰਦਗੀਆਂ ਕਾਨੂੰਨ ਦੁਆਰਾ ਹੀ ਇੱਕਸੁਰ ਹੋ ਸਕਦੀਆਂ ਹਨ। ਜਿਹਨਾਂ ਨੇ ਜਿੰਦਗੀ ਕਾਨੂੰਨ ਬਣਾ ਲਈ ਉਹ ਨਿਯਮਾਂਨੁਸਾਰ (Lawful) ਹੋ ਜਾਂਦੇ ਹਨ। ਜੀਵ ਅੰਸ਼ ਦੇ ਕਰੋਮੋਸੋਮ ਨਰ ਵਿੱਚ x, y ਹੁੰਦੇ ਹਨ; ਮਾਦਾ ਵਿੱਚ x, x ਹੁੰਦੇ ਹਨ। ਖਾਸੀਅਤ ਇਹ ਹੁੰਦੀ ਹੈ ਕਿ 'ਨਰ ਦਾ x ਮਾਦਾ ਦੇ x ਕਰੋਮੋਸੋਮ ਨਾਲ ਮਿਲ ਕੇ ਜੀਵ ਅੰਸ਼ ਲਈ ਪੁੱਤਰੀ ਦੇ ਸਰੀਰ ਲਈ ਸਫਰ ਆਰੰਭ ਕਰ ਦਿੰਦਾ ਹੈ। ਨਰ ਦਾ y ਕਰੋਮੋਸੋਮ ਮਾਦਾ ਦੇ x ਕਰੋਮੋਸੋਮ ਨਾਲ ਮਿਲਕੇ ਪੁੱਤਰ ਸਰੀਰ ਦਾ ਨਿਰਮਾਣ ਸ਼ੁਰੂ ਕਰਦਾ ਹੈ। ਬੇ-ਵਕੂਫ ਲੋਕ ਪੁੱਤਰੀਆਂ ਤੇ ਇਲਜ਼ਾਮ ਲਾਉਂਦੇ ਹਨ, ਕਿ ਇਸ ਦੇ ਪੁੱਤਰ ਨਹੀਂ ਹੁੰਦਾ; ਜਦੋਂ ਕਿ ਨਰ ਤੇ ਮਾਦਾ ਦੇ ਨਿਰਮਾਣ ਵਿੱਚ ਨਿਰਣਾਇਕ ਕਰੋਮੋਸੋਮ ਮਰਦ ਦਾ ਹੁੰਦਾ ਹੈ। ਨਰ ਤੇ ਮਾਦਾ ਦੀ ਕਾਮ ਕਿਰਿਆ ਦੁਆਰਾ ਜੀਵ-ਅੰਸ਼ ਸਰੀਰਕ ਕਿਰਿਆ ਸ਼ੁਰੂ ਹੋ ਜਾਂਦੀ ਹੈ। ਵਰਤਮਾਨ ਢੰਗ ਨਾਲ ਸਰੀਰ ਦੀ ਬਣਤਰ ਵਿਆਖਿਆ, ਅਨਾਟਮੀ (Anatomy) ਦੀ ਕਿਤਾਬ ਵਿੱਚ ਹੈ; ਕਿਤਾਬ ਵਿੱਚ ਸੰਤਾਨ ਪੈਦਾ ਕਰਨ ਸੰਬੰਧ (The Reproductive Systems) ਵਿੱਚ ਪੂਰੀ ਵਿਆਖਿਆ ਕੀਤੀ ਗਈ ਹੈ; ਅਤੇ ਮਲ-ਤਿਆਗ (Urinary System) ਵਾਲਾ ਤੇਰਵਾਂ ਅਧਿਆਇ ਪੜਕੇ ਇਹਨਾਂ ਦੁੱਖਾਂ ਦਾ ਭੀ ਪਤਾ ਲੱਗ ਜਾਏਗਾ। ਜਿਹਨਾਂ ਨੂੰ ਕਵੀ ਜੀ ਨੇ ਇੱਥੇ ਅੰਕਿਤ ਕੀਤਾ ਹੈ।

**ਕਸ਼ਟ ਗਰਭ ਕੇ ਗਿਨੇ ਨ ਜਾਇੰ। ਜਿਨ ਕੋ ਸੁਨਿ ਰੁਮੰਚ ਹ੍ਵੈ ਆਇ।**
**ਭਗ ਦ੍ਵਾਰਾ ਨਿਕਸਤਿ ਦੁਖ ਪਾਵੈ। ਨੀਠ ਨੀਠ ਬਾਹਰ ਕੋ ਆਵੈ ॥ ੩੮ ॥**
**ਦ੍ਵਾਰ ਤੰਗ ਤਨ ਥੂਲ ਬਡੇਰਾ। ਜੰਤੀ ਸਮ ਖੈਂਚਿਯ ਤਿਸ ਬੇਰਾ।**
**ਆਪ ਦੁਖੀ, ਜਨਨੀ ਦੁਖ ਦੇਤਿ। ਨਿਕਸਤਿ ਗਿਰਤਾ ਹੋਤਿ ਅਚੇਤ ॥ ੩੯ ॥**

**ਅਰਥ** - ਮਾਂ ਬਣਨ ਵਾਲੀ ਇਸਤ੍ਰੀ ਅਤੇ ਅੰਦਰ ਬੈਠੇ ਜੀਵ ਦੇ ਕਸ਼ਟ ਗਿਣੇ ਨਹੀਂ ਜਾਂਦੇ; ਜਿਸਨੂੰ ਸੁਣਦਿਆਂ ਹੀ ਰੋਮਾਂਚ ਹੋ ਆਉਂਦਾ ਹੈ। ਇਸਤ੍ਰੀ ਦੇ ਉਦਰ ਤੋਂ ਬਾਹਰ ਆਉਂਦਾ ਹੋਇਆ ਬਹੁਤ ਦੁੱਖ ਪਾਉਂਦਾ ਹੈ; ਹੌਲੀ ਹੌਲੀ ਬਾਹਰ ਵੱਲ ਨੂੰ ਆਉਂਦਾ ਹੈ। ਜਨਨ ਦੁਆਰ ਬਹੁਤ ਤੰਗ ਹੁੰਦਾ ਹੈ, ਸਰੀਰ ਬਹੁਤ ਮੋਟਾ ਹੁੰਦਾ ਹੈ। ਜਿਵੇਂ ਸੁਨਾਰਾ ਸੋਨੇ ਦੀ ਤਾਰ ਬਣਾਉਣ ਲਈ ਜੰਤੀ ਵਿੱਚੋਂ ਖਿੱਚਦਾ ਹੈ। ਆਪ ਵੀ ਦੁਖੀ ਹੁੰਦਾ ਹੈ ਮਾਂ ਨੂੰ ਭੀ ਦੁਖੀ ਕਰਦਾ ਹੈ। ਸਰੀਰ ਵਿੱਚੋਂ ਬਾਹਰ ਨਿਕਲਦਾ ਹੀ ਅਚੇਤ ਹੋ ਕੇ ਬਾਹਰ ਡਿੱਗਦਾ ਹੈ।

**ਭਾਵਾਰਥ** - ਕਰੋਮੋਸੋਮਿਕ ਢੰਗ ਨਾਲ Egg ਅਤੇ Sperm ਕਿਰਿਆਵਾਂ

ਕਰਕੇ ਭਰੂਣ (Foetus) ਦਾ ਰੂਪ ਧਾਰਨ ਕਰ ਲੈਂਦਾ ਹੈ; ਕੁਦਰਤਿ ਇਸ ਦੀ ਸੁਰੱਖਿਆ ਅਤੇ ਬਾਹਰੀ ਜੀਵਨ ਵਰਗਾ ਸਰੀਰ ਪ੍ਰਦਾਨ ਕਰਨ ਲਈ ਸੁਰੱਖਿਆ ਕਵਚ (Amniotic Sac - A bag shaped part inside the mother's womb surrounds a baby) ਬਣਾ ਦਿੰਦੀ ਹੈ। ਜਿਵੇਂ ਬਾਹਰੀ ਸਰੀਰ ਦੀ ਹਰ ਜਰੂਰਤ ਹੁੰਦੀ ਹੈ; ਉਸੇ ਤਰ੍ਹਾਂ ਅੰਦਰ ਭੀ ਹਰ ਜਰੂਰਤ ਹੁੰਦੀ ਹੈ। ਮਾਂ ਦੇ ਮਲ ਤਿਆਗ ਵੇਲੇ ਹੋਣ ਵਾਲੀਆਂ ਅਨੇਕ ਪ੍ਰਤੀਕਿਰਿਆਵਾਂ ਮਾਂ ਲਈ ਕਿੰਨੀਆਂ ਬਿਪਤਾਵਾਂ ਖੜੀਆਂ ਕਰਦੀਆਂ ਹਨ; ਬੱਚੇ ਨੂੰ ਕਿੰਨੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗ੍ਰੰਥਾਂ ਵਿੱਚ ਬਹੁਤ ਦਰਦਮਈ ਵਿਆਖਿਆ ਹੈ। ਡਾਕਟਰੀ ਵਿਥਿਆ ਭੀ ਇਸ ਦੀ ਖੂਬ ਜਾਣਕਾਰੀ ਦਿੰਦੀ ਹੈ। ਮਾਂ ਦੇ ਉਦਰ ਤੋਂ ਬਾਹਰ ਆਉਣ ਵੇਲੇ ਹੋਰ ਭੀ ਦੁੱਖਦਾਈ ਡਰਾਉਣੀ ਹਾਲਤ ਹੋ ਜਾਂਦੀ ਹੈ।

**ਜਥਾ ਬਿਰਣ ਤੇ ਪਰਹਿ ਸੁ ਕੀਰਾ। ਤਿਮ ਬਾਹਰ ਭਾ ਬਹੁ ਦੁਖ ਪੀਰਾ।**
**ਕਿਤਿਕ ਸਮੇਂ ਮਹਿਂ ਚੇਤਨ ਹੋਇ। ਸੁਧ ਕੋ ਪਾਇ ਉਠਤਿ ਹੈ ਰੋਇ॥ ੪੦॥**
**ਬਾਲ ਅਵਸਥਾ ਮਹਿਂ ਦੁਖ ਘਨੇ। ਰਾਵ ਰੰਕ ਕੇ ਇਹ ਸਭਿ ਬਨੇ।**
**ਸਗਰੇ ਗਰਭ ਬਿਖੈ ਪਰਿਆਵੈ। ਬਾਲ ਮੂੜ ਰੋਦਨ ਤਪਤਾਵੈ॥ ੪੧॥**
**ਕਸ਼ਟ ਹੋਤਿ ਨਹਿਂ ਜਾਤਿ ਬਤਾਯੋ। ਸਦਾ ਅਸ਼ੁਚਿ ਡਹਕਿਤ ਡਰਪਾਯੋ।**
**ਰਹੈ ਅਸ਼ਕਤਿ ਕ੍ਰਿਯਾ ਨਹਿਂ ਹੋਇ। ਜਾਚਹਿ ਚੰਦ ਕਹਾਂ ਦੇ ਕੋਇ॥ ੪੨॥**

**ਅਰਥ** – ਜਿਵੇਂ ਫੋੜੇ ਵਿੱਚੋਂ ਕੀੜਾ ਡਿੱਗ ਪੈਂਦਾ ਹੈ, ਉਸੇ ਪ੍ਰਕਾਰ ਬਾਹਰ ਡਿੱਗ ਪੈਂਦਾ ਹੈ ਬਹੁਤ ਦੁੱਖ ਦੇ ਸਹਿਤ। ਕਿਤਨੇ ਸਮੇਂ ਬਾਅਦ ਹੋਸ਼ ਆਉਣ ਉਪਰੰਤ ਰੋਣਾ ਸ਼ੁਰੂ ਕਰ ਦਿੰਦਾ ਹੈ। ਅਮੀਰ ਗਰੀਬ ਸਾਰਿਆਂ ਦੇ ਬੱਚਿਆਂ ਨੂੰ ਬਾਲ ਅਵਸਥਾ ਵਿੱਚ ਬਹੁਤ ਸਾਰੇ ਦੁੱਖ ਸਹਾਰਨੇ ਪੈਂਦੇ ਹਨ। ਸਾਰੇ ਗਰਭ ਵਿੱਚ ਪੈ ਕੇ ਹੀ ਸੰਸਾਰ ਵਿੱਚ ਆਉਂਦੇ ਹਨ। ਬਾਲਕ ਮੂਰਖ ਹੁੰਦਾ ਹੈ, ਰੋਂਦਾ ਹੋਇਆ ਤਪਦਾ ਰਹਿੰਦਾ ਹੈ। ਕਿਉਂਕਿ ਉਸ ਤੋਂ ਆਪਣਾ ਕਸ਼ਟ ਦੱਸਿਆ ਨਹੀਂ ਜਾਂਦਾ। ਹਮੇਸ਼ਾ ਲਈ ਮੈਲ੍ਹਾ, ਤ੍ਰਬਕਦਾ ਅਤੇ ਡਰਦਾ ਰਹਿੰਦਾ ਹੈ। ਸਰੀਰ ਸ਼ਕਤੀ ਹੀਣ ਹੋਣ ਕਰਕੇ ਕੋਈ ਕਿਰਿਆ ਭੀ ਆਪ ਤੋਂ ਨਹੀਂ ਹੁੰਦੀ; ਜਦੋਂ ਚੰਦ੍ਰਮਾ ਮੰਗਣ ਲੱਗ ਪਵੇ ਕੌਣ ਲਿਆ ਕੇ ਦੇਵੇ।

**ਭਾਵਾਰਥ** – ਹਰ ਨਵਾਂ ਜੀਵ ਕਿਸੇ ਵਿਕਾਰ ਵਿੱਚੋਂ ਹੀ ਪੈਦਾ ਹੁੰਦਾ ਹੈ। ਜਿਵੇਂ-ਜਿਵੇਂ ਬੀਜ ਗਲਦਾ (Decompose) ਹੈ, ਜੜ੍ਹਾਂ ਦਾ ਪਸਾਰਾ ਹੁੰਦਾ ਹੈ; ਜਿਵੇਂ ਹੀ ਜੜ੍ਹ ਹੇਠਾਂ ਵੱਲ ਪਸਰਦੀ ਹੈ, ਬੂਟਾ ਉੱਪਰ ਵੱਲ ਨੂੰ ਵੱਧਦਾ ਹੈ। ਹਰ ਕਿਰਿਆ



ਸਮਾਂ ਪਾ ਕੇ ਬਰਬਾਦ ਹੁੰਦੀ ਜਾਂਦੀ ਹੈ। ਜਿਵੇਂ ਮੂਲ਼ ਨੂੰ ਤਕੜਾ ਕਰਦੀਆਂ ਨਿੱਕੀਆਂ ਟਾਹਣੀਆਂ ਝੜਦੀਆਂ ਜਾਂਦੀਆ ਹਨ। ਜੜ੍ਹਾਂ ਪਕੇਰੀਆਂ ਹੁੰਦੀਆਂ ਹਨ, ਦਰੱਖਤ ਬਣ ਜਾਂਦਾ ਹੈ; ਅਖੀਰ ਨੂੰ ਦਰੱਖਤ ਭੀ ਸੁੱਕ ਕੇ ਅੱਗ ਨਾਲ ਸੁਆਹ ਹੋ ਜਾਂਦਾ ਹੈ। ਇਵੇਂ ਹੀ ਗੰਦਗੀ ਦੇ ਰਾਸਤੇ ਦੁਆਰਾ ਬੱਚੇ ਦਾ ਸਰੀਰ ਬਾਹਰ ਨਿਕਲਦਾ ਹੀ ਅਚੇਤ ਅਵਸਥਾ ਵਿੱਚ ਹੁੰਦਾ ਹੈ। ਤਨ ਦੀ ਗੰਦਗੀ ਵਿੱਚੋਂ ਹੀ ਸਰੀਰ ਦੀ ਹੋਂਦ ਸ਼ੁਰੂ ਹੋ ਕੇ ਮਲ-ਤਿਆਗ ਵਾਂਗ ਧਰਤੀ ਉੱਪਰ ਡਿੱਗਦੀ ਹੈ। ਇਹ ਗੱਲ ਵੱਖਰੀ ਹੈ, ਅੱਜ ਦੀ ਸੁਆਰਥਮਈ ਡਾਕਟਰੀ ਨਵੇਂ ਜੀਵਨ ਦੀ ਸ਼ੁਰੂਆਤ ਵਿੱਚ ਤੰਦਰੁਸਤੀ ਦੇ ਨਾਮ ਉੱਪਰ ਕਿੰਨਾ ਵਿਘਨ ਪਸਾਰਦੀ ਹੈ। ਕੁਦਰਤ ਨੇ ਬੱਚੇ ਦੇ ਜਨਮ ਲਈ ਸਥਾਨ ਇੰਨਾਂ ਤੰਗ ਬਣਾਇਆ ਹੈ, ਬਾਹਰ ਆਉਂਦਿਆਂ ਹੀ ਉਸਦੇ ਫੇਫੜੇ ਇੰਨੇ ਘੁੱਟੇ ਜਾਂਦੇ ਹਨ ਕਿ ਸਾਹ ਕਿਰਿਆ ਸ਼ੁਰੂ ਹੋ ਜਾਦੀ ਹੈ। ਜੇ ਕੁੱਝ ਬੱਚਿਆਂ ਵਿੱਚ ਇਹ ਕਿਰਿਆ ਸ਼ੁਰੂ ਨਹੀਂ ਹੁੰਦੀ ਤਾਂ ਸ਼ੁਰੂ ਕਰਨ ਲਈ ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ। ਸਰੀਰਕ ਨਜ਼ਰੀਏ ਤੋਂ ਮਾਨਸਿਕ ਸੋਚ ਵਿੱਚ ਇਹ ਬਹੁਤ ਦੁੱਖਦਾਈ ਹੈ; ਪਰ ਤੰਦਰੁਸਤੀ ਦੇ ਨਜ਼ਰੀਏ ਤੋਂ ਕਰਤਾਰ ਦੀ ਰਹਿਮਤ ਹੈ। ਇਸ ਗਨੀਮਤ ਦਾ ਮਿਹਨਤਕਸ਼ ਲੋਕਾਂ ਨੂੰ ਅੰਮ੍ਰਿਤ ਵਰਗਾ ਖੇੜਾ ਮਿਲਦਾ ਹੈ; ਉਸ ਸਿਰਤੋੜ ਮਿਹਨਤ ਕਰਦੇ ਹਨ। ਮਰਨ ਉਪਰੰਤ ਲੋਕ-ਮਨਾ ਵਿੱਚ ਮਿਹਨਤ ਕਰਕੇ ਥਾਂ ਬਣਾ ਲੈਂਦੇ ਹਨ। ਮਿਹਨਤ ਕਰਨ ਵਾਲੇ ਦੀ ਮਿਹਨਤ ਧਰਮ ਵਿਚ ਕੁਰਬਾਨੀ ਬਣ ਜਾਂਦੀ ਹੈ। ਪਦਾਰਥਿਕ ਦੁਨੀਆ ਵਿੱਚ ਅਖੀਰ ਨੂੰ ਦੁਖਦਾਈ ਬਣ ਜਾਂਦੀ ਹੈ। ਕਿਉਂਕਿ ਪਦਾਰਥਿਕ-ਸੋਚ ਵਾਲਾ ਪਦਾਰਥਾਂ ਨੂੰ ਤਿਆਗ ਲਈ ਤਿਆਰ ਨਹੀਂ ਹੁੰਦਾ। ਇਸ ਲਈ ਹੀ ਧਾਰਮਿਕ ਗ੍ਰੰਥਾਂ ਅੰਦਰ ਸੰਸਾਰ ਦੇ ਤਿਆਗ ਤੋਂ ਵੈਰਾਗ ਧਾਰਨ ਕਰਨ ਲਈ ਉਪਦੇਸ਼ ਦਿੱਤਾ ਹੈ ਬੱਚੇ ਦੀ ਰੋਣ ਦੀ ਕਿਰਿਆ ਸ਼ੁਰੂ ਹੋਣ ਤੋਂ ਲੈ ਕੇ ਹਰ ਪੱਲ ਦੁੱਖ ਹੀ ਦੁੱਖ ਨਜ਼ਰ ਆਉਂਦੇ ਹਨ। ਸਾਰੇ ਦੁੱਖਾਂ ਦਾ ਕਾਰਣ ਅਗਿਆਨਤਾ ਹੁੰਦੀ ਹੈ; ਬੱਚੇ ਨੂੰ ਆਪਣੇ ਮਾਂ-ਬਾਪ ਦੀ ਅਰਥ-ਵਿਵਸਥਾ ਦਾ ਪਤਾ ਨਹੀਂ ਹੁੰਦਾ। ਜੋ ਕੁੱਝ ਬੱਚਾ ਮੰਗਦਾ ਹੈ, ਮਾਂ-ਬਾਪ ਦੀ ਅਸਮਰੱਥਾ ਹੁੰਦੀ ਹੈ; ਉਹ ਬੱਚੇ ਦੀ ਜ਼ਰੂਰਤ ਨੂੰ ਪੂਰੀ ਨਹੀਂ ਕਰ ਸਕਦੇ। ਬੱਚੇ ਦੀ ਜ਼ਿੱਦ ਪੂਰੀ ਨਾ ਹੋਣ ਕਰਕੇ ਰੋਣਾ ਸ਼ੁਰੂ ਕਰ ਦਿੰਦਾ ਹੈ। ਪਰ ਬੱਚਾ ਬਚਪਨੇ ਦੇ ਅਗਿਆਨਮਈ ਪ੍ਰਭਾਵ ਹੇਠਾਂ ਇਸ ਦੀ ਕੋਈ ਜਾਣਕਾਰੀ ਨਹੀਂ ਰੱਖਦਾ ਅਤੇ ਬਹੁਤਾਤ ਵਿੱਚ ਨਾ ਹੀ ਮਾਂ-ਬਾਪ ਬੱਚੇ ਨੂੰ ਅਹਿਸਾਸ ਕਰਵਾਉਣ ਲਈ ਕੋਈ ਕਾਰਗਰ ਰਸਤਾ ਅਪਣਾਉਂਦੇ ਹਨ। ਹਾਲਾਤ ਬਹੁਤ ਹੀ ਬਦਤਰ ਹੋ

ਜਾਂਦੇ ਹਨ; ਜਿਸ ਨਾਲ ਮਾਂ-ਬਾਪ ਨੂੰ ਬਿਰਧ-ਆਸ਼ਰਮ ਵੱਲ ਤੁਰਨਾ ਪੈਂਦਾ ਹੈ। ਬੱਚਾ ਜੁਆਨ ਹੋ ਕੇ ਮਾਂ-ਬਾਪ ਵਾਲਾ ਹਨੇਰਾ ਢੋਣ ਲਈ ਮਜ਼ਬੂਰ ਹੋ ਜਾਂਦਾ ਹੈ। ਇੱਥੇ ਡਾ: ਹਰ ਸ਼ਿੰਦਰ ਕੌਰ ਦੀ ਕਿਤਾਬ ਦੇ ਸੁੰਦਰ ਅੱਖਰ ਬਹੁਤ ਸਹਾਈ ਹੋਣਗੇ ਕਿ ਇਕੱਲੀ ਮਾਂ ਹੀ ਕਿੰਨੀ ਕੁਰਬਾਨੀ ਕਰਦੀ ਹੈ ਬੱਚੇ ਨੂੰ ਮਾਂ ਜਾਂ ਬਾਪ ਦੇ ਰੁਤਬੇ ਉੱਪਰ ਪਹੁੰਚਾਉਣ ਲਈ। ਮੇਰੀ 'ਡਾਇਰੀ ਦੇ ਪੰਨੇ' ਕਿਤਾਬ ਦਾ 'ਮਾਂ' ਵਾਲੇ ਅਧਿਆਇ ਵਿੱਚੋਂ " ਵੀਹ ਹੱਡੀਆਂ ਇੱਕੋ ਸਮੇਂ ਟੁੱਟਣ ਜਿੰਨੀ ਦਰਦ ਹੁੰਦੀ ਹੈ, ਜਣੇਪੇ ਦੀ! ਹੈ ਨਾ ਕਮਾਲ, ਕਿੰਨੀ ਅਸਹਿ ਪੀੜਾ ਝਲ ਕੇ ਇਹ ਮਾਂ ਦਾ ਰੁਤਬਾ ਨਸੀਬ ਹੁੰਦਾ ਹੈ। ਫੇਰ ਸ਼ੁਰੂ ਹੁੰਦਾ ਹੈ, ਕੁਰਬਾਨੀਆਂ ਦਾ ਸਿਲਸਿਲਾ ....... ਆਪਣੇ ਬੱਚੇ ਦੀ ਪਹਿਲੀ ਮੁਸਕਾਨ..ਕਿਲਕਾਰੀ ਕਿੰਨੀ ਅਨਮੋਲ ਹੁੰਦੀ ਹੈ, ਇਹ ਮੈਂ ਵੀ ਮਾਂ ਬਣਨ ਤੋਂ ਬਾਅਦ ਹੀ ਜਾਣਿਆ ਸੀ।.... ਕਿ ਜਦੋਂ ਤੂੰ ਆਪ ਮਾਂ ਬਣੇਗੀ ਤਾਂ ਹੀ ਸਮਝ ਸਕੇਂਗੀ ਕਿ ਕਿਵੇਂ ਧੀ ਦੀ ਸੁਰੱਖਿਆ ਲਈ ਮਾਂ ਦੀਆਂ ਆਂਦਰਾਂ ਬਾਹਰ ਨੂੰ ਆਉਂਦੀਆਂ ਹਨ" ਅਨੁਮਾਨ ਲਾਈਏ ਰੱਬ ਵੱਲੋਂ ਮਿਲੇ ਹੋਈ ਸੁੰਦਰ ਸੌਗਾਤ ਦੀ ਅਸੀਂ ਕਿੰਨੀ ਦੁਰਵਰਤੋਂ ਕਰਦੇ ਹਾਂ। ਸਾਡੀ ਬੇਵਕੂਫ ਸੋਚ ਵਿੱਚ ਵੀਚਾਰ ਦੀ ਥਾਂ 'ਆਤਮ-ਪੁਰਾਣ' ਆਰ-ਐਸ-ਐਸ ਵਾਲਿਆਂ ਦਾ ਗ੍ਰੰਥ, ਮੇਰੀ ਡਾਇਰੀ ਦੇ ਪੰਨੇ ਡਾਕਟਰ ਦੀ ਕਿਤਾਬ, ਬਾਈਬਲ ਈਸਾਈਆਂ ਦੀ ਕਿਤਾਬ ਵਾਲੀ ਸੋਚ ਹੀ ਹੋਵੇਗੀ। ਸਭ ਤੋਂ ਬੁਰੀ ਗੱਲ ਇਹ ਕਿ ਇਸ ਤਰ੍ਹਾਂ ਦੀਆਂ ਤਰਕਾਂ ਕਰਨ ਵਾਲਾ ਸਿੱਖੀ ਦੀ ਵੇਸ਼ ਭੂਸ਼ਾ 'ਪਰਸਨੈਲਟੀ' ਦੇ ਨੇੜੇ-ਤੇੜੇ ਭੀ ਨਹੀਂ ਹੁੰਦਾ। ਦੂਜਿਆਂ ਨੂੰ ਉਪਦੇਸ਼ ਦੀ ਝੜੀ ਲਾਉਣ ਵਾਲੇ ਦੇ ਆਪਣੇ ਬੱਚੇ ਕਹਿਣੇ ਵਿੱਚ ਨਹੀਂ ਹੁੰਦੇ। ਸਾਨੂੰ ਲੋੜ ਹੈ ਸਮਝਦਾਰ ਹੋਣ ਦੀ, ਕਿਉਂਕਿ ਸਮਝਦਾਰੀ ਹੀ ਵੀਚਾਰ ਨੂੰ ਜਨਮ ਦੇਵੇਗੀ। ਵੀਚਾਰ ਵਾਲਾ ਹੀ ਅਹਿਸਾਸ ਕਰਨ ਲਈ ਤਿਆਰ ਹੋਵੇਗਾ; ਅਹਿਸਾਸ ਕਰਨ ਵਾਲਾ ਆਪਣੇ ਜੀਵਨ ਨੂੰ ਸੁਧਾਰਨ ਲਈ ਗਲਤੀ ਨੂੰ ਤਿਆਗ ਦੇਵੇਗਾ।

**ਇੱਤਯਾਦਿਕ ਸੰਕਟ ਗਨ ਪਾਇ। ਭਯੋ ਤੁਰਨ ਤਰੁਨੀ ਚਿਤ ਲਾਇ।**
**ਬਧੇ ਬਿਕਾਰ ਅਨੇਕ ਪ੍ਰਕਾਰਾ। ਸ਼ੱਤ੍ਰ ਮਿੱਤ੍ਰ ਕਰਿ ਬੰਧ ਅਖਾਰਾ॥ ੪੩॥**
**ਚਹਯੋ ਪਦਾਰਥ ਹਾਥ ਨ ਆਇ। ਜੋ ਪ੍ਰਾਪਤਿ ਸੋ ਨਹਿੰ ਖੁਸ ਜਾਇ।**
**ਜਿਤ ਕਿਤ ਧਨ ਕੋ ਲੈਬੇ ਹੇਤ। ਜਤਨ ਕਰਤਿ ਬਲ ਬੁੱਧਿ ਸਮੇਤ॥ ੪੪॥**

**ਅਰਥ** - ਇਸ ਤੋਂ ਆਦਿਕ ਬਹੁਤ ਸਾਰੇ ਸੰਕਟ ਪ੍ਰਾਪਤ ਕਰਕੇ ਜੁਆਨ ਹੋ ਗਿਆ ਆਪਣੀ ਹਮ-ਉਮਰ ਸਾਥੀ ਨਾਲ ਚਿਤ ਦਾ ਲਗਾਵ ਸ਼ੁਰੂ ਹੋ ਗਿਆ। ਫਿਰ



ਅਨੇਕ ਤਰ੍ਹਾਂ ਦੇ ਵਿਕਾਰ ਵੱਧਣੇ ਸ਼ੁਰੂ ਹੋ ਗਏ। ਦੁਸ਼ਮਣ ਤੇ ਮਿੱਤਰ ਬਣਾ ਕੇ ਜੰਗ ਅਖਾੜੇ ਬੰਨ੍ਹਣ ਲੱਗ ਪਿਆ। ਜੋ ਪਦਾਰਥ ਚਾਹੁੰਦਾ ਹੈ, ਉਹ ਹੱਥ ਨਹੀਂ ਲੱਗਦੇ; ਅਤੇ ਜੋ ਪ੍ਰਾਪਤ ਹੋਇਆ ਹੈ ਉਹ ਕੋਲੋਂ ਦੂਰ ਨਾ ਚਲਿਆ ਜਾਏ। ਜਿੱਥੇ ਕਿਤੇ ਧਨ ਲੈਣ ਲਈ ਬਲ ਤੇ ਬੁੱਧੀ ਸਮੇਤ ਯਤਨ ਕਰਦਾ ਹੈ।

**ਭਾਵਾਰਥ** - ਜੇ ਜੀਵ ਦੀ ਜ਼ਿੰਦਗੀ ਦੇ ਦੁੱਖਾਂ ਦੀ ਬਾਰੀਕੀ ਨਾਲ ਗਿਣਤੀ ਸ਼ੁਰੂ ਕਰ ਦਿੱਤੀ ਜਾਏ ਤਾਂ ਨਾ-ਮੁੱਕਣ ਵਾਲੀ ਹਾਲਤ ਬਣ ਜਾਏਗੀ। ਕਿਉਂਕਿ ਸਰੀਰ ਅਗਿਆਨ ਕਰਕੇ ਹੋਂਦ ਵਿੱਚ ਆਇਆ ਹੈ। ਅਗਿਆਨ ਵਿੱਚ ਮਨੁੱਖ ਸੱਟਾਂ ਹੀ ਖਾਂਦਾ ਹੈ। ਅਗਿਆਨ ਗਿਆਨ ਦੇ ਸਹਾਰੇ ਹੀ ਰੂਪਵਾਨ ਹੁੰਦਾ ਹੈ। ਇਹੀ ਕਾਰਣ ਹੈ, ਹਰ ਪਦਾਰਥ ਵਿੱਚੋਂ ਕੁੱਝ ਸਮੇਂ ਲਈ ਸੁੱਖ ਅਤੇ ਕੁਝ ਸਮੇਂ ਲਈ ਦੁੱਖ ਮਹਿਸੂਸ ਹੁੰਦਾ ਹੈ। ਪਦਾਰਥਕ ਸੁੱਖ ਵਾਸ਼ਨਮਈ ਹੁੰਦਾ ਹੈ। ਮਨੁੱਖ ਦੀ ਬੌਧਿਕਤਾ ਉੱਪਰ ਵਾਸ਼ਨਾ ਭਾਰੂ ਹੋ ਜਾਏ ਤਾਂ ਮਾਨਸਿਕਤਾ ਦਾ ਬੁਰਾ ਪ੍ਰਭਾਵ ਦਿਮਾਗੀ ਸ਼ਕਤੀ ਨੂੰ ਕੰਟਰੋਲ ਤੋਂ ਬਾਹਰ ਕਰ ਦਿੰਦਾ ਹੈ। ਜੀਵ ਨੂੰ ਚੰਗੇ ਜਾਂ ਬੁਰੇ ਪ੍ਰਭਾਵ ਦੇ ਅਸਰ ਨਜ਼ਰ-ਅੰਦਾਜ਼ ਕਰਨ ਦੀ ਆਦਤ ਹੋ ਜਾਂਦੀ ਹੈ। ਹਰ ਮਨੁੱਖ ਦੀ ਅਕਲ ਤਜ਼ਰਬੇ ਅਨੁਸਾਰ ਹੁੰਦੀ ਹੈ। ਅਕਲ ਮੁਤਾਬਿਕ ਹੀ ਜੀਵ ਨੂੰ ਸੁੱਖ-ਦੁੱਖ ਸਹਾਰਨੇ ਪੈਂਦੇ ਹਨ। ਜਿਵੇਂ ਜੀਵ ਦੀਆਂ ਅੱਖਾਂ ਤੇ ਵਾਸ਼ਨਾ ਨੇ ਗਲਤੀ ਕੀਤੀ; ਸੱਟਾਂ ਮਨੁੱਖ ਦੇ ਸਰੀਰ ਦੇ ਹੋਰ ਅੰਗਾਂ (ਮੋਢੇ, ਕਮਰ ਤੇ ਮੂੰਹ ਆਦਿ) ਨੂੰ ਸਹਾਰਨੀਆਂ ਪਈਆ। ਇਉਂ ਜੁਆਨੀ ਦੇ ਸਮੇਂ ਵਿਕਾਰਾਂ ਨੇ ਜੀਵਨ ਦੁੱਖਾਂ ਦੀ ਡੂੰਘੀ ਖਾਈ ਵਿੱਚ ਸੁੱਟ ਕੇ ਜਿੰਦਗੀ ਦੀ ਚੰਗਿਆਈ ਦਾ ਨੁਕਸਾਨ ਕਰ ਦਿੱਤਾ। 'ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ ਤਰੁਣ ਤੇਜ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥ ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥- ਗੁ: ਗ੍ਰੰ: ਸਾ: ਪੰ:੯੩' ਕਾਮੁਕਤਾ ਦਾ ਉਛਾਲ ਵਿਕਾਰੀ ਮਨੁੱਖ ਦੀ ਜਿੰਦਗੀ ਨੂੰ ਤਹਿਸ ਨਹਿਸ ਕਰ ਦਿੰਦਾ ਹੈ। ਇੱਥੋਂ ਲੋਭ ਮੋਹ ਆਦਿ ਦੀ ਲੜੀ ਸ਼ੁਰੂ ਹੋ ਜਾਂਦੀ ਹੈ; ਜਿਸ ਵਿੱਚ ਪੈਸੇ ਪ੍ਰਾਪਤੀ ਲਈ ਹਰ-ਹੀਲਾ ਵਰਤਣਾ ਆਪਣਾ ਹੱਕ ਸਮਝਣ ਲਗ ਜਾਂਦਾ ਹੈ। ਦੁਸ਼ਮਣੀ ਤੇ ਮਿੱਤਰਤਾ ਦਾ ਸੁਆਰਥੀ ਖੇਲ ਚੱਲ ਪੈਂਦਾ ਹੈ।

**ਤ੍ਰਿਪਤਿ ਹੋਨਿ ਲਗ ਪ੍ਰਾਪਤਿ ਨਾਂਹੀ। ਬੋਲੈ ਕੂਰ ਨ ਧਰਮ ਰਖਾਹੀ।**
**ਭਯੋ ਬ੍ਰਿਧ ਨਿਰਬਲ ਤਨ ਰਹਯੋ। ਜੀਰਣ ਅਧਿਕ ਜਰਜਰੀ ਲਹਿਯੋ॥ ੪੫॥**
**ਖਾਂਸੀ ਆਦਿ ਬਜਾਧਿ ਹੁਇਂ ਬ੍ਰਿੰਦ। ਅਪਮਾਨਤ ਪਰਵਾਰ ਬਿਲੰਦ।**

**ਸੰਕਟ ਅਧਿਕ ਪਾਇ ਮਰਿ ਰਹੈ। ਜੀਵ ਗਤੀ ਜਿਮ ਕਸਾ ਕਰਿ ਕਹੈਂ॥ ੪੬॥**

**ਅਰਥ** - ਜਿੱਥੇ ਜਾ ਕੇ ਤ੍ਰਿਪਤੀ ਹੋਵੇ ਉਤਨਾ ਪਦਾਰਥ ਨਹੀਂ ਮਿਲਦਾ; ਇਸੇ ਕਰਕੇ ਝੂਠ ਬੋਲਦਾ ਹੈ, ਧਰਮ ਦੀ ਸੰਭਾਲ ਨਹੀਂ ਕਰਦਾ। ਬੁਢੇਪੇ ਵਿੱਚ ਸਰੀਰ ਕਮਜੋਰ ਹੋ ਜਾਂਦਾ ਹੈ, ਬਹੁਤ ਹੀ ਕਮਜੋਰ ਹੋਣ ਕਰਕੇ ਜਰਜ਼ਰੀ ਭੂਤ ਹੋ ਗਿਆ। ਜਿਸ ਕਰਕੇ ਖਾਂਸੀ ਤੋਂ ਆਦਿਕ ਲੈ ਕੇ ਬਹੁਤ ਸਾਰੀਆਂ ਬੀਮਾਰੀਆਂ ਆ ਘੇਰਦੀਆਂ ਹਨ। ਸਾਰਾ ਪਰਿਵਾਰ ਅਪਮਾਨਤ ਕਰਦਾ ਹੈ। ਬਹੁਤ ਸੰਕਟ ਪ੍ਰਾਪਤ ਕਰਕੇ ਅਖੀਰ ਮਰ ਜਾਂਦਾ ਹੈ। ਜਿਵੇਂ ਜੀਵ ਦੀ ਗਤੀ ਹੁੰਦੀ ਹੈ, ਉਸ ਬਾਰੇ ਕੀ ਆਖਿਆ ਜਾਏ ?

**ਭਾਵਾਰਥ** – ਜੀਵ ਦਾ ਸਰੀਰਕ-ਖੇਲ 'ਸੁਖ-ਅਨੰਦ' ਪ੍ਰਾਪਤੀ ਲਈ ਹੈ। ਜਿਸ ਖੇਡ ਵਿਚ ਖੁਸ਼ੀ ਦੀ ਥਾਂ ਪੈਸਾ ਪ੍ਰਧਾਨ ਹੋ ਜਾਏ, ਉਸ ਖੇਡ ਦੀ ਨਾਜ਼ੁਕਤਾ ਨੂੰ ਮੀਡੀਆ ਵਿੱਚ ਵੇਖਿਆ ਜਾ ਸਕਦਾ ਹੈ। ਮਨੁੱਖੀ ਖੇਡ ਵਿੱਚ ਜੀਵ ਦੀ ਦੁਰਦਸ਼ਾ ਕਿਸ ਤੋਂ ਲੁਕੀ ਹੋਈ ਹੈ ? ਸਭ ਕੁੱਝ ਪਾਸ ਹੋਣ ਦੇ ਬਾਵਜੂਦ ਭੀ 'ਮਨੁੱਖੀ ਮਨ' ਕਿਤਨਾ ਦੁਖੀ ਹੈ ? ਜੀਵ ਨੂੰ ਸਦੀਵੀ ਸੁੱਖ ਹਾਸਿਲ ਕਰਨ ਲਈ ਦੁੱਖ ਤੇ ਸੁੱਖ ਵਿੱਚ ਸਮਤੋਲ ਬਣਾਉਣਾ ਪਵੇਗਾ। ਕਿਉਂਕਿ ਮਨੁੱਖੀ ਕਲਾ ਵਿੱਚ ਫਸਿਆ ਜੀਵ ਤ੍ਰਿਪਤ ਹੁੰਦਾ ਨਹੀਂ ਹੈ; ਮਨ ਸਥਿਰ ਨਹੀਂ ਹੁੰਦਾ। ਖੁਸ਼ੀ ਦਾ ਲੇਸ਼ ਭੀ ਹਾਸਿਲ ਨਹੀਂ ਹੋ ਰਿਹਾ। ਕਾਰਣ ਸ਼ਪੱਸ਼ਟ ਹੈ, ਧਰਮ ਦੀ ਅਸਲੀਅਤ ਮਨੁੱਖ ਨੂੰ ਚੰਗੀ ਨਹੀਂ ਲੱਗਦੀ। ਜਿਸਨੇ ਪਹਿਲੀ ਕਲਾਸ ਵਿੱਚ ਹਿਸਾਬ ਪੜ੍ਹਨ ਵਿੱਚ ਲਗਨ ਨਹੀਂ ਰੱਖੀ; ਉਸਨੂੰ ਦਸਵੀਂ ਦੇ ਹਿਸਾਬ ਵਿਚ ਤਰੱਕੀ ਨਹੀਂ ਮਿਲ ਸਕਦੀ। ਇਉਂ ਜਿਸ ਨੇ ਧਰਮ ਦੀ ਪਹਿਲੀ ਕਲਾਸ ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਕਰਨਾ ਹੀ ਨਹੀਂ ਸਿੱਖਿਆ, ਉਸ ਕੋਲੋਂ ਦਸਵੀਂ ਕਲਾਸ ਵਾਂਗ ਦੂਜਿਆਂ ਲਈ ਸੇਵਾ ਭਾਵਨਾ ਦੀ ਧਰਮ ਵਾਲੀ ਕੀ ਆਸ ਰੱਖੀ ਜਾ ਸਕਦੀ ਹੈ ? ਉਹ ਤਾਂ ਧਰਮ ਦੇ ਨਾਂ ਉੱਪਰ ਭੀ ਝੂਠ ਹੀ ਬੋਲੇਗਾ। ਜਿਵੇਂ ਹੀ ਸਰੀਰ ਵਿੱਚ ਸੁਆਸ ਚਲਦੇ ਹਨ, ਰੱਬ ਵੱਲੋਂ ਮਿਲੇ ਹੋਏ ਸੁਆਸਾਂ ਦੀ ਪੂੰਜੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਜਿਸ ਬੈਂਕ ਵਿੱਚੋਂ ਪੈਸਾ ਬਾਹਰ ਤੁਰਿਆ ਜਾਏ, ਬੈਂਕ ਵਿੱਚ ਵਾਪਿਸ ਆਉਣ ਦੀ ਆਸ ਕੋਈ ਨਾ ਹੋਵੇ; ਤਾਂ ਸਮਝਿਆ ਜਾ ਸਕਦਾ ਹੈ ਕਿ ਬੈਂਕ ਕਿੰਨੇ ਕੁ ਦਿਨ ਚੱਲ ਸਕਦੀ ਹੈ। ਇਵੇਂ ਜਦੋਂ ਤੋਂ ਸੁਆਸ ਖਿਸਕਣੇ ਸ਼ੁਰੂ ਹੋ ਜਾਣ ਤਾਂ ਸਰੀਰ ਦੀ ਹਾਲਤ ਦਿਨ-ਪ੍ਰਤੀ ਦਿਨ ਬਦਲਦੀ ਜਾਂਦੀ ਹੈ। ਜੁਆਨੀ ਤੱਕ ਹਾਲਤ ਮਜਬੂਤ ਨਜ਼ਰ ਆ ਰਹੀ ਹੁੰਦੀ ਹੈ; ਜਦੋਂ ਕਿ ਇਸ ਵੇਲੇ ਮਾਨਸਿਕ ਹਾਲਤ ਸਭ ਤੋਂ ਕਮਜੋਰ ਹੁੰਦੀ ਹੈ। ਜਿਵੇਂ ਜਿਵੇਂ ਸਰੀਰ ਵੱਧਦਾ ਹੈ,



ਤਜ਼ਰਬੇ ਵੱਡੇ ਹੋ ਜਾਂਦੇ ਹਨ; ਬੀਮਾਰੀਆਂ ਸਰੀਰ ਨੂੰ ਆ ਘੇਰਦੀਆਂ ਹਨ, ਬੀਮਾਰ ਬੰਦੇ ਦਾ ਖਿਆਲ ਰੱਖਣਾ ਆਮ ਮਨੁੱਖ ਦਾ ਕਰਮ ਨਹੀਂ; ਸਗੋਂ ਭੈ-ਭਾਵਨੀ ਵਾਲਾ ਹੀ ਦੂਸਰਿਆਂ ਲਈ ਜੀਵਨ ਜਿਉਂਦਾ ਹੈ। ਸਵਾਰਥੀ ਮਨੁੱਖ ਦੀ ਦਸ਼ਾ ਹੀ ਬਹੁਤ ਦੁਖਦਾਈ ਹੁੰਦੀ ਹੈ।

ਕਿਉਂਕਿ ਸਵਾਰਥੀ ਨੇ ਸਾਰੀ ਉਮਰ ਆਪਣੀ ਮਨਮਰਜ਼ੀ ਹੀ ਕੀਤੀ ਹੁੰਦੀ ਹੈ। ਪਰਿਵਾਰ ਵਾਲੇ ਉਸ ਦੀ ਮਨਮਰਜ਼ੀ ਤੋਂ ਬਹੁਤ ਦੁਖੀ ਹੁੰਦੇ ਹਨ। ਜਦੋਂ ਬੁੱਢਾ ਹੋ ਕੇ ਸਰੀਰ ਸਾਥ ਨਹੀਂ ਦਿੰਦਾ, ਤਦੋਂ ਬੱਚੇ ਜੁਆਨ ਹੋ ਕੇ ਬਾਗੀ ਹੋ ਜਾਂਦੇ ਹਨ। ਬਾਕੀ ਪਰਿਵਾਰ ਬੱਚੇ ਤੋਂ ਜੁਆਨ ਹੋਏ ਗ੍ਰਹਿਸਤੀ ਦਾ ਬਣ ਜਾਂਦਾ ਹੈ। ਜਿਵੇਂ ਸੁਆਰਥੀ ਨੇ ਮਨ-ਆਈਆਂ ਕੀਤੀਆ ਹੁੰਦੀਆਂ ਹਨ; ਉਵੇਂ ਹੀ ਉਸਨੂੰ ਅਪਮਾਨ ਰੂਪ ਵਿੱਚ ਸਹਾਰਨੀਆਂ ਪੈਂਦੀਆਂ ਹਨ। ਬਜ਼ੁਰਗਾਂ ਨੇ ਤਾਂ ਹੀ ਕਿਹਾ ਹੈ, 'ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ' ਹਰ ਸਰੀਰ ਦਾ ਅਖੀਰ ਮਰਣ ਹੁੰਦਾ ਹੈ। ਮਰਣ ਉਪਰੰਤ ਦੇ ਕਥਨ ਗ੍ਰੰਥਾਂ ਵਿੱਚ ਬੇ-ਅਥਾਹ ਭਰੇ ਪਏ ਹਨ।

**ਲੇਸ਼ ਮਾਤ੍ਰ ਦੁਖ ਬਰਨਨ ਕਰੇ। ਸਰਬ ਜਿ ਕਹੈਂ ਗ੍ਰੰਥ ਇਕ ਭਰੇ।**
**ਜਨਮ ਕਰੋਰਹੁਂ ਧਰਿ ਧਰਿ ਮਰਿਯੋ। ਕਿਸੀ ਸ਼ਰੀਰ ਬਿਖੈ ਨਹਿਂ ਥਿਰਿਯੋ॥ ੪੭॥**
**ਜਨਮ ਅਸੰਖ ਭਵਿੱਖਤਿ ਲਹੈ। ਦੁਖ ਸੁਖ ਕੂਰ ਭੋਗ ਮਰਿ ਰਹੈ।**
**ਬਿਨ ਸਤਿਗੁਰ ਕੌ ਸ਼ਰਨੀ ਪਰੇ। ਕੋਇ ਨ ਬੰਦ ਖਲਾਸੀ ਕਰੇ॥ ੪੮॥**

**ਅਰਥ** – ਇਹ ਸਾਰੇ ਥੋੜੇ ਮਾਤਰ ਹੀ ਦੁੱਖ ਕਹੇ ਹਨ। ਜੇ ਸਾਰੇ ਦੁੱਖਾਂ ਦਾ ਵਰਨਣ ਕਰੀਏ ਤਾਂ ਇੱਕ ਗ੍ਰੰਥ ਹੋਰ ਵੱਧ ਜਾਏਗਾ। ਕਰੋੜਾਂ ਜਨਮ ਧਾਰਨ ਕਰਕੇ ਮਰਦਾ ਰਹਿੰਦਾ ਹੈ, ਕਿਸੇ ਭੀ ਸਰੀਰ ਵਿੱਚ ਸਥਿਰ ਨਹੀਂ ਰਹਿੰਦਾ। ਅਣਗਿਣਤ ਜਨਮ ਪਹਿਲਾਂ ਧਾਰਨ ਕੀਤੇ; ਕੂੜ ਦੇ ਤਹਿਤ ਦੁੱਖ-ਸੁੱਖ ਭੋਗਦਾ ਮਰਦਾ ਰਹਿੰਦਾ ਹੈ। ਸਤਿਗੁਰੂ ਜੀ ਦੀ ਸ਼ਰਣ ਆਉਣ ਤੋਂ ਬਿਨਾਂ ਕੋਈ ਭੀ ਬੰਦ ਖਲਾਸੀ ਨਹੀਂ ਕਰ ਸਕਦਾ।

**ਭਾਵਾਰਥ** - ਦੁੱਖਾਂ ਦੀ ਦਾਸਤਾਨ ਬਹੁਤ ਲੰਮੇਰੀ ਬਣ ਸਕਦੀ ਹੈ, ਜੇ ਅਸੀਂ ਦੂਜਿਆਂ ਨੂੰ ਭੀ ਆਪਣੇ ਵਰਗੇ ਸਮਝਣ ਦੀ ਸਮਰੱਥਾ ਰੱਖਦੇ ਹੋਈਏ। ਜ਼ਿੰਦਗੀ ਕੇਵਲ ਦੱਖ ਹੀ ਹੈ, ਜੇ ਸੁਆਰਥੀ ਹੋਈਏ; ਕਿਉਂਕਿ ਸੁਆਰਥੀ ਮਨੁੱਖ ਦੂਜਿਆਂ ਨੂੰ ਕੁੱਝ ਭੀ ਨਹੀਂ ਸਮਝਦਾ, ਖੁਦ ਆਪ ਹੀ ਕੁੱਝ ਨਹੀਂ ਰਹਿੰਦਾ। ਹਰ ਕੰਮ ਪੂਰਾ ਕਰਨ ਉਪਰੰਤ ਉਸਨੂੰ ਸ਼ਾਬਾਸ਼ ਦੇਣ ਵਾਲਾ ਹੀ ਕੋਈ ਨਹੀਂ। ਗੌਰ ਕਰਕੇ ਵੇਖਣਾ,ਜੇ ਸਾਨੂੰ ਕੋਈ ਕੰਮ ਦੀ ਸ਼ਾਬਾਸ਼ ਦੇ ਦੇਵੇ ਤਾਂ ਅਸੀਂ ਕਿੰਨੀ ਪ੍ਰਸੰਨਤਾ ਮਹਿਸੂਸ ਕਰਦੇ ਹਾਂ।

ਨਿਰੰਕਾਰ ਨੇ ਜੀਵ ਬਣਾਇਆ ਹੀ ਇਸ ਤਰ੍ਹਾਂ ਨਾਲ ਹੈ, ਕਿ ਦੂਜਿਆਂ ਨਾਲ ਜੋੜ ਬਣਾ ਕੇ ਰਹਿਣਾ ਸਿਖੇ। ਪਸ਼ੂ ਪੰਛੀ ਕਬੀਲੇ, ਇਸੇ ਭਾਵਨਾ ਦੀ ਵਿਆਖਿਆ ਰੂਪ ਹਨ। ਮਨੁੱਖੀ ਸਰੀਰ ਦੁਆਰਾ ਜੀਵ ਨੂੰ ਵਰਤਮਾਨ ਵਿੱਚ ਦੁੱਖ ਹੀ ਮਹਿਸੂਸ ਹੁੰਦਾ ਰਹਿੰਦਾ ਹੈ, ਕਿਉਂਕਿ ਹਰ ਵਰਤਮਾਨ ਦਾ ਕਰਮ ਮਿਹਨਤ ਦੀ ਮੰਗ ਕਰਦਾ ਹੈ। ਮਿਹਨਤ ਥਕਾਨ ਦਾ ਬਦਲਵਾਂ ਨਾਮ ਹੈ। ਸ਼ਾਇਦ ਇਸ ਦਾ ਇਹ ਭੀ ਕਾਰਣ ਹੋਵੇ, ਕਿ ਜੀਵ ਨੂੰ ਬਹੁਤ ਸਰੀਰਾਂ ਦੇ ਕਰਮਾਂ ਦਾ ਅਨਭਵ ਹੁੰਦਾ ਹੈ; ਤਾਂ ਹੀ ਉਸਨੂੰ ਸਰੀਰ ਦੇ ਕੰਮਾਂ ਨਾਲ ਕੋਈ ਬਹੁਤਾ ਲਗਾਵ ਨਹੀਂ ਹੁੰਦਾ। ਸਗੋਂ ਥੋੜੇ ਜਿਹੇ ਮਿਹਨਤ ਦੇ ਕੰਮ ਤੋਂ ਦੁਖੀ ਹੋ ਕੇ ਭਗੌੜਾ ਹੋ ਜਾਂਦਾ ਹੈ। ਇੱਕ ਸਰੀਰ ਤੋਂ ਚੱਲਦੇ ਹੋਏ ਬਹੁਤ ਸਰੀਰਾਂ ਵਿੱਚੋਂ ਜੀਵ ਤੁਰਿਆ ਰਹਿੰਦਾ ਹੈ। ਹਰ ਕਰਮ ਸੁੱਖ ਪ੍ਰਾਪਤੀ ਲਈ ਕਰਦਾ ਹੈ, ਪਰ ਦੁੱਖ ਦਾ ਕਾਰਣ ਦੀ ਸਾਬਤ ਹੁੰਦਾ ਹੈ। ਸੁੱਖ ਅਹਿਸਾਸ ਤੋਂ ਬੇਮੁੱਖ ਹੋ ਜਾਣ ਕਰਕੇ ਦੁੱਖ ਵਿੱਚ ਤਬਦੀਲ ਹੋ ਜਾਂਦਾ ਹੈ। ਦੁੱਖ ਨੂੰ ਜ਼ਿੰਦਗੀ ਦੀ ਤਰੱਕੀ ਦਾ ਕਾਰਣ ਜਾਣ ਕੇ ਮਿਹਨਤ ਦਾ ਪੱਲਾ ਪਕੜ ਕੇ ਸੁੱਖ ਵਿੱਚ ਹਾਸਿਲ ਕਰ ਲਿਆ ਜਾਂਦਾ ਹੈ। ਇਹ ਗੁਰੂ ਸਾਹਿਬ ਜੀ ਦੀ ਸਰਣ ਦਾ ਪ੍ਰਤਾਪ ਹੈ; ਇਸ ਤੋਂ ਬਿਨਾਂ ਛੁਟਕਾਰੇ ਦਾ ਕੋਈ ਸਾਧਨ ਨਹੀਂ ਹੈ।

**ਭੂਰ ਭਾਗ ਤੇ ਭਾਉ ਭਗਤਿ ਲਹਿ। ਬਨਹਿ ਸਿੱਖ ਗੁਰ ਚਰਨ ਸ਼ਰਨ ਰਹਿ।**
**ਤਨ ਕਰਿ ਮਨ ਕਰਿ ਧਨ ਕਰਿ ਸੇਵਾ। ਛਲ ਬਿਨ ਹ੍ਵੈ ਰਿਝਾਇ ਗੁਰਦੇਵਾ॥ ੪੯॥**
**ਲੇ ਉਪਦੇਸ਼ ਕਮਾਵੈ ਮਨ ਤੇ। ਸੇਵਾ ਕਰਹਿ ਸਰਬ ਹੀ ਤਨ ਤੇ।**
**ਤੌ ਇਸ ਕੋ ਹੋਵਤਿ ਛੁਟਕਾਰਾ। ਕਰਮ ਬੰਧ ਤਜਿ ਬਨਹਿ ਸੁਖਾਰਾ॥ ੫੦॥**

**ਅਰਥ** – ਚੰਗੇ ਭਾਗਾਂ ਕਰਕੇ ਪ੍ਰੇਮਾਂ ਭਗਤੀ ਪ੍ਰਾਪਤ ਕਰਕੇ; ਗੁਰੂ ਸਾਹਿਬ ਜੀ ਦੀ ਚਰਨ-ਸ਼ਰਨ ਵਿੱਚ ਰਹਿ ਕੇ ਸਿੱਖ ਸਜਦੇ ਹਨ। ਤਨ-ਮਨ-ਧਨ ਕਰਕੇ ਸੇਵਾ ਕਰਦੇ ਹੋਏ ਬਿਨਾਂ ਛਲ ਦੇ ਗੁਰੂ ਸਾਹਿਬ ਜੀ ਨੂੰ ਪ੍ਰਸੰਨ ਰੱਖਦੇ ਹਨ। ਗੁਰੂ ਸਾਹਿਬ ਜੀ ਤੋਂ ਉਪਦੇਸ਼ ਪ੍ਰਾਪਤ ਕਰਕੇ ਕਮਾਉਂਦੇ ਹਨ। ਸਾਰੀਆਂ ਸੇਵਾਵਾਂ ਤਨ ਕਰਕੇ ਕਰਦੀਆਂ ਹਨ ਤਾਂ ਇਸ ਦਾ ਛੁਟਕਾਰਾ ਹੁੰਦਾ ਹੈ; ਕਰਮ ਬੰਧਨ ਛੱਡ ਕੇ ਸੌਖਾ ਹੋ ਜਾਂਦਾ ਹੈ।

**ਭਾਵਾਰਥ** – ਜਿਸਨੇ ਸਕੂਲ ਕਾਲਜ ਦੀ ਜਿਤਨੀ ਪੜ੍ਹਾਈ ਕੀਤੀ ਹੋਵੇ, ਉਹ ਉਸ ਕੋਲ ਗਿਆਨ ਕਰਕੇ ਸਾਰੀ ਜਿੰਦਗੀ ਸਥਾਪਿਤ ਰਹਿੰਦੀ ਹੈ। ਜੇ ਪੜ੍ਹਨ ਤੇ ਪੜ੍ਹਾਉਣ ਦਾ ਸਫਰ ਚੱਲਦਾ ਰਹੇ, ਤਾਂ ਵਿੱਦਿਆ ਹੋਰ ਭੀ ਬਹੁਤ ਤਰੱਕੀ ਦਾ ਸਬੱਬ



ਬਣ ਜਾਂਦਾ ਹੈ। ਸੂਖਸ਼ਮ ਰੂਪ ਵਿੱਚ ਇਹੀ ਵਿੱਦਿਆ ਅਨਭਵ ਦਾ ਵਿਆਪਕ ਰੂਪ ਬਣ ਕੇ ਜੀਵ ਨਾਲ ਅਗਲੇਰੇ ਜਨਮ ਵਿੱਚ ਸਹਾਈ ਹੁੰਦਾ ਹੈ। ਪ੍ਰੇਮ ਭਾਵ ਨਾਲ ਵਿੱਦਿਆ/ਨਾਮ ਦਾ ਅਭਿਆਸ ਕਰਨਾ ਭਗਤੀ ਹੁੰਦਾ ਹੈ। ਭਗਤੀ ਇਸਤ੍ਰੀ-ਲਿੰਗ ਹੈ; ਜਿਵੇਂ ਮਰਦ ਦਾ ਸਹਿਯੋਗੀ ਬਣ ਕੇ ਇਸਤ੍ਰੀ ਬੱਚਿਆਂ ਨੂੰ ਜਨਮ ਦੇ ਕੇ ਘਰ ਬੰਨ੍ਹ ਦਿੰਦੀ ਹੈ। ਮਰਦ ਘਰ ਦੀਆਂ ਸਹੂਲਤਾਂ ਲਈ ਸੁਵਿਧਾਵਾਂ ਪ੍ਰਦਾਨ ਕਰਦਾ ਹੈ; ਗਿਆਨ ਪੁਲਿੰਗ ਹੈ। ਜਿਵੇਂ ਘਰ ਦੀ ਤਰੱਕੀ ਲਈ ਮਰਦ-ਇਸਤ੍ਰੀ ਸਾਧਨ ਹੈ; ਇਵੇਂ ਭਗਤੀ ਤੇ ਗਿਆਨ ਜੀਵ ਦੀ ਤਰੱਕੀ ਦਾ ਸਾਧਨ ਹੈ। ਜਿਵੇਂ ਮਰਦ ਨਾਮ ਤੇ ਮਰਦਾਨਗੀ ਜਾਣੀ ਜਾਂਦੀ ਹੈ; ਮਾਈ ਭਾਗੋ ਦੀ ਮਰਦਾਨਗੀ ਕਿਸ ਤੋਂ ਲੁਕੀ ਛੁਪੀ ਹੈ। ਇਵੇਂ ਗਿਆਨ ਭਰਪੂਰ ਭਗਤੀ ਨੂੰ ਪ੍ਰੇਮਾ-ਭਗਤੀ ਕਰਕੇ ਜਾਣਿਆ ਜਾਂਦਾ ਹੈ। ਪ੍ਰੇਮ ਨਾਲ ਕੀਤੀ ਭਗਤੀ ਹੀ ਜੀਵ ਨੂੰ ਮਨੁੱਖੀ ਸਰੀਰ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੀ ਹੈ; ਚੰਗੇ ਕਰਮਾਂ ਦੀ ਜਨਮ-ਜਨਮ ਰੂਪ ਵਿੱਚ ਲੜੀ ਇੱਕ ਦਿਨ ਗਿਆਨ ਦੀ ਪਦਵੀ ਬਖਸ਼ ਦਿੰਦੀ ਹੈ। ਜਿਵੇਂ ਵਿਦਿਆਰਥੀ ਹਰ ਸਾਲ ਇੱਕ ਕਲਾਸ ਵੱਧਦਾ ਜਾਂਦਾ ਹੈ। ਇੱਕ ਦਿਨ ਡਿਗਰੀ ਹਾਸਿਲ ਕਰਕੇ ਆਪਣੇ ਉਸਤਾਦ/ਅਧਿਆਪਕ ਦੇ ਬਰਾਬਰ ਦੀ ਪਦਵੀ ਦਾ ਮਾਲਕ ਬਣ ਜਾਂਦਾ ਹੈ। ਬਹੁਤਵਾਰ ਆਪਣੇ ਅਧਿਆਪਕ ਤੋਂ ਅੱਗੇ ਲੰਘ ਜਾਂਦਾ ਹੈ। ਰੱਬ ਦਾ ਬੰਦਾ ਰੱਬ ਤੋਂ ਇੱਕ ਕਦਮ ਅੱਗੇ ਲੰਘ ਜਾਂਦਾ ਹੈ; ਇਹ ਰੱਬ ਦੀ ਵਡਿਆਈ ਹੈ। 'ਹਰਿ ਆਪਣੀ ਵਡਿਆਈ ਭਾਂਵਦੀ ਜਨ ਕਾ ਜੈਕਾਰ ਕਰਾਈ-ਗੁਰੂ ਗ੍ਰੰਥ ਸਾਹਿਬ' ਵਾਹਿਗੁਰੂ ਜੀ ਦੇ ਦਯਾ ਆਦਿ ਗੁਣਾਂ ਨੂੰ ਸਾਧਕ ਪੁਰਖ ਹੀ ਪੇਸ਼ ਕਰਦਾ ਹੈ; ਜਿਵੇਂ ਪੱਖਾ ਹੀ ਚਮੜੀ ਨੂੰ ਹਵਾ ਮਹਿਸੂਸ ਕਰਦਾ ਸਕਦਾ ਹੈ। ਗੁਰਮਤਿ ਵਿੱਚ ਰੱਬ ਦੀਆਂ ਬਖਸ਼ਿਸ਼ਾਂ ਤਨ-ਮਨ-ਧਨ ਕਰਕੇ ਸੇਵਾਵਾਂ ਹੀ ਹਨ। ਜਿਹੜੀਆਂ ਗੁਰੂ ਸਾਹਿਬ ਜੀ ਕੋਲੋਂ ਸਿੱਖ ਨੂੰ ਜੀਵਨ ਸਫਲ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਜਿਹੜਾ ਗੁਰੂ ਸਾਹਿਬ ਦੇ ਬੋਲਾਂ ਉੱਪਰ ਵਿਸ਼ਵਾਸ਼ ਕਰਦਾ ਹੈ, ਉਹ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ।

**ਨਾਂਹਿ ਤ ਵਹ੍ਯੋ ਫਿਰਤਿ ਬਿਲਪਾਵਤਿ। ਜਗ ਸਮੁੰਦ੍ਰ ਕੋ ਪਾਰ ਨ ਪਾਵਤਿ।**
**ਦਇਆ ਸਿੰਘ ਉਪਦੇਸ਼ ਬਤਾਯੋ। ਸੁਨਤਿ ਖਾਲਸੇ ਧਰਿ ਸੁਖ ਪਾਯੋ॥ ੫੧॥**

**ਅਰਥ** – ਨਹੀਂ ਤਾਂ ਸੰਸਾਰ ਸਮੁੰਦਰ ਵਿੱਚ ਵ੍ਰਿਲਾਪ ਕਰਦਾ ਫਿਰਦਾ ਹੈ, ਜਗ ਸਮੁੰਦ੍ਰ ਨੂੰ ਪਾਰ ਨਹੀਂ ਕਰ ਸਕਦਾ। ਦਇਆ ਸਿੰਘ ਜੀ ਨੇ ਉਪਦੇਸ਼ ਦਿੱਤਾ; ਖਾਲਸੇ ਨੇ ਸੁਣ ਕੇ ਸੁੱਖ ਪ੍ਰਾਪਤ ਕੀਤਾ।

**ਭਾਵਾਰਥ** – ਪੰਜਵੀਂ ਰੁੱਤ ਦੇ ਗਿਆਨ-ਧਿਆਨ ਵਿਧਾਨ ਨੂੰ ਗੁਰਮਤਿ ਨਿਰਨੇ ਦੇ ਅਧਿਆਇ ਵਿੱਚ ਕਵੀ ਸੰਤੋਖ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਦੁਆਰਾ ਖਾਲਸੇ ਦੇ ਸੰਵਾਦ ਦੀ ਪੂਰਨਤਾ ਕਰਦਿਆਂ ਗੁਰੂ ਸ਼ਰਣ ਨਾ ਧਰਨ ਕਰਨ ਵਾਲਿਆਂ ਦੇ ਨੁਕਸਾਨ ਦਾ ਕਥਨ ਕੀਤਾ ਹੈ। ਪੂਰੇ ਅਧਿਆਇ ਵਿੱਚ ਸਰੀਰ ਦੁਆਰਾ ਨਿਰਮਤ ਪਦਾਰਥਿਕ ਸ੍ਰਿਸਟੀ ਦਾ ਤਿਆਗ ਕਰਨ ਲਈ ਸਰੀਰ ਤੋਂ ਲੈ ਕੇ ਸੰਸਾਰ ਦੀ ਦੁੱਖਮਈ ਵਿਆਖਿਆ ਕੀਤੀ ਹੈ; ਕਿਉਂਕਿ ਸ੍ਰਿਸਟੀ ਪਦਾਰਥਿਕ ਹੈ, ਕੁੱਲ ਨਜ਼ਰ ਆਉਣ ਵਾਲੀ ਸ੍ਰਿਸ਼ਟੀ ਪਦਾਰਥ ਰੂਪ ਹੀ ਹੈ। ਇਸਦਾ ਇਹ ਮਤਲਬ ਹਰਗਿਜ਼ ਨਹੀਂ, ਕਿ ਸੰਸਾਰ ਤੋਂ ਸਾਨੂੰ ਹਤਾਸ਼ ਜਾਂ ਮਾਯੂਸ਼ ਹੋ ਜਾਣਾ ਚਾਹੀਦਾ ਹੈ; ਸਗੋਂ ਪ੍ਰਮਾਤਮਾ ਵੱਲੋਂ ਮਿਲੇ ਹੋਈ ਰੱਬੀ ਸੌਗਾਤ ਦਾ ਭਰਪੂਰ ਅਨੰਦ ਮਾਣਿਆ ਜਾਏ। ਪਾਰਥਿਵਤਾ ਸਿਧਾਂਤਕ ਸਰੀਰ ਦੀ ਬਾਹਰੀ ਵੇਸ਼ਭੂਸ਼ਾ ਹੈ। ਖਾਲਸੇ ਦੀ ਬਾਹਰੀ ਵੇਸ਼ਭੂਸ਼ਾ ਪੰਜ ਕਕਾਰੀ ਧਾਰਨਾ ਹੈ; ਇਸ ਪਹਿਰਾਵੇ ਲਈ ਪੰਜ ਪਿਆਰਿਆਂ ਪਾਸੋਂ ਖੰਡੇ ਬਾਟੇ ਦੀ ਦਾਤ ਪ੍ਰਾਪਤ ਕਰਨੀ ਹੁੰਦੀ ਹੈ। ਖੰਡੇ-ਬਾਟੇ ਦਾ ਅੰਮ੍ਰਿਤ ਪੰਜ ਬਾਣੀਆਂ ਪੜ੍ਹ ਕੇ ਤਿਆਰ ਕੀਤਾ ਜਾਂਦਾ ਹੈ। ਬਾਣੀ ਪੜ੍ਹਨ ਦੀ ਤਾਕੀਦ ਕੀਤੀ ਜਾਂਦੀ ਹੈ। ਖਾਲਸਾ ਜੀ ਬਾਣੀ ਪੜ੍ਹਕੇ ਆਪਣੇ ਜੀਵਨ ਦਾ ਪੰਧ ਬਾਣੀ ਅਧਾਰਿਤ ਬਣਾ ਲੈਂਦੇ ਹਨ। ਉਹ ਸਰੀਰਕ ਕਿਰਿਆਵਾਂ ਦੀ ਘਾੜਤ ਗੁਰਬਾਣੀ ਆਸਰੇ ਘੜਨ ਦਾ ਯਤਨ ਜਾਰੀ ਰੱਖਦੇ ਹਨ। ਗੁਰਮਤਿ ਨੂੰ ਧਾਰਨ ਕਰਨ ਵਾਲੇ ਲਈ ਸਭ ਤੋਂ ਜਰੂਰੀ ਹੁੰਦਾ ਹੈ ਕਿ ਆਪਣੇ ਔਗੁਣ ਜਾਂ ਗਲਤੀ ਨੂੰ ਮਹਿਸੂਸ ਕਰਦੇ ਰਹਿਣਾ; ਅਤੇ ਉਸ ਦੇ ਸੁਧਾਰ ਲਈ ਗੁਰ ਸਿੱਖਿਆ ਮੁਤਾਬਿਕ ਜੀਵਨ ਵਿੱਚ ਬਦਲਾਵ ਕਰਦੇ ਰਹਿਣਾ। ਕਿਸੇ ਘਾਟ ਨੂੰ ਦੂਰ ਕਰਨ ਦਾ ਦੂਜਾ ਨਾਮ ਤਰੱਕੀ ਹੈ। ਗੁਰਮਤਿ ਵਿੱਚ ਔਗੁਣ ਦੇ ਤਿਆਗ ਦੇ ਨਾਲ ਹੀ ਗੁਣ ਗ੍ਰਹਿਣ ਕਰਨ ਲਈ ਭੀ ਕਿਹਾ ਜਾਂਦਾ ਹੈ। ਜਿਸ ਸਕੂਲ ਵਿੱਚ ਹਰ ਕਲਾਸ ਅੰਦਰ ਵਿੱਦਿਅਕ ਤਰੱਕੀ ਦੇ ਨਾਲ ਹੀ ਖੇਡਾਂ ਅਤੇ ਸੱਭਿਆਚਾਰਕ ਗੁਣ ਭੀ ਸਿਖਾਏ ਜਾਂਦੇ ਹਨ। ਉਹਨਾਂ ਸਕੂਲਾਂ ਨੂੰ ਮਾਂ-ਬਾਪ ਅਤੇ ਬੱਚੇ ਪਸੰਦ ਭੀ ਕਰਦੇ ਹਨ। ਗੁਰਮਤਿ ਦਾ ਸਕੂਲ ਸਤਸੰਗਤ ਹੈ; ਇਸ ਸਕੂਲ ਵਿੱਚ ਘਰ ਦੇ ਸਾਰੇ ਕੰਮਾਂ-ਕਾਰਾਂ ਤੋਂ ਲੈ ਕੇ ਅਧਿਆਤਮਿਕ ਵਿੱਦਿਆ ਨਾਲ ਭੀ ਸਰੋਬਾਰ ਕੀਤਾ ਜਾਂਦਾ ਹੈ। ਗੁਰਮਤਿ ਦੇ ਸਕੂਲ ਦੀ ਦੂਜੀ ਮਹਾਨਤਾ ਇਹ ਹੈ, ਕਿ ਇੱਥੇ ਹਰ ਬਜ਼ੁਰਗ ਕਿਸੇ ਛੋਟੇ ਨੂੰ ਸਿਖਾ ਰਿਹਾ ਹੈ। ਕੌੜਾ ਸੱਚ ਇਹ ਭੀ ਹੈ, ਕਿ ਅੱਜ ਦਾ ਨੌਜੁਆਨ ਨਾ ਆਪ ਕੋਈ ਚੰਗੇ ਗੁਣ ਸਿੱਖਦਾ ਹੈ ਅਤੇ ਨਾ ਹੀ ਦੂਜਿਆਂ ਨੂੰ ਚੰਗੇ ਗੁਣਾਂ ਦੀ



ਪ੍ਰੇਰਨਾ ਦਿੰਦਾ ਹੈ। ਸਗੋਂ ਗੁਰਦੁਆਰਾ ਸਾਹਿਬ ਸਾਡੀਆਂ ਜਰੂਰਤਾਂ ਦੀਆਂ ਲਿਸ਼ਟਾਂ ਸੁਨਣ ਵਾਲੇ ਦੀ ਰਿਹਾਇਸ਼ ਗਾਹ ਨਜ਼ਰ ਆਉਂਦੀ ਹੈ। ਭਗਤ ਧੰਨਾ ਜੀ ਨੇ ਜਰੂਰਤਾਂ ਦੀ ਲਿਸ਼ਟ ਤੋਂ ਪਹਿਲਾਂ ਵਾਹਿਗੁਰੂ ਜੀ ਦੀ ਪ੍ਰੇਮਾ-ਭਗਤੀ ਦੀ ਜਰੂਰਤ ਅੰਕਿਤ ਕੀਤੀ ਹੈ। ਕੋਈ ਵਡਭਾਗਾ ਹੋਵੇਗਾ ਜਿਹੜਾ ਆਪਣੀ ਜਰੂਰਤ ਪੂਰੀ ਹੋਣ ਦੇ ਨਾਲੋਂ ਨਾਲ ਪ੍ਰੇਮ ਸਹਿਤ ਨਾਮ ਜਪਣ ਲਈ ਗੁਰੂ ਗ੍ਰੰਥ ਸਾਹਿਬ ਜੀ ਅਹਿਦ ਕਰਦਾ ਹੋਵੇ। ਪਾਰਥਿਵ ਜਰੂਰਤਾਂ ਵਾਹਿਗੁਰੂ ਜੀ ਨੇ ਰੱਖੀਆਂ ਹੀ ਤਾਂ ਹਨ ਕਿ ਮਨੁੱਖ ਆਪਣੀ ਲੋੜ ਕਰਕੇ ਹੀ ਰੱਬ ਨਾਲ ਜੁੜਨ ਦੀ ਭਾਵਨਾ ਸਿੱਖ ਲਵੇ। ਗੁਰਮਤਿ ਵਿਚ ਆਪਣੀ ਲੋੜ ਲਈ ਗੁਰੂ ਕੋਲੋਂ ਮੰਗਣਾਂ ਸਿੱਖ ਦਾ ਰੱਬ ਦੇ ਨਾਲ 'ਬੱਚੇ ਤੇ'ਮਾਂ-ਬਾਪ' ਦੇ ਰਿਸ਼ਤੇ ਵਾਂਗ ਅੰਕਿਤ ਕੀਤਾ ਹੈ। ਮਾਂ-ਬਾਪ ਬੱਚੇ ਲਈ ਆਪਣਾ ਸਾਰਾ ਕੁੱਝ ਕੁਰਬਾਨ ਕਰ ਦਿੰਦੇ ਹਨ। ਗੁਰੂ ਸਾਹਿਬ ਸਿੱਖ ਲਈ ਸਾਰਾ ਕੁੱਝ ਕੁਰਬਾਨ ਕਰਦੇ ਹਨ। ਸਾਡਾ ਇਤਿਹਾਸ ਗਵਾਹ ਹੈ, ਅੱਜ ਲੋੜ ਹੈ! ਸਾਨੂੰ ਗੁਰੂ ਸਾਹਿਬ ਜੀ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਨਾਲੋ ਨਾਲ ਜਰੂਰਤਮੰਦਾਂ ਦੀ ਸਹਾਇਤਾ ਕਰਨੀ। ਕਿਉਂਕਿ ਲੋੜਵੰਦਾਂ ਦੀ ਸਹਾਇਤਾ ਕਰਨਾ ਪ੍ਰਮਾਤਮਾ ਦੀ ਖੁਸ਼ੀ ਹਾਸਿਲ ਕਰਨਾ ਹੈ। ਜਿਵੇਂ ਵਿੱਦਿਆ ਲਈ ਅਨਪੜ੍ਹ ਨੂੰ ਪੜ੍ਹਾਉਣਾ ਪੜ੍ਹੇ-ਲਿਖੇ ਦੀ ਕੁਰਬਾਨੀ ਹੈ, ਪੜ੍ਹਨ ਉਪਰੰਤ ਅਨਪੜ੍ਹ ਵੀ ਪੜ੍ਹਿਆ ਲਿਖਿਆ ਬਣ ਜਾਂਦਾ ਹੈ। ਵਾਹਿਗੁਰੂ ਜੀ ਨੇ ਕਿਸੇ ਨੂੰ ਗਰੀਬ ਅਤੇ ਕਿਸੇ ਨੂੰ ਅਮੀਰ ਕੀਤਾ ਹੈ; ਤਾਂ ਕਿ ਇੱਕ ਦੂਜੇ ਨਾਲ ਸਾਂਝ ਪਕੇਰੀ ਬਣੀ ਰਹੇ। ਇਹੀ ਸਿਧਾਂਤਕ ਰਸਤਾ ਹੈ, ਕਿ ਹੱਸਦਿਆਂ, ਖੇਲਦਿਆਂ, ਪਹਿਨਦਿਆਂ, ਖਾਂਦਿਆਂ ਖਾਲਸਾ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ।ਤਨ ਤੇ ਮਨ ਦੀ ਸ਼ੁੱਧਤਾ ਲਈ ਸੇਵਾ ਤੇ ਸਿਮਰਨ ਬਹੁਤ ਜ਼ਰੂਰੀ ਹੈ। ਸਿਮਰਨ ਹੀ ਜ਼ਿੰਦਗੀ ਦਾ ਸਾਰ ਹੈ। ਇਹ ਸੰਵਾਦ ਖਾਲਸਾ ਜੀ ਵਿੱਚ ਚੱਲਦਾ ਰਹਿਣਾ ਚਾਹੀਦਾ ਹੈ। ਭਾਈ ਦਇਆ ਸਿੰਘ ਜੀ ਵਰਗੇ ਨਾਮ ਅਭਿਆਸੀ ਤੇ ਸੇਵਾ ਮੂਰਤ ਕੋਲ ਤਜ਼ਰਬੇ ਰੂਪ ਵਿੱਦਿਆ ਹੁੰਦੀ ਹੈ। ਜਿਹਨਾਂ ਨੂੰ ਅੰਮ੍ਰਿਤ ਛਕੇ ਨੂੰ ਦੋ ਚਾਰ ਮਹੀਨੇ ਹੋਏ ਹਨ, ਉਹਨਾਂ ਲਈ ਗੁਰਮਤਿ ਸਿਧਾਂਤ ਲਈ ਸਕੂਲਿੰਗ (ਗੁਰਬਾਣੀ ਦਾ ਸ਼ੁੱਧ ਉਚਾਰਨ ਸਿੱਖਣਾ, ਅਰਥ ਵੀਚਾਰਨੇ ਅਤੇ ਅਰਥਾਂ ਮੁਤਾਬਿਕ ਜਿੰਦਗੀ ਚਲਾਉਣੀ ਸਿੱਖਣੀ ਆਦਿ) ਬਹੁਤ ਜਰੂਰੀ ਹੈ। ਜਿਹੜੀ ਅੱਜ ਨਾ-ਮਾਤਰ ਹੈ, ਭਾਈ ਸਾਹਿਬ ਜੀ ਨੇ ਇਸ ਅਧਿਆਇ ਵਿੱਚ ਗੁਰੂ ਸਾਹਿਬ ਜੀ ਦੇ ਦਰ ਦੇ ਬਿਰਦ ਨੂੰ ਖਾਸ ਖਿਆਲ ਵਿੱਚ ਰੱਖਿਆ ਹੈ। ਇੱਥੇ ਗੁਰਮਤਿ ਦੇ ਸਕੂਲ ਦਾ ਮਤਲਬ ਹੈ, ਕਹਿਣੀ ਦੇ ਮੁਤਾਬਿਕ

ਅਮਲੀ ਜੀਵਨ ਜਿਉਣਾ; ਕਥਨੀ ਤੇ ਕਰਣੀ ਦਾ ਜੀਵਨ ਕਿਹਾ ਜਾਂਦਾ ਹੈ। ਅੱਜ ਮਿਆਰੀ ਵਿੱਦਿਆ ਦਾ ਨਾ ਹੋਣਾ ਵੀ ਘਾਟ ਨੂੰ ਮਹਿਸੂਸ ਕਰਵਾ ਰਿਹਾ ਹੈ। ਛੇ ਰੁੱਤਾਂ ਵਿੱਚੋਂ ਪੰਜਵੀਂ ਰੁੱਤ ਹਿਮਕਰ ਹੁੰਦੀ ਹੈ; ਜਿਸ ਵਿੱਚ ਅਤਿ ਦੀ ਸਰਦੀ ਹੁੰਦੀ ਹੈ। ਠੰਡਕ ਦੁਆਰਾ ਵਸਤੂਆਂ ਖਰਾਬ ਨਹੀਂ ਹੁੰਦੀਆਂ। ਇਵੇਂ ਗੁਰ-ਗਿਆਨ ਵਿੱਚ ਭਗਤੀ ਦੀ ਠੰਡਕ 'ਗੁਣਾਂ ਰੂਪ ਵਸਤੂਆਂ' ਦੀ ਸੰਭਾਲ ਰੂਪ 'ਕਰਮਾਂ ਦੀ ਗਰਮਾਇਸ਼' ਬਖਸ਼ਿਸ ਰੂਪ ਵਸਤੂ ਨੂੰ ਖਰਾਬ ਨਹੀਂ ਹੋਣ ਦਿੰਦੀ। ਕਰਮ ਕਰਨ ਤੋਂ ਪਹਿਲਾਂ ਅਕਲਮੰਦੀ ਅਤੇ ਮਾਨਸਿਕ ਸੰਤੁਲਨ ਲਈ ਬੌਧਿਕ ਵਿਕਾਸ ਨੂੰ ਮੁੱਖ ਰੱਖਿਆ ਜਾਂਦਾ ਹੈ। ਬੌਧਿਕਤਾ ਵਿੱਚ ਵਾਧਾ ਕਰਨ ਲਈ ਗੁਰ-ਸ਼ਬਦ ਅਭਿਆਸ ਕਰਦੇ ਰਹਿਣਾ ਅਤੇ ਜਿੱਥੇ ਚੰਗੇ ਕਰਮ ਕਰਨ ਵਿੱਚ ਕੋਈ ਰੁਕਾਵਟ ਆਵੇ; ਆਪ ਤੋਂ ਸਿਆਣੇ ਗੁਰਮੁੱਖ ਪਿਆਰਿਆਂ ਕੋਲੋਂ ਪ੍ਰੇਮ ਦੀ ਭਾਸ਼ਾ ਸਿੱਖਦੇ ਰਹਿਣਾ। ਗੁਰਸਿੱਖੀ ਦੀ ਨਿਸ਼ਾਨੀ ਹੈ। ਗੁਰਮਤਿ ਦੇ ਧਾਰਨੀ ਬਣਨ ਲਈ ਸਭ ਤੋਂ ਜਰੂਰੀ ਹੈ, ਮਨੁੱਖੀ ਜੀਵਨ, ਗੁਰ-ਸਿਧਾਂਤ, ਪੰਜਾਬੀਅਤ ਉੱਪਰ ਮਾਣ ਕਰਨਾ ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੰਘਨਿ ਉਪਦੇਸ਼'ਬਰਨੰਨ ਨਾਮ ਪੰਚਾਸਤੀ ਅੰਸੂ ॥**